

ਤੇ
ਡਾ. ਅਬਰਾਹਮ ਟੀ. ਕਾਵੂਰ
ਵਹਿਮਾਂ-ਭਰਮਾਂ, ਪਾਖੰਡਾਂ ਅਤੇ ਇਨ੍ਹਾਂ ਨੂੰ ਪੈਦਾ ਕਰਨ ਵਾਲੇ
ਸਾਧਾਂ-ਸੰਤਾਂ, ਰਿਸ਼ੀਆਂ-ਸਵਾਮੀਆਂ ਦੇ ਪਰਦੇ ਫਾਸ਼ ਕਰਨ
ਵਾਲੀ ਕਿਤਾਬ
www.PunjabiLibrary.com
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:)

# ਦੇਵ ਦੈਂਤ ਤੇ ਰੂਹਾਂ?

# ਦੇਵ ਦੈਂਤ ਤੇ ਰੂਹਾਂ?

ਲੇਖਕ: ਡਾ. ਅਬਰਾਹਮ ਟੀ. ਕਾਵੂਰ

ਸੰਪਾਦਕ: ਤਜਿੰਦਰ ਕੁਮਾਰ ਸ਼ਹਿਰੀ

ਪ੍ਰਕਾਸ਼ਕ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:)

# ਦੇਵ ਦੈਂਤ ਤੇ ਰੂਹਾਂ?

ਲੇਖਕ : *ਡਾ. ਅਬਰਾਹਮ ਟੀ. ਕਾਵੂਰ*

(C) : ਤਰਕਸ਼ੀਲ ਸੁਸਾਇਟੀ ਪੰਜਾਬ ਰਜਿ:



ਨੌਂਵਾਂ ਐਡੀਸ਼ਨ : 2008

ਕਾਪੀ : 2000

ਸੰਪਰਕ ਪਤਾ : *ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:)*
*ਤਰਕਸ਼ੀਲ ਭਵਨ, ਤਰਕਸ਼ੀਲ ਚੌਕ,*
*ਸੰਘੇੜਾ ਬਾਈਪਾਸ, ਬਰਨਾਲਾ -148101*
ਫੋਨ: 01679-241466
ਮੋਬਾ: 9876953561

**ਮੁੱਲ : ਪੇਪਰ ਬੈਕ 30 ਰੁਪਏ**

ਛਾਪਕ : *ਅੱਪੂ ਆਰਟ ਪ੍ਰੈਸ, ਸ਼ਾਹਕੋਟ*

www.tarksheel.org


---

ਇਹ ਕਿਤਾਬ D. P. I . ਪੰਜਾਬ ਵੱਲੋਂ ਉਹਨਾਂ ਦੇ ਪੱਤਰ ਨੰ: 3/32-85 ਮਿਤੀ 23-08-85 ਰਾਹੀਂ ਹਾਇਰ ਸੈਕੰਡਰੀ, ਹਾਈ ਤੇ ਮਿਡਲ ਸਕੂਲ ਅਤੇ ਸਮਾਜਿਕ ਸਿੱਖਿਆ ਕੇਂਦਰਾਂ ਲਈ ਮਨਜ਼ੂਰ ਕੀਤੀ ਗਈ ਹੈ.

# ਤਤਕਰਾ


ਦੋ ਸ਼ਬਦ ------------------------------------------08

1. ਬੀਤੇ ਸਮੇਂ ਤੇ ਇਕ ਨਜ਼ਰ--------------------------------09

2.ਅਣਵਿਕਸਤ ਦੇਸ਼ ਅਤੇ ਅੰਧ ਵਿਸ਼ਵਾਸ------------------------- 15

3. ਸਕੂਲਾਂ ਵਿੱਚ ਧਾਰਮਿਕ ਵਿਦਿਆ --------------------------- 26

4. ਜਿਉਂਦੇ ਰਹਿਣ ਲਈ ਅੰਤਰਜਾਤੀ ਵਿਆਹਾਂ ਨੂੰ ਉਤਸ਼ਾਹਿਤ ਕਰੋ -------- 31

5. ਪਰਾ-ਮਨੋਵਿਗਿਆਨਕ ਵਰਤਾਰੇ—ਇਕ ਭਰਮ -------------------35

6. ਦੇਵ ਪੁਰਸ਼ਾਂ ਅਤੇ ਦੇਵ ਇਸਤਰੀਆਂ ਦੀ ਭਰਮਾਰ -------------------39

7. ਕਾਮੁਕ ਦੇਵਤੇ ਅਤੇ ਦੇਵੀਆਂ ------------------------------ 50

8. ਕਰੰਜੀਆ ਅਤੇ ਸਾਈਂ ਬਾਬਾ --------------------------------54

9. ਸਾਈਂ ਕ੍ਰਿਸ਼ਨਾ ਅਤੇ ਜੈੱਲ ਆਈਡ --------------------------- 57

10. ਸਾਈਂ ਬਾਬਾ ਦੀ ਤਸਵੀਰ ਉੱਤੇ ਰਾਖ ਕਿਵੇਂ ? --------------------63

11. ਚਮਤਕਾਰਾਂ ਦੀ ਜੀਵਨ ਗਾਥਾ ----------------------------68

12. ਲਾਇਲਾਜ ਰੋਗੀ ਦੀ ਸੌਖੀ ਮੌਤ -----------------------------71

13. ਕੀ ਜੋਤਿਸ਼ ਵਿਗਿਆਨਕ ਹੈ? -----------------------------73

14. ਮਟਾਰਾ ਪੁਨਰ ਜਨਮ ਕੇਸ—ਹਕੀਕਤ ਜਾਂ ਮਨਘੜਤ ਕਹਾਣੀ? ---------77

15. ਹੁੱਕਾਂ ਤੇ ਝੂਟਣ ਦਾ ਭੇਦ---------------------------------81

16. ਕੁਡਾਗਾਮਾ ਦਾ ਪਾਖੰਡ ---------------------------------84

17. ਮੀਰੀਗਾਮਾ ਦੀ ਅਗਮ ਨਿਗਮ ਦੀ ਸੋਝੀ ਰੱਖਣ ਵਾਲੀ ਕੁੜੀ -----------91

18. ਗੁਸਲਖਾਨੇ ਵਿੱਚ ਭੂਤ------------------------------------94

19. ਉੱਤਰ ਦਾ ਹੰਗਾਮਾ-ਮਚਾਉ ਭੂਤ -------------------------------98

20. ਭੂਤ ਜਿਸਨੂੰ ਪਵਿਤਰ ਜਲ ਵੀ ਨਾ ਭਜਾ ਸਕਿਆ------------------105

21. ਭੂਤ ਕੱਢਣ ਵਾਲੇ ਦਾ ਭੂਤ ਨਾਲ ਵਿਆਹ -------------------------110

22. ਰਿਚਮੰਡ ਪਹਾੜੀ ਉੱਤੇ ਭੂਤ ------------------------------- 114

23. ਭੂਤ ਚਿੰਬੜਨਾ ਅਤੇ ਭੂਤ ਕੱਢਣਾ----------------------------- 118

24. ਇਲਾਜ ਕਰਨ ਵਾਲੀ ਤੇ ਪੁੱਛ ਦੇਣ ਵਾਲੀ ਦੇਵੀ-ਬਿਮਲਾ -------------123

25. ਸਾਧੂ ਦਾ ਜਾਦੂਮਈ ਇਲਾਜ ---------------------------------128

26. ਸੜਕ ਰੋਕਣ ਵਾਲਾ ਭੂਤ -----------------------------------132

27.ਵਿਉਪਾਰੀ ਤੇ ਰਹੱਸਮਈ ਭੂਤ -------------------------------135

# ਦੋ ਸ਼ਬਦ

ਭਾਰਤ ਦੀ ਸਿਖਰਲੀ ਪ੍ਰਤਿਭਾ ਸਦੀਆਂ ਤੋਂ ਇਸ ਸੰਸਾਰ ਨੂੰ ਸੁਪਨਾ ਅਤੇ ਝੂਠ ਮੰਨ ਕੇ ਕਿਸੇ ਅਗਲੇ 'ਸੱਚੇ' ਤੇ 'ਸਦੀਵੀ' ਸੰਸਾਰ ਤੱਕ ਪਹੁੰਚਣ ਦਾ ਮਾਰਗ ਤਲਾਸ਼ਣ ਤੇ ਉਸ ਮੰਜਿਲ 'ਤੇ ਪਹੁੰਚ ਕੇ 'ਮੁਕਤ' ਹੋ ਜਾਣ ਦੇ ਆਹਰ ਵਿੱਚ ਲੱਗੀ ਰਹੀ ਹੈ। ਸਦੀਆਂ ਤੋਂ ਭਾਰਤੀ ਨਜ਼ਰ ਜ਼ਮੀਨ ਨੂੰ ਭੁੱਲ ਕੇ ਅਸਮਾਨ ਵੱਲ ਟਿਕੀ ਰਹੀ ਹੋਣ ਕਰਕੇ ਤੇ ਹਕੀਕਤ ਤੋਂ ਟੇਢ ਵੱਟਣ ਕਰਕੇ ਜ਼ਿੰਦਗੀ ਦੀਆਂ ਮੁਸ਼ਕਲਾਂ ਦਿਨੋ ਬਾ ਦਿਨ ਵਧਦੀਆਂ ਰਹੀਆਂ। ਪਰ ਉਹਨਾਂ ਸਿਆਣਿਆਂ ਲਈ ਤਾਂ ਇਹਨਾਂ ਮੁਸ਼ਕਲਾਂ ਦੀ ਹੋਂਦ ਤਾਂ 'ਸੁਪਨ-ਸਮਾਨ' ਸੀ । ਸੁਪਨੇ ਦਾ ਦੁੱਖ ਜਾਂ ਸੁਪਨੇ ਦੀ ਭੁੱਖ ਤਾਂ ਦੁੱਖ-ਭੁੱਖ ਮੰਨੇ ਹੀ ਨਹੀਂ ਜਾ ਸਕਦੇ। ਧਰਤੀ ਦੁੱਖ-ਭੁੱਖ ਨਾਲ ਵਿਲਕਦੀ ਰਹੀ ਤੇ ਸਮੁੱਚਾ ਭਾਰਤ ਮੂੰਹ ਚੁੱਕ ਕੇ ਅਸਮਾਨ ਵੱਲ ਤੱਕਦਾ ਰਿਹਾ। ਧਰਤੀ ਨੂੰ ਵੇਖਣਾ ਜੀਵਨ ਦੀ ਹਕੀਕਤ ਦੀਆਂ ਅੱਖਾਂ 'ਚ ਪਾ ਕੇ ਵੇਖਣਾ ਸੀ ਪਰ ਅਸੀਂ ਹਕੀਕਤ ਤੋਂ ਅੱਖਾਂ ਚੁਰਾਈ ਰੱਖੀਆਂ। ਇਸ ਸਭ ਕੁਝ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਵਿੱਚ ਵਿਗਿਆਨਿਕ ਤੇ ਤਰਕਸ਼ੀਲ ਦ੍ਰਿਸ਼ਟੀਕੋਣ ਪ੍ਰਫੁਲਤ ਤੇ ਵਿਕਸਤ ਨਹੀਂ ਹੋ ਸਕਿਆ। ਰੱਬ ਅਤੇ ਮੁਕਤੀ ਆਦਿ ਦੇ ਸੰਕਲਪ ਨੇ ਜਿੱਥੇ ਜ਼ਿੰਦਗੀ ਦੀਆਂ ਮੁਸ਼ਕਿਲਾਂ ਤੋਂ ਧਿਆਨ ਹਟਾ ਕੇ ਭਾਰਤੀ ਮਨ ਨੂੰ ਇੱਕ ਅਸਥਾਈ ਕਿਸਮ ਦੀ ਛਿਣ-ਭੰਗਰ ਸ਼ਾਂਤੀ ਦਿੱਤੀ, ਉੱਥੇ ਜ਼ਿੰਦਗੀ ਦੀਆ ਹਕੀਕੀ ਮੁਸ਼ਕਿਲਾਂ ਨੇ ਪਲ-ਪਲ ਪਿੱਛੋਂ ਸ਼ਾਂਤ ਸਮਾਧੀ ਨੂੰ ਭੰਗ ਵੀ ਕਿਤਾ। ਹਕੀਕੀ ਮੁਸ਼ਕਿਲਾਂ ਦੇ ਹੱਲ ਮਨੁੱਖ ਨੇ ਆਪ ਹੀ ਤਲਾਸ਼ਣੇ ਹੁੰਦੇ ਹਨ ਕਿਸੇ ਖਿਆਲੀ ਰੱਬ ਨੇ ਨਹੀਂ। ਪਰ ਅਸੀਂ ਤਾਂ ਡੋਰੀ 'ਪ੍ਰਭ ਦੇ ਹੱਥ' ਦੇ ਛੱਡੀ। ਆਪਣੀ ਪਹਿਲ ਕਦਮੀ ਤਿਆਗਣ ਕਰਕੇ ਅਸੀਂ ਰੱਬ, ਦੇਵੀ-ਦੇਵਤਿਆਂ ਭੂਤਾਂ-ਪ੍ਰੇਤਾਂ ਤੇ ਦੈਵੀ ਚਮਤਕਾਰਾਂ ਦੇ ਜਾਲ ਵਿੱਚ ਫਸੇ ਰਹੇ।

ਅੱਜ ਜਦੋਂ ਅਸੀਂ 21ਵੀਂ ਸਦੀ ਦਾ ਦਰਵਾਜਾ ਪਾਰ ਕਰਕੇ ਇਸ ਵਿੱਚ ਦਾਖਲ ਹੋ ਚੁੱਕੇ ਹਾਂ ਤੇ ਇਹ ਸਦੀ ਸਾਇੰਸ ਦੀਆਂ ਸਿਖਰਲੀਆਂ ਪ੍ਰਾਪਤੀਆਂ ਦੇ ਹਾਣ ਹੋਣ ਜਾ ਰਹੀ ਹੈ ਭਾਰਤ ਅਜੇ ਵੀ ਅੰਧ-ਵਿਸ਼ਵਾਸਾਂ ਵਿੱਚ ਫਸਿਆ ਹੋਇਆ ਹੈ। ਵਹਿਮਾਂ-ਭਰਮਾਂ ਵਿੱਚ ਫਸੇ ਲੋਕ ਮੰਦਰਾਂ, ਗੁਰਦੁਆਰਿਆਂ, ਤੀਰਥਾਂ, ਸਾਧਾਂ-ਸੰਤਾਂ ਦੇ ਡੇਰਿਆਂ ਨਾਲ ਡੋਰੀ ਬੰਨ੍ਹੀ ਤੁਰੀ ਜਾ ਰਹੇ ਹਨ। ਕਿਤੇ ਜਾਦੂ-ਟੂਣਿਆਂ ਦਾ ਇਲਾਜ਼ ਚੱਲ ਰਿਹਾ ਹੈ। ਕਿਧਰੇ ਛਾਇਆ ਤੇ ਭੂਤ-ਪ੍ਰੇਤ ਕੱਢੇ ਜਾ ਰਹੇ ਹਨ, ਕਾਰਨ ਹੈ ਸਾਡੀ ਸੋਚ ਦਾ ਅਵਿਗਿਆਨਿਕ ਹੋਣਾ। ਅਨਪੜ੍ਹਤਾ ਦੀ ਗੱਲ ਤਾਂ ਪਾਸੇ ਰਹੀ ਪੜ੍ਹਿਆ ਲਿਖਿਆ ਭਾਰਤੀ ਵੀ ਇਸ ਤੋਂ ਮੁਕਤ ਨਹੀਂ। ਅਸਲ ਵਿੱਚ ਭਾਰਤੀ ਸੋਚ ਨੂੰ ਅਜੇ ਵਿਗਿਆਨਿਕ ਤੇ ਤਰਕਸ਼ੀਲ ਬਣਾਉਣ ਦੀ ਲੋੜ ਹੈ, ਜਿਸ ਨਾਲ ਉਹ ਜ਼ਿੰਦਗੀ ਦੇ ਯਥਾਰਥ ਨੂੰ ਨੰਗੀ ਅੱਖ ਨਾਲ ਵੇਖਣ ਦੇ ਸਮਰੱਥ ਹੋ ਸਕੇ ਅਤੇ ਆਪਣੀ 'ਕਿਸਮਤ' ਜਾਂ ਦੁੱਖਾਂ-ਸੁੱਖਾਂ ਪਿੱਛੇ ਕਿਸੇ ਦੈਵੀ ਜਾਂ ਗੈਬੀ ਹੱਥ ਦੀ ਥਾਂ ਉਸ ਵਿਵਸਥਾ ਨੂੰ ਸਮਝਣ ਦੇ ਯੋਗ ਹੋ ਸਕੇ ਜੋ ਉਸ ਨੂੰ ਉੱਲੂ ਬਣਾ ਕੇ ਆਪਣਾ ਉੱਲੂ ਸਿੱਧਾ ਕਰੀ ਜਾ ਰਹੀ ਹੈ। ਵਿਵਸਥਾ ਦੀ ਸੋਝੀ ਪ੍ਰਾਪਤ ਹੋਣ ਨਾਲ ਉਸਨੂੰ ਆਪਣੇ ਆਲੇ ਤੇ ਆਪਣੇ ਚੌਗਿਰਦੇ ਦੀ ਸੋਝੀ ਤਾਂ ਮਿਲੇਗੀ ਹੀ। ਇੰਝ ਉਹ ਹਰ ਦੁੱਖ ਅਤੇ ਅਹੁਰ ਦਾ ਵਿਗਿਆਨਿਕ ਕਾਰਨ ਤੇ ਇਲਾਜ ਤਲਾਸ਼ਣ ਵੱਲ ਰੁਚਿਤ ਹੋਵੇਗਾ।

ਭਾਰਤ ਨੂੰ ਅੰਧ ਵਿਸ਼ਵਾਸੀ, ਗੈਰ ਵਿਗਿਆਨਿਕ ਜੀਵਨ-ਸੋਚ ਨਾਲੋਂ ਤੋੜ ਕੇ ਵਿਗਿਆਨਿਕ ਅਤੇ ਤਰਕਸ਼ੀਲ ਸੋਚ ਦੇ ਲੜ੍ਹ ਲਾਉਣ ਲਈ ਜਥੇਬੰਦਕ ਉਪਰਾਲਿਆਂ ਦੀ ਲੋੜ ਹੈ। ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਤਰਕਸ਼ੀਲ ਸੁਸਾਇਟੀ ਪਿਛਲੇ ਕਈ ਸਾਲਾਂ ਤੋਂ ਅਮਲੀ ਤੌਰ ਤੇ ਇਸ ਉੱਦਮ ਵਿੱਚ ਜੁੱਟੀ ਹੋਈ ਹੈ, ਸੁਸਾਇਟੀ ਵੱਲੋਂ ਜਿੱਥੇ ਵਿਗਿਆਨਿਕ ਤੇ ਤਰਕਸ਼ੀਲ ਸਾਹਿਤ ਛਾਪ ਕੇ ਸਸਤੇ ਮੁੱਲ 'ਤੇ ਵੰਡਿਆ ਜਾਂਦਾ ਹੈ, ਉੱਥੇ ਉਸਦੇ ਕਾਰਕੁੰਨ ਮੇਲੇ ਤੇ ਨੁਮਾਇਸ਼ਾਂ ਲਾ ਕੇ ਭੂਤਾਂ-ਪ੍ਰੇਤਾਂ, ਜਾਦੂ-ਟੂਣਿਆਂ ਤੇ ਕਰਾਮਾਤਾਂ ਦੇ ਅੰਦਰਲੇ ਪੋਲ ਨੂੰ ਉਜਾਗਰ ਕਰਕੇ ਲੋਕਾਈ ਨੂੰ ਸੁਚੇਤ ਕਰ ਰਹੇ ਹਨ। ਉਹ ਹਨੇਰੇ ਮਨਾਂ ਤੱਕ ਰੌਸ਼ਨੀ ਪਹੁੰਚਾਉਣ ਲਈ ਨਿਰੰਤਰ ਤੌਰ ਤੇ ਜੁੱਟੇ ਹੋਏ ਹਨ। ਉਹਨਾਂ ਦੇ ਇਹਨਾਂ ਯਤਨਾਂ ਦੀ ਜਿੰਨੀ ਵੀ ਹੋ ਸਕੇ ਪ੍ਰਸੰਸਾ ਕਰਨੀ ਤਾਂ ਬਣਦੀ ਹੀ ਹੈ, ਸਹਿਯੋਗ ਦੇਣਾ ਵੀ ਬਣਦਾ ਹੈ।

ਇਹ ਪੁਸਤਕ ਸੋਸਾਇਟੀ ਦੇ ਤਰਕਸ਼ੀਲ ਯਤਨਾਂ ਦਾ ਇੱਕ ਅਹਿਮ ਹਿੱਸਾ ਹੈ, ਜਿਸ ਵਿੱਚ ਵਹਿਮਾਂ-ਭਰਮਾਂ ਤੇ ਅਗਿਆਨਤਾ ਦੇ ਖਿਲਾਫ ਸੰਘਰਸ਼ ਅਤੇ ਜਿੱਤ ਦਾ ਪ੍ਰਮਾਣਿਕ ਬਿਆਨ ਹੈ। ਇਹ ਪੁਸਤਕ ਵੱਧ ਤੋਂ ਵੱਧ ਹੱਥਾਂ ਵਿੱਚ ਪਹੁੰਚਣੀ ਚਾਹੀਦੀ ਹੈ।

ਵਰਿਆਮ ਸਿੰਘ ਸੰਧੂ

# ਬੀਤੇ ਸਮੇਂ ਤੇ ਇਕ ਨਜ਼ਰ

ਇੱਕ ਵਾਰੀ ਦੀ ਗੱਲ ਹੈ ਕਿ ਭਾਰਤ ਵਿੱਚ ਆਪਣੇ ਭਾਸ਼ਨ ਦੌਰੇ ਸਮੇਂ ਮੈਨੂੰ ਕੁਝ ਦਿਨ ਆਪਣੇ ਜੱਦੀ ਘਰ ਵਿੱਚ ਠਹਿਰਨ ਦਾ ਮੌਕਾ ਮਿਲਿਆ, ਜਿੱਥੇ ਮੈਂ ਅੱਜ ਤੋਂ ਅੱਸੀ ਸਾਲ ਪਹਿਲਾਂ ਜਨਮ ਲਿਆ ਸੀ। ਘਰ ਵਿੱਚ ਇਸ ਠਹਿਰ ਦੌਰਾਨ ਮੈਂ ਆਪਣੇ ਪਿਤਾ ਜੀ ਦੀਆਂ ਸਿਉਂਕ ਨਾਲ ਖਾਧੀਆਂ ਡਾਇਰੀਆਂ ਦੇ ਕੁਝ ਸੰਗ੍ਰਹਿ ਬਰਬਾਦ ਹੋਣੋ ਬਚਾ ਲਏ, ਜਿਹੜੀਆਂ ਇੱਕ ਬੇਕਾਰ ਟਰੰਕ ਵਿੱਚ ਪਈਆਂ ਸਨ, ਜਿਸ ਨੂੰ ਬਹੁਤ ਸਾਲਾਂ ਤੋਂ ਖੋਲ੍ਹਿਆ ਨਹੀਂ ਗਿਆ ਸੀ। ਇਹਨਾਂ ਡਾਇਰੀਆਂ ਦੀ ਇਤਿਹਾਸਿਕ ਮਹੱਤਤਾ ਦੇਖਦੇ ਹੋਏ, ਜਿਸਦੇ ਇੱਕ ਦਿਨ ਵਿੱਚ ਕਈ-ਕਈ ਸਫੇ ਲਿਖੇ ਗਏ ਸਨ। ਇਸ ਵਿੱਚ ਇੱਕ ਧਾਰਮਿਕ ਅਤੇ ਸਮਾਜਿਕ ਨੇਤਾ ਦੀਆਂ ਰੋਜ਼ਾਨਾ ਕਿਰਿਆਵਾਂ ਦਾ ਵੇਰਵਾ ਸੀ, ਜਿਹੜਾ ਉੱਨਵੀਂ ਸਦੀ ਦੇ ਦੂਜੇ ਅੱਧ ਅਤੇ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿੱਚ ਜੀਵਿਆ। ਮੈਂ ਇਸ ਨੂੰ ਕੇਰਲਾ ਸਾਹਿਤ ਅਕੈਡਮੀ ਨੂੰ ਭੇਂਟ ਕਰਨ ਦਾ ਫੈਸਲਾ ਕੀਤਾ। ਮੈਂ ਕੇਰਲਾ ਸਾਹਿਤ ਅਕੈਡਮੀ ਦੇ ਇੱਕ ਸਕੱਤਰ ਅਤੇ ਨਿੱਜੀ ਮਿੱਤਰ ਮਿ. ਪਵਨਨ ਨੂੰ ਪਿਛਲੇ ਸਾਲ ਕੋਟਿਆਮ ਵਿਖੇ ਇੱਕ ਜਨਤਕ ਸਮਾਰੋਹ ’ਚ ਭੇਂਟ ਕਰ ਦਿੱਤੀਆਂ।

ਜਦੋਂ ਮੈਂ ਇਹਨਾਂ ਡਾਇਰੀਆਂ ਦੇ ਸਫਿਆ ਨੂੰ ਪੜ੍ਹਿਆ ਤਾਂ ਮੈਂ ਮਾਣ ਮਹਿਸੂਸ ਕੀਤਾ ਕਿ ਮੈਂ ਮਾਲਾਬਾਰ ਦੇ ਮਾਰਥੋਮਾ ਸੀਰੀਆਈ ਚਰਚ ਦੇ ਪਹਿਲੇ ਵਿਕਾਰ ਜਨਰਲ ਕਾਵੂਰ ਆਈਪ ਥੋਮਾ ਕਥਨਾਰ ਵਰਗੇ ਬੁੱਧੀਜੀਵੀ ਦੇ ਘਰ ਜਨਮ ਲਿਆ ਸੀ। ਫਿਰ ਵੀ ਆਪਣੇ ਬਚਪਨ ਵੱਲ ਝਾਤ ਮਾਰ ਕੇ ਮੈਨੂੰ ਮੇਰੇ ਪੁੱਤਰ ਪ੍ਰੋਫੈਸਰ ਏਰੀਜ਼ ਕਾਵੂਰ, ਜੋ ਸਰਬੋਨ ਯੂਨੀਵਰਸਿਟੀ ਵਿੱਚ ਕੰਮ ਕਰਦਾ ਸੀ, ਉਸ ਨਾਲ ਰਸ਼ਕ ਪੈਦਾ ਹੋਇਆ, ਤਰਕਸ਼ੀਲ ਮਾਪਿਆਂ ਦੇ ਘਰ ਪੈਦਾ ਹੋਣ ਕਾਰਨ ਮੇਰੇ ਵਾਂਗ ਮੇਰੇ ਪੁੱਤਰ ਉੱਤੇ ਧਾਰਮਿਕ ਵਿੱਦਿਆ ਦਾ ਭੈੜਾ ਪ੍ਰਛਾਵਾਂ ਨਹੀਂ ਸੀ ਪਿਆ।

ਹੋਰਾਂ ਵਾਂਗ ਹੀ ਮੈਂ ਆਪਣੇ ਮਾਪਿਆਂ ਦੀ ਪਲ ਭਰ ਦੀ ਸਰੀਰਕ ਕਿਰਿਆ ਦੀ ਇੱਕ ਅਚਣਚੇਤੀ ਸਹਾਇਕ ਪੈਦਾਵਾਰ ਸਾਂ, ਜੋ ਨਾ ਹੀ ਮੇਰੇ ਵੱਸ ਵਿੱਚ ਅਤੇ ਨਾ ਹੀ ਮੇਰੀ ਮਰਜ਼ੀ ਅਨੁਸਾਰ ਹੋਈ ਸੀ। ਮੈਂ ਨਾ ਹੀ ਆਪਣੇ ਮਾਪਿਆਂ ਦੀ ਚੋਣ ਕਰ ਸਕਦਾ ਸੀ ਅਤੇ ਨਾ ਹੀ ਮਾਤਭਾਸ਼ਾ, ਕੌਮ, ਧਰਮ ਜਾਂ ਜਨਮ ਦੇ ਥਾਂ ਅਤੇ ਸਮੇਂ ਦੀ। ਹੋਰਨਾਂ ਚੀਜ਼ਾਂ ਵਾਂਗ ਮੇਰਾ ਜਨਮ ਵੀ ਬ੍ਰਹਿਮੰਡ ਅੰਦਰ ਵਾਪਰੀ ਇੱਕ ਘਟਨਾ ਸੀ।

ਚੜ੍ਹਦੀ ਉਮਰੇ ਮੈਂ ਇਸਾਈ ਸੀ, ਕਿਉਂਕਿ ਮੈਂ ਇਸਾਈ ਪਰਿਵਾਰ ਵਿੱਚ ਜੰਮਿਆ-ਪਲਿਆ ਸੀ। ਸਾਡੇ ਵਿੱਚੋਂ ਬਹੁਤੇ ਆਪਣੇ ਮਾਪਿਆਂ ਦਾ ਧਰਮ ਹੀ ਅਪਣਾ ਲੈਂਦੇ ਹਨ, ਕਿਉਂਕਿ ਬਚਪਨ ਤੋਂ ਹੀ ਉਹਨਾਂ ਨੂੰ ਇਹ ਸਿੱਖਿਆਦਿੱਤੀ ਜਾਂਦੀ ਹੈ। ਪਰ ਜਦੋਂ ਮੇਰੀ ਉਮਰ ਆਜ਼ਾਦੀ ਨਾਲ ਸੋਚਣ ਅਤੇ ਕੰਮ ਕਰਨ ਯੋਗ ਹੋਈ ਤਾਂ ਮੈਂ ਇਸਾਈ ਮੱਤ ਤਿਆਗ ਦਿੱਤਾ ਅਤੇ ਤਰਕਸ਼ੀਲ ਬਣ ਗਿਆ, ਕਿਉਂਕਿ ਮੈਂ ਬਾਈਬਲ ਨੂੰ ਰੱਬੀ ਸੰਦੇਸ਼ ਨਹੀਂ ਮੰਨਦਾ ਸੀ। ਇਸੇ ਤਰ੍ਹਾਂ ਹੀ ਮੈਂ ਆਪਣੀ ਖੂਬਸੂਰਤ ਜਨਮ-ਭੂਮੀ ਕੇਰਲਾ ਛੱਡ ਦਿੱਤਾ ਅਤੇ ਉਤਨੇ ਹੀ ਸੁਹਣੇ ਦੇਸ਼ ਸ੍ਰੀ ਲੰਕਾ ਜਾ ਵਸਿਆ ਕਿਉਂਕਿ ਸ੍ਰੀ ਲੰਕਾ ਦੇ ਬਹੁਤੇ ਲੋਕ ਬੋਧੀ ਸਨ। ਜਿਸ ਨੇ ਦੂਜੇ ਧਰਮਾਂ ਦੇ ਮੋਢੀਆਂ ਨਾਲੋਂ ਵੱਧ ਤਰਕਸ਼ੀਲ ਅਤੇ ਸਹਿਨਸ਼ੀਲ ਦਰਸ਼ਨ ਦੀ ਸਿੱਖਿਆ ਦਿੱਤੀ। ਮੇਰੇ ਲਈ ਥਾਵਾਂ ਨਾਲੋਂ ਮਨੁੱਖ ਵੱਧ ਮਹੱਤਵਪੂਰਨ ਹਨ। ਸ੍ਰੀ ਲੰਕਾ ਵਿੱਚ ਮੇਰਾ ਹਰ ਖੇਤਰ ਵਿਚਲੇ ਸਨੇਹੀ ਅਤੇ ਵਫਾਦਾਰ ਵਿਦਿਆਰਥੀਆਂ ਦੀਆਂ ਤਿੰਨ ਪੀੜ੍ਹੀਆਂ ਨਾਲ ਵਾਹ ਪਿਆ ਹੈ। ਸ੍ਰੀ ਲੰਕਾ ਵਿੱਚ ਲਗਭਗ ਸਾਰੇ ਵਿਦਵਾਨ ਮੈਨੂੰ ਜਾਣਦੇ ਹਨ, ਜਿਨ੍ਹਾਂ ’ਚੋਂ ਬਹੁਤ ਮੇਰੀ ਇੱਜ਼ਤ ਕਰਦੇ ਹਨ ਅਤੇ ਨਫਰਤ ਕਰਨ ਵਾਲੇ ਘੱਟ ਹਨ।

ਮੈਨੂੰ ਇੱਕ ਯੋਗ ਪਤਨੀ ਲੱਭਣ ਵਿੱਚ ਕਾਫੀ ਮੁਸ਼ਕਲ ਪੇਸ਼ ਆਈ। ਲਗਭਗ ਅੱਧੀ ਸਦੀ ਪਹਿਲਾਂ ਇੱਕ ਸੀਰੀਆਈ ਇਸਾਈ ਕੁੜੀ ਲੱਭਣੀ ਅਸੰਭਵ ਸੀ, ਜੋ ਇੱਕ ਤਰਕਸ਼ੀਲ ਜਿਉਣ ਢੰਗ ਅਪਣਾ ਸਕਦੀ। ਇਹ ਮੇਰੀ ਖੁਸ਼ਕਿਸਮਤੀ ਸੀ ਕਿ ਮੈਨੂੰ ਟਰਾਵਨਕੋਰ ਜੁਡੀਸ਼ਲ ਸਰਵਿਸ ਦੇ ਜੱਜ ਸ੍ਰੀ ਕੇ. ਐਮ. ਇੱਟੀ ਦੀ ਇਹੋ ਜਿਹੀ ਵੱਡੀ ਧੀ ਲੱਭ ਗਈ। ਉਹ ਸਾਡੇ ਬੱਚਿਆਂ ਨੂੰ ਕਿਸੇ ਵੀ ਧਾਰਮਿਕ ਸਿੱਖਿਆ ਤੋਂ ਨਿਰਲੇਪ ਪਾਲਣ ਪੋਸ਼ਣ ਦੀ ਮੇਰੀ ਅਗਾਊਂ ਸ਼ਰਤ ਨੂੰ ਵੀ ਮੰਨ ਗਈ।

ਸਾਡੇ ਘਰ ਵਿੱਚ ਕੋਈ ਧਾਰਮਿਕ ਸਿੱਖਿਆ ਨਹੀਂ ਸੀ, ਪਰੰਤੂ ਸਾਡਾ ਇਕਲੌਤਾ ਪੁੱਤਰ ਗਿਰਜਾ ਘਰ ਜਾਣ ਲੱਗ ਪਿਆ। ਉਹ ਉਸ ਸਮੇਂ ਕੈਂਬਰਿਜ ਸੀਨੀਅਰ ਜਮਾਤ ਵਿੱਚ ਪੜ੍ਹਦਾ ਸੀ। ਜਦੋਂ ਮੇਰੀ ਪਤਨੀ ਨੇ ਸਾਡੇ ਪੁੱਤਰ ਦੇ ਗਿਰਜਾ ਘਰ ਨਾਲ ਲਗਾਊ ਬਾਰੇ ਦੱਸਿਆ ਤਾਂ ਮੈਂ ਉਸ ਨੂੰ ਉਸ ਵੱਲੋਂ ਧਰਮ ਦੀ ਚੋਣ ਵਿੱਚ ਦਖਲ ਦੇਣ ਤੋਂ ਰੋਕਿਆ। ਪਰ ਮਗਰੋਂ ਪਤਾ ਲੱਗਿਆ ਕਿ ਇਹ ਵੈਂਮਬਦੀ ਗਰਲਜ਼ ਕਾਲਜ ਦੀਆਂ ਕੁੜੀਆਂ ਸਨ, ਨਾ ਕਿ ਧਰਮ, ਜੋ ਉਸ ਲਈ ਚਰਚ ਵਿੱਚ ਖਿੱਚ ਦਾ ਕਾਰਨ ਬਣਿਆ।

ਮੇਰੇ ਆਪਣੇ ਬਚਪਨ ਤੇ ਝਾਤੀ ਮਾਰਨ ਤੇ ਬਹੁਤ ਸਾਰੀਆਂ ਦਿਲਚਸਪ ਘਟਨਾਵਾਂ ਮੇਰੇ ਮਨ ਵਿੱਚ ਆਈਆਂ। ਮੇਰਾ ਮਰ ਚੁੱਕਿਆ ਇੱਕ ਭਤੀਜਾ ਕੇ. ਐਮ. ਪੈਥਨ, ਜਿਸ ਨੂੰ ਅਸੀਂ ਪਾਪਾਚੈਨ ਕਹਿੰਦੇ ਸਾਂ। ਉਹ ਸੰਡੇ ਸਕੂਲ ਵਿੱਚ ਮੇਰਾ ਜਮਾਤੀ ਸੀ। ਮੇਰਾ ਚਚੇਰਾ ਭਰਾ ਰੈਵਰੈਂਡ ਕੇ. ਪੀ. ਥਾਮਸ ਸਾਡਾ ਅਧਿਆਪਕ ਸੀ। ਪਾਪਾਚੈਨ ਨੂੰ ਜੋ ਹਮੇਸ਼ਾਂ ਮੇਰੇ ਨਾਲ ਬੈਠਦਾ ਸੀ, ਮੈਥੋਂ ਉੱਤਰ ਪੁੱਛਣ ਦੀ ਅਤੇ ਸਭ ਤੋਂ ਪਹਿਲਾਂ ਹੱਥ ਖੜ੍ਹਾ ਕਰਨ ਦੀ ਆਦਤ ਸੀ, ਪਰ ਉਹ ਉੱਤਰ ਦੇਣ ਤੋਂ ਝਿਜਕਦਾ ਹੁੰਦਾ ਸੀ।

ਇੱਕ ਵਾਰੀ ਈਸਾ ਮਸੀਹ ਦੇ ਸਬਕ, ਜਿਸ ਵਿੱਚ ਉਸ ਨੂੰ ਯੋਰੋਸ਼ਲਮ ਦੀਆਂ ਗਲੀਆਂ ਵਿੱਚ ਜਲੂਸ ਦੇ ਰੂਪ ਵਿੱਚ ਲਿਜਾਂਦੇ ਜਾਂਦਿਆਂ ਜ਼ਾਕੀਆਸ ਨੂੰ ਅੰਜ਼ੀਰ ਦੇ ਦਰੱਖਤ ਤੋਂ ਹੇਠਾਂ ਉਤਾਰਦਿਆਂ, ਜਿਹੜਾ ਕਿ ਈਸਾ ਨੂੰ ਚੰਗੀ ਤਰ੍ਹਾਂ ਵੇਖਣ ਲਈ ਉੱਪਰ ਚੜ੍ਹਿਆ ਬੈਠਾ ਸੀ ਅਤੇ ਉਸਦੀ ਉਸਨੂੰ ਸ਼ਰਧਾ ਤੇ ਅਸ਼ੀਰਵਾਦ ਦਿੰਦਿਆਂ ਵਿਖਾਇਆ ਗਿਆ ਸੀ। ਇਸ ਤੋਂ ਬਾਅਦ ਅਧਿਆਪਕ ਨੇ ਜਮਾਤ ਤੋਂ ਪੁੱਛਿਆ, "ਈਸਾ ਮਸੀਹ ਨੂੰ ਕਿਵੇਂ ਪਤਾ ਲੱਗਿਆ ਕਿ ਜਾਕੀਆਸ ਅੰਜ਼ੀਰ ਦੇ ਦਰੱਖਤ ਉੱਤੇ ਸੀ ?" ਹਮੇਸ਼ਾਂ ਵਾਂਗ ਹੀ ਪਾਪਾਚੈਨ ਨੇ ਮੇਰੀ ਮੱਦਦ ਚਾਹੀ। ਮੈਂ ਉੱਤਰ ਦਿੱਤਾ, 'ਜਦੋਂ ਈਸਾ ਐਨ ਦਰੱਖਤ ਦੇ ਹੇਠਾਂ ਆ ਗਿਆ ਸੀ, ਉਦੋਂ ਜ਼ਾਕੀਆਸ ਨੇ ਅੰਜ਼ੀਰ ਦਾ ਫਲ ਤੋੜਿਆ ਅਤੇ ਉਸ ਦੇ ਸਿਰ ਉੱਤੇ ਸੁੱਟ ਦਿਤਾ।' ਮੇਰੀ ਸ਼ਰਾਰਤ ਨੂੰ ਨਾ ਭਾਪਦੇ ਹੋਏ ਪਾਪਾਚੈਨ ਨੇ ਆਪਣਾ ਹੱਥ ਖੜ੍ਹਾ ਕਰ ਦਿੱਤਾ, ਕਿਉਂਕਿ ਦੂਜੇ ਬੱਚੇ ਉੱਤਰ ਨਾ ਦੇ ਸਕੇ। ਇਸ ਲਈ ਪਾਪਾਚੈਨ ਨੂੰ ਪੁੱਛਿਆ ਗਿਆ। ਪਾਪਾਚੈਨ ਦੇ ਇਸ ਗੁਸਤਾਖੀ ਭਰੇ ਉੱਤਰ ਨੂੰ ਸੁਣ ਕੇ ਥਾਮਸ ਇੰਨੇ ਗੁੱਸੇ ਵਿੱਚ ਆ ਗਿਆ ਕਿ ਉਸ ਨੂੰ ਸਜਾ ਦੇਣ ਲਈ ਬੁਲਾ ਲਿਆ ਗਿਆ। ਬੈਂਤਾਂ ਦੀ ਵਾਛੜ ਵਿੱਚ ਪਾਪਾਚੈਨ ਚਿਲਾਇਆ ਕਿ ਮੈਂ ਉਸ ਨੂੰ ਗਲਤ ਦੱਸਿਆ ਹੈ।

ਮੈਂ ਲੜਕਪਨ ਵਿੱਚ ਸੜਕਾਂ ਤੇ ਜਾਂਦਿਆਂ ਨਬੂੰਦਰੀਆਂ ਵੱਲੋਂ ਰਾਹਾਂ ਤੋਂ ਅਛੂਤਾਂ ਨੂੰ ਪਰੇ ਹਟਾਉਣ ਲਈ ਵਾਰ-ਵਾਰ ਹੋਏ-ਹਾਂ ਕਹਿਣ ਨਾਲ ਠਿੱਠ ਹੁੰਦਾ ਸੀ। ਇੱਕ ਵਾਰ ਮੈਂ ਆਪਣੇ ਨੌਕਰ ਕੁੰਨਹੀਰਾਮਨ, ਜੋ ਜਾਤ ਦਾ ਏਜਵਾਹਾ ਸੀ, ਨਾਲ ਇੱਕ ਮੀਲ ਦੂਰ ਮੈਦਾਨ 'ਚੋਂ ਕੁਝ ਕਸਾਵਾਂ ਦੀ ਸੂਜੀ ਪੁੱਟਣ ਲਈ ਜਾ ਰਿਹਾ ਸੀ। ਅਸੀਂ ਇੱਕ ਘਾਟ ਪਾਰ ਕਰਨੀ ਸੀ, ਜਿਸ ਉੱਤੇ ਹੁਣ 'ਮਠੂਰਪਾਲਮ' ਪੁਲ ਬਣਿਆ ਹੋਇਆ ਹੈ।

ਵੱਡਾ ਨਬੂੰਦਰੀ ਪੱਤਣ ਤੇ ਇਕੱਲਾ ਉਡੀਕ ਰਿਹਾ ਸੀ, ਕਿਉਂਕਿ ਉਸ ਨੂੰ ਬੇੜੀ ਠੇਲ੍ਹਣੀ ਨਹੀਂ ਸੀ ਆਉਂਦੀ। ਪੱਤਣ ਦੀ ਬੇੜੀ ਬਹੁਤ ਤੰਗ ਸੀ ਅਤੇ ਇਸ ਉੱਤੇ ਸਿਰਫ ਪੰਜ ਛੇ ਆਦਮੀ ਹੀ ਜਾ ਸਕਦੇ ਸਨ। ਨਬੂੰਦਰੀ ਬੇੜੀ ਵਿੱਚ ਪਹਿਲਾਂ ਬੈਠ ਗਿਆ ਅਤੇ ਮੈਨੂੰ ਬੇੜੀ ਪਾਰ ਲਿਜਾਣ ਲਈ ਆਖਿਆ। ਮੈਨੂੰ ਪਾਰ ਛੱਡ ਕੇ ਬੇੜੀ ਮੋੜ ਲਿਆਵੀਂ ਤੇ ਫੇਰ ਆਪਣੇ ਅਛੂਤ ਕੁੰਨਹੀਰਾਮਨ ਨੂੰ ਲੈ ਜਾਵੀਂ। ਇਸ ਹੰਕਾਰੀ ਗੱਲ ਤੇ ਆਪਣਾ ਗੁੱਸਾ ਦਿਖਾਉਣ ਤੋਂ ਬਿਨਾਂ ਮੈਂ ਬੇੜੀ ਵਿੱਚ ਚੜ੍ਹ ਗਿਆ ਅਤੇ ਕੁੰਨਹੀਰਾਮਨ ਨੂੰ ਵੀ ਵਿੱਚ ਬੈਠਣ ਲਈ ਕਿਹਾ। ਜਦੋਂ ਉਸ ਨੇ ਹਿਚਕਚਾਹਟ ਕੀਤੀ ਤਾਂ ਮੈਂ ਉਸ ਨੂੰ ਧੱਕ ਕੇ ਬੇੜੀ ਵਿੱਚ ਜਾ ਬਿਠਾਇਆ। ਜਿਉਂ ਹੀ ਕੁੰਨਹੀਰਾਮਨ ਬੇੜੀ ਨੂੰ ਛੂਹਣ ਲੱਗਿਆ, ਨਬੂੰਦਰੀ ਨੇ ਪਾਣੀ ਦੀ ਡੂੰਘਾਈ ਜਾਨਣ ਤੋਂ ਬਿਨਾਂ ਹੀ ਦਰਿਆ ਵਿੱਚ ਛਾਲ ਮਾਰ ਦਿੱਤੀ। ਨਬੂੰਦਰੀ ਤਰਨਾ ਨਾ ਜਾਣਣ ਕਰਕੇ ਡੁੱਬਣ ਹੀ ਲੱਗਿਆ ਸੀ ਕਿ ਮੈਂ ਮਾਹਰ ਤੈਰਾਕ ਕੁੰਨਹੀਰਾਮਨ (ਅਛੂਤ) ਨੂੰ ਕਿਹਾ ਕਿ ਉਹ ਨਬੂੰਦਰੀ ਨੂੰ ਡੁੱਬਣ ਤੋਂ ਬਚਾਵੇ। ਜਦੋਂ ਮੈਂ ਨਬੂੰਦਰੀ ਨੂੰ ਇਕੱਠੀ ਹੋ ਚੁੱਕੀ ਭੀੜ ਦੇ ਸਾਹਮਣੇ ਇਹ ਪੁੱਛਿਆ, 'ਕੀ ਤੂੰ ਏਜਵਾਹਾ ਨਾਲ ਛੂਹਣ ਕਰਕੇ ਅਪਵਿੱਤਰਤਾ ਧੋਣ ਲਈ ਮੁੜ ਇਸ਼ਨਾਨ ਕਰਨਾ ਚਾਹੁੰਦਾ ਹੈਂ ?' ਤਾਂ ਉਹ ਬੜਾ ਸ਼ਰਮਿੰਦਾ ਹੋਇਆ।

ਉਹ ਵੱਡੀ ਪਹਾੜੀ ਜਿੱਥੇ ਸੀਰੀਆਈ ਕ੍ਰਿਸਚੀਅਨ ਸੈਮਨਰੀ ਸਕੂਲ ਹੈ, ਜਿੱਥੇ ਮੈਂ ਆਪਣੀ ਮੁੱਢਲੀ ਵਿੱਦਿਆ ਪ੍ਰਾਪਤ ਕੀਤੀ ਸੀ, ਕਿਉਂਕਿ ਇਸ ਤੋਂ ਪਹਿਲਾਂ ਸਕੂਲ ਸਾਡੇ ਜੱਦੀ ਘਰ ਵਿੱਚ ਲਗਦਾ ਸੀ। ਉਸ ਪਹਾੜੀ ਉੱਤੇ ਬਹੁਤ ਸਾਰੀਆਂ ਇਮਾਰਤਾਂ ਹਨ। ਹੁਣ ਮਾਰਾਥਮਸ ਸੀਰੀਆਈ ਚਰਚ ਦਾ ਹੈਡ ਕੁਆਟਰ ਬਣ ਗਿਆ ਹੈ ਅਤੇ ਚਰਚ ਦਾ ਵੱਡਾ ਪਾਦਰੀ ਇਸ ਵਿੱਚ ਰਹਿੰਦਾ ਸੀ। ਬੋਰਡਿੰਗ ਹਾਊਸ ਵਿੱਚ ਬਹੁਤੇ ਲੜਕੇ ਨੇੜੇ ਦੇ ਥਾਵਾਂ ਦੇ ਸਨ।

ਇਹ ਉਹਨਾਂ ਦਿਨਾਂ ਦੀ ਆਮ ਗੱਲ ਸੀ ਕਿ ਬੋਰਡਿੰਗ ਹਾਊਸ ਦੀ ਵਰਤੋਂ ਲਈ ਫਸਲ ਦੇ ਸਮੇਂ ਬਹੁਤ ਵੱਡੀ ਮਾਤਰਾ ਵਿੱਚ ਝੋਨਾ ਸੁਕਾਇਆ ਜਾਂਦਾ ਸੀ। ਸਾਡੇ ਵਿੱਚੋਂ ਕੁਝ ਵਿਦਿਆਰਥੀ ਸਕੂਲ ਦੇ ਬਰਾਂਡੇ ਦੀਆਂ ਪੌੜੀਆਂ ਤੋਂ ਫੁਟਬਾਲ ਦੇ ਗਰਾਊਂਡ ਵਿੱਚ ਮਜ਼ਦੂਰਾਂ ਨੂੰ ਵੱਡੀਆਂ ਦਰੀਆਂ ਉੱਤੇ ਝੋਨਾ ਖਿਲਾਰਦਿਆਂ ਨੂੰ ਦੇਖ ਰਹੇ ਸਨ। ਕੋਜਿਨਚਰੀ ਸ਼ਹਿਰ ਤੋਂ ਪੀ. ਈ. ਇਆਸੂ ਨਾਂ ਦਾ ਇੱਕ ਮੁੰਡਾ ਜਿਹੜਾ ਜਮਾਤ ਅਤੇ ਬੋਰਡਿੰਗ ਹਾਊਸ ਵਿੱਚ ਨਵਾਂ ਹੀ ਆਇਆ ਸੀ, ਉਸ ਮੁੰਡੇ ਨੇ ਪੁੱਛਿਆ ਕਿ ਇਤਨਾ ਝੋਨਾ ਕਿਉਂ ਸੁਕਾਇਆ ਜਾ ਰਿਹਾ ਹੈ? ਤਾਂ ਮੈਂ ਉੱਤਰ ਦਿੱਤਾ ਕਿ ਇਹ ਅਗਲੇ ਮਹੀਨੇ ਗਿਰਜੇ ਦੇ ਪੁਜਾਰੀ ਮੈਥਰਾਚਿਨ ਦੇ ਵਿਆਹ ਦੀ ਪਾਰਟੀ ਲਈ ਹੈ। ਇੱਕ ਮੇਰੇ ਹੋਰ ਦੋਸਤ ਨੇ ਇਹ ਕਹਿ ਕੇ ਪੱਕਾ ਕਰ ਦਿੱਤਾ ਕਿ ਪਾਰਟੀ ਤਿੰਨ ਦਿਨ ਚੱਲੇਗੀ। ਸਕੂਲ ਇੱਕ ਹਫ਼ਤੇ ਲਈ ਬੰਦ ਹੋਵੇਗਾ। ਇਆਸੂ ਨੇ ਕੇਵਲ ਆਪਣੇ ਸ਼ਹਿਰ ਦੇ ਪੜ੍ਹਨ ਵਾਲੇ ਲੜਕਿਆਂ ਨੂੰ ਹੀ ਇਹ ਗੱਲ ਨਹੀਂ ਦੱਸੀ, ਸਗੋਂ ਆਪਣੇ ਮਾਪਿਆਂ ਨੂੰ ਵੀ ਅਗਲੇ ਮਹੀਨੇ ਇੱਕ ਹਫਤੇ ਲਈ ਘਰ ਆਉਣ ਬਾਰੇ ਚਿੱਠੀ ਪਾ ਦਿੱਤੀ ਕਿਉਂਕਿ ਮੈਥਰਾਚਿਨ ਦਾ ਵਿਆਹ ਹੋਣਾ ਹੈ।

ਮੈਥਰਾਚਿਨ ਦੇ ਵਿਆਹ ਦੀ ਖਬਰ ਬੋਰਡਿੰਗ ਹਾਊਸ ਅਤੇ ਕੋਜਿਨਚਰੀ ਸ਼ਹਿਰ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਕੋਜਿਨਚਰੀ ਦੇ ਮਾਰਥਾਮੇ ਇਸ ਸ਼ਰਾਰਤ ਭਰੀ ਖਬਰ ਤੇ ਬਹੁਤ ਹਰਖ ਗਏ। ਮਾਰਥਾਮਾ ਗਿਰਜੇ ਦੇ ਪਾਦਰੀ ਲਈ ਵਿਸ਼ੇ-ਵਿਕਾਰਾਂ ਤੇ ਪਾਬੰਦੀ ਸੀ, ਪਰੰਤੂ ਐਨਗਲੀਕਨ ਗਿਰਜੇ ਦੇ ਪਾਦਰੀ ਨੂੰ ਇਸ ਬਾਰੇ ਖੁੱਲ੍ਹ ਸੀ। ਇਸ ਕਰਕੇ ਉਨ੍ਹਾਂ ਨੇ ਰੈਬ ਕੇ. ਟੀ. ਥਾਮਸ ਤੋਂ ਇਸ ਸਦਮੇ ਵਾਲੀ ਖਬਰ ਦੀ ਪਰਪੱਕਤਾ ਬਾਰੇ ਪੁੱਛਿਆ।

ਇੱਕ ਸਧਾਰਨ ਮਖੌਲ ਜਿਹੜਾ ਮੈਂ ਪੀ.ਈ. ਇਆਸੂ ਨੂੰ ਕੀਤਾ ਸੀ, ਉਹ ਵਿਭਾਗੀ ਪੁੱਛ-ਪੜਤਾਲ ਤੱਕ ਜਾ ਪੁੱਜਿਆ। ਅਖੀਰ ਮੁੱਖ-ਅਧਿਆਪਕ ਮਿ. ਪੀ. ਵਰਗੀਜ਼ ਤੋਂ ਮੈਨੂੰ ਛੇ ਡੰਡੇ ਖਾਣੇ ਪਏ। ਜੇ ਮੈਂ ਇਹੀ ਮਖੌਲ ਕੋਟਾਜ਼ਾਮ ਦੇ ਸੀ. ਐਮ. ਐਸ. ਹਾਈ ਸਕੂਲ ਵਿੱਚ ਕੀਤਾ ਹੁੰਦਾ, ਜੋ ਤਿਰੂਵਾਲਾ ਤੋਂ ਅਠਾਰਾਂ ਮੀਲ ਦੂਰ ਹੈ ਤਾਂ ਮੈਨੂੰ ਇਹ ਬੈਂਤਾਂ ਨਹੀਂ ਪੈਣੀਆਂ ਸਨ, ਕਿਉਂਕਿ ਕੋਟਿਆਮ ਦਾ ਐਨਗਲੀਕਨ ਪਾਦਰੀ ਕਈ ਵਿਆਹ ਕਰਵਾ ਸਕਦਾ ਸੀ।

ਮੇਰੇ ਪਿਤਾ ਜੀ ਦੀ ਪਹਿਲੀ ਪਤਨੀ ਤੋਂ ਮੇਰੀਆਂ ਤਿੰਨ ਭੈਣਾਂ ਸਨ। ਉਨ੍ਹਾਂ ਵਿੱਚੋਂ ਇੱਕ ਮਿ. ਪੀ. ਜੇ. ਥਾਮਸ ਨਾਲ ਵਿਆਹੀ ਗਈ। ਸਾਡੇ ਵਿੱਚ ਉਮਰ ਦਾ ਵੱਧ ਫਰਕ ਹੋਣ ਕਰਕੇ ਮੈਂ ਆਪਣੀ ਭੈਣ ਨੂੰ ਅਮਾਮਾ ਕਿਹਾ ਕਰਦਾ ਸੀ। ਮੈਂ ਬਚਪਨ ਵਿੱਚ ਆਪਣੀ ਭੈਣ ਦੇ ਘਰ ਇੱਕ ਹਫਤਾ ਠਹਿਰਿਆ। ਇੱਕ ਸਵੇਰ ਮੇਰੀ ਭੈਣ ਨੇ ਮੈਨੂੰ ਕਿਹਾ, "ਤੂੰ ਸਾਰੀ ਰਾਤ ਖੰਘਦਾ ਰਹਿੰਦਾ ਰਿਹਾ ਹੈਂ। ਮੇਰੇ ਕੋਲ ਇੱਕ ਪ੍ਰਸਿੱਧ ਆਯੁਰਵੈਦਿਕ ਡਾਕਟਰ ਦੀ ਦਵਾਈ ਹੈ, ਜੋ ਮੈਂ ਤੈਨੂੰ ਦੇਵਾਂਗੀ।" ਅਮਾਮਾ ਨੇ ਇੱਕ ਪਾਊਡਰ ਸ਼ਹਿਣ ਵਿੱਚ ਮਿਲਿਆ ਹੋਇਆ ਲਿਆਂਦਾ ਅਤੇ ਮੈਨੂੰ ਉਸ ਨੂੰ ਆਪਣੀ ਜੀਭ ਤੇ ਰੱਖ ਕੇ ਹੌਲੀ-ਹੌਲੀ ਲੰਘਾਉਣ ਤੇ ਈਸਾ ਮਸੀਹ ਕੋਲ ਖੰਘ ਹਟਾਉਣ ਦੀ ਪ੍ਰਾਰਥਨਾ ਕਰਨ ਲਈ ਕਿਹਾ। ਮੈ ਕਿਹਾ, "ਅਮਾਮਾ ਜੇ ਮੈਂ ਇੱਕੋ ਵੇਲੇ ਇਹ ਦੋਵੇਂ ਕੰਮ ਕਰਾਂ ਤਾਂ ਮੈਨੂੰ ਪਤਾ ਨਹੀਂ ਲੱਗੇਗਾ ਕਿ ਮੈਨੂੰ ਖੰਘ ਤੋਂ ਆਰਾਮ ਕਿਸ ਨੇ ਕੀਤਾ। ਇਸ ਲਈ ਮੈਂ ਪਹਿਲਾਂ ਦਵਾਈ ਖਾਂਦਾ ਹਾਂ। ਜੇ ਅਸਰ ਨਾ ਹੋਇਆ ਤਾਂ ਫਿਰ ਪ੍ਰਾਰਥਨਾ ਕਰ ਲਵਾਂਗਾ।" ਮੇਰੀ ਪਿਆਰੀ ਭੈਣ ਚਿੱਲਾਈ, "ਕਿੰਨੀ ਭੈੜੀ ਗੱਲ ਹੈ ਕਿ ਮੇਰੇ ਚੰਗੇ ਪਿਤਾ ਦੇ ਘਰ ਤੇਰੇ ਜਿਹਾ ਨਾਸਤਿਕ ਜੰਮਿਆ ਹੈ।"

ਕਲਕੱਤੇ ਵਿੱਚ ਮੇਰੇ ਯੂਨੀਵਰਸਿਟੀ ਦੇ ਦਿਨਾਂ ਵਿੱਚ ਮੈਂ ਆਪਣੇ ਪਿਆਰੇ ਪੰਜਾਬੀ ਮਿੱਤਰ ਕ੍ਰਿਪਾਲ ਸਿੰਘ ਵਾਂਗ ਵਧੀਆ ਕੱਪੜੇ ਪਹਿਨਦਾ ਸੀ। ਇੱਕ ਰਾਤ ਲਗਭਗ ਦਸ ਵਜੇ ਮੈਂ ਬਹੁਤ ਤੇਜੀ ਨਾਲ ਮੈਨਿੰਗ ਸਟਰੀਟ ਰਾਹੀਂ ਹੋਸਟਲ ਨੂੰ ਆ ਰਿਹਾ ਸੀ ਤਾਂ ਕਿ ਦਰਵਾਜਾ ਬੰਦ ਹੋਣ ਤੋਂ ਪਹਿਲਾਂ ਪਹੁੰਚ ਸਕਾਂ। ਮੈਂ ਤੇਜੀ ਨਾਲ ਇੱਕ ਅੰਗਰੇਜ ਨਾਲ ਟਕਰਾ ਗਿਆ, ਜੋ ਦੂਜੇ ਪਾਸਿਓਂ ਆ ਰਿਹਾ ਸੀ। ਸੁਭਾਵਿਕ ਹੀ ਮੈਂ ਕਿਹਾ, "ਮੈਨੂੰ ਅਫਸੋਸ ਹੈ" ਅਤੇ ਤੁਰਦਾ ਬਣਿਆ।

ਇਹ ਉਹ ਦਿਨ ਸਨ ਜਦੋਂ ਬਰਤਾਨੀਆਂ ਤੋਂ ਹਰ ਇੱਕ ਜਣਾ-ਖਣਾ ਆਪਣੇ ਆਪ ਨੂੰ ਭਾਰਤ ਵਿੱਚ ਇੰਗਲੈਂਡ ਦੇ ਮਹਾਰਾਜੇ ਦਾ ਥਾਪਿਆ ਹੋਇਆ ਮੰਨਦਾ ਸੀ ਅਤੇ ਹਰ ਇੱਕ ਭਾਰਤੀ ਨੂੰ ਆਪਣੀ ਪਰਜਾ ਸਮਝਦਾ ਸੀ, ਜਿਸ ਤੇ ਹਕੂਮਤ ਕੀਤੀ ਜਾਵੇ। ਇੱਕ ਮਿੰਟ ਮਗਰੋਂ ਉਹ ਅਚਾਨਕ ਹੀ ਮੇਰੇ ਪਿੱਛੇ ਆਇਆ ਅਤੇ ਮੈਨੂੰ ਘੁੱਟ ਕੇ ਫੜ੍ਹ ਲਿਆ। ਮੇਰਾ ਕਾਲਰ ਟਾਈ ਅਤੇ ਦਾੜ੍ਹੀ ਉਸ ਦੀ ਸਖਤ ਪਕੜ ਵਿੱਚ ਸਨ। ਮੈਂ ਉਹਨਾਂ ਦਿਨਾਂ ਵਿੱਚ ਭਰ ਜਵਾਨੀ ਵਿੱਚ ਸੀ। ਸਿਹਤ ਬਣਾਉਣ ਦੀਆਂ ਕਸਰਤਾਂ ਨਾਲ ਮੇਰੇ ਪੱਠੇ ਮਜ਼ਬੂਤ ਸਨ। ਮੈਂ ਉਸ ਨੂੰ ਚੰਗੀ ਤਰਾਂ ਫੜ੍ਹ ਲਿਆ ਅਤੇ ਉਸ ਦੇ ਮੂੰਹ ਤੇ ਜੋਰ ਨਾਲ ਧੱਫਾ ਮਾਰਿਆ। ਉਹ ਪਿਛਾਂਹ ਨੂੰ ਘੁੰਮ ਕੇ ਰਸਤੇ ਵਿੱਚ ਬੈਠੇ ਇੱਕ ਵਪਾਰੀ ਦੇ ਕੱਚ ਦੇ ਸਮਾਨ ਉੱਤੇ ਜਾ ਡਿੱਗਿਆ। ਉਸ ਦੇ ਨੱਕ ਵਿੱਚੋਂ ਬਹੁਤ ਖੂਨ ਨਿਕਲ ਰਿਹਾ ਸੀ। ਜਦ ਮੈਂ ਉਸ ਨੂੰ ਫੜ੍ਹ ਕੇ ਖੜ੍ਹਾ ਕੀਤਾ ਤਾਂ ਬੰਗਾਲੀ ਵਪਾਰੀ ਧਮਕੀ ਦੇਣ ਲੱਗਿਆ। ਅੰਗਰੇਜ ਨੇ ਮੈਨੂੰ ਆਪਣੀ ਰਾਖੀ ਲਈ ਬੇਨਤੀ ਕੀਤੀ।

ਮੈਂ ਭੀੜ ਪਰ੍ਹੇ ਧੱਕ ਕੇ ਉਸ ਨੂੰ ਕਿਹਾ, "ਜੇ ਤੈਨੂੰ ਅਕਲ ਤੇ ਸੂਝ ਹੁੰਦੀ ਤਾਂ ਜਦ ਮੈਂ ਆਪਣੀ ਟੱਕਰ ਤੋਂ ਮਗਰੋਂ ਅਫਸੋਸ ਕਰ ਦਿੱਤਾ ਸੀ ਤਾਂ ਕੁਝ ਨਹੀਂ ਸੀ ਵਾਪਰਨਾ, ਪਰ ਤੁਹਾਡੇ ਬਾਦਸ਼ਾਹਾਂ ਵਾਲੇ ਘੁਮੰਡ ਨੇ ਮੈਨੂੰ ਆਪਣੇ ਬਰਾਬਰ ਦਾ ਬੰਦਾ ਹੀ ਨਹੀਂ ਸਮਝਿਆ। ਭਾਵੇਂ ਹੁਣ ਉਹ ਵਾਰ-ਵਾਰ ਮੁਆਫੀਆਂ ਮੰਗ ਰਿਹਾ ਸੀ, ਪਰ ਮੈਂ ਉਸ ਤੋਂ ਕੱਚ ਦੇ ਟੁੱਟੇ ਸਮਾਨ ਦੇ ਪੈਸੇ ਭਰਵਾਏ।

ਸੈਂਟਰਲ ਕਾਲਜ ਜਾਫਨਾ ਦੇ ਪ੍ਰਿੰਸੀਪਲ ਸ਼੍ਰੀ ਪੀ. ਟੀ. ਕੈਸ ਦੇ ਕਹਿਣ ਤੇ ਮੈਂ ਸੀ. ਐਮ. ਐਸ. ਕਾਲਜ ਕੋਟਿਆਮ ਛੱਡ ਦਿੱਤਾ ਤੇ ਸ਼੍ਰੀ ਲੰਕਾ ਵਿੱਚ ਉਨ੍ਹਾਂ ਦੇ ਕਾਲਜ ਵਿੱਚ ਨੌਕਰੀ ਕਰ ਲਈ। ਜਦੋਂ ਮੈਂ 1928 ਵਿੱਚ ਸੈਂਟਰਲ ਕਾਲਜ ਜਾਫਨਾ ਵਿੱਚ ਹਾਜ਼ਰ ਹੋਇਆ, ਇਹ ਦਿਨ ਕ੍ਰਿਸਮਿਸ ਦੀਆਂ ਛੁੱਟੀਆਂ ਦਾ ਪਹਿਲਾ ਦਿਨ ਸੀ। ਉਸ ਦਿਨ ਸਾਰੇ ਸਟਾਫ ਦੇ ਮੈਂਬਰ ਸਹਿਭੋਜ ਤੇ ਇੱਕਠੇ ਹੋਏ ਸਨ ਕਿਉਂਕਿ ਉਸ ਸਾਲ ਜਾਫਨਾ ਵਿੱਚ ਮੀਂਹ ਨਹੀਂ ਪਿਆ ਸੀ। ਇਸ ਲਈ ਸ਼੍ਰੀ ਕੈਸ ਨੇ ਆਪਣੀਆਂ ਪ੍ਰਾਰਥਨਾਵਾਂ ਦੌਰਾਨ ਦੇਵਤਿਆਂ ਨੂੰ ਮੀਂਹ ਪਾਉਣ ਦੀ ਬੇਨਤੀ ਕੀਤੀ। ਮੈਂ ਖਾਣੇ ਦੀ ਮੇਜ ਉੱਤੇ ਸ਼੍ਰੀ ਕੈਸ ਦੇ ਦੂਜੇ ਪਾਸੇ ਬੈਠਾ ਸੀ। ਗੱਲਬਾਤ ਦੌਰਾਨ ਮੀਂਹ ਪੈਣ ਦੀ ਭਵਿੱਖਬਾਣੀ ਬਾਰੇ ਵਿਗਿਆਨਿਕ ਢੰਗ ਦੀ ਗੱਲ ਮੈਂ ਸ਼੍ਰੀ ਕੈਸ ਨਾਲ ਕੀਤੀ। ਉਸ ਨੇ ਮੌਸਮ ਵਿਗਿਆਨੀਆਂ ਰਾਹੀਂ ਧਾਰਨ ਕੀਤੀ ਵਿਗਿਆਨਿਕ ਵਿਧੀ ਨੂੰ ਗਰਾਫ ਰਾਹੀਂ ਸਮਝਾਇਆ। ਮੇਰਾ ਅਗਲਾ ਪ੍ਰਸ਼ਨ ਇਹ ਸੀ ਕਿ ਕੀ ਜਾਫਨਾ ਲਈ

ਅਠਤਾਲੀ ਘੰਟਿਆਂ ਵਾਸਤੇ ਮੌਸਮ ਦੀ ਸਹੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ। ਸ੍ਰੀ ਕੈਸ ਨੇ ਕਿਹਾ ਕਿ ਭਵਿੱਖਬਾਣੀ ਇਸ ਸ਼ਰਤ ਤੇ ਕੀਤੀ ਜਾ ਸਕਦੀ ਹੈ ਕਿ ਮੌਸਮ ਵਿਗਿਆਨੀ ਆਲੇ-ਦੁਆਲੇ ਦੀਆਂ ਥਾਵਾਂ ਮਦਰਾਸ, ਬੰਬਈ, ਸਿੰਘਾਪੁਰ ਅਤੇ ਮਾਲਦੀਪ ਟਾਪੂਆਂ ਦੇ ਅੰਕੜੇ ਇਕੱਠੇ ਕਰਨ। ਮੈਂ ਫਿਰ ਉਸ ਨੂੰ ਪੁੱਛਿਆ ਕਿ ਕੀ ਕੋਲੰਬੋ ਦੇ ਮੌਸਮ ਵਿਗਿਆਨੀ ਜਿਹੜੇ ਸ੍ਰੀ ਲੰਕਾ ਦੇ ਉੱਤਰੀ ਸੂਬੇ ਦਾ ਮੌਸਮ ਚਾਰਟ ਤਿਆਰ ਕਰਦੇ ਹਨ, ਉਹ ਉਸ ਸੂਚੀ ਵਿੱਚ ਤੁਹਾਡੀ ਪ੍ਰਾਰਥਨਾ ਨੂੰ ਵੀ ਸ਼ਾਮਲ ਕਰਨਗੇ। ਸਿੱਧਾ ਉੱਤਰ ਦੇਣ ਦੀ ਥਾਂ ਸ੍ਰੀ ਕੈਸ ਨੇ ਕਿਹਾ, "ਇਬਰਾਹਮ! ਤੂੰ ਮੈਨੂੰ ਫਸਾ ਲਿਆ ਹੈ ਅਤੇ ਤੇਰੀ ਗੱਲ ਠੀਕ ਹੈ। ਆਓ! ਇਸ ਨੂੰ ਭੁੱਲ ਜਾਈਏ ਅਤੇ ਭੋਜਨ ਦਾ ਅਨੰਦ ਮਾਣੀਏ।"

1928 ਵਿੱਚ ਜਦੋਂ ਮੈਂ ਸੈਂਟਰਲ ਕਾਲਜ ਜਾਫਨਾ ਵਿੱਚ ਹਾਜ਼ਰ ਹੋਇਆ, ਉਸ ਸਮੇਂ ਕੈਂਬਰਿਜ ਸੀਨੀਅਰ ਇਮਤਿਹਾਨ ਲਈ ਬਾਈਬਲ ਨੂੰ ਇੱਕ ਵਿਸ਼ੇ ਦੇ ਤੌਰ ਤੇ ਲਾਗੂ ਕੀਤਾ ਗਿਆ। ਸ੍ਰੀ ਕੈਸ ਨੇ ਮੈਨੂੰ ਕਿਹਾ, "ਕੀ ਤੁਸੀਂ ਉਸ ਇਮਤਿਹਾਨ ਲਈ ਕੁਝ ਵਿਦਿਆਰਥੀਆਂ ਨੂੰ ਇਸ ਵਿਸ਼ੇ ਵਿੱਚ ਤਿਆਰ ਕਰ ਸਕਦੇ ਹੋ?" ਮੈਂ ਖੁਸ਼ੀ ਨਾਲ ਇਹ ਗੱਲ ਮਨਜ਼ੂਰ ਕਰ ਲਈ। ਅਗਲੇ ਸਾਲ ਜਦੋਂ ਕੈਂਬਰਿਜ ਸੀਨੀਅਰ ਇਮਤਿਹਾਨ ਦਾ ਨਤੀਜਾ ਆਇਆ ਤਾਂ ਮੇਰੇ ਸਾਰੇ ਵਿਦਿਆਰਥੀ ਬਾਈਬਲ 'ਚੋਂ ਪਾਸ ਹੋ ਗਏ ਸਨ, ਜਿਨ੍ਹਾਂ ਵਿੱਚੋਂ ਬਹੁਤ ਹਿੰਦੂ ਸਨ। ਕਈਆਂ ਨੇ ਬਹੁਤ ਚੰਗੇ ਨੰਬਰ ਵੀ ਪ੍ਰਾਪਤ ਕੀਤੇ ਸਨ।

ਮੈਨੂੰ ਬੜੀ ਨਿਰਾਸ਼ਾ ਹੋਈ ਜਦੋਂ ਅਗਲੇ ਸਾਲ ਇੰਗਲੈਂਡ ਦੇ ਇੱਕ ਇਸਾਈ ਪ੍ਰਚਾਰਕ ਨੂੰ ਬਾਈਬਲ ਵਿਦਿਆਰਥੀਆਂ ਨੂੰ ਬਾਈਬਲ ਪੜ੍ਹਾਉਣ ਦੀ ਜਿੰਮੇਵਾਰੀ ਸੰਭਾਲ ਦਿੱਤੀ ਗਈ। ਮੈਂ ਸ੍ਰੀ ਕੈਸ ਨੂੰ ਪੁੱਛਿਆ ਕਿ ਮੈਂ ਆਪਣੇ ਹਰਮਨ ਪਿਆਰੇ ਵਿਸ਼ੇ ਬਨਸਪਤੀ ਵਿਗਿਆਨ ਨਾਲੋਂ ਵੀ ਬਾਈਬਲ ਵਿੱਚ ਚੰਗਾ ਨਤੀਜਾ ਦਿਖਾਇਆ ਸੀ, ਪਰ ਮੈਨੂੰ ਇਸ ਸਾਲ ਇਹ ਵਿਸ਼ਾ ਲੈਣ ਤੋਂ ਵਾਂਝਾ ਕਿਉਂ ਰੱਖਿਆ ਗਿਆ ਹੈ? ਸ੍ਰੀ ਕੈਸ ਨੇ ਕਿਹਾ, "ਇਬਰਾਹਮ! ਮੈਂ ਜਾਣਦਾ ਹਾਂ ਕਿ ਤੁਸੀਂ ਬਾਈਬਲ ਵਿੱਚ ਪਿਛਲੇ ਸਾਰੇ ਸਾਲਾਂ ਨਾਲੋਂ ਵੱਧ ਨਤੀਜਾ ਦਿਖਾਇਆ ਹੈ, ਪਰ ਸਾਰੇ ਵਿਦਿਆਰਥੀਆਂ ਦਾ ਯਕੀਨ ਬਾਈਬਲ ਵਿੱਚੋਂ ਉੱਡ ਗਿਆ ਹੈ।"

ਮੈਂ ਦਿਲ ਦੇ ਪੰਜ ਦੌਰਿਆਂ ਵਿੱਚੋਂ ਪਹਿਲੇ ਦੌਰੇ ਸਮੇਂ 1959 ਵਿੱਚ ਕੋਲੰਬੋ ਦੇ ਜਨਰਲ ਹਸਪਤਾਲ ਵਿੱਚ ਦਾਖਲ ਸੀ। ਇੱਕ ਕਮਰੇ ਵਿੱਚ ਤਿੰਨ ਰੋਗੀ ਸਨ. ਜਿਨ੍ਹਾਂ ਵਿੱਚੋਂ ਇੱਕ ਸ੍ਰੀ ਲੰਕਾ ਦੀ ਕਮਿਊਨਿਸਟ ਪਾਰਟੀ ਦਾ ਆਗੂ ਮਿ. ਗੁਨਾਸ਼ਿਕਾਰਾ ਸੀ। ਦੂਜਾ ਇਸਾਈ ਧਾਰਮਿਕ ਆਗੂ ਮਾਰੂਤੋਵਾ ਅਤੇ ਤੀਜਾ ਮੈਂ ਤਰਕਸ਼ੀਲ ਆਗੂ ਸੀ। ਇੱਕ ਸ਼ਨੀਵਾਰ ਸ਼ਾਮ ਵੇਲੇ ਸਟਾਫ ਨਰਸ ਨੇ ਧਾਰਮਿਕ ਆਗੂ ਨੂੰ ਕਿਹਾ ਕਿ ਪਾਦਰੀ ਦੇ ਮਹਿਲਾਂ 'ਚੋਂ ਉਸ ਨੂੰ ਟੈਲੀਫੋਨ ਆਇਆ ਹੈ, ਜਿਸ ਵਿੱਚ ਕਿਹਾ ਹੈ ਕਿ ਕੋਲੰਬੋ ਦਾ ਪਾਦਰੀ ਬੀਮਾਰ ਪੁਜਾਰੀ ਲਈ ਪ੍ਰਾਰਥਨਾ ਕਰਨ ਆਵੇਗਾ। ਪੁਜਾਰੀ ਨੂੰ ਇਹ ਸੁਨੇਹਾ ਸੁਣ ਕੇ ਬਹੁਤ ਦੁੱਖ ਹੋਇਆ। ਉਸ ਨੇ ਸੋਚਿਆ ਕਿ ਗਿਰਜੇ ਦਾ ਪੁਜਾਰੀ ਉਸ ਦੀ ਮੌਤ ਨੇੜੇ ਹੋਣ ਕਰਕੇ ਅੰਤਮ ਰਸਮਾਂ ਪੂਰੀਆਂ ਕਰਨ ਆਵੇਗਾ। ਅਗਲੇ ਦਿਨ ਕੋਲੰਬੋ ਦਾ ਪਾਦਰੀ ਅਤੇ ਉਸ ਦਾ ਸਾਥੀ ਪਵਿੱਤਰ ਗਰੰਥ ਲੈ ਕੇ ਕਮਰੇ ਵਿੱਚ ਆਏ। ਜਦੋਂ ਉਹ ਅੰਦਰ ਆਏ ਤਾਂ ਮੈਂ ਇੱਕ ਕਿਤਾਬ ਆਪਣੇ ਹੱਥ 'ਚ ਲੈ ਕੇ ਪੜ੍ਹਨ ਦਾ ਬਹਾਨਾ ਬਣਾਇਆ, ਭਾਵੇਂ ਮੇਰਾ ਸਾਰਾ ਧਿਆਨ ਉਸ ਵੱਲ ਸੀ। ਜਦੋਂ ਪ੍ਰਾਰਥਨਾ ਤੇ ਗੱਲਬਾਤ ਖਤਮ ਹੋ ਗਈ ਤਾਂ ਪਾਦਰੀ ਮੇਰੇ ਵੱਲ ਆ ਗਿਆ ਅਤੇ ਉਸ ਦਾ ਸਾਥੀ ਗੁਨਾਸ਼ਿਕਾਰਾ ਵੱਲ ਚਲਾ ਗਿਆ। ਮੇਰੀ ਕਿਤਾਬ ਦੀ ਜਿਲਦ ਵੇਖ ਕੇ ਪਾਦਰੀ ਨੇ ਕਿਹਾ ਕਿ ਤੁਸੀਂ ਇੱਕ ਬਹੁਤ ਵਾਦ-ਵਿਵਾਦ ਵਾਲੀ ਕਿਤਾਬ ਪੜ੍ਹ ਰਹੇ ਹੋ। ਮੇਰੇ ਹੱਥ ਵਿੱਚ ਉਸ ਵੇਲੇ ਡਾਕਟਰ ਕਿਨਸੀ ਦੀ ਕਿਤਾਬ 'ਅਮਰੀਕਨ ਜਵਾਨਾਂ ਦਾ ਕਾਮ ਵਰਤਾਓ' ਸੀ। ਮੈਂ ਕਿਹਾ ਕਿ ਇਹ ਕਿਤਾਬ ਐਨੀ ਵਾਦ ਵਿਵਾਦ ਵਾਲੀ ਨਹੀਂ, ਜਿੰਨੀ ਤੁਹਾਡੇ ਹੱਥਾਂ ਵਿਚਲੀ ਬਾਈਬਲ ਹੈ। ਇਹ ਕਿਤਾਬ ਡਾਕਟਰ ਕਿਨਸੀ ਅਤੇ ਉਸ ਦੇ ਵਿਦਿਆਰਥੀਆਂ ਵੱਲੋਂ ਖੋਜ ਦੇ ਆਧਾਰ ਤੇ ਤੱਥਾਂ ਨਾਲ ਭਰਪੂਰ ਹੈ ਅਤੇ ਬਾਈਬਲ ਅਰਬ ਦੀਆਂ ਰਾਤਾਂ ਵਰਗੀਆਂ, ਗੁਲੀਵਰ ਦੀਆਂ ਯਾਤਰਾਵਾਂ ਦੀਆਂ ਬਨਾਉਟੀ ਕਹਾਣੀਆਂ ਨਾਲ ਭਰਪੂਰ ਹੈ। ਪਾਦਰੀ ਕਿਹਾ, 'ਤੁਸੀਂ ਸ਼ੁਦਾਈ ਲਗਦੇ ਹੋ। ਭਾਈ ਸਾਹਿਬ! ਤੁਹਾਡਾ ਰੋਗ ਕੀ ਹੈ?' ਮੈਂ ਕਿਹਾ, 'ਰੋਗ ਉਹੀ ਹੈ, ਜਿਹੜਾ ਮਾਰੂਤੋਵਾ ਦੇ ਤੁਹਾਡੇ ਪੁਜਾਰੀ ਨੂੰ ਹੈ।' 'ਕੀ ਮੈਂ ਤੁਹਾਡੇ ਲਈ ਪ੍ਰਾਰਥਨਾ ਕਰ ਸਕਦਾ ਹਾਂ?' 'ਨਹੀਂ, ਨਹੀਂ, ਮੈਂ ਇੱਥੇ ਡਾਕਟਰੀ ਇਲਾਜ ਲਈ ਆਇਆ ਹਾਂ ਅਤੇ ਮਾਹਰ ਡਾਕਟਰੀ ਇਲਾਜ ਨਾਲ ਠੀਕ ਹੋ ਰਿਹਾ ਹਾਂ। ਮੈਂ ਨਹੀਂ ਚਾਹੁੰਦਾ ਕਿ ਇਸ ਇਲਾਜ ਦਾ ਥੋੜਾ ਜਿਹਾ ਸਿਹਰਾ ਤੁਹਾਡੇ ਸਿਰ ਬੱਝੇ। ਤੁਸੀਂ ਆਪ ਹੀ ਜਾਣਦੇ ਹੋ ਕਿ ਤੁਹਾਡੀਆਂ ਪ੍ਰਾਰਥਨਾਵਾਂ ਦਾ ਕੋਈ ਲਾਭ ਨਹੀਂ। ਜੇ ਤੁਸੀਂ ਪ੍ਰਾਰਥਨਾ ਰਾਹੀਂ ਰਾਜੀ ਕਰ ਸਕਦੇ ਤਾਂ ਤੁਸੀਂ ਡਾਕਟਰੀ ਇਲਾਜ ਲਈ ਆਪਣੇ ਪੁਜਾਰੀ ਨੂੰ ਇੱਥੇ ਨਾ ਲਿਆਉਂਦੇ। ਹੁਣ ਉਹ ਠੀਕ ਹੋ ਰਿਹਾ ਹੈ। ਤੁਸੀਂ ਆਪਣੇ ਸਿਰ ਸਿਹਰਾ ਲੈਣ ਲਈ ਇੱਥੇ ਆਏ ਹੋ। ਮੇਰੀਆ ਗੱਲਾਂ ਤੇ ਪਾਦਰੀ ਹੱਕਾ-ਬੱਕਾ ਰਹਿ ਗਿਆ। ਇਸ ਮੌਕੇ ਤੇ ਉਸ ਪਾਦਰੀ ਦਾ ਸਾਥੀ ਆ ਗਿਆ ਤੇ ਪਾਦਰੀ ਨੇ ਕਿਹਾ, 'ਮੇਰੇ ਜੀਵਨ ਵਿੱਚ ਇਹ ਪਹਿਲਾ ਸਮਾਂ ਹੈ, ਜਦੋਂ ਇੱਕ ਬੀਮਾਰ ਆਦਮੀ ਨੇ, ਭਾਵੇਂ ਉਹ ਕਿਸੇ ਵੀ ਮਜ਼ਬ ਦਾ ਹੋਵੇ, ਆਪਣੇ ਲਈ ਪ੍ਰਾਰਥਨਾ ਕਰਾਉਣ ਤੋਂ ਇਨਕਾਰ ਕਰ ਦਿੱਤਾ ਹੋਵੇ।'

ਹਸਪਤਾਲ ਦੇ ਵਾਰਡ ਜਿੱਥੇ ਰੋਗੀ ਮੌਤ ਦੇ ਮੂੰਹ ਵਿੱਚ ਹੋਣ ਅਤੇ ਜੇਲ੍ਹਾਂ ਦੇ ਵਾਰਡ, ਜਿੱਥੇ ਕੈਦੀਆਂ ਨੂੰ ਫਾਂਸੀ ਦੀ ਸਜਾ ਮਿਲਣੀ ਹੋਵੇ, ਧਾਰਮਿਕ ਪੁਜਾਰੀਆਂ ਲਈ ਪ੍ਰਚਾਰ ਦੀਆਂ ਸਭ ਤੋਂ ਚੰਗੀਆਂ ਸ਼ਿਕਾਰਗਾਹਾਂ ਹਨ।

ਮਾਰਚ 1953 ਵਿੱਚ ਮੈਨੂੰ ਇੱਕ ਅਮਰੀਕਨ ਜੋੜੇ ਨਾਲ ਕੋਲੰਬੋ ਦੇ ਹੋਟਲ ਵਿੱਚ ਗੱਲਬਾਤ ਕਰਨ ਦਾ ਮੌਕਾ ਮਿਲਿਆ, ਜਿਹੜਾ ਭਾਰਤ ਦੀ ਇੱਕ ਮਹੀਨੇ ਦੀ ਯਾਤਰਾ ਮਗਰੋਂ ਸ੍ਰੀ ਲੰਕਾ ਆਇਆ। ਜਦੋਂ ਮੈਂ ਉਹਨਾਂ ਤੋਂ ਭਾਰਤ ਬਾਰੇ ਉਹਨਾਂ ਦੇ ਪ੍ਰਭਾਵ ਪੁੱਛੇ ਤਾਂ ਔਰਤ ਨੇ ਕਿਹਾ' 'ਦੇਸ਼ ਚੰਗਾ ਹੈ, ਪਰ ਲੋਕ ਹੱਦੋਂ ਵੱਧ ਵਹਿਮੀ ਹਨ। ਉਸ ਨੇ ਮੈਨੂੰ ਉਸ ਸਾਲ ਕੁੰਭ ਦੇ ਮੇਲੇ ਦੌਰਾਨ ਅਲਾਹਾਬਾਦ ਵਿੱਚ ਪਰਾਗ ਵਿਖੇ ਭਿਆਨਕ ਦ੍ਰਿਸ਼ ਦਾ ਵਰਨਣ ਕੀਤਾ। ਸੱਠ ਲੱਖ ਲੋਕ ਗੰਗਾ, ਜਮਨਾ ਅਤੇ ਸਰਸਵਤੀ ਦਰਿਆਵਾਂ ਦੇ ਸੰਗਮ ਵਾਲੀ ਥਾਂ ਤੇ ਇਕੱਠੇ ਹੋ ਗਏ। ਉਹ ਇਸ ਨੂੰ ਆਕਾਸ਼ਾਂ ਤੋਂ ਆਇਆ ਹੋਇਆ ਅਦਿੱਖ ਦਰਿਆ ਮੰਨਦੇ ਹਨ। ਉਹ ਕੁੰਭ ਦੇ ਮੇਲੇ ਦੇ ਸ਼ੁਭ ਮੌਕੇ ਤੇ ਸੰਗਮ ਵਾਲੀ ਥਾਂ ਆਪਣੇ ਸਰੀਰ ਨੂੰ ਪਾਣੀ ਵਿੱਚ ਡੁਬੋ ਕੇ ਆਪਣੇ ਸਾਰੇ ਪਾਪ ਧੋਣ ਲਈ ਉੱਥੇ ਆਏ ਸਨ। ਸ਼ੁਭ ਮੌਕੇ ਦੀ ਸੂਚਨਾ ਮੰਦਰ ਘੰਟੀਆਂ ਅਤੇ ਸੰਖ ਵਜਾ ਕੇ ਦਿੱਤੀ ਗਈ। ਕਰੋੜਾਂ ਹੀ ਇਸਤਰੀਆਂ ਅਤੇ ਆਦਮੀ ਸ਼ੁਭ ਮੌਕੇ ਤੋਂ ਖੁਝਣ ਦੀ ਚਿੰਤਾ ਕਾਰਨ ਇੱਕ ਮਿੰਟ ਵੀ ਖਰਾਬ ਕਰੇ ਬਿਨਾਂ ਦਰਿਆ ਵੱਲ ਨੂੰ ਦੌੜੇ। ਭਾਰੀ ਤਿਲਕਣ ਵਾਲੇ ਗਾਰੇ ਵਿੱਚ ਜੋ ਤਿਲਕ ਗਿਆ, ਕਿਸੇ ਨੇ ਉਸ ਨੂੰ ਚੁੱਕਿਆ ਨਹੀਂ ਸੀ। ਪਵਿੱਤਰ ਇਸ਼ਨਾਨ ਤੋਂ ਮਗਰੋਂ ਗਾਰੇ ਨਾਲ ਲਿਬੜੀਆਂ ਹੋਈਆਂ ਹਜਾਰਾਂ ਹੀ ਲਾਸ਼ਾਂ ਦਰਿਆ ਦੇ ਕਿਨਾਰਿਆਂ ਤੋਂ ਇਕੱਠੀਆਂ ਕੀਤੀਆਂ ਗਈਆਂ। ਇਸ ਕਿਸਮ ਦੀ ਮਨੁੱਖਤਾ ਦੀਆਂ ਬਹੁਤ ਸਾਰੀਆਂ ਮੌਤਾਂ ਦੀ ਵੀ ਕਿਸੇ ਨੂੰ ਕੋਈ ਚਿੰਤਾ ਨਹੀਂ। ਆਮ ਜਨਤਾ ਲਈ ਇਹੋ ਜਿਹੀ ਮੌਤ ਬੜੀ ਸ਼ੁਭ ਗਿਣੀ ਜਾਂਦੀ ਹੈ ਕਿਉਂਕਿ ਉਹਨਾਂ ਨੂੰ ਸੁਰਗਾਂ ਵਿੱਚ ਜਾਣ ਦਾ ਪੱਕਾ ਯਕੀਨ ਹੁੰਦਾ ਹੈ, ਪਰ ਅਮਰੀਕਨਾਂ ਲਈ ਇਹ ਸਭ ਤੋਂ ਵੱਡਾ ਦ੍ਰਿਸ਼ ਸੀ। ਭਾਰਤ ਦੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਦੀ ਬੇਹੂਦਗੀ ਵੱਲ ਇਸ਼ਾਰਾ ਕਰਦੇ ਹੋਏ, ਜਿਹੜਾ ਆਪ ਲਾਈਲੱਗਾਂ ਵਾਂਗ ਪਰਾਗ ਵਿਖੇ ਆਪਣੇ ਪਾਪਾਂ ਨੂੰ ਧੋਣ ਆਇਆ ਸੀ। ਮਿਸਜ ਰੋਬਟ ਨੇ ਮੈਨੂੰ ਪੁੱਛਿਆ, 'ਕੀ ਤੁਸੀਂ ਆਪਣੇ ਲੋਕਾਂ ਵਿੱਚ ਐਨੇ ਵਹਿਮਾਂ ਭਰਮਾਂ ਬਾਰੇ ਕਦੇ ਸੋਚਿਆ ਹੈ?' ਮੈਂ ਕਿਹਾ, 'ਮੈਂ ਆਪਣੇ ਲੋਕਾਂ ਦੇ ਵਹਿਮਾਂ ਭਰਮਾਂ ਬਾਰੇ ਬਹੁਤ ਸੋਚਿਆ ਹੈ।' ਕੀ ਤੁਸੀਂ ਸੋਚਦੇ ਹੋ ਕਿ ਸਾਡੇ ਲੋਕ ਵੀ ਵਹਿਮੀ ਹਨ।' ਹਾਂ, ਸਾਡੇ ਵੇਦ ਤੇ ਸਾਡੇ ਪੁਜਾਰੀ ਸਾਨੂੰ ਦਸਦੇ ਹਨ ਕਿ ਗੰਗਾ ਦੇ ਪਵਿੱਤਰ ਪਾਣੀ ਵਿੱਚ ਇਸ਼ਨਾਨ ਕਰਨ ਨਾਲ ਸਾਡੇ ਪਾਪ ਧੋਤੇ ਜਾਂਦੇ ਹਨ, ਲੋਕ ਅੰਨੇਵਾਹ ਇਸ ਤੇ ਯਕੀਨ ਕਰਦੇ ਹਨ ਅਤੇ ਇਸ ਤਰ੍ਹਾਂ ਹੀ ਕਰਦੇ ਹਨ। ਤੁਹਾਡੇ ਧਾਰਮਿਕ ਗਰੰਥ ਅਤੇ ਪਾਦਰੀ ਤੁਹਾਨੂੰ ਦਸਦੇ ਹਨ ਕਿ ਤੁਹਾਡੇ ਪਾਪ ਬਪਿਤਸਮਾ ਨਾਲ ਜਾਂ ਅੰਦਰੂਨੀ ਧੋਣ ਨਾਲ, ਜਿਸ ਨੂੰ ਤੁਸੀਂ ਹੋਲੀ ਕਮਿਊਨੀਅਨ ਕਹਿੰਦੇ ਹੋ, ਨਾਲ ਮੁਆਫ ਹੋ ਜਾਂਦੇ ਹਨ ਤੇ ਤੁਸੀਂ ਇਸ ਤੇ ਅੰਨ੍ਹੇਵਾਹ ਯਕੀਨ ਕਰਦੇ ਹੋ। ਚੰਗੇ ਭਾਗਾਂ ਨੂੰ ਤੁਹਾਡੇ ਲਈ ਬਾਹਰੀ ਇਸ਼ਨਾਨ ਕਰਨ ਦਾ ਕੋਈ ਖਾਸ ਸ਼ੁਭ ਮੌਕਾ ਨਹੀਂ, ਇਸੇ ਕਰਕੇ ਕੋਈ ਭੀੜ ਕਾਰਨ ਮੌਤਾਂ ਨਹੀਂ ਹੁੰਦੀਆਂ। ਮਿ. ਰੋਬਰਟ, ਜਿਹੜਾ ਸਾਰਾ ਸਮਾਂ ਸਾਡੀ ਗੱਲ-ਬਾਤ ਸੁਣ ਰਿਹਾ ਸੀ, ਨੇ ਕਿਹਾ, 'ਸ੍ਰੀ ਮਾਨ ਜੀ, ਤੁਸੀਂ ਸਾਨੂੰ ਦੋਹਾਂ ਨੂੰ ਵਿਚਾਰਨ ਲਈ ਬਹੁਤ ਸਾਰੀ ਸਮੱਗਰੀ ਦੇ ਦਿੱਤੀ ਹੈ।'

ਇੱਕ ਵਾਰ ਮੈਨੂੰ ਲੰਕਾ ਦੇ ਇਸਾਈਆਂ (Pentecostlists) ਨੇ ਆਪਣੀ ਨਿਵਾਸ ਅਸਥਾਨ ਤੇ ਖਾਣੇ ਦਾ ਸੱਦਾ-ਪੱਤਰ ਦਿੱਤਾ। ਜਦ ਮੈਂ ਆਪਣੀ ਪਤਨੀ ਨਾਲ ਉੱਥੇ ਪੁੱਜਾ ਤਾਂ ਮੈਨੂੰ ਸੱਦਾ ਪੱਤਰ ਦੇ ਕੇ ਅਸਲੀ ਮੰਤਵ ਦਾ ਪਤਾ ਲੱਗਿਆ। ਕੁਝ ਯੂਰਪੀ ਇਸਾਈਆਂ ਸਮੇਤ ਇਸਾਈ ਧਰਮ ਦੇ ਸਾਰੇ ਨੇਤਾ ਮੇਰੇ ਨਾਲ ਬਹਿਸ ਕਰਨ ਲਈ ਉੱਥੇ ਸਨ। ਭਾਵੇਂ ਮੈਂ ਵਿਗਿਆਨਿਕ ਸਬੂਤ ਦੇ ਕੇ ਵਿਆਖਿਆ ਕੀਤੀ ਕਿ ਆਦਮੀ ਦਾ ਬਦਲੀ ਹੋਈ ਆਵਾਜ਼ ਵਿੱਚ ਗੱਲਾਂ ਕਰਨਾ ਕੁਝ ਵੀ ਨਹੀਂ ਹੈ ਸਗੋਂ Glossolalia ਨਾਂ ਦੀ ਇੱਕ ਮਾਨਸਿਕ ਬਿਮਾਰੀ ਕਰਕੇ ਹੁੰਦਾ ਹੈ। ਮੈਂ ਉਹਨਾਂ ਦੇ ਇਸ ਪੱਕੇ ਯਕੀਨ ਨੂੰ ਦੂਰ ਨਾ ਕਰ ਸਕਿਆ ਕਿ ਇਹ ਯੋਗਤਾ ਕਿਸੇ ਦੈਵੀ-ਸ਼ਕਤੀ ਦੁਆਰਾ ਹੁੰਦੀ ਹੈ।

ਜਦੋਂ ਅਸੀਂ ਖਾਣੇ ਦੀ ਮੇਜ ਤੇ ਪਹੁੰਚੇ ਤਾਂ ਮੇਰੀ ਜਗ੍ਹਾ ਪਾਦਰੀ ਐਲਵਾਈਨਜ਼ ਦੇ ਨਾਲ ਲਾਈ ਗਈ। ਬਹਿਸ ਖਾਣੇ ਸਮੇਂ ਵੀ ਜਾਰੀ ਰਹੀ। ਮੁੱਖ ਵਿਸ਼ਾ ਇਹ ਸੀ ਕਿ ਈਸਾਈ ਬੀਮਾਰ ਹੋਣ ਸਮੇਂ ਵੀ ਦਵਾਈ ਨਹੀਂ ਲੈਂਦੇ 'ਅਸੀਂ ਰੱਬ ਅੱਗੇ ਪ੍ਰਾਰਥਨਾ ਕਰਦੇ ਹਾਂ ਕਿ ਉਹ ਬੀਮਾਰੀ ਤੋਂ ਅਰਾਮ ਦੇਵੇ, ਜਿਹੜੀ ਉਸ ਨੇ ਹੀ ਰੋਗੀ ਦੇ ਕਿਸੇ ਪਾਪ ਕਰਕੇ ਉਸ ਨੂੰ ਲਾਈ ਹੈ। ਰੱਬ ਦੇ ਮੰਤਵ ਨੂੰ ਹਾਰ ਦੇਣ ਲਈ ਦਵਾਈ ਲੈਣੀ ਆਦਮੀ ਲਈ ਗਲਤ ਹੈ।' ਪਾਦਰੀ ਨੇ ਕਿਹਾ।

ਮੈਂ ਆਖਿਆ, "ਜੇ ਆਦਮੀ ਡਾਕਟਰੀ ਵਿਗਿਆਨ ਦੇ ਰਾਹੀਂ ਆਪਣੇ ਮੰਤਵ ਵਿੱਚ ਰੱਬ ਨੂੰ ਹਾਰ ਦੇਣ ਦੇ ਯੋਗ ਹੈ। ਕੀ ਇਸ ਦਾ ਇਹ ਅਰਥ ਨਹੀਂ ਕਿ ਆਦਮੀ ਰੱਬ ਨਾਲੋਂ ਸ਼ਕਤੀਸ਼ਾਲੀ ਹੈ। ਜੇ ਤੁਸੀਂ ਦਵਾਈ ਨਹੀਂ ਲੈਂਦੇ ਤਾਂ ਤੁਸੀ ਭੋਜਨ ਕਿਉਂ ਖਾਂਦੇ ਹੋ?"

'ਭੋਜਨ ਦਵਾਈ ਨਹੀਂ ਅਤੇ ਈਸਾ ਵੀ ਭੋਜਨ ਖਾਂਦਾ ਸੀ।' ਪਾਦਰੀ ਐਲਵਾਈਨਜ਼ ਨੇ ਕਿਹਾ। ਮੈਂ ਕਿਹਾ, 'ਤੁਸੀਂ ਗਲਤ ਹੋ। ਭੋਜਨ ਇੱਕ ਬਿਮਾਰੀ ਦੀ ਦਵਾਈ ਹੈ, ਜਿਸ ਨੂੰ ਭੁੱਖ ਕਹਿੰਦੇ ਹਨ ਅਤੇ ਪਾਣੀ ਇੱਕ ਅਜਿਹੀ ਬਿਮਾਰੀ ਦੀ ਦਵਾਈ ਹੈ, ਜਿਸ ਨੂੰ ਪਿਆਸ ਕਹਿੰਦੇ ਹਨ।'

# ਅਣਵਿਕਸਿਤ ਦੇਸ਼ ਅਤੇ ਅੰਧ ਵਿਸ਼ਵਾਸ

1961 ਵਿੱਚ, ਇੰਗਲੈਂਡ ਵਿੱਚ 'ਸੱਰੀ' ਵਿਖੇ ਸੰਸਾਰ ਦੇ ਆਜ਼ਾਦ ਸੋਚ ਰੱਖਣ ਵਾਲਿਆਂ ਦੀ ਯੂਨੀਅਨ ਦੀ ਤਿੰਨ ਸਾਲਾ ਕਾਨਫਰੰਸ ਹੋਈ। ਇਸ ਵਿੱਚ ਗ੍ਰੇਟ ਬ੍ਰਿਟੇਨ ਦੇ ਲੇਬਰ ਐਮ.ਪੀ. ਲਾਰਡ ਫੈਨਰ ਬਰੌਕਵੇ ਅਤੇ ਮੈਂ ਸੀਲੋਨ ਦੀ ਰੈਸ਼ਨਲਟਲਿਸਟ ਐਸੋਸੀਏਸ਼ਨ ਦਾ ਪ੍ਰਧਾਨ ਮੁੱਖ ਬੁਲਾਰੇ ਸਾਂ। ਲਾਰਡ ਬਰੌਕਵੇ ਨੇ ਆਪਣੇ ਭਾਸ਼ਨ ਵਿੱਚ ਕਿਹਾ ਕਿ ਪੱਛਮ ਦੇ ਵਿਕਸਿਤ ਦੇਸ਼ਾਂ ਦੇ ਪਦਾਰਥਵਾਦੀ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਪੂਰਬ ਦੇ ਵਿਕਾਸਸ਼ੀਲ ਦੇਸ਼ਾਂ ਦੇ 'ਰੂਹਾਨੀ ਲੋਕਾਂ' ਨੂੰ ਆਰਥਿਕ ਮੱਦਦ ਦੇਣ ਦੀ ਆਪਣੀ ਬੇਲੋੜੀ ਰੀਤ ਬੰਦ ਕਰ ਦੇਣ।

ਮੈਂ ਜੋ ਕਿ ਇਸ ਇਕੱਠ ਦੇ ਵਿੱਚ ਸਿਰਫ਼ ਇੱਕੋ ਇੱਕ ਏਸ਼ਿਆਈ ਸੀ, ਇੰਗਲੈਂਡ ਦੇ ਲੇਬਰ ਐਮ. ਪੀ. ਦਾ ਇਹ ਬਿਆਨ ਸੁਣ ਕੇ ਬਹੁਤ ਨਿਰਾਸ਼ ਹੋਇਆ। ਮੈਨੂੰ ਇੱਕ ਧੱਕਾ ਜਿਹਾ ਲੱਗਾ। ਮੈਂ ਤਾਂ ਪਹਿਲਾਂ ਉਸ ਵਿਅਕਤੀ ਬਾਰੇ ਬੜਾ ਚੰਗਾ ਪ੍ਰਭਾਵ ਬਣਾ ਰੱਖਿਆ ਸੀ, ਕਿਉਂਕਿ ਉਸ ਨੇ 'ਹਾਊਸ ਆਫ਼ ਕਾਮਨਜ਼' ਵਿੱਚ ਭਾਰਤ ਅਤੇ ਸ੍ਰੀ ਲੰਕਾ ਦੇ ਸੁਤੰਤਰਤਾ ਸੰਗਰਾਮੀਆਂ ਦੇ ਪੱਖ ਵਿੱਚ ਚੰਗੀਆਂ ਤਕਰੀਰਾਂ ਕੀਤੀਆਂ ਸਨ।

ਜਦੋਂ ਮੈਂ ਉਸ ਤੋਂ ਇਹ ਸਵਾਲ ਪੁੱਛਿਆ ਕਿ ਉਹ ਪੱਛਮ ਦੇ ਖੁਸ਼ਹਾਲ ਦੇਸ਼ਾਂ ਵੱਲੋਂ ਪੂਰਬ ਦੇ ਗਰੀਬ ਦੇਸ਼ਾਂ ਦੀ ਮੱਦਦ ਕਰਨ ਤੇ ਇਤਰਾਜ਼ ਕਿਉਂ ਕਰਦਾ ਹੈ, ਕਿਉਂਕਿ ਮੈਂ ਵੀ ਅਜਿਹੇ ਗਰੀਬ ਦੇਸ਼ਾਂ ਵਿੱਚੋਂ ਇੱਕ ਦਾ ਵਸਨੀਕ ਹੀ ਹਾਂ ਤਾਂ ਇਸਦਾ ਜਵਾਬ ਦਿੰਦੇ ਫੈਨਰ ਬਰੌਕਵੇ ਨੇ ਕਿਹਾ :

"ਇਹ ਸੱਚ ਹੈ ਕਿ ਪੂਰਬ ਦੇ ਬਹੁਤ ਸਾਰੇ ਦੇਸ਼ਾਂ ਦੇ ਮੁਕਾਬਲੇ ਵਿੱਚ ਅਸੀਂ ਕਾਫੀ ਅਮੀਰ ਹਾਂ। ਅਸੀਂ ਖੁਸ਼ਹਾਲ ਇਸ ਕਰਕੇ ਹਾਂ ਕਿਉਂਕਿ ਅਸੀਂ ਸਖਤ ਮਿਹਨਤ ਕਰਦੇ ਹਾਂ। ਅਸੀਂ ਵਿਗਿਆਨ ਅਤੇ ਟੈਕਨਾਲੋਜੀ ਦੇ ਸਿੱਟਿਆਂ ਤੇ ਨਿਰਭਰ ਕਰਦੇ ਹਾਂ ਅਤੇ ਇਸੇ ਧਰਤੀ ਤੇ ਆਪਣੇ ਜੀਵਨ ਦੀ ਬਿਹਤਰੀ ਲਈ ਕਲਪਿਤ ਦੇਵਤਿਆਂ ਦੀ ਮੱਦਦ ਨਹੀਂ ਭਾਲਦੇ। ਦੂਜੇ ਪਾਸੇ, ਤੁਹਾਡੇ ਲੋਕ, ਮੌਤ ਤੋਂ ਪਿੱਛੋਂ ਆਪਣਾ ਜੀਵਨ ਚੰਗਾ ਬਣਾਉਣ ਲਈ ਕਲਪਿਤ ਦੇਵਤਿਆਂ ਦਾ ਸਹਾਰਾ ਲੈ ਕੇ ਆਪਦਾ ਸਮਾਂ ਅਤੇ ਸ਼ਕਤੀ ਨਸ਼ਟ ਕਰ ਦਿੰਦੇ ਹਨ। ਕੀ ਤੁਸੀਂ ਇਹ ਚਾਹੁੰਦੇ ਹੋ ਕਿ ਅਸੀਂ ਆਪਣੀ ਸਖਤ ਮਿਹਨਤ ਦੀ ਕਮਾਈ ਦਾ ਕੁੱਝ ਹਿੱਸਾ ਤੁਹਾਨੂੰ ਇਸ ਕਰਕੇ ਦੇਈਏ ਤਾਂ ਕਿ ਤੁਸੀਂ ਆਪਣਾ ਹੋਰ ਵੀ ਸਮਾਂ ਪ੍ਰਾਰਥਨਾਵਾਂ, ਸਮਾਧੀਆਂ, ਪੂਜਾ ਅਤੇ ਧਾਰਮਿਕ ਯਾਤਰਾਵਾਂ ਆਦਿ ਤੇ ਬਰਬਾਦ ਕਰੀ ਜਾਵੋ ? ਕੀ ਤੁਸੀਂ ਸੋਚਿਆ ਹੈ ਕਿ ਤੁਹਾਡੇ ਦੇਸ਼ ਦੇ ਚੰਗੇ ਭਲੇ ਕੰਮ ਕਰਨ ਵਾਲੇ ਆਦਮੀ ਤੇ ਔਰਤਾਂ, ਕੰਮ ਘੰਟਿਆਂ ਦੌਰਾਨ ਆਪਣੇ ਅਧਿਆਤਮਿਕ ਅਭਿਆਸ ਦੁਆਰਾ ਹਰ ਸਾਲ ਕਿੰਨੇ ਹੀ ਮਨੁੱਖੀ-ਘੰਟੇ ਗੁਆ ਲੈਂਦੇ ਹਨ? ਸਾਡੀਆਂ ਕੰਮ ਕਰਨ ਵਾਲੀਆਂ ਥਾਵਾਂ ਤੇ ਜਦ ਘੰਟੀਆਂ ਵੱਜਦੀਆਂ ਹਨ ਤਾਂ ਉਸ ਦਾ ਭਾਵ ਹੁੰਦਾ ਹੈ ਕਿ ਕਾਮੇ ਆਰਾਮ ਕਰਨ ਅਤੇ ਇਸ ਤੋਂ ਬਾਅਦ ਹੋਰ ਵਧੇਰੇ ਕੰਮ ਕਰਨ ਲਈ ਆਪਣੇ ਆਪ ਨੂੰ ਤਾਜ਼ਾ ਮਹਿਸੂਸ ਕਰਨ। ਕੁਝ ਮੱਧ-ਪੂਰਵੀ ਦੇਸ਼ਾਂ ਵਿੱਚ ਕੰਮ ਕਰਨ ਦੇ ਸਮੇਂ ਦੌਰਾਨ ਕਈ ਵਾਰ ਘੰਟੀਆਂ ਵੱਜਦੀਆ ਹਨ, ਜਿਹਨਾਂ ਦਾ ਭਾਵ ਹੈ ਕਿ ਕਾਮੇ ਆਪਣੀਆਂ ਪ੍ਰਾਰਥਨਾਵਾਂ ਕਰ ਲੈਣ, ਜਿਹਨਾਂ ਦੁਆਰਾ ਉਹਨਾਂ ਨੂੰ ਆਪਣੀ ਮੌਤ ਤੋਂ ਬਾਅਦ ਇੱਕ ਚੰਗੇ ਜੀਵਨ ਦਾ ਭਰੋਸਾ ਹੋ ਸਕੇ ? ਫਿਰ ਤੁਸੀਂ ਸਾਥੋਂ ਸਹਾਇਤਾ ਦੀ ਆਸ ਕਿਉਂ ਕਰਦੇ ਹੋ, ਜਦ ਕਿ ਤੁਸੀਂ ਉਹ ਸਾਰਾ ਕੁਝ ਆਪਣੇ ਦੇਵਤਿਆਂ ਤੋਂ ਵਰਦਾਨ ਦੇ ਤੌਰ ਤੇ ਪ੍ਰਾਪਤ ਕਰ ਸਕਦੇ ਹੋ, ਜਿਸ ਦੀ ਤੁਹਾਨੂੰ ਲੋੜ ਹੈ?"

ਫੈਨਰ ਬਰੌਕਵੇ ਨੇ ਜੋ ਕੁੱਝ ਕਿਹਾ, ਉਸ ਨੂੰ ਸੱਚ ਮੰਨ ਕੇ ਮੈਨੂੰ ਚੁੱਪ ਕਰਨਾ ਪਿਆ ਅਤੇ ਨਮੋਸ਼ੀ ਜਿਹੀ ਉਠਾਉਣੀ ਪਈ।

ਅਜਿਹੀਆਂ ਬੇਹੂਦਾ ਚੀਜ਼ਾਂ ਵੱਲ ਅਸੀਂ ਬਹੁਤ ਹੀ ਘੱਟ ਸਮੇਂ ਲਈ ਗੰਭੀਰਤਾ ਨਾਲ ਧਿਆਨ ਦਿੰਦੇ ਹਾਂ ਜਿਹੜੀਆਂ ਕਿ ਅਸੀਂ ਹੋਂਦ ਨਾ ਰੱਖਣ ਵਾਲੇ ਦੇਵਤਿਆਂ ਤੋਂ ਲਾਭ ਪ੍ਰਾਪਤ ਕਰਨ ਲਈ ਅਗਾਊਂ ਹੀ ਕਰੀ ਜਾਂਦੇ ਹਾਂ।

ਪੱਛਮ ਦੇ ਉਦਯੋਗਿਕ ਦੇਸ਼ਾਂ ਦੇ ਸਮਝਦਾਰ ਲੋਕ ਜਦੋਂ ਆਪਣਾ ਦਸਤਕਾਰੀ ਦਾ ਨਵਾਂ ਕੰਮ ਸ਼ੁਰੂ ਕਰਦੇ ਹਨ ਤਾਂ ਉਹ ਵਿਗਿਆਨਕ ਅਨੁਸ਼ਾਸਨਾਂ ਅਧੀਨ ਅਰਥ-ਸ਼ਾਸ਼ਤਰੀਆਂ, ਇੰਜਨੀਅਰਾਂ, ਤਕਨੀਸ਼ਨਾਂ, ਆਦਿ ਤੋਂ ਸਲਾਹ ਲੈਂਦੇ ਹਨ, ਪਰੰਤੂ ਪੂਰਬ ਵਿੱਚ ਸਾਡੇ ਲੋਕ ਭਾਵੇਂ ਕਿੰਨੇ ਵੀ ਪੜ੍ਹੇ-ਲਿਖੇ ਕਿਉਂ ਨਾ ਹੋਣ ਇੱਕ ਜੋਤਿਸ਼ੀ ਦੀ 'ਹਰੀ ਬੱਤੀ' ਤੋਂ ਬਿਨਾਂ ਆਪਣੇ ਉੱਨਤੀ ਵਾਲੇ ਕੰਮ ਨੂੰ ਬਿਲਕੁਲ ਸ਼ੁਰੂ ਨਹੀਂ ਕਰਨਗੇ। 'ਪੂਜਾ' ਸ਼ੁਭ ਮੌਕੇ ਅਤੇ 'ਪ੍ਰਾਰਥਨਾਵਾਂ' ਸਾਡੇ ਵਿਕਾਸ ਦੇ ਕੰਮਾਂ ਲਈ ਸਾਇੰਸ ਅਤੇ ਟੈਕਨਾਲੋਜੀ ਨਾਲੋਂ ਵਧੇਰੇ ਮਹੱਤਵਪੂਰਨ ਹਨ।

ਕੁੱਝ ਮਹੀਨੇ ਪਹਿਲਾਂ ਜਦੋਂ 'ਮਾਊਸਕੈਲੇ' ਅਤੇ 'ਕੈਸਲਰੇ' ਦੇ ਖੇਤਰ ਗੰਭੀਰ ਸੋਕੇ ਦੀ ਲਪੇਟ ਵਿੱਚ ਆ ਗਏ ਤਾਂ ਅਨੁਰਾਧਾ ਪੁਰ ਵਿਖੇ 'ਸ੍ਰੀ ਮਹਾ ਬੋਧੀ ਵਿਹਾਰ' ਦੇ ਵਿੱਚ ਇੱਕ 'ਖਾਸ ਪੂਜਾ' ਦਾ ਪ੍ਰਬੰਧ ਕੀਤਾ ਗਿਆ ਤਾਂ ਕਿ ਦੇਵਤਿਆਂ ਤੋਂ

ਅਸ਼ੀਰਵਾਦ ਪ੍ਰਾਪਤ ਕਰਕੇ ਮੀਂਹ ਪਵਾਇਆ ਜਾ ਸਕੇ।'ਆਤਮ-ਅਸਥਾਨ' ਦੇ ਮੁੱਖ ਸੰਚਾਲਕ ਨੇ ਜੋ ਕਿ ਇਸ ਧਰਮ ਨੂੰ ਚਲਾ ਰਿਹਾ ਸੀ, ਨੇ ਦੱਸਿਆ ਕਿ ਰਾਜਾ 'ਦੇਵਨੰਪੀਆਤਿੱਸ' ਦੇ ਸਮੇਂ ਤੋਂ ਹੀ ਇਹ ਅਭਿਆਸ ਚੱਲਿਆ ਆ ਰਿਹਾ ਹੈ ਜਦੋਂ ਵੀ ਇੱਥੇ ਸੋਕਾ ਪਿਆ ਤਾਂ 'ਸ਼੍ਰੀ ਮਹਾਂਬੋਧੀ' ਨੂੰ ਪਵਿੱਤਰ ਪਾਣੀ ਨਾਲ ਇਸ਼ਨਾਨ ਕਰਾਇਆ ਗਿਆ ਅਤੇ ਵਰਖਾ ਲਈ ਪ੍ਰਾਰਥਨਾ ਕੀਤੀਆਂ ਗਈਆਂ। ਇੱਕ ਅਖ਼ਬਾਰ ਨੇ ਵੀ ਇਸ ਦੇ ਸੰਬੰਧ ਵਿੱਚ ਆਪਣੀ ਰਿਪੋਰਟ ਇਸ ਤਰ੍ਹਾਂ ਦਿੱਤੀ-"ਇਸ ਰਸਮ ਦੇ ਦੋ ਘੰਟਿਆਂ ਦੇ ਅੰਦਰ ਅੰਦਰ ਹੀ, ਦੇਵਤਿਆਂ ਨੇ ਇਹਨਾਂ ਪ੍ਰਾਰਥਨਾਵਾਂ ਦਾ ਉੱਤਰ-'ਅਨੁਰਾਧਾਪੁਰ ਵਿਖੇ ਕਾਫੀ ਭਾਰੀ ਵਰਖਾ' ਵਜੋਂ ਦਿੱਤਾ।"

ਉਹ ਸਾਰੇ ਲੋਕ, ਜਿਹੜੇ ਇਸ ਵਹਿਮ-ਭਰੇ ਕਾਰਜ ਵਿੱਚ ਰੁੱਝੇ ਹੋਏ ਸਨ ਅਤੇ ਹੋਂਦ ਨਾ ਰੱਖਣ ਵਾਲੇ ਦੇਵਤਿਆਂ ਨੂੰ ਮੀਂਹ ਪਵਾਉਣ ਲਈ ਖੁਸ਼ ਕਰ ਰਹੇ ਸਨ, ਪੁਰਾਤਨ ਯੁੱਗ ਦੇ ਅਨਪੜ੍ਹ ਲੋਕਾਂ ਦਾ ਇਕੱਠ ਨਹੀਂ ਸਨ, ਬਲਕਿ ਵੀਹਵੀਂ ਸਦੀ ਦੀ ਤੀਜੀ ਚੌਥਾਈ ਵਿੱਚ ਸ਼੍ਰੀ ਲੰਕਾ ਵਿੱਚ ਰਹਿ ਰਹੇ ਵਿਦਵਾਨ, ਸੱਭਿਆ ਅਤੇ ਪੜ੍ਹੇ ਲਿਖੇ ਬਾਰੇ ਇਹ ਪੜ੍ਹ ਕੇ ਬੜੀ ਹੈਰਾਨੀ ਹੋਈ ਕਿ "ਉਹ ਵਾਟਰ ਮੈਨੇਜਮੈਂਟ ਐਂਡ ਕੰਟਰੋਲ" ਦੇ ਇੱਕ ਸੈਮੀਨਾਰ ਵਿੱਚ ਹਿੱਸਾ ਲੈ ਰਹੇ ਹਨ ਤੇ ਇਸ ਸਬੰਧੀ ਆਪਣੇ ਵਿਚਾਰ ਪੇਸ਼ ਕਰ ਰਹੇ ਹਨ। ਹੁਣੇ ਜਿਹੇ ਇਹੀ ਲੋਕ ਅਨੁਰਾਧਾਪੁਰ ਵਿਖੇ ਪ੍ਰਾਰਥਨਾ ਰਾਹੀਂ ਮੀਂਹ ਪਵਾਉਣ ਦੇ ਵਹਿਮ ਵਿੱਚ ਰੁੱਝੇ ਹੋਏ ਸਨ। ਇਹੀ ਗੱਲ ਵਿਅਕਤੀ ਨੇ, ਕਿਸੇ ਵੀ ਸਮੇਂ ਜਾਂ ਕਿਸੇ ਵੀ ਥਾਂ ਤੇ ਮਨੁੱਖੀ ਵਰਤੋਂ ਲਈ ਪ੍ਰਾਰਥਨਾ ਰਾਹੀਂ ਵਰਖਾ ਦਾ ਪਾਣੀ ਤਿਆਰ ਕਰਨ ਦੇ ਸੌਖੇ ਅਤੇ ਸਸਤੇ ਢੰਗ ਦਾ ਜ਼ਿਕਰ ਨਾ ਕੀਤਾ।

**ਤਾਪ ਬਿਜਲੀ ਅਤੇ ਮੰਦਿਰ ਦਾ ਦਾਇਰਾ**

ਇਹ ਪਤਾ ਲੱਗਿਆ ਸੀ ਕਿ ਸ਼੍ਰੀ. ਡੀ. ਜੇ. ਵਿਮਲ ਸੁਰਿੰਦਰ ਜੋ ਕਿ ਮਰ ਚੁੱਕੇ ਸਨ, ਦੀ ਜਨਮ ਸ਼ਤਾਬਦੀ ਦੇ ਸੰਬੰਧ ਵਿੱਚ ਸੰਚਾਈ ਅਤੇ ਊਰਜਾ ਮੰਤਰੀ ਵੱਲੋਂ ਇੱਕ 'ਮੰਦਿਰ ਕੰਪਲੈਕਸ' ਦਾ ਨੀਂਹ ਪੱਥਰ ਰੱਖਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਇਹ ਮੰਦਿਰ ਕੰਪਲੈਕਸ 'ਮਾਊਸਕੈਲੇ' ਝੀਲ ਦੇ ਸਥਾਨ ਤੇ ਡੈਮ ਦੇ ਉੱਪਰ ਬਣਾਇਆ ਜਾ ਰਿਹਾ ਸੀ। ਇਹ ਮੰਦਿਰ 'ਸਮਨ ਦੇਵਤਾ' ਨੂੰ ਸਮਰਪਿਤ ਕੀਤਾ ਜਾ ਰਿਹਾ ਸੀ। ਇਹ ਦੇਵਤਾ 'ਸਮਾਨਲਾ ਅਦੈਵਿਆ' ਦੇ ਅੰਗ ਰੱਖਿਅਕ ਵਜੋਂ ਜਾਣਿਆ ਜਾਂਦਾ ਸੀ। ਦਰਿਆਵਾਂ ਦੇ ਤਲ ਉੱਪਰ ਬਣਾਏ ਜਾਣ ਵਾਲੇ ਪ੍ਰੋਜੈਕਟਾਂ ਦੀ ਮੁਕੰਮਲ ਸਫਲਤਾ ਲਈ ਇਸੇ ਦੇਵਤਾ ਤੋਂ ਅਸ਼ੀਰਵਾਦ ਪ੍ਰਾਪਤ ਕੀਤੇ ਜਾਣੇ ਸਨ।

ਕੀ ਦੂਰ ਅੰਦੇਸ਼ ਇੰਜੀਨੀਅਰ ਸ਼੍ਰੀ ਵਿਮਲ-ਸੁਰਿੰਦਰ ਇਹ ਗੱਲ ਸੋਚ ਸਕਦਾ ਸੀ ਕਿ ਉਸਦੀ ਮੌਤ ਤੋਂ ਕਈ ਸਾਲ ਪਿੱਛੋਂ 'ਪੁਲਾੜ ਯੁੱਗ' ਵਿੱਚ ਸ਼੍ਰੀ ਲੰਕਾ ਦੇ ਕੁਝ ਲੋਕ, ਲੋਕਾਂ ਤੋਂ ਟੈਕਸਾਂ ਰਾਹੀਂ ਉਗਰਾਹੇ ਪੈਸਿਆਂ ਨੂੰ ਮੰਦਿਰ ਦੀ ਸਥਾਪਨਾ ਤੇ ਰੋੜ ਦੇਣਗੇ, ਇਸ ਆਸ ਨੂੰ ਲੈ ਕੇ ਕਿ ਦੇਵਤਾ ਦੇ ਅਸ਼ੀਰਵਾਦਾਂ ਨਾਲ ਬਿਜਲੀ ਊਰਜਾ ਪ੍ਰਾਪਤ ਹੋਵੇਗੀ। ਉਹ ਦੇਵਤਾ-ਜਿਸ ਦੀ ਕੋਈ ਹੋਂਦ ਨਹੀਂ, ਕੀ ਸਾਨੂੰ ਸੰਸਾਰ ਬੈਂਕ [World Bank] ਅਤੇ ਪਦਾਰਥਵਾਦੀ ਮਿੱਤਰ ਦੇਸ਼ਾਂ ਵੱਲੋਂ ਬਿਦੇਸ਼ੀ ਸਿੱਕਾ ਇਸ ਲਈ ਦਿੱਤਾ ਜਾਂਦਾ ਹੈ ਕਿ ਅਸੀਂ ਖੇਤਰੀ ਦੇਵਤਿਆਂ ਲਈ ਮੰਦਿਰਾਂ ਦੀ ਸਥਾਪਨਾ ਕਰੀਏ ਜਾਂ ਇਸ ਲਈ ਕਿ ਅਸੀਂ ਵਿਕਾਸ ਕਾਰਾਂ ਦੀ ਪੂਰਤੀ ਕਰੀਏ?

ਸਥਾਨਕ ਅਖ਼ਬਾਰਾਂ ਵਿੱਚ ਉਰੋਕਤ ਸਾਰਾ ਪੜ੍ਹਨ ਤੋਂ ਬਾਅਦ ਮੈਨੂੰ ਇੱਕ ਦੁੱਖਦਾਈ ਖ਼ਬਰ ਦੀ ਯਾਦ ਆ ਗਈ, ਜਿਸ ਦੇ ਅਨੁਸਾਰ ਭਾਰਤ ਦੇ ਮੱਧ-ਪ੍ਰਦੇਸ਼ ਸੂਬੇ ਵਿੱਚ ਆਦਿਵਾਸੀ ਕਬੀਲਿਆਂ ਨੇ ਇੱਕ ਬਾਈ ਸਾਲਾ ਕੁਆਰੀ ਕੰਨਿਆ ਦੀ ਬਲੀ ਇਸ ਕਰਕੇ ਦੇ ਦਿੱਤੀ ਗਈ ਤਾਂ ਕਿ ਦਰਿਆ ਦੀ ਉਸਾਰੀ-ਅਧੀਨ ਬੰਨ੍ਹ ਦੀ ਤਾਕਤ ਨੂੰ ਯਕੀਨੀ ਬਣਾਇਆ ਜਾਵੇ। ਮੱਧ-ਪ੍ਰਦੇਸ਼ ਦੇ ਮੁੱਖ-ਮੰਤਰੀ ਸ਼੍ਰੀ ਸੇਠੀ ਨੇ ਸਟੇਟ ਅਸੈਂਬਲੀ ਵਿੱਚ ਇਸ ਘਟਨਾ ਦੇ ਸੰਬੰਧ ਵਿੱਚ ਬੋਲਦਿਆਂ ਇੰਝ ਕਿਹਾ-"ਇਹ ਦੁੱਖਦਾਈ ਅਤੇ ਭਿਆਨਕ ਅਪਰਾਧ, ਉਸ ਇਲਾਕੇ ਦੇ ਅਜਿਹੇ ਅਨਪੜ੍ਹ ਅਤੇ ਅਗਿਆਨੀ ਪਹਾੜੀ-ਕਬੀਲਿਆਂ ਦੇ ਅੰਧ-ਵਿਸ਼ਵਾਸ਼ ਦਾ ਸਿੱਟਾ ਹੈ, ਜਿਹਨਾਂ ਦਾ ਵਿਸ਼ਵਾਸ ਹੈ ਕਿ ਉਹਨਾਂ ਦੀਆਂ ਪਹਾੜੀਆਂ ਦੀ ਰੱਖਿਆ ਕਰਨ ਵਾਲੇ ਦੇਵਤੇ ਤਾਂ ਹੀ ਖੁਸ਼ ਕੀਤੇ ਜਾ ਸਕਦੇ ਹਨ, ਜੇਕਰ ਉਸਾਰੀ-ਅਧੀਨ ਬੰਨ੍ਹ ਉੱਪਰ ਕਿਸੇ ਕੁਆਰੀ ਕੰਨਿਆ ਦਾ ਖ਼ੂਨ ਡੋਲ੍ਹਿਆ ਜਾਵੇ।"

ਉਹ ਸਾਰੇ ਵਿਅਕਤੀ ਜਿਹੜੇ ਇਸ ਭੈੜੀ ਧਾਰਮਿਕ ਰਸਮ ਲਈ ਜ਼ੁੰਮੇਵਾਰ ਸਨ, ਅੱਜ ਭਾਰਤੀ ਜੇਲ੍ਹਾਂ ਵਿੱਚ ਬੰਦ ਹਨ। ਇਹ ਬੜੀ ਚੰਗੀ ਗੱਲ ਹੈ ਕਿ ਸ਼੍ਰੀ ਲੰਕਾ ਦੇ ਵਸਨੀਕ ਸਾਡੇ ਲੋਕ, ਮੱਧ ਪ੍ਰਦੇਸ਼ ਦੇ ਪਹਾੜੀ ਕਬੀਲਿਆਂ ਦੇ ਅਜਿਹੇ ਝੂਠੇ ਵਿਸ਼ਵਾਸਾਂ ਵਿੱਚ ਯਕੀਨ ਨਹੀਂ ਰੱਖਦੇ। ਸਾਡੀਆਂ ਕੁਆਰੀਆਂ ਲੜਕੀਆਂ ਨੂੰ 'ਸਮਨ ਦੇਵਤਾ' ਅੱਗੇ ਬਲੀ ਚੜ੍ਹਾਏ ਜਾਣ ਦਾ ਕੋਈ ਖਤਰਾ ਨਹੀਂ।

ਸ਼੍ਰੀ ਲੰਕਾ ਵਿੱਚ ਜਦੋਂ ਅਸੀਂ 'ਪੂਜਾ' ਅਤੇ 'ਪ੍ਰਾਰਥਨਾਵਾਂ' ਰਾਹੀਂ ਮੀਂਹ ਪਵਾਉਣ ਦਾ ਯਤਨ ਕਰਦੇ ਹਾਂ ਤਾਂ ਆਓ ਦੇਖੀਏ ਸਾਡੇ ਗੁਆਢੀ ਦੇਸ਼ ਭਾਰਤ ਦੇ ਨੇਤਾ ਲੋਕ ਕੀ ਕਰ ਰਹੇ ਹਨ? ਇੱਕ ਭਾਰਤੀ ਅਖਬਾਰ ਦੀ ਇੱਕ ਖਬਰ ਮੈਂ ਹੇਠਾਂ ਲਿਖ ਰਿਹਾ ਹਾਂ।

"ਮਦਰਾਸ ਸ਼ਹਿਰ ਦੇ ਪਾਣੀ ਵਾਲੇ ਸੋਮਿਆਂ ਦੇ ਨਾਲ ਲਗਦੇ ਇਲਾਕੇ ਵਿੱਚ, ਬੱਦਲ ਤਿਆਰ ਕਰ ਕੇ ਬਣਾਉਟੀ ਵਰਖਾ ਕਰਨ ਦੇ ਤਜਰਬੇ ਜਿਹੜੇ ਪਿਛਲੇ ਹਫ਼ਤੇ ਸ਼ੁਰੂ ਹੋਏ ਸਨ, ਮਹੀਨੇ ਦੇ ਅੰਤ ਤੱਕ ਜਾਰੀ ਰਹਿਣਗੇ।' ਮੀਂਹ ਪਵਾਉਣ ਦੇ ਮਾਹਿਰ ਫਿਰ ਨੀਲਗਿਰੀ ਦੇ ਖੇਤਰਾਂ ਵਿੱਚ ਕੋਇੰਬਟੂਰ ਵਿਖੇ ਇਹੋ ਜਿਹੇ ਤਜਰਬੇ ਕਰਨ ਲਈ ਚਲੇ ਜਾਣਗੇ। ਨਵੰਬਰ ਦੇ ਅੱਧ ਤੱਕ ਉਹ ਮਦਰਾਸ ਅਤੇ ਕੋਇੰਬਟੂਰ ਦੇ ਵਿਚਕਾਰ ਘੁੰਮਦੇ ਰਹਿਣਗੇ ਤਾਂ ਕਿ ਇਹਨਾਂ ਦੋਹਾਂ ਖੇਤਰਾਂ ਵਿੱਚ ਬੱਦਲਾਂ ਤੋਂ ਮੀਂਹ ਪਵਾਇਆ ਜਾ ਸਕੇ।"

"ਮਦਰਾਸ ਦੇ ਨੇੜੇ ਪੂੰਡੀ ਦੇ ਇਲਾਕੇ ਵਿੱਚ ਬੱਦਲ ਪੈਦਾ ਕਰਨ ਦੇ ਤਜਰਬਿਆਂ ਦਾ ਨਤੀਜਾ ਪਿਛਲੇ ਇੱਕ ਹਫ਼ਤੇ ਤੋਂ ਹੌਸਲਾ ਵਧਾਉਣ ਵਾਲਾ ਲੱਗ ਰਿਹਾ ਹੈ।"

ਭਾਵੇਂ ਭਾਰਤ ਦੇ ਲੋਕ ਸ੍ਰੀ ਲੰਕਾ ਦੇ ਲੋਕਾਂ ਵਾਂਗ ਹੀ ਵਹਿਮੀ ਹਨ, ਪਰ ਫਿਰ ਵੀ ਉਹ ਕੁੱਝ ਚੰਗੇ ਭਾਗਾਂ ਵਾਲੇ ਲੱਗਦੇ ਹਨ ਕਿਉਂਕਿ ਉਹਨਾਂ ਦੇ ਕੁੱਝ ਨੇਤਾ ਪ੍ਰਾਚੀਨ ਵਹਿਮਾਂ-ਭਰਮਾਂ ਨੂੰ ਦੂਰ ਕਰਨ ਲਈ ਯਤਨਸ਼ੀਲ ਹਨ ਅਤੇ ਵਿਗਿਆਨਿਕ ਵਿਧੀਆਂ ਰਾਹੀਂ ਉਨਤੀ ਅਤੇ ਖੁਸ਼ਹਾਲੀ ਵੱਲ ਵਧ ਰਹੇ ਹਨ।

ਸੀਲੋਨ ਰੋਜ਼ਾਨਾ ਅਖ਼ਬਾਰ ਵਿੱਚ ਇੱਕ ਖ਼ਬਰ ਲੱਗੀ ਜਿਸ ਦਾ ਸਿਰਲੇਖ ਸੀ-"ਇੱਕ ਹਫ਼ਤੇ ਲਈ ਪ੍ਰਾਰਥਨਾ।" "ਸੈਨੇਟ ਲਾਇਬ੍ਰੇਰੀ ਵਿੱਚ ਦੇਸ਼ ਵਾਸਤੇ ਤਿੰਨਾਂ ਦੇਵਤਿਆਂ ਦੀਆਂ ਅਸੀਸਾਂ ਪ੍ਰਾਪਤ ਕਰਨ ਲਈ ਅੱਜ ਤੋਂ ਇੱਕ ਹਫ਼ਤੇ ਭਰ ਲਈ ਪ੍ਰਾਰਥਨਾਵਾਂ ਸ਼ੁਰੂ ਹੋ ਰਹੀਆਂ ਹਨ।... ਲੋਕਾਂ ਦੇ ਨੁਮਾਇੰਦਿਆਂ ਅਤੇ ਕਈ ਬੋਧੀ-ਜਥੇਬੰਦੀਆਂ ਨੂੰ ਇਸ ਵਿੱਚ ਹਿੱਆ ਲੈਣ ਲਈ ਸੱਦਾ-ਪੱਤਰ ਭੇਜੇ ਗਏ ਹਨ।"

ਦੇਸ਼ ਭਰ ਦੇ ਤੰਦਰੁਸਤ ਆਦਮੀ ਅਤੇ ਔਰਤਾਂ ਨੂੰ ਬਿਨਾਂ ਕੋਈ ਕੰਮ ਕੀਤੇ ਪੂਰਾ ਇੱਕ ਹਫ਼ਤਾ ਇਹਨਾਂ ਪ੍ਰਾਰਥਨਾਵਾਂ ਤੇ ਬਤੀਤ ਕਰਨ ਲਈ ਸੱਦਿਆ ਗਿਆ। ਕੀ ਅਸੀਂ ਇੰਝ ਕਰਨਾ ਬਰਦਾਸ਼ਤ ਕਰ ਸਕਦੇ ਹਾਂ। ਕਿਉਂਕਿ ਪੱਛਮ ਦੇ ਅਮੀਰ ਲੋਕ ਸਾਡੇ ਲਈ ਸਖਤ ਮਿਹਨਤ ਕਰਦੇ ਹਨ ਅਤੇ ਆਪਣੀਆਂ ਵਾਧੂ ਵਸਤਾਂ ਸਾਨੂੰ ਦਿੰਦੇ ਹਨ? ਲਾਰਡ ਪੈਨਰ ਬਰੋਕਵੇ ਦੀ ਇਹ ਗੱਲ ਕਿੰਨੀ ਸੱਚੀ ਸੀ ਕਿ ਪੱਛਮ ਦੇ ਖੁਸ਼ਹਾਲ ਦੇਸ਼ਾਂ ਨੂੰ ਚਾਹੀਦਾ ਹੈ ਕਿ ਉਹ ਕਥਿਤ ਵਿਕਾਸਸ਼ੀਲ ਦੇਸ਼ਾਂ ਨੂੰ ਮੱਦਦ ਦੇਣ ਦੀ ਬੇਲੋੜਾ ਰੀਤ ਬੰਦ ਕਰ ਦੇਣ। ਅਸਲ ਵਿੱਚ ਇਹਨਾਂ ਹੀ ਗੱਲਾਂ ਤੋਂ 'ਪੁਜਾਰੀ ਸ਼੍ਰੇਣੀ" ਹੋਂਦ ਵਿੱਚ ਆਈ ਸੀ। ਪ੍ਰਾਚੀਨ ਮਨੁੱਖ ਜਿਹੜਾ ਆਪਣੇ ਸ਼ਿਕਾਰ ਕੀਤੇ ਹੋਏ ਜਾਨਵਰਾਂ ਦਾ ਮਾਸ ਖਾ ਕੇ ਗੁਜ਼ਾਰਾ ਕਰਦਾ ਸੀ, ਜਦੋਂ ਇੱਕ ਕਿਸਾਨ ਬਣ ਗਿਆ ਤਾਂ ਉਹ ਵਾਧੂ ਅਨਾਜ ਵੀ ਪੈਦਾ ਕਰਨ ਲੱਗਿਆ। ਉਹਨਾਂ ਪ੍ਰਾਚੀਨ ਕਿਸਾਨਾਂ ਵਿੱਚੋਂ ਕੁੱਝ ਚਲਾਕ ਆਦਮੀਆਂ ਨੇ ਪਰਜੀਵੀਆਂ ਵਾਂਗ ਰਹਿਣਾਂ ਸ਼ੁਰੂ ਕਰ ਦਿੱਤਾ। ਅਜਿਹੇ ਲੋਕ ਵਾਧੂ ਪੈਦਾਵਾਰ ਨੂੰ ਹੜੱਪਣ ਲੱਗੇ। ਉਹਨਾਂ ਨੇ ਬਹਾਨਾ ਇਹ ਬਣਾਇਆ ਕਿ ਉਹਨਾਂ ਦੇ ਕੋਲ 'ਅਲੌਕਿਕ ਸ਼ਕਤੀਆਂ' ਹਨ ਅਤੇ ਉਹ ਕਿਸਾਨਾਂ ਦੀ ਮੌਤ ਤੋਂ ਬਾਅਦ ਉਹਨਾਂ ਦਾ ਜੀਵਨ ਚੰਗੇਰਾ ਬਣਾਉਣ ਵਿੱਚ ਉਹਨਾਂ ਦੀ ਮਦਦ ਕਰ ਸਕਦੇ ਹਨ।

**ਮਨੁੱਖ–ਇੱਕ ਅਗਾਂਹਵਧੂ ਜਾਨਵਰ**

ਭਾਵੇਂ ਨਿਮਨਕੋਟੀ ਦੇ ਜੰਤੂ ਮਨੁੱਖ ਨਾਲੋਂ ਵੱਧ ਸੰਵੇਦਨ ਸ਼ਕਤੀ ਰੱਖਦੇ ਹਨ, ਫਿਰ ਵੀ ਸਦੀਆਂ ਤੋਂ ਉਹਨਾਂ ਦੀ ਜ਼ਿੰਦਗੀ ਦੇ ਤੌਰ ਤਰੀਕਿਆਂ ਵਿੱਚ ਕੋਈ ਤਰੱਕੀ ਨਹੀਂ ਹੋਈ। ਇਸ ਦਾ ਕਾਰਨ ਇਹ ਹੈ ਕਿ ਮਨੁੱਖ ਦੇ ਉਲਟ ਉਨ੍ਹਾਂ ਵਿੱਚ ਰਚਨਾਤਮਕ ਸੋਚ-ਸ਼ਕਤੀ ਨਹੀਂ ਹੈ। ਅੱਜ ਕੱਲ੍ਹ ਦੀ ਮੱਕੜੀ ਵੀ ਬਿਲਕੁਲ ਉਸੇ ਤਰਾਂ ਦਾ ਜਾਲਾ ਬਣਾਉਂਦੀ ਹੈ, ਜਿਵੇਂ ਲੱਖਾਂ ਸਾਲ ਪਹਿਲੇ ਉਸਦੇ ਵੱਡ-ਵਡੇਰੇ ਬਣਾਉਂਦੇ ਸੀ।ਘੰਗਰੀਨ ਦਾ ਮਿੱਟੀ ਦਾ ਘਰੋਂਦਾ ਬਣਾਉਣ ਦਾ ਤਰੀਕਾ ਉਹਨਾਂ ਦੇ ਕ੍ਰਮ ਵਿਕਾਸ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਨਹੀਂ ਸੁਧਰਿਆ, ਬਿੱਜੜਾ ਉਸੇ ਤਰ੍ਹਾਂ ਆਲ੍ਹਣਾ ਬਣਾਉਂਦਾ ਹੈ, ਜਿਵੇਂ ਯੁੱਗਾਂ ਪਹਿਲਾਂ ਉਸ ਦੇ ਵੱਡ-ਵਡੇਰੇ ਬਣਾਉਂਦੇ ਸੀ। ਅੱਜ ਕਲ੍ਹ ਦਾ ਬਨਮਾਨਸ ਵੀ ਉਸੇ ਕਿਸਮ ਦੀ ਜ਼ਿੰਦਗੀ ਬਤੀਤ ਕਰਦਾ ਹੈ, ਜਿਵੇਂ ਲੱਖਾਂ ਸਾਲ ਪਹਿਲਾਂ ਉਸਦੀਆਂ ਮੁਢਲੀਆਂ ਨਸਲਾਂ ਬਤੀਤ ਕਰਦੀਆਂ ਸਨ।

ਪਰੰਤੂ ਦੂਜੇ ਪਾਸੇ ਮਨੁੱਖ ਨੇ ਤਰੱਕੀ ਕੀਤੀ ਹੈ ਅਤੇ ਅਜੇ ਵੀ ਆਪਣੀਆ ਮੁਢਲੀਆਂ ਨਸਲਾਂ ਦੇ ਮੁਕਾਬਲੇ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ। ਮਨੁੱਖ ਭੋਜਨ, ਕੱਪੜੇ, ਸੰਚਾਰ ਸਾਧਨਾਂ, ਆਵਾਜਾਈ, ਸਿਹਤ, ਰੱਖਿਆ, ਹਮਲਾ, ਸਮਾਜਿਕ ਜੀਵਨ, ਆਰਥਿਕ ਸੁਰੱਖਿਆ ਅਤੇ ਰਿਹਾਇਸ਼ ਆਦਿ ਵਿੱਚ ਦਿਨ ਬਦਿਨ ਤਰੱਕੀ ਕਰ ਰਿਹਾ ਹੈ।

ਆਪਣੇ ਜੀਵ-ਵਿਕਾਸ ਦੇ ਮੁਢਲੇ ਦਿਨਾਂ ਵਿੱਚ ਮਨੁੱਖ ਜੰਗਲੀਆਂ ਦੀ ਤਰਾਂ ਰਹਿ ਰਿਹਾ ਸੀ, ਜੋ ਆਪਣੇ ਭੋਜਨ ਲਈ ਜੰਤੂਆਂ ਤੇ ਆਪਣੇ ਸਾਥੀ ਮਨੁੱਖਾਂ ਨੂੰ ਪੱਥਰਾਂ ਅਤੇ ਡੰਡਿਆਂ ਨਾਲ ਮਾਰਦਾ ਸੀ। ਉਹ ਕੱਚਾ ਮਾਸ ਖਾਂਦੇ ਸਨ। ਜਦੋਂ ਉਸਨੇ ਉਹਨਾਂ ਜਾਨਵਰਾਂ ਦਾ ਮਾਸ ਖਾਧਾ, ਜਿਹੜੇ ਜੰਗਲ ਦੀ ਅੱਗ ਵਿੱਚ ਮਰ ਗਏ ਸਨ, ਉਸਨੂੰ ਇਹ ਮਾਸ ਨਰਮ ਲੱਗਾ। ਇਸ ਤਰ੍ਹਾਂ ਉਸਨੇ ਭੋਜਨ ਪਕਾਉਣ ਦਾ ਢੰਗ ਸਿੱਖ ਲਿਆ। ਜਦੋਂ ਉਸ ਦੁਆਰਾ ਮਾਰੇ ਗਏ ਜੰਤੂਆਂ ਦਾ ਮਾਸ ਲੂਣ ਨਾਲ ਰਲਾਇਆ ਤਾਂ

ਉਸਨੂੰ ਇਹ ਹੋਰ ਵੀ ਸਵਾਦ ਲੱਗਾ। ਇਸ ਤਰ੍ਹਾਂ ਉਹ ਆਪਣੇ ਭੋਜਨ ਨੂੰ ਹੋਰ ਸਵਾਦੀ ਬਣਾਉਣ ਲਈ ਮਸਾਲੇ ਪਾਉਣ ਲੱਗਿਆ। ਉਹ ਆਪਣੇ ਭੋਜਨ ਨੂੰ ਹੋਰ ਸਵਾਦੀ ਬਣਾਉਣ ਦੇ ਹੁਨਰ ਨੂੰ ਹੋਰ ਸੁਧਾਰ ਰਿਹਾ ਹੈ।

ਘਰੇਲੂ ਜਾਨਵਰ ਰੱਖ ਕੇ ਅਤੇ ਖਾਣ ਯੋਗ ਪੌਦੇ ਪੈਦਾ ਕਰਕੇ ਉਸਨੂੰ ਪਤਾ ਲੱਗਾ ਕਿ ਉਹ ਭੋਜਨ ਪ੍ਰਾਪਤ ਕਰ ਸਕਦਾ ਹੈ, ਇਸ ਤਰ੍ਹਾਂ ਬੌਧਿਕ ਕ੍ਰਿਆਵਾਂ ਵਿੱਚ ਲੱਗੇ ਰਹਿਣ ਲਈ ਹੋਰ ਵਿਹਲਾ ਸਮਾਂ ਪ੍ਰਾਪਤ ਕਰ ਸਕਦਾ ਹੈ। ਅੱਜ ਕੱਲ੍ਹ ਮਨੁੱਖ ਆਪਣੇ ਭੋਜਨ ਦੀ ਮਾਤਰਾ ਅਤੇ ਗੁਣ ਚੋਣਵੀਂ ਨਸਲ ਵਿਧੀ ਅਤੇ ਦੋਹਰੀ ਨਸਲ-ਵਿਧੀ ਦੇ ਵਿਗਿਆਨਕ ਤਰੀਕਿਆਂ ਦੀ ਵਰਤੋਂ ਕਰਕੇ ਸੁਧਾਰ ਰਿਹਾ ਹੈ, ਜਿਵੇਂ ਕਿ ਜਾਨਵਰ ਕੁਦਰਤ ਤੇ ਨਿਰਭਰ ਕਰਦੇ ਹਨ, ਮਨੁੱਖ ਆਪਣੀ ਹਾਲਤ ਨੂੰ ਸੁਧਾਰਨ ਲਈ ਕੁਦਰਤ ਤੇ ਨਿਰਭਰ ਕਰਨ ਦੀ ਬਜਾਏ ਕੁਦਰਤ ਨਾਲ ਟੱਕਰ ਲੈ ਰਿਹਾ ਹੈ। ਅੱਜ ਕੱਲ੍ਹ ਦਾ ਮਨੁੱਖ ਪਾਣੀ ਦੀ ਲੋੜ ਲਈ ਕੁਦਰਤੀ ਵਰਖਾ, ਦਰਿਆ, ਪ੍ਰਾਰਥਨਾ ਤੇ ਪੂਜਾ ਤੇ ਬਿਲਕੁਲ ਨਿਰਭਰ ਨਹੀਂ ਕਰਦਾ। ਜਦੋਂ ਉਸਨੂੰ ਪਾਣੀ ਪ੍ਰਾਪਤ ਕਰਨ ਲਈ ਪਾਣੀ ਦੀ ਲੋੜ ਹੁੰਦੀ ਹੈ ਤਾਂ ਉਹ ਸਿੰਚਾਈ, ਤਕਨਾਲੋਜੀ ਟਿਊਬਵੈਲ ਅਤੇ ਬਣਾਉਟੀ ਵਰਖਾ ਦੀ ਵਰਤੋਂ ਕਰਦਾ ਹੈ।

ਪੱਥਰਾਂ ਤੇ ਡੰਡਿਆਂ ਤੋਂ ਸ਼ੁਰੂ ਹੋ ਕੇ ਮਨੁੱਖ ਦੇ ਹਮਲੇ ਅਤੇ ਰੱਖਿਆ ਦੇ ਹਥਿਆਰਾਂ ਵਿੱਚ ਹੌਲੀ ਹੌਲੀ ਕ੍ਰਮ ਵਿਕਾਸ ਹੋਇਆ ਹੈ। ਅੱਜ ਕੱਲ੍ਹ ਉਸ ਕੋਲ ਐਟਮ ਬੰਬ, ਅੰਤਰ ਮਹਾਂਦੀਪੀ ਮਿਜ਼ਾਇਲਾਂ, ਵੱਡੇ ਵੱਡੇ ਸਮੁੰਦਰੀ ਜਹਾਜ਼, ਸੁਰੰਗਾਂ, ਲੇਜ਼ਰ ਕਿਰਨਾਂ, ਦਮਘੋਟੂ ਤੇ ਜ਼ਹਿਰੀਲੇ ਬੰਬ ਅਤੇ ਰਸਾਇਣਕ ਅਤੇ ਜੀਵ ਵਿਗਿਆਨਕ ਹਥਿਆਰ ਹਨ।

ਪ੍ਰਾਚੀਨ ਮਨੁੱਖ ਦੇ ਸੰਚਾਰ ਦੇ ਸਾਧਨ ਕੁੱਝ ਖਾਸ ਕਿਸਮ ਦੀਆਂ ਆਵਾਜ਼ਾਂ ਅਤੇ ਚਿੰਨ੍ਹ ਹੁੰਦੇ ਸਨ, ਜੋ ਸਮੇਂ ਦੇ ਨਾਲ ਸ਼ਬਦਾਂ ਵਿੱਚ ਬਦਲ ਗਏ। ਜਿਉਂ ਜਿਉਂ ਸਮਾਂ ਬੀਤਦਾ ਗਿਆ। ਉਸ ਨੇ ਆਪਣੇ ਸ਼ਬਦ ਕੋਸ਼ ਨੂੰ ਸੁਧਾਰਨ ਲਈ ਹੋਰ ਸ਼ਬਦ ਘੜਦਾ ਗਿਆ। ਉਸਨੇ ਆਪਣੇ ਵਿਚਾਰ ਪਹਿਲਾਂ ਤਾਂ ਆਪਣੀਆਂ ਰਿਹਾਇਸ਼ੀ ਗੁਫਾਵਾਂ ਦੀਆਂ ਕੰਧਾਂ ਅਤੇ ਪਿੱਛੋਂ ਮਿੱਟੀ ਦੀਆਂ ਫੱਟੀਆਂ ਤੇ ਉਕਰ ਲਏ। ਲਿਖਣ ਦੀ ਕਲਾ ਵਿੱਚ ਸੁਧਾਰ ਹੋਣ ਕਾਰਨ ਉਹ ਆਪਣੇ ਵਿਚਾਰ ਪੱਥਰ ਦੀਆਂ ਸਲੇਟਾਂ, ਤਾਂਬੇ ਦੀਆਂ ਪਲੇਟਾਂ ਅਤੇ ਭੋਜ-ਪੱਤਰਾਂ ਉਪਰ ਉੱਕਰਨ ਦੇ ਯੋਗ ਹੋ ਗਿਆ। ਕਾਗਜ਼ ਬਣਾਉਣ ਤੇ ਛਪਾਈ ਦੀ ਕਲਾ ਦੀ ਕਾਢ ਨਾਲ ਮਨੁੱਖ ਨੂੰ ਆਪਣੇ ਵਿਚਾਰ ਨਾ ਕੇਵਲ ਆਪਣੇ ਨਾਲ ਦੇ ਮਨੁੱਖਾਂ ਲਈ ਹੀ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਲਾਭ ਲਈ ਹੋਰ ਵੀ ਨਿਯਮਬੱਧ ਤਰੀਕੇ ਨਾਲ ਉਕਰਨ ਦੇ ਯੋਗ ਹੋ ਗਿਆ। ਅੱਜ ਕੱਲ੍ਹ ਰੇਡੀਓ, ਟੈਲੀਵੀਜ਼ਨ ਅਤੇ ਹੋਰ ਉਪਗ੍ਰਹਿ ਆਦਿ ਸੰਚਾਰ ਸਾਧਨਾਂ ਦੀ ਸਹਾਇਤਾ ਨਾਲ ਮਨੁੱਖ ਆਪਣੇ ਸਾਥੀਆਂ ਨੂੰ ਸੁਨੇਹਾ ਭੇਜਣ ਦੇ ਉਦੋਂ ਵੀ ਯੋਗ ਹੁੰਦਾ ਹੈ, ਜਦੋਂ ਉਹ ਬਾਹਰਲੇ ਪੁਲਾੜ ਜਾਂ ਦੂਜੇ ਗ੍ਰਹਿ ਤੇ ਹੋਵੇ।

ਜਿਨ੍ਹਾਂ ਜੰਤੂਆਂ ਤੋਂ ਮਨੁੱਖਾਂ ਦਾ ਵਿਕਾਸ ਹੋਇਆ ਹੈ, ਉਹਨਾਂ ਦੀ ਤਰ੍ਹਾਂ ਪੁਰਾਤਨ ਮਨੁੱਖ ਚੱਲਣ ਫਿਰਨ ਲਈ ਲੱਤਾਂ ਦੀ ਵਰਤੋਂ ਕਰਦਾ ਸੀ। ਬੈਲ-ਗੱਡੀਆਂ ਅਤੇ ਕਿਸ਼ਤੀਆਂ ਰਾਹੀਂ ਸਫ਼ਰ ਕਰਨ ਦੇ ਤਰੀਕੇ ਤੋਂ ਲੈ ਕੇ ਜੈੱਟ ਜਹਾਜ਼ਾਂ ਅਤੇ ਪ੍ਰਮਾਣੂ ਰਾਕਟਾਂ ਰਾਹੀਂ ਸਫ਼ਰ ਦਾ ਵਿਕਾਸ ਉਤਨਾ ਹੀ ਦਿਲਚਸਪ ਹੈ, ਜਿੰਨਾ ਉਸਦੀ ਸਿਹਤ ਨੂੰ ਸੰਭਾਲਣ ਲਈ ਡਾਕਟਰੀ ਤਜਰਬੇ ਦਾ ਵਿਕਾਸ। ਪੁਰਾਤਨ ਲੋਕ ਇਹੀ ਵਿਸ਼ਵਾਸ ਕਰਦੇ ਸਨ ਕਿ ਬਿਮਾਰੀਆਂ ਜਾਂ ਤਾਂ ਕਾਲਪਨਿਕ ਦੇਵਤੇ ਜਾਂ ਸ਼ੈਤਾਨਾਂ ਦੇ ਗੁੱਸੇ ਨਾਲ ਜਾਂ ਮਰੇ ਹੋਏ ਵਿਅਕਤੀਆਂ ਦੀਆਂ ਰੂਹਾਂ ਦੇ ਦਾਖਲ ਹੋ ਜਾਣ ਕਾਰਨ ਹੁੰਦੀਆਂ ਹਨ। ਚੰਗੀ ਸਿਹਤ ਨੂੰ ਬਣਾਈ ਰੱਖਣ ਲਈ ਉਸਨੇ ਗੁੱਸੇ ਹੋਏ ਸ਼ੈਤਾਨਾਂ ਅਤੇ ਦੇਵਤਿਆਂ ਨੂੰ ਰਿਸ਼ਵਤਾਂ ਦੇ ਕੇ, ਜਿਨ੍ਹਾਂ ਨੂੰ ਸਤਿਕਾਰ ਨਾਲ ਭੇਟਾ ਕਿਹਾ ਜਾਂਦਾ ਸੀ, ਪੂਜਾ ਕਰਕੇ ਅਤੇ ਪ੍ਰਾਰਥਨਾ ਰਾਹੀਂ ਖੁਸ਼ ਕਰਨ ਦੀ ਵਿਧੀ ਅਪਣਾਈ।

ਡਾਕਟਰੀ ਕਿੱਤਾ ਮੁੱਠੀਭਰ ਪ੍ਰਜਿਵੀਆਂ ਦੇ ਹੱਥਾਂ ਵਿੱਚ ਸੀ। ਜਿਨ੍ਹਾਂ ਨੂੰ ਪੁਜਾਰੀ ਜਾਂ ਕਤਾਦੀਆਂ ਕਿਹਾ ਜਾਂਦਾ ਸੀ। ਉਹ ਪ੍ਰਮਾਤਮਾ ਅਤੇ ਆਦਮੀ ਵਿਚਕਾਰ ਵਿਚੋਲੇ ਹੋਣ ਦੀ ਖਾਸ ਸ਼ਕਤੀ ਦਾ ਜਾਂ ਬਿਮਾਰਾਂ ਦੇ ਸਰੀਰ ਵਿੱਚੋਂ ਬੇ-ਵਜੂਦ ਆਤਮਾਵਾਂ ਨੂੰ ਬਾਹਰ ਕੱਢਣ ਦਾ ਦਾਅਵਾ ਕਰਦੇ ਸਨ, ਭਾਵੇਂ ਇਸ ਤਰ੍ਹਾਂ ਦੀ ਰਵਾਇਤ ਹੁਣ ਵੀ ਚਾਲੂ ਹੈ ਅਤੇ ਭੋਲੇ ਭਾਲੇ ਲੋਕ ਇਸ ਦੀ ਹੁਣ ਵੀ ਪ੍ਰੋੜਤਾ ਕਰਦੇ ਹਨ ਪਰ ਅੱਜ ਕੱਲ੍ਹ ਦੇ ਸਿਆਣੇ ਲੋਕਾਂ ਨੇ ਸਰੀਰ ਵਿੱਚ ਬਿਮਾਰੀਆਂ ਦਾ ਟਾਕਰਾ ਕਰਨ ਦੀ ਯੋਗਤਾ, ਪ੍ਰਤੀਜੀਵਾਣੂ ਦਵਾਈਆਂ, ਅੰਗਾਂ ਦੀ ਬਦਲੀ, ਖ਼ੂਨ ਬਦਲਣਾ, ਚੀਰ-ਫਾੜ, ਸੁੰਨ ਕਰਨ, ਦਿਲ ਦੀ ਧੜਕਨ ਨੋਟ ਕਰਨ ਵਾਲੇ ਯੰਤਰ ਆਦਿ ਦੀ ਵਰਤੋਂ ਨਾਲ ਆਪਣੇ ਡਾਕਟਰੀ ਵਿਗਿਆਨ ਵਿੱਚ ਸੁਧਾਰ ਕਰ ਲਿਆ ਹੈ।

ਇਸ ਗ੍ਰਹਿ ਉੱਤੇ ਸਾਰੇ ਜੰਤੂਆਂ ਵਿੱਚੋਂ ਕੇਵਲ ਮਨੁੱਖ ਹੀ 'ਰਚਨਹਾਰੇ ਦੀਆਂ ਸਕੀਮਾਂ' ਜਾਂ ਕੁਦਰਤ ਦੇ ਨਿਯਮਾਂ ਦਾ ਟਾਕਰਾ ਕਰਕੇ ਉੱਨਤੀ ਦੀ ਯੋਗਤਾ ਰੱਖਦਾ ਹੈ, ਕਿਉਂਕਿ ਕੇਵਲ ਉਸ ਵਿੱਚ ਹੀ ਰਚਨਾਤਮਕ ਸੋਚ ਵਿੱਚ ਲੱਗੇ ਰਹਿਣ ਦੀ ਯੋਗਤਾ ਹੈ। ਇਹ ਉਸਦੇ ਦਿਮਾਗ ਦੇ ਉੱਤਮ ਕਿਸਮ ਦਾ ਹੋਣ ਕਾਰਨ ਹੈ।

**ਰਚਨਾਤਮਕ ਸੋਚ**

ਰਚਨਾਤਮਕ ਸੋਚ, ਉਸਾਰੂ ਤਰੀਕੇ ਨਾਲ ਸੋਚਣ ਦੀ ਯੋਗਤਾ ਹੈ, ਜੋ ਪਹਿਲਾਂ ਇਕੱਠੇ ਕੀਤੇ ਵਿਚਾਰਾਂ ਨੂੰ ਜੋੜਨ ਦੇ ਅਮਲ 'ਚ ਨਵੇਂ ਵਿਚਾਰਾਂ ਦੀ ਉਸਾਰੀ ਕਰਦੀ ਹੈ। ਸਾਡੇ ਸਾਰੇ ਅਗਾਂਹਵਧੂ ਵਿਚਾਰ ਭਾਵੇਂ ਉਹ ਅੰਦਰੋਂ ਪੈਦਾ ਹੋਏ ਹੋਣ ਜਾਂ ਉਹ ਪ੍ਰੇਰਨਾ ਕਾਰਨ ਬਣੇ ਹੋਣ, ਅਜਿਹੀ ਰਚਨਾਤਮਕ ਸੋਚ ਦਾ ਸਿੱਟਾ ਹੁੰਦੇ ਹਨ। ਬੇਸ਼ੱਕ ਇਹ ਅੰਤਰਮੁਖੀ ਰਚਨਾਤਮਕ ਸੋਚ ਤੋਂ ਵੱਖਰੇ ਹੁੰਦੇ ਹਨ, ਜਿਹੜੀ ਕਿ ਕਲਪਨਾਤਮਕ ਵਸਤਾਂ ਦੀਆਂ ਪਰੀ-ਕਹਾਣੀਆਂ ਤੋਂ ਪੈਦਾ ਹੁੰਦੀ ਹੈ।

ਵਿਗਿਆਨੀ ਹੁੰਦੇ ਹੀ ਬਾਹਰਮੁਖੀ ਸੋਚ ਵਾਲੇ ਹਨ। ਕਿਉਂਕਿ ਉਹ ਆਪਣੇ ਵਿਚਾਰ ਪਹਿਲਾਂ ਪ੍ਰਾਪਤ ਕੀਤੇ ਗਿਆਨ ਤੋਂ ਬਣਾਉਂਦੇ ਹਨ। ਦੂਜੇ ਪਾਸੇ ਫਿਲਾਸਫਰ, ਕਵੀ, ਕਲਾਕਾਰ ਅਤੇ ਅਧਿਆਤਮਵਾਦੀ ਆਮ ਤੌਰ ਤੇ ਅੰਤਰ ਮੁਖੀ ਸੋਚ ਵਾਲੇ ਹੁੰਦੇ ਹਨ। ਜਦੋਂ ਕਿ ਪਹਿਲੀ ਕਿਸਮ ਦੇ ਅਸਲੀਅਤ ਨੂੰ ਮੰਨਦੇ ਹਨ ਅਤੇ ਦੂਜੇ ਕਲਪਨਾਤਮਕ ਹੁੰਦੇ ਹਨ।

ਉਹ ਕਿਹੜੀ ਵਸਤੂ ਹੈ, ਜਿਹੜੀ ਲੋਕਾਂ ਨੂੰ ਭੇਦ ਭਰੇ ਅਤੇ ਅੰਤਰ ਧਿਆਨੀ ਬਣਾ ਦਿੰਦੀ ਹੈ? ਸਰੀਰਕ ਕ੍ਰਿਆਵਾਂ, ਦਿਮਾਗ ਅਤੇ ਮਨ ਨਾਲ ਸਬੰਧਿਤ ਵਿਗਿਆਨੀ ਹੁਣ ਜਾਣਦੇ ਹਨ ਕਿ ਮਾਨਸਿਕ ਉਲਝਣਾ ਅਤੇ ਗਲਤ ਧਾਰਨਾਵਾਂ ਦਾ ਕੀ ਕਾਰਨ ਹੁੰਦਾ ਹੈ। ਭੁਲੇਖਾ ਪਾਊ ਅਨੁਭਵ, ਗਲਤ ਧਾਰਨਾਵਾਂ ਅਤੇ ਭਰਮਾਂ ਕਾਰਨ ਹੁੰਦੇ ਹਨ। ਵਹਿਮ, ਗਲਤ ਧਾਰਨਾਵਾਂ ਕਾਰਨ ਜਾਂ ਗਿਆਨ ਇੰਦਰੀਆਂ ਦੇ ਗਲਤ ਤਜਰਬਿਆਂ ਕਾਰਨ ਹੁੰਦੇ ਹਨ। ਵਹਿਮ ਪੰਜ ਤਰ੍ਹਾਂ ਦੇ ਹੁੰਦੇ ਹਨ। ਇਹ ਵਹਿਮ ਵੇਖ ਕੇ, ਸੁਣ ਕੇ, ਸੁੰਘ ਕੇ, ਸੁਆਦ ਚੱਖਣ ਤੇ ਸਪਰਸ਼ ਕਰਕੇ ਹੋ ਜਾਂਦੇ ਹਨ।

ਸਰੀਰਿਕ ਕ੍ਰਿਆਵਾਂ ਰਾਹੀਂ ਸਾਡੇ ਸਰੀਰ ਵਿੱਚ ਹਾਰਮੋਨਾਂ, ਵਿਟਾਮਿਨਾਂ ਅਤੇ ਜੀਭ ਰਸਾਂ ਦੇ ਸੰਤੁਲਨ ਦੇ ਭੰਗ ਹੋਣ ਕਾਰਨ ਝੂਠੇ ਅਨੁਭਵ ਹੋ ਸਕਦੇ ਹਨ। ਬੇਰੀ-ਬੇਰੀ, ਪਲੇਗਰਾ, ਸ਼ੀਜ਼ੋ ਫਰੇਨੀਆਂ (ਮਾਨਸਿਕ ਰੋਗ) ਵਰਗੀਆਂ ਬਿਮਾਰੀਆਂ, ਜੋ ਵਿਟਾਮਨਾਂ ਦੀ ਘਾਟ ਕਾਰਨ ਹੁੰਦੀਆਂ ਹਨ, ਦੇ ਸਧਾਰਨ ਚਿੰਨ ਹਨ। ਉਹਨਾਂ ਬਿਮਾਰ ਲੋਕਾਂ ਦੇ ਜਿਹੜੇ ਕਿ ਬੇਹੋਸ਼ੀ ਦੀ ਹਾਲਤ ਵਿੱਚ ਹੁੰਦੇ ਹਨ, ਦੇ ਝੂਠੇ ਅਨੁਭਵਾਂ ਦੇ ਅਨਜਾਣ ਲੋਕਾਂ ਦੁਆਰਾ ਗਲਤ ਅਰਥ ਕੱਢ ਲਏ ਜਾਂਦੇ ਹਨ। ਕਿ ਉਹ ਮਰੇ ਹੋਏ ਰਿਸ਼ਤੇਦਾਰਾਂ ਦੀਆਂ ਰੂਹਾਂ ਨਾਲ ਗੱਲਾਂ ਬਾਤਾਂ ਕਰਨ ਤੇ ਦੇਖਣ ਦੀ ਯੋਗਤਾ ਰੱਖਦੇ ਹਨ

**ਭਰਮ–ਵਹਿਮ**

ਜਦੋਂ ਮੈਂ 1942 ਵਿੱਚ ਕੇਰਲਾ ਵਿਖੇ ਮੇਰੀ ਮਾਤਾ ਦੀ ਮੌਤ ਤੋਂ ਪਿੱਛੋਂ ਆਪਣੇ ਜੱਦੀ ਘਰ ਗਿਆ ਤਾਂ ਮੇਰਾ ਧਿਆਨ ਮੇਰੀ ਪਤਨੀ ਨੇ ਸਾਡੇ ਗੁਆਂਢ ਤੋਂ ਬਹੁਤ ਸਾਰੀਆਂ ਇਸਾਈ ਔਰਤਾਂ ਦੁਆਰਾ ਹਰ ਰੋਜ਼ ਕੀਤੀ ਜਾ ਰਹੀ ਉਸ ਪ੍ਰਾਰਥਨਾ ਵੱਲ ਦੁਆਇਆ, ਜੋ ਸਾਡੇ ਘਰ ਦੇ ਬਾਗ ਵਿੱਚ ਮੇਰੇ ਵੱਡੇ ਭਰਾ ਦੀ ਲੜਕੀ ਐਨੀ ਨੂੰ ਮੱਧ ਵਿਚਕਾਰ ਖੜਾ ਕਰਕੇ ਹੁੰਦੀ ਸੀ। ਜਦੋਂ ਮੈਂ ਆਪਣੇ ਭਰਾ ਨੂੰ ਪੁੱਛਿਆ ਕਿ ਮੇਰੀ ਮਾਤਾ ਦੀ ਮੌਤ ਪਿੱਛੋਂ ਉਸਦੀ ਪੁੱਤਰੀ ਐਨੀ ਆਪਣੀ ਦਾਦੀ ਨੂੰ, ਬਹੁਤ ਸਾਰੇ ਦੇਵੀ ਦੇਵਤਿਆਂ ਦੁਆਰਾ ਜਿਹਨਾਂ ਕੋਲ ਜਗਦੀਆਂ ਮੋਮਬੱਤੀਆਂ ਹੁੰਦੀਆਂ ਹਨ, ਸਵਰਗ ਵੱਲ ਲਿਜਾਂਦੇ ਦੇਖਿਆ ਹੈ। ਜਦੋਂ ਦੀ ਉਹ ਅਕਾਸ਼ ਵੱਲ ਦੇਖਣ ਲੱਗੀ ਹੈ, ਗੁਆਂਢ ਦੀਆਂ ਇਸਾਈ ਇਸਤਰੀਆਂ ਐਨੀ ਨੂੰ ਇੱਕ ਪੂਜਣ ਯੋਗ ਕੁੜੀ ਸਮਝਣ ਲੱਗੀਆਂ ਹਨ, ਜਿਸ ਕੋਲ ਆਪਣੀ ਦਾਦੀ ਦੇ ਦਰਸ਼ਨ ਕਰਨ ਦੀ ਅਧਿਆਤਮਕ ਸ਼ਕਤੀ ਸੀ। ਉਸ ਦਾਦੀ ਦੀ ਜਿਹੜੀ ਕਿ ਮਾਲਾਬਾਰ ਦੇ ਗਿਰਜਾ ਘਰ ਸੀਰੀਆਈ ਮਾਰਥੋਮਾਂ ਦੇ ਵਾਈਸ ਕਾਥਾਨਾਰ ਦੀ ਪਤਨੀ ਸੀ-ਜਿਸਨੂੰ ਦੇਵਤੇ ਸਵਰਗ ਵੱਲ ਲਿਜਾ ਰਹੇ ਹਨ।

ਮੈਂ ਆਪਣੇ ਭਰਾ ਨੂੰ ਚਿਤਾਵਨੀ ਦਿੱਤੀ ਕਿ ਜੇ ਇਹੀ ਕਿਰਿਆ ਜਾਰੀ ਰਹੀ ਤਾਂ ਸ਼ਾਇਦ ਉਸਦੀ ਪੁੱਤਰੀ ਅਖੀਰ ਪਾਗਲਖਾਨੇ ਪਹੁੰਚ ਜਾਵੇ। ਭਾਵੇਂ ਮੇਰਾ ਭਰਾ ਮੇਰੇ ਵਾਂਗ ਤਰਕਸ਼ੀਲ (ਰੈਸ਼ਨਲਿਸਟ) ਨਹੀਂ ਸੀ, ਪ੍ਰੰਤੂ ਉਹ ਮੇਰੀ ਸਲਾਹ ਦੀ ਬੜੀ ਕਦਰ ਕਰਦਾ ਸੀ। ਉਸਨੇ ਉਸ ਦਿਨ ਤੋਂ ਪ੍ਰਾਰਥਨਾਵਾਂ ਸਭਾਵਾਂ ਬੰਦ ਕਰ ਦਿੱਤੀਆਂ। ਮੈਂ ਐਨੀ ਨੂੰ ਆਪਣੇ ਨਾਲ ਸ੍ਰੀ ਲੰਕਾ ਲੈ ਆਇਆ ਤੇ ਉਸ ਦਾ ਚੰਗੀ ਤਰਾਂ ਡਾਕਟਰੀ ਮੁਆਇਨਾ ਕਰਵਾਇਆ। ਇਹ ਪਤਾ ਲੱਗਾ ਕਿ ਉਸਦੀ ਗਲੇ ਦੀ ਗ੍ਰੰਥੀ ਠੀਕ ਕੰਮ ਨਹੀਂ ਕਰਦੀ ਸੀ। ਇੱਕ ਹਫਤੇ ਦੇ ਹਾਰਮੋਨਾਂ ਦੇ ਇਲਾਜ ਨੇ ਮੇਰੀ ਮਾਤਾ ਅਤੇ ਦੇਵਤਿਆਂ ਨੂੰ ਅਸਮਾਨ ਵਿੱਚੋਂ ਅਲੋਪ ਕਰ ਦਿੱਤਾ।

ਜੇਕਰ ਮੈਂ ਐਨੀ ਨੂੰ ਸ੍ਰੀ ਲੰਕਾ ਨਾ ਲਿਆਉਂਦਾ ਤੇ ਉਸਦਾ ਇਲਾਜ ਨਾ ਕਰਵਾਉਂਦਾ ਤਾਂ ਉਸਨੂੰ ਹੋਰ ਭਰਮ ਅਤੇ 'ਦਰਸ਼ਨ' ਹੁੰਦੇ ਰਹਿੰਦੇ ਕਿਉਂਕਿ ਝੂਠੇ ਵਿਸ਼ਵਾਸਾਂ ਵਿੱਚ ਪਲੀ ਜਾ ਰਹੀ ਸੀ ਅਤੇ ਅਖੀਰ ਉਹ ਵੀ ਕੇਰਲਾ ਦੀ 'ਸੰਤ ਐਨੀ' ਬਣ ਜਾਂਦੀ ਤੇ ਉਸ ਤੋਂ ਅਸ਼ੀਰਵਾਦ ਲੈਣ ਲਈ ਲੋਕ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਮੇਰੇ ਜੱਦੀ ਘਰ 'ਪਵਿੱਤਰ' ਯਾਤਰਾ ਕਰਨ ਜਾਂਦੇ। ਅੱਜ ਕੱਲ ਉਹ ਇੱਕ ਖੁਸ਼ਹਾਲ ਦਾਦੀ ਮਾਂ ਹੈ ਕਿਉਂਕਿ ਉਸਦਾ ਠੀਕ ਸਮੇਂ ਸਿਰ ਇਲਾਜ ਕੀਤਾ ਗਿਆ ਸੀ।

ਭਰਮ ਮਨੋਵਿਗਿਆਨਕ ਤੌਰ ਤੇ ਸੰਮੋਹਣੀ ਨੀਂਦ ਨਾਲ ਵੀ ਪੈਦਾ ਕੀਤੇ ਜਾ ਸਕਦੇ ਹਨ। ਆਪਾ ਸੁਝਾਅਅਤੇ ਬਾਹਰੀ ਸੁਝਾਅ ਦੋਹਾਂ ਰਾਹੀਂ ਹਿਪਨਾਟਿਕ ਭਰਮ ਪੈਦਾ ਕਿਤੇ ਜਾ ਸਕਦੇ ਹਨ। ਕਿਸੇ ਦੂਜੇ ਆਦਮੀਂ ਦੇ ਜਾਦੂਈ ਅਸਰ ਥੱਲੇ ਕੋਈ

ਆਦਮੀ ਜਾਦੂ ਕਰਨ ਵਾਲੇ ਦੇ ਸੁਝਾਵਾਂ ਮੁਤਾਬਕ ਸੰਮੋਹਿਤ ਹੋ ਜਾਵੇਗਾ। ਜੇ ਇੱਕ ਹਿੰਦੂ ਜਾਂ ਬੋਧੀ ਜਿਹੜਾ ਕਿ ਪੁਨਰ ਜਨਮ ਦੇ ਅੰਧ ਵਿਸ਼ਵਾਸ ਵਿੱਚ ਪਾਲਿਆ ਗਿਆ ਹੈ, ਨੂੰ ਸੰਮੋਹਿਤ ਕੀਤਾ ਜਾਵੇ ਅਤੇ ਉਸਨੂੰ ਦੱਸਿਆ ਜਾਵੇ ਕਿ ਉਹ ਆਪਣੇ ਪਹਿਲੇ ਜਨਮ ਵਿੱਚ ਹੈ ਤਾਂ ਉਹ ਕਾਲਪਨਿਕ ਪਹਿਲੀ ਜ਼ਿੰਦਗੀ ਦੀ ਘੜੀ ਘੜਾਈ ਕਹਾਣੀ ਦੱਸੇਗਾ। ਇਸੇ ਤਰ੍ਹਾਂ ਇੱਕ ਵਿਅਕਤੀ ਜਿਸਦੀ ਪਾਲਣਾ ਸਵਰਗ ਜਾਂ ਨਰਕ ਦੇ ਇਸਲਾਮੀ ਜਾਂ ਇਸਾਈ ਵਿਸ਼ਵਾਸ ਅਨੁਸਾਰ ਹੋਈ ਹੈ, ਨੂੰ ਸੰਮੋਹਿਤ ਕੀਤਾ ਜਾਵੇ ਕਿ ਉਹ ਸਵਰਗ ਵਿੱਚ ਹੈ ਤਾਂ ਉਹ ਸਵਰਗ ਦੀ ਘੜੀ ਘੜਾਈ ਸਪਸ਼ਟ ਵਿਆਖਿਆ ਕਰੇਗਾ। ਹਿਪਨੋਟਿਜ਼ਮ ਦੇ ਪ੍ਰਭਾਵ ਥੱਲੇ ਕਿਸੇ ਵਿਅਕਤੀ ਦੀਆਂ ਗੱਲਾਂ ਤੋਂ ਅਸਲੀਅਤ ਜਾਂ ਸੱਚਾਈ ਮੰਨਣੀ ਮੂਰਖਤਾ ਹੁੰਦੀ ਹੈ, ਭਾਵੇਂ ਅਜਿਹੀਆਂ ਗੱਲਾਂ ਮਨੋਵਿਗਿਆਨੀਆਂ ਲਈ ਬਹੁਤ ਹੀ ਮਹੱਤਵਪੂਰਨ ਹੁੰਦੀਆਂ ਹਨ।

**ਬਦਲੀ ਹੋਈ ਆਵਾਜ਼ ਵਿੱਚ ਗੱਲਾਂ ਕਰਨ ਦੀ ਬਿਮਾਰੀ**

ਗਲਾਸੋਲਾਲੀਆ ਬਦਲੀ ਹੋਈ ਆਵਾਜ਼ ਵਿੱਚ ਆਮ ਗੱਲਾਂ ਕਰਨ ਦੀ ਇੱਕ ਮਾਨਸਿਕ ਬਿਮਾਰੀ ਹੈ, ਜਿਸਦੇ ਮਰੀਜ ਨੂੰ ਆਮ ਤੌਰ ਤੇ ਧਾਰਮਿਕ ਇਕੱਠਾਂ, ਮੰਦਿਰਾਂ, ਗਿਰਜਿਆਂ ਅਤੇ ਟੂਣਿਆਂ ਵਾਲਿਆਂ ਕੋਲ ਲਿਆਂਦਾ ਜਾਂਦਾ ਹੈ। ਉਹ ਬਦਲੀ ਹੋਈ ਆਵਾਜ਼ ਵਿੱਚ ਅਤੇ ਸ਼ਬਦਾਂ ਵਿੱਚ ਗੱਲਾਂ ਕਰਦੇ ਹਨ ਅਤੇ ਉਹਨਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਹਨਾਂ ਦੁਆਰਾ ਕੋਈ ਵਿਦੇਸ਼ੀ ਭਾਸ਼ਾ ਬੋਲੀ ਜਾ ਰਹੀ ਹੈ।

ਇੱਕ ਵਾਰੀ ਇੱਕ ਡਾਕਟਰ ਨੇ ਮੈਨੂੰ ਮਿਲਣ ਦਾ ਸਮਾਂ ਮੰਗਿਆ। ਗੱਲਬਾਤ ਦੌਰਾਨ ਉਸਨੇ ਮੈਨੂੰ ਪੁੱਛਿਆ "ਕੀ ਤੁਸੀਂ ਮੇਰੇ ਵਿੱਚ ਕੋਈ ਅਸਾਧਾਰਨ ਗੱਲ ਵੇਖੀ ਹੈ?" ਮੇਰੇ ਇਹ ਪੁੱਛਣ ਤੇ ਕਿ ਉਸਨੇ ਮੈਥੋਂ ਇਹ ਸਵਾਲ ਕਿਉਂ ਪੁੱਛਿਆ ਹੈ। ਉਸਨੇ ਦੱਸਿਆ ਕਿ ਉਹ ਲੰਕਾ ਤੋਂ ਡਾਕਟਰੀ ਦੀ ਉੱਚ ਵਿੱਦਿਆ ਪ੍ਰਾਪਤ ਕਰਕੇ ਦਿਲ ਦੇ ਮਾਹਿਰ ਡਾਕਟਰ ਰਾਓ ਕੋਲ ਮੈਸੂਰ ਵਿਖੇ ਅਭਿਆਸ ਕਰਨ ਚਲਿਆ ਗਿਆ ਸੀ। ਮੈਸੂਰ ਵਿੱਚ ਉਸਨੇ ਯੋਗ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਉਸਨੇ ਕਿਹਾ "ਛੇ ਮਹੀਨੇ ਪੂਰੀ ਲਗਨ ਨਾਲ ਯੋਗ ਕਰਨ ਤੋਂ ਬਾਅਦ ਮੈਂ ਕਿਸੇ ਵੀ ਭਾਸ਼ਾ ਵਿੱਚ ਗੱਲ ਕਰਨ ਯੋਗ ਹੋ ਗਿਆ ਹਾਂ।" ਇਸ ਗੱਲ ਨਾਲ ਮੈਂ ਚੌਕੰਨਾ ਹੋ ਗਿਆ। ਉਸਦੇ ਦਾਅਵੇ ਦੀ ਜਾਂਚ ਕਰਨ ਲਈ ਮੈਂ ਉਸਨੂੰ ਅਰਬੀ ਬੋਲਣ ਲਈ ਕਿਹਾ। ਉਸਨੇ ਲੰਮਾ ਸਾਹ ਖਿੱਚਿਆ ਅਤੇ ਅਰਬੀ ਵਿੱਚ ਇੱਕ ਲੰਬਾ ਭਾਸ਼ਣ ਦੇ ਦਿੱਤਾ। ਕਿਉਂਕਿ ਮੈਂ ਅਰਬੀ ਨਹੀਂ ਸੀ ਜਾਣਦਾ, ਇਸ ਲਈ ਜੋ ਕੁਝ ਉਸਨੇ ਬੋਲਿਆ ਸੀ ਦਾ ਮਤਲਬ ਦੱਸਣ ਲਈ ਕਿਹਾ। ਉਸਨੇ ਅੰਗਰੇਜੀ ਵਿੱਚ ਉਸਦਾ ਮਤਲਬ ਦੱਸਿਆ। ਉਸਨੇ ਮੇਰੇ ਕਹਿਣ ਤੇ ਹਿੰਦੀ ਵਿੱਚ ਵੀ ਭਾਸ਼ਨ ਦਿੱਤਾ। ਭਾਵੇਂ ਉਸਦੇ ਹਿੰਦੀ ਭਾਸ਼ਨ ਵਿੱਚ ਸਿਰਫ ਹਿੰਦੀ ਦੇ ਦੋ ਜਾਂ ਤਿੰਨ ਸ਼ਬਦ ਸਨ, ਪਰ ਮੈਂ ਉਸਦੇ ਹਿੰਦੀ ਭਾਸ਼ਨ 'ਚੋਂ ਕੋਈ ਅਰਥ ਨਾ ਕੱਢ ਸਕਿਆ। ਫਿਰ ਮੈਂ ਉਸਨੂੰ ਮਲਿਆਲਮ ਬੋਲਣ ਲਈ ਕਿਹਾ। ਉਸਨੇ ਮਲਿਆਲਮ ਵਿੱਚ ਵੀ ਲੰਬਾ ਭਾਸ਼ਣ ਦੇ ਦਿੱਤਾ ਅਤੇ ਇਸਦਾ ਅਰਥ ਅੰਗਰੇਜ਼ੀ ਵਿੱਚ ਦੱਸ ਦਿੱਤਾ। ਉਸਦੇ 'ਮਲਿਆਲਮ' ਭਾਸ਼ਣ ਵਿੱਚ ਮਲਿਆਲਮ ਭਾਸ਼ਾ ਦਾ ਇੱਕ ਵੀ ਸ਼ਬਦ ਨਹੀਂ ਸੀ, ਕਿਉਂਕਿ ਇਹ ਮੇਰੀ ਮਾਤ ਭਾਸ਼ਾ ਸੀ।

ਮੈਨੂੰ ਦੁਖੀ ਮਨ ਨਾਲ ਉਸਨੂੰ ਦੱਸਣਾ ਪਿਆ ਕਿ ਉਹ ਬਦਲੀ ਹੋਈ ਅਵਾਜ਼ ਵਿੱਚ ਗੱਲਾਂ ਕਰਨ ਦੀ ਬਿਮਾਰੀ (ਗ਼ਲਾਸੋਲਾਲੀਆ) ਦਾ ਮਰੀਜ਼ ਹੈ। ਇਹ ਮਾਨਸਿਕ ਬਿਮਾਰੀ ਉਸਦੇ ਇਸ ਭਰਮ ਕਰਕੇ ਹੋਈ ਕਿ ਯੋਗ ਦਾ ਅਭਿਆਸ ਕਰਨ ਨਾਲ ਉਸ ਵਿੱਚ ਦੂਜੀਆਂ ਭਾਸ਼ਾਵਾਂ ਵਿੱਚ ਗੱਲਾਂ ਕਰਨ ਦੀ ਸ਼ਕਤੀ ਪੈਦਾ ਹੋ ਗਈ ਹੈ। ਡੇਨੀਮਨ ਯੂਨੀਵਰਸਿਟੀ ਓਹੀਓ ਦੇ ਡਾਕਟਰ ਐਫ. ਡੀ. ਗੁੱਡ ਮੈਨ ਨੇ ਆਪਣੇ ਖੋਜ ਪੱਤਰ ਵਿੱਚ ਲਿਖਿਆ ਹੈ ਕਿ ਧਾਰਮਿਕ ਇਕੱਠਾਂ ਵਿੱਚ 'ਪ੍ਰਮਾਤਮਾ ਦੀ ਪ੍ਰਸੰਸਾ ਕਰੋ' ਦੇ ਭਜਨ ਸੈਂਕੜੇ ਵਾਰ ਦੁਹਰਾਉਣ ਨਾਲ ਭਜਨ ਵਿੱਚ ਭਾਗ ਲੈ ਰਹੇ ਲੋਕਾਂ ਨੂੰ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ ਕਰਕੇ ਗਲਾਸੋਲਾਲੀਆ ਨਾਂ ਦੀ ਬਿਮਾਰੀ ਅਸਥਾਈ ਤੌਰ ਤੇ ਹੋ ਜਾਂਦੀ ਹੈ।

ਸਮਾਧੀ ਅਤੇ ਮੰਤਰਾਂ ਦਾ ਉਚਾਰਣ ਅਜਿਹੇ ਦੋ ਹੌਲੀ-ਹੌਲੀ ਚੱਲਣ ਵਾਲੇ ਢੰਗ ਹਨ, ਜਿਨ੍ਹਾਂ ਰਾਹੀਂ ਸਵੈ ਸੰਮੋਹਣੀ ਨੀਂਦ ਵਿੱਚ ਆਇਆ ਜਾ ਸਕਦਾ ਹੈ। ਇਸ ਭਰਮ ਪੈਦਾ ਕਰਨ ਵਾਲੀ ਪੁਰਾਣੀ ਰੀਤ ਬਾਰੇ ਬਹੁਤ ਵਿਸ਼ਵਾਸ ਕੀਤਾ ਜਾਂਦਾ ਹੈ ਅਤੇ ਊਟ-ਪਟਾਂਗ ਬੋਲਿਆ ਜਾਂਦਾ ਹੈ।

ਪੂਰਬ ਦੇ ਬਹੁਤ ਸਾਰੇ ਯੋਗ ਅਧਿਆਤਮਿਕ ਆਦਮੀ ਤੇ ਔਰਤਾਂ ਸਵਰਗਾਂ ਵਿੱਚ ਜਾਣ, ਮੁਕਤੀ, ਆਤਮ ਸ਼ੁੱਧੀ, ਗਿਆਨ ਪ੍ਰਾਪਤੀ ਅਤੇ ਦੇਵਤਿਆਂ ਦੇ ਦਰਸ਼ਨਾਂ ਦੀ ਆਸ ਵਿੱਚ ਆਪਣਾ ਕੀਮਤੀ ਸਮਾਂ ਯੋਗ ਆਸਣਾਂ ਤੇ ਸਮਾਧੀਆਂ ਵਿੱਚ ਬਰਬਾਦ ਕਰ ਦਿੰਦੇ ਹਨ

**ਕਾਲਪਨਿਕ ਸਮਾਧੀ**

ਭਾਰਤ ਦੇ ਬਹੁਤ ਸਾਰੇ ਦੇਵ ਪੁਰਸ਼ਾਂ ਵਿੱਚ ਮਹਾਂਰਿਸ਼ੀ ਮਹੇਸ਼ਯੋਗੀ ਦੁਆਰਾ ਇੱਕ ਨਵੀਂ ਕਿਸਮ ਦੀ ਭਗਤੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਸਨੂੰ ਕਿ ਸਮਾਧੀ ਕਿਹਾ ਜਾਂਦਾ ਹੈ। ਅੱਜ-ਕੱਲ ਬਹੁਤ ਸਾਰੇ ਸ਼ਰਧਾਲੂਆਂ ਵਿੱਚ ਖਾਸ ਤੌਰ ਤੇ ਪੱਛਮੀ

ਦੇਸ਼ਾਂ ਦੇ ਨਸ਼ੀਲੀਆਂ ਦਵਾਈਆਂ ਦੇ ਆਦੀ ਭਗੌੜੇ ਜੋ ਵੱਡੀ ਗਿਣਤੀ ਵਿੱਚ ਮਹੇਸ਼ਯੋਗੀ ਦੇ ਚੇਲੇ ਬਣ ਗਏ ਹਨ, ਉਨ੍ਹਾਂ ਵਿੱਚ ਇਹ ਵਿਧੀ ਹਰਮਨ ਪਿਆਰੀ ਹੋਈ ਹੈ।

ਬੜੇ ਦੁੱਖ ਦੀ ਗੱਲ ਹੈ ਕਿ ਸ੍ਰੀ ਲੰਕਾ ਦੀ ਇੱਕ 'ਵਿਗਿਆਨਿਕ ਵਿਕਾਸ ਬਾਰੇ ਸੰਸਥਾ' ਵਰਗੀ ਜਥੇਬੰਦੀ, ਜਿਸਦਾ ਮੈਂਬਰ ਹੋਣ ਕਰਕੇ ਮੈਨੂੰ ਸ਼ਰਮ ਆਉਂਦੀ ਹੈ, ਮਹੇਸ਼ ਯੋਗੀ ਦੇ ਪਖੰਡੀ ਚੇਲਿਆਂ ਦੇ ਪੱਧਰ ਤੱਕ ਆ ਗਈ ਹੈ। ਭਾਰਤ ਦੇ ਪੜ੍ਹੇ ਲਿਖੇ ਬੇਰੁਜ਼ਗਾਰ ਜਿਨ੍ਹਾਂ ਨੂੰ ਨੌਕਰੀ ਨਹੀਂ ਮਿਲ ਸਕੀ, ਗੁਰੂ ਦੇ ਨਾਂ ਥੱਲੇ ਅਮੀਰ ਲੋਕਾਂ ਤੋਂ ਧਨ ਇਕੱਠਾ ਕਰਨ ਲਈ ਪੱਛਮੀ ਦੇਸ਼ਾਂ ਵਿੱਚ ਜਾਣਾ ਲਾਭਦਾਇਕ ਸਮਝਦੇ ਹਨ। ਇਸ ਝੂਠੇ ਪ੍ਰਚਾਰ ਥੱਲੇ ਕਿ ਉਹ ਰਚਨਾਤਮਕ ਸੋਚ ਅਤੇ ਸਮਾਧੀ ਰਾਹੀਂ ਗਿਆਨ ਦੇ ਬਾਰੇ ਇਕ ਭਾਸ਼ਣ ਦੇਣ ਜਾ ਰਹੇ ਹਨ।

ਇਸ ਸੱਚਾਈ ਤੋਂ ਇਲਾਵਾ ਕਿ ਯੋਗ ਚੰਗੀ ਸਰੀਰਕ ਕਸਰਤ ਦੀ ਇਕ ਕਿਸਮ ਹੈ, ਇਸ ਵਿੱਚ ਗੈਬੀ ਗੱਲ ਬਿਲਕੁਲ ਵੀ ਨਹੀਂ। ਹੱਠ ਯੋਗੀ, ਰਾਜ ਯੋਗੀ, ਗਿਆਨ ਯੋਗੀ, ਕੁੰਡਲਨੀ ਯੋਗੀਆਂ ਦੇ ਇਹ ਲੰਬੇ ਦਾਅਵੇ ਕਿ 300 ਸਾਲ ਤੋਂ ਵੱਧ ਉਮਰ ਦੇ ਯੋਗੀ ਹਿਮਾਲਾ ਪਰਬਤ ਤੇ ਰਹਿੰਦੇ ਹਨ, ਉਹ ਕੱਚ ਤੇ ਮੇਖਾਂ ਖਾ ਜਾਂਦੇ ਹਨ, ਜ਼ਹਿਰ ਪੀ ਸਕਦੇ ਹਨ, ਹਵਾ ਵਿੱਚ ਉੱਡ ਸਕਦੇ ਹਨ, ਆਪਣਾ ਸਰੀਰ ਛੱਡਕੇ ਦੂਜਾ ਰੂਪ ਧਾਰਨ ਕਰ ਸਕਦੇ ਹਨ, ਆਪਣੇ ਦਿਲ ਦੀ ਧੜਕਨ ਤੇ ਸਾਹ ਬੰਦ ਕਰ ਸਕਦੇ ਹਨ,ਪਾਣੀ ਤੇ ਤੁਰ ਸਕਦੇ ਹਨ, ਜਦੋਂ ਵੀ ਉਹਨਾਂ ਦੀ ਫੋਟੋ ਖਿੱਚੀ ਜਾਂਦੀ ਹੈ ਤਾਂ ਉਹ ਨੈਗਗਟਿਵ ਅਲੋਪ ਕਰ ਸਕਦੇ ਹਨ, ਸਿਰਫ ਝੂਠੀਆਂ ਘੜੀਆਂ ਘੜਾਈਆਂ ਕਹਾਣੀਆਂ ਹਨ। ਦੂਜੇ ਭਾਰਤੀਆਂ ਦੀ ਉਮਰ ਕੋਈ ਬਹੁਤ ਲੰਬੀ ਨਹੀਂ। ਹੁਣੇ ਹੁਣੇ ਅਜਿਹੀ ਕੋਸ਼ਿਸ਼ ਹੋਈ ਹੈ ਕਿ ਯੋਗ ਅਤੇ ਸਮਾਧੀ ਵਿਗਆਨਿਕ ਜਾਪਣ ਲੱਗ ਜਾਣ। ਸ੍ਰੀ ਲੰਕਾ ਦਾ ਵਿਦਿਆ ਮੰਤਰੀ ਇਸ ਨੂੰ ਸਕੂਲਾਂ ਦੇ ਪਾਠਕ੍ਰਮ ਵਿੱਚ ਲਾਉਣ ਦਾ ਵਿਚਾਰ ਬਣਾ ਰਿਹਾ ਹੈ। ਮਦੁਰਾਣੀ ਯੂਨੀਵਰਸਿਟੀ ਦੇ ਪ੍ਰੋਫੈਸਰ ਟੀ. ਪੀ. ਮੀਨਾਕਸ਼ੀ. ਸੁੰਦਰਮ ਨੇ ਇਕ ਜਨਤਕ ਇਕੱਠ ਵਿੱਚ ਕੋਲੰਬੋ ਵਿਖੇ ਹੁਣੇ ਸੰਬੋਧਨ ਕਰਕੇ ਇਹ ਆਸ ਪ੍ਰਗਟਾਈ ਹੈ ਕਿ ਜੇਕਰ ਜਨ ਸੰਖਿਆ ਦਾ ਇਕ ਪ੍ਰਤੀਸ਼ਤ ਸਮਾਧੀ ਕਰਨ ਲੱਗ ਜਾਵੇ ਤਾਂ ਇਹ ਸਾਰੀ ਮਨੁੱਖਤਾ ਲਈ ਲਾਭਦਾਇਕ ਹੋਵੇਗਾ। ਇਕ ਸਿਖਿਆ ਸ਼ਾਸਤਰੀ ਵੱਲੋਂ ਅਜਿਹਾ ਬਿਆਨ ਦਿੱਤਾ ਜਾਣਾ, ਕਿੰਨਾ ਹਾਸੋ-ਹੀਣਾ ਹੈ !! ਹਾਂ, ਅਸੀਂ ਭਗਤੀ ਵਿੱਚ ਸਮਾਂ ਬਰਬਾਦ ਕਰ ਸਕਦੇ ਹਾਂ, ਕਿਉਂਕਿ ਉੱਨਤਸ਼ੀਲ ਦੇਸ਼ਾਂ ਵਿੱਚ ਉਦਯੋਗਿਕ ਲੋਕ ਸਾਡੇ ਵਾਸਤੇ ਕੰਮ ਕਰਨ ਲਈ ਅਤੇ ਸਾਨੂੰ ਭੋਜਨ ਦੇਣ ਲਈ ਹਨ।

ਸਮਾਧੀ ਕਰ ਰਹੇ ਯੋਗੀਆਂ ਉੱਤੇ ਪ੍ਰਯੋਗਸ਼ਾਲਾ ਦੀਆਂ ਪਰਖਾਂ ਰਾਹੀਂ ਉਹਨਾਂ ਦੀਆਂ ਸ਼ਰੀਰਕ ਅਤੇ ਮਾਨਸਿਕ ਕ੍ਰਿਆਵਾਂ ਵਿੱਚ ਬਹੁਤ ਤਬਦੀਲੀ ਹੁੰਦੀ ਵਿਖਾਈ ਗਈ ਹੈ। ਸਮਾਧੀ ਦੌਰਾਨ ਨਬਜ਼ ਮੱਧਮ ਹੋ ਜਾਣੀ, ਖ਼ੂਨ ਦਾ ਦਬਾਓ ਘਟ ਜਾਣਾ, ਖ਼ੂਨ ਦੀ ਰਚਨਾ, ਖ਼ੂਨ ਵਿੱਚ ਕਾਰਬਨਡਾਈਆਕਸਾਈਡ ਅਤੇ ਆਕਸੀਜਨ ਦਾ ਅਸਾਧਾਰਨ ਵਾਧਾ ਅਤੇ ਐਲਫਾ ਬੀਟਾ, ਡੈਲਟਾ, ਥੀਟਾ ਦਿਮਾਗੀ ਲਹਿਰਾਂ ਦਾ ਅਸਾਧਾਰਨ ਵਿਹਾਰ ਆਮ ਤੌਰ ਤੇ ਨੋਟ ਕੀਤਾ ਜਾਂਦਾ ਹੈ।

ਚਾਲੀ ਕੁ ਸਾਲ ਪਹਿਲਾਂ ਮੇਰੇ ਛੋਟੇ ਭਰਾ ਡਾਕਟਰ ਬਿਹਨਾਨ ਟੀ. ਕਾਵੂਰ ਨੇ ਯੇਲ ਯੂਨੀਵਰਸਿਟੀ ਵਿਖੇ "ਪ੍ਰਾਣਾਯਾਮ" ਦੌਰਾਨ ਮਾਨਸਿਕ ਅਤੇ ਸਰੀਰਕ ਅਸਰ ਦੇ ਸੰਬੰਧ ਨੂੰ ਦੱਸਣ ਲਈ ਆਕਸੀਜਨ ਦੀ ਖਪਤ ਅਤੇ ਸਾਹ ਲੈਣ ਦੀ ਸਮਰੱਥਾ ਦੀ ਦਰ ਨੂੰ ਮਿਣਿਆ। "ਪ੍ਰਾਣਾਯਾਮ" ਦੀਆਂ ਵੱਖ ਵੱਖ ਕਿਸਮਾਂ ਦੇ ਅਸਰ ਦਾ ਖ਼ੂਨ, ਗੈਸ ਰਚਨਾ ਅਤੇ ਫੇਫੜਿਆਂ ਵਿੱਚ ਗੈਸਾਂ ਦੇ ਵਟਾਂਦਰੇ ਉੱਤੇ ਅਧਿਐਨ ਕੀਤਾ ਗਿਆ ਹੈ। ਇਹ ਪਤਾ ਲੱਗਾ ਹੈ ਕਿ 'ਪ੍ਰਾਣਾਯਾਮ' ਦੌਰਾਨ ਖ਼ੂਨ ਵਿੱਚ ਕਾਰਬਨਡਾਈਆਕਸਾਈਡ ਦੀ ਵਧੀ ਮਾਤਰਾ ਨਾੜੀ-ਪ੍ਰਬੰਧ ਦੀ ਉਤੇਜਨਾ ਵਿੱਚ ਤਬਦੀਲੀਆਂ ਪੈਦਾ ਕਰ ਸਕਦੀ ਹੈ। ਡੂੰਘੀ ਭਗਤੀ ਵਿੱਚ ਖੁੱਭੇ ਇੱਕ ਵਿਅਕਤੀ ਦੇ ਦਿਮਾਗ ਦੀਆਂ ਲਹਿਰਾਂ ਦਾ ਅਸਾਧਾਰਨ ਵਿਹਾਰ ਸਪੱਸ਼ਟ ਤੌਰ ਤੇ ਉਸ ਦੇ ਮਨ ਦੀ ਅਸੰਤੁਲਤ ਹਾਲਤ ਨੂੰ ਦਰਸਾਉਂਦਾ ਹੈ। ਕੋਈ ਵੀ ਸਮਝਦਾਰ ਵਿਅਕਤੀ, ਕਦੇ ਵੀ ਇਸ ਅਸਾਧਾਰਨਤਾ ਨੂੰ ਚੰਗੀ ਗੱਲ ਨਹੀਂ ਸਮਝੇਗਾ। ਦਿਮਾਗੀ ਲਹਿਰਾਂ ਦਾ ਅਜਿਹਾ ਅਸਾਧਾਰਨ ਵਿਹਾਰ ਮਾਨਸਿਕ ਰੋਗੀਆਂ ਵਿਚਕਾਰ ਆਮ ਹੁੰਦਾ ਹੈ।

ਬਹੁਤ ਲੋਕ ਭਗਤੀ ਦੇ ਸਮੇਂ ਪਿੱਛੋਂ ਚੰਗਾ ਮਹਿਸੂਸ ਕਰਨ ਦੀਆਂ ਗੱਲਾਂ ਕਰਦੇ ਹਨ। ਜਦੋਂ ਇਕ ਆਦਮੀ ਸ਼ਰਾਬ ਪੀਣੀ ਜਾਂ ਗਾਂਜਾ, ਐਲ. ਐਸ. ਡੀ. ਮਾਰੀਜੁਆਨਾ, ਪਿਓਟੀ ਆਦਿ ਵਰਗੀਆਂ ਨਸ਼ੀਲੀਆਂ ਦਵਾਈਆ ਵਰਤਣੀਆਂ ਸ਼ੁਰੂ ਕਰਦਾ ਹੈ, ਉਹ ਅਜਿਹਾ ਹੀ ਦਿਮਾਗੀ ਆਰਾਮ ਮਹਿਸੂਸ ਕਰਦਾ ਹੈ। 1963 ਵਿੱਚ ਮਦਰਾਸ ਵਿਖੇ ਬਾਲਾ ਜੀ ਦੇ ਮੰਦਰ ਦਾ ਮੁੱਖ ਪੁਜਾਰੀ ਬਹੁਤ ਮਾਤਰਾ ਵਿੱਚ ਗਾਂਜਾ ਰੱਖਣ ਕਾਰਨ ਗ੍ਰਿਫਤਾਰ ਕੀਤਾ ਗਿਆ ਸੀ। ਇਹ ਤਾਮਿਲਨਾਡੂ ਦੇ ਹਿੰਦੂਆਂ ਲਈ ਅਜਿਹਾ ਮਸ਼ਹੂਰ ਮੰਦਰ ਹੈ, ਜਿੱਥੇ ਸ਼ਰਧਾਲੂ ਉਤਸਵੀ ਪੂਜਾ ਸਮੇਂ ਕਵਾਦੀ ਨਾਚ ਦੌਰਾਨ ਅਧਿਆਤਮਕ ਆਨੰਦ ਮਹਿਸੂਸ ਕਰਦੇ ਹਨ। ਜੱਜ ਦੀ ਅਦਾਲਤ ਵਿਖੇ ਮੁਕੱਦਮੇ ਸਮੇਂ ਭੇਤ ਖੁੱਲਿਆ ਕਿ ਇਹ ਪੁਜਾਰੀ, ਪ੍ਰਸ਼ਾਦ ਵਿੱਚ ਗਾਂਜਾ ਰਲਾ ਦਿੰਦਾ ਸੀ। ਪ੍ਰਸ਼ਾਦ ਇਕ ਦੇਵ ਆਹਾਰ ਹੈ, ਜਿਹੜਾ ਕਿ ਸ਼ਰਧਾਲੂਆਂ ਨੂੰ ਮੰਦਰ ਵਿੱਚ ਉਹਨਾਂ ਦੀ ਭੇਟਾ ਬਦਲੇ ਦਿੱਤਾ ਜਾਂਦਾ ਹੈ। ਇਹ ਪੁਜਾਰੀ ਗਾਂਜੇ ਰਾਹੀਂ

ਸ਼ਰਧਾਲੂਆਂ ਵਿੱਚ "ਅਧਿਆਤਮਕ ਤਜਰਬਾ" ਉਕਸਾਉਣ ਦੀ ਜੁਗਤ ਜਾਣਦਾ ਸੀ, ਤਾਂ ਜੋ ਸ਼ਰਧਾਲੂ ਤੋਂ ਭੇਟਾ ਵਜੋਂ ਵੱਧ ਰਕਮ ਬਟੋਰ ਸਕੇ।

ਜੇ 'ਰਚਨਾਤਮਕ ਬੁੱਧੀ' ਅਤੇ 'ਗਿਆਨ' ਭਗਤੀ ਅਤੇ ਯੋਗ ਰਾਹੀਂ ਪ੍ਰਾਪਤ ਕੀਤਾ ਜਾ ਸਕੇ ਤਦ ਵਿਦਿਆ ਮੰਤਰੀ ਸਾਰੇ ਦੇਸ਼ ਵਿੱਚ ਵਿਦਿਅਕ ਸੰਸਥਾਵਾਂ ਬੰਦ ਕਰਕੇ ਭਗਤੀ ਦੇ ਕੇਂਦਰ ਸਥਾਪਤ ਕਰਨਾ ਸ਼ੁਰੂ ਕਰ ਦੇਵੇ।

ਇਕ ਕਿਤਾਬ ਜਿਸ ਦਾ ਨਾਂ 'ਸਾਇੰਸ ਅਤੇ ਕੁੰਡਲਨੀ ਯੋਗ ਦੀ ਫਿਲਾਸਫੀ' ਹੈ ਅਤੇ ਜੋ ਡਾ. ਵੀ. ਜੀ. ਰੈਲੇ ਨੇ ਲਿਖੀ ਹੈ ਅਤੇ ਜਿਸਦਾ ਮੁੱਖ ਬੰਦ ਔਕਸਫੋਰਡ ਦੇ ਸ੍ਰੀ ਜੌਨ ਵੁਡਰੋਫ਼ ਵਰਗੇ ਵਿਅਕਤੀ ਨੇ ਲਿਖਿਆ ਹੈ, ਵਿੱਚ ਅਸੀਂ ਪੜਦੇ ਹਾਂ ਕਿ ਇਕ ਯੋਗੀ ਬਹੁਤ ਸਾਰੀਆਂ ਅਲੌਕਿਕ ਸ਼ਕਤੀਆਂ ਪ੍ਰਾਪਤ ਕਰ ਸਕਦਾ ਹੈ। ਉਸ ਕਿਤਾਬ ਵਿੱਚ ਅਜਿਹੀਆਂ ਕੁਝ ਸ਼ਕਤੀਆਂ ਬਿਆਨ ਕੀਤੀਆਂ ਗਈਆਂ ਹਨ।

1) 'ਯੋਗੀ ਟੈਲੀਪੈਥੀ ਅਤੇ ਅਗਮ ਨਿਗਮ ਦੀ ਸੋਝੀ ਰੱਖਣ ਦੀ ਸ਼ਕਤੀ ਪ੍ਰਾਪਤ ਕਰ ਸਕਦਾ ਹੈ। ਉਸਦਾ ਮਨ ਸੁਨੇਹੇ ਭੇਜ ਅਤੇ ਪ੍ਰਾਪਤ ਕਰ ਸਕਦਾ ਹੈ।'
2) 'ਕੁਦਰਤ ਦੀਆ ਸਾਰੀਆਂ ਤਾਕਤਾਂ ਗੁਲਾਮਾਂ ਵਾਂਗ ਯੋਗੀ ਦਾ ਹੁਕਮ ਮੰਨਦੀਆਂ ਹਨ।'
3) 'ਯੋਗੀ ਆਪਣੀ ਮਰਜ਼ੀ ਨਾਲ ਦਿਲ ਦੀ ਧੜਕਣ ਰੋਕ ਸਕਦਾ ਹੈ।'
4) 'ਯੋਗੀ ਕਿਸੇ ਵੀ ਸਮੇਂ ਕੁਝ ਵੀ ਪੈਦਾ ਕਰ ਸਕਦਾ ਹੈ।'
5) 'ਯੋਗੀ, ਭੂਤ, ਵਰਤਮਾਨ ਅਤੇ ਭਵਿੱਖ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਯੋਗ ਹੁੰਦਾ ਹੈ।'
6) 'ਯੋਗੀ ਧਾਤਾਂ ਨੂੰ ਹੋਰਾਂ ਧਾਤਾਂ ਵਿੱਚ ਬਦਲ ਸਕਦਾ ਹੈ, ਇਲਾਜ ਕਰਨ ਦੀ ਸ਼ਕਤੀ ਪ੍ਰਾਪਤ ਕਰ ਸਕਦਾ ਹੈ, ਮਨੁੱਖਾਂ ਨੂੰ ਪੁਲਾੜ ਵਿੱਚ ਘੁੰਮਦੇ ਵੇਖ ਸਕਦਾ ਹੈ ਅਤੇ ਪੁਲਾੜ ਵਿੱਚ ਯਾਤਰਾ ਕਰ ਸਕਦਾ ਹੈ।'
7) 'ਯੋਗੀ ਹਰ ਪ੍ਰਕਾਰ ਦੀ ਮਾਨਸਿਕ ਸ਼ਕਤੀ ਪ੍ਰਾਪਤ ਕਰ ਸਕਦਾ ਹੈ।'
8) 'ਯੋਗੀ ਆਪਣੇ ਸਰੀਰ ਨੂੰ ਇਕ ਥਾਂ ਤੇ ਛੱਡ ਕੇ ਹੋਰ ਥਾਂ ਪ੍ਰਗਟ ਹੋ ਸਕਦਾ ਹੈ।'
9) 'ਯੋਗੀ ਆਪਣਾ ਭਾਰ ਹੌਲਾ ਕਰਕੇ ਹਵਾ ਵਿੱਚ ਉੱਡ ਤੇ ਪਾਣੀ 'ਤੇ ਤੁਰ ਸਕਦਾ ਹੈ।'

ਅਜਿਹੇ ਨਕਲੀ ਦਾਅਵਿਆਂ ਵਿੱਚ ਵਿਸ਼ਵਾਸ ਕਰਨ ਵਾਲੇ ਸਾਰੀ ਦੁਨੀਆਂ ਵਿੱਚ ਲੱਖਾਂ ਹੀ ਲੋਕ ਹਨ। ਉਪ ਕੁਲਪਤੀ ਡਾਕਟਰ ਪ੍ਰੋ. ਮਿਨਾਕਸ਼ੀ ਸੁੰਦਰਮ ਵੀ ਉਹਨਾਂ ਅੰਧ-ਵਿਸ਼ਵਾਸੀਆਂ ਵਿੱਚੋਂ ਇੱਕ ਹੈ। ਇਹ ਜਾਣਿਆ ਪਹਿਚਾਣਿਆ ਵਿਸ਼ਵਾਸ ਹੈ ਕਿ ਲੋਕ ਯੋਗਕ ਭਗਤੀ ਵਰਗੀਆਂ ਅਧਿਆਤਮਕ ਕਸਰਤਾਂ ਰਾਹੀਂ ਪਵਿੱਤਰ ਮੰਤਰ ਉਚਾਰਨ ਕਰਕੇ ਜਾਂ ਅਜਿਹੇ ਦੇਵਤਿਆਂ, ਜਿਹਨਾਂ ਦੀ ਕੋਈ ਹੋਂਦ ਨਹੀਂ, ਤੋਂ ਵਰ ਪ੍ਰਾਪਤ ਕਰਕੇ ਅਲੌਕਿਕ ਸ਼ਕਤੀਆਂ ਪ੍ਰਾਪਤ ਕਰ ਲੈਂਦੇ ਹਨ-ਇਸ ਪ੍ਰਚਲਿਤ ਵਿਸ਼ਵਾਸ ਕਾਰਨ ਬਹੁਤ ਸਾਰੇ ਪਾਖੰਡੀ ਅੰਧ-ਵਿਸ਼ਵਾਸੀ, ਮੂਰਖਾਂ ਨੂੰ ਧੋਖਾ ਦੇ ਕੇ ਆਪਣੀ ਰੋਜ਼ੀ ਕਮਾ ਲੈਂਦੇ ਹਨ।

ਭਾਰਤ ਦੇ ਬਹੁਤ ਸਾਰੇ ਦੇਵ ਪੁਰਸ਼ ਇਸ ਗਰੁੱਪ ਨਾਲ ਸਬੰਧ ਰੱਖਦੇ ਹਨ। ਜਿਹੜੇ ਲੋਕ ਗ੍ਰਹਿ ਵਿਗਿਆਨ, ਹੱਥ-ਰੇਖਾ ਵਿਗਿਆਨ, ਨੰਬਰਾਂ ਦਾ ਗਿਆਨ, ਰੋਸ਼ਨੀ ਦੀ ਪੜ੍ਹਤ ਰਾਹੀਂ ਜਾਂ ਕਾਰਡਾਂ ਦੀ ਪੜ੍ਹਤ ਆਦਿ ਰਾਹੀਂ ਕਿਸਮਤ ਦੱਸਣ ਦੇ ਦਾਅਵੇ ਕਰਦੇ ਹਨ, ਉਹ ਵੀ ਇਹਨਾਂ ਵਿੱਚੋਂ ਹੀ ਹਨ।

ਕੋਈ ਦੋ ਕੁ ਸਾਲ ਪਹਿਲਾਂ ਕੇਰਲਾ ਦੇ ਫਿਲਮ ਐਕਟਰ ਪਦਮ ਸ੍ਰੀ ਟਿਕੂਰੇਸੀ ਨੇ ਇਕ ਸਪਤਾਹਿਕ ਫਿਲਮ ਮੈਗਜ਼ੀਨ 'ਚਿਤ-ਰਾਮਾ' ਵਿੱਚ ਇਕ ਜਾਲ੍ਹੀ ਕਹਾਣੀ ਲਿਖੀ ਸੀ ਕਿ ਉਸ ਵਿਚ ਅੱਠਵੇਂ ਸਾਲ ਹਵਾ ਵਿੱਚ ਉੱਡਣ ਦੀ, ਪਾਣੀ ਉਤੇ ਤੁਰਨ ਆਦਿ ਵਰਗੀਆਂ ਅਦਭੁੱਤਸ਼ਕਤੀਆਂ, ਅਧਿਆਤਮਕ ਤਜਰਬਿਆਂ ਨਾਲ ਪੈਦਾ ਹੋ ਗਈਆਂ ਸਨ। ਉਸਨੇ ਆਪਣਾ ਧੋਖੇ ਭਰਿਆ ਦਾਅਵਾ ਬੜੀ ਦਲੇਰੀ ਨਾਲ ਕੀਤਾ ਸੀ ਕਿਉਂਕਿ ਬਹੁਤ ਸਾਰੇ ਲਾਈ-ਲੱਗ ਲੋਕ ਅਜਿਹੀਆਂ ਬਨਾਉਟੀ ਗੱਲਾਂ ਉੱਤੇ ਵਿਸ਼ਵਾਸ ਕਰਦੇ ਹਨ। ਵਰਤਮਾਨ ਤੋਂ ਬੀਤੇ ਸਮੇਂ ਬਾਰੇ ਨਿਰਨਾ ਕਰਦਿਆ ਮੈਂ ਸ਼ਰੇਆਮ ਕਹਿੰਦਾ ਹਾਂ ਕਿ ਕਿਸੇ ਵੀ ਵਿਅਕਤੀ ਕੋਲ ਗੈਬੀ ਸ਼ਕਤੀਆਂ ਨਹੀਂ ਸਨ, ਭਾਵੇਂ ਕਿ ਅਸੀਂ ਸਨਸਨੀਖੇਜ਼ ਅਖ਼ਬਾਰਾਂ ਅਤੇ ਧਾਰਮਿਕ ਗਰੰਥਾਂ ਵਿੱਚ ਅਜਿਹੇ ਦਾਅਵੇ ਹਰ ਰੋਜ਼ ਪੜ੍ਹਦੇ ਹਾਂ। ਉਹ ਵਿਅਕਤੀ ਜਿਹੜੇ ਅਦਭੁੱਤ ਸ਼ਕਤੀਆਂ ਬਾਰੇ ਦਾਅਵੇ ਕਰਦੇ ਹਨ ਜਾਂ ਉਹ ਧੋਖੇਬਾਜ਼ ਹੁੰਦੇ ਹਨ ਜਾਂ ਮਾਨਸਿਕ ਰੋਗੀ ਹੁੰਦੇ ਹਨ।

*ਉਹ ਵਿਅਕਤੀ ਜਿਹੜਾ ਆਪਣੇ ਕਰਿਸ਼ਮੇ ਦੀ ਜਾਂਚ ਪੜਤਾਲ ਨਹੀਂ ਹੋਣ ਦਿੰਦਾ, ਉਹ ਚਾਲਬਾਜ਼ ਹੁੰਦਾ ਹੈ, ਜਿਸ ਵਿੱਚ ਕਰਿਸ਼ਮੇ ਦੀ ਜਾਂਚ ਪੜਤਾਲ ਕਰਨ ਦਾ ਹੌਂਸਲਾ ਨਹੀਂ ਹੁੰਦਾ, ਉਹ ਲਾਈ-ਲੱਗ ਹੁੰਦਾ ਹੈ ਅਤੇ ਜਿਹੜਾ ਜਾਂਚ ਪੜਤਾਲ ਕਰਨ ਤੋਂ ਬਿਨਾਂ ਵਿਸ਼ਵਾਸ ਕਰਨ ਲਈ ਤਿਆਰ ਹੋ ਜਾਵੇ ਉਹ ਮੂਰਖ ਹੁੰਦਾ ਹੈ।* ਜੇ ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਗੈਬੀ ਸ਼ਕਤੀਆਂ ਵਾਲਾ ਇਕ ਵੀ ਵਿਅਕਤੀ ਹੁੰਦਾ ਤਾਂ ਮੈਂ ਬਹੁਤ ਸਮਾਂ ਪਹਿਲਾਂ ਨੰਗ ਹੋ ਜਾਂਦਾ, ਕਿਉਂਕਿ ਮੈਂ ਅਜਿਹੇ ਕਿਸੇ ਵੀ

ਵਿਅਕਤੀ, ਜਿਹੜਾ ਕਿ ਉਹਨਾਂ 23 ਮੱਦਾਂ, ਜਿਹਨਾਂ ਦਾ ਮੈਂ ਆਪਣੀ ਚੁਣੌਤੀ ਵਿੱਚ ਜ਼ਿਕਰ ਕੀਤਾ ਹੈ, ਵਿੱਚੋ ਕਿਸੇ ਦਾ ਵੀ, ਬਿਨਾਂ ਧੋਖੇ ਵਾਲੀਆਂ ਹਾਲਤਾਂ ਵਿੱਚ ਪ੍ਰਦਰਸ਼ਨ ਕਰ ਸਕਦਾ ਨੂੰ ਸ੍ਰੀ ਲੰਕਾ ਕਰੰਸੀ ਦੇ ਇੱਕ ਲੱਖ ਰੁਪਏ ਇਨਾਮ ਦੀ ਪੇਸ਼ਕਸ਼ ਕੀਤੀ ਹੈ। ਭਾਵੇਂ ਕਿ ਉਹ ਖੁਲ੍ਹੀ ਚੁਣੌਤੀ ਪੰਦਰਾਂ ਸਾਲ ਪਹਿਲਾਂ ਸਾਰੇ ਸੰਸਾਰ ਵਿੱਚ ਛਾਪੀ ਗਈ ਸੀ, ਵਿੱਚ ਮੈਂ ਇੱਕ ਵੀ ਪੈਸਾ ਨਹੀਂ ਗੁਆਇਆ। ਸਗੋਂ ਮੈਂ ਕੁਝ ਹਜ਼ਾਰ ਰੁਪਏ ਪ੍ਰਾਪਤ ਕਰ ਲਏ ਹਨ, ਕਿਉਂਕਿ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਜਿਹੜੇ ਕਿ ਅਖੀਰ ਵਿੱਚ ਨਾ ਆਏ, ਦੀ ਪੇਸ਼ਗੀ ਜ਼ਮਾਨਤ ਜ਼ਬਤ ਹੋ ਗਈ।

**ਮਾਨਸਿਕ ਸ਼ਕਤੀ (Psychokinesics)**

1973 ਵਿੱਚ 'ਸੰਡੇ ਸਟੈਂਡਰਡ' ਦੇ ਤਿੰਨ ਐਤਵਾਰਾਂ (3 ਤੋਂ 17 ਜੂਨ) ਨੂੰ ਇਸ ਸਿਰਲੇਖ ਅਧੀਨ ਤਿੰਨ ਲੇਖ ਛਪੇ 'ਮਨ ਦੀ ਪਦਾਰਥ ਉੱਤੇ ਹੈਰਾਨ ਕੁੰਨ ਜਿੱਤ' 'ਕੀ ਵਿਗਿਆਨ ਕੋਲਸਾਰੇ ਜਵਾਬ ਹਨ?' ਤੇ 'ਵਿਗਿਆਨ ਉਦੇਸ਼ ਵਾਲਾ ਸਵਾਮੀ' ਸ਼੍ਰੀ ਮਾਨ ਐਸ. ਕੇ. ਤ੍ਰਿਪਾਠੀ ਨੇ ਸਵਾਮੀ ਰਾਮ ਨੂੰ ਇਕ ਵਿਗਿਆਨਕ ਯੋਗੀ ਦੱਸਿਆ ਹੈ ਜੋ ਐਕਸਫੋਰਡ ਯੂਨੀਵਰਸਿਟੀ ਵਿੱਚ ਪੜ੍ਹਿਆ ਸੀ ਤੇ ਅੱਜ ਕੱਲ੍ਹ "ਯੋਗ ਬਾਰੇ ਦਸ ਸੈਂਚੀਆਂ ਵਾਲਾ ਵਿਸ਼ਵ-ਕੋਸ਼" ਲਿਖ ਰਿਹਾ ਹੈ। ਉਸ ਲੇਖ ਵਿੱਚ ਕਿਹਾ ਗਿਆ ਹੈ ਕਿ ਸਵਾਮੀ ਰਾਮ ਨੇ ਇਕੋ ਵਾਰ ਆਪਣੇ ਇਲਾਜ ਕਰਨ ਦੀ ਸ਼ਕਤੀ ਰਾਹੀਂ ਕੈਂਸਰ ਦਾ ਇਲਾਜ ਕਰ ਦਿੱਤਾ ਸੀ ਅਤੇ ਆਪਣੀ ਮਾਨਸਿਕ ਸ਼ਕਤੀ ਰਾਹੀਂ ਇੱਕ ਧਾਤ ਦੀ ਛੜ ਨੂੰ ਹਿਲਾ ਦਿੱਤਾ ਸੀ।

ਮੈਂ ਉਸ ਅਖ਼ਬਾਰ ਰਾਹੀਂ ਸਵਾਮੀ ਰਾਮ ਨੂੰ ਚੈਲਿੰਜ ਕੀਤਾ ਕਿ ਉਹ ਮੇਰੇ ਜਾਂ ਮੇਰੇ ਨੁਮਾਇੰਦੇ ਸਾਹਮਣੇ ਬਿਨਾਂ ਧੋਖੇ ਵਾਲੀਆਂ ਹਾਲਤਾਂ ਅਧੀਨ ਆਪਣੀ ਮਾਨਸਿਕ ਸ਼ਕਤੀ ਦਾ ਪ੍ਰਗਟਾਵਾ ਕਰੇ ਅਤੇ ਜੇ ਉਹ ਸਫਲ ਹੋ ਗਿਆ, ਮੈਂ ਉਸਨੂੰ ਇਕ ਲੱਖ ਰੁਪਏ ਦਾ ਇਨਾਮ ਦੇਵਾਂਗਾ ਪਰ ਕੋਈ ਜਵਾਬ ਨਾ ਆਇਆ।

**ਭੋਇੰ ਸਮਾਧੀ**

1973 ਵਿੱਚ ਭਾਰਤ ਦੇ ਡਾਕਟਰੀ ਸਬੰਧੀ ਰਸਾਲੇ 'ਮੈਡੀਕਲ ਜਨਰਲ ਆਫ਼ ਇੰਡੀਆ' ਨੇ ਰਵਿੰਦਰ ਨਾਥ ਮੈਡੀਕਲ ਕਾਲਿਜ ਕਲਕੱਤਾ ਦੇ ਡਾਕਟਰਾਂ ਕੁਠਾਰੀ ਬੋਰਡੀਆ ਅਤੇ ਗੁਪਤਾ ਦੁਆਰਾ ਕੀਤੇ ਗਏ ਪ੍ਰਯੋਗ ਸਬੰਧੀ ਇਕ ਰਿਪੋਰਟ ਛਾਪੀ। ਜਿਸ ਵਿੱਚ ਇੱਕ ਯੋਗੀ ਜਿਹੜਾ ਕਿ ਅੱਠ ਦਿਨ ਤੱਕ ਇੱਕ ਢਕੇ ਹੋਏ ਟੋਏ ਵਿੱਚ ਰਿਹਾ ਸੀ ਅਤੇ ਜਿਸਦੀ ਦਿਲ ਦੀ ਧੜਕਨ ਬੰਦ ਹੋ ਗਈ ਸੀ, ਬਾਰੇ ਜ਼ਿਕਰ ਕੀਤਾ ਗਿਆ ਸੀ। ਦੂਸਰੇ ਦਿਨ ਦਿਲ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ ਅਤੇ ਇਹ ਪ੍ਰਯੋਗ ਦੇ ਅੰਤ ਹੋਣ ਤੋਂ ਅੱਧਾ ਘੰਟਾ ਪਹਿਲਾਂ ਤੱਕ ਉਸੇ ਤਰ੍ਹਾਂ ਬੰਦ ਰਿਹਾ ਸੀ।

ਬਹੁਤ ਸਾਰੇ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ ਇਸਦਾ ਉੱਤਰ ਛਾਪ ਕੇ ਮੈਂ ਇਸ ਵਿਗਿਆਨਕ ਰਸਾਲੇ ਦੀ ਨੁਕਤਾਚੀਨੀ ਕੀਤੀ, ਜਿਸ ਨੇ ਤਿੰਨ ਅੰਧ ਵਿਸ਼ਵਾਸੀ ਡਾਕਟਰਾਂ ਦੁਆਰਾ ਕੀਤੇ ਗਏ ਬੇਹੂਦਾ ਤਜਰਬੇ ਦਾ ਨਤੀਜਾ ਛਾਪਿਆ ਗਿਆ ਸੀ ਅਤੇ ਜਿੰਨਾ ਕੋਲ ਉਹੀ ਤਜਰਬਾ ਜ਼ਮੀਨ ਵਾਲੇ ਟੋਏ ਦੀ ਤਰ੍ਹਾਂ ਬਰਾਬਰ ਆਕਾਰ ਦੇ ਸ਼ੀਸ਼ੇ ਵਾਲੇ ਬਕਸੇ ਵਿੱਚ ਯੋਗੀ ਨਾਲ ਉਸੇ ਤਰ੍ਹਾਂ ਦਾ ਤਜਰਬਾ ਦੁਹਰਾਉਣ ਦੀ ਸਾਧਾਰਨ ਅਕਲ ਵੀ ਨਹੀਂ ਸੀ, ਤਾਂ ਜੋ ਉਹ ਯਕੀਨੀ ਬਣਾ ਲੈਣ ਕਿ ਯੋਗੀ ਦੇ ਦਿਲ ਦੀ ਧੜਕਨ ਨੋਟ ਕਰਨ ਵਾਲੇ ਯੰਤਰ ਤੋਂ ਆਪਣੇ ਸਰੀਰ ਦੇ ਸਬੰਧ ਤਾਂ ਨਹੀਂ ਤੋੜ ਲੈਂਦਾ। ਮੈਂ ਕਿਹਾ ਕਿ ਮੈਂ ਸ੍ਰੀ ਲੰਕਾ ਤੋਂ ਰਬੜ ਦੀ ਤਿੰਨ ਗਜ਼ ਲੰਬੀ ਟੇਪ ਭੇਜਾਂਗਾ ਅਤੇ ਇਹਨਾਂ ਤਿੰਨਾਂ ਡਾਕਟਰਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਨਾਲ ਯੋਗੀ ਦੇ ਨੱਕ ਅਤੇ ਮੂੰਹ ਉੱਤੇ ਪੱਟੀਆਂ ਬੰਨ੍ਹ ਦੇਣ। ਜੇ ਯੋਗੀ ਛੇ ਦਿਨਾਂ ਦੀ ਥਾਂ ਛੇ ਮਿੰਟ ਵੀ ਜਿਉਂਦਾ ਰਿਹਾ ਤਾਂ ਮੈਂ ਤਿੰਨੇ ਡਾਕਟਰਾਂ ਅਤੇ ਯੋਗੀ ਵਿਚਕਾਰ ਵੰਡਣ ਲਈ ਇੱਕ ਲੱਖ ਰੁਪਏ ਦਾ ਇਨਾਮ ਦੇਵਾਂਗਾ।

**ਸੂਫੀ ਅਤੇ ਗੁਰੂ**

ਜਦੋਂ ਇਹਨਾਂ ਭਰਮਾਂ (hallucinations) ਦੇ ਸ਼ਿਕਾਰ ਅਨਪੜ੍ਹ ਅਤੇ ਅਗਿਆਨੀ ਹੋਣ ਉਹਨਾਂ ਨੂੰ ਪਾਗਲ ਕਿਹਾ ਜਾਂਦਾ ਹੈ ਅਤੇ ਜਦੋਂ ਉਹ ਆਪਣੇ ਜ਼ਾਤੀ ਤਜਰਬਿਆਂ ਬਾਰੇ ਗੱਲਾਂ ਕਰਦੇ ਹਨ, ਕੋਈ ਉਹਨਾਂ ਵੱਲ ਧਿਆਨ ਨਹੀਂ ਦਿੰਦਾ। ਅਕਸਰ ਹੀ ਉਹਨਾਂ ਨੂੰ ਪਾਗਲਖਾਨੇ ਭੇਜ ਦਿੱਤਾ ਜਾਂਦਾ ਹੈ। ਦੂਸਰੇ ਪਾਸੇ ਜੇਕਰ ਇਹਨਾਂ ਭਰਮਾਂ ਦੇ ਸ਼ਿਕਾਰ ਪੜ੍ਹੇ ਲਿਖੇ ਬੁਧੀਮਾਨ ਹੋਣ ਤਾਂ ਉਹ ਆਪਣੇ ਭਰਮਾਂ ਨੂੰ 'ਓੜਕ ਸੱਚ' ਜਾਂ ਗਿਆਨੀ ਹੋਣ ਦੇ ਤਜਰਬੇ ਦੇ ਤੌਰ ਤੇ ਦੱਸਣ ਵਿੱਚ ਸਫਲ ਹੋ ਜਾਣਗੇ। ਮੰਨੀ ਜਾਣ ਵਾਲੀ ਦਲੀਲ ਦੇਣ, ਲਿਖਣ, ਬੋਲਣ ਅਤੇ ਭਰਮਾਂ ਨੂੰ ਅਧਿਆਤਮਿਕ ਤਜਰਬੇ ਦੇ ਤੌਰ ਦੱਸਣ ਦੀ ਯੋਗਤਾ ਨਾਲ ਆਪਣੇ ਆਲੇ-ਦੁਆਲੇ ਚੇਲੇ, ਸ਼ਰਧਾਲੂ, ਪਿਛਲੱਗਾਂ ਦੇ ਤੌਰ ਤੇ ਹੋਰ ਬਹੁਤ ਸਾਰੇ ਅੰਧ-ਵਿਸ਼ਵਾਸੀ ਵਿਅਕਤੀ ਇਕੱਠੇ ਕਰਨ ਦੇ ਯੋਗ ਹੋ ਜਾਣਗੇ। *ਪੜ੍ਹਿਆ-ਲਿਖਿਆ ਵਹਿਮੀ ਆਦਮੀ ਇਸ ਸਮਾਜ ਪ੍ਰਤੀ ਅਨਪੜ੍ਹ ਨਾਲੋਂ ਵੱਧ ਖਤਰਨਾਕ ਹੁੰਦਾ ਹੈ। ਕਿਉਂਕਿ ਉਹ ਅਨਪੜ ਨਾਲੋਂ ਮਾਨਸਿਕ ਸੜਾਂਦ ਵਧੇਰੇ ਫੈਲਾ ਸਕਦਾ ਹੈ।* ਭੌਤਿਕ ਵਿਗਿਆਨ, ਰਸਾਇਣਕ ਵਿਗਿਆਨ, ਬਨਸਪਤੀ ਵਿਗਿਆਨ, ਜੀਵ ਵਿਗਿਆਨ, ਜੰਤੂ ਵਿਗਆਨ, ਤਕਨੀਕੀ ਵਿਗਿਆਨ, ਕੀੜਿਆ ਸਬੰਧੀ ਵਿਦਿਆ, ਭੂੰ-ਜੀਵ ਵਿਗਿਆਨ, ਤਾਰਾ

ਵਿਗਿਆਨ, ਇਤਿਹਾਸ ਭੂਗੋਲ, ਇਮਾਰਤਸਾਜੀ ਵਰਗੀਆਂ ਕਿਤਾਬਾਂ ਹੁਸ਼ਿਆਰ ਬੁੱਧੀਮਾਨਾਂ ਦੀ ਬਾਹਰਮੁੱਖੀ ਰਚਨਾਤਮਕ ਸੋਚ ਦਾ ਸਿੱਟਾ ਹਨ। ਦੂਸਰੇ ਪਾਸੇ ਇਤਿਹਾਸਕ ਜਿਵੇਂ ਕਿ ਐਸੋਪ ਅਲੌਕਿ ਕਹਾਣੀਆਂ, ਗੁਲੀਵਰ ਦੀਆਂ ਯਾਤਰਾਵਾਂ, ਅਰਬਾਂ ਦੀਆਂ ਰਾਤਾਂ, ਰਮਾਇਣ, ਓਡੀਸੀ ਮਹਾਂਭਾਰਤ, ਬਾਈਬਲ ਅਤੇ ਕੁਰਾਨ ਆਦਿ ਵਰਗੀਆਂ ਕਿਤਾਬਾਂ ਬੁੱਧੀਮਾਨਾਂ ਦੀ ਕਲਪਨਾਤਮਿਕ-ਰਚਨਾਤਮਿਕ ਸੋਚ ਦਾ ਸਿੱਟਾ ਹੁੰਦੀਆਂ ਹਨ। ਮੈਂ ਆਪਣੀ ਲਾਇਬਰੇਰੀ ਲਈ ਉਨਾਂ ਦੀਆਂ ਕਿਤਾਬਾਂ ਰੱਖਣ ਦੀ ਬਜਾਏ ਅਜਿਹੇ ਬੁੱਧੀਜਵੀ ਦੀਆਂ ਕਲਪਨਾਤਮਿਕ ਪੇਟਿੰਗ ਅਤੇ ਸ਼ਿਲਪ ਕਲਾਵਾਂ ਆਪਣੇ ਡਰਾਇੰਗ ਰੂਮ ਨੂੰ ਸਜਾਉਣ ਲਈ ਰੱਖਣ ਨੂੰ ਪਹਿਲ ਦੇਵਾਗਾਂ। ਮੈਂ ਉਨ੍ਹਾਂ ਦਾ ਵਿਰੋਧ ਕਰਦਾ ਹਾਂ, ਕਿਉਂਕਿ ਉਹ ਸਾਰੀਆਂ ਮਾਨਸਿਕ ਸੜਾਂਦ ਫੈਲਾਉਂਦੀਆਂ ਹਨ।

ਆਧੁਨਿਕ ਸਾਲਾਂ ਵਿੱਚ ਪਰਮਾਣੂ ਊਰਜਾ, ਪੁਲਾੜ ਵਿੱਚ ਲੱਖਾਂ ਹੀ ਪ੍ਰਕਾਸ਼ ਸਾਲਾਂ ਦੀ ਦੂਰੀ ਤੋਂ ਵੇਖਣ ਵਾਲੀ ਰੇਡੀਓ ਦੂਰਬੀਨ, ਜੀਅ ਸਕਣ ਵਾਲੇ ਮਾਦੇ ਦੇ ਕਣਾਂ ਦਾ ਵਿਸ਼ਲੇਸ਼ਣ, ਪੁਲਾੜੀ ਉਡਾਣ, ਪੁਲਾੜੀ ਸੰਚਾਰ ਸਾਧਨ, ਦੂਰਦਰਸ਼ਨ, ਚੰਦ ਉੱਤੇ ਉਤਾਰਾ, ਦਿਲ ਦਾ ਤਬਾਦਲਾ, ਦਿਲ ਦੀ ਧੜਕਣ ਤੇਜ ਕਰਨ ਵਾਲੇ ਯੰਤਰ ਦੀ ਖੋਜ, ਦਿਲ ਅਤੇ ਫੇਫੜਿਆਂ ਦੀ ਮਸ਼ੀਨ, ਬਨਾਉਟੀ ਗੁਰਦੇ, ਜੀਵਾਣੂ ਵਿਗਿਆਨ, ਖ਼ੂਨ ਦਾ ਅਦਾਨ ਪ੍ਰਦਾਨ, ਸਾਹ ਦਿਵਾਉਣ ਵਾਲਾ ਯੰਤਰ ਆਦਿ ਮਨੁੱਖ ਦੀਆਂ ਕੁੱਝ ਮਹੱਤਵ-ਪੂਰਨ ਪ੍ਰਾਪਤੀਆਂ ਵਿਗਿਆਨੀਆਂ ਦੀ ਬਾਹਰਮੁੱਖੀ ਰਚਨਾਤਮਿਕ ਸੋਚ ਨੇ ਸੰਭਵ ਬਣਾਈਆਂ ਹਨ। ਮਨੁੱਖ ਦੀ ਵਿਗਿਆਨ ਪ੍ਰਾਪਤੀ ਪ੍ਰਤੀ ਕਿਸੇ ਵੀ ਧਰਮ-ਗ੍ਰੰਥ ਨੇ ਕੋਈ ਗਿਆਨ ਨਹੀਂ ਦਿੱਤਾ। ਇਸ ਤੋਂ ਵੀ ਵੱਧ ਕੋਈ ਵੀ ਖੋਜੀ ਪ੍ਰਯੋਗਸ਼ਾਲਾ ਆਪਣੀਆਂ ਲਾਇਬਰੇਰੀਆਂ ਵਿੱਚ ਅਜਿਹੇ ਗ੍ਰੰਥ ਅਧਿਐਨ ਲਈ ਨਹੀਂ ਰੱਖਦੀ।

**ਅਬਾਦੀ ਦਾ ਧਮਾਕਾ**

ਉੱਚੀ ਜਨਮ ਦਰ ਲਈ ਧਾਰਮਿਕ ਨੇਤਾ ਮੁੱਖ ਤੌਰ ਤੇ ਜ਼ੁੰਮੇਵਾਰ ਹਨ। ਉਹ ਵੱਡੇ ਪਰਿਵਾਰ ਦੀ ਵਕਾਲਤ ਕਰਦੇ ਹਨ ਅਤੇ ਪਰਿਵਾਰ ਨਿਯੋਜਨ ਦੇ ਜਨਮ ਨਿਯਮਤ ਲਈ ਵਰਤੇ ਸਾਰੇ ਢੰਗਾਂ ਦੀ ਜੋਰਦਾਰ ਵਿਰੋਧਤਾ ਕਰਦੇ ਹਨ। ਪਰੰਤੂ ਜਦੋਂ ਔਖਾ ਸਮਾਂ ਆਉਂਦਾ ਹੈ ਅਤੇ ਗਰੀਬ ਭੁੱਖੇ ਹੋ ਜਾਂਦੇ ਹਨ ਤਾਂ ਧਾਰਮਿਕ ਨੇਤਾ ਜਿਨ੍ਹਾਂ ਦੀ ਨੀਤੀ ਨੇ ਇਸ ਤਰ੍ਹਾਂ ਦੀ ਹਾਲਤ ਪੈਦਾ ਕਰਨ ਵਿੱਚ ਸਹਾਇਤਾ ਕੀਤੀ ਹੁੰਦੀ ਹੈ। ਇਸ ਲਈ ਕਿਸੇ ਵੀ ਕਿਸਮ ਦੀ ਜ਼ੁੰਮੇਵਾਰੀ ਲੈਣ ਤੋਂ ਇਨਕਾਰ ਕਰਦੇ ਹਨ। ਹੁਣ ਜਦੋਂ ਸਾਰੀ ਦੁਨੀਆਂ ਵਿੱਚ ਭੋਜਨ ਦੀ ਕਮੀ ਮਹਿਸੂਸ ਹੋ ਰਹੀ ਹੈ, ਤਾਂ ਪੱਛਮ ਦੇ ਉਨਤਸ਼ੀਲ ਦੇਸ਼ ਆਪਣੇ ਦੇਸ਼ ਵਿੱਚ ਅਤੇ ਉਨਤੀ ਕਰ ਰਹੇ ਦੇਸ਼ਾਂ ਵਿੱਚ ਪਰਿਵਾਰਾਂ ਨੂੰ ਜਨਮ ਰੋਕਣ ਸਬੰਧੀ ਸੂਚਨਾਵਾਂ ਅਤੇ ਗਰਭ ਰੋਕੂ ਸਾਧਨ ਮੁਹੱਈਆਂ ਕਰਕੇ ਧਾਰਮਿਕ ਨੇਤਾਵਾਂ ਨਾਲੋਂ ਆਪਣਾ ਸਬੰਧ ਤੋੜ ਲੈਣ ਦੀ ਜਰੂਰਤ ਸਮਝਣ ਲੱਗ ਪਏ ਹਨ।

ਪਰੰਤੂ ਭੋਜਨ ਦੀ ਇਹ ਸਰਵ-ਵਿਆਪੀ ਕਮੀ ਹੋਰ ਵੀ ਗੰਭੀਰ ਹੋ ਰਹੀ ਹੈ, ਬਹੁਤ ਸਾਰੇ ਲੋਕ ਭੁੱਖ ਨਾਲ ਮਰ ਰਹੇ ਹਨ ਅਤੇ ਆਉਣ ਵਾਲੇ ਅਗਲੇ ਕੁੱਝ ਸਾਲਾਂ ਵਿੱਚ ਭੁੱਖ ਨਾਲ ਬਲੀ ਦੇ ਬਕਰੇ ਬਣਨ ਵਾਲਿਆਂ ਦੀ ਗਿਣਤੀ ਲੱਖਾਂ ਤੱਕ ਪਹੁੰਚਣ ਦੀ ਆਸ ਹੈ। ਪੂਰਬ ਦੇ ਦੇਸ਼ਾਂ ਵਿੱਚ ਜਨਮ ਅਤੇ ਮੌਤ ਦਰ ਸਭ ਤੋਂ ਉੱਚੀ ਹੈ, ਜਿੱਥੇ ਅਨਪੜ੍ਹਤਾ, ਅਗਿਆਨਤਾ, ਗਰੀਬੀ ਅਤੇ ਵਹਿਮ ਸਭ ਤੋਂ ਵੱਧ ਹਨ।

ਭਾਵੇਂ ਸਾਰੇ ਸੰਸਾਰ ਲਈ ਅਬਾਦੀ ਦਾ ਧਮਾਕਾਖੇਜ ਵਾਧੇ ਦਾ ਪੱਕਾ ਖਤਰਾ ਹੈ ਸ਼੍ਰੀ ਲੰਕਾ ਦੇ ਟਾਪੂ ਵਿਖੇ ਬੋਹੜ ਦੇ ਦਰੱਖਤਾਂ ਦਾ ਵਾਧਾ ਵੀ ਇੱਕ ਵਾਧੂ ਖਤਰਾ ਬਣ ਗਿਆ ਹੈ। 'ਦੇਸ਼ ਦੀ ਖੁਸ਼ਹਾਲੀ ਲਈ ਸ਼ੁੱਭ ਸ਼ਗਨ' ਦੇ ਨਾਂ ਥੱਲੇ 27 ਅਪ੍ਰੈਲ, 1978 ਦਾ ਡੇਲੀ ਨਿਊਜ਼ ਆਪਣੇ ਪਹਿਲੇ ਸਫੇ ਤੇ ਛਪੇ ਵੱਡੇ ਲੇਖ ਦੀ ਵੱਡੀ ਸੁਰਖੀ ਅਧੀਨ ਇਹ ਕਹਿੰਦਾ ਹੈ "ਪਵਿੱਤਰ ਸ਼੍ਰੀ ਮਹਾਂਬੋਧੀ ਅਨੁਰਾਧਾਪੁਰ ਤੋਂ ਸਾਰੇ ਟਾਪੂ ਵਿਖੇ ਲਾਉਣ ਲਈ ਬੋਹੜ ਦੇ ਦਰੱਖਤ ਮੁਹੱਈਆ ਕੀਤੇ ਜਾਣਗੇ।"

ਜ਼ਾਕ(ਪੂਰਬੀ ਭਾਰਤ ਦਾ ਇੱਕ ਫਲ) ਅੰਬ, Mangosteen (ਮਲਾਇਆ ਦਾ ਸੰਤਰੇ ਵਰਗਾ ਇੱਕ ਫਲ) ਸਾਗਵਾਨ, ਰਬੜ, ਨਾਰੀਅਲ ਖਜੂਰ, ਚਾਹ, ਕਾਫੀ, ਕੁਨੀਨ ਆਦਿ ਦੇ ਉਲਟ ਬੋਹੜ ਦਾ ਦਰੱਖਤ ਇੱਕ ਬੇਅਰਥ ਦਰੱਖਤ ਹੈ। ਭਾਵੇਂ ਕਿ ਸਪੱਸ਼ਟ ਸ਼ਬਦਾਂ ਵਿੱਚ ਭਗਵਾਨ ਬੁੱਧ ਨੇ ਬੁੱਤ-ਪ੍ਰਸਤੀ ਦਾ ਵਿਰੋਧ ਕੀਤਾ ਸੀ, ਪਰ ਵਿਅਰਥ ਦਰੱਖਤ ਇਸ ਦੇਸ਼ ਵਿੱਚ ਲੱਖਾਂ ਹੀ ਲੋਕਾਂ ਵੱਲੋਂ ਪਵਿੱਤਰ ਦਰੱਖਤ ਦੇ ਤੌਰ ਤੇ ਪੂਜਿਆ ਜਾਂਦਾ ਹੈ। ਕੇਵਲ ਦਰੱਖਤ ਹੀ ਨਹੀਂ ਸਗੋਂ ਇਸ ਦੇ ਦੁਆਲੇ ਵਾਲੀ ਥਾਂ ਵੀ ਪਵਿੱਤਰ ਸਮਝੀ ਜਾਂਦੀ ਹੈ। ਇਸ ਦਰੱਖਤ ਨੂੰ ਸਾਰੇ ਟਾਪੂ ਵਿਖੇ ਵੰਡਣ ਨਾਲ ਸਾਰਾ ਹੀ ਸ਼੍ਰੀ ਲੰਕਾ ਪਵਿੱਤਰ ਬੋਹੜ ਦੇ ਦਰੱਖਤਾਂ ਦਾ ਜੰਗਲ ਬਣ ਜਾਵੇਗਾ ਅਤੇ ਇਹ ਦੇਸ਼ ਪਵਿੱਤਰ ਟਾਪੂ ਵਿੱਚ ਬਦਲ ਜਾਵੇਗਾ। ਜਿੱਥੇ ਕਿ ਆਉਣ ਵਾਲੇ ਭੁੱਖੇ ਮਰਦੇ ਲੰਕਾ ਵਾਸੀਆਂ ਲਈ ਘਰ ਬਣਾਉਣ ਵਾਸਤੇ ਅਤੇ ਖੇਤੀ ਕਰਨ ਵਾਸਤੇ ਕੋਈ ਥਾਂ ਨਹੀਂ ਹੋਵੇਗੀ।

ਇੱਕ ਹੋਰ ਫਿਕਰ ਵਾਲੀ ਖਬਰ ਟਾਇਮਜ਼ ਅਖ਼ਬਾਰਾਂ ਦੇ ਸਮੂਹ ਵੱਲੋਂ ਆਈ। 'ਸ਼੍ਰੀ ਲੰਕਾ ਦੀਪ' ਟਾਈਮਜ਼ ਆਫ ਸਲੋਨ ਲਿਮਟਿਡ ਅਖ਼ਬਾਰਾਂ ਦੇ ਬੋਧੀ ਪਾਠਕਾਂ ਨੂੰ ਭਾਰਤ ਵਿਖੇ ਦੋ ਹਫਤੇ ਤੱਕ ਮੁਫਤ ਯਾਤਰਾ ਕਰਨ ਲਈ ਮੌਕਾ ਦੇਣ ਦੀ ਪੇਸ਼ਕਸ਼ ਕਰਦੀ ਹੈ।

ਸ੍ਰੀ ਲੰਕਾ ਦੇ ਰਿਸ਼ਟ-ਪੁਸ਼ਟ ਸ਼ਹਿਰੀ ਆਪਣੇ ਕੰਮ ਵਾਲੇ ਘੰਟੇ ਦੋ ਹਫਤੇ ਤੱਕ ਬਰਬਾਦ ਕਰ ਸਕਦੇ ਹਨ, ਕਿਉਂਕਿ ਉਦਯੋਗਿਕ ਦੇਸ਼ਾਂ ਦੇ ਕਾਮੇ ਸਾਨੂੰ ਆਰਥਿਕ ਸਹਾਇਤਾ ਦੇ ਨਾਂ ਥੱਲੇ ਸਾਡੇ ਲਈ ਕੰਮ ਕਰਨ ਅਤੇ ਖਵਾਉਣ ਲਈ ਬੈਠੇ ਹਨ। ਲਾਰਡ ਫੈਨਰ ਬਰਾਕਵੇ ਦੀ ਇਹ ਗੱਲ ਬਿਲਕੁਲ ਠੀਕ ਸੀ ਕਿ ਸਾਨੂੰ ਪੂਰਬ ਦੇ ਉੱਨਤੀ ਕਰ ਰਹੇ ਦੇਸ਼ਾਂ ਦੇ ਅਧਿਆਤਮਿਕ ਲੋਕਾਂ ਨੂੰ ਆਰਥਿਕ ਸਹਾਇਤਾ ਦੇਣ ਦੀ ਬੇਲੋੜੀ ਨੀਤੀ ਬੰਦ ਕਰ ਦੇਣੀ ਚਾਹੀਦੀ ਹੈ।

# ਸਕੂਲਾਂ ਵਿੱਚ ਧਾਰਮਿਕ ਵਿੱਦਿਆ

ਜਦੋਂ ਸਰਬ ਸ਼੍ਰੀ ਲੰਕਾ ਬੋਧੀ ਕਾਂਗਰਸ ਅਤੇ ਇਸਦਾ ਪ੍ਰਧਾਨ ਡਾ. ਜੀ. ਪੀ. ਮਲਾਲਾ ਸ਼ੇਖਰ ਇਸ ਗੱਲ ਤੇ ਬਜਿੱਦ ਹਨ ਕਿ ਧਰਮ ਨੂੰ ਸਰਕਾਰੀ ਸਕੂਲਾਂ ਵਿੱਚ ਇੱਕ ਵਿਸ਼ੇ ਤੇ ਤੌਰ ਤੇ ਪੜ੍ਹਾਉਣਾ ਚਾਹੀਦਾ ਹੈ ਤਾਂ ਇਹ ਜਰੂਰੀ ਬਣ ਜਾਂਦਾ ਹੈ ਕਿ ਦੇਸ਼ ਦੇ ਸ਼ਹਿਰੀ ਧਰਮ ਦੇ ਨਾਂ ਥੱਲੇ ਛੋਟੇ ਬੱਚਿਆਂ ਨੂੰ ਉਹਨਾਂ ਦੀ ਕੱਚੀ ਉਮਰ ਵਿੱਚ ਫਜ਼ੂਲ ਅਤੇ ਝੂਠੀਆਂ ਗੱਲਾਂ ਸਿਖਾਉਣ ਸੰਬੰਧੀ ਕੁਝ ਜਾਣ-ਬੁੱਝ ਲੈਣ।

ਸਾਡੇ ਸਕੂਲਾਂ ਵਿੱਚ 'ਕੁਸਾ ਫਾਥਾਕਾਇਆ' 'ਗੁਟਿਲਾ ਕਾਬਿਆ' ਅਤੇ 'ਉਮਾਰਾ ਫਾਬਾਕਾਇਆ' ਤਿੰਨ ਧਾਰਮਿਕ ਪੁਸਤਕਾਂ ਸਿੱਖਿਆ ਵਿਭਾਗ ਪੜ੍ਹਾਉਣ ਲਈ ਨਿਸ਼ਚਤ ਕੀਤੀਆਂ ਗਈਆਂ ਹਨ।

### ਧੁੰਨੀ ਰਾਹੀਂ ਗਰਭ

1962 ਵਿੱਚ ਕੋਲੰਬੋ ਦੀਆਂ ਬੋਧੀ ਔਰਤਾਂ ਦੇ ਕਾਲਜ ਵਿੱਚ ਇਕ ਅਧਿਆਪਕ ਛੇਵੀਂ ਜਮਾਤ ਵਿੱਚ ਕੁੜੀਆਂ ਨੂੰ ਕੁਸਾ ਫਾਬਾਕਾਇਆ ਪੜ੍ਹਾ ਰਿਹਾ ਸੀ। ਇਸ ਮਸ਼ਹੂਰ ਜੁਥਾਕਾ ਕਹਾਣੀ ਅਨੁਸਾਰ ਬੁੱਧ ਆਪਣੇ ਅਨੇਕ ਜਨਮਾਂ ਵਿੱਚੋਂ ਇੱਕ ਵਿੱਚ ਕੁਸ਼ਾ ਦੇ ਤੌਰ ਤੇ ਪੈਦਾ ਹੋਇਆ ਸੀ। ਉਸਨੇ ਇੱਕ ਸੁੰਦਰ ਰਾਜਕੁਮਾਰੀ ਪਾਵਾਬਾਥੀ ਨਾਲ ਸ਼ਾਦੀ ਕੀਤੀ, ਪ੍ਰੰਤੂ ਉਹਨਾਂ ਦੇ ਕੋਈ ਸੰਤਾਨ ਨਾ ਹੋਈ।

ਦੇਵਤਿਆਂ ਦੇ ਰਾਜੇ ਸ਼ਕਰਾ ਦੀ ਰਾਜ ਗੱਦੀ ਪੱਥਰ ਦੀ ਹੈ। ਇਹ ਖੰਭਾਂ ਦੇ ਗੱਦੇ ਦੀ ਤਰ੍ਹਾਂ ਬਹੁਤ ਹੀ ਅਰਾਮਦਾਇਕ ਹੈ, ਪ੍ਰੰਤੂ ਜਦੋਂ ਕੋਈ ਚੰਗਾ ਵਿਅਕਤੀ ਧਰਤੀ ਉੱਤੇ ਮੁਸੀਬਤ ਵਿੱਚ ਹੁੰਦਾ ਹੈ ਤਾਂ ਇਹ ਬਹੁਤ ਹੀ ਗਰਮ ਹੋ ਜਾਂਦੀ ਹੈ। ਕੁਸ਼ਾ ਮੁਸੀਬਤ ਵਿੱਚ ਸੀ। ਸ਼ਕਰਾ ਨੇ ਆਪਣੀ ਰਾਜਗੱਦੀ ਗਰਮ ਮਹਿਸੂਸ ਕੀਤੀ। ਉਹ ਕੁਝ ਸਮਾਂ ਅੰਤਰ ਧਿਆਨ ਹੋ ਗਿਆ ਅਤੇ ਉਸਨੇ ਫੈਸਲਾ ਕੀਤਾ ਕਿ ਕੁਸਾ (ਬੁੱਧ) ਦੀ ਪਤਨੀ ਨੂੰ ਇੱਕ ਬੱਚਾ ਦਿੱਤਾ ਜਾਵੇ। ਜਦੋਂ ਪਾਵਾਬਾਥੀ ਸੁੱਤੀ ਪਈ ਤਾਂ ਉਹ ਅਦਿੱਖ ਬਣ ਕੇ ਉੱਥੇ ਆਇਆ ਅਤੇ ਆਪਣੇ ਪੈਰ ਦੇ ਅੰਗੂਠੇ ਨੂੰ ਉਸਦੀ ਧੁੰਨੀ ਨਾਲ ਰਗੜਿਆ। ਇਸ ਤਰ੍ਹਾਂ ਪਾਵਾਬਾਥੀ ਗਰਭਵਤੀ ਹੋ ਗਈ।

ਜਮਾਤ ਵਿਚਲੀਆਂ ਤੀਹ ਕੁੜੀਆਂ ਵਿੱਚੋਂ ਇਕ ਬਾਰਾਂ ਸਾਲ ਦੀ ਕੁੜੀ ਉੱਠੀ ਅਤੇ ਅਧਿਆਪਕ ਨੂੰ ਪੁੱਛਿਆ ਕਿ ਕੀ ਔਰਤ ਦੇ ਬੱਚਾ ਇਸ ਤਰ੍ਹਾਂ ਪੈਦਾ ਹੁੰਦਾ ਹੈ ?

ਜੇ ਅਧਿਆਪਕ ਨਾਂਹ ਕਰਦਾ ਤਾਂ ਉਸਨੂੰ ਦੱਸਣਾ ਪੈਂਦਾ ਕਿ ਕਹਾਣੀ ਕਲਪਿਤ ਹੈ। ਜੇ ਉਹ ਝੂਠ ਕਹਿੰਦਾ ਤਾਂ ਉਹ ਇਕ ਮਾਸੂਮ ਬੱਚੇ ਨੂੰ ਝੂਠ ਦੱਸਣ ਦਾ ਦੋਸ਼ੀ ਹੁੰਦਾ। ਇਸ ਤੋਂ ਵੀ ਵੱਧ ਉਹ ਕੁੜੀ ਅਤੇ ਦੂਜੀਆਂ ਕੁੜੀਆ ਅਧਿਆਪਕ ਦੇ ਇਸ ਸ਼ਬਦ ਨੂੰ ਮੰਨ ਲੈਂਦੀਆਂ ਅਤੇ ਇਹ ਵਿਸ਼ਵਾਸ ਕਰ ਲੈਂਦੀਆਂ ਕਿ ਇਹ ਜਣਨ-ਅੰਗ ਨਹੀਂ ਸਗੋਂ ਧੁੰਨੀ ਹੈ, ਜਿਹੜੀ ਕਿ ਹਰ ਕੀਮਤ ਤੇ ਬਚਾਅ ਕੇ ਰੱਖਣੀ ਹੈ।

ਧੁੰਨੀ ਦੁਆਰਾ ਗਰਭ ਧਾਰਨ ਕਰਨਾ (ਜਿਵੇਂ ਕਿ ਈਸਾ ਦੀ ਮਾਂ ਨੇ ਕੀਤਾ ਸੀ) ਜਾਂ ਮੂੰਹ ਦੁਆਰਾ ਗਰਭ ਧਾਰਨ ਕਰਨਾ (ਜਿਵੇਂ ਕਿ ਸ਼੍ਰੀ ਰਾਮ ਚੰਦਰ ਦੀ ਮਾਂ ਨੇ ਕੀਤਾ ਸੀ), ਸਾਡੇ ਸਕੂਲਾਂ ਵਿੱਚ ਧਰਮ ਦੇ ਨਾਂ ਥੱਲੇ ਬਹੁਤ ਸਾਰੀਆਂ ਅਜਿਹੀਆਂ ਵਾਹਯਾਤ ਗੱਲਾਂ ਪੜ੍ਹਾਈਆਂ ਜਾਂਦੀਆਂ ਹਨ।

### ਗ਼ਲਤ ਅਤੇ ਠੀਕ

ਧਾਰਮਿਕ ਲੋਕ ਧਾਰਮਿਕ ਸਿਖਿਆ ਖਾਤਰ ਇਸ ਲਈ ਜ਼ਿਦ ਕਰਦੇ ਹਨ ਕਿ ਕੇਵਲ ਧਰਮ ਰਾਹੀਂ ਹੀ ਆਚਰਨ ਨੂੰ ਉੱਚਾ ਚੁੱਕਿਆ ਜਾ ਸਕਦਾ ਹੈ। ਕੀ ਇਸ ਧਾਰਨਾ ਵਿੱਚ ਕੋਈ ਸਚਾਈ ਹੈ ? ਆਚਰਨ ਕੀ ਹੁੰਦਾ ਹੈ ? ਸਹੀ ਕੀ ਹੈ ? ਅਤੇ ਗ਼ਲਤ ਕੀ ਹੈ ?

ਮੱਧ ਪੂਰਬ ਦੇ ਯਹੂਦੀ ਮੱਤ, ਇਸਲਾਮ ਅਤੇ ਈਸਾਈ ਮੱਤ ਨੇ ਇਹ ਖਾਸ ਧਾਰਨਾ ਸਥਾਪਤ ਕੀਤੀ ਹੈ ਕਿ ਹਰ ਪ੍ਰਕਾਰ ਦੇ ਆਚਰਨ ਦਾ ਅਧਾਰ ਕਿਸੇ ਰੱਬੀ ਸ਼ਕਤੀ ਵਿੱਚ ਵਿਸ਼ਵਾਸ ਕਰਨਾ ਹੈ ਤਾਂ ਫਿਰ ਰਚਨਹਾਰੇ ਦੀ ਹੋਂਦ ਨੂੰ ਮੰਨਣ ਤੋਂ ਇਨਕਾਰ ਕਰਨਾ, ਅਸ਼ੁੱਧ ਆਚਰਨ ਦਾ ਚਿੰਨ ਸਮਝਿਆ ਜਾਣਾ ਚਾਹੀਦਾ ਹੈ। ਨਤੀਜੇ ਵਜੋਂ ਬੋਧੀ ਅਤੇ ਤਰਕਸ਼ੀਲ ਜਿਹੜੇ ਰਚਣਹਾਰੇ ਦੀ ਹੋਂਦ ਤੋਂ ਇਨਕਾਰ ਕਰਦੇ ਹਨ, ਨੂੰ ਪਾਪੀ ਅਤੇ ਆਚਰਣਹੀਣ ਸਮਝਿਆ ਜਾਵੇ। ਇਸ ਤਰ੍ਹਾਂ ਬੇ-ਸਮਝ ਧਾਰਮਿਕ ਬੰਦੇ ਲਈ ਉਸਦਾ ਧਰਮ ਹੀ ਉਸਦੇ ਆਚਰਨ ਦਾ ਇਕੋ ਇੱਕ ਸੋਮਾ ਹੈ। ਸਹੀ ਅਤੇ ਗਲਤ ਦੇ ਵਿਚਾਰਾਂ ਦੇ ਮੁੱਢ ਦੀ ਪੜਤਾਲ ਕਰਨ ਤੋਂ ਇਹ ਪਤਾ ਲੱਗ ਜਾਵੇਗਾ ਕਿ ਮਨੁੱਖ ਦੀਆਂ ਮੁਢਲੀਆਂ ਨਸਲਾਂ ਨੇ ਵੀ ਪਹਿਲਾਂ ਆਪਣੇ ਪਰਿਵਾਰ ਲਈ, ਫਿਰ ਕਬੀਲੇ ਲਈ ਤੇ ਅਖੀਰ ਕੌਮ ਲਈ ਕੁਝ ਆਚਰਣ ਦੇ ਨਿਯਮ ਬਣਾਏ ਸਨ। ਜੇ ਕਰਮ ਵਿਕਾਸ ਹੋਰ ਪਿਛਾਂਹ ਚਲੇ ਜਾਈਏ ਤਾਂ ਸਾਨੂੰ ਇਹ ਪਤਾ ਲੱਗਦਾ ਹੈ ਕਿ ਜਾਨਵਰਾਂ ਵਿੱਚ ਵੀ ਅਜਿਹੇ ਵਿਹਾਰ ਦੇ ਸੰਕੇਤ ਮਿਲਦੇ ਹਨ। ਜਿਸ ਨੂੰ ਅਸੀਂ ਆਚਰਨ ਕਹਿੰਦੇ ਹਾਂ। ਜੰਤੂ ਵਰਗ

ਵਿੱਚ ਵੀ ਅਜਹੇ ਇੱਕੋ ਜਿਹੇ ਲੱਛਣ ਪਾਏ ਜਾ ਸਕਦੇ ਹਨ, ਜਿਨ੍ਹਾਂ ਨੂੰ ਅਸੀਂ ਠੀਕ ਅਤੇ ਗਲਤ ਕਹ ਸਕਦੇ ਹਾ। ਜਿਸ ਵਿਅਕਤੀ ਕੋਲ ਕੁੱਤਿਆਂ ਜਾਂ ਜੰਗਲੀ ਜਾਨਵਰਾਂ ਬਾਰੇ ਤਜਰਬਾ ਹੈ, ਉਸ ਨੂੰ ਮੰਨਣਾ ਪਵੇਗਾ ਕਿ ਈਰਖਾ, ਲਾਲਚ, ਰਸ਼ਕ, ਘੁਮੰਢ ਅਤੇ ਬਹੁਤ ਸਾਰੇ ਹੋਰ ਜਜ਼ਬਾਤ ਇਹਨਾਂ ਜਾਨਵਰਾਂ ਵਿੱਚ ਹੁੰਦੇ ਹਨ ਅਤੇ ਇਸੇ ਤਰ੍ਹਾਂ ਹੀ ਪਿਆਰ, ਖਾਸ ਤੌਰ ਤੇ ਮਾਂ ਦਾ ਪਿਆਰ, ਦੁੱਖ, ਆਪਸੀ ਸਹਾਇਤਾ ਅਤੇ ਕਮਜ਼ੋਰਾਂ ਅਤੇ ਮਾਸੂਮਾਂ ਦੀ ਰੱਖਿਆ ਕਰਨ ਦੀ ਭਾਵਨਾ ਦੇ ਜਜ਼ਬਾਤ ਬਹੁਤ ਸਾਰੇ ਜੰਤੂਆਂ ਵਿੱਚ ਭਾਵੇਂ ਉਹ ਪਾਲਤੂ ਹੋਣ ਜਾਂ ਜੰਗਲੀ ਹੋਣ, ਹੁੰਦੇ ਹਨ।

**ਸਮਾਜਿਕ ਪ੍ਰਵਿਰਤੀ**

ਜਿਉਂਦੇ ਰਹਿਣ ਲਈ ਸੰਘਰਸ਼ ਤੇ ਸਭ ਤੋਂ ਵਧੀਆ ਜਿਉਂਦੇ ਰਹਿਣ ਦੀ ਕੁਦਰਤੀ ਚੋਣ ਦੇ ਨਾਲੋ-ਨਾਲ ਹੌਲੀ-ਹੌਲੀ ਗਰੁੱਪ ਦੀ ਸਮਾਜਿਕ ਪ੍ਰਵਿਰਤੀ ਪੈਦਾ ਹੋ ਗਈ। ਮਾਂ ਦਾ ਪਿਆਰ, ਆਪਸੀ ਸਹਾਇਤਾ, ਭੋਜਨ ਅਤੇ ਅਰਾਮ ਕਰਨ ਵਾਲੀ ਥਾਂ ਸਾਂਝੇ ਕਰਨਾ, ਗਰੁੱਪ ਦੀ ਭਲਾਈ ਲਈ ਇਕੱਲੇ ਵਿਅਕਤੀ ਦੇ ਕੁਰਬਾਨ ਹੋ ਜਾਣ ਆਦਿ ਭਾਵਨਾਵਾਂ ਹੀ ਉਹ ਸੋਮਾ ਸਮਝੇ ਜਾਣੇ ਚਾਹੀਦੇ ਹਨ, ਜਿਨ੍ਹਾਂ ਵਿੱਚੋਂ ਉੱਚੇ ਆਚਰਨ ਦੀਆਂ ਭਾਵਨਾਵਾਂ ਪੈਦਾ ਹੋਈਆਂ ਹਨ। ਸਾਨੂੰ ਕੁਦਰਤੀ ਤੌਰ ਤੇ ਇਹ ਮੰਨਣਾ ਪਵੇਗਾ ਕਿ ਮਨੁੱਖ ਰੂਪੀ ਪਸ਼ੂ ਨੇ ਆਪਣੇ ਕਰਮ ਵਿਕਾਸ ਦੇ ਸਫਰ ਵਿੱਚ ਇਹੋ ਜਿਹੇ ਗੁਣ ਦੂਸਰੇ ਜਾਨਵਰਾਂ ਦੀ ਤਰ੍ਹਾਂ ਪ੍ਰਾਪਤ ਕੀਤੇ।

ਇਹ ਮੰਨਣਾ ਬਿਲਕੁਲ ਬਾਦਲੀਲ ਹੈ ਕਿ ਗੁਫਾਵਾਂ ਤੇ ਦਰੱਖਤਾਂ ਤੇ ਰਹਿਣ ਵਾਲੇ ਮੁੱਢਲੇ ਮਨੁੱਖੀ ਪਸ਼ੂਆਂ ਵਿੱਚ ਮਧੂ-ਮੱਖੀਆਂ, ਕੀੜੀਆਂ, ਲੰਗੂਰਾਂ ਅਤੇ ਬਹੁਤ ਸਾਰੇ ਪੰਛੀਆਂ ਦੀ ਤਰ੍ਹਾਂ ਇੱਕੋ ਜਿਹੀਆਂ ਸਮਾਜਿਕ ਰੁਚੀਆਂ ਪੈਦਾ ਹੋ ਗਈਆਂ ਸਨ। ਜੰਤੂਆਂ ਦੇ ਇਨ੍ਹਾਂ ਲੱਛਣਾ ਤੋਂ ਹੀ ਪਿੱਛੋਂ ਜਾ ਕੇ ਠੀਕ ਗਲਤ, ਨੇਕੀ ਅਤੇ ਬਦੀ ਦਾ ਵਿਚਾਰ ਪੈਦਾ ਹੋਇਆ। ਸਾਂਝੀ ਭਲਾਈ ਲਈ ਆਤਮ ਬਲੀਦਾਨ ਅਤੇ ਸਮਾਜਿਕ ਹੋਣ ਦੀ ਭਾਵਨਾ ਅਤੇ ਪ੍ਰਵਿਰਤੀ ਹੀ ਮਨੁੱਖੀ ਰਾਜ ਵਿੱਚ ਪਿਆਰ ਹਮਦਰਦੀ ਅਤੇ ਆਪਸੀ ਦਿਆਲਤਾ ਵਿੱਚ ਬਦਲ ਗਿਆ। ਅਸਲ ਵਿੱਚ ਇਹ ਸੱਭ-ਕੁੱਝ ਹੀ ਆਚਰਨ ਦੇ ਮਨੁੱਖੀ ਵਿਚਾਰ ਦਾ ਮੁੱਢ ਹਨ। ਆਚਰਨ, ਮਨੁੱਖ ਅਤੇ ਜਾਨਵਰਾਂ ਦੇ ਕਰਮ ਵਿਕਾਸ ਦੀ ਸਾਂਝੀ ਉਪਜ ਹੈ ਅਤੇ ਇਸਦਾ ਜਨਮ ਕਿਸੇ ਵੀ ਸੰਗਠਤ ਧਰਮ ਦੇ ਹੋਂਦ ਵਿੱਚ ਆਉਣ ਤੋਂ ਬਹੁਤ ਸਮਾਂ ਪਹਿਲਾਂ ਹੋ ਗਿਆ ਸੀ। ਇਸ ਲਈ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਦਾਚਾਰੀ ਅਤੇ ਸਮਾਜਿਕ ਵਿਚਾਰਾਂ ਦਾ ਵਿਕਾਸ ਜੰਤੂ ਵਰਗ ਦੇ ਤਜਰਬੇ ਤੋਂ ਸ਼ੁਰੂ ਹੋਇਆ ਸੀ ਨਾ ਕਿ ਰੱਬੀ ਸ਼ਕਤੀ ਤੋਂ ਜਿਵੇਂ ਕਿ ਧਾਰਮਿਕ ਬੰਦੇ ਸਾਨੂੰ ਵਿਸ਼ਵਾਸ ਕਰਨ ਲਈ ਕਹਿੰਦੇ ਹਨ।

**ਵਿਹਾਰ ਦੇ ਨਿਯਮ**

ਮੁਢਲੇ ਸਮਿਆਂ ਵਿੱਚ ਮਨੁੱਖਤਾ ਕੋਲ ਕੋਈ ਵੀ ਸੰਗਠਤ ਧਰਮ ਨਹੀਂ ਸੀ। ।ਪ੍ਰੰਤੂ ਉਨ੍ਹਾਂ ਨੇ ਇਖਲਾਕੀ ਵਰਤਾਓ ਦੇ ਨਿਯਮ ਪਹਿਲਾਂ ਪਰਿਵਾਰ ਲਈ, ਫਿਰ ਕਬੀਲੇ ਲਈ ਅਤੇ ਅੰਤ ਵਿੱਚ ਕੌਮ ਲਈ ਤਹਿ ਕਰ ਲਏ ਸਨ। ਪਹਿਲਾਂ ਉਹ ਆਤਮਾਵਾਂ ਵਿੱਚ ਯਕੀਨ ਰੱਖਦੇ ਸਨ। ਫਿਰ ਬੁੱਤ ਪੂਜਾ ਸ਼ੁਰੂ ਹੋਈ ਅਤੇ ਅਖੀਰ ਵਿੱਚ ਦੇਵਤਿਆਂ ਦੀ ਕਾਢ ਕੱਢੀ ਗਈ। ਕਬੀਲਿਆਂ ਵਾਲੀ ਜ਼ਿੰਦਗੀ ਵਿੱਚ ਹਕੀਮ ਕੋਲ ਵੱਧ ਸ਼ਕਤੀਆਂ ਹੁੰਦੀਆਂ ਸਨ। ਉਹ ਆਪਣੇ-ਆਪ ਨੂੰ ਸਧਾਰਣ ਲੋਕਾਂ ਅਤੇ ਕਲਪਿੱਤ ਦੇਵਤਿਆਂ ਵਿਚਕਾਰ ਵਿਚੋਲਾ ਦੱਸਦਾ ਸੀ ਅਤੇ ਜਿਵੇਂ ਕਿ ਅੱਜ-ਕੱਲ੍ਹ ਵੀ ਇਹ ਹਾਲਤ ਹੈ, ਦੇਵੀ ਅਤੇ ਦੇਵਤਿਆਂ ਨੂੰ ਬਦਲਾ ਲਊ ਸ਼ਾਸਕਾਂ, ਕੁਰਬਾਨੀ, ਪਸ਼ਚਾਤਾਪ ਅਤੇ ਮਾਤਰਿਤਾਂ ਤੋਂ ਪੂਰੀ ਆਗਿਆਕਾਰੀ ਦੀ ਮੰਗ ਕਰਨ ਵਜੋਂ ਚਿਤਰਿਆ ਜਾਂਦਾ ਸੀ। ਇਹ ਕੁਦਰਤੀ ਗੱਲ ਹੈ ਕਿ ਅਣਜਾਣੀਆਂ ਅਤੇ ਅਦਿੱਖ ਸ਼ਕਤੀਆਂ ਦਾ ਡਰ ਹੀ ਵਿਚਾਰੇ ਮਨੁੱਖਾਂ ਵਿੱਚ ਇਹ ਸਭ ਤੋਂ ਮਹੱਤਵਪੂਰਨ ਜਜ਼ਬਾ ਬਣ ਗਿਆ। ਹੌਲੀ ਹੌਲੀ ਸੰਗਠਤ ਧਰਮ ਦੇ ਪੈਦਾ ਹੋਣ ਨਾਲ ਸਦਾਚਾਰੀ ਵਿਚਾਰ ਦਾ ਕੁਦਰਤੀ ਵਿਚਾਰ ਪੁਜਾਰੀਆਂ ਨੇ ਵਿਗਾੜ ਦਿੱਤਾ। ਇੱਕ ਵਿਅਕਤੀ ਦੀਆਂ ਆਪਣੇ ਨਾਲ ਦੇ ਵਿਅਕਤੀ ਪ੍ਰਤੀ ਪਿਆਰ ਅਤੇ ਹਮਦਰਦੀ ਦੀਆਂ ਸਦਾਚਾਰੀ ਭਾਵਨਾਵਾਂ ਸਭ ਤੋਂ ਪਹਿਲੇ ਨਿਯਮ ਰੱਬ ਪ੍ਰਤੀ ਪਿਆਰ ਦੇ ਅਧੀਨ ਹੋ ਗਈਆਂ। ਦੇਵਤਿਆਂ ਨੂੰ ਖੁਸ਼ ਕਰਨਾ ਸਭ ਤੋਂ ਪਹਿਲਾ ਫਰਜ਼ ਬਣ ਗਿਆ। ਧੋਖੇਬਾਜ਼ ਪੁਜਾਰੀਆਂ ਨੇ ਦੇਵਤਿਆਂ ਦੀ ਸੇਵਾ ਕਰਨ ਤੇ ਉਨ੍ਹਾਂ ਨੂੰ ਖੁਸ਼ ਕਰਨ ਲਈ ਖਾਸ ਅਸੂਲ ਘੜ ਲਏ। ਇਸ ਤਰ੍ਹਾਂ ਸਾਡੇ ਵੱਡੇ ਧਰਮਾਂ ਦਾ ਜਨਮ ਹੋਇਆ। ਪੁਜਾਰੀਆਂ ਨੇ ਖਾਸ ਸਦਾਚਾਰੀ ਨਿਯਮ ਘੜੇ ਅਤੇ ਉਨ੍ਹਾਂ ਨੂੰ ਮਾੜੇ ਜਨਮਾਂ ਅਤੇ ਕਲਪਿੱਤ ਨਰਕ ਵਿੱਚ ਭੇਜਣ ਦੇ ਰੱਬੀ ਹੁਕਮ ਅਤੇ ਸਜਾ ਦੇ ਡਰ ਹੇਠ ਲਾਗੂ ਕੀਤਾ ਗਿਆ। ਇਨ੍ਹਾ ਨਿਯਮਾਂ ਦੀ ਉਲੰਘਣਾ ਪਾਪ ਸਮਝੀ ਗਈ। ਜਿਸ ਦਾ ਮਤਲਬ ਸੀ ਕਿ ਰਚਣਹਾਰੇ ਦੇ ਨਿਯਮਾਂ ਦੀ ਘੋਰ ਉਲੰਘਣਾ।

**ਦੇਵਤਿਆਂ ਦੀ ਕਾਢ**

ਮਨੁੱਖਤਾ ਲਈ ਅਣਗਿਣਤ ਦੇਵਤਿਆਂ ਦੀ ਕਾਢ ਸ਼ਾਇਦ ਸਭ ਤੋਂ ਵੱਡਾ ਸਰਾਪ ਸੀ। ਕੌਮਾਂ ਅਤੇ ਜਾਤੀਆਂ ਨੇ ਵੱਡੀ ਗਿਣਤੀ ਵਿੱਚ ਆਪਣੇ-ਆਪ ਦੇਵਤੇ ਬਣਾ ਲਏ। ਇਸਦਾ ਸਿੱਟਾ ਇਹ ਹੋਇਆ ਕਿ ਮਨੁੱਖਤਾ ਅਜਿਹੇ ਬੇ-ਸ਼ੁਮਾਰ ਮੱਤਾਂ ਅਤੇ ਜਾਤੀਆਂ ਵਿੱਚ ਵੰਡੀ ਗਈ, ਜਿਹੜੇ ਇੱਕ-ਦੂਜੇ ਨਾਲ ਲਗਾਤਾਰ ਇਸ ਕਰਕੇ ਲੜਦੇ ਆ ਰਹੇ ਹਨ ਕਿ ਸਿਰਫ ਉਨ੍ਹਾਂ ਦਾ ਰੱਬ ਹੀ

ਸੱਚਾ ਹੈ ਅਤੇ ਮੁਕਤੀ ਪ੍ਰਾਪਤੀ ਲਈ ਸਿਰਫ ਉਨ੍ਹਾਂ ਦਾ ਰਸਤਾ ਹੀ ਠੀਕ ਹੈ ਅਤੇ ਦੇਵਤਿਆਂ ਨੇ ਕੁਰਬਾਨੀ ਦੀ ਮੰਗ ਕੀਤੀ। ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਕੇਵਲ ਜਾਨਵਰ ਹੀ ਨਹੀਂ ਸਗੋਂ ਮਨੁੱਖ ਦੀ ਵੀ, ਜਿਨ੍ਹਾਂ ਵਿੱਚ ਲੜਕੇ , ਕੁਆਰੀਆਂ ਕੁੜੀਆਂ ਅਤੇ ਜੰਗੀ ਕੈਦੀ ਹੁੰਦੇ ਸਨ, ਦੀ ਬਲੀ ਦਿੱਤੀ ਜਾਣ ਲੱਗ ਪਈ। ਪ੍ਰੰਤੂ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਹ ਤਾਂ ਪ੍ਰਾਚੀਨ ਕੁਦਰਤ ਦੇ ਪੁਜਾਰੀ ਧਰਮ ਸਨ। ਯਹੂਦੀ ਮਤ, ਇਸਾਈ ਮਤ, ਹਿੰਦੂ ਮਤ ਅਤੇ ਇਸਲਾਮ ਵਰਗੇ ਹੁਣ ਵਾਲੇ ਧਰਮ ਕੀ ਹਨ ? ਕੀ ਇਹ ਕੋਈ ਬਹੁਤ ਚੰਗੇ ਹਨ ?

ਬਾਈਬਲ ਵਿੱਚ ਜੇਹੋਵਾ ਦੇਵਤਾ ਦੇ ਨਾਂ ਥੱਲੇ ਕੀਤੇ ਗਏ ਜੁਰਮ ਦਰਸਾਏ ਗਏ ਹਨ। ਜੇਹੋਵਾ ਨੇ ਖੁਦ ਆਪਣੇ ਚੁਣੇ ਹੋਏ ਲੋਕਾਂ ਨੂੰ ਹੁਕਮ ਦਿੱਤਾ ਕਿ ਉਹ 'ਆਮਲੇਕ ਸ਼ਹਿਰ ਨੂੰ ਤਬਾਹ ਕਰਨ, ਔਰਤਾਂ ਤੇ ਆਦਮੀਆਂ, ਮਾਸੂਮਾਂ ਅਤੇ ਦੁੱਧ ਚੁੰਘਦੇ ਬੱਚਿਆਂ, ਭੇਡਾਂ ਅਤੇ ਬਲਦਾਂ, ਊਠਾਂ ਅਤੇ ਗਧਿਆਂ, ਗੱਲ ਕੀ ਜਿਹੜੀ ਚੀਜ ਵੀ ਸਾਹ ਲੈਂਦੀ ਹੈ, ਸਭ ਨੂੰ ਕਤਲ ਕਰ ਦੇਣ।'

**ਜੇਹੋਵਾ ਦੀਆਂ ਭਟਕਣਾਂ**

ਜੇਹੋਵਾ ਅਨੁਸਾਰ "ਔਰਤਾਂ ਕੇਵਲ ਮਨੁੱਖ ਦੀ ਕਾਮ ਤ੍ਰਿਪਤੀ ਦਾ ਹੀ ਸਾਧਨ ਹਨ ਅਤੇ ਜਦੋਂ ਉਹ ਸੰਤੁਸ਼ਟੀ ਕਰਾਉਣੀ ਬੰਦ ਕਰ ਦੇਣ ਉਸ ਵੇਲੇ ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਜੇ ਤੁਸੀਂ ਕੈਦੀਆਂ ਵਿੱਚੋਂ ਕਿਸੇ ਸੁੰਦਰ ਔਰਤ ਨੂੰ ਦੇਖਦੇ ਹੋ ਅਤੇ ਤੁਸੀਂ ਉਸ ਨੂੰ ਅਪਨਾਉਣਾ ਚਹੁੰਦੇ ਹੋ ਤਾਂ ਉਸ ਨੂੰ ਆਪਣੀ ਪਤਨੀ ਬਣਾ ਲਵੋ ਅਤੇ ਉਸ ਤੋਂ ਪਿੱਛੋਂ ਉਸਨੂੰ ਪਤਨੀ ਦੇ ਤੌਰ ਤੇ ਅਪਣਾ ਲਵੋ ਅਤੇ ਉਹ ਤੁਹਾਡੀ ਪਤਨੀ ਬਣ ਜਾਵੇਗੀ। ਜੇ ਉਹ ਤੁਹਾਨੂੰ ਖੁਸ਼ੀ ਨਹੀਂ ਦਿੰਦੀ ਤਾਂ ਉਸਨੂੰ ਜਿੱਥੇ ਜਾਂਦੀ ਹੈ ਜਾਣ ਦਿਉ।"

(ਡਿਊਟਰੋਨਮੀ XXI —11—14)

ਜੇਹੋਵਾ ਦੇ ਹੁਕਮ ਨਾਲ ਇਜ਼ਰਾਈਲੀਆਂ ਨੂੰ ਜਿਉਂਦੇ ਫੜ ਕੇ 32000 ਕੁਆਰੀਆਂ ਲੜਕੀਆਂ ਨੂੰ ਘਰ ਲਿਆਂਦਾ, ਜਿਨ੍ਹਾਂ ਵਿੱਚੋਂ ਰੱਬ ਦੇ ਹਿੱਸੇ ਵਜੋਂ 32 ਲੜਕੀਆਂ ਪੇਸ਼ ਕੀਤੀਆਂ ਗਈਆਂ। ਰੱਬ ਨੂੰ ਕੁਆਰੀਆਂ 32 ਲੜਕੀਆਂ ਦੀ ਕਿਸ ਕੰਮ ਲਈ ਲੋੜ ਸੀ ? ਜੇਹੋਵਾ ਦੇਵਤਾ ਵੀ ਭਗਵਾਨ ਕ੍ਰਿਸ਼ਨ ਵਾਗ ਕਾਮਿਕ ਪ੍ਰਤੀਤ ਹੁੰਦਾ ਹੈ, ਜਿਹੜਾ ਕਿ ਦਰੱਖਤ ਤੇ ਚੜ੍ਹਕੇ ਗੋਪੀਆਂ ਨੂੰ ਨੰਗੇ ਨਹਾਉਂਦੇ ਵੇਖਦਾ ਹੁੰਦਾ ਸੀ।

ਇਸਲਾਮ ਦੇ ਪੈਰੋਕਾਰ ਮੁਹੰਮਦ ਦੇ ਜੀਵਨ ਕਾਲ ਵਿੱਚ ਹੀ ਨਾਸਤਿਕਤਾ ਨਾਲ ਲੜਨ ਲੱਗ ਪਏ। ਜ਼ੁਲਮ ਕਰਨ ਲੱਗ ਪਏ। ਜਿੱਤਾਂ ਪ੍ਰਾਪਤ ਕਰਨ ਲੱਗੇ ਅਤੇ ਉਨ੍ਹਾਂ ਦੇ ਹੱਥ ਲੱਗੇ ਬਦਕਿਸਮਤਾਂ ਨੂੰ ਪੈਗੰਬਰਾਂ ਦੇ ਮੱਤ ਨੂੰ ਮੰਨਣ ਜਾਂ ਮਰ ਜਾਣ ਵਿੱਚੋਂ ਇੱਕ ਗੱਲ ਨੂੰ ਚੁਨਣਾ ਪੈਂਦਾ ਸੀ। ਅੱਜ-ਕੱਲ੍ਹ ਵੀ ਇਜ਼ਰਾਈਲੀ ਤੇ ਅਰਬ ਜਿਹੜੇ ਕਿ ਅੰਦਰੋਂ ਭਰਾ ਹਨ। ਆਪਣੇ ਧਰਮਾਂ ਦੇ ਵੱਖ ਹੋਣ ਕਾਰਨ ਇੱਕ ਦੂਜੇ ਨੂੰ ਮਾਰ ਰਹੇ ਹਨ।

**ਇਸਾਈ ਮੱਤ ਦਾ ਇਤਿਹਾਸ**

ਇਸਾਈ ਮੱਤ ਦਾ ਇਤਿਹਾਸ ਜਾਣਿਆ ਪਛਾਣਿਆ ਹੈ। ਇਹ ਉਨ੍ਹਾਂ ਅਸੂਲਾਂ ਨੂੰ, ਜਿਨ੍ਹਾਂ 'ਤੇ ਇਸਦੀ ਨੀਂਹ ਰੱਖੀ ਸੀ, ਨਾ ਮੰਨਣ ਦੇ ਕਾਫੀ ਸਬੂਤ ਪੇਸ਼ ਕਰਦਾ ਹੈ। ਮੁਸ਼ਕਲ ਨਾਲ ਹੀ ਇਹ ਨਵਾਂ ਧਰਮ ਸਥਾਪਿਤ ਹੋਇਆ ਸੀ ਕਿ ਇਸ ਦੇ ਅਨੁਆਈਆਂ ਨੇ ਉਨ੍ਹਾਂ ਲੋਕਾਂ ਨਾਲ ਲੜਨਾ ਸ਼ੁਰੂ ਕਰ ਦਿੱਤਾ ਜਿਹੜੇ ਦੂਸਰੇ ਧਰਮਾਂ ਨੂੰ ਮੰਨਦੇ ਸਨ। ਧਾਰਮਿਕ ਵਿਰੋਧੀਆਂ ਤੋਂ ਸ਼ੁਰੂ ਹੋ ਕੇ ਉਹ ਹਰ ਇੱਕ ਨਾਗਰਿਕ ਨੂੰ ਸਜਾਵਾਂ ਦੇਣ ਲੱਗ ਪਏ। ਕੱਟੜ ਇਸਾਈਆਂ ਨੇ ਆਪਣੇ ਧਰਮ ਨੂੰ ਮੜ੍ਹਨ ਲਈ ਅਕਿਹ ਜੁਲਮ ਕੀਤੇ ਸਨ। ਇਸਾਈ ਅਦਾਲਤਾਂ ਦੀਆਂ ਕਹਾਣੀਆਂ ਸਾਨੂੰ ਉਨ੍ਹਾਂ ਭਿਆਨਕ ਜੁਰਮਾਂ ਦੀ ਸਪੱਸ਼ਟ ਤਸਵੀਰ ਪੇਸ਼ ਕਰਦੀਆਂ ਹਨ, ਜਿਹੜੇ ਕਿ ਈਸਾ ਦੇ ਅਖੌਤੀ ਚੇਲਿਆਂ ਦੁਆਰਾ ਕੀਤੇ ਗਏ ਸਨ। ਮਨੁੱਖ ਉਨ੍ਹਾਂ ਲੋਕਾਂ ਨੂੰ ਮਾਰਨ, ਤਸੀਹੇ ਦੇਣ ਅਤੇ ਅੰਗ ਕੱਟਣ ਲਈ ਜੰਗਲੀ ਬਣ ਗਿਆ, ਜਿਨ੍ਹਾਂ ਨੇ ਪੁਜਾਰੀਆਂ ਦੇ ਸਿਧਾਤਾਂ ਨਾਲ ਅਸਹਿਮਤੀ ਪ੍ਰਗਟ ਕਰਨ ਦਾ ਹੌਂਸਲਾ ਕੀਤਾ ਸੀ ਅਤੇ ਅਜਿਹੇ ਕਾਰਨਾਮੇ ਸ਼ਲਾਘਾਯੋਗ ਅਤੇ ਰੱਬ ਨੂੰ ਖੁਸ਼ ਕਰਨ ਵਾਲੇ ਸਮਝੇ ਗਏ। ਗੈਰ ਇਸਾਈ ਸ਼ਹਿਰ ਹੀਰੋਸ਼ੀਮਾ ਤੇ ਬੰਬ ਸੁੱਟਣ ਵਾਲੇ ਜਹਾਜ ਨੂੰ ਐਟਮ ਬੰਬ ਸੁੱਟਣ ਜਾਣ ਤੋਂ ਪਹਿਲਾਂ ਇੱਕ ਈਸਾਈ ਪੁਜਾਰੀ ਨੇ ਅਸ਼ੀਰਵਾਦ ਦਿੱਤਾ ਸੀ। ਸੋਲਵੀਂ ਸਦੀ ਵਿੱਚ ਗਿਰਜਾ ਘਰਾਂ ਦੀ ਦੁਸ਼ਟਤਾ ਆਪਣੇ ਸਿਖਰਾਂ ਤੇ ਪਹੁੰਚ ਗਈ ਸੀ। ਲੋਕਾਂ ਨੇ ਆਪਣੇ ਅਧਿਆਤਮਿਕ ਹੁਕਮਰਾਨਾਂ ਦੇ ਜੁਲਮ ਅਤੇ ਬਦ-ਇਖਲਾਕਾਂ ਵਿਰੁੱਧ ਬਗਾਵਤ ਕਰ ਦਿੱਤੀ। ਇਸ ਬਗਾਵਤ ਵਿੱਚੋਂ ਨਵੇਂ ਲੀਡਰ, ਨਵੇਂ ਧਰਮ ਸੁਧਾਰਕ ਜਿਵੇਂ ਕਿ ਲੁਬੇਰੀਅਨ, ਮੈਥਡਿਸਟ ਅਤੇ ਬੈਪਟਿਸਟ ਆਦਿ ਪੈਦਾ ਹੋਏ। ਜਿਨ੍ਹਾਂ ਵਿੱਚੋਂ ਹਰ ਇੱਕ ਈਸਾ ਦੀਆਂ ਸਿਖਿਆਵਾਂ ਦੀ ਸਹੀ ਵਿਆਖਿਆ ਕਰਨ ਵਾਲਾ ਹੋਣ ਦਾ ਦਾਅਵਾ ਕਰਦਾ ਸੀ।

**ਮਨੁੱਖਾਂ ਹੱਥੋਂ ਗੈਰ–ਮਨੁੱਖੀ ਵਤੀਰਾ**

ਇਨ੍ਹਾਂ ਨੇ ਮੁਢਲੀਆਂ ਇਸਾਈ ਜਾਤਾਂ ਦੇ ਮਾਨਵਵਾਦੀ ਆਦਰਸ਼ਾਂ ਨੂੰ ਕਿੱਥੋਂ ਤੱਕ ਲਾਗੂ ਕੀਤਾ ? ਸੁਧਾਰਾਂ ਦਾ ਇਤਿਹਾਸ ਇਹ ਦੱਸਦਾ ਹੈ ਕਿ ਇਹ ਨਵੀਆਂ ਨਸਲਾਂ ਆਪਣੇ ਪੁਰਖਾਂ ਵਰਗੀਆਂ ਹੀ ਸਨ। ਲਥੇਰੀਅਨਾਂ ਨੇ ਐਨਬੱਪਟਿਸਟਾਂ ਨੂੰ ਜਲਾਇਆ, ਕਤਲ ਕੀਤਾ ਅਤੇ ਸਜ਼ਾਵਾਂ ਦਿੱਤੀਆਂ। ਕੈਲਵਿਨ ਨੇ ਆਪਣੇ ਵਿਰੋਧੀ ਸਰਵੈਟਿਸ ਨੂੰ ਖੰਭੇ ਤੇ ਲਟਕਾ ਕੇ ਧੀਮੀ ਅੱਗ ਵਿੱਚ ਸਾੜ ਦਿੱਤਾ। ਕੱਟੜਵਾਦੀਆਂ ਨੇ ਆਪਣੇ ਵਿਰੋਧੀਆਂ ਨੂੰ ਬਣਵਾਸ ਦੇ ਕੇ ਜਾਂ ਫਾਂਸੀਆਂ ਲਟਕਾ ਕੇ ਸਜ਼ਾਵਾਂ ਦਿੱਤੀਆਂ। ਇਹ ਕਿਹਾ ਜਾਂਦਾ ਹੈ ਕਿ ਜਦੋਂ ਕੁਐਟਰ ਕੱਟੜਵਾਦੀਆਂ ਦੇ ਰਾਜ ਵਿੱਚ ਦਾਖਲ ਹੋਏ ਤਾਂ ਉਨ੍ਹਾਂ ਨੂੰ ਕੋੜੇ ਮਾਰੇ ਗਏ ਅਤੇ ਬੁਰੀ ਤਰ੍ਹਾਂ ਕੁੱਟਿਆ ਗਿਆ ਅਤੇ ਫਾਂਸੀ ਦਿੱਤੀ ਗਈ। ਮੁੱਢਲੀਆਂ ਬਸਤੀਆਂ ਦੀ ਕਹਾਣੀ ਵੱਖ ਵੱਖ ਧਾਰਮਿਕ ਮੱਤਾਂ ਵਿਚਕਾਰ ਬਹੁਤ ਕੌੜੀ ਧਾਰਮਿਕ ਘਿਰਨਾ ਨੂੰ ਪ੍ਰਗਟ ਕਰਦੀ ਹੈ।

ਸਾਡੇ ਸਮੇਂ ਵੀ ਮਨੁੱਖ ਪ੍ਰਤੀ ਬਹੁਤ ਭਿਆਨਕ ਗੈਰ ਮਨੁੱਖੀ ਤਰੀਕੇ ਵਰਤੇ ਗਏ ਹਨ। ਪਰੋਟੈਸਟੈਂਟ ਅਤੇ ਰੋਮਨ ਇਸਾਈ ਇੱਕ ਦੂਜੇ ਨੂੰ ਬੈਲਫਾਸਟ ਵਿਖੇ ਮਾਰ ਰਹੇ ਹਨ, ਭਾਵੇਂ ਉਹ ਇੱਕੋ ਦੇਵਤੇ ਨੂੰ ਪੂਜਦੇ ਹਨ। ਅਖੌਤੀ ਇਸਾਈ ਜਰਮਨ ਕੌਮ ਨੇ ਯਹੂਦੀ ਮੱਤ ਨੂੰ ਮੰਨਣ ਵਾਲੇ ਲੱਖਾਂ ਲੋਕਾਂ ਨੂੰ ਗੈਸ ਚੈਂਬਰਾਂ ਵਿੱਚ ਸੁੱਟ ਕੇ ਸਾੜ ਦਿੱਤਾ ਸੀ।

ਅਸੀਂ ਪੁੱਛ ਸਕਦੇ ਹਾਂ ਕਿ ਧਾਰਮਿਕ ਸਦਾਚਾਰ ਦਾ ਕਿਥੇ ਪ੍ਰਭਾਵ ਹੈ ? ਜੰਤੂ ਵਰਗ ਵਿੱਚ ਲੜਾਈ ਮੰਨਣਯੋਗ ਹੈ। ਪ੍ਰੰਤੂ ਇਹਨਾਂ ਵੱਖ ਵੱਖ ਗਰੁੱਪਾਂ ਤੇ ਕਦੇ ਹਮਲਾ ਨਹੀਂ ਕੀਤਾ ਸੀ। ਪ੍ਰੰਤੂ ਮਨੁੱਖ ਨੇ ਧਰਮ ਦੀ ਖੋਜ ਹੋਣ ਪਿੱਛੋਂ ਆਪਣੇ ਸਾਥੀ ਮਨੁੱਖਾਂ ਨੂੰ ਮਾਰਿਆ ਹੈ ਅਤੇ ਉਨ੍ਹਾਂ ਨਾਲ ਭੈੜਾ ਵਰਤਾਉ ਕੀਤਾ ਹੈ, ਸਿਰਫ ਇਸੇ ਕਾਰਨ ਕਰਕੇ ਕਿ ਉਹ ਵੱਖਰੇ ਦੇਵਤਿਆਂ ਦੀ ਪੂਜਾ ਕਰਦੇ ਸਨ। ਇਹ ਕਿਹਾ ਜਾਂਦਾ ਹੈ ਕਿ ਸਾਰੀਆਂ ਜੰਗਾਂ ਜੋ ਮਨੁੱਖਤਾ ਨੇ ਲੜੀਆਂ ਦਾ ਦੋ ਤਿਹਾਈ ਹਿੱਸਾ ਧਰਮ ਦੇ ਨਾਂ ਥੱਲੇ ਹੋਇਆ। ਜਦੋਂ ਵੀ ਪੁਜਾਰੀ ਕੌਮਾਂ ਦੀ ਜ਼ਿੰਦਗੀ ਤੇ ਭਾਰੂ ਰਹੇ ਹਨ, ਉਹ ਸਾਰੇ ਸਮੇਂ ਦੌਰਾਨ ਆਜ਼ਾਦੀਆਂ ਨੂੰ ਦਬਾਇਆ ਅਤੇ ਕੁਚਲਿਆ ਜਾਂਦਾ ਰਿਹਾ ਹੈ ਅਤੇ ਲੜਾਈਆਂ ਲੜੀਆਂ ਜਾਂਦੀਆਂ ਰਹੀਆਂ ਹਨ।

**ਵੱਧ ਵਿਕਸਤ ਆਧੁਨਿਕ ਯੁਗ**

ਫਿਰ ਵੀ ਅਸੀਂ ਮੰਨਦੇ ਹਾਂ ਕਿ ਬਹੁ-ਗਿਣਤੀ ਮਨੁੱਖ ਪਹਿਲੇ ਕਿਸੇ ਵੀ ਸਮੇਂ ਨਾਲੋਂ ਅੱਜ ਕੱਲ੍ਹ ਸਦਾਚਾਰਕ ਸਮਾਜਿਕ ਅਤੇ ਆਰਥਿਕ ਤੌਰ ਤੇ ਅਗਾਂਹਵਧੂ ਹਾਲਤਾਂ ਵਿੱਚ ਰਹਿ ਰਿਹਾ ਹੈ। ਜਿਉਂਦੇ ਸਾੜ ਦੇਣਾ, ਤਸੀਹੇ ਦੇਣ ਵਾਲੇ ਚੈਂਬਰ ਅਤੇ ਸ਼ੇਰਾਂ ਦੇ ਪਿੰਜਰੇ ਵਿੱਚ ਸੁੱਟਣਾ ਬੀਤੇ ਸਮੇਂ ਦੀਆਂ ਗੱਲਾਂ ਹਨ। ਇਹ ਤਰੱਕੀ ਕਿਸ ਕਾਰਨ ਹੋਈ ? ਯਕੀਨਨ ਹੀ ਕਿਸੇ ਮੌਜੂਦਾ ਧਰਮ ਜਾ ਮਤ ਕਾਰਨ ਨਹੀਂ। ਹਰ ਸਮੇਂ ਧਰਮ ਨੇ ਮਨੁੱਖਤਾ ਨੂੰ ਅਗਿਆਨੀ ਰੱਖਣ ਵਹਿਮੀ ਬਣਾਉਣ ਅਤੇ ਆਪੋ ਵਿੱਚ ਪਾੜਣ ਲਈ ਪੂਰਾ ਜ਼ੋਰ ਲਾਇਆ ਹੈ।

ਫਰਾਂਸੀਸੀ ਇਨਕਲਾਬ ਦੇ ਆਗੂਆਂ, ਯੂਰਪ ਦੇ ਹੌਲਬੈਚ, ਲਾਮੈਤਰੇ, ਡੇਕਾਰਟੇ ਅਤੇ ਲੈਬਿਨਜ: ਅਮਰੀਕਾ ਵਿੱਚ ਫਰੈਂਕਲਨ, ਜੈਫਰਸਨ, ਆਦਮ ਟੋਮਪੈਨੀ ਅਤੇ ਹੋਰਨਾਂ ਨੇ ਨਵੇਂ ਯੁੱਗ ਲਈ, ਤਰਕ ਦੇ ਯੁੱਗ ਲਈ ਅਤੇ ਸਾਰਿਆਂ ਲਈ 'ਆਜ਼ਾਦੀ, ਬਰਾਬਰੀ ਅਤੇ ਇਨਸਾਫ' ਦੀਆਂ ਨੀਹਾਂ ਰੱਖਣ ਲਈ ਰਸਤਾ ਤਿਆਰ ਕੀਤਾ ਹੈ।

ਇਹ ਤਰਕਸ਼ੀਲ ਨਾਸਤਿਕ ਸਾਇੰਸ ਅਤੇ ਫ਼ਿਲਾਸਫੀ ਸੀ, ਜਿਸ ਨੇ ਕੌਮ, ਨਸਲ, ਰੰਗ ਅਤੇ ਜ਼ਾਤ ਤੋਂ ਉੱਪਰ ਉੱਠਕੇ ਮਨੁੱਖ ਦੇ ਅਸਲੀ ਭਾਈਚਾਰੇ ਤੇ ਆਧਾਰਤ ਨਵੇਂ ਸਦਾਚਾਰ ਵਾਲੇ ਮਾਨਵਵਾਦੀ ਯੁੱਗ ਦਾ ਉਦਘਾਟਨ ਕੀਤਾ।

**ਸਦਾਚਾਰ ਦੀ ਸਿੱਖਿਆ**

ਉੱਭਰਦਾ ਤੱਥ ਇਹ ਹੈ ਕਿ ਵਰਤਮਾਨ ਯੁੱਗ ਦੀਆਂ ਸੁਧਰੀਆਂ ਹੋਈਆਂ ਸਦਾਚਾਰਕ ਹਾਲਤਾਂ ਕਿਸੇ ਧਾਰਮਿਕ ਨਸਲ ਕਾਰਨ ਨਹੀਂ ਹਨ, ਸਗੋਂ ਇਸ ਜ਼ਮਾਨੇ ਦੇ ਮਹਾਨ ਨੇਤਾਵਾਂ ਦੀ ਨਾਸਤਿਕ ਫਿਲਾਸਫ਼ੀ ਕਾਰਨ ਹਨ। ਇਹ ਇੱਕ ਬੜੀ ਦੁੱਖਦਾਈ ਘਟਨਾ ਹੋਵੇਗੀ, ਜੇ ਅਸੀਂ ਇਸ ਦੇਸ਼ ਵਿੱਚ ਧਾਰਮਿਕ ਹਦਾਇਤਾ ਦੇ ਨਾਂ ਥੱਲੇ ਛੂਤ-ਛਾਤ ਦੇ ਲਾਭ ਸਕੂਲੀ ਬੱਚਿਆਂ ਨੂੰ ਪੜ੍ਹਾਉਣ ਲਈ ਅਨੇਕਾਂ ਸੁੰਦਰ ਲਿੰਗਮਾਂ ਨੂੰ ਆਗਿਆ ਦੇ ਦੇਈਏ।

ਬੱਚਿਆ ਵਿੱਚ ਆਚਰਨ ਅਤੇ ਸਦਾਚਾਰ ਚੰਗੀਆਂ ਉਦਾਹਰਣਾਂ ਦੇ ਕੇ ਅਤੇ ਅਸੂਲਾਂ ਦੀ ਸਿਖਿਆ ਦੇ ਕੇ ਪੈਦਾ ਕਰਨ ਦੀ ਲੋੜ ਹੈ ਨਾ ਕਿ ਭ੍ਰਾਮਕ ਭਵਿੱਖੀ ਜੀਵਨ ਵਿੱਚ ਸਜ਼ਾਵਾਂ ਦੀਆਂ ਝੂਠੀਆਂ ਧਮਕੀਆਂ ਦੇ ਕੇ।

ਪ੍ਰਚਲਤ ਧਾਰਨਾ ਕਿ ਬੱਚਿਆਂ ਨੂੰ ਕੇਵਲ ਧਰਮ ਰਾਹੀਂ ਹੀ ਸਦਾਚਾਰ ਸਿਖਾਇਆ ਜਾ ਸਕਦਾ ਹੈ, ਜਾਂ ਇਹ ਕਿ ਬੱਚੇ ਧਰਮ ਤੋਂ ਬਿਨਾਂ ਪਾਲਣ ਨਾਲ ਗੈਰ-ਸਦਾਚਾਰੀ ਹੋ ਜਾਂਦੇ ਹਨ, ਕੋਰਾ ਝੂਠ ਹੈ। ਇੱਕ ਪੁੱਤਰ ਦਾ ਪਿਤਾ ਹੋਣ ਦੇ ਨਾਤੇ, ਜਿਸਦੀ ਪਾਲਣਾ ਧਾਰਮਿਕ ਲੀਹਾਂ ਤੇ ਬਿਨਾਂ ਹੋਈ ਹੈ, ਮੈਂ ਇਸ ਦਲੀਲ ਦਾ ਜ਼ੋਰਦਾਰ ਖੰਡਨ ਕਰਦਾ ਹਾਂ। ਇਹ ਲੜਕਾ ਜਿਹੜਾ ਕਿ ਮੇਰੀ ਬੇਨਤੀ ਤੇ ਸਾਰੀਆਂ ਧਾਰਮਿਕ ਸਿੱਖਿਆਵਾਂ ਦਿੰਦੀਆਂ ਸੰਸਥਾਵਾਂ ਤੋਂ ਦੂਰ ਰੱਖਿਆ ਗਿਆ ਸੀ, ਅੱਜ ਕੱਲ੍ਹ ਇੱਕ ਖੋਜੀ ਪ੍ਰੋਫੈਸਰ ਹੈ। ਜਿਸ ਵਿੱਚ ਨਾਸਤਿਕ ਬੁੱਧੀਜੀਵੀ ਵਾਲੇ ਉੱਤਮ ਗੁਣ ਹਨ।

**ਕੁਝ ਅੰਕੜੇ**

ਇੱਕ ਮਸ਼ਹੂਰ ਵਕੀਲ ਅਤੇ ਲਿਖਾਰੀ ਫ੍ਰੈਂਕ ਸਵੈਨਕਾਰਾਂ ਨੇ ਭਿੰਨ ਭਿੰਨ ਦੇਸ਼ਾਂ ਵਿੱਚ ਧਰਮ ਅਤੇ ਜੁਰਮ ਵਿਚਕਾਰ ਸਬੰਧ ਬਾਰੇ ਖੋਜੀ ਅਧਿਐਨ ਕੀਤਾ ਹੈ। ਨਮੂਨੇ ਦੇ ਤੌਰ ਤੇ ਮੈਂ ਸਿਰਫ ਇੱਕ ਦੇਸ਼ ਦੇ ਅੰਕੜੇ ਦੇਣਾ ਚਾਹਾਗਾਂ। ਸਿੰਗਸਿੰਮ ਵਿੱਚ ਦਸ ਸਾਲਾਂ ਦੌਰਾਨ ਜਿੰਨ੍ਹਾਂ ਲੋਕਾਂ ਨੂੰ ਕਤਲ ਕਾਰਨ ਫਾਂਸੀ ਦਿੱਤੀ ਗਈ, ਉਹਨਾਂ ਵਿੱਚ 65% ਕੱਟੜ ਰੋਮਨ, 21% ਪਰੋਟੈਸਟੈਂਟ, 6% ਹੀਬਰੂਜ਼, 2% ਬੁੱਤ ਪੂਜਾ ਕਰਨ ਵਾਲੇ ਅਤੇ 1% ਦਾ ਹਿੱਸੇ ਤੋਂ ਵੀ ਘੱਟ ਗੈਰ-ਧਾਰਮਿਕ ਵਿਅਕਤੀ ਸਨ।

ਸਿਰਫ਼ ਨਾਸਤਿਕ ਤੇ ਤਰਕਸ਼ੀਲ ਬਰਮਾਰਡ ਰੱਸਲ ਹੀ ਵੀਅਤਨਾਮ ਵਿੱਚ ਅਮਰੀਕਾ ਵਲੋਂ ਰਸਾਇਣਿਕ ਅਤੇ ਗੈਸੀ ਜੰਗ ਦੀ ਵਰਤੋਂ ਦੀ ਵਿਰੋਧ ਕਰਨ ਦੀ ਸਦਾਚਾਰਕ ਜ਼ਮੀਰ ਰੱਖਦਾ ਸੀ। ਜਦੋਂ ਰੱਸਲ ਨੇ ਕੌਮਾਂਤਰੀ ਯੁੱਧ ਸਬੰਧੀ ਜੁਰਮਾਂ ਦੇ ਟਰੀਬਿਊਨਲ ਦਾ ਸੰਚਾਲਨ ਕੀਤਾ, ਉਦੋਂ ਪੋਪ ਕਾਰਡੀਨਲ ਪਾਦਰੀ, ਭਿਖਸ਼ੂ ਅਤੇ ਵੱਡੇ ਪੁਜਾਰੀ ਕੀ ਕਰ ਰਹੇ ਸਨ ?

# ਜਿਉਂਦੇ ਰਹਿਣ ਲਈ ਅੰਤਰ–ਜਾਤੀ ਵਿਆਹਾਂ ਨੂੰ ਉਸ਼ਾਹਿਤ ਕਰੋ

ਬਹੁਤੇ ਯੂਰਪੀ ਦੇਸ਼ਾਂ ਤੋਂ ਉਲਟ ਕੁਝ ਨਵੇਂ ਆਜ਼ਾਦ ਹੋਏ ਏਸ਼ੀਆ ਦੇ ਦੇਸ਼ਾਂ ਵਿੱਚ ਆਪਣੇ ਲੋਕਾਂ ਦੀਆਂ ਭਿੰਨ-ਭਿੰਨ ਜਾਤਾਂ ਤੇ ਧਰਮਾਂ ਵਿੱਚ ਬਣਾਉਟੀ ਪਾੜੇ ਦੀ ਸਮੱਸਿਆ ਬਣੀ ਹੋਈ ਹੈ। ਮੈਂ ਇਸ ਨੂੰ ਬਣਾਉਟੀ ਇਸ ਲਈ ਕਹਿੰਦਾ ਹਾਂ ਕਿ ਕੋਈ ਵੀ ਮਨੁੱਖ ਦਾ ਬੱਚਾ ਭਾਸ਼ਾ, ਧਰਮ, ਜਾਤ, ਰੰਗ, ਜਾਂ ਦੌਲਤ ਦੇ ਆਧਾਰ ਤੇ ਕਿਸੇ ਵੀ ਜਾਤ ਨਾਲ ਜਨਮ ਵੇਲੇ ਸਬੰਧ ਨਹੀਂ ਰੱਖਦਾ। ਇਹ ਕੇਵਲ ਮਨੁੱਖ ਦੇ ਬੱਚੇ ਦੇ ਤੌਰ ਤੇ ਹੀ ਪੈਦਾ ਹੁੰਦਾ ਹੈ।

ਬੱਚੇ ਦੇ ਮਨ ਵਿੱਚ ਫਿਰਕੂ ਵਿਚਾਰ ਵੱਡਿਆਂ ਦੁਆਰਾ ਉਹਨਾਂ ਦੇ ਸਿਧਾਤਾਂ ਦੇ ਸਿੱਟੇ ਵਜੋਂ ਭਰੇ ਜਾਂਦੇ ਹਨ। ਇੱਕ ਨਵੇਂ ਪੈਦਾ ਹੋਏ ਬੱਚੇ ਨੂੰ ਸਿਨਹਾਲੀ, ਤਾਮਿਲ, ਮੁਸਲਮਾਨ, ਬੋਧੀ, ਇਸਾਈ, ਇਸਲਾਮੀ, ਹਿੰਦੂ, ਗੁਜਰਾਤੀ, ਬੰਗਾਲੀ ਕਹਿ ਦੇਣਾ ਗਲਤ ਹੈ ਅਤੇ ਇਸਲਾਮ, ਹਿੰਦੂ, ਇਸਾਈ ਜਾਂ ਬੁੱਧ ਮੱਤ ਵਰਗੇ ਧਰਮ ਅਤੇ ਜੀਓਗਾਮਾ, ਕਰਾਵਾ, ਸਾਲਾਗਾਮਾ, ਰਡਾਮਾ, ਬ੍ਰਾਹਮਣ ਅਤੇ ਸ਼ੂਦਰ ਵਰਗੀਆਂ ਜਾਤਾਂ ਬੱਚੇ ਦੇ ਮਨ ਵਿੱਚ ਉਹਨਾਂ ਦੇ ਵੱਡਿਆਂ ਦੁਆਰਾ ਭਰੀਆਂ ਜਾਂਦੀਆਂ ਹਨ।

ਇੱਕ ਸਿਨਹਾਲੀ-ਬੋਧੀ ਜੋੜੇ ਦੇ ਪੈਦਾ ਹੋਇਆ ਬੱਚਾ ਨਾ ਤਾਂ ਸਿਨਹਾਲੀ ਹੁੰਦਾ ਹੈ ਅਤੇ ਨਾ ਹੀ ਬੋਧੀ। ਇਹ ਮਨੁੱਖ ਦਾ ਬੱਚਾ ਹੁੰਦਾ ਹੈ। ਜੇ ਅਜਿਹਾ ਬੱਚਾ ਕੋਈ ਤਾਮਿਲ-ਹਿੰਦੂ ਜੋੜਾ ਉਸ ਦੇ ਜਨਮ ਵੇਲੇ ਹੀ ਗੋਦ ਲੈ ਲਵੇ ਤਾਂ ਇਹ ਵੱਡਾ ਹੋ ਕੇ ਤਾਮਿਲ-ਹਿੰਦੂ ਬਣ ਜਾਵੇਗਾ। ਜੇ ਉਸਨੂੰ ਆਪਣੇ ਪੁਰਖਾਂ ਦੀ ਭਾਸ਼ਾ, ਧਰਮ ਤੇ ਸੱਭਿਆਚਾਰ ਦੀ ਸ਼ਾਨ ਬਾਰੇ ਦੱਸਿਆ ਜਾਵੇ ਭਾਵੇਂ ਇਹ ਝੂਠੀ ਹੀ ਹੋਵੇ ਉਸ ਵਿੱਚ ਬਨਾਉਟੀ ਜਜ਼ਬਾਤੀ ਕਿਸਮ ਦਾ ਰੌਂਅ ਪੈਦਾ ਹੋ ਜਾਵੇਗਾ ਅਤੇ ਉਹ ਤਾਮਿਲ ਭਾਸ਼ਾ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਜ਼ਿੰਦਗੀ ਕੁਰਬਾਨ ਕਰਨ ਲਈ ਤਿਆਰ ਹੋਵੇਗਾ, ਭਾਵੇਂ ਉਸ ਦੇ ਮਾਪਿਆਂ ਦੀ ਭਾਸ਼ਾ ਅਤੇ ਧਰਮ ਸਿਨਹਾਲੀ ਅਤੇ ਬੋਧੀ ਸੀ।

ਆਓ ਅਸੀਂ ਕੁਝ ਪਲ ਲਈ ਸੋਚੀਏ ਕਿ ਇੱਕ ਸਿਨਹਾਲੀ-ਬੋਧੀ ਮਾਂ ਤੇ ਇੱਕ ਤਾਮਿਲ-ਹਿੰਦੂ ਮਾਂ ਪ੍ਰਸੂਤਾ ਹਸਪਤਾਲ ਵਿੱਚ ਪੈਦਾਇਸ਼ ਲਈ ਜਾਂਦੀਆਂ ਹਨ। ਉਹ ਦੋਵੇਂ ਇੱਕੋ ਦਿਨ ਦੋ ਲੜਕਿਆਂ ਨੂੰ ਜਨਮ ਦਿੰਦੀਆਂ ਹਨ। ਜੇ ਹਸਪਤਾਲ ਵਿੱਚ ਦੇਖ ਭਾਲ ਕਰਨ ਵਾਲਿਆਂ ਦੀ ਲਾਪਰਵਾਹੀ ਕਾਰਨ ਇਹ ਬੱਚੇ ਰਲ ਜਾਣ ਤਾਂ ਇਹ ਸੰਭਵ ਹੈ ਕਿ ਦੋਵੇਂ ਮਾਵਾਂ ਬਿਨਾਂ ਸ਼ੱਕ ਕੀਤੇ ਬੱਚਿਆਂ ਨੂੰ ਆਪਣੇ ਘਰ ਲੈ ਜਾਣਗੀਆਂ, ਜਿਹੜੇ ਕਿ ਅਸਲ ਵਿੱਚ ਉਹਨਾਂ ਦੇ ਨਹੀਂ ਸਨ। ਮਾਪਿਆਂ ਵਿੱਚ ਕਿਸੇ ਸ਼ੱਕ ਦੀ ਗੁੰਜਾਇਸ਼ ਤੋਂ ਬਿਨਾਂ ਦੋਵੇਂ ਔਰਤਾਂ ਬੱਚਿਆਂ ਨੂੰ ਮਾਂ-ਪਿਆਰ ਅਤੇ ਦੇਖ-ਭਾਲ ਨਾਲ ਪਾਲਣਗੀਆਂ। ਬੱਚੇ ਵੀ ਆਪਣੇ ਝੂਠੇ ਮਾਪਿਆਂ ਪ੍ਰਤੀ ਮੋਹ ਪਰਗਟ ਕਰਨਗੇ। ਇੱਕ ਲੜਕਾ ਸਿਨਹਾਲੀ-ਬੋਧੀ ਅਤੇ ਦੂਜਾ ਤਾਮਿਲ-ਹਿੰਦੂ ਦੇ ਤੌਰ ਤੇ ਵੱਡਾ ਹੋ ਜਾਵੇਗਾ। ਉਨ੍ਹਾਂ ਵਿੱਚ ਆਪਣੇ ਪੁਰਾਣੇ ਸੱਭਿਆਚਾਰ ਪ੍ਰਤੀ ਜਜ਼ਬਾਤੀ ਸਾਂਝ ਹੋਵੇਗੀ। ਜਿਉਂ ਹੀ ਉਹ ਵੱਡੇ ਹੋਣਗੇ ਅਤੇ ਉਹਨਾਂ ਦੇ ਵਿਆਹ ਦਾ ਸਮਾਂ ਨੇੜੇ ਆਵੇਗਾ, ਉਹ ਅਤੇ ਉਹਨਾਂ ਦੇ ਬਨਾਉਟੀ ਮਾਪੇ ਉਸ ਜਮਾਤ ਵਿੱਚੋਂ ਲਾੜ੍ਹੀ ਦੀ ਚੋਣ ਕਰਨ ਲਈ ਬਹੁਤ ਜ਼ਿਆਦਾ ਚੇਤੰਨ ਹੋਣਗੇ, ਜਿਸ ਵਿੱਚੋਂ ਉਹਨਾਂ ਦੇ ਨਕਲੀ ਬੱਚੇ ਹਨ। ਬਨਾਉਟੀ ਸਿਨਹਾਲੀ-ਬੋਧੀ ਲੜਕਾ ਇੱਕ ਅਸਲੀ ਸਿਨਹਾਲੀ ਬੋਧੀ ਲੜਕੀ ਨਾਲ ਵਿਆਹ ਕਰਾਏਗਾ ਅਤੇ ਬਨਾਉਟੀ ਤਾਮਿਲ-ਹਿੰਦੂ ਲੜਕਾ ਇੱਕ ਅਸਲੀ ਤਾਮਿਲ-ਹਿੰਦੂ ਲੜਕੀ ਨਾਲ ਵਿਆਹ ਕਰਾਏਗਾ।

ਜੇ ਗੁੰਮਰਾਹ ਹੋਏ ਆਗੂਆਂ ਦੁਆਰਾ ਲੋਕਾਂ ਵਿੱਚ ਬਨਾਉਟੀ ਤੌਰ ਤੇ ਫਿਰਕੂ ਤਨਾਓ ਪੈਦਾ ਕੀਤਾ ਜਾਵੇ, ਜਿਵੇਂ ਕਿ 1958 ਅਤੇ 1977 ਵਿੱਚ ਹੋਇਆ ਸੀ। ਇਸ ਸੰਭਵ ਹੈ ਕਿ ਦੋਵੇਂ ਨੌਜਵਾਨ ਆਪਣੇ ਪੁਰਾਣੇ ਸਭਿਆਚਾਰ ਨੂੰ ਬਚਾਉਣ ਲਈ ਕਤਲ ਅਤੇ ਤੋੜ-ਫੋੜ ਕਰਨ ਲਈ ਸਿਰ ਫਿਰਿਆਂ ਨਾਲ ਰਲ ਜਾਣ। ਪਰੰਤੂ ਅਸਲ ਵਿੱਚ ਕੀ ਉਹ ਆਪਣੇ ਪੁਰਾਣੇ ਧਰਮ ਅਤੇ ਭਾਸ਼ਾ ਦੀ ਰੱਖਿਆ ਲਈ ਇਹ ਜੁਰਮ ਕਰ ਰਹੇ ਹੋਣਗੇ ?

ਲੋਕਾਂ ਨੂੰ ਜਾਤਾਂ ਵਿੱਚ ਵੰਡ ਦੇਣਾ ਬਿਲਕੁਲ ਤਰਕਹੀਣ ਹੈ। ਮੇਰਾ ਦਾਦਾ ਇੱਕ ਇਸਾਈ ਸੀ, ਜਿਹੜਾ ਕਿ ਸਿਰਫ਼ ਇੱਕ ਮਲਿਆਲੀ ਭਾਸ਼ਾ ਹੀ ਜਾਣਦਾ ਸੀ। ਮੇਰਾ ਪਿਤਾ ਇੱਕ ਇਸਾਈ ਪਾਦਰੀ ਸੀ, ਜਿਹੜਾ ਕਿ ਪੰਜ ਭਾਸ਼ਾਵਾਂ ਜਾਣਦਾ ਸੀ, ਜਿਨ੍ਹਾਂ ਵਿੱਚੋ ਇਕ ਮਲਿਆਲਮ ਭਾਸ਼ਾ ਸੀ, ਮੈਂ ਇਸਾਈ ਨਹੀਂ ਹਾਂ ਅਤੇ ਮੈਂ ਵੀ ਪੰਜ ਭਾਸ਼ਾਵਾਂ ਜਾਣਦਾ ਹਾਂ, ਮੇਰੇ ਪੋਤੇ ਜਿਨ੍ਹਾਂ ਦਾ ਕੋਈ ਧਰਮ ਨਹੀਂ, ਉਹ ਕੇਵਲ ਫਰਾਂਸੀਸੀ ਭਾਸ਼ਾ ਹੀ ਜਾਣਦੇ ਹਨ। ਅਸੀਂ ਸਾਰੇ ਹੀ ਇੱਕੋ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਕਾਵੂਰ ਹਾਂ। ਮੇਰੇ ਵੱਡੇ-ਵਡੇਰੇ ਹੁਣ ਨਹੀਂ ਰਹੇ।

ਮੇਰੇ ਲਈ ਫਰਾਂਸੀਸੀ ਭਾਸ਼ਾ ਦੀ ਰੱਖਿਆ ਲਈ ਇਸ ਆਧਾਰ ਤੇ ਕਿ ਇਹ ਮੇਰੇ ਪੋਤਿਆਂ ਦੀ ਭਾਸ਼ਾ ਹੈ ਜਾਂ ਮਲਿਆਲਮ ਭਾਸ਼ਾ ਦੀ ਰੱਖਿਆ ਲਈ ਇਸ ਆਧਾਰ ਤੇ ਕਿ ਇਹ ਮੇਰੇ ਵੱਡੇ ਵਡੇਰੇ ਬੋਲਦੇ ਸਨ, ਲੜਨਾ ਕੋਰੀ ਮੂਰਖਤਾ ਹੋਵੇਗੀ। ਕੀ ਮੇਰੇ ਪੋਤਰਿਆਂ ਨੂੰ ਅੰਗਰੇਜ਼ੀ, ਸਿਨਹਾਲੀ ਜਾਂ ਤਾਮਿਲ ਦੀ ਰੱਖਿਆ ਲਈ ਲੜਨਾ ਚਾਹੀਦਾ ਹੈ, ਕਿਉਂਕਿ ਉਹਨਾਂ ਦੇ ਦਾਦੇ

ਇਹ ਭਾਸ਼ਾਵਾਂ ਬੋਲਦੇ ਸਨ ? ਮੈਂ ਨਹੀਂ ਜਾਣਦਾ ਕਿ ਮੈਂ ਅਤੇ ਮੇਰੇ ਬੱਚੇ ਕਿਸ ਜਾਤ ਤੇ ਧਰਮ ਨਾਲ ਸਬੰਧ ਰੱਖਦੇ ਹਨ। ਮੇਰਾ ਪੁੱਤਰ ਤੇ ਉਸ ਦੇ ਬੱਚੇ ਮਲਿਆਲੀ ਨਹੀਂ ਹਨ, ਕਿਉਂਕਿ ਉਹ ਉਸ ਭਾਸ਼ਾ ਦਾ ਇੱਕ ਵੀ ਸ਼ਬਦ ਨਹੀਂ ਜਾਣਦੇ। ਉਹ ਇਸਾਈ, ਬੋਧੀ ਜਾਂ ਹਿੰਦੂ ਨਹੀਂ ਹਨ। ਉਹਨਾਂ ਨੂੰ ਸਿਰਫ਼ ਇਸ ਲਈ ਫਰਾਂਸੀਸੀ ਕਹਿਣਾ ਵੀ ਗਲਤ ਹੋਵੇਗਾ ਕਿ ਉਹ ਇਹ ਭਾਸ਼ਾ ਬੋਲਦੇ ਹਨ। ਮੇਰੇ ਪਰਿਵਾਰ ਦੇ ਮੈਂਬਰ ਵੱਖ-ਵੱਖ ਦੇਸ਼ਾਂ ਵਿੱਚ ਪੈਦਾ ਹੋਏ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ, ਅਤੇ ਕੋਈ ਵੀ ਸਾਂਝਾ ਧਰਮ ਨਾ ਹੋਣ ਕਾਰਨ ਅਸੀਂ ਕਿਸੇ ਵੀ ਬਨਾਉਟੀ ਜਾਤ ਨਾਲ ਸਬੰਧ ਨਹੀਂ ਰੱਖਦੇ, ਪਰੰਤੂ ਸਾਨੂੰ ਇਕੱਠੇ ਰੱਖਣ ਲਈ ਇਹ ਤਿੰਨ ਸਾਂਝੇ ਤੰਦ ਹਨ :

1. ਅਸੀਂ ਸਾਰੇ ਮਨੁੱਖ ਹਾਂ।
2. ਅਸੀਂ ਸਾਰੇ ਲੰਕਾ ਦੇ ਵਸਨੀਕ ਹਾਂ।
3. ਅਸੀ ਸਾਰੇ ਕਾਵੂਰ ਹਾਂ।

ਭਾਸ਼ਾ ਕੇਵਲ ਆਪਸੀ ਸੰਪਰਕ ਦਾ ਸਾਧਨ ਹੈ। ਇਸ ਗ੍ਰਹਿ ਉੱਤੇ ਵੱਖ-ਵੱਖ ਸਮੇਂ ਵੱਖ-ਵੱਖ ਖੇਤਰਾਂ ਵਿੱਚ ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਦਾ ਵਿਕਾਸ ਹੋਇਆ ਹੈ। ਬਹੁਤੀਆਂ ਭਾਸ਼ਾਵਾਂ ਲਿੱਪੀ ਤੇ ਸ਼ਬਦਾਵਲੀ ਪੱਖੋਂ ਅੰਤਰ-ਸੰਬੰਧਤ ਹਨ। ਹਰ ਭਾਸ਼ਾ ਦੂਜੀ ਭਾਸ਼ਾ ਤੋਂ ਕੁਝ ਸ਼ਬਦ ਲੈ ਕੇ ਵਿਕਾਸ ਕਰਦੀ ਹੈ ਪੇਂਡੂ ਸਿਨਹਾਲੀ ਦੀ ਸ਼ਬਦਾਵਲੀ ਬਹੁਤ ਹੀ ਸੀਮਤ ਹੁੰਦੀ ਹੈ ਅਤੇ ਇਸ ਵਿੱਚ ਬਹੁਤ ਘੱਟ ਬਦੇਸ਼ੀ ਭਾਸ਼ਾ ਦੇ ਸ਼ਬਦ ਹੋਣਗੇ। ਅਸਲ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸਿਨਹਾਲੀ ਮਜ਼ਦੂਰ ਸ਼ੁੱਧ ਸਿਨਹਾਲੀ ਬੋਲੀ ਬੋਲਦਾ ਹੈ। ਦੂਜੇ ਪਾਸੇ ਸਿਨਹਾਲੀ ਵਿਦਵਾਨ ਦਾ ਸ਼ਬਦ-ਕੋਸ਼ ਪੇਂਡੂ ਸਿਨਹਾਲੀ ਨਾਲੋਂ ਸੈਂਕੜੇ ਜਾਂ ਇਸ ਤੋਂ ਵੱਧ ਗੁਣਾਂ ਜ਼ਿਆਦਾ ਹੋਵੇਗਾ ਅਤੇ ਯਕੀਨਨ ਹੀ ਇਸ ਵਿੱਚ ਦੂਜੀਆਂ ਭਾਸ਼ਾਵਾਂ ਤੋਂ ਉਧਾਰੇ ਲਏ ਜਾਂ ਬਣਾਏ ਗਏ ਸ਼ਬਦਾਂ ਦੀ ਪ੍ਰਤੀਸ਼ਤ ਮਾਤਰਾ ਵੱਧ ਹੋਵੇਗੀ। ਕੀ ਅਸੀਂ ਵਿਦਵਾਨ ਦੀ ਉੱਤਮ ਭਾਸ਼ਾ ਇਸ ਆਧਾਰ ਤੇ ਰੱਦ ਕਰ ਦਈਏ ਕਿ ਇਸ ਵਿੱਚ ਬਦੇਸ਼ੀ ਸ਼ਬਦ ਵੱਧ ਹਨ ਅਤੇ ਪੇਂਡੂ ਸਿਨਹਾਲੀ ਦੇ ਥੋੜ੍ਹੇ ਜਿਹੇ ਸ਼ਬਦ-ਕੋਸ਼ ਨਾਲ ਹੀ ਸੰਤੁਸ਼ਟ ਹੋ ਜਾਈਏ ?

ਨਕਲ ਉਨਤੀ ਦੀ ਕੁੰਜੀ ਹੈ। ਮਨੁੱਖੀ ਮਨ ਵਿੱਚ ਅਜਿਹਾ ਕੁਝ ਵੀ ਨਹੀਂ ਜਿਹੜਾ ਕਿ ਨਕਲ ਜਾਂ ਉਧਾਰ ਲੈਣ ਤੋਂ ਬਿਨਾਂ ਹੋਇਆ ਹੋਵੇ। ਅਸੀਂ ਆਪਣੇ ਬਚਪਨ ਤੋਂ ਹੀ ਨਕਲ ਕਰਨੀ ਸ਼ੁਰੂ ਕਰ ਦਿੰਦੇ ਹਾਂ। ਸਾਡੀ ਅਖੌਤੀ ਮਾਤ-ਭਾਸ਼ਾ ਵੀ ਸਾਡੇ ਮਾਪਿਆਂ ਦੇ ਬੋਲਣ ਸਮੇਂ ਸਾਡੀ ਨਕਲ ਦਾ ਨਤੀਜਾ ਹੀ ਹੁੰਦੀ ਹੈ ਦੂਜੀ ਕੌਮ ਦੇ ਮੈਂਬਰਾਂ ਦੀ ਨਕਲ ਕਰਨ ਵਾਲੇ ਇੱਕ ਆਦਮੀ ਨੂੰ ਨਿੰਦਣਾ ਘੋਰ ਮੂਰਖਤਾ ਹੈ। ਸਾਡੇ ਰੋਹਨ ਦੀ ਸਾਰਮ ਅਤੇ ਮਾਲਿਕੀ ਜਾਇਆ-ਸੰਘੀ ਪੈਰੀਜ਼ ਨੂੰ ਇਸ ਆਧਾਰ ਤੇ ਨਿੰਦਣਾ ਗਲਤ ਹੈ ਕਿ ਉਹਨਾਂ ਨੇ ਪੱਛਮੀ ਸੰਗੀਤ ਦੀ ਨਕਲ ਕੀਤੀ ਹੈ। ਇਸ ਦੀ ਬਜਾਏ ਸਾਨੂੰ ਇਹਨਾਂ ਦੋ ਲੰਕਾ ਨਿਵਾਸੀਆਂ ਤੇ ਮਾਣ ਹੋਣਾ ਚਾਹੀਦਾ ਹੈ ਕਿ ਉਹ ਪੱਛਮੀ ਵਸਨੀਕਾਂ ਤੋਂ ਉਹਨਾਂ ਦੇ ਹੀ ਸੰਗੀਤ ਵਿੱਚ ਅੱਗੇ ਲੰਘ ਗਏ ਹਨ।

ਜੇ ਅਸੀਂ ਸਾਰੇ ਉਧਾਰ ਲਏ ਗਏ ਵਿਚਾਰ ਛੱਡਣੇ ਅਤੇ ਭੁਲਾਉਣੇ ਹਨ ਅਤੇ ਆਪਣੇ ਵੱਡੇ-ਵਡੇਰਿਆਂ ਦੀ ਸਭਿਅਤਾ ਨੂੰ ਚਿੰਬੜਨਾ ਹੈ ਤਾਂ ਸ਼ਾਇਦ ਸਾਨੂੰ ਸਾਡੇ ਵਡੇਰਿਆਂ ਦੀ ਗੁਫ਼ਾਵਾਂ ਵਾਲੀ ਜ਼ਿੰਦਗੀ ਵੱਲ ਪਿੱਛੇ ਨੂੰ ਜਾਣਾ ਪਵੇਗਾ ਸਾਨੂੰ ਅਜਿਹੀ ਭਾਸ਼ਾ ਬੋਲਣੀ ਪਵੇਗੀ, ਜਿਸ ਦੇ ਸ਼ਬਦ-ਕੋਸ਼ ਵਿੱਚ ਇੱਕ ਸੌ ਤੋਂ ਵੀ ਘੱਟ ਸ਼ਬਦ ਹੋਣਗੇ ਅਤੇ ਜਾਨਵਰਾਂ ਦੀ ਖੱਲ ਜਾਂ ਪੱਤੇ ਜਾਂ ਦਰੱਖਤਾਂ ਦੀ ਛਿੱਲ ਪਹਿਨਣੀ ਪਵੇਗੀ। ਆਪਣੀਆਂ ਬਿਮਾਰੀਆਂ ਦੇ ਇਲਾਜ ਲਈ ਸ਼ੈਤਾਨੀ-ਨਾਚ ਨੱਚਣਾ ਅਤੇ ਜਾਦੂ-ਟੂਣਿਆਂ ਵੱਲ ਮੁੜਨਾ ਪਵੇਗਾ। ਸਾਨੂੰ ਸਾਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਤਾਰਾ ਵਿਗਿਆਨੀ, ਜੋਤਿਸ਼ੀ ਅਤੇ ਕਿਸਮਤ ਦੱਸਣ ਵਾਲਿਆਂ ਨਾਲ ਸਲਾਹ ਕਰਨੀ ਪਵੇਗੀ। ਸਾਨੂੰ ਆਪਣੇ ਆਪ ਚੱਲਣ ਵਾਲੇ ਵਾਹਨਾਂ, ਗੱਡੀਆਂ, ਹਵਾਈ ਜਹਾਜਾਂ, ਰੇਡੀਓ, ਟੈਲੀਵਿਜਨਾਂ ਅਤੇ ਡਾਕਟਰੀ ਵਿਗਿਆਨ ਆਦਿ ਦੇ ਆਧੁਨਿਕ ਵਿਗਿਆਨਿਕ ਸਾਧਨਾਂ ਨੂੰ ਛੱਡਣਾ ਪਵੇਗਾ। ਆਪਣੇ ਸਾਥੀ ਮਨੁੱਖਾਂ ਦੇ ਵਿਗਿਆਨਿਕ ਅਤੇ ਤਕਨੀਕੀ ਗਿਆਨ ਤੋਂ ਫਾਇਦਾ ਉਠਾ ਕੇ ਅੱਗੇ ਜਾਣ ਦੀ ਬਜਾਏ ਸਭਿਆਚਾਰ ਦੇ ਨਾਂ ਹੇਠ ਸ਼ੈਤਾਨੀ-ਨਾਚ, ਬੁੱਤ-ਪੂਜਾ ਆਪਣੇ ਵਡੇਰਿਆਂ ਦੀ ਪੂਜਾ ਅਤੇ ਜਾਦੂ-ਟੂਣਿਆਂ ਨੂੰ ਬਹਾਲ ਕਰਕੇ ਪੁਰਾਤਨ ਜ਼ਿੰਦਗੀ ਵੱਲ ਪਿੱਛੇ ਮੁੜਨਾ ਕੋਰੀ ਮੂਰਖਤਾ ਹੋਵੇਗੀ।

ਵਿਰਸੇ ਵਿੱਚ ਮਿਲੇ ਕੁਝ ਜਜ਼ਬਿਆਂ ਤੋਂ ਬਿਨਾਂ ਮਨੁੱਖ ਦਾ ਬੱਚਾ ਬਗੈਰ ਕਿਸੇ ਗਿਆਨ ਤੋਂ ਖਾਲੀ ਦਿਮਾਗ ਨਾਲ ਪੈਦਾ ਹੁੰਦਾ ਹੈ। ਨਵ-ਜੰਮੇ ਬੱਚੇ ਦਾ ਦਿਮਾਗ ਇੱਕ ਨਵੇ ਬਟੂਏ ਦੀ ਤਰ੍ਹਾਂ ਹੁੰਦਾ ਹੈ। ਜਿਹੜਾ ਅਸੀਂ ਦੁਕਾਨ ਤੋਂ ਖਰੀਦਦੇ ਹਾਂ, ਜਿਸ ਵਿੱਚ ਕੋਈ ਪੈਸਾ ਨਹੀਂ ਹੁੰਦਾ। ਜਿੰਨਾ ਚਿਰ ਅਸੀਂ ਉਸ ਵਿੱਚ ਕੋਈ ਪੈਸਾ ਨਹੀਂ ਪਾਉਂਦੇ, ਇਸ ਵਿੱਚੋਂ ਅਸੀਂ ਪੈਸਾ ਕੱਢਣ ਦੇ ਯੋਗ ਨਹੀਂ ਹੋ ਸਕਦੇ। ਜੇ ਅਸੀਂ ਕਿਸੇ ਮੌਕੇ ਇਸ ਵਿੱਚ ਖੋਟੇ ਸਿੱਕੇ ਪਾ ਦੇਈਏ ਤਾਂ ਪਿੱਛੋਂ ਇਹੀ ਖੋਟੇ ਸਿੱਕੇ ਨਿਕਲਣਗੇ। ਇਸ ਲਈ ਜਿੰਨਾ ਚਿਰ ਅਸੀਂ ਵਧ ਰਹੇ ਬੱਚੇ ਦੇ ਮਨ ਵਿੱਚ ਕੋਈ ਗਿਆਨ ਨਹੀਂ ਪਾਉਂਦੇ, ਉਤਨਾ ਚਿਰ ਬੱਚੇ ਦੇ ਮਨ ਵਿੱਚੋਂ ਆਉਣ ਵਾਲੀ ਜ਼ਿੰਦਗੀ ਵਿੱਚ ਕੋਈ ਵੀ ਗਿਆਨ ਬਾਹਰ ਨਹੀਂ ਆਵੇਗਾ। ਬੱਚੇ ਦੇ ਮਨ ਵਿੱਚ ਗਿਆਨ ਦੇਖਣ, ਸੁਣਨ, ਸੁਆਦ ਚੱਖਣ, ਸੁੰਘਣ

ਅਤੇ ਮਹਿਸੂਸ ਕਰਨ ਵਾਲੀਆਂ ਪੰਜ ਗਿਆਨ ਇੰਦਰੀਆਂ ਦੇ ਰਾਹੀਂ ਹੀ ਪਾਇਆ ਜਾ ਸਕਦਾ ਹੈ। ਬਟੂਏ ਤੋਂ ਉਲਟ ਜਿਹੜਾ ਕਿ ਸਾਡੇ ਪੈਸੇ ਕੱਢਣ ਨਾਲ ਖਾਲੀ ਹੋ ਜਾਂਦਾ ਹੈ, ਇਸ ਤਰ੍ਹਾਂ ਗਿਆਨ ਵਾਲਾ ਮਨ ਗਿਆਨ ਕੱਢਣ ਨਾਲ ਖਾਲੀ ਨਹੀਂ ਹੋਵੇਗਾ, ਸਗੋਂ ਇਹ ਖਾਲੀ ਕਰਨ ਸਮੇਂ ਹੋਰ ਭਰਦਾ ਜਾਵੇਗਾ। ਇਹ ਆਪਣੇ ਵਿਸ਼ੇ ਨੂੰ ਉਦੋਂ ਹੀ ਗੁਆਉਂਦਾ ਹੈ, ਜਦੋਂ ਦਿਮਾਗ ਤੇ ਤੰਤੂਆਂ ਨੂੰ ਕੋਈ ਨੁਕਸਾਨ ਪਹੁੰਚੇ।

ਬਟੂਏ ਵਿੱਚ ਖੋਟੇ ਸਿੱਕੇ ਭਰਨ ਦੀ ਤਰ੍ਹਾਂ ਵਧ ਰਹੇ ਬੱਚੇ ਦੇ ਮਨ ਨੂੰ ਗਲਤ ਗਿਆਨ ਨਾਲ ਭਰਿਆ ਜਾ ਸਕਦਾ ਹੈ। ਬੱਚਿਆਂ ਦੇ ਮਨਾਂ ਵਿੱਚ ਗਲਤ ਅਤੇ ਹਾਨੀਕਾਰਕ ਵਿਚਾਰ ਭਰਨ ਦੀ ਜਿੰਮੇਵਾਰੀ ਵੱਡਿਆਂ ਉੱਤੇ ਆਉਂਦੀ ਹੈ। ਕੁਝ ਵਹਿਮੀ ਵਿਚਾਰ ਜਿਹੜੇ ਕਿ ਮਾਸੂਮ ਬੱਚੇ ਦੇ ਮਨ ਵਿੱਚ ਮੂਰਖ ਵੱਡਿਆਂ ਦੁਆਰਾ ਭਰੇ ਜਾਂਦੇ ਹਨ, ਉਹ ਭੂਤਾਂ-ਪ੍ਰੇਤਾਂ, ਰੱਬ, ਸ਼ੈਤਾਨ, ਦੇਵਤੇ, ਪਰੀਆਂ, ਤਾਰਾ ਵਿਗਿਆਨੀ, ਹੱਥ ਰੇਖਾ, ਧਾਰਮਿਕ ਰੀਤਾਂ, ਚੰਗਾ ਮਾੜਾ ਸਮਾਂ ਵਿਚਾਰਨਾਂ, ਪੁੰਨ-ਪਾਪ, ਸਵਰਗ-ਨਰਕ ਅਤੇ ਪੁਨਰ ਜਨਮ ਵਿੱਚ ਵਿਸ਼ਵਾਸ ਹਨ।

ਸਭ ਤੋਂ ਭੈੜੀ ਬਿਮਾਰੀ ਜਿਸ ਨੇ ਲੰਕਾਵਾਸੀਆਂ ਅਤੇ ਹੋਰ ਪੂਰਬੀ ਦੇਸ਼ਾਂ ਵਿੱਚ ਅਸਰ ਪਾਇਆ ਹੈ, ਉਹ ਭਾਸ਼ਾ, ਧਰਮ, ਜਾਤ ਤੇ ਧਨ ਅਨੁਸਾਰ ਇਸ ਦੇ ਸ਼ਹਿਰੀਆਂ ਨੂੰ ਵੱਖ-ਵੱਖ ਜਾਤਾਂ ਵਿੱਚ ਬਨਾਉਟੀ ਨਿਖੇੜਾ ਹੈ। ਦੂਜੇ ਵਹਿਮੀ ਵਿਸ਼ਵਾਸਾਂ ਦੀ ਤਰ੍ਹਾਂ ਫਿਰਕਾਪ੍ਰਸਤੀ ਵੀ ਬੱਚਿਆਂ ਦੇ ਮਨ ਵਿੱਚ ਵਡੇਰਿਆਂ ਦੇ ਸਿਧਾਤਾਂ ਦੇ ਸਿੱਟੇ ਵਜੋਂ ਭਰੀ ਜਾਂਦੀ ਹੈ। ਇਹ ਬੜੀ ਦੁੱਖਦਾਈ ਗੱਲ ਹੈ ਕਿ ਇਸ ਦੇਸ਼ ਵਿੱਚ ਕੁਝ ਸਿਆਸੀ ਨੇਤਾ ਲੋਕਾਂ ਦੇ ਦਿਮਾਗਾਂ ਵਿੱਚ ਧਾਰਮਿਕ ਕੱਟੜਪੁਣਾ ਭਰਨ ਵਿੱਚ ਲੱਗੇ ਹੋਏ ਹਨ।

ਕੁਝ ਦਿਨ ਪਹਿਲਾਂ ਇੱਕ ਦਸ ਸਾਲ ਦੀ ਲੜਕੀ ਨੂੰ ਮੇਰੇ ਕੋਲ ਮਾਨਸਿਕ ਇਲਾਜ ਲਈ ਲਿਆਂਦਾ ਗਿਆ, ਜੋ ਰਾਤ ਨੂੰ ਆਪਣੀ ਨੀਂਦ ਵਿੱਚ ਹੀ ਬਿਸਤਰਾ ਗਿੱਲਾ ਕਰ ਦਿੰਦੀ ਸੀ। ਜਾਂਚ ਪੜਤਾਲ ਪਿੱਛੋਂ ਮੈਂ ਇਹ ਜਾਣ ਕੇ ਹੈਰਾਨ ਹੋਇਆ ਕਿ ਉਹ ਆਪਣੀ ਜਮਾਤ ਦੇ ਚਾਲੀ ਵਿਦਿਆਰਥੀਆਂ ਵਿੱਚੋਂ ਦੂਜੀਆਂ ਲੜਕੀਆ ਨਾਲ ਮਿਲਦੀ-ਜੁਲਦੀ ਨਹੀਂ ਹੁੰਦੀ ਸੀ। ਭਾਵੇਂ ਖੇਡਾਂ ਦਾ ਸਮਾਂ ਹੀ ਕਿਉਂ ਨਾ ਹੋਵੇ। ਕਿਉਂਕਿ ਉਹ ਸਾਰੀਆਂ ਵਿਦਿਆਰਥਣਾਂ ਉਸ ਨਾਲੋਂ ਨੀਵੀਂ ਜਾਤ ਨਾਲ ਸਬੰਧ ਰੱਖਦੀਆਂ ਸਨ। ਜਦੋਂ ਮੈਂ ਉਸ ਨਾਲ ਉਸ ਦੀ ਜਮਾਤ ਦੀਆਂ ਦੂਜੀਆਂ ਕੁੜੀਆਂ ਬਾਰੇ ਗੱਲਾਂ-ਬਾਤਾਂ ਕੀਤੀਆਂ ਤਾਂ ਉਹ ਬਹੁਤ ਘਿਰਣਾਤਮਿਕ ਤਰੀਕੇ ਨਾਲ ਬੋਲੀ। ਇਸ ਲੜਕੀ ਵਿੱਚ ਜਾਤ-ਪਾਤ ਪ੍ਰਤੀ ਘਿਰਣਾ ਕਿਵੇਂ ਪੈਦਾ ਹੋਈ ? ਯਕੀਨੀ ਤੌਰ ਤੇ ਉਹ ਦੂਜੀਆਂ ਜਾਤਾਂ ਦੇ ਬੱਚਿਆਂ ਲਈ ਜਜ਼ਬਾਤੀ ਘਿਰਣਾ ਲੈ ਕੇ ਪੈਦਾ ਨਹੀਂ ਸੀ ਹੋਈ। ਭਾਵੇਂ ਇਹ ਲੜਕੀ ਨੀਵੀਂ ਜਾਤ ਵਾਲੇ ਮਾਪਿਆਂ ਦੇ ਪੈਦਾ ਹੋ ਜਾਂਦੀ ਅਤੇ ਉੱਚੀ ਜਾਤ ਵਾਲੇ ਜੌੜੇ ਦੁਆਰਾ ਬਚਪਨ ਵਿੱਚ ਗੋਦ ਲਈ ਜਾਂਦੀ, ਫਿਰ ਵੀ ਉਸ ਦਾ ਦੂਜੇ ਬੱਚਿਆਂ ਪ੍ਰਤੀ ਵਰਤਾਓ ਉਸ ਦੇ ਅਮੀਰੀ ਸ਼ਾਨ ਨਾਲ ਪਾਲਣ-ਪੋਸਣ ਕਾਰਨ ਆਕੜਖਾਨ ਹੀ ਹੁੰਦਾ ਹੈ।

ਚੰਗੀ ਸੋਚ ਵਾਲੇ ਸਾਰੇ ਦੇਸ਼ ਭਗਤ ਵਿਅਕਤੀ ਸਹਿਮਤ ਹੋਣਗੇ ਕਿ ਜਾਤ ਪਾਤ ਵਿੱਚ ਬੱਝੇ ਹੋਏ ਸਾਰੇ ਦੇਸ਼ਾਂ ਦੀ ਭਵਿੱਖ ਉਨਤੀ ਇਸ ਦੇ ਸ਼ਹਿਰੀਆਂ ਵਿੱਚਕਾਰ ਭਰਾਤਰੀ ਭਾਵਨਾ ਤੇ ਨਿਰਭਰ ਕਰਦੀ ਹੈ। ਇਹ ਕੇਵਲ ਉਦੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਜਦੋਂ ਅਸੀਂ ਸਾਰੇ ਇਹ ਮਹਿਸੂਸ ਕਰ ਲਈਏ ਕਿ ਅਸੀਂ ਸਾਰੇ ਇਸ ਸੰਸਾਰ ਵਿੱਚ ਇੱਕ ਮਨੁੱਖ ਜਾਤੀ ਦੇ ਤੌਰ ਤੇ ਪੈਦਾ ਹੋਏ ਹਾਂ ਅਤੇ ਇਹ ਸਾਰੇ ਫਿਰਕੂ ਅੰਤਰ ਬਨਾਉਟੀ ਅਤੇ ਮਨੁੱਖ ਦੇ ਬਣਾਏ ਹਨ। ਭਰਾਤਰੀ ਭਾਵਨਾ ਦਾ ਇਹ ਵਿਚਾਰ ਲੋਕਾਂ ਦੇ ਮਨਾਂ ਵਿੱਚ ਅਚਾਨਕ ਹੀ ਭਰਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਸਦੀਆਂ ਤੋਂ ਹੀ ਫਿਰਕੂ ਵਖਰੇਵਿਆਂ ਵਿੱਚ ਨਿਖੇੜਿਆ ਗਿਆ ਹੈ। ਇਹ ਲੰਮੇ ਸਮੇਂ ਲਈ ਕੌਮੀ ਇੱਕਮੁੱਠਤਾ ਦੀ ਵਿਧੀ ਦੁਆਰਾ ਯੋਜਨਾਬੱਧ ਤਰੀਕੇ ਨਾਲ ਲਿਆਉਣਾ ਹੋਵੇਗਾ।

ਸਮੁੱਚੀ ਕੌਮੀ ਏਕਤਾ ਪੰਝੀ ਜਾਂ ਪੰਜਾਹ ਸਾਲਾਂ ਦੇ ਸਮੇਂ ਦੌਰਾਨ ਵੱਖ-ਵੱਖ ਜਾਤਾਂ ਤੇ ਧਰਮਾਂ ਨਾਲ ਸਬੰਧ ਰੱਖਣ ਵਾਲੇ ਆਦਮੀਆਂ ਅਤੇ ਔਰਤਾਂ ਦੇ ਅੰਤਰ ਜਾਤੀ ਵਿਆਹਾਂ ਨੂੰ ਉਤਸ਼ਾਹ ਦੇ ਕੇ ਲਿਆਂਦੀ ਜਾ ਸਕਦੀ ਹੈ। ਅਜਿਹੇ ਜੋੜਿਆਂ ਦੇ ਪੈਦਾ ਹੋਏ ਬੱਚਿਆਂ ਲਈ ਦੋਵਾਂ ਮਜ੍ਹਬਾਂ ਵਿੱਚੋਂ ਕਿਸੇ ਵੀ ਇੱਕ ਨਾਲ ਜਜ਼ਬਾਤੀ ਸਾਂਝ ਪੈਦਾ ਹੋ ਜਾਣੀ ਜਰੂਰੀ ਨਹੀਂ। ਜਦੋਂ ਲੰਕਾ ਵਿੱਚ ਭਵਿੱਖ ਵਿੱਚ ਹੋਰ ਬੱਚੇ ਪੈਦਾ ਹੋਣਗੇ ਤਾਂ ਬਿਨਾਂ ਕਿਸੇ ਮਜ੍ਹਬੀ ਸਾਂਝ ਤੋਂ ਦੇਸ਼ ਦੇ ਸ਼ਹਿਰੀਆਂ ਦੇ ਤੌਰ ਤੇ ਵੱਡੇ ਹੋਣਗੇ। ਅਜਿਹੇ ਬੱਚਿਆਂ ਦੀ ਵਫਾਦਾਰੀ ਕੁਦਰਤੀ ਤੌਰ ਤੇ ਦੇਸ਼ ਪ੍ਰਤੀ ਹੋਵੇਗੀ ਨਾ ਕਿ ਧਰਮ ਪ੍ਰਤੀ, ਜਿਸ ਨਾਲ ਉਹਨਾਂ ਦੇ ਮਾਪੇ ਕਿਸੇ ਸਮੇਂ ਸਬੰਧ ਰੱਖਦੇ ਸਨ।

ਅੰਤਰ-ਜਾਤੀ ਵਿਆਹਾਂ ਨੂੰ ਉਤਸ਼ਾਹ ਦੇਣਾ ਲੋਕਾਂ ਦੀ ਖੁਸ਼ਹਾਲੀ ਲਈ ਉਤਨਾ ਹੀ ਮਹੱਤਵਪੂਰਨ ਹੈ, ਜਿੰਨਾ ਕਿ ਪਰਿਵਾਰ ਨਿਯੋਜਨ ਦਾ ਕੰਮ ਹੈ। ਕਿਉਂਕਿ ਪੂਰਬੀ ਦੇਸ਼ਾਂ ਦੇ ਭਵਿੱਖ ਲਈ ਫਿਰਕਾਪ੍ਰਸਤੀ ਅਤੇ ਵਧ ਰਹੀ ਜਨ ਸੰਖਿਆ, ਦੋ ਗੰਭੀਰ ਸੰਕਟ ਹਨ। ਅੰਤਰ-ਜਾਤੀ ਵਿਆਹਾਂ ਰਾਹੀਂ ਫਿਰਕਾਪ੍ਰਸਤੀ ਨੂੰ ਬਿਲਕੁਲ ਖਤਮ ਕੀਤਾ ਜਾ ਸਕਦਾ ਹੈ, ਜਿੰਨਾ ਚਿਰ ਵੱਖ-ਵੱਖ ਜਾਤਾਂ ਵਿੱਚ ਖੂਨ ਨਹੀਂ ਰਲ ਜਾਂਦਾ ਇੱਕ ਕੌਮ ਬਣਾਉਣੀ ਸੰਭਵ ਨਹੀਂ ਹੈ।

ਇਸ ਕਿਸਮ ਦੀ ਕੌਮੀ ਏਕਤਾ ਅਜਿਹੇ ਦੇਸ਼ ਵਿੱਚ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿੱਥੇ ਅੰਤਰ-ਜਾਤੀ ਵਿਆਹਾਂ ਨੂੰ ਸਮਾਜ ਦੁਆਰਾ ਬੁਰਾ ਅਤੇ ਗੈਰ-ਸਮਾਜੀ ਕੰਮ ਸਮਝਿਆ ਜਾਂਦਾ ਹੈ। ਇਹ ਅਸਲ ਵਿੱਚ ਇੱਕ ਚੰਗਾ ਚਿੰਨ੍ਹ ਹੈ ਕਿ ਸਮਾਜਿਕ ਅਤੇ ਪਰਿਵਾਰਿਕ ਕੱਟੜਪੁਣੇ ਦੇ ਬਾਵਜੂਦ ਵੀ ਆਧੁਨਿਕ ਸਾਲਾਂ ਵਿੱਚ ਅੰਤਰ-ਜਾਤੀ ਵਿਆਹਾਂ ਨੂੰ ਉਤਸ਼ਾਹਿਤ ਕਰਨ ਦੇ ਢੰਗ ਅਤੇ ਤਰੀਕੇ ਖੋਜਣਾ ਦੇਸ਼ ਭਗਤ ਪੱਤਰਕਾਰਾਂ ਦਾ ਫ਼ਰਜ਼ ਹੈ।

ਅੰਤਰ-ਜਾਤੀ ਵਿਆਹਾਂ ਸਬੰਧੀ ਸੰਸਥਾਵਾਂ ਸਥਾਪਿਤ ਕਰਨ ਦੀ ਲੋੜ ਹੈ। ਅਜਿਹੀਆਂ ਸੰਸਥਾਵਾਂ ਨੂੰ ਰਲੇ ਮਿਲੇ ਜੋੜਿਆਂ ਦਾ ਵਿਆਹ ਆਪਣੀ ਨਿਗਰਾਨੀ ਹੇਠ ਕਰਨਾ ਚਾਹੀਦਾ ਹੈ, ਜਿਹੜੇ ਕਿ ਅਜਿਹੀ ਸਹਾਇਤਾ ਜਨਤਕ ਇਕੱਠਾਂ ਵਿੱਚ ਚਾਹੁੰਦੇ ਹਨ। ਅਜਿਹੇ ਧਰਮ- ਨਿਰਪੱਖ ਵਿਆਹਾਂ ਸਮੇਂ ਅੰਤਰ-ਜਾਤੀ ਵਿਆਹਾਂ ਦੇ ਲਾਭਾਂ ਅਤੇ ਮਹੱਤਤਾ ਬਾਰੇ ਕੌਮੀ ਨੇਤਾਵਾਂ ਨੂੰ ਬੋਲਣ ਦਾ ਮੌਕਾ ਦੇਣਾ ਚਾਹੀਦਾ ਹੈ। ਜਦੋਂ ਲੋਕਾਂ ਨੇ ਅੰਤਰ-ਭਾਸ਼ਾਈ, ਅੰਤਰ-ਧਾਰਮਿਕ ਅਤੇ ਅੰਤਰ ਜਾਤੀ ਵਿਆਹਾਂ ਨੂੰ ਮਹੱਤਤਾ ਅਤੇ ਮਨਜ਼ੂਰੀ ਦੇਣੀ ਸ਼ੁਰੂ ਕਰ ਦਿੱਤੀ ਤਾਂ ਅੰਤਰ-ਜਾਤੀ ਵਿਆਹ ਬੰਧਨ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਨੌਜਵਾਨ ਆਦਮੀਆਂ ਅਤੇ ਔਰਤਾਂ ਦੀ ਗਿਣਤੀ ਵਧਦੀ ਜਾਵੇਗੀ।

ਇਹ ਸਰਕਾਰ ਦਾ ਫਰਜ਼ ਹੈ ਕਿ ਅੰਤਰ-ਜਾਤੀ ਵਿਆਹਾਂ ਰਾਹੀਂ ਕੌਮੀ ਏਕਤਾ ਨੂੰ ਉਤਸ਼ਾਹਿਤ ਕਰੇ। ਜੇ ਬਾਕੀ ਸਾਰੀਆ ਯੋਗਤਾਵਾਂ ਬਰਾਬਰ ਹੋ ਜਾਣ ਤਾਂ ਅੰਤਰ-ਜਾਤੀ ਵਿਆਹੇ ਹੋਏ ਮਾਪਿਆਂ ਦੇ ਬੱਚਿਆਂ ਨੂੰ ਨੌਕਰੀਆਂ ਲਈ ਪਹਿਲ ਮਿਲਣੀ ਚਾਹੀਦੀ ਹੈ।

ਸਾਡੇ ਦੇਸ਼ ਵਿੱਚ ਜਿੱਥੇ ਕਿ ਅਨੇਕ ਧਰਮ, ਭਾਸ਼ਾਵਾਂ ਅਤੇ ਜਾਤਾਂ ਹਨ। ਅਸਲੀ ਲੋਕ ਰਾਜ ਉਦੋਂ ਹੀ ਕੰਮ ਕਰ ਸਕਦਾ ਹੈ, ਜਦੋਂ ਸਰਕਾਰ ਪੂਰਨ ਤੌਰ ਤੇ ਧਰਮ-ਨਿਰਪੱਖ ਹੋ ਜਾਵੇ। ਧਰਮ ਨੂੰ ਕਿਸੇ ਵਿਅਕਤੀ ਦਾ ਨਿੱਜੀ ਮਸਲਾ ਰਹਿਣ ਦੇਣਾ ਚਾਹੀਦਾ ਹੈ। ਸਾਰੇ ਧਾਰਮਿਕ ਬੰਦਿਆਂ ਤੋਂ ਟੈਕਸ ਇਕੱਠਾ ਕਰ ਕੇ ਬਹੁ-ਗਿਣਤੀ ਦੇ ਧਰਮ ਉੱਤੇ ਖਰਚ ਕਰ ਦੇਣ ਦੀ ਗੈਰ ਲੋਕ ਰਾਜੀ ਨੀਤੀ ਫਿਰਕੂ ਜ਼ਹਿਰ ਦਾ ਕਾਰਨ ਬਣ ਸਕਦੀ ਹੈ। ਜਾਤ ਜਾਂ ਧਰਮ ਬਾਰੇ ਵੇਰਵਾ ਸਰਕਾਰੀ ਸੇਵਾ ਜਾਂ ਸਕੂਲਾਂ ਵਿੱਚ ਦਾਖਲਾ ਲੈਣ ਦੇ ਚਾਹਵਾਨਾਂ ਤੋਂ ਨਹੀਂ ਪੁੱਛਣਾ ਚਾਹੀਦਾ।

ਹੋ ਸਕਦੈ, ਕਿ ਪ੍ਰਚਲਤ ਰੀਤਾਂ ਤੋਂ ਪਰ੍ਹੇ ਜਾਣ ਦਾ ਕੋਈ ਵੀ ਸੁਝਾਅ ਇਸ ਮੁਲਕ ਦੇ ਸੜਾਂਦ ਮਾਰਦੇ ਪੁਰਾਤਨ ਸੰਧੀਆਂ ਨੂੰ ਰੜਕੇ। ਦੂਰ ਦ੍ਰਿਸ਼ਟੀ ਦੇ ਸੀਮਤ ਖੇਤਰ ਵਾਲੇ ਖਾਸ ਕਿਸਮ ਦੇ ਲੋਕਾਂ ਵੱਲੋਂ ਇਸ ਮਹੱਤਵਪੂਰਨ ਅਗਾਂਹ ਵਧੂ ਸੁਧਾਰ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਪਰੰਤੂ ਸਾਨੂੰ ਉਮੀਦ ਰੱਖਣੀ ਚਾਹੀਦੀ ਹੈ ਕਿ ਘੱਟ ਤੋਂ ਘੱਟ ਕੁਝ ਲੋਕ ਤਾਂ ਅਜਿਹੇ ਹੋਣਗੇ, ਜਿਹੜੇ ਦੇਸ਼ ਦੀ ਭਵਿੱਖੀ ਕੌਮੀ ਏਕਤਾ ਲਈ ਅੰਤਰ-ਜਾਤੀ ਵਿਆਹਾਂ ਵਿੱਚ ਆਸ ਦੀ ਕਿਰਨ ਵੇਖਣਗੇ। ਫਿਰ ਵੀ ਕਿਸੇ ਦੇਸ਼ ਦੀ ਤਰੱਕੀ ਬਹੁਤ ਸਾਰੇ ਅਗਿਆਨੀਆਂ ਉੱਤੇ ਨਿਰਭਰ ਕਰਨ ਦੀ ਬਜਾਏ, ਕੁਝ ਕੁ ਸੋਚਵਾਨਾਂ ਉੱਤੇ ਵਿਰਭਰ ਕਰਦੀ ਹੈ। ਆਓ ਅਸੀਂ ਸਹੀ ਅਰਥਾਂ ਵਿੱਚ ਸੂਝਵਾਨ ਮਨੁੱਖ ਬਣੀਏ।

# ਪਰਾ ਮਨੋਵਿਗਿਆਨਿਕ ਵਰਤਾਰੇ—ਇੱਕ ਭਰਮ

ਸ੍ਰੀ ਲੰਕਾ ਦੀ ਅਰਬਿੰਦ ਸੁਸਾਇਟੀ ਦੇ ਇੱਕ ਰਸਾਲੇ ਵਿੱਚ ਸ੍ਰੀ ਅਰਬਿੰਦੋ ਘੋਸ਼ ਬਾਰੇ ਲੇਖ ਵਿੱਚ ਡਾਕਟਰ ਕਾਨਾਗਾਰਟਨਾਮ ਨੇ ਸ੍ਰੀ ਅਰਬਿੰਦ ਦੀਆਂ ਮਾਨਸਿਕ ਵਿਸ਼ੇਸ਼ਤਾਈਆਂ ਦੀ ਬੜੇ ਸ਼ਾਨਦਾਰ ਸ਼ਬਦਾਂ ਵਿੱਚ ਵਿਆਖਿਆ ਕੀਤੀ ਹੈ। ਅਰਬਿੰਦ ਦੀਆਂ ਪਹਿਲਾਂ ਬੁੱਝ ਲੈਣ ਦੀਆਂ ਸ਼ਕਤੀਆਂ ਦੀ ਉਦਾਹਰਣ ਦੇ ਕੇ ਡਾਕਟਰ ਕਾਨਾਗਾਰਟਨਾਮ ਨੇ ਇਸ ਤਰ੍ਹਾਂ ਲਿਖਿਆ ਹੈ:-

15 ਅਗਸਤ, 1946 ਨੂੰ ਲਿਖਾਰੀ, ਸ੍ਰੀ ਅਰਬਿੰਦ ਦੇ ਦਰਸ਼ਨ ਕਰਨ ਲਈ ਪਾਂਡੀਚਿਰੀ ਵਿੱਚ ਸੀ ਅਤੇ ਉਸਨੇ ਕੁਝ ਅਧਿਆਤਮਕ ਤਜਰਬੇ, ਜਿਹੜੇ ਕਿ ਸ੍ਰੀ ਅਰਬਿੰਦ ਨਾਲ ਸਬੰਧਤ ਸਨ, ਦੀ । ਪ੍ਰੋੜਤਾ ਕਰਨੀ ਸੀ। ਸੰਸਾਰ ਦੇ ਵੱਖ-ਵੱਖ ਭਾਗਾਂ ਵਿੱਚੋਂ ਲਗਭਗ ਇੱਕ ਹਜ਼ਾਰ ਲੋਕ ਕਤਾਰ ਵਿੱਚ ਲੱਗੇ ਹੋਏ ਸਨ। ਪ੍ਰਵੇਸ਼ ਦੁਆਰ ਤੇ ਇੱਕ ਤਸਵੀਰ ਦੀ ਤਰ੍ਹਾਂ ਫਰੇਮ ਵਿੱਚ ਫਿੱਟ ਕਰਕੇ ਸ਼ੀਸ਼ੇ ਨਾਲ ਢਕਿਆ ਹੋਇਆ ਇੱਕ ਬੋਰਡ ਲੱਗਿਆ ਹੋਇਆ ਸੀ, ਜਿਸ ਵਿੱਚ ਸੋਨੇ ਦੇ ਧਾਗੇ ਨਾਲ ਸਿਉਂਤਾ ਹੋਇਆ ਇੱਕ ਲਿਖਤੀ ਬਿਆਨ ਸੀ। ਇਸ ਵਿੱਚ ਇਹ ਸੀ, "ਅਗਲੇ ਸਾਲ ਦਿਨ 15 ਅਗਸਤ, 1947 ਨੂੰ ਭਾਰਤ ਆਜ਼ਾਦੀ ਪ੍ਰਾਪਤ ਕਰ ਲਵੇਗਾ"- ਅਰਬਿੰਦ

ਲਿਖਾਰੀ ਹੈਰਾਨ ਹੁੰਦਾ ਹੋਇਆ ਵਾਪਿਸ ਆ ਗਿਆ ਕਿ ਅਜਿਹੇ ਵਿਅਕਤੀ ਦੁਆਰਾ ਅਜਿਹੀ ਭਵਿੱਖ-ਬਾਣੀ ਉਸ ਵਿੱਚ ਕਿਹੜੀ ਅਕਲ ਨੇ ਕੀਤੀ। ਅਗਸਤ, 1946 ਵਿੱਚ ਹਰ ਕੋਈ ਕਲਪਨਾ ਕਰਦਾ ਸੀ ਕਿ ਭਾਰਤ ਆਉਣ ਵਾਲੇ ਸਾਲ ਵਿੱਚ ਆਜ਼ਾਦੀ ਪ੍ਰਾਪਤ ਕਰ ਲਵੇਗਾ ਅਤੇ ਅਜਿਹੀ ਦਲੇਰੀ ਭਰੀ ਭਵਿੱਖਬਾਣੀ ਜਿਵੇਂ ਕਿ ਆਜ਼ਾਦੀ ਦੀ ਤਰੀਖ ਨਿਸ਼ਚਿਤ ਕਰ ਦੇਣਾ ਤਾਂ ਘੱਟੋ ਘੱਟ ਜਰੂਰ ਕੋਈ ਔਖੀ ਗੱਲ ਸੀ।

ਅਜਿਹੇ ਵਿਅਕਤੀ ਦੀ ਤਰ੍ਹਾਂ ਜਿਸਨੇ ਕਿਸੇ ਸਿੱਟੇ ਤੇ ਪਹੁੰਚਣ ਲਈ ਚਮਤਕਾਰੀ ਸ਼ਕਤੀਆਂ ਦਾ ਦਾਅਵਾ ਕਰਨ ਵਾਲੇ ਦੇਵ—ਪੁਰਸ਼ਾਂ ਦੀ ਮਨੋਵਿਗਿਆਨਿਕ ਅਤੇ—ਪਰਾਮਨੋਵਿਗਿਆਨਿਕ ਸ਼ਕਤੀਆਂ ਦੀ ਪੜਤਾਲ ਦੇ ਲੇਖੇ ਅੱਧੀ ਸਦੀ ਲਾਈ ਹੈ ਅਤੇ ਅੰਤ ਵਿੱਚ ਇਹ ਸਿੱਟਾ ਕੱਢਿਆ ਹੈ ਕਿ ਕੋਈ ਵੀ, ਭੂਤਕਾਲ ਤੋਂ ਵਰਤਮਾਨ ਕਾਲ ਨੂੰ ਨਹੀਂ ਜਾਣ ਸਕਦਾ ਅਤੇ ਕਿਸੇ ਕੋਲ ਵੀ ਗੈਬੀ-ਸ਼ਕਤੀਆਂ ਨਹੀਂ ਹਨ। ਮੈਂ ਸ੍ਰੀ ਅਰਬਿੰਦ ਦੀ ਪਹਿਲਾਂ ਬੁੱਝ ਲੈਣ ਦੀ ਸ਼ਕਤੀ ਬਾਰੇ ਉੱਪਰਲੀ ਕਹਾਣੀ ਬਾਰੇ, ਸੱਚਾਈ ਨੂੰ ਪੜਤਾਲਣ ਦਾ ਫੈਸਲਾ ਕੀਤਾ। ਦੋ ਸਾਲਾਂ ਤੱਕ ਭਾਰਤ ਵਿੱਚ ਜਾਂ ਸ੍ਰੀ ਲੰਕਾ ਵਿੱਚ ਇਸ ਕਹਾਣੀ ਦੀ ਪੁਸ਼ਟੀ ਕਰਨ ਲਈ ਦੂਜੇ ਕਿਸੇ ਵੀ ਵਿਅਕਤੀ ਨੂੰ ਲੱਭਣ ਦੀਆਂ ਮੇਰੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ।

ਅਰਬਿੰਦ—ਆਸ਼ਰਮ ਦਾ ਜਨਰਲ ਸਕੱਤਰ ਸ੍ਰੀ ਮਾਨ ਐੱਮ. ਪੀ. ਪੰਡਿਤ ਸ੍ਰੀ ਲੰਕਾ ਵਿੱਚ ਆਪਣੇ ਅੰਧ—ਵਿਸ਼ਵਾਸਾਂ ਉੱਤੇ ਜਨਤਕ ਭਾਸ਼ਨਾਂ ਰਾਹੀਂ ਲੋਕਾਂ ਵਿਚਕਾਰ ਮਾਨਸਿਕ ਗੰਧਲਾਪਨ ਫੈਲਾਉਣ ਲਈ ਅਕਸਰ ਆਉਂਦਾ ਰਹਿੰਦਾ ਹੈ। ਸ੍ਰੀ ਲੰਕਾ ਦੀ ਬ੍ਰਹਮ ਗਿਆਨ ਸਭਾ ਵੱਲੋਂ ਪ੍ਰਸਾਵਿਤ ਇੱਕ ਮੀਟਿੰਗ ਵਿਖੇ ਉਸ ਦੇ ਭਾਸ਼ਨ ਪਿੱਛੋਂ ਜਨਵਰੀ 1978 ਵਿੱਚ ਮੈਂ ਉਸ ਤੋਂ ਪੁੱਛਿਆ ਸੀ ਕਿ ਕੀ ਉਸਨੇ ਜਾਂ ਹੋਰ ਕਿਸੇ ਨੇ ਆਸ਼ਰਮ ਦੇ ਪ੍ਰਵੇਸ਼—ਦੁਆਰ ਤੇ ਅਰਬਿੰਦ ਆਸ਼ਰਮ ਵਿਖੇ ਅਜਿਹੀ ਭਵਿੱਖਬਾਣੀ ਲੱਗੀ ਹੋਈ ਦੇਖੀ ਸੀ ? ਭਾਵੇਂ ਉਹ ਮੈਨੂੰ ਸਿੱਧਾ ਉੱਤਰ ਦੇਣ ਵਿੱਚ ਹਿਚਕਚਾਉਂਦਾ ਸੀ, ਮੇਰੇ ਪ੍ਰਸ਼ਨਾਂ ਦੇ ਜਵਾਬ ਵਿੱਚ ਹਾਂ ਜਾਂ ਨਾਂਹ ਕਹਿਣ ਦੇ ਦਬਾਅ ਥੱਲੇ ਸ੍ਰੀ ਪੰਡਿਤ ਨੇ ਮੰਨਿਆਂ ਕਿ ਉਸ ਨੇ ਅਜਿਹੀ ਭਵਿੱਖਬਾਣੀ ਨਹੀਂ ਦੇਖੀ ਅਤੇ ਆਪਣੇ ਉੱਤਰ ਨਾਲ ਸ਼ਰਤ ਜੋੜ ਦਿੱਤੀ ਕਿ ਹੋ ਸਕਦਾ ਹੈ ਕਿ ਇਹ ਆਪਣੀਆਂ ਮਾਨਸਿਕ ਅੱਖਾਂ ਨਾਲ ਦੇਖ ਲਿਆ ਹੋਵੇ। ਭਾਵੇਂ ਉਸ ਲੇਖ ਦਾ ਲਿਖਾਰੀ ਵੀ ਮੇਰੇ ਨਾਲ ਬੈਠਾ ਸੀ ਪਰੰਤੂ ਮੈਨੂੰ ਮਜਬੂਰਨ ਇਹ ਕਹਿਣਾ ਪਿਆ ਸੀ ਕਿ ਜੇ ਇਸ ਤਰ੍ਹਾਂ ਸੀ ਤਾਂ ਲਿਖਾਰੀ ਨੂੰ ਮਾਨਸਿਕ ਇਲਾਜ ਵਾਸਤੇ ਮਾਨਸਿਕ ਹਸਪਤਾਲ ਵਿੱਚ ਭੇਜ ਦੇਣਾ ਚਾਹੀਦਾ ਹੈ।

ਟੈਲੀਪੈਥੀ ਰਾਹੀਂ ਅਗਾਊਂ ਬੁੱਝ ਲੈਣਾ, ਪਿੱਛਾ ਜਾਣ ਲੈਣਾ, ਮਾਨਸਿਕ ਹਾਲਤਾਂ ਸਮਝਣਾ, ਦੂਰ ਸੁਨੇਹਾ ਭੇਜਣਾ, ਕੋਈ ਚੀਜ਼ ਪੈਦਾ ਕਰਨੀ, ਉੱਡਣਾ, ਇੱਕ ਥਾਂ ਤੋਂ ਦੂਜੀ ਥਾਂ ਚਲੇ ਜਾਣਾ ਆਦਿ ਦੀਆਂ ਮਨਘੜਤ ਕਹਾਣੀਆਂ ਸਨਸਨੀ ਫੈਲਾਉਣ ਵਾਲੇ ਰਸਾਲਿਆਂ ਤੇ ਧਾਰਮਿਕ ਗਰੰਥਾਂ ਵਿੱਚ ਵੇਖੀਆਂ ਜਾ ਸਕਦੀਆਂ ਹਨ। ਮੈਂ ਮਨੋਵਿਗਿਆਨਿਕ ਤੇ ਪਰਾ—ਮਨੋਵਗਿਆਨਿਕ ਵਰਤਾਰਿਆਂ ਉੱਪਰ ਕੀਤੀ ਖੋਜ ਦੇ ਸਿੱਟਿਆਂ ਬਾਰੇ 1959 ਵਿੱਚ ਮੇਰੀ ਸੇਵਾ ਮੁਕਤੀ ਪਿੱਛੋਂ ਹੀ ਲਿਖਣਾ ਤੇ ਬੋਲਣਾ ਸ਼ੁਰੂ ਕੀਤਾ। ਜਦੋਂ ਮੈਂ ਵੇਖਿਆ ਕਿ ਮੈਂ ਜੋ ਕੁੱਝ ਲਿਖਿਆ ਦੂਜਿਆਂ ਨੇ ਮੇਰੇ ਨਾਲੋਂ ਵੱਧ ਯੋਗਤਾ ਪ੍ਰਾਪਤ ਖੋਜੀਆਂ ਦਾ ਹਵਾਲਾ ਦੇ ਕੇ ਮੇਰੀ ਵਿਰੋਧਤਾ ਕੀਤੀ। ਮੈਂ ਫੈਸਲਾ ਕੀਤਾ ਕਿ ਮੂਰਖ ਅੰਧ—ਵਿਸ਼ਵਾਸੀਆਂ ਨੂੰ ਸਿੱਧੀ ਚੁਣੌਤੀ ਹੀ ਮਨਾ ਸਕਦੀ ਹੈ। ਮੈਂ ਆਪਣੀ ਸੰਸਾਰ-ਪ੍ਰਸਿੱਧ ਪੱਕੀ ਚੁਣੌਤੀ ਜਾਰੀ ਕਰ ਦਿੱਤੀ, ਜਿਸ ਵਿੱਚ ਕਿਸੇ ਨੂੰ ਵੀ ਜਿਹੜਾ ਗੈਬੀ ਸ਼ਕਤੀਆਂ (ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ) ਦਾ ਵਿਖਾਵਾ ਕਰੇਗਾ ਨੂੰ ਇੱਕ ਲੱਖ ਰੁਪਇਆ ਇਨਾਮ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ-

**ਯੂਰੀਗੈਲਰ ਦੇ ਦਾਅਵੇ**

ਇਜ਼ਰਾਇਲ ਦੇ ਹੱਥ ਦੀ ਸਫਾਈ ਦੇ ਮਦਾਰੀ ਯੂਰੀਗੈਲਰ ਨੇ ਇਹਨਾਂ ਸਾਲਾਂ ਵਿੱਚ ਚਮਚਿਆਂ, ਚਾਬੀਆਂ ਅਤੇ ਮੇਖਾਂ ਨੂੰ ਮੋੜਨ, ਸਕਿੰਟਾਂ ਵਿੱਚ ਹਜਾਰਾਂ ਮੀਲ ਸੰਦੇਸ਼ ਭੇਜਣ, ਸੀਲ ਕਿਤੇ ਹੋਏ ਲੈਂਜ਼ ਰਾਹੀਂ ਫੋਟੋ ਲੈਣ, ਲਿਫਾਫੇ ਵਿੱਚ ਬੰਦ ਕੀਤੀ ਹੋਈ ਡਰਾਇੰਗ ਨੂੰ ਪੈਦਾ ਕਰਨ ਤੇ ਉਡਣ—ਤਸ਼ਤਰੀ ਵਿੱਚ ਸ਼ਾਮਿਲ ਹੋਣ ਵਰਗੇ ਆਪਣੇ ਚਮਤਕਾਰਾਂ ਰਾਹੀਂ ਦੁਨੀਆਂ ਨੂੰ ਚਕਾਚੌਂਧ ਕਰ ਦਿੱਤਾ।

ਜਿਵੇਂ ਕਿ ਕਲਾਬਾਜ ਪ੍ਰੋਫੈਸਰ ਕਸਥੂਰੀ ਨੇ ਪੂਤਾਪਾਰਤੀ ਦੇ ਹੱਥ ਦੀ ਸਫ਼ਾਈ ਵਾਲੇ ਚਾਲਬਾਜ਼ ਸੱਥਿਆਨਰਾਇਣ ਰਾਜੂ ਨੂੰ ਉਸਦੀ ਝੂਠੀ ਜੀਵਨ—ਕਥਾ ਲਿਖ ਕੇ ਕਿ ਉਹ ਰੱਬ ਦਾ ਅਵਤਾਰ ਹੈ, ਨੂੰ ਚਮਤਕਾਰੀ ਰੱਬ ਬਣਾਇਆ ਸੀ। ਉਸੇ ਤਰ੍ਹਾਂ ਹੀ ਨਿਊਯਾਰਕ ਦੇ ਚਾਲਬਾਜ਼ ਡਾਕਟਰ ਅੰਦਰੀਜਾ ਪੁਹਾਰਿਚ ਨੇ ਰਾਤ ਵਾਲੇ ਕਲੱਬਾਂ ਵਿੱਚ ਪ੍ਰਦਰਸ਼ਨੀ ਕਰਨ ਵਾਲੇ ਯੂਰੀਗੈਲਰ ਨੂੰ, ਉਸ ਵੱਲੋਂ ਲੜਕੇਪਨ ਵਿੱਚ ਕੀਤੇ ਚਮਤਕਾਰਾਂ ਬਾਰੇ ਮਨਘੜਤ ਕਹਾਣੀਆਂ ਦੀ ਇੱਕ ਭਾਰੀ ਜੀਵਨ—ਕਥਾ ਲਿਖ ਕੇ, ਉਸਨੂੰ 'ਮਾਨਸਿਕ ਸ਼ਕਤੀਆਂ ਦਾ ਮਾਲਕ' ਬਣਾ ਦਿੱਤਾ ਹੈ। ਆਪਣੀ ਕਿਤਾਬ 'ਯੂਰੀ' ਵਿੱਚ ਡਾਕਟਰ ਪੁਹਾਰਿਚ ਕਹਿੰਦਾ ਹੈ ਕਿ ਯੂਰੀਗੈਲਰ ਮਾਨਸਿਕ ਸ਼ਕਤੀਆਂ 'ਮਸ਼ੀਨੀ—ਮਨਾਂ ਤੋਂ ਪ੍ਰਾਪਤ ਕਰਦਾ ਹੈ, ਜਿਹੜੇ ਕਿ ਧਰਤੀ ਤੋਂ ਲੱਖਾਂ ਪ੍ਰਕਾਸ਼ ਵਰ੍ਹੇ ਦੂਰ ਹਨ।'

ਗੈਲਰ ਜੌਨੀ ਗਾਰਸਨ, ਟਾਈਮ ਅਤੇ ਵਿਗਿਆਨਿਕ ਅਮਰੀਕੀ ਰਸਾਲਿਆਂ N.B.C ਦੇ ਬਾਰਵੇਰਾ ਵਾਲਟਰ ਨੂੰ ਅਤੇ ਸਟੈਨਫੋਰਦ ਖੋਜ ਸੰਸਥਾ ਦੇ ਹੈਰਲਡ ਪੂਟੋਫ ਤੇ ਰਸਲ ਟਾਰਗ ਵਰਗੇ ਮਸ਼ਹੂਰ ਵਿਗਿਆਨੀਆਂ ਅਤੇ ਤਾਰਾ ਵਿਗਿਆਨੀ ਐਲਡਰ ਮਾਈਕਲ ਅਤੇ ਪ੍ਰੋਫੈਸਰ ਜੌਨ ਟੇਲਰ ਵਰਗਿਆਂ ਨੂੰ ਧੋਖਾ ਦੇਣ ਵਿੱਚ ਸਫਲ ਹੋ ਗਿਆ। ਉਸਦੇ ਜਾਦੂਮਈ ਕਰਿਸ਼ਮੇ ਜਿਹੜੇ ਕਿ N.B.C ਦੂਰਦਰਸ਼ਨ ਤੇ ਦਿਖਾਏ, ਨੇ ਸਾਰੇ ਸੰਸਾਰ ਵਿੱਚ ਪਰਾਮਨੋ-ਵਿਗਿਆਨ ਦੇ ਸ਼ੌਦਾਈਆਂ ਨੂੰ ਹੁਲਾਰਾ ਦਿੱਤਾ। ਲੇਕਿਨ ਯੂਰੀ ਗੈਲਰ ਦੀ ਇੱਕ ਮਾਨਸਿਕ ਸ਼ਕਤੀਆਂ ਦੇ ਮਾਹਰ ਦੇ ਤੌਰ 'ਤੇ ਮਸ਼ਹੂਰੀ ਉਨਾ ਚਿਰ ਹੀ ਰਹੀ, ਜਿੰਨਾ ਚਿਰ ਜੇਮਜ਼ ਰਾਂਡੀ ਦੁਆਰਾ ਪੁਸਤਕ 'ਯੂਰੀਗੈਲਰ ਦਾ ਜਾਦੂ' ਨਾ ਛਾਪੀ ਗਈ। ਸਤਿਕਾਰ ਸਹਿਤ ਭੇਟ ਕੀਤੀ ਆਪਣੀ ਕਿਤਾਬ ਦੀ ਇੱਕ ਕਾਪੀ ਵਿੱਚ, ਡਾਕਟਰ ਕਾਵੂਰ ਨੂੰ ਰਾਂਡੀ ਇਸ ਤਰਾਂ ਲਿਖਦਾ ਹੈ, "ਮੈਨੂੰ ਯਕੀਨ ਹੈ ਕਿ ਤੁਹਾਡੀ ਅੰਧ-ਵਿਸ਼ਵਾਸ ਵਿਰੁੱਧ ਲੜਾਈ ਸਫਲ ਹੁੰਦੀ ਰਹੇਗੀ ਅਤੇ ਮੈਨੂੰ ਜਾਣ ਕੇ ਖੁਸ਼ੀ ਮਿਲੀ ਹੈ ਕਿ ਤੁਸੀਂ ਇਸ ਲੜਾਈ ਵਿੱਚ ਉਚੇਚਾ ਧਿਆਨ ਦਿੰਦੇ ਹੋ"-ਰਾਂਡੀ।

ਸੰਸਾਰ ਦੀ ਸਭ ਤੋਂ ਵੱਧ ਤਨਖਾਹ ਲੈਣ ਵਾਲੀ ਪੱਤਰਕਾਰ ਔਰਤ ਵਾਰਵੇਰਾ ਵਾਲਟਰ, ਜਿਹੜੀ ਕਿ ਯੂਰੀਗੈਲਰ ਦੇ ਅਖੌਤੀ ਕਰਾਮਾਤੀ ਕਰਤੱਬ ਦੁਨੀਆ ਨੂੰ ਦੂਰਦਰਸ਼ਨ ਰਾਹੀਂ ਦਿਖਾਉਣ ਦੀ ਜ਼ਿੰਮੇਵਾਰ ਸੀ, ਨੇ ਕੋਲੰਬੋ ਵਿਖੇ 'ਤੀਰੂਵਾਲਾ' ਵਿੱਚ ਮੇਰੇ ਘਰੇ, ਮੇਰੇ ਨਾਲ 15 ਦਸੰਬਰ, 1975 ਨੂੰ ਮੁਲਾਕਾਤ ਕੀਤੀ। ਇਹ ਮੁਲਾਕਾਤ ਯੂਰੀਗੈਲਰ ਨੂੰ ਮੇਰੀ ਖੁਲ੍ਹੀ ਚੁਣੌਤੀ ਕਾਰਨ ਹੋਈ ਸੀ, ਜਿਸ ਵਿੱਚ ਸੋਲਾਂ ਹਜ਼ਾਰ ਪੌਂਡ ਦੇ ਇਨਾਮ ਦੀ ਪੇਸ਼ਕਸ਼ ਕੀਤੀ ਗਈ, ਜੇਕਰ ਧੋਖਾ ਨਾ ਹੋਣ ਦੀਆਂ ਹਾਲਤਾਂ ਵਿੱਚ, ਉਹ ਮੇਰੇ ਸਾਹਮਣੇ ਜਾਂ ਮੇਰੇ ਵਲੋਂ ਨਿਯੁਕਤ ਅਮਰੀਕਾ ਵਿੱਚ ਕੈਲੀਫੋਰਨੀਆਂ ਯੂਨੀਵਰਸਿਟੀ ਦੇ ਨੋਬਲ ਇਨਾਮ ਜੈਤੂ ਪ੍ਰੋਫੈਸਰ ਹੈਨੀ ਐਲਫਵਿਨ ਸਾਹਮਣੇ ਕਰਾਮਾਤੀ ਕਰਤੱਵ ਦਿਖਾ ਸਕਦਾ ਹੋਵੇ। ਯੂਰੀਗੈਲਰ ਦਾ ਮੇਰੀ ਚੁਣੌਤੀ ਨੂੰ ਮੰਨਣ ਤੋਂ ਇਨਕਾਰ ਕਰਨਾ ਹੀ ਬਾਰਵੇਰਾ ਵਾਲਟਰ ਨੂੰ ਮੇਰੇ ਨਾਲ ਮੁਲਾਕਾਤ ਕਰਨ ਲਈ ਸ਼੍ਰੀ ਲੰਕਾ ਦੇ ਦੌਰੇ ਤੇ ਲੈ ਆਇਆ। ਮੁਲਾਕਾਤ ਦੌਰਾਨ ਮੈਂ ਉਸਨੂੰ ਅਤੇ ਉਸਦੇ ਸਕੱਤਰ ਨੂੰ ਯੂਰੀਗੈਲਰ ਦੇ ਕਾਰਾਮਾਤੀ ਕਰਤੱਵ ਅਤੇ ਸੱਤਿਆ ਸਾਂਈ ਬਾਬਾ ਦੇ ਜਾਦੂ ਦੀਆਂ ਕਈ ਕਿਸਮਾਂ ਦਿਖਾਈਆਂ। ਬਾਰਵੇਰਾ ਨੇ ਮੈਨੂੰ ਬੜੀ ਹੈਰਾਨੀ ਨਾਲ ਦੱਸਿਆ ਕਿ ਜੇ ਮੈਂ ਉਸ ਨਾਲ ਅਮਰੀਕਾ ਚਲਾ ਜਾਵਾਂ ਤਾਂ ਮੈਂ ਲੱਖਾਂ ਡਾਲਰ ਕਮਾ ਸਕਦਾ ਹਾਂ, ਪਰ ਸ਼ਰਤ ਇਹ ਹੈ ਕਿ ਮੈਂ ਆਪਣੇ ਕਰਤੱਬ ਅਧਿਆਤਮਕ ਸ਼ਕਤੀਆਂ ਨੂੰ ਪ੍ਰਾਪਤ ਕਰਨ ਦਾ ਦਾਅਵਾ ਕਰਕੇ ਦਿਖਾਵਾਂ। "ਹੋ ਸਕਦਾ ਹੈ ਬਹੁਤ ਅਮੀਰ ਅੰਧ ਵਿਸ਼ਵਾਸੀ ਲੋਕ, ਤੁਹਾਡੇ ਸ਼ਰਧਾਲੂ ਬਣ ਜਾਣ" ਉਸ ਨੇ ਮੈਨੂੰ ਕਿਹਾ।

ਪਾਤੰਜਲੀ ਵਰਗੇ ਪੁਰਾਣੇ ਲਿਖਾਰੀ ਜਿਹੜੇ ਕਿ ਈਸਾ ਤੋਂ 300 ਸਾਲ ਪਹਿਲਾਂ ਹੋਏ ਅਤੇ ਅਰਬਿੰਦ, ਕੁਲਾਏਲੰਦਾ, ਡਾਕਟਰ ਵਸੰਤ ਰੈਲੇ, ਸਰਾਜਨ ਵੁਡਰਫ਼, ਸਵਾਮੀ ਰਾਮ ਪੀਕਰਮ ਬੇਲਕਰ, ਦੀ ਬਰੌਸ, ਐੱਮ ਭੋਲੇ, ਐੱਮ ਘਰੋਟੇ, ਆਰ. ਵੀ. ਓਰਨ ਸਦੀਨ ਐੱਮ. ਪੀ. ਪੰਡਿਤ ਵਰਗੇ ਆਧੁਨਿਕ ਲਿਖਾਰੀ ਲੋਕਾਂ ਵਿੱਚ ਝੂਠਾ ਵਿਸ਼ਵਾਸ ਫੈਲਾਉਣ ਲਈ ਜ਼ਿੰਮੇਵਾਰ ਹਨ ਕਿ ਮਨੁੱਖ ਮੰਤਰ-ਤੰਤਰ, ਯੋਗਾ ਅਤੇ ਭਗਤੀ ਰਾਹੀਂ ਅਧਿਆਤਮਿਕ, ਮਾਨਸਿਕ ਅਤੇ ਗੈਬੀ ਸ਼ਕਤੀਆਂ ਪ੍ਰਾਪਤ ਕਰ ਸਕਦਾ ਹੈ।

**ਸਮਾਧੀ ਅਤੇ ਯੋਗ**

ਇਹ ਸੱਚ ਹੈ, ਡੂੰਘੀ ਸਮਾਧੀ ਵਿੱਚ ਲੱਗਾ ਵਿਅਕਤੀ ਭਾਵੇਂ ਉਹ ਇੱਕ ਸੁਰ ਵਿੱਚ ਜਾਂ ਬਿਨਾਂ ਸੁਰ ਤੋਂ ਜਾਪ ਕਰ ਰਿਹਾ ਹੋਵੇ, ਅਸਾਧਾਰਨ ਮਾਨਸਿਕ ਤਜਰਬੇ ਪ੍ਰਾਪਤ ਕਰ ਸਕਦਾ ਹੈ, ਅਜਿਹੇ ਤਜਰਬੇ ਗਾਂਜਾ, ਐਲ. ਐਸ. ਡੀ, ਹੀਰੋਇਨ, ਅਫੀਮ ਆਦਿ ਵਰਗੇ ਭਰਮ ਉਕਸਾਊ ਪਦਾਰਥ ਵਰਤ ਕੇ ਜਾਂ ਸੰਮੋਹਣੀ ਨੀਂਦ ਦੇ ਤਰੀਕੇ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ। ਭਾਵੇਂ ਕਿ

ਦਵਾਈਆਂ ਰਾਹੀਂ (ਰਸਾਇਣਿਕ ਕਾਰਨਾਂ) ਤੰਤੂ ਪ੍ਰਬੰਧ ਵਿੱਚ ਲੈਅ-ਪੂਰਨ ਉਤੇਜਨਾ ਰਾਹੀਂ, ਸਰੀਰਕ ਉਤੇਜਨਾ ਹਾਰਮੋਨਾਂ ਤੇ ਵਿਰਾਮਨਾਂ 'ਚ ਅਸਮਤੋਲ (ਜੀਵ-ਰਸਾਇਣਿਕ ਕਾਰਨਾਂ) ਅਤੇ ਭਗਤੀ (ਆਪਾ-ਸੰਮੋਹਨ) ਰਾਹੀਂ ਪ੍ਰਾਪਤ ਕੀਤੇ ਗਏ। ਅਸਾਧਾਰਨ ਤਜਰਬਿਆਂ ਦੀ ਵਿਗਿਆਨਿਕ ਵਿਆਖਿਆ ਕੀਤੀ ਜਾ ਸਕਦੀ ਹੈ ਪਰ ਇਹਨਾਂ ਨੂੰ ਲਾਈਲੱਗ ਲੋਕ ਗਿਆਨ ਪ੍ਰਾਪਤ ਕਰਨਾ, ਬ੍ਰਹਿਮੰਢ ਚੇਤਨਾ, ਅੰਤਿਮ ਸਚਾਈ ਨੂੰ ਜਾਣ ਲੈਣਾ, ਸਵੈ-ਮੁਕਤੀ ਪ੍ਰਾਪਤ ਕਰਨਾ(ਇਥੇ ਅਧਿਆਤਮਿਕ ਬਕੜਵਾਹ 'ਚੋਂ ਕੁਝ ਕੁ ਦਾ ਹੀ ਜ਼ਿਕਰ ਕੀਤ ਗਿਆ ਹੈ) ਆਦਿ ਦਸਦੇ ਹਨ।

ਪੱਛਮੀ ਦੇਸ਼ਾਂ ਦੇ ਅਮੀਰ ਅਰਧ ਪਾਗਲ ਟੋਲੇ ਜਿਹੜੇ ਕਿ ਨਸ਼ੀਲੀਆ ਦਵਾਈਆਂ ਖਾਣ ਦੇ ਆਦਿ ਹੁੰਦੇ ਹਨ, ਪਾਖੰਡੀ ਭਾਰਤੀਆਂ ਦੇ ਚੇਲੇ ਬਣ ਜਾਂਦੇ ਹਨ, ਜਿਹੜੇ ਕਿ ਪੱਛਮੀ ਦੇਸ਼ਾਂ ਵਿੱਚ ਯੋਗ ਅਤੇ ਸਮਾਧੀ ਦਾ ਪ੍ਰਚਾਰ ਫੈਲਾਉਣ ਲਈ ਗੁਰੂਆਂ ਦੇ ਬੁਰਕੇ ਵਿੱਚ ਜਾਂਦੇ ਹਨ। ਕਿਉਂਕਿ ਉਹਨਾਂ ਨੂੰ ਇਸ ਵਿੱਚ ਓਹੀ ਨਸ਼ਾ ਅਤੇ ਲੋਰ ਮਿਲਦਾ ਹੈ, ਜੋ ਉਹਨਾਂ ਨੂੰ ਪਾਬੰਦੀ ਸ਼ੁਦਾ ਦਵਾਈਆਂ ਵਰਤ ਕੇ ਮਿਲਦਾ ਸੀ।

ਯੋਗ ਸ਼ਕਤੀਆਂ ਦੇ ਪ੍ਰਚਾਰਕ ਇਹ ਮੂਰਖਾਂ ਵਾਲਾ ਦਾਅਵਾ ਕਰਦੇ ਹਨ ਕਿ ਪਰਾ—ਸੰਵੇਦੀ ਅਨੁਭਵ ਸਮਾਧੀ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ। ਭਟਕੇ ਹੋਏ ਬਹੁਤ ਸਾਰੇ ਖੋਜੀ ਅਜਿਹੇ ਹਨ, ਜਿੰਨ੍ਹਾਂ ਨੇ ਖੋਜ ਕੀਤੀ ਹੈ ਕਿ ਪੌਦਿਆਂ ਵਿੱਚ ਵੀ ਮਾਨਸਿਕ ਸ਼ਕਤੀਆ ਹੁੰਦੀਆ ਹਨ। ਉਹ ਦਾਅਵਾ ਕਰਦੇ ਹਨ ਕਿ ਪੌਦਿਆਂ ਉੱਤੇ ਪ੍ਰਾਰਥਨਾ ਅਤੇ ਸੰਗੀਤ ਦਾ ਅਸਰ ਹੁੰਦਾ ਹੈ ਜਿਵੇਂ ਕਿ ਕੋਡਾਈਕਨਾਲ ਦੇਵੀ ਸਮਰਪਿਤ, ਐਨਾਮਲਾਈ ਯੂਨੀਵਰਸਟੀ ਦੇ ਡਾਕਟਰ ਟੀ. ਸੀ. ਵੀ. ਸਿੰਘ ਅਤੇ ਉਹਨਾ ਕੋਲ ਦੂਰ-ਸੰਚਾਰ ਅਤੇ ਅਗਾਉਂ-ਸੋਚਣ ਸ਼ਕਤੀਆਂ ਹਨ (ਜਿਵੇਂ ਨਿਊਯਾਰਕ ਦੇ ਕਲੀਵ ਬੈਕਸਟਰ)

ਕਿਰਲੀਅਨ ਤਕਨੀਕ ਨਾਲ ਵਸਤੂਆਂ ਦੀਆਂ ਲਈਆਂ ਗਈਆਂ ਤਸਵੀਰਾਂ ਦੁਆਲੇ ਇਸਦੇ ਚਮਕਦਾਰ ਘੇਰੇ ਨੂੰ ਅਧਿਆਤਮਵਾਦੀ ਆਤਮਾਵਾਂ ਦੀ ਹੋਂਦ ਦਾ ਵਿਗਿਆਨਕ ਸਬੂਤ ਸਮਝਦੇ ਹਨ। ਭਰੋਸੇ ਰਾਹੀਂ ਇਲਾਜ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਲਈ ਮਾਨਸਿਕ ਇਲਾਜ ਕਰਨ ਵਾਲੇ ਦੀਆਂ ਕਿਰਲੀਅਨ ਢੰਗ ਨਾਲ ਲਈਆਂ ਉਂਗਲਾਂ ਦੀਆਂ ਤਸਵੀਰਾਂ ਦੇ ਦੁਆਲੇ ਚਮਕਦਾਰ ਹਿੱਸੇ ਉਹਨਾਂ ਦੀਆਂ ਉਂਗਲਾਂ ਦੇ ਸਿਰਿਆਂ ਤੋਂ ਇਲਾਜ ਕਰਨ ਵਾਲੀ ਸ਼ਕਤੀ ਦੇ ਬਾਹਰ ਆਉਣ ਦਾ ਸਬੂਤ ਪੇਸ਼ ਕਰਦੇ ਹਨ। ਅਧਿਆਤਮਵਾਦੀਆਂ ਅਨੁਸਾਰ ਇਹ ਚਮਕਦਾਰ ਘੇਰਾ ਮਨੁੱਖੀ ਜੀਵ-ਰਸ ਜਾਂ ਅਸਮਾਨੀ ਰੂਹ ਦਾ ਹੈ। ਇਹ ਸਚਾਈ ਹੈ ਕਿ ਬੇ-ਜਾਨ ਚੀਜ਼ਾਂ ਦੀਆਂ ਕਿਰਲੀਅਨ ਢੰਗ ਨਾਲ ਲਈਆਂ ਤਸਵੀਰਾਂ ਦੇ ਦੁਆਲੇ ਵੀ ਚਮਕਦਾਰ ਘੇਰਾ ਹੁੰਦਾ ਹੈ, ਇਹ ਸਪੱਸ਼ਟ ਕਰ ਦਿੰਦਾ ਹੈ ਕਿ ਇਸ ਵਿੱਚ ਇਲਾਜ ਕਰਨ ਵਾਲੀ ਜਾਂ ਰੂਹ ਵਾਲੀ ਕੋਈ ਚੀਜ਼ ਨਹੀਂ।

**ਪਰਾ ਸੰਵੇਦੀ ਅਨੁਭਵ**

ਸ਼੍ਰੀ ਜੇ. ਬੀ. ਰਹੀਨ ਦੀਆਂ ਮਨ ਨੂੰ ਗੰਧਲਾ ਕਰਨ ਵਾਲੀਆਂ ਪੁਸਤਕਾਂ 'ਮਨ ਦਾ ਨਵਾਂ ਪਾਸਾ', 'ਮਨ ਦੀ ਪਹੁੰਚ', 'ਪਰਾ-ਸੰਵੇਦੀ ਅਨੁਭਵ', 'ਮੇਰੇ ਸਰੀਰਕ ਖੋਜ ਟੈਲੀਪੈਥੀ ਅਤੇ ਮਾਨਸਿਕ ਵਿਅਕਤੀਤਵ ਦੇ ਤੀਹ ਸਾਲ' ਨੇ ਅਤੇ ਮਨੋਵਿਗਿਆਨ ਦੇ ਰਸਾਲੇ ਵਿੱਚ ਉਸਦੇ ਵੱਖ-ਵੱਖ ਲੇਖਾਂ ਦੇ ਪ੍ਰਕਾਸ਼ਨ ਨੇ ਪਰਾ-ਮਨੋਵਿਗਿਆਨ ਦਾ ਇਹ ਨਕਲੀ ਵਿਗਿਆਨ ਬਹੁਤ ਸਾਰੇ ਵਿਸ਼ਵ-ਵਿਦਿਆਲਿਆਂ ਵਿੱਚ ਗੰਭੀਰਤਾ ਨਾਲ ਖੋਜਣ ਲਾ ਦਿੱਤਾ।

1927 ਇੱਚ ਇੱਕ ਜੀਵ-ਵਿਗਿਆਨੀ ਡਾਕਟਰ ਜੇ. ਬੀ. ਰਹੀਨ ਨੇ ਆਪਣੀ ਪਤਨੀ ਡਾ. ਲੂਜ਼ੀਆ ਈ-ਰਹੀਨ ਅਤੇ ਡਾ. ਹੈਲਗੇ ਲਿਡਹੋਮ ਦੀ ਸਹਾਇਤਾ ਨਾਲ ਡਿਊਕ ਵਿਸ਼ਵ ਵਿਦਿਆਲੇ ਵਿਖੇ ਜਿਹੜਾ ਕਿ ਉਤਰੀ ਕਡੋਲਨਾ ਵਿਖੇ ਹੈ, ਮਸ਼ਹੂਰ ਮਨੋ-ਵਿਗਿਆਨੀ ਪ੍ਰੋਫੈਸਰ ਵਿਲੀਅਮ ਮੈਕਦੂਗਲ ਦੀ ਦੇਖ-ਰੇਖ ਹੇਠ ਪਰਾ-ਸੰਵੇਦੀ ਅਨੁਭਵਾਂ ਦੀ ਪ੍ਰਾਪਤੀ ਉੱਤੇ ਖੋਜ ਕੀਤੀ ਸੀ। ਪਿੱਛੋਂ ਡਾਕਟਰ ਰਹੀਨ ਡਿਊਕ ਵਿਸ਼ਵ-ਵਿਦਿਆਲੇ ਦੇ ਮਨੋ-ਵਿਗਿਆਨਕ ਵਿਭਾਗ ਦਾ ਨਿਰਦੇਸ਼ਕ ਬਣ ਗਿਆ। ਡਾਕਟਰ ਰਹੀਨ ਦੇ ਤਜਰਬਿਆਂ ਵਾਲੇ ਦਾਅਵਿਆਂ ਤੋਂ ਪ੍ਰਭਾਵਿਤ ਹੋ ਕੇ ਅਮਰੀਕਾ, ਯੂਰਪ, ਇੱਥੋ ਤੱਕ ਕਿ ਭਾਰਤ ਵਿੱਚ ਵੀ ਬਹੁਤ ਸਾਰੇ ਵਿਸ਼ਵ-ਵਿਦਿਆਲਿਆਂ ਅਤੇ ਵਿਅਕਤੀਆਂ ਨੇ ਪਰਾ-ਮਨੋਵਿਗਿਆਨ ਵਿੱਚ ਖੋਜਾਂ ਕੀਤੀਆਂ। ਕਾਫੀ ਸਮਾਂ ਪਹਿਲਾਂ ਰਹੀਨ ਨੇ ਪ੍ਰਮੁਖ ਸਾਇੰਸਦਾਨ ਜਿਵੇਂ ਕਿ ਵਾਟਲੇ ਕੈਨਿੰਗਟਨ, ਐੱਸ. ਜੀ. ਸੋਲ, ਐੱਮ-ਪੈਰਿਲ, ਆਰ. ਐੱਚ. ਥਾਓਰਸ, ਐਨ. ਵੀ. ਪੀਲੇ, ਜੇ ਡਬਲਯੂ, ਲੂਨੇ, ਆਇਨ ਸਟੈਵਨਸਰਨ, ਵੀ. ਵੀਜਨਰ, ਸੀ.ਡੀ. ਬਰੋਡ, ਲਿਉਨਿਟ ਵੈਸੀਲੇ ਵਰਗੇ ਮਜ਼ਬੂਤ ਸਮੱਰਥਕ ਪੈਦਾ ਕਰ ਲਏ ਸਨ। ਉਹਨਾਂ ਦੇ ਰੌਂਗਟੇ ਖੜ੍ਹੇ ਕਰਨ ਵਾਲੇ ਦਾਅਵਿਆਂ ਨੇ ਸਾਰੇ ਸੰਸਾਰ ਦੇ ਵਿਗਿਆਨੀਆਂ ਵਿਚਕਾਰ ਇੱਕ ਵੱਡੀ ਹਲਚਲ ਪੈਦਾ ਕਰ ਦਿੱਤੀ ਅਤੇ ਇਸ ਚੀਜ਼ ਨੇ ਹੋਰ ਬਹੁਤ ਸਾਰੇ ਵਿਗਿਆਨੀਆਂ ਨੂੰ ਪਰ-ਸੰਵੇਦੀ-ਅਨੁਭਵਾਂ ਦੀ ਪ੍ਰਾਪਤੀ ਵਿੱਚ ਖੋਜ ਕਰਨ ਲਈ ਪ੍ਰੇਰਿਤ ਕੀਤਾ।

ਮਨੁੱਖਤਾ ਪਰਾ-ਸੰਵੇਦੀ-ਅਨੁਭਵਾਂ ਦੀ ਪ੍ਰਾਪਤੀ ਲਈ ਖੋਜੀਆਂ ਜਿਵੇਂ ਕਿ ਡਾਕਟਰ ਯੂਰਾਨੀਆਦਮ, ਡਾ: ਜੀ. ਆਰ ਪਰਾਈਸ, ਪ੍ਰੋ: ਕਨੇਡੀ, ਡਾ. ਜੌਨ ਈ ਕਾਵੂਰ. ਡਾ: ਕਰਿਸ ਟੋਫਰ ਇਵਾਨਜ਼, ਡਾ. ਕਰਿਸਟੋਫਰ ਸਕਾਟ, ਡਾ. ਹੈਨਿਗ

ਹਾਈਡੀ, ਡਾ. ਡਨਿਅਸਪਰਸਨ, ਡਾ: ਹੈਲਮਹੋਲਟਸ, ਪ੍ਰੋ. ਸਕਾਰਨੀ, ਡਾ. ਈ. ਰੌਕਸ, ਡਾ: ਅਨੀਤਾ ਕੋਹਸੇਨ, ਪ੍ਰੋ: ਐਨਟੈਨੀ ਫਲਿਊ ਅਤੇ ਕਈ ਹੋਰਨਾ ਪ੍ਰਤੀ ਰਿਣੀ ਹੈ, ਜਿਨ੍ਹਾਂ ਨੇ ਰਹੀਨ ਅਤੇ ਪਰਾ-ਮਨੋਵਿਗਿਆਨਕ ਵਰਤਾਰਿਆਂ ਦੀ ਪੜਤਾਲ ਕਰਨ ਵਾਲੇ ਹੋਰਾਂ ਦੀ ਘੋਰ ਨਿੰਦਿਆ ਕੀਤੀ ਅਤੇ ਉਹਨਾਂ ਦੀਆਂ ਖੋਜਾਂ ਨੂੰ ਚੁਣੌਤੀ ਦਿੱਤੀ।

# ਦੇਵ ਪੁਰਸ਼ਾਂ ਅਤੇ ਦੇਵ ਇਸਤਰੀਆਂ ਦੀ ਭਰਮਾਰ

ਆਜ਼ਾਦੀ ਤੋਂ ਲੈ ਕੇ ਭਾਰਤ ਧਾਰਮਿਕ ਪਾਖੰਡੀਆਂ ਦੇ ਬੇਰੋਕ ਵਾਧੇ ਲਈ ਉਪਜਾਊ ਭੂਮੀ ਬਣ ਗਿਆ ਹੈ। ਭਾਵੇਂ ਠੱਗਣਾ ਇੱਕ ਜੁਰਮ ਹੈ, ਪਰ ਜਦੋਂ ਇਹ ਧਰਮ ਦੇ ਨਾਂ ਤੇ ਕੀਤਾ ਜਾਂਦਾ ਹੈ ਤਾਂ ਕਨੂੰਨੀ ਬਣ ਜਾਂਦਾ ਹੈ। ਕਿਉਂਕਿ ਭਾਰਤ ਦਾ ਧਰਮ ਨਿਰਪੱਖ ਸੰਵਿਧਾਨ ਧਾਰਮਿਕ ਅਜ਼ਾਦੀ ਮੁਹੱਈਆ ਕਰਦਾ ਹੈ। ਚਲਾਕ ਆਦਮੀ ਅਤੇ ਔਰਤਾਂ ਆਪਣੇ ਪੁਜਾਰੀਆਂ ਵਾਲੇ ਬੁਰਕੇ ਵਿੱਚ ਕਮੀਨੇ ਧੋਖੇ ਕਰਨ ਲਈ ਪੂਰੀ ਤਰ੍ਹਾਂ ਅਜ਼ਾਦ ਹਨ। ਇਸ ਤੋਂ ਵੀ ਵੱਧ ਉਹ ਧੋਖੇ ਨੂੰ ਬੜੀ ਦਲੇਰੀ ਨਾਲ ਕਰਦੇ ਹਨ ਕਿਉਂਕਿ ਇਥੋਂ ਦੇ ਕੱਟੜ ਲੋਕਾਂ ਦਾ ਕੁਦਰਤੀ ਝੁਕਾਓ ਇਹ ਹੈ ਕਿ ਉਹ ਧਾਰਮਿਕ ਮਾਮਲਿਆਂ ਬਾਰੇ ਸ਼ੱਕ ਜਾਂ ਪੁੱਛ-ਪੜਤਾਲ ਰੱਬੀ ਕਰੋਪੀ ਅਤੇ ਪਾਪ ਦੇ ਡਰੋਂ ਨਹੀਂ ਕਰਦੇ। ਇਹ ਧਾਰਮਿਕ ਪਾਖੰਡੀ ਹਜ਼ਾਰਾਂ ਦੀ ਗਿਣਤੀ ਵਿੱਚ ਮੂਰਖ ਸ਼ਰਧਾਲੂਆਂ ਨੂੰ ਨਾ ਕਿ ਕੇਵਲ ਭਾਰਤ ਵਿੱਚ ਹੀ ਸਗੋਂ ਵਿਦੇਸ਼ਾਂ ਵਿੱਚ ਵੀ ਆਪਣੇ ਵੱਲ ਖਿਚਦੇ ਹਨ। ਇਹਨਾਂ ਅੰਧ-ਵਿਸ਼ਵਾਸੀਆਂ ਲਈ ਇਹ ਪਾਖੰਡੀ ਲੋਕ ਭਗਵਾਨ ਜਾ ਸਿੱਧ ਹੁੰਦੇ ਹਨ, ਜਿੰਨ੍ਹਾਂ ਨੇ ਅੰਤਰੀਵ ਭਗਤੀ ਅਤੇ ਘਾਲਣਾ ਰਾਹੀਂ ਪਰਮਾਤਮਾ ਕੋਲੋਂ ਗੈਬੀ ਸ਼ਕਤੀਆਂ ਪ੍ਰਾਪਤ ਕਰ ਲਈਆਂ ਹਨ। ਇਹਨਾਂ ਭਗਵਾਨਾਂ ਵਿੱਚੋਂ ਕੁਝ ਆਪਣੇ ਸਥਾਨਕ ਸ਼ਰਧਾਲੂਆਂ ਦੇ ਸੱਦੇ ਉੱਤੇ ਅਕਸਰ ਸ੍ਰੀ ਲੰਕਾ ਦੀ ਯਾਤਰਾ ਕਰਦੇ ਰਹਿੰਦੇ ਹਨ।

ਬੰਗਲੌਰ ਦਾ ਸ੍ਰੀ ਸ਼ਿਵਬਾਲਾ ਯੋਗੀ ਮਹਾਰਾਜ ਆਪਣੀ ਔਰਤਾਂ ਵਰਗੀ ਛਾਤੀ ਅਤੇ ਪੇਟ ਨੰਗਾ ਕਰਕੇ ਭੰਡਾਰਨਾਇਕੇ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਹੁਣੇ ਹੁਣੇ ਜਹਾਜ਼ੋਂ ਉਤਰਿਆ ਹੈ। ਉਸਦੇ ਸਥਾਨਕ ਸ਼ਰਧਾਲੂ ਉਸਨੂੰ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਿਲੇ, ਕਿਉਂਕਿ ਉਸਨੇ ਸਿੱਧੀ ਪ੍ਰਾਪਤੀ ਕਰ ਲਈ ਹੈ। ਨੰਗੇਜ਼ ਦਿਖਾਉਣ ਲਈ ਗ੍ਰਿਫਤਾਰ ਹੋਣ ਦੇ ਡਰ ਤੋਂ ਬਿਨਾਂ, ਉਹ ਜਨਤਾ ਵਿੱਚ ਲਗਭਗ ਨੰਗਾ ਹੋਣ ਦੇ ਕਾਬਲ ਹੋ ਗਿਆ ਸੀ। ਸੀਲੋਨ ਰੋਜ਼ਾਨਾ ਦਰਪਨ ਨਾਂ ਦੇ ਰਸਾਲੇ ਨੇ ਬਿਆਨ ਕੀਤਾ ਹੈ ਕਿ ਇਸ ਆਦਮੀ ਨੇ ਸਿੱਧੀ ਕਿਵੇਂ ਪ੍ਰਾਪਤ ਕੀਤੀ। ਉਸਦਾ ਨਾਂ ਸਤਿਆਰਾਜੂ ਸੀ। ਉਹ ਕੇਵਲ ਬਾਰਾਂ ਸਾਲਾਂ ਦਾ ਸੀ ਜਦੋਂ ਉਸਦੀ ਜ਼ਿੰਦਗੀ ਨੇ ਨਵਾਂ ਮੋੜ ਖਾਧਾ। ਉਹ ਖਜੂਰਾਂ ਦੇ ਦਰੱਖਤਾਂ ਦੀ ਇੱਕ ਕਤਾਰ ਵਿੱਚੋਂ ਦੀ ਨਹਾਉਣ ਤੋਂ ਪਿੱਛੋਂ ਆ ਰਿਹਾ ਸੀ ਜਦੋਂ ਉਸਦੇ ਪੈਰਾਂ ਵਿੱਚ ਦੋ ਫਲ ਡਿੱਗੇ। ਛੋਟ ਬੱਚੇ ਨੇ ਇੱਕ ਖਾਣ ਨੂੰ ਚੁੱਕ ਲਿਆ। ਇਹ ਅਚਾਨਕ ਦੋਫਾੜ ਹੋ ਗਿਆ ਅਤੇ ਇਸ ਵਿੱਚੋਂ ਇੱਕ ਲਿੰਗ ਜਿਹੜਾ ਕਿ ਭਗਵਾਨ ਸ਼ਿਵ ਦਾ ਚਿੰਨ੍ਹ ਹੈ ਪਰਗਟ ਹੋਇਆ। ਕੁਝ ਸੈਕਿੰਟਾਂ ਪਿੱਛੋਂ ਲਿੰਗ ਛੇ ਫੁੱਟੇ ਆਦਮੀ ਵਿੱਚ ਤਬਦੀਲ ਹੋ ਗਿਆ ਅਤੇ ਉਸ ਆਦਮੀ ਨੇ ਉਸਨੂੰ ਉਪਦੇਸ਼ ਦਿੱਤਾ ਅਤੇ ਉਸਨੂੰ ਸਾਧਨਾ-ਕਰਨ ਲਈ ਕਿਹਾ।

ਬਾਰਾਂ ਸਾਲ ਤੱਕ ਛੋਟਾ ਬੱਚਾ ਪ੍ਰਾਰਥਨਾ ਤੇ ਸਾਧਨਾ ਦੀ ਜ਼ਿੰਦਗੀ ਬਤੀਤ ਕਰਦਾ ਰਿਹਾ। ਜਦੋਂ ਉਹ ਤਿਆਰ ਹੋ ਗਿਆ ਤਾਂ ਉਹ ਲੋਕਾਂ ਦੀ ਸੇਵਾ ਤੇ ਪ੍ਰਚਾਰ ਕਰਨ ਲਈ ਇਸ ਸੰਸਾਰ ਵਿੱਚ ਸ੍ਰੀ ਸ਼ਿਵਬਾਲਾ ਯੋਗੀ ਮਹਾਰਾਜ ਦੇ ਤੌਰ ਤੇ ਵਾਪਸ ਪਰਤ ਆਇਆ। ਇਹ ਬੜਾ ਅਜੀਬ ਲਗਦਾ ਹੈ ਕਿ ਅਜਿਹੀਆਂ ਕਮਾਲ ਦੀਆਂ ਝੂਠੀਆਂ ਕਹਾਣੀਆਂ ਤੇ ਬਿਨਾਂ ਜਾਂਚ-ਪੜਤਾਲ ਤੋਂ ਵਿਸ਼ਵਾਸ ਕਰਨ ਲਈ ਮੂਰਖ਼ ਮੌਜੂਦ ਹਨ।

ਆਪਣੇ ਚੇਲਿਆ ਨੂੰ ਦਿੱਤੇ ਗਏ ਦਰਸ਼ਨਾਂ ਵਿੱਚੋਂ ਇੱਕ ਵਾਰ ਇਹ ਭਗਵਾਨ ਕਾਫੀ ਲੰਬਾ ਸਮਾਂ ਚੌਕੜੀ ਮਾਰ ਕੇ ਬੈਠਾ ਰਿਹਾ। ਸ਼ਰਧਾਲੂਆਂ ਵਿੱਚੋਂ ਇੱਕ ਅਨੁਸਾਰ ਜਿਹੜਾ ਕਿ ਮੌਕੇ ਤੇ ਹਾਜ਼ਰ ਸੀ, ਭਗਵਾਨ ਨੂੰ ਉਠਣਾ ਔਖਾ ਹੋ ਗਿਆ ਕਿਉਂਕਿ ਉਸਦੀ ਲੱਤ ਸੌਂ ਗਈ ਸੀ। ਅੰਤ ਵਿੱਚ ਸ਼ਰਧਾਲੂ ਔਰਤਾਂ ਤੇ ਆਦਮੀਆਂ ਨੂੰ ਉਸਦੀ ਸੁੱਤੀ ਲੱਤ ਵਿੱਚ ਖ਼ੂਨ ਚਾਲੂ ਕਰਨ ਲਈ ਮਾਲਸ਼ ਕਰਨੀ ਪਈ।

ਕੇਵਲ ਇਹ ਘਟਨਾ ਹੀ ਸਮਝਦਾਰ ਬੰਦੇ ਲਈ ਇਸ ਭਗਵਾਨ ਦੇ ਸਿੱਧੀ ਪ੍ਰਾਪਤ ਕਰਨ ਦੇ ਦਾਅਵੇ ਦੀ ਦਰੁਸਤੀ ਤੇ ਸ਼ੱਕ ਕਰਨ ਲਈ ਕਾਫੀ ਹੈ।

ਬੁੱਧੀਮਾਨ ਵਿਅਕਤੀ ਕਿਸੇ ਵੀ ਵਿਸ਼ੇ ਬਾਰੇ ਉਨ੍ਹਾਂ ਚਿਰ ਫੈਸਲਾ ਨਹੀਂ ਕਰਦੇ ਜਿੰਨ੍ਹਾਂ ਚਿਰ ਉਹ ਉਸਨੂੰ ਸਾਰੇ ਪੱਖਾਂ ਤੋਂ ਘੋਖ ਨਾ ਲੈਣ। ਮੂਰਖ, ਡਰਪੋਕ ਤੇ ਸੁਸਤ ਆਦਮੀਂ ਅੱਖਾਂ ਮੀਚ ਕੇ ਵਿਸ਼ਵਾਸ ਕਰ ਲੈਂਦੇ ਹਨ। ਮਿ: ਵੀ. ਏ. ਮੈਨਨ ਨੇ ਮੈਨੂੰ ਇੱਕ ਭਗਵਾਨ ਬਾਰੇ ਬੰਬਈ ਤੋਂ ਭਾਰਤ ਜੋਤੀ ਨਾਂ ਦੇ ਐਤਵਾਰ ਵਾਲੇ ਅਖ਼ਬਾਰ ਵਿੱਚ ਛਪੇ ਲੇਖ-ਪਵਿੱਤਰ ਸ੍ਰੀ-ਲਾ-ਸ੍ਰੀ ਪਾਂਡਰੀਮਲਾਈ ਸਵਾਮੀਗਲ ਦੀਆਂ ਤਿੰਨ ਕਾਪੀਆਂ ਮੈਨੂੰ ਭੇਜੀਆਂ। ਉਹਨਾਂ ਵਿੱਚੋਂ ਇੱਕ ਉਸ ਅਖ਼ਬਾਰ ਦੇ ਐਡੀਟਰ ਸ੍ਰੀ ਏ. ਵੀ. ਨਾਇਰ ਵੱਲੋਂ ਇਸ ਸਿਰਲੇਖ ਹੇਠ ਸੀ- "ਕੁਝ ਨਾ ਭੁਲੇ ਜਾਣ ਵਾਲੇ ਤਜਰਬੇ", ਦੂਜੀ ਸ੍ਰੀ ਸੀ. ਕੇ. ਨਰਾਇਣ ਸਵਾਮੀ ਦੁਆਰਾ ਇਸ ਸਿਰਲੇਖ ਹੇਠ ਸੀ- "ਅਧਿਆਤਮਕ ਸ਼ਕਤੀਆਂ ਦੇ ਅਜੂਬੇ" ਅਤੇ ਤੀਜੀ ਵਾਮਨਰਾਓ ਰਾਣੇ ਦੁਆਰਾ ਇਸ ਸਿਰਲੇਖ ਹੇਠ ਸੀ-"ਜਿੱਥੇ ਸਾਇੰਸ ਫੇਲ੍ਹ ਹੋ ਗਈ।" ਇਹਨਾ ਲੇਖਾਂ ਵਿੱਚ ਭਿੰਨ ਭਿੰਨ ਨਾ-ਕਾਬਲੇ ਵਿਸ਼ਵਾਸ ਚਮਤਕਾਰਾਂ ਦੀਆਂ ਕਹਾਣੀਆ ਨੇ ਮੈਨੂੰ ਹੇਠ ਲਿਖੀਆਂ ਚਿੱਠੀਆਂ ਲਿਖਣ ਲਈ ਮਜਬੂਰ ਕਰ ਦਿੱਤਾ।

"ਤਿਰੁਵਾਲਾ"
89-ਪਾਮਨ ਕਡਾਲੇਨ, ਕਲੰਬੋ-6
4-5-1971
ਸ਼੍ਰੀ ਏ. ਬੀ. ਨਈਅਰ

ਐਡੀਟਰ
"ਭਾਰਤ ਜੋਤੀ"
21 ਦਲਾਲ ਸਟਰੀਟ, ਫੋਰਟ ਬੰਬਈ-1

**ਐਡੀਟਰ ਦੇ ਨਾਂ ਖੁੱਲਾ ਪੱਤਰ**

ਪਿਆਰੇ ਸ਼੍ਰੀ ਮਾਨ ਜੀ,

ਮੈਂ ਮੇਰੇ ਮਿੱਤਰ ਦੁਆਰਾ ਦਿੱਤੇ ਤੁਹਾਡੇ 20 ਦਸੰਬਰ, 1971 ਦਾ ਭਾਰਤ ਜੋਤੀ ਵਿੱਚ ਸ਼੍ਰੀ ਲਾ ਸ਼੍ਰੀ ਪਾਂਡਰੀ ਮਲਾਈ ਸਵਾਮੀਗਲ ਬਾਰੇ ਤੁਹਾਡੇ ਲੇਖ ਨੂੰ ਬੜੀ ਦਿਲਚਸਪੀ ਨਾਲ ਪੜ੍ਹਿਆ। ਮੈਂ ਤੁਹਾਡੇ ਲੇਖ ਵਿੱਚੋਂ ਹੇਠ ਲਿਖੇ ਨੁਕਤਿਆਂ ਤੇ ਟਿੱਪਣੀਆਂ ਤੁਹਾਡੇ ਪੜ੍ਹਨ ਲਈ ਭੇਜ ਰਿਹਾਂ ਹੈ। ਜੇ ਤੁਸੀਂ ਮਿਹਰਬਾਨੀ ਕਰਕੇ ਛਾਪ ਦਿਓ। ਮੇਰੀਆ ਟਿੱਪਣੀਆਂ ਅਤੇ ਮੇਰੇ ਨੁਕਤੇ ਹੇਠਾਂ ਲੜੀਬੱਧ ਕੀਤੇ ਜਾਂਦੇ ਹਨ।

1. ਸਾਨੂੰ ਉਤਸੁਕਤਾ ਵਧਾਉਣ ਦੀ ਇੱਛਾ ਲਈ, ਰੁਪਈਆ ਬਣਾਉਣ ਲਈ ਅਤੇ ਮਸ਼ਹੂਰੀ ਪ੍ਰਾਪਤ ਕਰਨ ਲਈ ਵਰਤੇ ਜਾਂਦੇ ਹੀਲੇ ਹਰਬਿਆਂ ਦੀ ਪਹਿਚਾਣ ਕਰਨੀ ਚਾਹੀਦੀ ਹੈ। ਦੂਸਰੇ ਪਾਸੇ ਨੇਕ ਅਤੇ ਰੱਬੀ ਪੁਰਖਾਂ ਵੱਲੋਂ ਗਿਆਨ ਦੇ ਪਸਾਰੇ ਲਈ ਅਤੇ ਕਾਇਆ ਕਲਪ ਲਈ ਚਮਤਕਾਰ ਕੀਤੇ ਜਾਂਦੇ ਹਨ। ਮੈਂ ਤੁਹਾਡੇ ਨਾਲ ਸਹਿਮਤ ਹਾਂ, ਪ੍ਰੰਤੂ ਕੀ ਤੁਸੀਂ ਇਹ ਨਹੀਂ ਸੋਚਦੇ ਕਿ ਕੇਵਲ ਜਾਂਚ ਪੜਤਾਲ ਹੀ ਅਜਿਹਾ ਸਾਧਨ ਹੈ, ਜਿਸ ਰਾਹੀਂ ਅਸੀਂ ਜਾਦੂ ਦਾ ਕਰਿਸ਼ਮਿਆਂ ਨਾਲੋਂ ਨਿਖੇੜਾ ਕਰ ਸਕਦੇ ਹਾਂ।

2. ਵਿਸ਼ਵਾਸ ਵਿਗਿਆਨਕ ਤਜਰਬੇ ਤੇ ਨਿਰਭਰ ਨਹੀਂ ਕਰਦਾ ਪ੍ਰੰਤੂ ਯਕੀਨ ਤੇ ਨਿਰਭਰ ਕਰਦਾ ਹੈ। ਯਕੀਨ, ਦਲੀਲ ਨਾਲੋਂ ਉੱਪਰ ਉੱਠ ਜਾਂਦਾ ਹੈ। ਜੇ ਯਕੀਨ ਨੇ ਦਲੀਲ ਨਾਲੋਂ ਉੱਚਾ ਉੱਠਣਾ ਵੀ ਹੈ ਤਾਂ ਕੀ ਇਸਨੂੰ ਸੱਚਾਈ ਨਾਲੋਂ ਵੀ ਉੱਪਰ ਉੱਠ ਜਾਣਾ ਚਾਹੀਦਾ ਹੈ ? ਝੂਠ ਵਿੱਚ ਵਿਸ਼ਵਾਸ ਵਹਿਮ ਹੁੰਦਾ ਹੈ।

3. ਸਾਡੀ ਪਿਆਰੀ ਧਰਤੀ ਮਾਂ ਨੂੰ ਸਾਧਾਂ ਅਤੇ ਸੰਤਾਂ ਦੀ ਅਟੁੱਟ ਲੜੀ ਦੁਆਰਾ ਅਸ਼ੀਰਵਾਦ ਪ੍ਰਾਪਤ ਹੈ ਹਿੰਦੋਸਤਾਨ ਦੇ ਇਹਨਾਂ ਮਨੁੱਖਾਂ ਅਤੇ ਪੁਰਸ਼ਾਂ ਨੇ ਸਾਰੇ ਭਾਰਤ ਦੇ ਹਰ ਕੋਨੇ ਨੂੰ ਪਵਿੱਤਰ ਕਰ ਦਿੱਤਾ ਹੈ। ਇਹ ਰੱਬ ਦੇ ਬੰਦੇ ਕਿਸੇ ਖਾਸ ਜ਼ਮਾਨੇ ਨਾਲ ਸਬੰਧ ਨਹੀਂ ਰੱਖਦੇ। ਇਹ ਲਗਾਤਾਰ ਤੁਰੇ ਆਉਂਦੇ ਹਨ। ਸਾਡੀ ਪਵਿੱਤਰ ਭੂਮੀ ਵਿੱਚ ਹੁਣ ਵੀ ਲੱਖਾਂ ਹੀ ਪਵਿੱਤਰ ਆਦਮੀ ਰਹਿੰਦੇ ਹਨ। ਰੱਬੀ ਪ੍ਰਦਰਸ਼ਣ ਦੇ ਤਰੀਕਿਆਂ ਦੀ ਵਰਤੋਂ ਕਰਕੇ ਕੁੱਝ ਕੁ ਹੀ ਸਾਨੂੰ ਆਪਣੀਆਂ ਸ਼ਕਤੀਆਂ ਦਾ ਕਦੇ ਕਦੇ ਵਿਖਾਵਾ ਕਰਦੇ ਹਨ। ਜਿਵੇਂ ਕਿਤੇ ਉਨ੍ਹਾਂ ਨੇ ਸਿਰਫ ਗੈਰ-ਸ਼ਰਧਾਲੂਆਂ, ਕਿੰਤੂ ਕਰਨ ਵਾਲਿਆਂ ਅਤੇ ਕੁਰਾਹੇ ਪਈ ਮਨੁੱਖਤਾ ਵਿੱਚ ਵਿਸ਼ਵਾਸ ਭਰਨਾ ਹੋਵੇ ਅਤੇ ਉਹਨਾਂ ਨੂੰ ਸੁਧਾਰਨਾ ਹੋਵੇ ਤਾਂ ਕਿ ਉਹਨਾਂ ਨੂੰ ਰੱਬ ਵੱਲ ਮੋੜਿਆ ਜਾ ਸਕੇ।

ਇਹ ਸੋਚਣਾ ਵੀ ਗਲਤ ਹੈ ਕਿ ਕੇਵਲ ਭਾਰਤ ਵਿੱਚ ਹੀ ਚਮਤਕਾਰੀ ਮਹਾਂ-ਪੁਰਸ਼ ਭੂਤਕਾਲ ਵਿੱਚ ਜਾਂ ਵਰਤਮਾਨ ਵਿੱਚ ਪੈਦਾ ਹੋਏ। ਇਕ ਇਸਾਈ ਦੇ ਤੌਰ ਤੇ ਪਾਲਣ-ਪੋਸ਼ਣ ਹੋਣ ਕਾਰਨ ਮੈਂ ਵੀ ਬਾਈਬਲ ਵਿੱਚ ਜਿਕਰ ਕੀਤੇ ਚਮਤਕਾਰਾਂ ਚਿੱਚ ਵਿਸ਼ਵਾਸ ਕਰਦਾ ਸੀ। ਇਕ ਬੱਚੇ ਦੇ ਤੌਰ ਤੇ ਮੈਂ ਸ਼ਾਂਤਾਂ ਕਲਾਜ਼ ਦੇ ਚਮਤਕਾਰਾਂ ਵਿੱਚ ਪੂਰਾ ਵਿਸ਼ਵਾਸ ਰੱਖਦਾ ਸੀ, ਜਿਹੜਾ ਕਿ ਕਰਿਸਮਿਸ ਦੀ ਰਾਤ ਵਾਲੇ ਦਿਨ ਮੇਰੇ ਸੌਣ-ਕਮਰੇ ਵਿੱਚ ਮੇਰੇ ਲਈ ਤੋਹਫੇ ਲੈ ਕੇ ਆਉਂਦਾ ਸੀ। ਜੇ ਮੈਂ ਹੁਣ ਵੀ ਉਸ ਚਮਤਕਾਰ ਵਿੱਚ ਵਿਸ਼ਵਾਸ ਕਰਾਂ ਤੁਸੀਂ ਮੈਨੂੰ ਕੁਦਰਤੀ ਤੌਰ ਤੇ ਅੰਧਵਿਸ਼ਵਾਸੀ ਮੂਰਖ ਕਹੋਗੇ।

ਅਸਲ ਵਿੱਚ ਕੀ ਇਸ ਸੰਸਾਰ ਵਿੱਚ ਚਮਤਕਾਰ ਹਨ? ਇਸ ਬ੍ਰਹਿਮੰਡ ਵਿੱਚ ਜੋ ਕੁਝ ਵਾਪਰਦਾ ਹੈ ਉਹ ਕੁਦਰਤੀ ਹੈ, ਗੈਰ ਕੁਦਰਤੀ ਨਹੀਂ। ਸ਼ਾਇਦ ਅਜਿਹੇ ਭੇਦ ਵੀ ਹੋਣ, ਜਿਨ੍ਹਾਂ ਦੀ ਮਨੁੱਖ ਅਜੇ ਤੱਕ ਵਿਆਖਿਆ ਨਹੀਂ ਕਰ ਸਕਿਆ। ਭੂਤਕਾਲ ਦੇ ਬਹੁਤ ਸਾਰੇ ਭੇਦ ਅੱਜ ਹੱਲ ਹੋ ਗਏ ਹਨ। ਅੱਜ ਦੇ ਬਹੁਤ ਸਾਰੇ ਭੇਦ ਕੱਲ੍ਹ ਨੂੰ ਹੱਲ ਹੋ ਜਾਣ ਜਾਂ ਨਾ ਹੋਣ। ਜਦੋ ਤੱਕ ਅਸੀਂ ਵਰਤਮਾਨ ਭੇਦਾਂ ਦੀ ਵਿਗਿਆਨਕ ਵਿਆਖਿਆ ਨਹੀਂ ਜਾਣ ਲੈਂਦੇ, ਉਦੋਂ ਸਾਡੇ ਵੱਲੋਂ ਇਹਨਾਂ ਬਾਰੇ ਸਾਡੇ ਪਿਤਾ-ਪੁਰਖਾਂ ਦੀਆਂ ਦਿੱਤੀਆਂ ਅਟਕਲ ਪੱਚੂ ਵਿਆਖਿਆਵਾਂ ਉੱਤੇ ਯਕੀਨ ਕਰਨਾ ਮੂਰਖਤਾ ਹੈ।

ਲੱਗਭਗ ਸੰਸਾਰ ਦੀਆਂ ਸਾਰੀਆਂ ਧਾਰਮਿਕ ਕਿਤਾਬਾਂ ਭਿੰਨ ਭਿੰਨ ਦੇਵਤਿਆਂ ਅਤੇ ਦੇਵ-ਪੁਰਸ਼ਾਂ ਦੁਆਰਾ ਕੀਤੇ ਚਮਤਕਾਰਾਂ ਬਾਰੇ ਕਹਾਣੀਆਂ ਨਾਲ ਭਰੀਆਂ ਪਈਆਂ ਹਨ। ਕਿਉਂਕਿ ਇਹ ਸਾਰੀਆਂ ਬੀਤੇ ਸਮੇਂ ਦੀਆਂ ਗੱਲਾਂ ਹਨ। ਇਸ ਲਈ

ਅਸੀਂ ਉਨ੍ਹਾਂ ਬਾਰੇ ਸੱਚਾਈ ਲੱਭਣ ਦੀ ਹਾਲਤ ਵਿੱਚ ਨਹੀਂ ਹਾਂ। ਦੂਸਰੇ ਪਾਸੇ, ਕੀ ਅਸੀਂ ਇਸ ਹਾਲਤ ਵਿੱਚ ਨਹੀਂ ਕਿ ਲੱਖਾਂ ਹੀ ਦੇਵ ਪੁਰਸ਼ਾਂ, ਜਿਹੜੇ ਕਿ ਦੈਵੀ ਪ੍ਰਗਟਾਵਿਆ ਦੁਆਰਾ ਆਪਣੀਆਂ ਸ਼ਕਤੀਆਂ ਦਾ ਵਿਖਾਵਾ ਕਰਦੇ ਹਨ, ਵੱਲੋਂ ਵਿਖਾਏ ਚਮਤਕਾਰਾਂ ਦੀ ਸੱਚਾਈ ਬਾਰੇ ਖੋਜ ਪੜਤਾਲ ਨਹੀਂ ਕਰ ਸਕਦੇ ?

4. " ਜੋ ਕੁਝ ਅਸੀਂ .........ਅਨੁਭਵ.......ਨਹੀਂ ਕਰ ਸਕਦੇ, ਸਾਨੂੰ ਉਸਦੀ ਨਿੰਦਿਆ ਨਹੀਂ ਕਰਨੀ ਚਾਹੀਦੀ ਸਗੋਂ ਪੂਜਣਾ ਚਾਹੀਦਾ ਹੈ। ਸਾਡੇ ਵਿਚਕਾਰ ਅਜਿਹੇ ਦੇਵ-ਪੁਰਸ਼ ਹਨ, ਜਿਹੜੇ ਸਿੱਧੀ ਜਾਂ ਅੰਦਰੂਨੀ ਸ਼ਕਤੀਆਂ ਦੀ ਦਿਸ਼ਾ ਤੇ ਕਾਬੂ ਪਾ ਕੇ ਵਿਸ਼ਵਾਸ ਨਾ ਕਰ ਸਕਣ ਵਾਲੀ ਪ੍ਰਾਪਤੀ ਕਰਨ ਦੇ ਯੋਗ ਹੋਏ ਹਨ।" ਕੀ ਸਾਨੂੰ ਉਹ ਸਭ ਕੁਝ ਪੂਜਣਾ ਚਾਹੀਦਾ ਹੈ ਜੋ ਅਸੀਂ ਅਨੁਭਵ ਨਹੀਂ ਕਰ ਸਕਦੇ ? ਭਾਰਤ ਦਾ ਜਾਣਿਆ ਪਛਾਣਿਆ ਜਾਦੂਗਰ ਪ੍ਰੋ. ਭਾਗਨਾਥ ਅਦਭੁਤ ਕਿਸਮ ਦੇ ਜਾਦੂ ਕਰਨ ਦੇ ਯੋਗ ਹੈ। ਕੀ ਅਸੀਂ ਉਸਦੀ ਪੂਜਾ ਕਰੀਏ, ... ਕਿਉਂਕਿ ਅਸੀ ਉਸ ਵਿਚਲੀ ਕਲਾ ਸਮਝਣ ਦੀ ਹਾਲਤ ਵਿੱਚ ਨਹੀਂ ?

ਜੇ ਕਿਸੇ ਅਖੌਤੀ ਦੇਵ ਪੁਰਸ਼ ਦਾ "ਚਮਤਕਾਰ" ਪੂਰੀ ਘੋਖ ਪੜਤਾਲ ਪਿੱਛੋਂ ਖਰਾ ਸਿੱਧ ਹੁੰਦਾ ਹੈ ਤਾਂ ਉਸਦੀ ਪੂਜਾ ਕਰਨ ਵਿੱਚ ਕੋਈ ਨੁਕਸਾਨ ਨਹੀਂ ਭਾਵੇਂ ਇਹ ਜਾਦੂ ਵਿਗਿਆਨ ਦੇ ਸਾਰੇ ਜਾਣੇ ਹੋਏ ਨਿਯਮਾਂ ਨੂੰ ਹਰਾ ਦੇਵੇ। ਸਿਰਫ ਅਜਿਹੇ ਮਾਮਲਿਆਂ ਵਿੱਚ "ਵਿਸ਼ਵਾਸ ਤਰਕ ਤੋਂ ਉੱਪਰ ਉੱਠ ਸਕਦਾ ਹੈ।" ਦੂਸਰੇ ਪਾਸੇ ਜੇ ਇਕ ਚਮਤਕਾਰ ਕਰਨ ਵਾਲਾ ਸਿਧ ਵਿਗਿਆਨਕ ਪੜਤਾਲ ਦੇ ਸਿੱਟੇ ਵਜੋਂ ਧੋਖੇਬਾਜ ਸਿੱਧ ਹੋ ਜਾਵੇ ਤਾਂ ਉਸਦੀ ਪੂਜਾ ਕਰਨ ਦੀ ਬਜਾਏ ਨਿੰਦਿਆ ਕਰਨੀ ਚਾਹੀਦੀ ਹੈ ਅਤੇ ਲੋਕਾ ਵਿੱਚ ਉਸਦਾ ਪਰਦਾਫਾਸ਼ ਕਰਨਾ ਚਾਹੀਦਾ ਹੈ।

5. "ਮੈਂ ਆਪਣੇ ਪਿਆਰੇ ਪਾਠਕਾਂ ਨਾਲ ਕੁਝ ਖਾਸ ਤਜਰਬੇ ਸਾਂਝੇ ਕਰਨ ਦਾ ਹੌਂਸਲਾ ਕਰਦਾ ਹਾਂ, ਜਿਹੜੇ ਕਿ ਮੈਨੂੰ ਅਤੇ ਮੇਰੇ ਮਿੱਤਰ ਰਾਮ ਕ੍ਰਿਸ਼ਨ ਨੂੰ ਹੁਣੇ ਹੁਣੇ ਮਦਰਾਸ ਵਿਖੇ ਅਨੁਭਵ ਹੋਏ।"

ਤੁਹਾਡੇ ਲੇਖ "ਅਨੇਕਾਂ ਚਮਤਕਾਰ" ਵਿੱਚ ਤੁਹਾਡੇ ਅਤੇ ਤੁਹਾਡੇ ਮਿੱਤਰ ਸਾਹਮਣੇ ਸ਼੍ਰੀ ਲਾ ਸ਼੍ਰੀ ਪਾਂਡਰੀਮਲਾਈ ਸਵਾਮੀਗਲ ਦੁਆਰਾ ਕੀਤੇ ਗਏ ਚਮਤਕਾਰਾਂ ਦੀ ਸੂਚੀ ਦਿੱਤੀ ਗਈ ਹੈ। ਨਾ ਤੁਹਾਰੇ ਮਿੱਤਰਾਂ ਨੇ ਅਤੇ ਨਾ ਹੀ ਤੁਸੀਂ ਇਹਨਾਂ ਬਾਰੇ ਸੱਚਾਈ ਸਥਾਪਤ ਕਰਨ ਲਈ ਘੋਖ ਪੜਤਾਲ ਕੀਤੀ। ਅਜਿਹਾ ਕੁਝ ਕਰਨ ਤੋਂ ਬਿਨਾਂ ਹੀ ਤੁਸੀ ਲੋਕਾਂ ਲਈ ਪੜ੍ਹਨ ਅਤੇ ਵਿਸ਼ਵਾਸ ਕਰਨ ਲਈ ਉਹ ਅਜੀਬ ਕਹਾਣੀਆ ਛਾਪ ਦਿੱਤੀਆਂ।

ਜਦੋਂ ਇੱਕ ਆਦਮੀ ਦਾ ਝੁਕਾਉ ਪੱਖਪਾਤੀ ਹੋਵੇ, ਜਿਹੜਾ ਕਿ ਉਸਨੂੰ ਅਸਲੀਅਤ ਜਾਨਣ ਵਿੱਚ ਵਿਘਨ ਪਾਉਂਦਾ ਹੋਵੇ, ਅਸੀਂ ਉਸਨੂੰ ਮਾਨਸਿਕ ਤੌਰ ਤੇ ਬਿਮਾਰ ਸਮਝ ਲੈਂਦੇ ਹਾਂ। ਜਦੋਂ ਕਿਸੇ ਦੇਸ਼ ਦਾ ਆਗੂ ਮਾਨਸਿਕ ਤੌਰ ਤੇ ਬਿਮਾਰ ਹੋਵੇ ਤਾਂ ਦੇਸ਼ ਵੀ ਮਾਨਸਿਕ ਤੌਰ ਤੇ ਬਿਮਾਰ ਹੋ ਸਕਦਾ ਹੈ। ਇਹ ਸੱਚਾਈ, ਕਿ ਦੂਜੇ ਆਦਮੀ ਵੀ ਇਸੇ ਤਰ੍ਹਾਂ ਬਿਮਾਰ ਹਨ, ਜਸ਼ਨ ਮਨਾਉਣ ਵਾਲੀ ਨਹੀਂ।

ਮੈਨੂੰ ਯਕੀਨ ਹੈ ਕਿ ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ ਕਿ ਜਾਂਚ ਪੜਤਾਲ ਤੋਂ ਬਿਨਾਂ ਅੱਖਾਂ ਬੰਦ ਕਰਕੇ ਕਿਸੇ ਚੀਜ਼ ਨੂੰ ਮੰਨ ਲੈਣਾ ਖਤਰਨਾਕ ਅਤੇ ਮੂਰਖਤਾ ਹੁੰਦੀ ਹੈ। ਕਿਸੇ ਆਦਮੀ ਦੀ ਕਹਿਣੀ ਜਾਂ ਕਰਨੀ ਨੂੰ ਬਿਨਾਂ ਜਾਂਚ-ਪੜਤਾਲ ਤੋਂ ਸਿਰਫ ਇਸ ਕਾਰਨ ਹੀ ਨਹੀਂ ਮੰਨ ਲੈਣਾ ਚਾਹੀਦਾ ਕਿ ਉਹ ਆਪਣੇ ਬਾਰੇ ਸੰਤ ਜਾਂ ਸਿੱਧ ਹੋਣ ਦਾ ਦਾਅਵਾ ਕਰਦਾ ਹੈ।

ਤੁਸੀਂ ਤੇ ਤੁਹਾਡੇ ਮਿੱਤਰ ਨੇ ਜਿਹੜੇ ਚਮਤਕਾਰ ਪਾਂਡਰੀਮਲਾਈ ਸਵਾਮੀਗਲ ਨੂੰ ਨਿਭਾਉਂਦਿਆ ਦੇਖਿਆ ਹੈ, ਇੱਕ ਸਧਾਰਨ ਜਾਦੂਗਰ ਵੀ ਇਹ ਸਾਰੇ ਨਿਭਾਉਣ ਦੇ ਯੋਗ ਹੋਵੇਗਾ। ਪ੍ਰੰਤੂ ਸਾਨੂੰ ਇਹ ਤਸੱਲੀ ਕਰਨੀ ਪਵੇਗੀ ਕਿ ਕੀ ਸਵਾਮੀਗਲ ਇਹ ਚਮਤਕਾਰ ਜਾਦੂ ਨਾਲ ਕਰਦਾ ਹੈ ਜਾਂ ਦੈਵੀ ਸ਼ਕਤੀਆਂ ਦੁਆਰਾ। ਇਹ ਕੇਵਲ ਸਪੱਸ਼ਟ ਜਾਂਚ ਪੜਤਾਲ ਦੁਆਰਾ ਹੀ ਪਤਾ ਲੱਗ ਸਕਦਾ ਹੈ।

ਪੰਜਾਹ ਸਾਲਾਂ ਤੋਂ ਮੈਂ ਅਖੌਤੀ ਪਰਾਭੌਤਿਕ ਵਰਤਾਰਿਆਂ ਦੀਆਂ ਸਾਰੀਆਂ ਕਿਸਮਾਂ ਦੀ ਘੋਖ ਪੜਤਾਲ ਕਰ ਰਿਹਾਂ ਹਾਂ ਅਤੇ ਮੈਨੂੰ ਤਾਂ ਅਜੇ ਤੱਕ ਗੈਬੀ ਸ਼ਕਤੀਆਂ ਵਾਲਾ ਦੇਵ ਪੁਰਸ਼ ਜਾਂ ਸਿੱਧ ਨਹੀਂ ਲੱਭਿਆ। ਪੜਤਾਲ-ਯੋਗ ਸਬੂਤਾਂ ਨਾਲ ਇਸ ਸਿੱਟੇ ਤੇ ਪਹੁੰਚਿਆਂ ਹਾਂ ਕਿ *ਜਿਹੜੇ ਲੋਕ ਗੈਬੀ ਸ਼ਕਤੀਆਂ ਰੱਖਣ ਦਾ ਦਾਅਵਾ ਕਰਦੇ ਹਨ ਜਾਂ ਤਾਂ ਉਹ ਠੱਗ ਹੁੰਦੇ ਹਨ ਜਾਂ ਮਾਨਸਿਕ ਤੌਰ ਤੇ ਉੱਖੜੇ ਹੋਏ ਵਿਅਕਤੀ।* ਇਸ ਲਈ ਮੈਂ ਤੁਹਾਡੇ ਅਖ਼ਬਾਰ ਰਾਹੀਂ ਚੈਲੰਜ ਕਰਦਾ ਹਾਂ ਕਿ ਸ਼੍ਰੀ ਲਾ ਸ਼੍ਰੀ ਪਾਂਡਰੀਮਲਾਈ ਸਵਾਮੀਗਲ ਮੇਰੇ ਦੁਆਰਾ ਉਸਦੇ ਸਰੀਰ ਅਤੇ ਕੱਪੜਿਆਂ ਦੀ ਪੂਰੀ ਤਲਾਸ਼ੀ ਲੈ ਲੈਣ ਪਿੱਛੋਂ, ਵਿਭੂਤੀ ਜਾਂ ਮਿਸ਼ਰੀ ਆਦਿ ਪੇਸ਼ ਕਰੇ। ਕਿਉਂਕਿ ਜਿਵੇਂ ਕਿ ਤੁਸੀਂ ਕਿਹਾ ਹੈ ਕਿ ਉਸਦੇ ਚਮਤਕਾਰ ਵਿਖਾਉਣ ਦਾ ਉਦੇਸ਼ ਦੰਭੀਆਂ ਨੂੰ ਸੁਧਾਰਨਾ ਹੈ ਤਾਂ ਉਸਨੂੰ ਮੇਰਾ ਚੈਲੰਜ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਜੇ ਉਹ ਆਪਣੇ ਸਰੀਰ ਦੀ ਤਲਾਸ਼ੀ ਦੇਣ ਤੋਂ ਕੰਨੀ ਕਤਰਾਉਂਦਾ ਹੈ ਤਾਂ ਮੈਂ ਇਹ ਵੀ ਕਰਨ ਨੂੰ ਤਿਆਰ ਹਾਂ। ਜੇ ਉਹ ਦੋ ਜਾਂ ਪੰਜ ਰੁਪਏ ਦਾ ਕਰੰਸੀ ਨੋਟ ਜਿਹੜਾ ਉਸਨੂੰ ਵਿਖਾਇਆ ਜਾਵੇ ਉਸ ਵਰਗਾ ਨੋਟ ਪੈਦਾ ਕਰ ਦੇਵੇ ਤਾਂ ਮੈਨੂੰ ਤਸੱਲੀ ਹੋ ਜਾਵੇਗੀ। ਜੇਕਰ ਉਸ ਦੁਆਰਾ ਪੈਦਾ ਕੀਤੇ ਗਏ ਨੋਟ ਉੱਤੇ ਪਹਿਲੇ ਨੋਟ ਵਾਲਾ ਲੜੀ ਨੰਬਰ

ਹੋਇਆ ਤਾਂ ਮੈਂ ਆਪਣੇ ਸਾਰੇ ਤਰਕਸ਼ੀਲ ਵਿਚਾਰ ਨਾ ਕੇਵਲ ਛੱਡ ਹੀ ਦੇਵਾਂਗਾ। ਸਗੋਂ ਉਸਦਾ ਵਫਾਦਾਰ ਸ਼ਰਧਾਲੂ ਬਣ ਜਾਵਾਂਗਾ। ਜੇ ਸਵਾਮੀਗਲ ਮੈਨੂੰ ਇਹ ਪੜਤਾਲ ਕਰਨ ਦੀ ਆਗਿਆ ਦੇਣ ਲਈ ਤਿਆਰ ਹੈ ਤਾਂ ਮੈਂ ਇਹ ਕਰਨ ਲਈ ਉਸਦੇ ਨਿਵਾਸ ਸਥਾਨ ਤੇ ਆਉਣ ਲਈ ਤਿਆਰ ਹਾਂ।

ਜੇ ਕੁਝ ਝੂਠੇ ਬਹਾਨੇ ਬਣਾ ਕੇ ਉਹ ਇਸ ਪਰਖ ਦਾ ਸਾਹਮਣਾ ਕਰਨ ਤੋਂ ਬਚਦਾ ਹੈ ਤਾਂ ਮੈਨੂੰ ਇਸ ਸਿੱਟੇ ਤੇ ਪੁੱਜਣਾ ਪਵੇਗਾ ਕਿ ਉਹ ਲਾਈਲੱਗ ਲੋਕਾਂ ਨੂੰ ਕੁਰਾਹੇ ਪਾਉਣ ਵਾਲਾ ਠੱਗ ਹੈ।

ਸੱਚਾਈ ਦੀ ਖੋਜ ਵਿੱਚ ਤੁਹਾਡਾ ਆਪਣਾ
ਸਹੀ-ਇਬਰਾਹੀਮ ਟੀ. ਕਾਵੂਰ
ਪ੍ਰਧਾਨ ਸ਼੍ਰੀ ਲੰਕਾ ਦੀ ਤਰਕਸ਼ੀਲਾਂ ਦੀ ਜਥੇਬੰਦੀ

'ਤਿਰੂਵਾਲਾ'
ਪਾਮਨਕਾਡਾ ਲੇਨ, ਕੋਲੰਬੋ-6
15-4-1971

ਸ਼੍ਰੀ ਪਾਂਡਰੀਮਲਾਈ ਸਵਾਮੀਗਲ,
12, ਸ਼੍ਰੀ ਪਾਂਡਰੀਮਲਾਈ ਸਵਾਮੀ ਸੰਤ
ਪੰਡੂਰ, ਡਿੰਡੀਗਲ
ਤਾਮਿਲਨਾਡੂ ।

ਪਿਆਰੇ ਸਵਾਮੀ ਜੀ,

ਮੈਂ 'ਭਾਰਤ ਜੋਤੀ' ਵਿੱਚ ਕੁਝ ਲੇਖ ਪੜ੍ਹੇ ਜਿੰਨ੍ਹਾਂ ਵਿੱਚ ਜ਼ਿਕਰ ਸੀ ਕੀ ਤੁਸੀਂ ਸਿੱਧੀ ਰਾਹੀਂ ਭਿੰਨ ਭਿੰਨ ਚਮਤਕਾਰਾਂ ਨਾਲ ਚੀਜ਼ਾ ਪੈਦਾ ਕਰ ਸਕਦੇ ਹੋ। ਕਿਉਂਕਿ ਮੈਂ ਪਰਾਭੌਤਿਕ ਸ਼ਕਤੀਆਂ ਦੇ ਸਾਰੇ ਦਾਅਵਿਆਂ ਦੀ ਪੜਤਾਲ ਕਰਨ ਵਿੱਚ ਦਿਲਚਸਪੀ ਰੱਖਦਾਂ ਹਾਂ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੇ ਦਾਅਵਿਆਂ ਦੀ ਖੋਜ ਕਰਨ ਲਈ ਕਿਰਪਾ ਕਰਕੇ ਇਕ ਮੌਕਾ ਦਿਉ। ਜੇ ਤੁਸੀਂ ਕੋਈ ਵਸਤੂ ਜਿਹੜੀ ਮੈਂ ਕਹਾਂ, ਤੁਹਾਡੇ ਸਰੀਰ ਅਤੇ ਕੱਪੜਿਆਂ ਦੀ ਤਲਾਸ਼ੀ ਲੈਣ ਪਿੱਛੋਂ ਪੈਦਾ ਕਰਨ ਦੇ ਯੋਗ ਹੋ ਗਏ, ਤਾਂ ਮੈਂ ਤੁਹਾਨੂੰ ਨਾ ਕੇਵਲ ਇੱਕ ਪਵਿੱਤਰ ਵਿਅਕਤੀ ਦੇ ਤੌਰ ਤੇ ਪੂਜਾਂਗਾ, ਸਗੋਂ ਭੇਟਾ ਦੇ ਤੌਰ ਤੇ 25000/- ਰੁਪਏ ਦੇਵਾਂਗਾ।।

ਸ਼ਾਇਦ ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ ਕਿ ਆਮ ਤੌਰ ਤੇ ਸਧਾਰਨ ਲੋਕ ਜਿੰਨਾਂ ਵਿੱਚ ਚੰਗੇ ਪੜ੍ਹੇ ਵੀ ਹੁੰਦੇ ਹਨ, ਪਵਿੱਤਰ ਆਦਮੀਆਂ ਦੇ ਚੋਲੇ ਵਿੱਚ ਮਦਾਰੀਆਂ ਅਤੇ ਠੱਗਾਂ ਦੇ ਜਾਦੂਆਂ ਦੁਆਰਾ ਕੁਰਾਹੇ ਪਾ ਲਏ ਜਾਂਦੇ ਹਨ। ਇਸ ਕਿਸਮ ਦੇ ਖਤਰਿਆਂ ਨੂੰ ਖਤਮ ਕਰਨ ਲਈ ਮੈਂ ਅਜਿਹੇ ਸਾਰੇ ਦਾਅਵਿਆਂ ਬਾਰੇ ਸਚਾਈ ਦੀ ਪੜਤਾਲ ਕਰਨ ਦਾ ਇਛੁੱਕ ਹਾਂ ਅਤੇ ਮੈਨੂੰ ਪੂਰੀ ਆਸ਼ਾ ਹੈ ਕਿ ਤੁਸੀਂ ਸੱਚਾਈ ਦੇ ਵਾਸਤੇ ਅਤੇ ਲੋਕਾਂ ਦੇ ਭਲੇ ਵਾਸਤੇ ਮੈਂ ਸਹਿਯੋਗ ਦੇਵੋਗੇ।।

ਜੇ ਤੁਸੀਂ ਮੇਰੇ ਤਲਾਸ਼ੀ ਲੈਣ ਨਾਲ ਤੁਹਾਡੇ ਸਰੀਰ ਨੂੰ "ਭਿੱਟਣ" ਤੋਂ ਕੰਨੀ ਕਤਰਾਉਂਦੇ ਹੋ, ਤਾਂ ਮੈਂ ਇਸਨੂੰ ਛੱਡਣ ਲਈ ਤਿਆਰ ਹਾਂ। ਇਸਦੀ ਬਜਾਏ ਜੇ ਤੁਸੀਂ ਇਕ ਛੋਟੇ ਰੁਪਏ ਦੇ ਨੋਟ ਦੀ ਨਕਲ ਪੈਦਾ ਕਰ ਦੇਵੋ ਜਿਹੜਾ ਕਿ ਮੈਂ ਤੁਹਾਨੂੰ ਵਿਖਾਵਾਂਗਾ ਤਾਂ ਮੈਂ ਤੁਹਾਡੀ ਸਿੱਧੀ ਨੂੰ ਮੰਨ ਜਾਵਾਂਗਾ।

*ਜੇ ਕਿਸੇ ਝੂਠੇ ਬਹਾਨੇ ਨਾਲ ਜਾਂ ਚੁੱਪ ਰਹਿਕੇ ਮੈਨੂੰ ਇਹ ਮੌਕਾ ਦੇਣ ਤੋਂ ਅਸਫਲ ਰਹੇ, ਤਦ ਮੈਂ ਇਸ ਤਰਕਸ਼ੀਲ ਸਿੱਟੇ ਤੇ ਪਹੁੰਚਾਗਾ ਕਿ ਤੁਸੀਂ ਵੀ ਮੂਰਖਾਂ ਦਾ ਸ਼ੋਸ਼ਣ ਕਰਨ ਲਈ ਪੁਤਾਪਾਰਥੀ ਦੇ ਸਾਂਈ ਬਾਬੇ ਵਾਂਗ ਮਦਾਰੀ ਹੋ।*

ਉੱਤਰ ਦੀ ਉਡੀਕ ਵਿੱਚ-

ਸਹੀ-ਇਬਰਾਹੀਮ ਟੀ. ਕਾਵੂਰ।

ਸ਼੍ਰੀ ਮਾਨ ਵਾਮਨ ਰਾਉ ਰਾਣੇ ਨੂੰ ਵੀ ਇਹੋ ਜਿਹੀ ਚਿੱਠੀ ਭੇਜੀ ਗਈ। ਪ੍ਰੰਤੂ ਇਹਨਾਂ ਵਿਅਕਤੀਆਂ ਵਿੱਚੋਂ ਕਿਸੇ ਨੇ ਵੀ ਹੁਣ ਤੱਕ ਉੱਤਰ ਨਹੀਂ ਦਿੱਤਾ।

ਚਮਤਕਾਰੀ ਕੇਵਲ ਭਾਰਤ ਵਿੱਚ ਹੀ ਨਹੀਂ, ਸ਼੍ਰੀ ਲੰਕਾ ਭਾਵੇਂ ਛੋਟਾ ਜਿਹਾ ਟਾਪੂ ਹੈ, ਇਸ ਵਿੱਚ ਵੀ ਅਜਿਹੇ ਪਾਖੰਡੀਆਂ ਦੀ ਗਿਣਤੀ ਬਹੁਤ ਹੈ। ਕੋਲੰਬੋ ਦਾ ਇੱਕ ਡਾਕਟਰੀ ਪੇਸ਼ੇ ਵਾਲਾ ਵਿਅਕਤੀ ਦਾਅਵਾ ਕਰਦਾ ਹੈ ਕਿ ਭਗਵਾਨ ਸ਼੍ਰੀ ਸਾਂਈ ਬਾਬਾ

ਕੋਲੰਬੋ ਵਿੱਚ ਉਸਦੇ ਸਾਹਮਣੇ ਪਰਗਟ ਹੋਇਆ ਅਤੇ ਬਹੁਤ ਸਾਰੇ ਹੋਰਨਾਂ ਦੀ ਹਾਜ਼ਰੀ ਵਿੱਚ ਉਸ ਨਾਲ ਸਿਨਹਾਲੀ ਵਿੱਚ ਗੱਲਾਂ ਕੀਤੀਆਂ। ਇਹ ਇੱਕ ਹਾਸੋਹੀਣੀ ਗੱਲ ਹੈ ਕਿ "ਬਹੁਤ ਸਾਰੇ ਹੋਰਨਾਂ" ਵਿੱਚੋਂ ਇੱਕ ਵੀ ਵਿਅਕਤੀ ਡਾਕਟਰ ਦੀ ਕਹਾਣੀ ਦੀ ਪੁਸ਼ਟੀ ਕਰਨ ਲਈ ਅੱਗੇ ਨਹੀਂ ਆਇਆ।

ਸ਼੍ਰੀ ਲੰਕਾ ਵਿੱਚ ਬਹੁਤ ਸਾਰੇ ਘਰ ਹਨ, ਜਿੱਥੇ ਦਾਅਵਾ ਕੀਤਾ ਜਾਂਦਾ ਹੈ ਕਿ ਵਿਭੂਤੀ ਡਿਗਦੀ ਹੈ, ਬਲਕਿ ਸਾਂਈ ਬਾਬਾ ਦੀਆਂ ਤਸਵੀਰਾਂ ਵਿੱਚੋਂ ਡੋਗੀ ਜਾਂਦੀ ਹੈ। ਕੁਝ ਹੋਰ ਦਾਅਵਾ ਕਰਦੇ ਹਨ ਕਿ ਸਾਈਂ ਬਾਬਾ ਦੀਆਂ ਤਸਵੀਰਾਂ ਦੇ ਸਾਹਮਣੇ ਘੜੀਆਂ, ਖੰਡ, ਦੁੱਧ, ਪ੍ਰਸ਼ਾਦ, ਮਿਸ਼ਰੀ ਆਦਿ ਪੈਦਾ ਹੋ ਜਾਂਦੇ ਹਨ। ਵੀਰਵਾਰ ਵਾਲੇ ਦਿਨ ਉਹਨਾਂ ਦੇ ਘਰਾਂ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਕੱਠੇ ਹੁੰਦੇ ਹਨ ਜਿੱਥੇ ਅਜਿਹੇ ਚਮਤਕਾਰ ਹੁੰਦੇ ਮੰਨੇ ਜਾਂਦੇ ਹਨ ਤਾਂ ਜੋ 'ਭਗਵਾਨ ਪੂਜਾ' ਵਿੱਚ ਹਿੱਸਾ ਲੈ ਸਕਣ।

ਬੰਦਰਬੇਲਾ ਤੋਂ ਸਾਈਂ ਬਾਬਾ ਦੇ ਇੱਕ ਕਰਾਮਾਤ ਕਰਨ ਵਾਲੇ ਸ਼ਰਧਾਲੂ ਨੇ ਸ਼੍ਰੀ ਲੰਕਾ ਤਰਕਸ਼ੀਲ ਸੰਸਥਾ ਦੀ ਮੀਟਿੰਗ ਵਿਖੇ ਆਪਣੀ ਸਿੱਧੀ ਦਾ ਪ੍ਰਗਟਾਵਾ ਕਰਨ ਲਈ ਸਾਡਾ ਚੈਲਿੰਜ ਮਨਜੂਰ ਕਰ ਲਿਆ। ਪ੍ਰੰਤੂ ਨਿਸ਼ਚਿਤ ਦਿਨ ਸਵਾਮੀ ਜੀ ਬੰਦਰਬੇਲਾ ਤੋਂ ਇਕ ਨੌਜਵਾਨ ਸ਼ਰਧਾਲੂ ਔਰਤ ਨੂੰ ਲੈ ਕੇ ਅਲੋਪ ਹੋ ਗਏ।

ਫਿਰ ਵੀ, ਨਿਰਾਸ਼ ਮੈਂਬਰਾਂ ਅਤੇ ਯਾਤਰੂਆਂ ਨੂੰ ਇਹ ਵੇਖਣ ਦਾ ਮੌਕਾ ਮਿਲ ਗਿਆ ਕਿ ਕਿਵੇਂ ਭਗਵਾਨ ਅਤੇ ਸਿੱਧ ਕਰਾਮਾਤਾਂ ਕਰਦੇ ਹਨ। ਸ਼੍ਰੀ ਲੰਕਾ ਤਰਕਸ਼ੀਲ ਸੰਸਥਾ ਦੇ ਇੱਕ ਮੈਂਬਰ ਸ਼੍ਰੀ ਮਾਨ ਐਮ. ਡੀ. ਚੰਦਰਸੇਨਾ ਜਿਹੜਾ ਕਿ ਸ਼੍ਰੀ ਲੰਕਾ ਜਾਦੂ ਸਭਾ ਨਾਲ ਸਬੰਧਤ ਸੀ, ਨੇ ਹਵਾ ਵਿੱਚੋਂ ਬਹੁਤ ਸਾਰੀ ਵਿਭੂਤੀ ਪੈਦਾ ਕਰ ਦਿੱਤੀ ਅਤੇ ਉੱਥੇ ਹਾਜ਼ਰ ਸ਼ਰਧਾਲੂਆਂ ਵਿਚਕਾਰ ਵੰਡੀ। ਸ਼੍ਰੀ ਲੰਕਾ ਦਾ ਰਿਟਾਇਰ ਹੋਇਆ ਸਥਾਈ ਸਕੱਤਰ ਸਿੱਟਾ ਕੱਢਦਾ ਹੈ ਕਿ ਸਾਈਂ ਬਾਬਾ ਵਿਸ਼ਨੂੰ ਦਾ ਅਵਤਾਰ ਹੈ ਕਿਉਂਕਿ ਇਕ ਵਾਰੀ ਉਸਨੇ ਬਾਬੇ ਦੇ ਕੱਪੜਿਆਂ ਨੂੰ ਗੂੜ੍ਹੇ ਨੀਲੇ ਅਤੇ ਚਮਕਦਾਰ ਹੁੰਦੇ ਵੇਖਿਆ ਸੀ।

ਇੱਕ ਹੋਰ ਐਸ. ਰੰਗਾਨਾਥਨ ਕਹਿੰਦਾ ਹੈ ਭਗਵਾਨ ਸ਼੍ਰੀ ਬਾਬਾ ਹਵਾ ਵਿੱਚੋਂ ਸੰਦ ਪੈਦਾ ਕਰਕੇ ਚੀਰ ਫਾੜ ਵਾਲੇ ਅਪਰੇਸ਼ਨ ਕਰਦਾ ਹੈ।

ਸਾਈਂ ਬਾਬਾ ਦਾ ਇੱਕ ਸਿਨਹਾਲੀ ਸ਼ਰਧਾਲੂ ਕਹਿੰਦਾ ਹੈ ਕਿ "1957 ਦੇ ਸਾਲ ਵਿੱਚ ਉਸਨੇ (ਬਾਬਾ) ਇੱਕ ਵਧੀਆ ਸਾਜੋ ਸਮਾਨ ਨਾਲ ਲੈਸ ਹਸਪਤਾਲ ਉਸਦੇ ਘਰ ਦੇ ਪੂਟਾ ਪਾਰਤੀ ਵਿਖੇ ਸਥਾਪਤ ਕੀਤਾ। ਡਾਕਟਰੀ ਦੀ ਆਧੁਨਿਕ ਪੱਛਮ ਪਰਨਾਲੀ ਵਿੱਚ ਮਾਹਿਰ ਡਾਕਟਰ ਉੱਥੇ ਸੇਵਾ ਕਰਦੇ ਹਨ, ਜਦੋਂ ਕਿ ਸ਼੍ਰੀ ਸਤਿਆ ਸਾਈਂ ਬਾਬਾ ਆਪ ਭਲੇ ਲਈ ਆਪਣੀਆਂ ਸਥਾਈ ਅਧਿਆਤਮਿਕ ਸ਼ਕਤੀਆਂ ਦੀ ਵਰਤੋਂ ਰੋਗੀਆਂ ਤੇ ਕਰਦਾ ਹੈ। ਉਸਦੇ ਇਲਾਜ ਬਾਰੇ ਅਸਾਧਾਰਨ ਗੱਲ ਇਹ ਹੈ ਕਿ ਦਵਾਈਆਂ ਤੋਂ ਬਿਨਾਂ ਆਰਾਮ ਆ ਜਾਂਦਾ ਹੈ।" (ਸ਼੍ਰੀ ਲੰਕਾ ਰੋਜਾਨਾ ਅਖ਼ਬਾਰ 27-4-70)

ਇਹ ਭੱਦਰਪੁਰਸ਼ ਕੱਟੜਪੁਣੇ ਵਿੱਚ ਇੰਨਾ ਡੁੱਬਿਆ ਹੋਇਆ ਹੈ ਕਿ ਉਸ ਕੋਲ ਇਹ ਕਾਰਣ ਸਮਝਣ ਲਈ ਸਧਾਰਨ ਅਕਲ ਵੀ ਨਹੀਂ ਕਿ ਇਸ ਭਗਵਾਨ ਨੂੰ ਜਿਹੜਾ ਕਿ ਦਵਾਈਆਂ ਤੋਂ ਬਿਨਾਂ ਬਿਮਾਰਾਂ ਨੂੰ ਆਰਾਮ ਕਰਨ ਦੇ ਯੋਗ ਹੈ ਅਤੇ ਜਿਹੜਾ ਚੀਰਫਾੜ ਵਾਲੇ ਯੰਤਰਾਂ ਤੋਂ ਬਿਨਾਂ ਚੀਰਫਾੜ ਕਰ ਸਕਦਾ ਹੈ, ਆਪਣੇ ਹਸਪਤਾਲ ਵਿੱਚ ਦਵਾਈਆਂ ਦੀ ਪੱਛਮੀ ਪਰਨਾਲੀ ਵਿੱਚ ਮਾਹਿਰ ਡਾਕਟਰਾਂ ਦੀ ਲੋੜ ਕਿਉਂ ਪੈਂਦੀ ਹੈ। ਕੀ ਇਹ ਡਾਕਟਰ ਵੀ ਭਗਵਾਨ ਦੇ ਹਸਪਤਾਲ ਵਿਖੇ ਬਿਮਾਰਾਂ ਦਾ ਇਲਾਜ ਕਰਨ ਲਈ ਚੀਰਫਾੜ ਵਾਲੇ ਯੰਤਰ ਤੇ ਪੱਛਮੀ ਦਵਾਈਆਂ ਦੀ ਬਜਾਏ ਪਵਿੱਤਰ ਰਾਖ ਦੀ ਵਰਤੋਂ ਕਰਦੇ ਹਨ ?

**ਇੰਦਰਾ ਗਾਂਧੀ ਨੇ ਇੱਕ ਭਗਵਾਨ ਨੂੰ ਨਿੰਦਿਆ**

17-10-1971 ਨੂੰ 'ਬੀਨਾਕਰਨ ਵਰਮਨਜਰੀ' ਨਾਂ ਦੇ ਅਖਬਾਰ ਨੇ ਜਾਫਨਾ ਦੇ ਪੰਚਅਕਸ਼ਰਾ ਕੁਰੂਕਲ ਦੁਆਰਾ ਲਿਖਿਆ ਪੂਰੇ ਸਫੇ ਦਾ ਲੇਖ ਛਾਪਿਆ, ਜੋ ਭਾਰਤ ਦੇ ਇਕ ਹੋਰ ਭਗਵਾਨ ਜਿਸ ਨੂੰ ਨੀਲਕੰਠ ਬਾਬਾ ਕਹਿੰਦੇ ਸਨ, ਬਾਰੇ ਸੀ।

ਸ਼੍ਰੀ ਲੰਕਾ ਦੇ ਦੂਜੇ ਸ਼ਰਧਾਲੂਆਂ ਦੀ ਤਰ੍ਹਾਂ, ਜਿਹੜੇ ਕਿ ਅਕਸਰ ਮਦਾਰੀ ਭਗਵਾਨ ਸਾਈਂ ਬਾਬਾ ਦੇ ਦਰਸ਼ਨ ਕਰਨ ਲਈ ਭਾਰਤ ਵਿਖੇ ਯਾਤਰਾ ਤੇ ਜਾਂਦੇ ਰਹਿੰਦੇ ਸਨ, ਉਹ ਨੀਲਕੰਠ ਬਾਬਾ ਦੇ ਦਰਸ਼ਨ ਕਰਨ ਗਿਆ, ਕਿਉਂਕਿ ਸ਼੍ਰੀ ਕੁਰੂਕਲ ਨੂੰ ਮਦਰਾਸ ਵਿੱਚ ਉਸਦੇ ਇੱਕ ਮਿੱਤਰ ਨੇ ਦੱਸਿਆ ਸੀ ਕਿ ਪਿਛਲੇ ਬਾਬੇ ਦੇ ਚਮਤਕਾਰ ਪਹਿਲੇ ਬਾਬੇ ਨਾਲੋਂ ਜ਼ਿਆਦਾ ਉੱਤਮ ਹਨ।

ਨੀਲਕੰਠ ਬਾਬਾ ਦੇ ਅਨੇਕਾਂ ਚਮਤਕਾਰਾਂ ਵਿੱਚੋਂ ਕੁਝ ਸ਼੍ਰੀ ਮਾਨ ਕੁਰੂਕਲ ਨੇ ਉਸ ਲੇਖ ਵਿੱਚ ਬਿਆਨ ਕੀਤੇ। ਜੋ ਇਸ ਤਰਾਂ ਹਨ-

1) ਇਕ ਵਾਰੀ ਜਦੋਂ ਭਗਵਾਨ ਨੀਲਕੰਠ ਬਾਬਾ ਰੋਣ ਲੱਗ ਪਿਆ ਤਾਂ ਸਾਹਮਣੇ ਵਾਲੀ ਕੰਧ ਤੇ ਲਟਕ ਰਹੀ ਸ਼ਿਵ ਜੀ ਦੀ ਤਸਵੀਰ ਨੇ ਵੀ ਅੱਥਰੂ ਵਹਾਉਣੇ ਸ਼ੁਰੂ ਕਰ ਦਿੱਤੇ।

2) ਇਕ ਅੰਨ੍ਹੇ ਲੜਕੇ ਦੀ ਨਿਗਾਹ ਭਗਵਾਨ ਨੇ ਹਵਾ ਵਿੱਚੋਂ ਪਵਿੱਤਰ ਰਾਖ ਪੈਦਾ ਕਰ ਅੰਨ੍ਹੀਆਂ ਅੱਖਾਂ 'ਤੇ ਮਲਕੇ ਠੀਕ ਕਰ ਦਿੱਤੀ।

3) ਤਾਮਿਲਨਾਡੂ ਵਿੱਚ ਦਰਿਆ ਦੇ ਪਾਣੀ ਨੇ ਭਗਵਾਨ ਦੇ ਹੁਕਮ ਨਾਲ ਰਾਹ ਛੱਡ ਦਿੱਤਾ, ਕਿਉਂਕਿ ਭਗਵਾਨ ਨੇ ਕਾਰ ਰਾਹੀਂ ਉਸ ਵਿੱਚੋਂ ਲੰਘਣਾ ਸੀ।

4) ਭਗਵਾਨ ਆਪਣੇ ਆਪ ਨੂੰ ਇੱਕੋ ਸਮੇਂ ਕਈ ਥਾਵਾਂ ਤੇ ਪ੍ਰਗਟ ਕਰ ਲੈਂਦੇ ਸਨ।

5) ਇੱਕ ਕਾਰ ਜਿਸ ਵਿੱਚ ਭਗਵਾਨ ਸਫਰ ਕਰ ਰਹੇ ਸਨ, ਇਕ ਵਾਰ ਪਟਰੋਲ ਦੀ ਕਮੀ ਕਾਰਣ ਜੰਗਲ ਵਿੱਚ ਸੜਕ ਤੇ ਰੁਕ ਗਈ। ਭਗਵਾਨ ਨੇ ਸਟੇਰਿੰਗ ਵ੍ਹੀਲ ਆਪ ਫੜਿਆ ਅਤੇ ਅਗਲੇ ਪੈਟਰੋਲ ਸਟੇਸ਼ਨ ਤੱਕ ਪਹੁੰਚਣ ਲਈ ਪੈਟਰੋਲ ਤੋਂ ਬਿਨਾਂ ਕਈ ਮੀਲ ਕਾਰ ਚਲਾ ਕੇ ਲੈ ਗਏ।

6) ਆਂਧਰਾ ਪ੍ਰਦੇਸ਼ ਦੇ ਰਾਜਪਾਲ ਸ਼੍ਰੀ ਨਗੇਸ਼ ਨੂੰ ਬਾਬੇ ਦੇ ਮਿਹਦੇ ਵਿੱਚੋਂ ਕੱਢਿਆ ਸ਼ਿਵਲਿੰਗ ਭੇਟ ਕੀਤਾ ਗਿਆ ਸੀ।

7) ਲੰਡਨ ਵਿੱਚ ਇੱਕ ਅਪਰੇਸ਼ਨ ਥੇਟਰ ਵਿਖੇ ਜਿੱਥੇ ਕਿ ਰਾਜਪਾਲ ਨਗੇਸ਼ ਦਾ ਅਪਰੇਸ਼ਨ ਹੋ ਰਿਹਾ ਸੀ, ਭਗਵਾਨ ਆਪ ਪ੍ਰਗਟ ਹੋਏ।

8) ਭਗਵਾਨ ਨੇ ਹਵਾ ਵਿੱਚੋਂ ਠੋਸ ਲਿੰਗ ਪੈਦਾ ਕੀਤਾ ਅਤੇ ਪ੍ਰਧਾਨ ਮੰਤਰੀ ਸ਼੍ਰੀ ਮਤੀ ਇੰਦਰਾ ਗਾਂਧੀ ਅਤੇ ਸਾਬਕਾ ਰਾਸ਼ਟਰਪਤੀ ਡਾਕਟਰ ਐਸ. ਰਾਧਾਕਰਿਸ਼ਨਨ ਜਦੋਂ ਉਹ ਉਸਦਾ ਅਸ਼ੀਰਵਾਦ ਲੈਣ ਗਏ ਸਨ, ਭੇਟ ਕੀਤਾ।

ਭਗਵਾਨਾਂ, ਬਾਬਿਆਂ, ਰਿਸ਼ੀਆਂ, ਗੁਰੂਆਂ, ਸਿੱਧਾਂ, ਮਹੰਤਾਂ, ਸੰਤਾਂ ਅਤੇ ਸੂਫੀਆਂ ਬਾਰੇ ਝੂਠੇ ਚਮਤਕਾਰਾਂ ਦੀਆਂ ਇਸ ਕਿਸਮ ਦੀਆਂ ਕਹਾਣੀਆਂ ਦੀ ਪੜਤਤਾਲ ਕਰਨ ਲਈ ਮੈਂ ਭਾਰਤ ਦੀ ਪ੍ਰਧਾਨ ਮੰਤਰੀ ਨੂੰ ਹੇਠ ਲਿਖਿਆ ਪੱਤਰ ਲਿਖਿਆ।

18-11-1971

ਸਤਿਕਾਰ ਯੋਗ ਸ਼੍ਰੀ ਮਤੀ ਇੰਦਰਾ ਗਾਂਧੀ
ਭਾਰਤ ਦੀ ਪ੍ਰਧਾਨ ਮੰਤਰੀ,
ਨਵੀਂ ਦਿੱਲੀ।

ਸਤਿਕਾਰ ਯੋਗ ਸ਼੍ਰੀ ਮਤੀ ਜੀ,

ਇਸ ਦੇਸ਼ ਵਿੱਚ ਤਾਮਿਲਨਾਡੂ ਦੇ ਭਗਵਾਨ ਨੀਲਕੰਠ ਬਾਬਾ ਦੁਆਰਾ ਕੀਤੇ ਚਮਤਕਾਰ ਬਾਰੇ ਅਖ਼ਬਾਰ ਵਿੱਚ ਛਪੇ ਲੇਖ ਦਾ ਪਹਿਰਾ ਮੈਂ ਹੇਠਾਂ ਦੇ ਰਿਹਾ ਹਾਂ।

"ਭਗਵਾਨ ਦੀ ਪੂਜਾ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਅਨੇਕਾਂ ਵਿਅਕਤੀਆਂ ਵਿੱਚੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ ਇੱਕ ਹੈ। ਉਸਨੂੰ ਅਸ਼ੀਰਵਾਦ ਦਿੰਦੇ ਹੋਏ ਭਗਵਾਨ ਨੇ ਹਵਾ ਵਿੱਚੋਂ ਠੋਸ ਲਿੰਗ ਪੈਦਾ ਕਰਕੇ ਭੇਂਟ ਕੀਤਾ ਸੀ। ਸਿੱਟੇ ਵਜੋਂ ਉਹ ਮਸ਼ਹੂਰੀ ਅਤੇ ਜਿੱਤ ਵੱਲ ਵਧ ਰਹੀ ਹੈ।"

ਮੈਂ ਤੁਹਾਡਾ ਬੜਾ ਧੰਨਵਾਦੀ ਹੋਵਾਂਗਾ ਜੇ ਤੁਸੀਂ ਮੈਨੂੰ ਇਹ ਦਸ ਦੇਵੋ ਕਿ ਇਸ ਕਹਾਣੀ ਵਿੱਚ ਕੋਈ ਸੱਚਾਈ ਵੀ ਹੈ। ਇਸ ਸਮੇਂ ਮੈਂ ਤੁਹਾਡਾ ਬਹੁਤ ਸਮਾਂ ਬਰਬਾਦ ਕਰਨ ਲਈ ਹਿੱਚਕਚਾਉਂਦਾ ਹਾਂ। ਪ੍ਰੰਤੂ ਇਸ ਰਿਪੋਰਟ ਨੇ ਭਾਰਤ ਵਿੱਚ ਅਤੇ ਲੰਕਾ ਵਿੱਚ ਲੱਖਾਂ ਹੀ ਲੋਕਾਂ ਦੀਆਂ ਜ਼ਿੰਦਗੀਆਂ ਤੇ ਪ੍ਰਭਾਵ ਪਾਉਣਾ ਹੈ ਅਤੇ ਮੈਂ ਇਸ ਨੂੰ ਰੋਕਣ ਲਈ ਮਜ਼ਬੂਰ ਹਾ।

ਤੁਹਾਡੀ ਸੇਵਾ ਵਿੱਚ,
ਸਹੀ-ਇਬਰਾਹਮ ਕਾਵੂਰ

ਇਸ ਪੱਤਰ ਦਾ ਉੱਤਰ ਹੇਠਾਂ ਦਿੱਤਾ ਜਾਂਦਾ ਹੈ।

ਪ੍ਰਧਾਨ ਮੰਤਰੀ ਦਾ ਸਕੱਤਰੇਤ,
ਨਵੀਂ ਦਿੱਲੀ।
22 ਨਵੰਬਰ 1971

ਨੰ. ਪੀ. ਐਮ. ਐਸ. 25594
ਸ਼੍ਰੀ ਇਬਰਾਹਮ ਟੀ. ਕਾਵੂਰ
ਐਡੀਟਰ
"ਦੀ ਸੀਲੋਨ ਰੈਸ਼ਨਲਿਸਟ ਅਬੈਂਸਡਰ"

89-ਪਾਮਨਕਾਡਾ ਲੇਨ ਕੋਲੰਬੋ-6

ਪਿਆਰੇ ਸ਼੍ਰੀ ਮਾਨ ਜੀ,

ਤੁਹਾਡੇ 18 ਨਵੰਬਰ 1971 ਦੇ ਪੱਤਰ ਦੇ ਹਵਾਲੇ ਨਾਲ।

ਮੈਨੂੰ ਪ੍ਰਧਾਨ ਮੰਤਰੀ ਦੁਆਰਾ ਆਦੇਸ਼ ਪ੍ਰਾਪਤ ਹੋਇਆ ਹੈ ਕਿ ਮੈਂ ਤੁਹਾਨੂੰ ਦੱਸਾਂ ਕਿ ਇਸ ਕਹਾਣੀ ਵਿੱਚ ਕੋਈ ਸੱਚਾਈ ਨਹੀਂ ਹੈ ਕਿ ਪ੍ਰਧਾਨ ਮੰਤਰੀ ਨੀਲਕੰਡਾ ਬਾਬਾ ਕੋਲ ਗਈ ਅਤੇ ਉਸਨੇ ਹਵਾ ਵਿੱਚੋਂ ਲਿੰਗ ਪੈਦਾ ਕੀਤਾ।

ਤੁਹਾਡਾ ਵਿਸ਼ਵਾਸ ਪਾਤਰ,<br>
ਸਹੀ-ਐਨ. ਕੇ. ਸੇਸ਼ਨ<br>
ਪ੍ਰਧਾਨ ਮੰਤਰੀ ਦਾ ਨਿੱਜੀ ਸਕੱਤਰ।

ਭਾਰਤ ਦੀ ਪ੍ਰਧਾਨ ਮੰਤਰੀ ਵਰਗੇ ਰੁਝੇ ਵਿਅਕਤੀ ਦਾ, ਜਦੋਂ ਕਿ ਉਸਦਾ ਦੇਸ਼ ਪਾਕਿਸਤਾਨ ਨਾਲ ਲੜਾਈ ਲੜ ਰਿਹਾ ਹੋਵੇ, ਜਦੋਂ ਮੈਂ ਉਨ੍ਹਾਂ ਨੂੰ ਇਹ ਲਿਖਿਆ ਸੀ, ਇੰਨੀ ਜਲਦੀ ਜਵਾਬ ਦੇਣ ਦਾ ਕੀ ਕਾਰਨ ਸੀ। ਆਪਣੇ ਪਿਤਾ ਦੀ ਤਰ੍ਹਾਂ ਤਰਕਸ਼ੀਲ ਹੁੰਦੇ ਹੋਏ ਸ਼੍ਰੀਮਤੀ ਗਾਂਧੀ ਨੇ ਇਸਦੀ ਜ਼ਰੂਰਤ ਮਹਿਸੂਸ ਕੀਤੀ ਹੋਵੇਗੀ, ਕਿਉਂਕਿ ਜੇਕਰ ਇਨ੍ਹਾਂ ਝੂਠੀਆਂ ਕਹਾਣੀਆਂ ਦਾ ਜਲਦੀ ਖੰਡਨ ਨਾ ਕੀਤਾ ਜਾਵੇ ਅਤੇ ਨਿੰਦਿਆਂ ਨਾ ਜਾਣ ਤਾਂ ਲੱਖਾਂ ਸਧਾਰਨ ਲੋਕਾਂ ਉਤੇ ਇਸਦਾ ਨੁਕਸਾਨਦੇਹ ਅਸਰ ਹੋਣਾ ਸੀ।

ਸਾਨੂੰ ਉਮੀਦ ਹੈ ਕਿ ਇਹ ਪ੍ਰਗਟਾਵਾ ਸਾਈਂ ਬਾਬਾ ਅਤੇ ਹੋਰ ਭਗਵਾਨਾਂ ਦੇ ਅਨੇਕ ਚੇਲਿਆਂ ਦੀ ਇਹ ਸਮਝ ਕਰਨ ਵਿੱਚ ਸਹਾਇਤਾ ਕਰੇਗਾ ਕਿ ਉਹਨਾਂ ਦੇ ਚਮਤਕਾਰਾਂ ਅਤੇ ਸੱਚਾਈ ਬਾਰੇ ਸ਼ੱਕ ਕਰਨਾ ਅਤੇ ਪੜਤਾਲ ਕਰਨਾ ਦਰੁਸਤ ਹੈ।

ਕਿਉਂਕਿ ਸਧਾਰਨ ਲੋਕਾਂ ਵਿੱਚ ਇਹ ਕਮਜ਼ੋਰੀ ਹੁੰਦੀ ਹੈ ਕਿ ਜਿਹੜਾ ਕੁਝ ਛਪਿਆ ਪੜ੍ਹਦੇ ਹਨ ਉਸ ’ਤੇ ਅੰਨ੍ਹੇਵਾਹ ਵਿਸ਼ਵਾਸ ਕਰ ਲੈਂਦੇ ਹਨ। ਅਖੌਤੀ ਭਗਵਾਨਾਂ ਦੇ ਵੱਖ-ਵੱਖ ਸ਼ਰਧਾਲੂਆਂ ਨੂੰ ਚਾਹੀਦਾ ਹੈ ਕਿ ਉਹ ਬਾਬਿਆਂ ਭਗਵਾਨਾਂ, ਸਵਾਮੀਆਂ ਬਾਰੇ ਕਈ ਮਨਘੜਤ ਕਹਾਣੀਆਂ ਦੀ ਸੱਚਾਈ ਦੀ ਪੜਤਾਲ ਅਖ਼ਬਾਰਾਂ ਵਿੱਚ ਲਿਖਣ ਤੋਂ ਪਹਿਲਾਂ ਚੰਗੀ ਤਰ੍ਹਾਂ ਕਰ ਲਿਆ ਕਰਨ।

ਜੇ ਨੀਲਕੰਠ ਬਾਬਾ ਕਾਰ ਨੂੰ ਤੇਈ ਮੀਲ ਬਿਨਾਂ ਪਟਰੋਲ ਤੋਂ ਚਲਾ ਸਕਦਾ ਹੈ ਤਾਂ ਉਹ ਉਸ ਤੋਂ ਅਗਲੇ ਪਟਰੋਲ ਸਟੇਸ਼ਨ ਤੱਕ ਚਲਾ ਕੇ ਲੈ ਜਾਂਦਾ ਅਤੇ ਪੈਸੇ ਦੀ ਬੱਚਤ ਹੋ ਜਾਂਦੀ ਹੈ । ਜੇ ਭਾਰਤ ਸਰਕਾਰ ਬਹੁਤ ਸਾਰੇ ਭਗਵਾਨਾਂ ਅਤੇ ਸਵਾਮੀਆਂ ਨੂੰ ਆਪਣੇ ਦੇਸ਼ ਦੀ ਪੈਦਲ ਫੌਜ, ਸਮੁੰਦਰੀ ਫੌਜ ਅਤੇ ਹਵਾਈ ਫੌਜ ਵਿੱਚ ਭਰਤੀ ਕਰ ਲੈਂਦੀ ਤਾਂ ਭਾਰਤ ਪਾਕਿਸਤਾਨ ਵਿੱਰੁਧ ਲੜਾਈ ਵਿੱਚ ਤੇਲ ਤੋਂ ਬਿਨਾਂ ਚਲਣ ਵਾਲੇ ਹਵਾਈ ਜਹਾਜ, ਸਮੁੰਦਰੀ ਜਹਾਜ, ਟੈਂਕ ਅਤੇ ਟਰੱਕਾਂ ਦੀ ਵਰਤੋਂ ਕਰਦਾ।

ਬੰਗਲਾ ਦੇਸ਼ ਵਿੱਚ ਅੱਗੇ ਵਧਣ ਸਮੇਂ ਭਾਰਤੀ ਫੌਜਾਂ ਨੂੰ ਸਭ ਤੋਂ ਵੱਧ ਔਕੜ ਭਿੰਨ ਭਿੰਨ ਦਰਿਆਵਾਂ ਨੂੰ ਪਾਰ ਕਰਨ ਵਿੱਚ ਆਈ, ਕਿਉਂਕਿ ਪਿੱਛੇ ਹਟ ਰਹੀ ਪਾਕਿਸਤਾਨੀ ਫੌਜ ਨੇ ਸਾਰੇ ਪੁਲਾਂ ਨੂੰ ਉਡਾ ਦਿੱਤਾ ਸੀ। ਭਾਰਤ ਦੇ ਭਗਵਾਨ ਉਹਨਾਂ ਦਰਿਆਵਾਂ ਦੇ ਪਾਣੀਆਂ ਨੂੰ ਫ਼ੌਜ ਦੇ ਵਾਹਨਾਂ ਲਈ ਲੰਘਣ ਵਾਸਤੇ ਰਾਹ ਛੱਡ ਦੇਣ ਦਾ ਹੁਕਮ ਦੇ ਸਕਦੇ ਹਨ।

ਡਾਕਟਰ ਟੀ. ਨਲਾਇਨਾਥਨ ਕਹਿੰਦਾ ਹੈ ਕਿ ਜਦੋਂ ਅਮਰੀਕਨ ਹਵਾਬਾਜ਼ ਚਾਰਲਸ ਪੌਮੀ ਮੁਸੀਬਤ ਵਿੱਚ ਸੀ ਤਾਂ ਭਗਵਾਨ ਸਾਈਂ ਬਾਬਾ ਉਸਦੇ ਜਹਾਜ਼ ਦੇ ਇੰਜਨ ਵਾਲੇ ਕਮਰੇ ਵਿੱਚ ਪਰਗਟ ਹੋਇਆ ਅਤੇ ਜਹਾਜ਼ ਨੂੰ ਉਤਰਨ ਵਾਲੀ ਥਾਂ ਤੇ ਸੁਰੱਖਿਅਤ ਲੈ ਗਿਆ। ਜੇ ਇਹ ਸੱਚ ਹੈ ਤਾਂ ਭਾਰਤ ਲੜਾਈ ਵੇਲੇ ਇਕ ਵੀ ਜਹਾਜ਼ ਨਾ ਗੁਆਉਂਦਾ। ਭਗਵਾਨ ਭਾਰਤੀ ਜਹਾਜ਼ਾਂ ਦੇ ਕਾਕਪਿੱਟਾ ਵਿਚ ਪਰਗਟ ਹੁੰਦੇ ਅਤੇ ਉਹਨਾਂ ਦੀ ਰੱਖਿਆ ਕਰਦੇ।

ਭਾਰਤ ਦੇ ਪ੍ਰਧਾਨ ਮੰਤਰੀ ਨੇ ਸੰਸਾਰ ਦੀਆਂ ਸਾਰੀਆਂ ਸਰਕਾਰਾਂ ਨੂੰ ਬੰਗਲਾ ਦੇਸ਼ ਦੇ ਇਕ ਕਰੋੜ ਸ਼ਰਨਾਰਥੀਆਂ ਨੂੰ ਖੁਰਾਕ ਦੇਣ ਵਿਚ ਸਹਾਇਤਾ ਕਰਨ ਦੀ ਅਪੀਲ ਕਿਉਂ ਕੀਤੀ, ਜਦੋਂ ਕਿ ਉਹ ਸਾਈਂ ਬਾਬਾ ਅਤੇ ਹੋਰ ਭਗਵਾਨਾਂ ਨੂੰ ਅਪੀਲ ਕਰ ਸਕਦੀ ਸੀ ਕਿ ਉਹ ਆਪਣੀਆਂ ਕਰਾਮਤੀ ਸ਼ਕਤੀਆਂ ਦੁਆਰਾ ਰੋਜ਼ਾਨਾ ਉਹਨਾਂ ਨੂੰ ਖੁਰਾਕ ਦੇਣ ? ਜਦੋਂ ਸ਼ਰਨਾਰਥੀਆਂ ਦੇ ਕੈਂਪਾਂ ਵਿੱਚ ਹੈਜ਼ਾ ਫੈਲ ਗਿਆ ਸੀ ਤਾਂ ਪ੍ਰਧਾਨ ਮੰਤਰੀ ਨੇ ਸਾਈਂ ਬਾਬਾ ਨੂੰ, ਜਿਹੜਾ ਕਿ ਦਵਾਈਆਂ ਤੋਂ ਬਿਨਾਂ ਲੋਕਾਂ ਦਾ ਇਲਾਜ ਕਰਦਾ ਹੈ, ਆਪਣੀਆਂ ਕਰਾਮਾਤੀ ਸ਼ਕਤੀਆਂ ਦੁਆਰਾ ਹਜ਼ਾਰਾਂ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਬੇਨਤੀ ਕਿਉਂ ਨਾ ਕੀਤੀ ?

**ਸ਼੍ਰੀ ਲੰਕਾ ਦਾ ਭਗਵਾਨ**

ਕੁਝ ਚਿੱਠੀਆਂ ਵਿੱਚੋਂ ਹੇਠਾਂ ਦਿੱਤੀਆਂ ਕੁਝ ਲਾਈਨਾਂ ਜਿਹੜੀਆਂ ਕਿ ਸ਼੍ਰੀ ਲੰਕਾ ਦੇ ਅਖ਼ਬਾਰਾਂ ਵਿੱਚ ਛਪੀਆਂ ਹਨ, ਪਾਠਕਾਂ ਨੂੰ ਇਹ ਦੱਸ ਦੇਣਗੀਆਂ ਕਿ ਕਿਵੇਂ ਧਰਮ ਦੇ ਠੇਕੇਦਾਰਾਂ ਦੁਆਰਾ ਭਗਵਾਨ ਪੈਦਾ ਕੀਤੇ ਜਾਂਦੇ ਹਨ।

14 ਸਤੰਬਰ ਮੰਗਲਵਾਰ ਦਿਨ ਕੋਲੂ ਪਿਟੀਆ ਵਿਖੇ ਇਕ ਸਿੱਧੀ ਕੇਂਦਰ ਵਿੱਚ ਭਜਨ ਪਿੱਛੋਂ ਸਵਾਮੀ ਸ਼ਾਂਤਾ ਨੰਦ ਤਰਕਸ਼ੀਲ ਵਿਅਕਤੀ ਬਾਰੇ ਅਤੇ ਸ਼੍ਰੀਮਾਨ ਇਬਰਾਹਮ ਟੀ. ਕਾਵੂਰ ਬਾਰੇ ਉਸ ਕੋਲੋ ਪੁੱਛੇ ਗਏ ਸਧਾਰਨ ਪ੍ਰਸ਼ਨਾਂ ਦੇ ਉੱਤਰ ਦੇ ਰਿਹਾ ਸੀ। ਉਸਨੇ ਕਿਹਾ ਕਿ ਇਬਰਾਹਮ ਕਾਵੂਰ ਇਕ ਅਵਤਾਰ ਹੈ, ਜਿਵੇਂ ਕਿ ਰਾਮਾਸਵਾਮੀ ਨੈਕਰ। 'ਮੈਂ ਇਸ ਭੱਦਰ ਪੁਰਸ਼(ਕਾਵੂਰ) ਨੂੰ ਨਹੀਂ ਦੇਖਿਆ ਹੈ ਪ੍ਰੰਤੂ ਮੇਰਾ ਖਿਆਲ ਹੈ ਕਿ ਉਹ ਸਚਾਈ ਦੀ ਭਾਲ ਵਿੱਚ ਅਤਿ ਧਾਰਮਿਕ ਆਦਮੀ ਹੈ।' ਸਵਾਮੀ ਨੇ ਕਿਹਾ ਸੀ 'ਸ਼੍ਰੀਮਾਨ ਕਾਵੂਰ ਸਾਡੇ ਮਿਆਰਾਂ ਮੁਤਾਬਕ ਹੋ ਸਕਦੇ ਧਾਰਮਿਕ ਨਾ ਹੋਵੇ ਪ੍ਰੰਤੂ ਉਹ ਸਾਡੇ ਵਹਿਮਾਂ ਭਰਮਾਂ ਨੂੰ ਨੰਗਾ ਕਰਕੇ ਇਕ ਲਾਭਦਾਇਕ ਸੇਵਾ ਕਰ ਰਿਹਾ ਹੈ।' ('ਸ਼੍ਰੀ ਲੰਕਾ ਅਬਜ਼ਰਵਰ' 22-9-71)

'ਇਕ ਵਾਰ ਫਿਰ ਸ਼੍ਰੀਮਾਨ ਕਾਵੂਰ ਦੇ ਅਵਤਾਰ ਹੋਣ ਬਾਰੇ ਇਕ ਨੁਕਤੇ ਨੂੰ ਉਭਾਰਨਾ ਚਾਹਾਂਗਾ। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਸ਼੍ਰੀਮਾਨ ਕਾਵੂਰ ਜਨਮ ਤੋਂ ਤਰਕਸ਼ੀਲ ਹੈ। ਇਸਨੇ ਅਜਿਹੇ ਵਹਿਮਾਂ ਭਰਮਾਂ ਦੇ ਬਹੁਤ ਸਾਰੇ ਜਾਲੇ ਲਾਹੇ ਹਨ, ਜਿਨ੍ਹਾਂ ਨੇ ਚਮਕਦੀ ਸੱਚਾਈ ਉੱਤੇ ਧੁੰਦ ਬਣਨ ਦੀ ਕੋਸ਼ਿਸ਼ ਕੀਤੀ। ਇਸ ਪ੍ਰਸੰਗ ਵਿੱਚ ਸਵਾਮੀ ਜੀ ਨੇ ਸ਼੍ਰੀ ਕਾਵੂਰ ਨੂੰ ਅਵਤਾਰ ਕਿਹਾ ਹੈ ਸ਼੍ਰੀ ਮਾਨ ਕਾਵੂਰ ਆਪਣੇ ਹੀ ਤਰੀਕੇ ਨਾਲ ਵਹਿਮੀ ਜਨਤਾ ਦੀਆਂ ਨਜ਼ਰਾਂ ਤੋਂ ਜਾਲੇ ਲਾਹ ਰਿਹਾ ਹੈ। ਯਕੀਨਨ ਹੀ ਉਹ ਧਰਮ ਦੀ ਮਹਾਨ ਸੇਵਾ ਕਰ ਰਿਹਾ ਹੈ" ('ਸ਼੍ਰੀ ਲੰਕਾ ਅਬਜ਼ਰਵਰ' ਵਿੱਚ ਇਕ ਕਾਟਰਾਗਾਮਾ ਸ਼ਰਧਾਲੂ ਦੇ ਵਿਚਾਰ)

'ਸਵਾਮੀ ਸ਼ਾਂਤਾਨੰਦ ਨੇ ਸ਼੍ਰੀਮਾਨ ਕਾਵੂਰ ਦਾ ਅਤੇ ਤਰਕਸ਼ੀਲਾਂ ਦਾ ਧਾਰਮਿਕ ਸ਼ਰਧਾਲੂਆਂ ਨਾਲ ਆਪਣੀਆਂ ਗੱਲਾਂ ਬਾਤਾਂ ਦੌਰਾਨ ਚੌਦਾਂ ਵਾਰ ਜ਼ਿਕਰ ਕੀਤਾ। ਉਸਨੇ ਕਿਹਾ ਕਿ 'ਉਸਨੇ ਆਪਣਿਆਂ ਚੇਲਿਆਂ ਤੋਂ ਉਡਦੀਆਂ ਖ਼ਬਰਾਂ ਸੁਣੀਆਂ ਹਨ ਕਿ ਇਹ ਤਰਕਸ਼ੀਲ ਆਗੂ ਪ੍ਰਮਾਤਮਾਂ ਦੀ ਹੋਂਦ, ਮੌਤ ਪਿੱਛੋਂ ਜ਼ਿੰਦਗੀ ਆਦਿ ਬਾਰੇ ਪੂਰੀ ਤਰ੍ਹਾਂ ਇਨਕਾਰੀ ਹੈ। ਚੰਗੇ ਸਵਾਮੀ ਨੇ ਕਿਹਾ ਕਿ ਉਹ ਧਾਰਮਿਕ ਮਸਲਿਆਂ ਅਤੇ ਪ੍ਰਮਾਤਮਾਂ ਬਾਰੇ ਸ਼੍ਰੀਮਾਨ ਕਾਵੂਰ ਦੇ ਬਿਆਨਾਂ ਨੂੰ ਇਹਨਾਂ ਪ੍ਰਸ਼ਨਾਂ ਪ੍ਰਤੀ ਉਸਦੀ ਖੋਜ ਦਾ ਸਿੱਟਾ ਸਮਝਦਾ ਹੈ ਅਤੇ 'ਸ਼ੱਕ ਸਿਆਣਪ ਦਾ ਮੁੱਢ ਹੁੰਦੀ ਹੈ।'......

ਸ਼੍ਰੀਮਾਨ ਕਾਵੂਰ ਦਾ ਜ਼ਿਕਰ ਹਰ ਰੋਜ਼ ਮੇਰੇ ਕੋਲ ਆ ਜਾਂਦਾ ਹੈ ਅਤੇ ਮੈਂ ਉਸਦਾ ਨਾਂ ਇੱਥੇ ਵਿਚਾਰਨ ਦੀ ਲਾਲਸਾ ਦਾ ਵਿਰੋਧ ਕਰ ਰਿਹਾ ਹਾਂ। ਮੈਂ ਇਸ ਭੱਦਰ ਪੁਰਸ਼ ਨੂੰ ਨਹੀਂ ਵੇਖਿਆ ਹੈ। ਮੈਂ ਉਸ ਨਾਲ ਗੱਲਾਂ ਨਹੀਂ ਕੀਤੀਆਂ, ਪ੍ਰੰਤੂ ਉਹ ਜਰੂਰ ਹੀ ਇੱਕ ਸੁਲਝਿਆ ਹੋਇਆ ਮਨੁੱਖ ਹੋਵੇਗਾ। ਇਕ ਚੀਜ਼ ਜਿਸਦਾ ਮੈਨੂੰ ਯਕੀਨ ਹੈ, ਉਹ ਪੂਰੀ ਤਰ੍ਹਾਂ ਧਾਰਮਿਕ ਵਿਅਕਤੀ ਹੋਵੇਗਾ, ਪ੍ਰੰਤੂ ਇਸ ਤਰੀਕੇ ਨਾਲ ਨਹੀਂ, ਜਿਸ ਤਰ੍ਹਾਂ ਤੁਸੀਂ ਉਸਨੂੰ ਬਨਾਉਣਾ ਚਾਹੁੰਦੇ ਹੋ। ਉਸਦੀ ਆਤਮਾ ਵਿੱਚ ਜਾਗਰਤੀ ਹੈ। ਜਾਗਰਤੀ ਦੀ ਸ਼ੁਰੂਆਤ ਨੂੰ ਹੀ ਧਰਮ ਕਹਿੰਦੇ ਹਨ। ਉਹ ਅਜੀਬ ਆਦਮੀ ਹੈ, ਭਾਵੇਂ ਉਹ ਤੁਹਾਨੂੰ ਕਦੇ ਕਦੇ ਗੁੱਸੇ ਕਰ ਦਿੰਦਾ ਹੈ।

ਇਸ ਤਰ੍ਹਾਂ ਦੇ ਕੰਮ ਧਾਰਮਿਕ ਬੇਵਕੂਫੀਆਂ ਨੂੰ ਖਤਮ ਕਰਨ ਲਈ ਜਰੂਰੀ ਹਨ। ਸ਼੍ਰੀਮਾਨ ਕਾਵੂਰ ਜਦੋਂ ਤੁਹਾਡੇ ਤੇ ਚੋਟ ਕਰਦਾ ਹੈ, ਠੀਕ ਹੈ। ਤੁਸੀਂ ਇਸਦੇ ਹੀ ਲਾਇਕ ਹੋ। ਉਸ ਵਿੱਚ ਪੁੱਛ ਪੜਤਾਲ ਦੀ ਜ਼ਮੀਰ ਹੈ। ਇਹੀ ਕਾਰਨ ਹੈ ਕਿ ਉਹ ਪ੍ਰਸ਼ਨ ਪੁੱਛ ਰਿਹਾ ਹੈ। ਉਸਦੀ ਸਮਝ ਅਨੁਸਾਰ ਬਹੁਤ ਸਾਰੀਆਂ ਗੱਲਾਂ ਹਾਸੋ ਹੀਣੀਆਂ ਹਨ ਅਤੇ ਉਹ ਇਹਨਾਂ ਬਾਰੇ ਦਲੇਰੀ ਨਾਲ ਪੁੱਛ ਰਿਹਾ ਹੈ। ਜੇ ਤੁਸੀਂ ਇਸ ਤਰ੍ਹਾਂ ਦੇਖੋ, ਤਾਂ ਉਹ ਸ਼੍ਰੀ ਲੰਕਾ ਦੇ ਲੋਕਾਂ ਦੀ ਖਾਸ ਤੌਰ ਤੇ ਅਖੌਤੀ ਧਾਰਮਿਕ ਲੋਕਾਂ ਦੀ ਮਹਾਨ ਸੇਵਾ ਕਰ ਰਿਹਾ ਹੈ।.......

ਤਰਕਸ਼ੀਲ ਹੁੰਦੇ ਹੋਏ ਸਾਨੂੰ ਹਰ ਕੋਨੇ 'ਚੋਂ' ਬੇਵਕੂਫੀ ਨੂੰ ਵਗਾਹ ਮਾਰਨਾ ਚਾਹੀਦਾ ਹੈ। ਸ਼੍ਰੀਮਾਨ ਕਾਵੂਰ ਠੀਕ ਹੈ, ਜਦੋਂ ਉਹ ਧਰਮ ਬਾਰੇ ਪ੍ਰਸ਼ਨ ਪੁੱਛਦਾ ਹੈ। ਇੱਕ ਸਮਾਂ ਆਵੇਗਾ, ਜਦੋਂ ਉਸਦੀ ਆਤਮਾ ਪੂਰਨ ਜਾਗਰਤੀ ਪ੍ਰਾਪਤ ਕਰ ਲਵੇਗੀ। ਕਿਉਂਕਿ ਉਸ ਕੋਲ ਧਰਮ ਵਿੱਚ ਮੌਜੂਦ ਮੂਰਖਤਾ ਬਾਰੇ ਪ੍ਰਸ਼ਨ ਪੁੱਛਣ ਦੀ ਹਿੰਮਤ ਹੈ, ਜਦੋਂ ਕਿ ਸਾਡੇ ਕੋਲ ਧਰਮ ਨਹੀਂ।" (ਸ਼੍ਰੀ ਲੰਕਾ ਅਬਜ਼ਰਵਰ ਵਿੱਚ ਲਾਲਾ ਰਤਨਾਨੰਦ)

ਈ. ਵੀ. ਆਰ ਪੀਰੀਅਰ ਰੱਬ ਦਾ ਅਵਤਾਰ ਹੈ, ਸ਼੍ਰੀ ਇਬਰਾਹਮ ਕਾਵੂਰ ਨੂੰ ਰੱਬ ਨੇ ਲੋਕਾਂ ਵਿੱਚ ਅਗਿਆਨਤਾ ਦੂਰ ਕਰਨ ਅਤੇ ਦੈਵੀ ਰੋਸ਼ਨੀ ਨਾਲ ਰੋਸ਼ਨ ਕਰਨ ਲਈ ਭੇਜਿਆ ਹੈ। ਭਗਵਾਨ ਸਾਈਂ ਬਾਬਾ ਨੇ ਕਿਸੇ ਨੂੰ ਵੀ ਗਲਤ ਰਸਤੇ ਨਹੀਂ ਪਾਇਆ ਹੈ। ਅਜਿਹਾ ਸਵਾਮੀ ਸ਼ਾਂਤਾਨੰਦ ਨੇ 'ਬੀਨਾਂ-ਕਰਨ' ਨੂੰ ਦਿੱਤੀ ਇੱਕ ਖਾਸ ਇੰਟਰਵਿਊ ਸਮੇਂ ਕਿਹਾ ਸੀ। ਬੀਨਾ ਕਰਨ ਵਰਮਨਜਰੀ।

"ਇੱਕ ਪੱਤਰਕਾਰ ਸੰਮੇਲਨ ਸਮੇਂ ਰਿਸ਼ੀ ਕੇਸ਼ ਦੇ ਸਵਾਮੀ ਸ਼ਾਂਤਾਨੰਦ ਨੇ ਕਿਹਾ ਸੀ ਕਿ ਸ਼੍ਰੀਮਾਨ ਇਬਰਾਹਮ ਕਾਵੂਰ ਸ਼੍ਰੀ ਸਤਿਆ ਸਾਈਂ ਬਾਬਾ ਅਤੇ ਰਾਮਾ ਸਵਾਮੀ ਨਾਇਕਰ ਦੀ ਤਰ੍ਹਾਂ ਰੱਬ ਦਾ ਅਵਤਾਰ ਹੈ। ਚੌਦਾਂ ਸਤੰਬਰ ਨੂੰ ਇੱਕ ਭਜਨ ਸਮੇਂ, ਜਿਹੜਾ ਕਿ ਸਿੱਧੀ ਕੇਂਦਰ ਕੋਲੰਬੋ ਵਿੱਚ ਹੋਇਆ ਸੀ, ਸਵਾਮੀ ਜੀ ਨੇ ਕਿਹਾ ਸੀ ਕਿ ਸ਼੍ਰੀਮਾਨ ਕਾਵੂਰ ਇੱਕ ਅਵਤਾਰ ਹੈ ਜੋ ਸੱਚਾਈ ਦੀ ਭਾਲ ਵਿੱਚ ਹੈ। ਮੈਂ ਜਾਨਣਾ ਚਾਹਾਂਗਾ ਕਿ ਸ਼੍ਰੀਮਾਨ ਕਾਵੂਰ ਵਰਗਾ ਤਰਕਸ਼ੀਲ ਇਸ ਬਾਰੇ ਕੀ ਕਹਿੰਦਾ ਹੈ। (ਸ਼੍ਰੀ ਲੰਕਾ ਅਬਜ਼ਰਵਰ ਵਿੱਚ ਏ. ਰਾਮਾਨ ਥਨ)

ਜਿਸ ਦਿਨ ਤੋਂ ਉਸ ਸਵਾਮੀ ਨੇ ਇਹ ਵਾਹਯਾਤ ਬਿਆਨ ਦਿੱਤਾ ਹੈ ਮੈਂ ਇਸ ਦੇ ਬੁਰੇ ਅਸਰਾਂ ਦਾ ਤਜਰਬਾ ਅਨੁਭਵ ਕਰ ਸਕਿਆ ਹਾਂ। ਧਾਰਮਿਕ ਅੰਧਵਿਸ਼ਵਾਸੀਆਂ ਨੇ ਜਿਹੜੇ ਕਿ ਅਕਸਰ ਮੈਥੋਂ ਦੂਰ ਰਹਿੰਦੇ ਸਨ, ਮੈਨੂੰ ਬੜੇ ਸਤਿਕਾਰ ਤਰੀਕਿਆਂ ਨਾਲ ਨਮਸਕਾਰ ਕਰਨਾ ਸ਼ੁਰੂ ਕਰ ਦਿੱਤਾ। ਉਹ ਨਵੇਂ 'ਭਗਵਾਨ' ਦੇ ਦਰਸ਼ਨ ਕਰਨ ਲਈ ਮੇਰੇ ਘਰ ਵੀ ਆਉਣ ਲੱਗੇ। ਰਿਸ਼ੀਕੇਸ਼ ਦੇ 'ਪਵਿੱਤਰ' ਆਦਮੀ ਦੁਆਰਾ ਕੀਤੀ ਇਸ ਸ਼ਰਾਰਤ ਨੂੰ ਠੀਕ ਕਰਨ ਲਈ ਮੈਨੂੰ ਅਖ਼ਬਾਰਾਂ ਰਾਹੀਂ ਹੇਠ ਲਿਖੀ ਸੂਚਨਾ ਛਪਵਾਉਣੀ ਪਈ।

**ਮੈਂ ਅਵਤਾਰ ਨਹੀਂ ਹਾਂ**

"ਇਹ ਮਾਲੂਮ ਹੁੰਦਾ ਹੈ ਕਿ ਉਹ ਸਵਾਮੀ ਜਿਸਦਾ ਨਾਂ ਸ਼ਾਂਤਾਨੰਦ ਹੈ ਅਤੇ ਜਿਹੜਾ ਭਾਰਤ ਦੇ ਰਿਸ਼ੀਆਂ ਦੇ ਅਖੌਤੀ ਪਵਿੱਤਰ ਸਥਾਨ ਹਿਮਾਲਾ ਵਿੱਚ ਰਿਸ਼ੀਕੇਸ਼ ਵਿੱਚ ਰਹਿੰਦੇ ਇੱਕ ਹੋਰ ਸਵਾਮੀ ਦਾ ਚੇਲਾ ਹੋਣ ਦਾ ਦਾਅਵਾ ਕਰਦਾ ਹੈ, ਨੇ ਭਜਨ ਸਮੇਂ ਆਪਣੇ ਧਾਰਮਿਕ ਭਾਸ਼ਨ ਦੌਰਾਨ ਕਿਹਾ ਸੀ ਕਿ ਕਾਵੂਰ ਰੱਬ ਦਾ ਅਵਤਾਰ ਹੈ ਅਤੇ ਸੱਚਾਈ ਦੀ ਭਾਲ ਵਿੱਚ ਲੱਗਾ ਅਤਿ ਧਾਰਮਿਕ ਵਿਅਕਤੀ ਹੇ।"

'ਬੀਨਾਕਰਨ ਵਰਮਨਜ਼ਰੀ' ਵਿੱਚ ਛਪੇ ਲੇਖ ਅਨੁਸਾਰ ਇਸ ਸਵਾਮੀ ਨੇ ਇੱਕ ਪੱਤਰਕਾਰ ਸੰਮੇਲਨ ਸਮੇਂ ਇਹੀ ਬਿਆਨ ਦੁਹਰਾਇਆ ਅਤੇ ਮੇਰੀ ਭਾਰਤ ਦੇ ਦੋ ਹੋਰ ਅਵਤਾਰਾਂ ਸਾਈਂ ਬਾਬਾ ਅਤੇ ਪੀਰੀਅਰ ਰਾਮਾ ਸਵਾਮੀ ਨਾਇਕਰ ਨਾਲ ਤੁਲਨਾ ਕੀਤੀ ਹੈ।

ਇਸ ਦੇਸ਼ ਵਿੱਚ ਉਸਦੇ ਹਜ਼ਾਰਾਂ ਹੀ ਅੰਧਵਿਸ਼ਵਾਸੀ ਚੇਲਿਆਂ ਨੂੰ 'ਪਵਿੱਤਰ' ਆਦਮੀ ਦਾ ਇਹ ਬਿਆਨ ਯਕੀਨਨ ਹੀ ਗਲਤ ਰਸਤੇ ਪਾਵੇਗਾ। ਜੇ ਮੈਂ ਬਹਾਨੇਬਾਜ਼ ਅਤੇ ਮੌਕਾਪ੍ਰਸਤ ਹੁੰਦਾ, ਤਾਂ ਮੇਰੇ ਲਈ ਇਨ੍ਹਾਂ ਵਾਂਗ ਅਵਤਾਰ ਬਣ ਬੈਠਣ ਲਈ ਇੱਕ ਸੁੰਦਰ ਮੌਕਾ ਸੀ, ਤੇ ਮੈਨੂੰ ਯਕੀਨ ਹੈ ਕਿ ਮੇਰੀ ਪੂਜਾ ਕਰਨ ਲਈ ਅਤੇ ਮੇਰੇ ਸਾਹਮਣੇ ਸਿਜਦਾ ਕਰਨ ਲਈ ਹਜ਼ਾਰਾਂ ਹੀ ਲੋਕ ਹੁੰਦੇ।

ਇਸ ਸਵਾਮੀ ਨੇ ਕਿਸ ਸਬੂਤ ਦੇ ਅਧਾਰ ਤੇ ਇਹ ਗੱਲ ਕਹੀ ਸੀ ਕਿ ਕਾਵੂਰ ਇੱਕ ਅਵਤਾਰ ਹੈ ? ਭਜਨ ਮੰਡਲੀ ਵਿੱਚ ਬੈਠੇ ਇੱਕ ਵੀ ਵਿਅਕਤੀ ਕੋਲ ਇਹ ਪ੍ਰਸ਼ਨ ਪੁੱਛਣ ਲਈ ਸਧਾਰਨ ਅਕਲ ਜਾਂ ਹੌਂਸਲਾ ਨਹੀਂ ਸੀ।

ਜੇ ਇਹ ਸਵਾਮੀ ਅਸਲ ਵਿੱਚ ਜੋ ਕੁਝ ਉਸਨੇ ਕਿਹਾ ਸੀ, 'ਤੇ ਵਿਸ਼ਵਾਸ ਕਰਦਾ ਹੈ ਤਾਂ ਮੈਂ ਕਹਾਂਗਾ ਕਿ ਉਹ ਬਿਲਕੁਲ ਗਲਤ ਹੈ। ਦੂਜੇ ਪਾਸੇ, ਜੇਕਰ ਉਸਨੇ ਇਹ ਬਿਆਨ ਇਸ ਦੇਸ਼ ਦੇ ਵਧ ਰਹੇ ਨੌਜਵਾਨਾਂ ਦੀ ਸੰਖਿਆ ਨੂੰ ਖੁਸ਼ ਕਰਨ ਲਈ ਦਿੱਤਾ ਹੋਵੇ, ਜਿਹੜੇ ਕਿ ਧਰਮ ਨਾਲੋਂ ਤਰਕਸ਼ੀਲਤਾ ਵਿੱਚ ਵੱਧ ਤਰਕ ਤੇ ਸੂਝ ਵੇਖਦੇ ਹਨ, ਤਾਂ ਬੰਦੇ ਨੂੰ ਉਸਦੀ ਦਿਆਨਤਦਾਰੀ ਤੇ ਸ਼ੱਕ ਕਰਨਾ ਪਵੇਗਾ। ਇਸ ਸਵਾਮੀ ਦਾ ਬਿਆਨ ਠੀਕ ਹੈ ਕਿ 'ਕਾਵੂਰ' ਸਚਾਈ ਦੀ ਤਲਾਸ਼ ਕਰਨ ਵਾਲਾ ਹੈ। ਮੈਂ ਇਸ ਦੀ ਤਲਾਸ਼ ਕੀਤੀ ਹੈ ਅਤੇ ਸੱਚਾਈ ਜਾਣ ਲਈ ਹੈ ਕਿ ਸਾਰੇ ਦੇਵਤੇ, ਭਗਵਾਨ, ਸਵਾਮੀ, ਸਿੱਧ, ਸੰਤ, ਸ਼ੈਤਾਨ, ਦੇਵ ਪੁਰਸ਼, ਮਹੰਤ, ਅਵਤਾਰ, ਧੋਖੇਬਾਜ਼, ਪਾਗਲਾਂ ਜਾਂ ਚਲਾਕ ਧਾਰਮਿਕ ਵਿਅਕਤੀਆਂ ਨੇ ਪੈਦਾ ਕੀਤੇ ਹਨ।

ਪਹਿਲਾਂ ਹੀ ਮੇਰੇ ਘਰੇ ਬਹੁਤ ਸਾਰੇ ਅੰਧਵਿਸ਼ਵਾਸੀ ਲੋਕ ਨਵੇਂ ਭਗਵਾਨ ਦੇ ਦਰਸ਼ਨ ਕਰਨ ਲਈ ਆਉਣ ਲੱਗ ਪਏ ਹਨ। ਕਿਰਪਾ ਕਰਕੇ ਇਹ ਚਿੱਠੀ ਛਾਪ ਦਿਓ ਅਤੇ ਮੈਨੂੰ ਇਹਨਾਂ ਅਣਚਾਹੇ 'ਸ਼ਰਧਾਲੂਆਂ' ਤੋਂ ਬਚਾਓ।

ਸਹੀ ਇਬਰਾਹਮ ਟੀ. ਕਾਵੂਰ

ਪ੍ਰਸ਼ਨ- ਅਖ਼ਬਾਰਾਂ ਦੀ ਖ਼ਬਰ ਹੈ ਕਿ ਅੱਠ ਸਾਲਾਂ ਦੀ ਇੱਕ ਲੜਕੀ ਧਾਰਮਿਕ ਗਰੰਥਾਂ ਵਿੱਚੋ ਬਾਣੀ ਪੜ੍ਹਦੀ ਹੈ। ਸੱਤਿਆ ਸਾਈਂ ਬਾਬਾ ਖਾਲੀ ਹੱਥਾਂ ਵਿੱਚੋਂ ਘੜੀਆਂ ਅਤੇ ਵਿਭੂਤੀ ਪੈਦਾ ਕਰਨ ਲਈ ਮਸ਼ਹੂਰ ਹੈ। ਬਾਈਬਲ ਦੱਸਦੀ ਹੈ ਕਿ ਭਗਵਾਨ ਈਸਾ ਮਸੀਹ ਪਾਣੀ ਉੱਤੇ ਤੁਰਿਆ ਸੀ। ਇਹਨਾਂ ਚਮਤਕਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਸੀਂ ਰੱਬ ਵਿੱਚ ਵਿਸ਼ਵਾਸ ਕਿਉਂ ਨਹੀਂ ਕਰਦੇ ?

ਉੱਤਰ- ਇਹਨਾਂ ਅਖੌਤੀ ਚਮਤਕਾਰਾਂ ਦੀ ਪੁੱਛ ਪੜਤਾਲ ਅਤੇ ਪ੍ਰੀਖਿਆ ਇਹ ਦੱਸਦੀ ਹੈ ਕਿ ਜਾਂ ਤਾਂ ਇਹ ਚਮਤਕਾਰ ਵਾਪਰੇ ਹੀ ਨਹੀਂ ਅਤੇ ਜਾਂ ਉਹ ਸਧਾਰਨ ਮਦਾਰੀ ਦੇ ਤਮਾਸ਼ੇ ਸਨ। ਧਾਰਮਿਕ ਵਿਸ਼ਵਾਸਾਂ ਦੇ ਏਜੰਟਾਂ ਅਤੇ ਅੰਧ-ਵਿਸ਼ਵਾਸੀਆਂ ਨੇ ਬਹੁਤ ਸਾਰੀਆਂ ਅਫ਼ਵਾਹਾਂ ਫੈਲਾਈਆਂ। ਘੋਖ ਪੜਤਾਲ ਨੇ ਇਹਨਾਂ ਨੂੰ ਗ਼ਲਤ ਸਿੱਧ ਕਰ ਦਿੱਤਾ ਹੈ। ਜਦੋਂ ਇਹ ਵਾਪਰਦੀਆਂ ਹਨ ਤਾਂ ਇਹਨਾਂ ਦੀ ਡੂੰਘੀ ਜਾਂਚ ਪੜਤਾਲ ਇਹਨਾਂ ਵਿੱਚ ਕੀਤੀ ਹੋਈ ਚਲਾਕੀ ਨੂੰ ਨੰਗਾ ਕਰ ਦਿੰਦੀ ਹੈ। ਸੱਤਿਆ ਸਾਈਂ ਬਾਬਾ ਨੂੰ ਆਪਣੇ ਚਮਤਕਾਰਾਂ ਦੀ ਪ੍ਰੀਖਿਆ ਕਰਵਾਉਣ ਲਈ ਬਹੁਤ ਵਾਰੀ ਚੈਲਿੰਜ ਕੀਤਾ ਗਿਆ ਹੈ। ਉਹ ਹਰ ਵਾਰ ਆਪਣੇ ਆਲੇ ਦੁਆਲੇ ਸੈਂਕੜੇ ਹੀ ਅੰਧ-ਵਿਸ਼ਵਾਸੀਆਂ ਦੀ ਆੜ ਹੇਠ ਬਚਦਾ ਆ ਰਿਹਾ ਹੈ।

ਕੇਵਲ ਬਾਈਬਲ ਹੀ ਨਹੀਂ, ਹੋਰ ਬਹੁਤ ਸਾਰੀਆਂ ਧਾਰਮਿਕ ਕਿਤਾਬਾਂ ਵਿੱਚ ਮਿਥਿਹਾਸਕ ਕਹਾਣੀਆਂ, ਪਾਣੀ ਉੱਤੇ ਤੁਰਨਾ, ਪਹਾੜ ਨੂੰ ਚੁੱਕ ਲੈਣਾ ਅਤੇ ਚੰਦ ਤੋੜਨ ਦਾ ਜ਼ਿਕਰ ਹੈ। ਇਹ ਕਦੇ ਵੀ ਨਹੀਂ ਵਾਪਰਿਆ। ਇਹ ਕੇਵਲ ਪੈਗੰਬਰਾਂ ਨੂੰ ਮਹਾਨ ਅਤੇ ਆਸਧਾਰਨ ਦਰਸਾਉਣ ਲਈ ਕੇਵਲ ਮਿਥਿਹਾਸਕ ਕਹਾਣੀਆਂ ਹੀ ਹਨ। ਇਸ ਕੋਸ਼ਿਸ਼ ਨੇ ਪੈਗੰਬਰਾਂ ਦੇ ਨਕਸ਼ੇ ਨੂੰ ਵਿਗਾੜ ਦਿੱਤਾ ਹੈ ਅਤੇ ਲੋਕਾਂ ਤੋਂ ਉਹਨਾਂ ਨੂੰ ਵੱਖ ਕਰ ਦਿੱਤਾ ਹੈ। ਈਸਾ ਨੂੰ ਆਪਣੀ ਮਹਾਨਤਾ ਸਿੱਧ ਕਰਨ ਲਈ ਪਾਣੀ ਉੱਤੇ ਤੁਰਣ ਦੀ ਲੋੜ ਨਹੀਂ ਸੀ। ਲੋਕਾਂ ਦੀ ਸੇਵਾ ਅਤੇ ਕਿਸੇ ਵੀ ਖੋਟ ਨੂੰ ਪਵਿੱਤਰ ਕਰ ਦੇਣਾ ਉਸਨੂੰ ਸਤਿਕਾਰਯੋਗ ਬਨਾਉਣ ਲਈ ਕਾਫੀ ਸਨ। ਦੂਸਰੇ ਪਾਸੇ *ਮਹਾਨ ਆਦਮੀਆਂ ਦੇ ਚਮਤਕਾਰਾਂ ਨੂੰ ਬਿਆਨ ਕਰਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਕਾਰਕਰਦਗੀ ਖਤਮ ਹੋ ਜਾਂਦੀ ਹੈ, ਕਿਉਂਕਿ ਲੋਕ ਉਹਨਾਂ ਦੀ ਜ਼ਿੰਦਗੀ ਦੇ ਰਸਤੇ ਜੋ ਉਹਨਾਂ ਨੇ ਉਦਾਹਰਣਾਂ ਰਾਹੀਂ ਵਿਖਾਇਆ ਅਤੇ ਸਿਖਾਇਆ, ਨੂੰ ਅਖਤਿਆਰ ਕਰਨ ਦੀ ਬਜਾਏ ਉਹਨਾਂ ਦੀ ਪੂਜਾ ਕਰਨ ਲੱਗ ਜਾਂਦੇ ਹਨ। ਜੇ ਚਮਤਕਾਰਾਂ ਨੇ ਹੀ ਆਦਮੀ ਨੂੰ ਮਹਾਨ ਬਨਾਉਣਾ ਹੈ ਤਾਂ ਹਰੇਕ ਮਦਾਰੀ ਵੀ ਮਹਾਨ ਬਣ ਜਾਵੇਗਾ। ਪਰਮਾਤਮਾ ਵਿੱਚ ਵਿਸ਼ਵਾਸ ਦਾ ਚਮਤਕਾਰਾਂ ਨਾਲ ਸਬੰਧ ਨਹੀਂ। ਵਿਸ਼ਵਾਸ ਮਨੁੱਖ ਦੀ ਗੁਲਾਮ ਮਾਨਸਿਕ ਅਵਸਥਾ ਨੂੰ ਪਰਗਟ ਕਰਦਾ ਹੈ। ਸੁਆਰਥੀ ਲੋਕ ਚਮਤਕਾਰਾਂ ਦੀਆਂ ਗੱਲਾਂ ਕਰਕੇ ਧਿਆਨ ਮੋੜ ਲੈਂਦੇ ਹਨ ਅਤੇ ਸੋਚ ਨੂੰ ਗਲਤ ਰਸਤੇ ਪਾ ਦਿੰਦੇ ਹਨ। ਕਿਸੇ ਵੀ ਆਦਮੀ ਦੀ ਮਹਾਨਤਾ ਲੋਕਾ ਦੀ ਸੇਵਾ ਅਤੇ ਇਮਾਨਦਾਰੀ ਨਾਲ ਰਹਿਣ ਵਿੱਚ ਹੈ, ਨਾ ਕਿ ਚਮਤਕਾਰ ਕਰਨ ਵਿੱਚ। ਜਿਹੜੇ ਚਮਤਕਾਰਾਂ ਦੀਆਂ ਗੱਲਾਂ ਕਰਦੇ ਹਨ, ਉਹ ਜਾਂ ਤਾਂ ਠੱਗ ਹਨ, ਧੋਖੇਬਾਜ਼ ਹਨ।* ਮੈਂ ਭਗਵਾਨਾਂ ਬਾਰੇ ਟਿੱਪਣੀ ਪੰਦਰਾਂ ਅਪ੍ਰੈਲ, 1972 ਦੇ ਦੀ 'ਨੇਸ਼ਨ' ਵਿੱਚ ਛਪੀ ਹੇਠਲੀ ਖ਼ਬਰ ਨੂੰ ਪੇਸ਼ ਕਰਕੇ ਮੁਕਾਵਾਂਗਾ

**ਕਾਵੂਰ ਭਗਵਾਨ ਚਮਤਕਾਰ ਕਰਦਾ ਹੈ**

"ਮੈਂ ਵਿਦੇਸ਼ੀ ਕਰੰਸੀ ਬਚਾ ਸਕਦਾ ਹਾਂ"

(ਸਾਡੇ ਪੱਤਰ ਪ੍ਰੇਰਕ ਦੁਆਰਾ)

ਸ਼੍ਰੀਮਾਨ ਕਾਵੂਰ ਥਰਸਟਨ ਕਾਲਜ ਵਿਖੇ ਪਿਛਲੇ ਐਤਵਾਰ ਸ਼੍ਰੀ ਲੰਕਾ ਦੀ ਤਰਕਸ਼ੀਲ ਸੰਸਥਾ ਦੀ ਮਾਸਕ ਮੀਟਿੰਗ ਵਿੱਚ ਬਾਜ਼ੀ ਲੈ ਗਿਆ। ਉਸਨੇ ਇਕ ਜਾਦੂ ਦਾ ਤਮਾਸ਼ਾ ਕੀਤਾ, ਜਿਸਨੇ ਉਸਦੇ ਦਰਸ਼ਕਾਂ ਨੂੰ ਚਕਾਚੌਂਧ ਕਰ ਦਿੱਤਾ। ਸ਼੍ਰੀ ਮਾਨ ਕਾਵੂਰ ਨੇ 'ਜਾਦੂ ਚਮਤਕਾਰ ਅਤ ਮਿਥਿਹਾਸ' ਬਾਰੇ ਆਪਣਾ ਪਹਿਲਾ ਰਿਕਾਰਡ ਕੀਤ ਭਾਸ਼ਣ ਸੁਣਾਇਆ।

ਜਦੋਂ ਉਸਨੇ ਖਤਮ ਕਰ ਲਿਆ, ਤਦ ਉਸਨੇ ਪਹਿਲਾਂ ਤਮਾਸ਼ਾ ਕੀਤਾ, ਜੋ ਕਿ ਹਵਾ ਵਿੱਚੋਂ ਪਵਿੱਤਰ ਵਿਭੂਤੀ ਬਨਾਉਣਾ ਸੀ। ਭਾਰਤ ਵਿੱਚ ਦੂਰ ਦੂਰ ਤੱਕ ਸ਼੍ਰੀ ਸਾਈਂ ਬਾਬਾ ਦਾ ਇਹ ਕਾਰਨਾਮਾ ਬਹੁਤ ਹਰਮਨ ਪਿਆਰਾ ਹੈ। ਸ਼੍ਰੀ ਮਾਨ ਕਾਵੂਰ ਜੋ ਕੁੱਝ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ, ਉਹ ਇਹ ਸੀ ਕਿ ਇਹ ਹੱਥ ਦੀ ਸਫਾਈ ਹੁੰਦੀ ਹੈ ਕਿ ਸਾਈਂ ਬਾਬਾ ਜਾਂ ਕਿਸੇ ਹੋਰ ਦੇ ਦਾਅਵੇ ਦੇ ਬਾਵਜੂਦ ਕਿ ਵਿਭੂਤੀ ਪੈਦਾ ਕਰਨਾ ਦੈਵੀ ਚਮਤਕਾਰ ਹੈ, ਕਾਵੂਰ ਵੀ ਇਹ ਕੰਮ ਕਰ ਸਕਦਾ ਹੈ।

ਆਪਣੀ ਬੰਦ ਕੀਤੀ ਹਥੇਲੀ ਵਿੱਚੋਂ ਡਿੱਗ ਰਹੀ ਵਿਭੂਤੀ ਸਮੇਤ ਸ਼੍ਰੀ ਮਾਨ ਕਾਵੂਰ ਦਰਸ਼ਕਾਂ ਵਿੱਚ ਤੁਰ ਪਿਆ ਅਤੇ ਬੱਲੇ ਬੱਲੇ ਦੇ ਨਾਅਰਿਆਂ ਅਤੇ ਤਾੜੀਆਂ ਦਰਮਿਆਨ ਆਪਣੀ ਪਵਿੱਤਰ ਵਿਭੂਤੀ ਵੰਡਣ ਲੱਗਾ। ਉਸਨੇ ਜ਼ੋਰ ਪਾਇਆ ਕਿ ਹਾਲ ਦੇ ਪਿਛਲੇ ਪਾਸੇ ਖੜੇ ਪੁਲਿਸ ਦੇ ਸਿਪਾਹੀ ਵੀ ਵਿਭੂਤੀ ਲੈ ਲੈਣ ਤੇ 'ਉਹ ਵੀ ਸਵਰਗ ਚਲੇ ਜਾਣ'

ਉਸਦਾ ਅਗਲਾ ਤਮਾਸ਼ਾ ਆਪਣੀ ਨਬਜ਼ ਨੂੰ ਰੋਕਣਾ ਸੀ। ਭਾਵੇਂ ਇਹ ਸੱਚਾਈ ਹੈ ਕਿ ਉਸਨੂੰ ਪਹਿਲਾਂ ਵੀ ਤਿੰਨ ਦੌਰੇ ਪੈ ਚੁੱਕੇ ਸਨ। ਸ਼੍ਰੀ ਮਾਨ ਕਾਵੂਰ ਨੇ ਕਿਹਾ ਕਿ ਉਹ ਕੇਵਲ ਇੱਕ ਮਿੰਟ ਤੱਕ ਹੀ ਆਪਣੀ ਨਬਜ਼ ਰੋਕੇਗਾ। "ਆਖਰਕਾਰ ਤੁਸੀਂ ਕਾਵੂਰ ਨੂੰ ਦੁਬਾਰਾ ਦੇਖਣਾ ਚਾਹੁੰਦੇ ਹੋ ਕਿ ਤੁਸੀਂ ਨਹੀਂ ਦੇਖਣਾ ਚਾਹੁੰਦੇ ?" ਉਸਨੇ ਇਹ ਸ਼ਬਦ ਉਦੋਂ ਕਹੇ ਜਦੋਂ ਇੱਕ ਡਾਕਟਰੀ ਦੇ ਵਿਦਿਆਰਥੀ ਡਾਕਟਰ ਨਾਈਲਜ਼ ਨੇ ਉਸਦੀ ਨਬਜ਼ ਵੇਖੀ।

ਸ਼੍ਰੀ ਮਾਨ ਕਾਵੂਰ ਤਦ ਅੱਗ ਖਾਣ ਲੱਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸਨੇ ਮਹਿਸੂਸ ਕੀਤਾ ਸੀ ਕਿ ਡਾਕਟਰ ਕਾਰਲੋ ਫੈਨਸੇਕਾ ਨੇ ਅੱਗ ਉੱਤੇ ਤੁਰਨ ਦੇ ਪ੍ਰਸ਼ਨ ਨੂੰ ਹਮੇਸ਼ਾਂ ਲਈ ਹੱਲ ਕਰ ਦਿੱਤਾ ਹੈ। ਆਪਣੇ ਲਾਟਾਂ ਦੇ ਭੋਜਨ ਨੂੰ ਖਤਮ ਕਰਨ ਪਿੱਛੋਂ ਉਸਨੇ ਮਖੌਲ ਨਾਲ ਕਿਹਾ ਕਿਉਂਕਿ ਉਸਦੀਆਂ ਮੁੱਛਾਂ ਕਰਾਮਾਤੀ ਨਹੀਂ ਸਨ, ਇਸ ਲਈ ਉਸਨੇ ਪਹਿਲੇ ਦਿਨ ਇਹਨਾਂ ਨੂੰ ਕੱਟ ਕੇ ਛੋਟਾ ਕਰਨ ਵਿੱਚ ਸਾਵਧਾਨੀ ਵਰਤੀ ਸੀ।

ਸ਼੍ਰੀ ਮਾਨ ਕਾਵੂਰ ਦਾ ਅਖੀਰਲਾ ਤਮਾਸ਼ਾ ਟੈਲੀਪੈਥੀ ਸੀ। ਦਰਸ਼ਕਾਂ ਵਿੱਚੋਂ ਦਸ ਮੈਂਬਰਾਂ ਦੇ ਨਾਵਾਂ ਵਾਲੀਆਂ ਪਰਚੀਆਂ ਅਤੇ ਉਨ੍ਹਾਂ ਦੀ ਚੋਣ ਦੇ ਪੁੱਛੇ ਪ੍ਰਸ਼ਨ ਦਸ ਲਿਫਾਫਿਆਂ ਵਿੱਚ ਬੰਦ ਕਰ ਦਿੱਤੇ ਗਏ। ਸ਼੍ਰੀ ਮਾਨ ਕਾਵੂਰ ਇੱਕ ਵੀ ਲਫਾਫਾ ਖੋਲ੍ਹਣ ਤੋਂ ਬਿਨਾਂ ਨਾਮ ਅਤੇ ਪ੍ਰਸ਼ਨ ਦੋਵੇਂ ਦੱਸਣ ਦੇ ਯੋਗ ਸੀ ਅਤੇ ਉਹ ਦਸ ਵਾਰ ਹੀ ਠੀਕ ਸੀ। ਜਿਵੇਂ ਕਿ ਉਸਨੇ ਖੁਦ ਕਿਹਾ ਸੀ ਕਿ

ਜੇਕਰ ਉਹ ਗੈਬੀ ਸ਼ਕਤੀਆਂ ਰੱਖਣ ਦਾ ਦਾਅਵਾ ਕਰਕੇ ਮੂਰਖ ਅੰਧ-ਵਿਸ਼ਵਾਸੀ ਲੋਕਾ ਨੂੰ ਮਗਰ ਲਾਉਣਾ ਚਾਹੇ ਤਾਂ ਉਹ ਢੇਰ ਸਾਰਾ ਰੁਪਿਆ ਕਮਾ ਸਕਦਾ ਹੈ।

ਹੈਰਾਨ ਕਰਨ ਵਾਲੇ ਤਮਾਸ਼ਿਆਂ ਦੇ ਅਖੀਰ ਵਿੱਚ ਸ਼੍ਰੀ ਮਾਨ ਕਾਵੂਰ ਨੇ ਸ਼੍ਰੀ ਲੰਕਾ ਦੇ ਪਹਿਲੇ ਪ੍ਰਧਾਨ ਮੰਤਰੀ ਸਤਿਕਾਰਯੋਗ ਸ਼੍ਰੀ ਮਾਨ ਡੀ. ਐਸ. ਸੈਨਾਨਾਇਕੇ ਦੀ ਆਤਮਾ ਨੂੰ ਬੁਲਾਇਆ। ਇਹ ਸਹੀ ਸੀ ਕਿਉਂਕਿ ਪਹਿਲਾਂ ਪ੍ਰਸ਼ਨ ਵਰਤਮਾਨ ਸਰਕਾਰ ਦੇ ਸਮੇਂ ਬਾਰੇ ਪੁੱਛਿਆ ਗਿਆ। ਸ਼੍ਰੀ ਮਾਨ ਕਾਵੂਰ ਜਾਂ ਇਹ ਸ਼੍ਰੀਮਾਨ ਸੈਨਾਨਾਇਕੇ ਨੂੰ ਯਕੀਨ ਸੀ ਕਿ ਇਹ ਕੇਵਲ ਚਾਰ ਸਾਲ ਹੋਰ ਚੱਲੇਗੀ।

ਦੂਜਾ ਪ੍ਰਸ਼ਨ ਪੁੱਛਣ ਵਾਲਾ ਜਾਨਣਾ ਚਾਹੁੰਦਾ ਸੀ ਕਿ ਸ਼੍ਰੀਮਾਨ ਕਾਵੂਰ ਕੋਲ ਕਿਹੜੀਆਂ ਸ਼ਕਤੀਆਂ ਹਨ। 'ਮੇਰੇ ਕੋਲ ਕੋਈ ਦੈਵੀ ਸ਼ਕਤੀਆਂ ਨਹੀਂ ਕੇਵਲ ਸਧਾਰਨ ਅਕਲ ਹੀ ਹੈ' ਉਸਨੇ ਉੱਤਰ ਦਿੱਤਾ। ਜਦੋਂ ਉਸ ਤੋਂ ਪੁੱਛਿਆ ਗਿਆ ਕਿ ਉਸਨੇ ਪਵਿੱਤਰ ਵਿਭੂਤੀ ਕਿਥੋਂ ਪ੍ਰਾਪਤ ਕੀਤੀ ? ਤਾਂ ਉਸਨੇ ਉੱਤਰ ਦਿੱਤਾ, "ਗਾਂ ਦੇ ਗੋਹੇ ਨੂੰ ਸੁਕਾ ਕੇ"

ਸ਼੍ਰੀਮਾਨ ਕਾਵੂਰ ਦੀ ਇਤਿਹਾਸ ਬਾਰੇ ਇੱਕ ਕਮਜ਼ੋਰੀ ਇੱਕ ਪ੍ਰਸ਼ਨ ਨਾਲ ਨੰਗੀ ਹੋ ਗਈ ਉਹ ਰਾਸ਼ਟਰਪਤੀ ਜੌਨ. ਐਫ. ਕਨੇਡੀ ਦੀ ਜਨਮ ਮਿਤੀ ਨਹੀਂ ਜਾਣਦਾ ਸੀ। ਪ੍ਰੰਤੂ ਉਹ ਇਸਦੇ ਨੇੜੇ ਤੇੜੇ ਜਰੂਰ ਪਹੁੰਚ ਗਿਆ। ਸ਼੍ਰੀਮਾਨ ਕਾਵੂਰ ਨੇ ਅਗਲੇ ਪ੍ਰਸ਼ਨ ਤੱਕ ਜਾਂਦੇ ਹੋਏ ਕਿਹਾ ਕਿ, "ਸ਼੍ਰੀ ਸੈਨਾਨਾਇਕੇ ਕਹਿੰਦੇ ਹਨ ਕਿ ਉਹਨਾਂ ਨੂੰ ਇਸਦਾ ਪਤਾ ਨਹੀਂ।"

ਸ਼੍ਰੀ ਮਾਨ ਕਾਵੂਰ ਦਾ ਮਕਸਦ ਇਹ ਸੀ ਕਿ ਜੇਕਰ ਅੰਧ-ਵਿਸ਼ਵਾਸੀ ਸ਼ਰਧਾਲੂ ਭਾਰਤ ਜਾਂ ਹੋਰ ਥਾਵਾਂ ਪਵਿੱਤਰ ਯਾਤਰਾ ਤੇ ਜਾਣ ਦੀ ਬਜਾਏ ਕਾਵੂਰ ਭਗਵਾਨ ਕੋਲ ਆਉਣ ਲੱਗ ਜਾਣ, ਤਾਂ ਦੇਸ਼ ਮਹੱਤਵਪੂਰਣ ਵਿਦੇਸ਼ੀ ਮੁਦਰਾ ਬਚਾ ਸਕਦਾ ਹੈ। ਭਾਰਤ ਨੂੰ ਜਾਣ ਵਾਲੇ ਯਾਤਰੀਆਂ ਦੀਆਂ ਦੋ ਕਿਸਮਾਂ ਹਨ, ਇੱਕ ਤਾਂ ਸਾੜੀਆਂ ਖਰੀਦਣ ਜਾਂਦੇ ਹਨ ਅਤੇ ਦੂਜੇ ਯੋਗੀਆਂ, ਸਵਾਮੀਆਂ, ਰਿਸ਼ੀਆਂ, ਅਤੇ ਭਗਵਾਨਾਂ ਕੋਲ ਜਾਂਦੇ ਹਨ। ਤੀਜੀ ਕਿਸਮ ਦੀ ਯਾਤਰਾ ਛੇਤੀ ਹੀ ਹੁਣ ਸ਼ੁਰੂ ਹੋ ਜਾਵੇਗੀ, ਕਿਉਂਕਿ ਭਾਰਤ ਨੇ ਗਰਭਪਾਤ ਨੂੰ ਕਾਨੂੰਨੀ ਕਰਾ ਦੇ ਦਿੱਤਾ ਹੈ।

# ਕਾਮੁਕ ਦੇਵਤੇ ਤੇ ਦੇਵੀਆਂ

ਹਰ ਧਰਮ ਦੇ ਆਪਣੇ ਦੇਵਤੇ ਹੁੰਦੇ ਹਨ। ਇੱਕ ਧਰਮ ਦੇ ਪੈਰੋਕਾਰਾਂ ਨੂੰ ਦੂਜੇ ਧਰਮ ਦੇ ਦੇਵਤਿਆ ਵਿੱਚ ਕੋਈ ਵਿਸ਼ਵਾਸ ਨਹੀਂ ਹੁੰਦਾ। ਕੋਈ ਧਰਮ 'ਇੱਕ ਰੱਬ' ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਕਈ ਧਰਮ 'ਬਹੁਤ ਰੱਬਾਂ' ਵਿੱਚ। ਆਓ ਤੁਹਾਡੀ ਜਾਣ ਪਹਿਚਾਣ ਭਾਰਤੀ ਦੇਵਤਿਆਂ ਤੇ ਕਾਮੁਕ ਆਚਰਣ ਅਤੇ ਉਹਨਾਂ ਦੀ ਉੱਤਪਤੀ ਨਾਲ ਕਰਵਾਈਏ ਅਤੇ ਇਸ ਦਾ ਮੁਕਾਬਲਾ ਅੱਜ ਦੇ ਸਭਿਆ ਆਦਮੀ ਨਾਲ ਕਰੀਏ। ਇਹ ਜਾਣਕਾਰੀ ਸਾਨੂੰ ਭਾਰਤੀ ਧਾਰਮਿਕ ਗ੍ਰੰਥਾਂ ਤੋਂ ਹੀ ਪ੍ਰਾਪਤ ਹੁੰਦੀ ਹੈ।

**ਬ੍ਰਹਮਾ ਅਤੇ ਸਰਸਵਤੀ**

ਹਿੰਦੂਆਂ ਦੇ ਤਿੰਨ ਪ੍ਰਮੁੱਖ ਦੇਵਤਿਆਂ ਵਿੱਚੋਂ 'ਬ੍ਰਹਮਾ' ਪ੍ਰਮੁੱਖ ਦੇਵਤਾ ਹੈ। ਉਹ ਬ੍ਰਹਿਮੰਢ ਦਾ ਸਿਰਜਣਹਾਰਾ ਹੈ। ਦੇਵੀ 'ਸਰਸਵਤੀ' ਜਿਹੜੀ ਆਪਣੇ ਪਿਤਾ ਦੀ ਹੀ ਪਤਨੀ ਬਣੀ, ਬ੍ਰਹਮਾ ਦੀ ਹੀ ਧੀ ਸੀ। ਸਰਸਵਤੀ ਦੇ ਪੈਦਾ ਹੋਣ ਬਾਰੇ 'ਸਰਸਵਤੀ ਪੁਰਾਣ' ਨਾਂ ਦੇ ਗ੍ਰੰਥ ਵਿੱਚ ਦੋ ਕਹਾਣੀਆਂ ਹਨ। ਪਹਿਲੀ ਕਹਾਣੀ ਅਨੁਸਾਰ ਬ੍ਰਹਮਾ ਨੇ ਸਰਸਵਤੀ ਨੂੰ ਸਿੱਧੇ ਹੀ ਆਪਣੇ ਵੀਰਜ਼ ਤੋਂ ਪੈਦਾ ਕੀਤਾ। ਦੂਸਰੀ ਕਹਾਣੀ ਅਨੁਸਾਰ ਬ੍ਰਹਮਾ, 'ਉਰਵਸੀ' ਨਾਂ ਦੀ ਇੱਕ ਸੁੰਦਰ ਪਰੀ ਵੱਲ ਕਾਮੁਕ ਨਜ਼ਰਾਂ ਨਾਲ ਦੇਖਦਾ ਰਹਿੰਦਾ ਸੀ ਅਤੇ ਆਪਣਾ ਵੀਰਜ ਇੱਕ ਭਾਂਡੇ ਵਿੱਚ ਇਕੱਠਾ ਕਰਦਾ ਰਹਿੰਦਾ ਸੀ। ਇਸ ਵੀਰਜ ਤੋਂ 'ਰਿਸ਼ੀ ਅਗਸਟ' ਪੈਦਾ ਹੋਇਆ ਅਤੇ ਅਗਸਟ ਰਿਸ਼ੀ ਨੇ ਸਰਸਵਤੀ ਨੂੰ ਜਨਮ ਦਿੱਤਾ। ਇਸ ਲਈ, ਸਰਸਵਤੀ ਦੀ ਕੋਈ ਮਾਂ ਨਹੀਂ ਸੀ।

ਬ੍ਰਹਮਾ ਦੀ ਧੀ ਜਾਂ ਪੋਤੀ ਸਰਸਵਤੀ ਹੀ ਹਿੰਦੂਆਂ ਦੀ ਵਿਦਿਆ ਦੀ ਦੇਵੀ ਹੈ। ਜਦੋਂ ਬ੍ਰਹਮਾ ਨੇ ਸਰਸਵਤੀ ਦੀ ਸੁੰਦਰਤਾ ਨੂੰ ਵੇਖਿਆ ਤਾਂ ਉਹ ਉਸ ਤੇ ਮੋਹਿਤ ਹੋ ਗਿਆ। ਆਪਣੇ ਪਿਤਾ ਦੀ ਕਾਮੁਕ ਭੁੱਖ ਤੋਂ ਬਚਣ ਲਈ ਸਰਸਵਤੀ ਧਰਤੀ ਦੇ ਚਾਰੇ ਪਾਸੇ ਦੌੜੀ। ਪ੍ਰੰਤੂ ਉਹ ਆਪਣੇ ਪਿਤਾ ਤੋਂ ਬਚ ਨਾ ਸਕੀ। ਆਖਰ ਉਸ ਨੇ ਬ੍ਰਹਮਾ ਦੀ ਇੱਛਾ ਅੱਗੇ ਆਤਮ ਸਮਰਪਣ ਕਰ ਦਿੱਤਾ। ਬ੍ਰਹਮਾ ਅਤੇ ਉਸ ਦੀ ਧੀ ਸਰਸਵਤੀ, ਲਗਭਗ ਸੌ ਸਾਲ ਪਤੀ-ਪਤਨੀ ਦੇ ਤੌਰ ਤੇ ਇਕੱਠੇ ਰਹਿੰਦੇ ਰਹੇ। ਉਹਨਾਂ ਦੇ ਇੱਕ ਪੁੱਤਰ ਸਵਯੰਭੂਮਰੂ ਅਤੇ ਸਪੁੱਤਰੀ ਸ਼ਤਰੂਪਾ ਪੈਦਾ ਹੋਏ। ਸਵਯੰਭੂਮਰੂ ਨੇ ਆਪਣੀ ਭੈਣ ਸ਼ਤਰੂਪਾ ਨਾਲ ਇਸ਼ਕ ਕੀਤਾ ਅਤੇ ਇਸ ਤਰ੍ਹਾਂ ਬ੍ਰਹਮਾ ਦੇ ਦੋ ਪੋਤੀਆਂ ਅਤੇ ਦੋ ਪੋਤੇ ਪੈਦਾ ਹੋਏ।

**ਸ਼ਿਵਜੀ**

ਦੇਵਤਾ ਸ਼ਿਵਜੀ ਦੀਆਂ 'ਗੰਗਾ' ਅਤੇ 'ਪਾਰਬਤੀ' ਨਾਂ ਦੀਆਂ ਦੋ ਪਤਨੀਆਂ ਸਨ। ਜਦੋਂ ਸ਼ਿਵਜੀ ਨੇ ਜੰਗਲ ਵਿੱਚ ਹਾਥੀ ਦੇ ਰੂਪ ਵਿੱਚ ਪਾਰਬਤੀ ਨਾਲ ਰੰਗਰਲੀਆਂ ਮਨਾਈਆਂ ਤਾਂ ਗਣੇਸ਼ ਦੇਵਤਾ ਪੈਦਾ ਹੋਏ। ਗਣੇਸ਼ ਦੇਵਤਾ ਉਹੀ ਹਨ, ਜਿਹਨਾਂ ਦਾ ਸਿਰ ਹਾਥੀ ਅਤੇ ਧੜ ਮਨੁੱਖ ਦਾ ਹੈ। ਜਦੋਂ ਸ਼ਿਵਜੀ ਨੇ ਪਾਰਬਤੀ ਨਾਲ ਬਾਂਦਰ ਦੀ ਤਰ੍ਹਾਂ ਕਾਮ-ਕਲੋਲ ਕੀਤੀ ਤਾਂ ਦੇਵਤਾ ਹਨੂੰਮਾਨ ਪੈਦਾ ਹੋਏ।

ਇੱਕ ਵਾਰ ਜਦੋਂ ਪਾਰਬਤੀ ਗਈ ਹੋਈ ਸੀ ਤਾਂ ਸ਼ਿਵਜੀ ਨੇ ਇੱਕ 'ਮਧੁਰਾ' ਨਾਂ ਦੀ ਅਜਿਹੀ ਔਰਤ ਨਾਲ ਸੰਭੋਗ ਕੀਤਾ ਜਿਹੜੀ ਕੈਲਾਸ਼ ਵਿਖੇ ਉਸਦੀ ਪੂਜਾ ਕਰਨ ਲਈ ਆਈ ਸੀ। ਪਾਰਬਤੀ ਨੇ ਵਾਪਸ ਆ ਕੇ ਜਦੋਂ ਦੋਵਾਂ ਨੂੰ ਇਸ ਹਾਲਤ ਵਿੱਚ ਵੇਖਿਆ ਤਾਂ ਉਸ ਨੇ ਆਪਣੇ ਪਤੀ ਨੂੰ ਲਾਹਨਤ ਪਾਉਣ ਦੀ ਬਜਾਏ 'ਮਾਧੁਰਾ' ਨੂੰ ਸਰਾਪ ਦੇ ਦਿੱਤਾ। ਇਸ ਸਰਾਪ ਨਾਲ ਉਸ ਨੂੰ ਡੱਡੂ ਦੀ ਜੂਨ ਮਿਲੀ। ਬਾਰ੍ਹਾਂ ਸਾਲਾਂ ਦੇ ਸਰਾਪ ਦਾ ਸਮਾਂ ਲੰਘ ਜਾਣ ਪਿੱਛੋਂ 'ਮਾਧੁਰਾ' ਲੰਕਾ ਦੇ ਰਾਜੇ ਰਾਵਣ ਦੀ ਪਤਨੀ 'ਮੰਦੋਦਰੀ' ਬਣ ਗਈ। ਸ਼ਿਵਜੀ ਦਾ ਵੀਰਜ 'ਮੰਦੋਦਰੀ' ਦੇ ਪੇਟ ਵਿੱਚ ਹੀ ਰਿਹਾ ਅਤੇ ਰਾਵਣ ਦੀ ਪਤਨੀ ਬਣਨ ਤੋਂ ਬਾਦ ਉਸੇ ਵੀਰਜ ਤੋਂ ਇੰਦਰਜੀਤ ਪੈਦਾ ਹੋਇਆ। ਇਸ ਤਰ੍ਹਾਂ ਰਾਵਣ ਦਾ ਅਖੌਤੀ ਪੁੱਤਰ 'ਇੰਦਰਜੀਤ' ਸ਼ਿਵਜੀ ਦੀ ਨਜਾਇਜ਼ ਸੰਤਾਨ ਸੀ।

**ਇੰਦਰ ਦੇਵਤਾ**

ਦੇਵਤਾ ਇੰਦਰ ਸਾਰੇ ਦੇਵਤਿਆਂ ਦਾ ਮੁੱਖੀ ਹੈ। ਉਸਦੀ ਰਿਹਾਇਸ਼ ਸਵਰਗ ਵਿੱਚ 'ਅਮਰਾਵਤੀ' ਦੇ ਸਥਾਨ ਤੇ ਸੀ। ਇੰਦਰ ਦੇ ਪਾਂਡੋ ਦੀ ਪਤਨੀ ਨਾਲ ਨਜਾਇਜ਼ ਸਬੰਧ ਸਨ, ਜਿਹਨਾਂ ਕਾਰਨ 'ਅਰਜਨ' ਪੈਦਾ ਹੋਇਆ। ਭਾਵੇਂ ਸ਼ਰੁਤਾਵਾਦੀ ਇੰਦਰ ਦੀ ਪਤਨੀ ਹੀ ਸੀ, ਪ੍ਰੰਤੂ ਫਿਰ ਵੀ ਹੋਰ ਵਿਅਕਤੀਆ ਦੀਆਂ ਪਤਨੀਆਂ ਨਾਲ ਸੰਭੋਗ ਕਰਨ ਵਿੱਚ ਇੰਦਰ ਨੂੰ ਕੋਈ ਸੰਕੋਚ ਨਹੀਂ ਸੀ। ਇੱਕ ਦਿਨ ਇੰਦਰ ਨੇ ਦੇਵ ਆਸ਼ਰਮ ਦੀ ਸੁੰਦਰ ਔਰਤ 'ਰੁਚੀ' ਨੂੰ ਦੇਖਿਆ। ਉਹ ਉਸ ਤੇ ਮੋਹਿਤ ਹੋ ਗਿਆ। ਉਹ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਸੀ, ਪਰੰਤੂ ਰੁਚੀ ਨੇ ਇੰਦਰ ਦੀ ਇਸ ਬੁਰੀ ਇੱਛਾ ਦਾ ਵਿਰੋਧ ਕਰਦੇ ਹੋਏ ਉਸ ਨੂੰ ਭਜਾ ਦਿੱਤਾ ਅਤੇ ਇਸ ਤਰ੍ਹਾਂ ਇੰਦਰ ਨੂੰ ਨਿਰਾਸ਼ ਵਾਪਿਸ ਹੋਣਾ ਪਿਆ।

ਇੱਕ ਹੋਰ ਮੌਕੇ ਤੇ ਜਦੋਂ ਇੰਦਰ ਨੇ ਗੌਤਮ ਦੀ ਪਤਨੀ 'ਅਹੱਲਿਆ' ਨੂੰ ਵੇਖਿਆ ਤਾਂ ਉਹ ਆਪਣੀ ਕਾਮ ਇੱਛਾ ਨੂੰ ਕਾਬੂ ਵਿੱਚ ਨਾ ਰੱਖ ਸਕਿਆ। ਇੱਕ ਦਿਨ, ਜਦੋਂ ਉਸ ਦਾ ਪਤੀ ਘਰ ਨਹੀਂ ਸੀ ਤਾਂ ਇੰਦਰ ਨੇ ਅਹੱਲਿਆ ਨਾਲ ਬਲਾਤਕਾਰ

ਕੀਤਾ। ਗੌਤਮ ਜਦੋਂ ਘਰ ਪਰਤਿਆ ਤਾਂ ਉਸ ਨੇ ਇੰਦਰ ਨੂੰ ਅਹੱਲਿਆ ਨਾਲ ਸੰਭੋਗ ਕਰਦੇ ਹੋਏ ਦੇਖ ਲਿਆ। ਗੁੱਸੇ ਵਿੱਚ ਆਏ ਗੌਤਮ ਨੇ ਦੋਵਾਂ ਨੂੰ ਸਰਾਪ ਦੇ ਦਿੱਤਾ।

ਇੱਕ ਵਾਰ 'ਅਰੁਣ' ਔਰਤ ਦਾ ਭੇਸ ਬਣਾ ਕੇ ਦੇਵ ਲੋਕ ਵਿਖੇ ਗਿਆ। ਇੰਦਰ ਨੇ ਉਸ ਆਦਮੀ ਨੂੰ ਔਰਤ ਦੇ ਭੇਸ ਵਿੱਚ ਦੇਖਿਆ ਤਾਂ ਉਹ ਆਪਣੀ ਕਾਮ ਇੱਛਾ ਨੂੰ ਕਾਬੂ ਵਿੱਚ ਨਾ ਰੱਖ ਸਕਿਆ। ਉਸ ਨੇ ਇਸ ਨਕਲੀ ਔਰਤ ਨਾਲ ਸੰਭੋਗ ਕਰ ਲਿਆ। ਇਸ ਗੈਰ ਕੁਦਰਤੀ ਅਤੇ ਸਮਲਿੰਗੀ ਸੰਭੋਗ ਨਾਲ ਬਾਲੀ ਪੈਦਾ ਹੋਇਆ।

**ਕ੍ਰਿਸ਼ਨ**

ਦੇਵਤਾ ਕ੍ਰਿਸ਼ਨ, ਮਹਾਂਵਿਸ਼ਨੂੰ ਦਾ ਨਵਾਂ ਅਵਤਾਰ ਹੈ। ਈਸਾ ਮਸੀਹ ਦੀ ਤਰ੍ਹਾਂ ਕ੍ਰਿਸ਼ਨ ਵੀ ਅੰਬੜੀ ਵਿਖੇ ਗਊਆਂ ਦੇ ਵੱਗ ਵਿੱਚ 'ਮਨੁੱਖ ਦੇ ਪੁੱਤਰ' ਦੇ ਤੌਰ ਤੇ ਪੈਦਾ ਹੋਇਆ। ਭਾਵੇਂ ਕ੍ਰਿਸ਼ਨ ਦੀਆਂ ਸੋਲ੍ਹਾਂ ਹਜ਼ਾਰ ਅੱਠ ਰਾਣੀਆਂ ਸਨ, ਪਰ ਫਿਰ ਵੀ ਉਹ ਦੂਸਰੀਆਂ ਔਰਤਾਂ ਨੂੰ ਨਹੀਂ ਸੀ ਬਖਸ਼ਦਾ। ਇੱਕ ਵਾਰ ਜਦੋਂ ਉਸਨੇ ਕੁਝ ਗੋਪੀਆਂ ਨੂੰ ਕਾਲਿੰਦੀ (ਜਮਨਾ) ਨਦੀ ਵਿੱਚ ਨਹਾਉਂਦੇ ਹੋਏ ਤੱਕਿਆ ਤਾਂ ਉਸਨੇ ਦਰਿਆ ਦੇ ਕਿਨਾਰੇ ਤੋਂ ਉਹਨਾਂ ਦੇ ਕੱਪੜੇ ਚੁਰਾ ਲਏ ਅਤੇ ਨੇੜੇ ਦੇ ਦਰੱਖਤ ਤੇ ਚੜ੍ਹ ਕੇ ਬੈਠ ਗਿਆ ਤਾਂ ਜੋ ਗੋਪੀਆਂ ਨੂੰ ਪਾਣੀ ਵਿੱਚ ਨਹਾਉਂਦਿਆਂ ਵੇਖ ਸਕੇ। ਉਹਨਾਂ ਨੇ ਉਹਨਾਂ ਦੇ ਕੱਪੜੇ ਉਸ ਸਮੇਂ ਵਾਪਿਸ ਕੀਤੇ, ਜਦੋਂ ਇਕੱਲੀ-ਇਕੱਲੀ ਗੋਪੀ ਪਾਣੀ ਵਿੱਚੋਂ ਨਿਕਲ ਕੇ ਉਸ ਦੇ ਸਾਹਮਣੇ ਆਈ ਅਤੇ ਉਸ ਦੀ ਪੂਜਾ ਕੀਤੀ। ਉਸ ਨੇ ਅਜਿਹਾ ਇਸ ਲਈ ਕੀਤਾ ਤਾਂ ਜੋ ਉਹਨਾ ਦੇ ਨੰਗੇ ਸਰੀਰ ਨੂੰ ਪੂਰੀ ਤਰ੍ਹਾਂ ਵੇਖ ਸਕੇ। ਕਿਹਾ ਜਾਂਦਾ ਹੈ ਕਿ ਕ੍ਰਿਸ਼ਨ ਇੰਨਾ ਤਾਕਤਵਰ ਸੀ ਕਿ ਉਹ ਆਪਣੀਆਂ ਸੋਲ੍ਹਾਂ ਹਜ਼ਾਰ ਅੱਠ ਪਤਨੀਆਂ ਨੂੰ ਇੱਕੋ ਸਮੇਂ ਸੰਤੁਸ਼ਟ ਕਰ ਸਕਦਾ ਸੀ।

**ਰਾਮ**

ਸ੍ਰੀ ਰਾਮ ਚੰਦਰ ਵੀ ਮਹਾਂਵਿਸ਼ਨੂੰ ਦਾ ਇੱਕ ਹੋਰ ਅਵਤਾਰ ਸੀ। ਉਹ ਅਤੇ ਉਸ ਦੇ ਤਿੰਨ ਭਰਾ ਲਕਸ਼ਮਣ, ਭਰਤ ਅਤੇ ਸ਼ਤਰੂਘਰਨ ਰਾਜਾ ਦਸ਼ਰਥ ਦੀਆਂ ਤਿੰਨ ਪਤਨੀਆਂ ਤੋਂ ਪੈਦਾ ਹੋਏ। ਈਸਾ ਮਸੀਹ ਦੀ ਤਰ੍ਹਾਂ ਹੀ, ਰਾਮਚੰਦਰ ਅਤੇ ਉਸ ਦੇ ਤਿੰਨ ਭਰਾ ਮਨੁੱਖ ਰਾਹੀਂ ਨਹੀਂ ਸੀ ਪੈਦਾ ਹੋਏ, ਭਾਵੇਂ ਦਸ਼ਰਥ ਉਹਨਾਂ ਦੀਆਂ ਮਾਵਾਂ ਦਾ ਪਤੀ ਸੀ। ਕਿਹਾ ਜਾਂਦਾ ਹੈ ਕਿ ਉਹਨਾਂ ਦੀਆਂ ਤਿੰਨੇ ਮਾਵਾਂ ਉਸ ਸਮੇਂ ਗਰਭਵਤੀ ਹੋ ਗਈਆਂ ਸਨ, ਜਿਸ ਸਮੇਂ ਉਹਨਾਂ ਨੇ ਪਵਿੱਤਰ ਪ੍ਰਸ਼ਾਦ ਖਾਧਾ ਸੀ।

**ਈਸਾ ਮਸੀਹ**

ਭਾਵੇਂ ਮੈਰੀ ਦੇ ਬਾਕੀ ਬੱਚੇ ਉਸ ਦੇ ਪਤੀ ਜੋਸਫ ਰਾਹੀਂ ਹੀ ਪੈਦਾ ਹੋਏ, ਪਰੰਤੂ ਇਹ ਕਿਹਾ ਜਾਂਦਾ ਹੈ ਕਿ ਈਸਾ ਮਸੀਹ ਉਸ ਸਮੇਂ ਪੈਦਾ ਹੋਇਆ, ਜਦੋਂ ਉਸ ਦੀ ਮਾਤਾ ਪਵਿੱਤਰ ਆਤਮਾ ਦੁਆਰਾ ਗਰਭਵਤੀ ਹੋਈ। ਭਾਵੇਂ ਮੈਰੀ ਦੇ ਕਾਫੀ ਬੱਚੇ ਸਨ, ਪਰ ਫਿਰ ਵੀ ਈਸਾਈਆਂ ਵੱਲੋਂ ਉਸ ਦੀ ਪੂਜਾ, ਕੰਵਾਰੀ ਦੇ ਤੌਰ ਤੇ ਹੀ ਕੀਤੀ ਜਾਂਦੀ ਹੈ।

**ਸ਼ੀਲਾਵਤੀ ਦਾ ਗਰਭਵਤੀ ਹੋਣਾ**

ਬੋਧੀ ਗਰੰਥਾਂ ਅਨੁਸਾਰ ਸ਼ੀਲਾਵਤੀ ਵੀ, ਦਸ਼ਰਥ ਦੀਆਂ ਪਤਨੀਆਂ ਅਤੇ ਮੈਰੀ ਦੀ ਤਰ੍ਹਾਂ ਹੀ ਅਜੀਬ ਢੰਗ ਨਾਲ ਹੀ ਗਰਭਵਤੀ ਹੋਈ। ਦੇਵਲੋਕ ਵਿੱਚ ਰਹਿਣ ਵਾਲੇ 'ਸ਼ੱਕ੍ਰ' ਨੂੰ ਪਤਾ ਲੱਗਿਆ ਕਿ ਧਰਤੀ ਤੇ ਰਹਿਣ ਵਾਲੀ ਸ਼ੀਲਾਵਤੀ ਨਾਂ ਦੀ ਔਰਤ ਬੱਚਾ ਚਾਹੁੰਦੀ ਹੈ। ਦੇਵਤਾ ਸ਼ੱਕ੍ਰ ਇੱਕ ਰਾਤ ਧਰਤੀ ਤੇ ਉਤਰਿਆ ਅਤੇ ਉਸ ਨੇ ਆਪਣੇ ਪੈਰਾ ਦੇ ਅੰਗੂਠੇ ਨਾਲ ਸੁੱਤੀ ਪਈ ਸ਼ੀਲਾਵਤੀ ਦੀ ਧੁੰਨੀ ਨੂੰ ਛੋਹਿਆ ਤੇ ਉਹ ਗਰਭਵਤੀ ਹੋ ਗਈ। ਉਸਨੇ ਇੱਕ ਬੱਚੇ ਨੂੰ ਜਨਮ ਦਿੱਤਾ।

**ਸਾਬਰੀਮਲਾਈ ਸਸਥਾ**

ਸਾਬਰੀਮਲਾਈ ਸਸਥਾ ਜਾਂ 'ਅਯੱਪਾ' ਇੱਕ ਜੰਗਲੀ ਦੇਵਤਾ ਹੈ, ਜਿਸਦੀ ਪੂਜਾ ਕੇਰਲਾ ਅਤੇ ਤਾਮਿਲਨਾਡੂ ਦੇ ਲਾਈਲੱਗ ਹਿੰਦੂ ਲੋਕ ਕਰਦੇ ਹਨ, ਉਹ ਸ਼ਿਵਜੀ ਅਤੇ ਵਿਸ਼ਨੂੰ ਦੇ ਸਮਲਿੰਗੀ ਭੋਗ ਤੋਂ ਪੈਦਾ ਹੋਇਆ ਸੀ ਤੇ ਦੋਹਾਂ ਦਾ ਸਾਂਝਾ ਪੁੱਤਰ ਸੀ।

ਸ਼ਕਤੀ ਸਾਲੀ ਰਾਖਸ਼ਸ 'ਦੁਰਾਵਾਸਾ' ਦੇ ਸਰਾਪ ਤੋਂ ਬਚਣ ਲਈ ਸਾਰੇ ਦੇਵਤੇ ਇਕੱਠੇ ਹੋਏ ਅਤੇ ਉਹਨਾਂ ਨੇ ਸਮੁੰਦਰ ਨੂੰ ਰਿੜਕ ਕੇ ਅੰਮ੍ਰਿਤ ਕੱਢਿਆ। ਉਨਾਂ ਨੇ ਇਸ ਅੰਮ੍ਰਿਤ ਨੂੰ ਸਵਰਗੀ ਭੰਡਾਰੇ ਵਜੋਂ ਵਰਤਾਉਣ ਲਈ ਇੱਕ ਬਰਤਨ ਵਿੱਚ ਪਾ ਲਿਆ। ਪਤਾਲ ਲੋਕ ਦੇ ਇੱਕ ਦਾਨਵ (ਦੈਂਤ) ਨੇ ਇਸਨੂੰ ਦੇਵ ਲੋਕ ਵਿੱਚੋਂ ਚੋਰੀ ਕਰ ਲਿਆ। ਸਰਵ-ਦ੍ਰਿਸ਼ਟੀਮਾਨ ਵਿਸ਼ਨੂੰ ਨੂੰ ਅੰਮ੍ਰਿਤ ਦੀ ਇਸ ਚੋਰੀ ਦਾ ਪਤਾ ਲੱਗ ਗਿਆ। ਉਸਨੇ ਇੱਕ ਸੁੰਦਰ ਔਰਤ (ਮੋਹਿਣੀ) ਦਾ ਭੇਸ ਬਣਾਇਆ ਅਤੇ ਪਤਾਲ ਲੋਕ ਵਿੱਚ ਜਾ ਕੇ ਅੰਮ੍ਰਿਤ ਵਾਪਸ ਲੈ ਆਇਆ। ਜਦੋਂ ਵਿਸ਼ਨੂੰ ਮੋਹਿਣੀ ਦੇ ਰੂਪ ਵਿੱਚ ਅੰਮ੍ਰਿਤ ਵਰਤਾਅ ਰਿਹਾ ਸੀ ਤਾਂ ਸ਼ਿਵ ਜੀ ਉਸ ਦੀ ਸੁੰਦਰਤਾ ਤੇ ਮੋਹਿਤ ਹੋ ਗਿਆ ਅਤੇ ਇਸ ਸਮਲਿੰਗੀ-ਭੋਗ ਨਾਲ ਮੋਹਿਣੀ ਔਰਤ (ਵਿਸ਼ਨੂੰ) ਗਰਭਵਤੀ ਹੋ ਗਈ ਤੇ ਉਸਨੇ

'ਸਸਥਾ' ਨੂੰ ਆਪਣੇ ਪੇਟ ਵਿੱਚੋਂ ਜਨਮ ਦਿੱਤਾ ਅਤੇ ਸ਼ਿਵ ਜੀ ਨੇ ਇਸ ਗੈਰ-ਕੁਦਰਤੀ ਅਤੇ ਨਜਾਇਜ ਬੱਚੇ ਨੂੰ ਕੇਰਲਾ ਦੇ ਸਾਬਰੀਮਲਾਈ ਜੰਗਲ ਵਿੱਚ ਸੁੱਟ ਦਿੱਤਾ।

**ਜਗਨਨਾਥ**

ਜਗਨਨਾਥ ਪੁਰੀ ਦੇ ਪ੍ਰਸਿੱਧ ਮੰਦਿਰ ਵਿੱਚ ਦੇਵਤਾ ਜਗਨਨਾਥ ਦੀ ਪੂਜਾ ਕੀਤੀ ਜਾਂਦੀ ਹੈ। ਭਾਰਤ ਦੇ ਵਰਤਮਾਨ ਹਿੰਦੂਆਂ ਦੇ ਅਧਿਆਤਮਿਕ ਮੁਖੀ 'ਸਵਾਮੀ ਸ਼ੰਕਰਚਾਰੀਆ' ਵੀ ਜਗਨਨਾਥ ਦੇ ਹੀ ਭਗਤ ਹਨ। ਇੱਥੇ ਸੈਂਕੜੇ ਮਣ ਦਾਲ ਅਤੇ ਚੌਲ ਹਜ਼ਾਰਾਂ ਪੁਜਾਰੀਆ ਨੂੰ ਖਵਾਉਣ ਲਈ ਰੋਜਾਨਾ ਪਕਾਏ ਜਾਂਦੇ ਹਨ।

ਮੰਦਿਰ ਦੇ ਜੈ-ਵਿਜੈ ਦਰਵਾਜੇ ਤੇ ਪੱਥਰ ਦੀਆਂ ਅਜਿਹੀਆਂ ਮੂਰਤੀਆਂ ਨੂੰ ਵੇਖਿਆ ਜਾ ਸਕਦਾ ਹੈ, ਜਿਹਨਾਂ ਵਿੱਚ ਦੇਵਤਾ ਜਗਨਨਾਥ ਵੱਖ-ਵੱਖ ਪ੍ਰਕਾਰ ਦੇ ਸੰਭੋਗ ਆਸਨਾਂ ਵਿੱਚ ਬਿਰਾਜਮਾਨ ਹੈ। ਮੰਦਿਰ ਦੀਆਂ ਬਾਹਰਲੀਆਂ ਕੰਧਾਂ ਉੱਪਰ ਆਦਮੀ ਔਰਤਾਂ ਦੇ ਮਨੁੱਖੀ-ਅਕਾਰ ਦੇ ਲਗਭਗ 64 ਸੰਭੋਗ-ਆਸਨ ਖੁਦੇ ਹੋਏ ਹਨ, ਜਿਹਨਾਂ ਦਾ ਵਰਨਣ ਵਤੱਸਿਆਇਨ ਦੇ 'ਕਾਮ-ਸੂਤਰ' ਵਿੱਚ ਮਿਲਦਾ ਹੈ।

ਰਾਤ ਦੇ ਦਸ ਵਜੇ ਤੋਂ ਬਾਅਦ ਮੰਦਿਰ ਦੇ ਦਰਵਾਜੇ ਬੰਦ ਹੋ ਜਾਂਦੇ ਹਨ ਅਤੇ ਇਸ ਵਿੱਚ ਨਾਚ ਭਜਨ ਹੁੰਦਾ ਹੈ। ਇਹ ਨਾਚ ਮੰਦਿਰ ਦੀ ਸੇਵਾ ਕਰਨ ਵਾਲੀਆਂ 120 ਲੜਕੀਆਂ ਵਿੱਚੋਂ ਕੋਈ ਇੱਕ ਲੜਕੀ ਕਰਦੀ ਹੈ। ਹਰ ਰਾਤ ਇੱਕ ਨਵੀਂ ਲੜਕੀ ਨੂੰ ਦੇਵਤਾ ਜਗਨਨਾਥ ਅੱਗੇ ਮੰਦਿਰ ਵਿੱਚ ਨਾਚ ਕਰਨਾ ਪੈਂਦਾ ਹੈ। ਇਸ ਨਾਚ ਨੂੰ ਸਿਰਫ ਜਗਨਨਾਥ ਦੀ ਬੇਜਾਨ ਮੂਰਤੀ ਅਤੇ ਸੰਗੀਤਕਾਰ ਬ੍ਰਾਹਮਣ ਹੀ ਦੇਖਦਾ ਹੈ।

ਜਿਉਂ ਜਿਉਂ ਨਾਚ ਟੀਸੀ ਤੇ ਪਹੁੰਚਦਾ ਹੈ, ਲੜਕੀ ਆਪਣੇ ਕੱਪੜੇ ਉਤਾਰ ਦਿੰਦੀ ਹੈ ਤੇ ਨੰਗੀ ਹੋ ਕੇ ਨੱਚਦੀ ਹੈ। ਅੰਤ ਵਿੱਚ ਉਹ ਆਪਣੇ ਆਪ ਨੂੰ ਇਹ ਕਹਿ ਕੇ ਜਗਨਨਾਥ ਦੇ ਬੁੱਤ ਤੇ ਸੁੱਟ ਲੈਂਦੀ ਹੈ—"ਹੇ ਭਗਵਾਨ ! ਮੈਂ ਤੇਰੀ ਪਤਨੀ ਹਾਂ, ਤੂੰ ਮੈਨੂੰ ਪਿਆਰ ਕਰ।"

ਕੀ ਇਹ ਜਗਨਨਾਥ ਦਾ ਬੇਜਾਨ ਬੁੱਤ ਹੁੰਦਾ ਹੈ, ਜਾਂ ਕਿ ਜਿਉਂਦਾ ਬ੍ਰਾਮਣ, ਜੋ ਕਿ ਪਿਆਰ ਕਰਦਾ ਹੈ ? ਇਹ ਕੋਈ ਨਹੀਂ ਜਾਣਦਾ।

ਨੱਚਣ ਵਾਲੀਆਂ ਉਹ ਕੁੜੀਆਂ, ਜਿਹੜੀਆਂ ਦੇਵਤਾ ਜਗਨਨਾਥ ਦੀ ਸੇਵਾ ਕਰਦੀਆ ਹੋਈਆਂ ਰਿਟਾਇਰ ਹੋ ਜਾਂਦੀਆਂ ਹਨ, ਪਵਿੱਤਰ ਸ਼ਹਿਰ ਜਗਨਨਾਥ ਦੀ ਪੁਰੀ ਦੀਆਂ ਗਲੀਆਂ ਵਿੱਚ ਵੇਸਵਾ—ਵਿਰਤੀ ਕਰ ਕੇ ਆਪਣਾ ਪੇਟ ਪਾਲਦੀਆਂ ਹਨ। ਉਹਨਾਂ ਦੇ ਗਾਹਕ, ਅਜਿਹੇ ਭਗਤ ਹੁੰਦੇ ਹਨ, ਜੋ ਹਜ਼ਾਰਾਂ ਦੀ ਗਿਣਤੀ ਵਿੱਚ ਇੱਥੇ ਪੂਜਾ ਕਰਨ ਲਈ ਆਉਂਦੇ ਹਨ। ਸੱਚਾਈ ਇਹ ਹੈ ਕਿ ਇਹਨਾਂ ਦੇਵਤਿਆ ਵਿੱਚੋਂ ਨਾ ਤਾਂ ਕੋਈ ਹੋਇਆ ਅਤੇ ਨਾ ਹੀ ਕੋਈ ਹੁਣ ਹੈ। ਇਹ ਬੀਤੇ ਸਮੇਂ ਦੀ ਕਲਪਨਾਸ਼ੀਲ ਵਿਚਾਰਵਾਨਾਂ ਦੀਆਂ ਕਹਾਣੀਆਂ ਹਨ। ਅੱਜ ਕੱਲ੍ਹ ਵੀ ਦਿਮਾਗੀ ਪੱਖੋਂ ਉੱਖੜੇ ਹੋਏ ਕੁਝ ਆਦਮੀ ਹਨ, ਜੋ ਕਿ ਨਵੇਂ ਦੇਵਤਿਆਂ ਨੂੰ ਪੈਦਾ ਕਰ ਰਹੇ ਹਨ।

ਉਪਰੋਕਤ ਸਾਰੀਆਂ ਕਾਮੁਕ ਕਹਾਣੀਆਂ, ਜਿਹੜੀਆਂ ਇਹਨਾਂ ਦੇਵਤਿਆਂ ਨਾਲ ਜੋੜੀਆਂ ਜਾਂਦੀਆਂ ਹਨ, ਅਸਲ ਵਿੱਚ ਕਾਮ ਦੇ ਭੁੱਖੇ ਉਹਨਾਂ ਲਿਖਾਰੀਆਂ ਨੇ ਲਿਖੀਆਂ ਹਨ, ਜਿਹਨਾਂ ਦੇ ਵਿਚਾਰ ਹਮੇਸ਼ਾਂ ਕਾਮੁਕ ਰਹੇ ਹਨ।

ਭਾਰਤੀ ਦੇਵ-ਪੁਰਸ਼ਾਂ ਦਾ ਘਿਰਣਾ-ਜਨਕ ਤੇ ਘਟੀਆ ਆਚਰਣ ਵੀ ਭਾਰਤੀ ਦੇਵਤਿਆਂ ਦੇ ਕਾਮੁਕ ਹੋਣ ਕਰਕੇ ਹੀ ਹੈ। ਸਾਈਂ ਬਾਬਾ ਦੇ ਇੱਕ ਅਮਰੀਕਨ ਭਗਤ 'ਟਾਲ ਬਰੁੱਕ' ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ ਕਿ ਸਾਈਂ ਬਾਬਾ ਨੇ ਮੇਰੇ ਨਾਲ ਅਤੇ ਪੂਟਾਪਰਤੀ ਦੇ ਹੋਰ ਗੋਰੀ ਚਮੜੀ ਵਾਲੇ ਨੌਜਵਾਨਾਂ ਨਾਲ ਸਮਲਿੰਗੀ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ।

'ਬੀਟ੍ਰਲ ਜੰਨ ਲੈਨਨ' ਅਨੁਸਾਰ ਬੀਟਲ ਮਹਾਂਰਿਸ਼ੀ ਮਹੇਸ਼ ਯੋਗੀ ਨੂੰ ਇਸ ਲਈ ਛੱਡ ਗਏ ਸਨ, ਕਿਉਂਕਿ ਉਸ ਨੇ ਉਹਨਾਂ ਦੀ ਇੱਕ ਔਰਤ ਸ਼੍ਰੀਮਤੀ 'ਮੀਆਂ ਫੈਰੋ' ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ ਸੀ।

ਗੁਰੂ ਮਹਾਰਾਜ ਦੀ ਫੋਟੋ ਇੱਕ ਗੁਪਤ ਕੈਮਰੇ ਦੁਆਰਾ ਉਸ ਸਮੇਂ ਖਿੱਚੀ ਗਈ, ਜਦੋਂ ਉਹ ਘਰ ਦੀ ਨੌਕਰਾਣੀ ਨੂੰ ਗੱਲਵੱਕੜੀ ਵਿੱਚ ਲੈ ਕੇ ਚੁੰਮ ਰਹੇ ਸਨ, ਤੇ ਉਹਨਾਂ ਦੀ ਅਮਰੀਕਨ ਪਤਨੀ ਕਿਸੇ ਹੋਰ ਕਮਰੇ ਵਿੱਚ ਸੀ।

ਪਹਿਲਾਂ ਸ਼ੰਕਰਾਚਾਰੀਆ ਆਦਿ ਸ਼ੰਕਰ, ਜੋ ਕਿ ਆਪਣੇ ਆਪ ਨੂੰ ਬ੍ਰਹਮਚਾਰੀ ਅਤੇ ਸਰਵ-ਦ੍ਰਿਸ਼ਟੀਮਾਨ ਹੋਣ ਦਾ ਦਾਅਵਾ ਕਰਦਾ ਸੀ, ਇੱਕ ਭਗਤ ਦੁਆਰਾ ਕਾਮ-ਸਬੰਧੀ ਪੁੱਛੇ ਗਏ ਇੱਕ ਪ੍ਰਸ਼ਨ ਦਾ ਉੱਤਰ ਇਸ ਕਰਕੇ ਨਾ ਦੇ ਸਕਿਆ ਕਿਉਂਕਿ ਉਸਨੂੰ ਇਸਦਾ ਤਜਰਬਾ ਨਹੀਂ ਸੀ। ਉਸਨੇ ਆਪਣੇ ਭਗਤ ਨੂੰ ਕਿਹਾ ਉਹ ਉਸਦੇ ਸਵਾਲ ਦਾ ਜਵਾਬ ਕਾਮ ਦਾ ਅਨੁਭਵ ਕਰਕੇ ਹੀ ਦੇਵੇਗਾ। ਕਿਹਾ ਜਾਂਦਾ ਹੈ ਕਿ ਸ਼ੰਕਰਾਚਾਰੀਆ ਇੱਕ ਵਿਆਹੇ ਹੋਏ ਆਦਮੀ ਦੇ ਸਰੀਰ ਵਿੱਚ ਪ੍ਰਵੇਸ਼ ਕਰ ਗਿਆ ਅਤੇ ਉਸਨੇ ਉਸਦੀ ਪਤਨੀ ਨਾਲ ਸੰਭੋਗ ਕੀਤਾ।

ਜਿਹੜੇ ਲੋਕ, ਸਕੂਲਾਂ ਵਿੱਚ ਧਾਰਮਿਕ ਸਿੱਖਿਆ ਸ਼ੁਰੂ ਕਰਨ ਦੀ ਵਕਾਲਤ ਕਰਦੇ ਹਨ, ਕੀ ਕਦੇ ਉਹਨਾਂ ਨੇ ਇਹ ਮਹਿਸੂਸ ਕੀਤਾ ਹੈ ਕਿ ਇਹਨਾਂ ਕਲਪਿਤ ਦੇਵਤਿਆਂ ਦੀਆਂ ਕਾਮ-ਵਾਸ਼ਨਾ ਸਬੰਧੀ ਕਹਾਣੀਆਂ ਦਾ ਭੋਲੇ-ਭਾਲੇ ਬੱਚਿਆਂ ਉੱਪਰ ਕੀ ਅਸਰ ਪਵੇਗਾ? ਆਧੁਨਿਕ ਯੁੱਗ ਵਿੱਚ ਸਭਿਆ ਮਨੁੱਖ ਦਾ ਆਚਰਣ ਅਤੇ ਨੈਤਿਕਤਾ ਦਾ ਮਿਆਰ ਇੰਨਾ ਉੱਚਾ ਹੈ ਕਿ ਉਸਦੇ ਸਾਹਮਣੇ ਇਹ ਦੇਵੀ ਦੇਵਤਿਆਂ ਦੀਆਂ ਘਟੀਆ ਕਿਸਮ ਦੀਆਂ ਕਹਾਣੀਆਂ, ਕਾਫੀ ਭੈੜੀਆਂ ਉਦਾਹਰਣਾਂ ਜਾਪਦੀਆਂ ਹਨ। ਆਉ, ਅਸੀਂ ਆਪਣੇ ਬੱਚਿਆ ਨੂੰ ਧਰਮ ਦੇ ਨਾਂ ਹੇਠ ਅਜਿਹੀਆਂ ਝੂਠੀਆਂ ਅਤੇ ਘਟੀਆ ਗੱਲਾਂ ਸਿਖਾਉਣ ਤੋਂ ਪ੍ਰਹੇਜ ਕਰੀਏ।

# ਕਰੰਜੀਆ ਅਤੇ ਸਾਈਂ ਬਾਬਾ

ਲਾਈਲੱਗ ਲੋਕਾਂ ਨਾਲੋਂ ਲਾਈਲੱਗ ਪੱਤਰਕਾਰ, ਸਮਾਜ ਲਈ ਵੱਧ ਨੁਕਸਾਨਦਾਇਕ ਹੁੰਦੇ ਹਨ, ਕਿਉਂਕਿ ਪੱਤਰਕਾਰ ਆਪਣੀਆ ਲਿਖਤਾਂ (ਅਖਬਾਰਾਂ ਅਤੇ ਰਸਾਲਿਆਂ) ਰਾਹੀਂ ਵੱਡੇ ਪੈਮਾਨੇ ਤੇ ਦਿਮਾਗੀ ਸੜਾਂਦ ਫੈਲਾ ਸਕਦੇ ਹਨ। ਹਫਤਾਵਾਰ ਰਸਾਲੇ 'ਬੀਟਲਜ਼' ਦਾ ਸੰਪਾਦਕ 'ਆਰ. ਕੇ. ਕਰੰਜੀਆ' ਆਪਣੇ ਰਸਾਲੇ ਵਿੱਚ ਲਗਾਤਾਰ, ਆਤਮਾ, ਤੀਸਰੀ ਅੱਖ, ਸ਼ੈਤਾਨ,'ਕੁੰਡਲਨੀ' ਤੇ ਭੂਤ-ਪ੍ਰੇਤ ਸਬੰਧੀ ਕਲਪਿਤ ਕਹਾਣੀਆਂ ਅਤੇ ਸਾਈਂ ਬਾਬਾ, ਦਾਦਾ ਜੀ, ਦੱਤਾਬਲ ਅਤੇ ਹਜ਼ਰਤ ਅਲੀ ਵਰਗੇ ਹੋਰ ਦੇਵ-ਪੁਰਸ਼ਾਂ ਦੀਆਂ ਗੈਬੀ ਸ਼ਕਤੀਆਂ ਬਾਰੇ ਛਾਪ ਕੇ ਲੋਕਾਂ ਦੇ ਦਿਮਾਗਾਂ ਨੂੰ ਗੰਦਾ ਕਰ ਰਿਹਾ ਹੈ।

**ਕੁੰਡਲਨੀ ਯੋਗ**

ਕੁੰਡਲਨੀ ਯੋਗ ਦੀਆਂ ਸਿੱਧੀਆਂ ਦੀ ਵਡਿਆਈ ਕਰਦਾ ਹੋਇਆ ਕਰੰਜੀਆ ਲਿਖਦਾ ਹੈ ਕਿ ਕੁੰਡਲਨੀ ਸ਼ਕਤੀ ਜਾਂ ਸਰਾਪ-ਸ਼ਕਤੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦੂਸਰੇ ਪਾਸੇ, ਮਾਨਸਿਕ ਤੇ ਮਾਨਸਿਕ ਸ਼ਕਤੀਆਂ ਸਬੰਧੀ ਵਰਤਾਰਿਆਂ ਬਾਰੇ ਨਵੀਆਂ ਖੋਜਾਂ, ਜਿਵੇਂ ਕਿ ਮਨ, ਮਾਦੇ ਤੇ ਅਜਿਹੇ ਢੰਗਾਂ ਨਾਲ ਪ੍ਰਭਾਵ ਪਾ ਸਕਦਾ ਹੈ, ਜਿਹਨਾਂ ਦੀ ਵਿਗਿਆਨ ਵਿਆਖਿਆ ਨਹੀਂ ਕਰ ਸਕਦਾ, ਇਸ ਪੁਰਾਤਨ ਸੱਚਾਈ ਨੂੰ ਹੀ ਸਿੱਧ ਕਰਦੀਆਂ ਹਨ।

(ਬਲਿਟਜ਼, ਅਪਰੈਲ 17, 1976)

ਜੋ ਯੋਗੀ ਕੁੰਡਲਨੀ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ, ਉਸ ਵਿੱਚ ਬ੍ਰਹਿਮੰਡ ਦੀਆਂ ਸਾਰੀਆਂ ਸ਼ਕਤੀਆਂ ਨੂੰ ਕਾਬੂ ਵਿੱਚ ਰੱਖਣ ਦੀ ਗੈਬੀ ਸ਼ਕਤੀ ਆ ਜਾਂਦੀ ਹੈ। ਉਹ ਹਵਾ ਵਿੱਚ ਉੱਡ ਸਕਦਾ ਹੈ ਉਹ ਕੋਈ ਵੀ ਚੀਜ਼ ਹਵਾ ਵਿੱਚੋਂ ਪ੍ਰਗਟ ਕਰ ਸਕਦਾ ਹੈ। ਉਹ ਕਿਸੇ ਵੀ ਚੀਜ਼ ਨੂੰ ਵੇਖ ਸਕਦਾ ਹੈ। ਉਹ ਹਲਕੀ ਚੀਜ਼ ਨੂੰ ਭਾਰੀ ਅਤੇ ਭਾਰੀ ਚੀਜ਼ ਨੂੰ ਹਲਕੀ ਬਣਾ ਸਕਦਾ ਹੈ। ਹਮੇਸ਼ਾਂ ਜਵਾਨ ਰਹਿ ਸਕਦਾ ਹੈ। ਉਹ ਦੂਸਰਿਆਂ ਦੇ ਦਿਲਾਂ ਨੂੰ ਆਪਣੇ ਕਾਬੂ ਵਿੱਚ ਰੱਖ ਸਕਦਾ ਹੈ। ਉਹ ਆਪਣੇ ਆਪ ਨੂੰ ਦਿਓ-ਕੱਦ ਅਤੇ ਗਿੱਠ-ਮੁਠੀਆ ਬਣਾ ਸਕਦਾ ਹੈ। ਉਹ ਸਾਰੀਆਂ ਬਿਮਾਰੀਆਂ ਅਤੇ ਮੌਤ ਤੋਂ ਬਚਾ ਸਕਦਾ ਹੈ। ਇਹ ਮੌਤ ਤੇ ਜਨਮ ਦੀ ਲੜੀ ਨੂੰ ਕੱਟ ਕੇ ਕਰਮ ਦੇ ਬੰਧਨ ਤੇ ਕਾਬੂ ਪਾ ਸਕਦਾ ਹੈ ਅਤੇ ਇਸ ਤਰ੍ਹਾਂ ਆਵਾਗੌਣ ਦੇ ਚੱਕਰ ਤੋਂ ਮੁਕਤ ਹੋ ਸਕਦਾ ਹੈ।

ਭਾਰਤ ਵਿੱਚ ਅਜਿਹੇ ਹਜ਼ਾਰਾਂ ਹੀ ਦੇਵ-ਪੁਰਸ਼ ਹੋਏ ਹਨ, ਜਿਹੜੇ ਉਪਰੋਕਤ ਸ਼ਕਤੀਆਂ ਰੱਖਦੇ ਹਨ। ਭਾਰਤੀ ਅਤੇ ਵਿਦੇਸ਼ੀ ਲੇਖਕਾਂ ਦੁਆਰਾ ਇਸ ਸੱਚਾਈ ਨੂੰ ਸਿੱਧ ਕਰਨ ਲਈ ਸਾਈਂ ਬਾਬਾ ਦੇ ਸਬੰਧ ਵਿੱਚ ਲਿਖੀਆਂ ਦਰਜਨਾਂ ਹੀ ਕਿਤਾਬਾਂ ਮੌਜੂਦ ਹਨ। ਵਿਗਿਆਨ ਜਿਹਨਾਂ ਭੁੱਲ ਚੁੱਕੇ ਮਾਨਸਿਕ ਅਤੇ ਮਾਨਸਿਕ—ਸ਼ਕਤੀਆਂ ਸਬੰਧੀ ਵਰਤਾਰਿਆਂ ਬਾਰੇ ਨਵੀਆਂ ਖੋਜਾਂ ਕਰ ਰਿਹਾ ਹੈ, ਉਹ ਇਸ ਯੁੱਗ ਦੀਆਂ ਅਦਭੁੱਤ ਗੱਲਾਂ ਨਹੀਂ ਹਨ। ਜਿਹਨਾਂ ਨੂੰ ਭਾਰਤੀ ਅੱਜ ਤੋਂ 5000 ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਜਾਣਦੇ ਸਨ। (ਬਲਿਟਜ਼, ਮਈ 1, 1976)

**ਕੀ ਕਿਸੇ ਯੋਗੀ ਦੀ ਉਮਰ 5000 ਸਾਲ ਵੀ ਹੈ ?**

ਚਮਤਕਾਰੀ ਸ਼ਕਤੀਆਂ ਦਾ ਦਾਅਵਾ ਕਰਨ ਵਾਲਿਆਂ ਲਈ ਮੈਂ ਜੋ ਪੱਕੀ ਚੁਣੌਤੀ ਰੱਖੀ ਹੈ, ਉਸ ਵਿੱਚ 22 ਗੱਲਾਂ ਦਰਜ ਹਨ। ਉਹਨਾਂ ਵਿੱਚ, ਜੋ ਕੋਈ ਇੱਕ ਵੀ ਕਰਕੇ ਵਿਖਾ ਸਕਦਾ ਹੋਵੇ, ਉਸ ਲਈ ਮੈਂ ਇੱਕ ਲੱਖ ਰੁਪਏ ਦਾ ਇਨਾਮ ਰੱਖਿਆ ਹੈ। ਸ਼੍ਰੀ ਕਰੰਜੀਆ ਵੱਲੋ, ਕੁੰਡਲਨੀ ਵਿੱਚ ਦੱਸੀਆਂ ਗਈਆਂ ਸ਼ਕਤੀਆਂ ਵਿੱਚੋਂ ਲਗਭਗ ਸਾਰੀਆਂ ਹੀ ਮੇਰੀ ਚੁਣੌਤੀ ਦੀ ਸੂਚੀ ਵਿੱਚ ਦਰਜ ਹਨ। ਕੀ ਇਹ ਲਾਈਲੱਗ ਪੱਤਰਕਾਰ, ਜਿਸਨੇ ਆਪਣੇ ਅਖਬਾਰ ਵਿੱਚ ਕੁੰਡਲਨੀ ਸ਼ਕਤੀ ਦਾ ਪ੍ਰਚਾਰ ਕੀਤਾ ਹੈ, ਭਾਰਤ ਦੇ ਹਜ਼ਾਰਾਂ ਦੇਵ ਪੁਰਸ਼ਾਂ ਵਿੱਚੋਂ ਕਿਸੇ ਇੱਕ ਨੂੰ, ਅਜਿਹੀ ਹਾਲਤ ਵਿੱਚ ਜਿੱਥੇ ਧੋਖਾ ਨਾ ਹੋ ਸਕਦਾ ਹੋਵੇ, ਮੇਰੀਆਂ ਸ਼ਰਤਾਂ ਸਾਹਮਣੇ ਖੜ੍ਹਾ ਕਰ ਸਕਦਾ ਹੈ? ਜੇਕਰ ਅਜਿਹਾ ਕਰੇਗਾ ਤਾਂ ਉਸਨੂੰ ਕੁੰਡਲਨੀ ਦੀਆਂ ਸ਼ਕਤੀਆਂ ਦੀ ਬੇਹੂਦਗੀ ਦਾ ਪਤਾ ਲੱਗ ਜਾਵੇਗਾ।

ਕੇਵਲ ਮੂਰਖ ਲੋਕ ਹੀ ਇਸ ਗੱਲ ਤੇ ਵਿਸ਼ਵਾਸ ਕਰ ਸਕਦੇ ਹਨ ਕਿ ਕੁੰਡਲਨੀ ਯੋਗ ਦਾ ਅਭਿਆਸ ਕਰਕੇ ਕੋਈ ਵਿਅਕਤੀ ਮੌਤ ਤੇ ਕਾਬੂ ਪਾ ਸਕਦਾ ਹੈ ਅਤੇ ਹਮੇਸ਼ਾਂ ਜਵਾਨ ਰਹਿ ਸਕਦਾ ਹੈ। ਜੇ ਭਾਰਤਵਾਸੀਆਂ ਨੂੰ ਇਸ ਕੁੰਡਲਨੀ ਸ਼ਕਤੀ ਬਾਰੇ ਅੱਜ ਤੋਂ 5000 ਸਾਲ ਪਹਿਲਾਂ ਪਤਾ ਸੀ ਤਾਂ ਕੀ ਭਾਰਤ ਵਿੱਚ ਕੋਈ ਅਜਿਹਾ 'ਕੁੰਡਲੀ ਯੋਗੀ' ਹੈ, ਜੋ ਕਿ 5000 ਸਾਲ ਦੀ ਉਮਰ ਤੱਕ ਦਾ ਹੋਵੇ? ਕੀ ਸ਼੍ਰੀ ਕਰੰਜੀਆ ਅਜਿਹੇ ਕਿਸੇ ਵੀ ਯੋਗੀ ਦਾ ਨਾਂ ਲੈ ਸਕਦਾ ਹੈ?

**ਜੀਵ—ਰਕਤ—ਰਸ**

ਸ਼੍ਰੀ ਕਰੰਜੀਆ ਆਪਣੇ ਬੇਹੂਦਾ ਵਿਸ਼ਵਾਸਾਂ ਨੂੰ ਵਿਗਿਆਨਕ ਆਧਾਰ ਮੁਹੱਈਆ ਕਰਨ ਲਈ ਕੁਝ ਰੂਸੀ ਵਿਅਕਤੀਆਂ ਦੀ ਮੱਦਦ ਭਾਲਦਾ ਹੈ। ਉਹ Kirlian Photographas ਵਿੱਚ ਮਨੁੱਖਾਂ ਦੇ ਸਰੀਰਾਂ ਦੁਆਲੇ ਵਿਖਾਈ ਦੇਣ ਵਾਲੇ ਰੌਸ਼ਨੀ ਦੇ ਚੱਕਰ ਨੂੰ, ਜੀਵ-ਰਕਤ-ਰਸ ਦਾ ਸਬੂਤ ਦੱਸਦਾ ਹੈ। (ਬਲਿਟਜ਼ ਮਈ8, 1977)

Kilian Photograbhy ਰਾਹੀਂ ਸਜੀਵ ਜਾਂ ਨਿਰਜੀਵ ਵਸਤੂਆਂ ਦੇ ਚਿੱਤਰਾਂ ਦੁਆਲੇ ਇੱਕ ਚਮਤਕਾਰ ਘੇਰਾ ਆ ਜਾਂਦਾ ਹੈ, ਇਸ ਘੇਰੇ ਦਾ ਉਸ ਵਸਤੂ ਦੀ ਜ਼ਿੰਦਗੀ ਨਾਲ ਕੋਈ ਸਬੰਧ ਨਹੀਂ ਹੁੰਦਾ, ਜਿਸ ਦੀ ਫੋਟੋ ਲਈ ਜਾਂਦੀ ਹੈ। ਮੇਰੇ ਕੋਲ ਧਾਤ ਦੇ ਦੋ ਸਿੱਕਿਆਂ ਦੇ ਅਜਿਹੇ ਹੀ Kirlian Photographs ਹਨ, ਜਿਹਨਾਂ ਵਿੱਚ ਉਹਨਾਂ ਸਿੱਕਿਆਂ ਦੁਆਲੇ ਚਮਕਦਾਰ ਘੇਰੇ ਹਨ। ਸ਼੍ਰੀ ਕਰੰਜੀਆ ਕਹਿ ਸਕਦਾ ਹੈ ਕਿ ਇਹਨਾਂ ਸਿੱਕਿਆ ਵਿੱਚ ਵੀ ਜੀਵ ਰਕਤ ਰਸ ਹੈ।

**'ਹਠ-ਯੋਗੀ' ਤੇ ਬਲਿਟਜ਼**

ਮਈ, 1977 ਵਿੱਚ 'ਕਰਨਾਟਕ ਹਿਪਨੋਟਿਸਟਸ ਸਰਕਲ' ਵਲੋਂ ਬੁਲਾਈ ਗਈ ਇੱਕ ਮੀਟਿੰਗ ਵਿੱਚ ਮੈਨੂੰ ਭਾਸ਼ਨ ਦੇਣ ਲਈ ਸੱਦਿਆ ਗਿਆ ਇਥੇ ਮੈਨੂੰ 'ਹੱਠ-ਯੋਗ' ਦੇ ਬਣਾਉਟੀ ਦਾਅਵਿਆਂ ਦੇ ਸੰਬੰਧ ਵਿੱਚ ਬੋਲਣ ਦਾ ਮੌਕਾ ਮਿਲਿਆ। ਇਸ ਵਿੱਚ ਮੈਂ ਇੱਕ ਅਜਿਹੇ ਮਾਮਲੇ ਦਾ ਪਰਦਾਫਾਸ਼ ਕੀਤਾ, ਜਿਸ ਵਿੱਚ ਇੱਕ 'ਹਠ ਯੋਗੀ' ਪਾਣੀ ਉਪਰ ਪੈਦਲ ਚੱਲ ਕੇ ਆਪਣੀਆਂ ਯੋਗਿਕ ਸ਼ਕਤੀਆਂ ਦਾ ਵਿਖਾਵਾ ਕਰਦਾ ਹੈ। ਇਸ ਦੀ ਨੁਮਾਇਸ਼ ਬਲਿਟਜ਼ ਦੇ ਸੰਪਾਦਕ 'ਕਰੰਜੀਆ ਵੱਲੋਂ ਕਰਵਾਈ ਗਈ ਸੀ। ਮੀਟਿੰਗ ਦੇ ਅੰਤ ਵਿੱਚ, ਜਿਹੜੇ ਲੋਕ ਮੇਰੇ ਦਸਖਤ ਲੈਣ ਲਈ ਆਏ, ਉਹਨਾਂ ਵਿੱਚ ਇੱਕ ਅਜਿਹਾ ਵਿਅਕਤੀ ਸੀ, ਜਿਸਨੇ ਪੀਲੇ ਕੱਪੜੇ ਪਾਏ ਸਨ ਤੇ ਦਾੜ੍ਹੀ ਰੱਖੀ ਹੋਈ ਸੀ। ਉਸ ਨੇ ਮੇਰੇ ਨਾਲ ਹੱਥ ਮਿਲਾਇਆ ਅਤੇ ਕਿਹਾ:-

'ਸ਼੍ਰੀਮਾਨ ਜੀ, ਮੇਰਾ ਨਾਂ ਐਲ. ਐਸ. ਰਾਓ ਹੈ ਤੇ ਮੈਂ ਹੀ ਉਹ ਹਠ-ਯੋਗੀ ਹਾਂ, ਜਿਸਨੇ ਬੰਬਈ ਵਿਖੇ ਪਾਣੀ ਉੱਪਰ ਚੱਲਣ ਦੀ ਕੋਸ਼ਿਸ਼ ਕੀਤੀ ਸੀ। ਮੈਂ ਕਿਸੇ ਯੋਗਿਕ ਸ਼ਕਤੀ ਦਾ ਵਿਖਾਵਾ ਨਹੀਂ ਸੀ ਕੀਤਾ। ਇਹ ਮੇਰਾ ਪੈਸਾ ਕਮਾਉਣ ਲਈ ਇੱਕ ਤਮਾਸ਼ਾ ਹੀ ਸੀ। ਮੈਂ ਇਸ ਸੌਦੇ ਵਿੱਚੋਂ 27 ਲੱਖ ਰੁਪਏ ਬਣਾ ਲਏ।'

ਮੈਨੂੰ ਇਹ ਜਾਣ ਕੇ ਬਹੁਤ ਹੀ ਦੁੱਖ ਹੋਇਆ-ਕਿ ਜਿਸ ਯੋਗਿਕ ਸ਼ਕਤੀ ਦੀ ਨੁਮਾਇਸ਼ ਦੀ ਸੂਚਨਾ ਬਲਿਟਜ਼ ਨੇ ਛਾਪੀ ਸੀ। ਉਹ ਕੇਵਲ ਪੈਸੇ ਬਣਾਉਣ ਲਈ ਇੱਕ ਠੱਗੀ ਹੀ ਸੀ।

ਇਹ ਹੋ ਸਕਦਾ ਹੈ ਕਿ ਸ਼੍ਰੀ ਕਰੰਜੀਆ ਦਾ ਇਸ ਧੋਖੇ ਵਿੱਚ ਕੋਈ ਹੱਥ ਨਾ ਹੋਵੇ, ਕਿਉਂਕਿ ਉਹ 'ਹਠ-ਯੋਗੀ' ਦੀਆਂ ਸਿੱਧੀਆਂ ਅਤੇ ਸ਼ਕਤੀਆਂ ਵਿੱਚ ਵਿਸ਼ਵਾਸ ਰੱਖਦਾ ਹੈ। ਇਸ ਵਿਸ਼ਵਾਸ ਸਦਕਾ ਹੀ ਉਸਨੇ ਇਸ ਤਮਾਸ਼ੇ ਨੂੰ ਆਪਣੀ ਸਰਪ੍ਰਸਤੀ ਹੇਠ ਕਰਵਾਇਆ।

30 ਅਪ੍ਰੈਲ, 1966 ਦੇ 'ਬਲਿਟਜ਼' ਮੁੱਖ ਪੰਨੇ ਤੇ ਇੱਕ ਖਬਰ ਛਪੀ, ਜਿਸ ਦਾ ਸਿਰਲੇਖ ਸੀ – 'ਇੱਕ ਪੈਗੰਬਰ ਆਪਣੀਆਂ ਯੋਗਿਕ ਸ਼ਕਤੀਆਂ ਦਾ ਵਿਖਾਵਾ ਕਰਕੇ ਆਪਣਾ 30 ਸਾਲ ਪੁਰਾਣਾ ਵਾਅਦਾ ਪੂਰਾ ਕਰੇਗਾ।' ਇਸਦਾ ਇੱਕ ਛੋਟਾ ਸਿਰਲੇਖ ਇਹ ਵੀ ਸੀ – 'ਦਸ ਲੱਖ ਰੁਪਏ ਦਾ ਯੋਗਿਕ ਤਮਾਸ਼ਾ' ਜੋ ਕਿ ਹੇਠ ਲਿਖੇ ਅਨੁਸਾਰ ਸੀ:-

"ਯੋਗੀ ਰਾਓ, ਦੁਨੀਆਂ ਦੇ ਸਿਰਫ 500 ਦਰਸ਼ਕਾਂ ਨੂੰ 100 ਰੁਪਏ ਤੋਂ ਲੈ ਕੇ 500 ਰੁਪਏ ਤੱਕ ਦੇ ਟਿਕਟ ਵੇਚੇਗਾ।"

"ਕੀ ਇਹ ਇੱਕ ਤਮਾਸ਼ਾ (ਹੱਥ-ਫੇਰੀ)ਹੈ ਜਾਂ ਕਰਤੱਬ?" ਅਸੀਂ ਯੋਗੀ ਰਾਓ ਨੂੰ ਪੁੱਛਿਆ।

"ਹਾਂ, ਇਹ ਇੱਕ ਤਮਾਸ਼ਾ (ਹੱਥ-ਫੇਰੀ) ਹੈ" ਉਸਨੇ ਸ਼ੈਤਾਨਾਂ ਵਾਂਗ ਮੁਸਕਰਾਉਂਦੇ ਹੋਏ ਕਿਹਾ, "ਪ੍ਰੰਤੂ ਯੋਗੀਆ ਦਾ ਤਮਾਸ਼ਾ।"

ਪਾਠਕ ਖੁਦ ਇਸ ਗੱਲ ਤੋਂ ਨਤੀਜਾ ਕੱਢ ਸਕਦੇ ਹਨ।

ਕਈ ਲੋਕ ਉਂਜ ਤਾਂ ਬੁੱਧੀਮਾਨ ਅਤੇ ਸਮਝਦਾਰ ਹੁੰਦੇ ਹਨ, ਪਰ ਅਸਲ ਵਿੱਚ ਭੋਲੇ ਭਾਲੇ ਅਤੇ ਲਾਈ-ਲੱਗ ਹੁੰਦੇ ਹਨ। ਉਹਨਾਂ ਦਾ ਇਹ ਰੁਝਾਨ ਹੀ ਹੁੰਦਾ ਹੈ ਕਿ ਉਹ ਜੋ ਕੁਝ ਵੀ ਪੜ੍ਹਦੇ ਜਾਂ ਸੁਣਦੇ ਹਨ, ਉਸ ਨੂੰ ਸੱਚ ਮੰਨ ਲੈਂਦੇ ਹਨ, ਮੇਰੀਆਂ ਅਨੇਕਾਂ ਚੁਣੌਤੀਆਂ ਦਾ ਮੁੱਖ ਨਿਸ਼ਾਨਾ, ਅਜਿਹੇ ਲੋਕਾਂ ਨੂੰ ਇਹ ਜਚਾਉਣ ਦਾ ਹੈ ਕਿ ਕੋਈ ਵੀ ਵਿਅਕਤੀ ਯੋਗ, ਭਗਤੀ, ਪ੍ਰਾਰਥਨਾ ਜਾਂ ਪੂਜਾ ਰਾਹੀਂ ਦਲੀਲ-ਬਾਜ਼ੀ ਕਰਨ ਦਾ ਕੋਈ ਫਾਇਦਾ ਨਹੀਂ ਹੁੰਦਾ। ਉਹ ਹਮੇਸ਼ਾਂ ਦਿਮਾਗਾਂ ਨੂੰ ਭਰਿਸ਼ਟ ਕਰਨ ਵਾਲੇ ਵਿਅਕਤੀਆਂ ਦੀਆਂ ਕਹੀਆਂ ਜਾਂ ਲਿਖੀਆਂ ਗੱਲਾ ਦੀਆਂ ਉਦਾਹਰਣਾਂ ਦੇ ਕੇ ਆਪਣੇ ਵਿਸ਼ਵਾਸਾਂ ਦੀ ਰਾਖੀ ਲਈ ਤਨਦੇਹੀ ਨਾਲ ਜੂਝਦੇ ਹਨ। ਅਜਿਹੇ ਭੋਲੇ ਲੋਕਾਂ ਨੂੰ ਯਕੀਨ ਦਿਵਾਉਣ ਦਾ ਸਭ ਤੋਂ ਵਧੀਆ ਢੰਗ ਇਹ ਹੈ ਕਿ ਲੋਕ ਆਪਣੇ ਵਿੱਚ ਚਮਤਕਾਰੀ ਸ਼ਕਤੀਆਂ ਦਾ ਦਾਅਵਾ ਕਰਦੇ ਹਨ, ਉਹਨਾਂ ਦੀ ਪਰਖ ਕੀਤੀ ਜਾਵੇ। ਅਜਿਹੇ ਲਾਈ ਲੱਗ ਭਗਤਾਂ ਨੂੰ ਉਹਨਾਂ ਦੇ ਦੇਵ-ਪੁਰਸ਼ਾਂ ਤੋਂ ਤਾਂ ਹੀ ਦੂਰ ਕੀਤਾ ਜਾ ਸਕਦਾ ਹੈ, ਜੇਕਰ ਉਹਨਾਂ ਦੇ ਧੋਖਿਆਂ ਦਾ ਪਰਦਾ ਫਾਸ਼ ਕੀਤਾ ਜਾਵੇ, ਜਿਵੇਂ ਕਿ ਲੰਕਾ ਵਿੱਚ 'ਸਾਈ ਕ੍ਰਿਸ਼ਨਾ' ਨਾਂ ਦੇ ਇੱਕ ਵਿਅਕਤੀ ਦਾ ਪਰਦਾ ਫਾਸ਼ ਕੀਤਾ ਗਿਆ ਹੈ, ਜਿਸ ਬਾਰੇ ਸਾਈਂ ਬਾਬਾ ਨੇ ਸ਼੍ਰੀ ਕ੍ਰਿਸ਼ਨ ਦਾ ਅਵਤਾਰ ਹੋਣ ਦੀ ਘੋਸ਼ਣਾ ਕੀਤੀ ਸੀ।

**ਸਾਈਂ ਬਾਬਾ ਨੂੰ ਕਿਵੇਂ ਬਚਾਇਆ ਜਾ ਰਿਹਾ ?**

ਇਸ ਗੱਲ ਤੋਂ ਡਰਦੇ ਹੋਏ ਕਿ ਸਾਈਂ ਬਾਬਾ ਦਾ ਹਾਲ ਵੀ 'ਸਾਈਂ ਕ੍ਰਿਸ਼ਨਾ' ਵਾਲਾ ਨਾ ਹੋਵੇ, ਸਾਈਂ ਬਾਬਾ ਦੇ ਪ੍ਰਭਾਵ ਹੇਠਲੇ ਕੁੱਝ ਭਗਤਾਂ ਕਰੰਜੀਆ, ਭਗਵੰਥਮ, ਗੋਕਕ ਅਤੇ ਹੁਚਾਂਮਸਥੀ ਗੌੜ ਆਦਿ ਨੇ ਮਿਲ ਕੇ ਬੰਗਲੌਰ ਯੂਨੀਵਰਸਿਟੀ ਦੀ ਕਮੇਟੀ ਤੋਂ ਪੜਤਾਲ ਦਾ ਕੰਮ ਬੰਦ ਕਰਾਉਣ ਲਈ ਭਰਪੂਰ ਕੋਸ਼ਿਸ਼ਾਂ ਕੀਤੀਆਂ ਹਨ। ਇਸ ਲਈ 31 ਜੁਲਾਈ, 1977 ਦੇ ਆਪਣੇ ਅਖਬਾਰ 'ਬਲਿਟਜ਼ ਵਿੱਚ ਸ਼੍ਰੀ ਕਰੰਜੀਆ ਨੇ ਭਗਤਾਂ ਨੂੰ ਬੇਨਤੀ ਕੀਤੀ ਹੈ ਕਿ ਉਹ 'ਬਲਿਟਜ਼' ਰਾਹੀਂ ਬੰਗਲੌਰ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਨਰਸਿਮ੍ਹਈਆ ਦੁਆਰਾ, ਸਾਈਂ ਬਾਬਾ ਦੇ ਸੰਬੰਧ ਵਿੱਚ ਕੀਤੀ ਜਾ ਰਹੀ ਪੜਤਾਲ ਦੇ ਵਿਰੋਧ ਵਿੱਚ ਰੋਸ ਪ੍ਰਗਟ ਕਰਨ। ਬਲਿਟਜ਼ ਦੀ ਰਿਪੋਰਟ ਅਨੁਸਾਰ ਸਾਈਂ ਬਾਬਾ ਨੇ ਕਿਹਾ ਹੈ- "ਮੈਂ ਧੋਖਾ ਨਹੀਂ ਦਿੰਦਾ, ਮੈਂ ਤਾਂ ਸਿਰਫ ਪੈਦਾ ਕਰਦਾ ਹਾਂ।"

ਇਹ ਨਿਸ਼ਚਿਤ ਹੈ ਕਿ ਕਿਸੇ ਕਿਸਮ ਦੀ ਗੈਰ-ਕੁਦਰਤੀ ਸ਼ਕਤੀ ਦਾ ਦਾਅਵਾ ਕਰਨ ਵਾਲੇ ਦੀ ਸੱਚਾਈ, ਤਦ ਹੀ ਸਥਾਈ ਰੂਪ ਲੈ ਸਕਦੀ ਹੈ, ਜੇਕਰ ਉਸਦੀਆਂ ਅਜਿਹੀਆਂ ਹਾਲਤਾਂ ਵਿੱਚ ਪੜਤਾਲ ਕੀਤੀ ਜਾਵੇ, ਜਿੱਥੇ ਧੋਖਾ ਨਾ ਹੋ ਸਕਦਾ ਹੋਵੇ। ਸਾਈਂ ਬਾਬਾ ਦਾ ਇਹ ਆਪ ਹੀ ਫਰਜ਼ ਬਣਦਾ ਹੈ ਕਿ ਉਹ ਬੰਗਲੌਰ ਯੂਨੀਵਰਸਿਟੀ ਦੀ ਉਸ ਕਮੇਟੀ ਦਾ, ਜਿਹੜੀ ਕਿ ਉਸ ਦੀ ਜਾਂਚ ਕਰਨ ਲਈ ਬੁਲਾਈ ਗਈ ਹੈ, ਬੇਨਤੀ ਨੂੰ ਸਵੀਕਾਰ ਕਰਦਾ ਹੋਇਆ, ਉਸਨੂੰ ਚੰਗੀ ਤਰ੍ਹਾਂ ਜਾਂਚ—ਪੜਤਾਲ ਕਰਨ ਦਾ ਮੌਕਾ ਦੇਵੇ।

ਹੁਣੇ ਹੀ ਮੈਂ ਇੱਕ ਖਬਰ ਪੜੀ ਹੈ, ਜਿਸ ਵਿੱਚ ਕਰਨਾਟਕ ਦੇ ਇੱਕ ਮੰਤਰੀ ਨੇ ਸਾਈਂ ਬਾਬਾ ਦੀ ਜਾਂਚ ਪੜਤਾਲ ਕਰਨ ਤੇ ਅਫਸੋਸ ਪ੍ਰਗਟ ਕੀਤਾ ਹੈ। ਜੇਕਰ ਇਸ ਲਾਈ ਲੱਗ ਮੰਤਰੀ ਦੀ ਨਸੀਹਤ ਨੂੰ ਮੰਨ ਲਿਆ ਜਾਵੇ ਤਾਂ ਇਸ ਤਰ੍ਹਾਂ ਦੇ ਠੱਗਾਂ ਨੂੰ ਇਮਾਨਦਾਰ ਲੋਕਾਂ ਨਾਲੋਂ ਕਿਵੇਂ ਨਿਖੇੜਿਆ ਜਾ ਸਕੇਗਾ? ਜੇ ਕਿਤੇ ਪੜ੍ਹੇ ਲਿਖੇ ਲੋਕਾਂ ਨੇ 'ਸਾਈਂ ਕ੍ਰਿਸ਼ਨਾ' ਦੇ ਧੋਖੇਬਾਜ਼ ਮਾਪਿਆਂ ਅਤੇ ਉਸ ਦੇ ਏਜੰਟਾਂ ਦਾ ਪਰਦਾਫਾਸ਼ ਨਾ ਕੀਤਾ ਹੁੰਦਾ ਤਾਂ ਓਹਨਾਂ ਨੇ ਹੁਣ ਤੱਕ ਲੋਕਾਂ ਨੂੰ ਧੋਖੇ ਨਾਲ ਲੁੱਟਦੇ ਰਹਿਣਾ ਸੀ।

**ਬਗੈਰ ਮਿਹਨਤ ਦੇ ਹੀ ਫਲ**

ਵਿਕਾਸਸ਼ੀਲ ਦੇਸ਼ਾਂ ਦੇ ਖੁਸ਼ਹਾਲ ਲੋਕ ਇਸ ਗੱਲ ਵਿੱਚ ਮਾਣ ਮਹਿਸੂਸ ਕਰਦੇ ਹਨ ਕਿ ਉਹਨਾਂ ਨੇ ਸਖਤ ਮਿਹਨਤ ਨਾਲ ਨਾਲ ਵਿਗਿਆਨ ਅਤੇ ਟੈਕਨਾਲੋਜੀ ਦੇ ਗਿਆਨ ਦਾ ਵੀ ਪੂਰਾ ਫਾਇਦਾ ਉਠਾਇਆ ਹੈ, ਜੋ ਕਿ ਉਹਨਾਂ ਦੀ ਖੁਸ਼ਹਾਲੀ ਦਾ ਕਾਰਨ ਹੈ। ਪ੍ਰੰਤੂ ਜੇਕਰ ਸਾਈਂ ਬਾਬਾ ਵਰਗੇ ਸਾਡੇ ਅਨੇਕਾਂ ਦੇਵ-ਪੁਰਸ਼ਾਂ ਵਿੱਚ ਸਾਇੰਸ ਦੇ ਸਾਰੇ ਨਿਯਮਾਂ ਅਤੇ ਹੋਰ ਸਾਧਨਾਂ ਤੋਂ ਬਿਨਾਂ ਹੀ, ਅਨੇਕਾਂ ਵਸਤੂਆਂ ਪ੍ਰਗਟ ਕਰ ਦੇਣ ਦੀ ਸ਼ਕਤੀ ਹੈ ਤਾਂ ਸਾਡੇ ਲਈ ਇਸ ਤੋਂ ਵੱਧ ਖੁਸ਼ੀ ਵਾਲੀ ਗੱਲ ਹੋਰ ਕਿਹੜੀ ਹੋ ਸਕਦੀ ਹੈ ? ਅਸੀਂ ਵਿਗਿਆਨ ਦੀ ਸਹਾਇਤਾ ਤੋਂ ਬਿਨਾਂ ਹੀ ਅਤੇ ਬਗੈਰ ਕੋਈ ਕੰਮ ਕੀਤੇ ਖੁਸ਼ਹਾਲ ਹੋ ਸਕਦੇ ਹਾਂ।

ਸੱਤਿਆ ਸ਼੍ਰੀ ਸਾਈਂ ਬਾਬਾ ਦੇ ਮੈਨੇਜਰ ਪ੍ਰੋਫੈਸਰ ਕਸਤੂਰੀ ਨੇ ਉਹਨਾਂ ਦੀ ਇੱਕ ਜੀਵਨੀ ਵਿੱਚ ਲਿਖਿਆ ਹੈ ਕਿ 'ਸਾਈਂ ਬਾਬਾ ਨੇ ਪਾਣੀ ਦੀ ਇੱਕ ਬਾਲਟੀ ਵਿੱਚ ਆਪਣੀ ਉਂਗਲੀ ਡੁਬੋਈ ਅਤੇ ਇਸ ਨੂੰ ਪੈਟਰੋਲ ਵਿੱਚ ਬਦਲ ਦਿੱਤਾ। ਇਥੇ ਹੋਰ ਮੌਕੇ ਤੇ ਉਸ ਨੇ ਪਾਣੀ ਨੂੰ ਡੀਜ਼ਲ ਵਿੱਚ ਬਦਲ ਦਿੱਤਾ।' ਜੇ ਇਹ ਸੱਚ ਹੈ ਤਾਂ ਸਾਈਂ ਬਾਬਾ ਨੂੰ ਗੋਦਾਵਰੀ ਅਤੇ ਕ੍ਰਿਸ਼ਨਾ ਨਦੀ ਵਿੱਚ ਉਂਗਲ ਡੁਬੋਣ ਲਈ ਕਿਹਾ ਜਾਵੇ। ਇਸ ਤਰ੍ਹਾਂ ਇਹ ਨਦੀਆਂ ਪੈਟਰੋਲ ਅਤੇ ਡੀਜ਼ਲ ਦੀਆਂ ਬਣ ਜਾਣਗੀਆਂ ਤੇ ਸਾਡੇ ਦੇਸ਼ ਭਾਰਤ ਵਿੱਚੋਂ ਊਰਜਾ ਦੀ ਸਮੱਸਿਆ ਖਤਮ ਹੋ ਜਾਵੇਗੀ। ਇਸ ਤੋਂ ਵੱਡਾ ਵਰਦਾਨ ਸਾਡੇ ਲਈ ਹੋਰ ਕੀ ਹੋਵੇਗਾ।

**ਇੱਕ ਬੇਨਤੀ**

ਭਾਵੇਂ ਪਿਛਲੇ ਕਈ ਸਾਲਾਂ ਤੋਂ ਸਾਈਂ ਬਾਬਾ ਦੇ ਕਈ ਦਾਅਵਿਆਂ ਨੂੰ ਪੜਤਾਲਣ ਦੀਆਂ ਕਾਫੀ ਕੋਸ਼ਿਸ਼ਾਂ ਇਸ ਕਰਕੇ ਅਸਫਲ ਹੋ ਗਈਆਂ ਹਨ ਕਿ ਉਸਨੇ ਕੋਈ ਹੁੰਗਾਰਾ ਨਹੀਂ ਭਰਿਆ। ਪਰ ਹੁਣ ਮੈਨੂੰ ਖੁਸ਼ੀ ਹੈ ਕਿ ਬੰਗਲੌਰ ਅਤੇ ਨਾਗਪੁਰ ਦੀਆਂ ਯੂਨੀਵਰਸਿਟੀਆਂ ਨੇ ਹਰ ਕਿਸਮ ਦੇ ਚਮਤਕਾਰੀ ਦਾਅਵਿਆਂ ਦੀ ਪੜਤਾਲ ਕਰਨ ਦੀ ਲੋੜ ਨੂੰ ਮਹੱਤਵ ਦਿੱਤਾ ਹੈ। ਭਾਰਤ ਸਰਕਾਰ ਅਤੇ ਬਾਕੀ ਰਾਜ ਸਰਕਾਰਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਚਮਤਕਾਰੀ ਸ਼ਕਤੀਆਂ ਦਾ ਦਾਅਵਾ ਕਰਨ ਵਾਲਿਆਂ ਨੂੰ ਆਪਣੇ ਆਪਣੇ ਚਮਤਕਾਰਾਂ ਦੀ ਵਿਗਿਆਨਕ ਪੜਤਾਲ ਕਰਵਾਉਣ ਲਈ ਮਜ਼ਬੂਰ ਕਰਨ। ਉਚਿਤ ਕਾਰਵਾਈ ਕਰਨ ਤੋਂ ਬਾਅਦ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬੁੱਧੀਜੀਵੀਆਂ ਦੇ ਵਿਚਾਰਾਂ ਨੂੰ ਪਹਿਲ ਦੇਵੇ ਨਾ ਕਿ ਲਾਈਲੱਗ ਸ਼ਰਧਾਲੂਆਂ ਦੇ ਵਿਚਾਰਾਂ ਨੂੰ, ਭਾਵੇਂ ਉਹ ਮੰਤਰੀ ਹੀ ਕਿਉਂ ਨਾ ਹੋਣ।

ਕੋਈ ਵੀ ਲੋਕ-ਹਿਤੂ ਸਰਕਾਰ, ਸਾਧਾਂ-ਸੰਤਾਂ ਦੁਆਰਾ ਆਪਣੇ ਦੇਸ਼ ਦੇ ਨਾਗਰਿਕਾਂ ਦੀ ਹੋ ਰਹੀ ਲੁੱਟ ਨੂੰ ਸਹਾਰ ਨਹੀਂ ਸਕਦੀ, ਭਾਵੇਂ ਲੱਖਾਂ ਹੀ ਲਾਈ-ਲੱਗ ਇਹਨਾਂ ਸਾਧਾਂ-ਸੰਤਾਂ ਦੀ ਮੱਦਦ ਤੇ ਹੋਣ।

# ਸਾਈਂ ਕ੍ਰਿਸ਼ਨਾ ਅਤੇ ਜੈੱਲ ਆਈਡ

ਕਰਨਾਟਕ ਪ੍ਰਾਂਤ ਵਿੱਚ 'ਪਾਂਡਵਪੁਰ' ਵਿਖੇ 'ਕਿੱਟੀ' ਨਾਂ ਦਾ ਇੱਕ ਛੇ ਸਾਲ ਦਾ ਲੜਕਾ ਸੀ, ਜਿਸਨੂੰ 'ਸਾਈਂ ਕ੍ਰਿਸ਼ਨਾ' ਆਖਿਆ ਜਾਂਦਾ ਸੀ। ਉਸ ਲੜਕੇ ਦੇ ਮਾਪਿਆਂ ਅਤੇ 'ਸਾਈਂ ਬਾਬਾ' ਦਾ ਇਹ ਦਾਅਵਾ ਸੀ ਕਿ ਇਹ ਲੜਕਾ ਭਗਵਾਨ ਕ੍ਰਿਸ਼ਨ ਦਾ ਅਵਤਾਰ ਹੈ। ਇਹ ਵੀ ਕਿਹਾ ਜਾਂਦਾ ਸੀ ਕਿ ਉਹ ਹਵਾ ਵਿੱਚੋਂ ਕਈ ਪ੍ਰਕਾਰ ਦੀਆਂ ਚੀਜ਼ਾਂ ਪ੍ਰਗਟ ਕਰ ਦਿੰਦਾ ਹੈ। ਇੱਕ ਚਰਚਾ ਇਹ ਵੀ ਹੈ ਕਿ ਹਰ ਰੋਜ਼ ਜਦੋਂ ਲੜਕੇ ਦੇ ਮਾਪੇ ਸਾਈਂ ਬਾਬਾ ਦਾ ਭਜਨ ਕਰਦੇ ਸਨ ਤਾਂ ਇਹ ਲੜਕਾ ਸਮਾਧੀ ਵਿੱਚ ਲੀਨ ਹੋ ਜਾਂਦਾ ਸੀ ਅਤੇ ਆਪਣੀ ਮਾਂ ਦੀ ਗੋਦ ਵਿੱਚ ਸੌਂ ਜਾਂਦਾ ਸੀ। ਜਦੋਂ ਉਹ ਆਪਣੀ ਮਾਂ ਦੀ ਗੋਦ ਵਿੱਚ ਸਿਰ ਰੱਖ ਕੇ ਪਿਆ ਹੁੰਦਾ ਸੀ ਤਾਂ ਸਾਈਂ ਬਾਬਾ ਦੀਆਂ ਤਸਵੀਰਾਂ, ਪਵਿੱਤਰ ਰਾਖ, ਤਮਗੇ, ਨੋਟ, ਸ਼ਹਿਦ ਆਦਿ ਉਸ ਕੋਲ ਪ੍ਰਗਟ ਹੋ ਜਾਂਦੇ ਸਨ।

ਕਿਉਂਕਿ ਮੇਰੀ ਇਹ ਚੁਣੌਤੀ ਸੀ ਕਿ ਜੋ ਵਿਅਕਤੀ, ਆਪਣੀਆਂ ਚਮਤਕਾਰੀ ਜਾਂ ਅਲੌਕਿਕ ਸ਼ਕਤੀਆਂ ਦਾ ਪ੍ਰਦਰਸ਼ਨ ਕਰੇਗਾ, ਉਸ ਨੂੰ ਲੰਕਾ ਦੇ ਇੱਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸ ਲਈ ਬੰਗਲੌਰ ਦੇ ਇੱਕ ਡਾਕਟਰ 'ਜੀ. ਵੈਂਕਟਾ ਰਾਓ' ਨੇ ਮੇਰੇ ਕੋਲ 1000-00 ਰੁਪਏ ਦੀ ਪੇਸ਼ਗੀ ਜ਼ਮਾਨਤ ਜਮ੍ਹਾਂ ਕਰਵਾ ਦਿੱਤੀ ਅਤੇ ਇਹ ਮੰਗ ਕੀਤੀ ਕਿ ਉਪਰੋਕਤ ਲੜਕੇ ਦੀ ਪੜਤਾਲ ਕਰਕੇ ਉਸਨੂੰ ਇਨਾਮ ਦਿੱਤਾ ਜਾਵੇ। 24 ਸਤੰਬਰ, 1975 ਨੂੰ ਲਿਖੇ ਇੱਕ ਪੱਤਰ ਵਿੱਚ ਡਾ. ਜੀ. ਵੈਂਕਟਾ ਰਾਓ ਨੇ 'ਸਾਈਂ ਕ੍ਰਿਸ਼ਨਾ' ਦੀਆਂ ਅਲੌਕਿਕ ਸ਼ਕਤੀਆਂ ਦਾ ਵਰਨਣ ਇਸ ਤਰ੍ਹਾਂ ਕੀਤਾ.......'ਇਹ ਲੜਕਾ ਆਪਣੇ ਸਰੀਰ ਵਿੱਚੋਂ ਕੇਵਲ ਪਵਿੱਤਰ ਰਾਖ, ਕੇਸਰ ਅਤੇ ਸ਼ਹਿਦ ਆਦਿ ਵਸਤੂਆਂ ਹੀ ਪੈਦਾ ਨਹੀਂ ਕਰੇਗਾ, ਬਲਕਿ ਇੱਕ ਸੀਲ-ਬੰਦ ਕਰੰਸੀ ਨੋਟ ਦਾ ਲੜੀ ਨੰਬਰ ਵੀ ਪੜ੍ਹ ਕੇ ਦਿਖਾਵੇਗਾ। ਇਹ ਉਹਦੇ ਲਈ ਇੱਕ ਮਾਮੂਲੀ ਜਿਹੀ ਗੱਲ ਹੈ। ਜਦੋਂ ਤੁਸੀਂ ਉਸ ਦੇ ਚਮਤਕਾਰ ਵੇਖੋਗੇ ਤਾਂ ਤੁਸੀਂ ਆਪਣੇ ਆਪ ਸੰਤੁਸ਼ਟ ਹੋ ਜਾਵੋਗੇ। ਲੜਕੇ ਨੇ ਮੈਨੂੰ ਦੱਸਿਆ ਹੈ ਕਿ ਤੁਸੀਂ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰਨਾ ਚਾਹੁੰਦੇ ਹੋ। ਲੜਕੇ ਨੇ ਇਹ ਭਵਿੱਖਬਾਣੀ ਕੀਤੀ ਹੈ ਕਿ ਅਜਿਹੀ ਕੋਸ਼ਿਸ਼ ਵਿੱਚ ਤੁਹਾਡਾ ਲੋਕਾ ਵਿੱਚੋਂ ਸਤਿਕਾਰ ਖਤਮ ਹੋ ਜਾਵੇਗਾ।'

ਭਾਰਤੀ ਅਖ਼ਬਾਰਾਂ ਵਿੱਚ ਡਾ: ਰਾਓ ਵਲੋਂ ਮੇਰੀ ਚੁਣੌਤੀ ਨੂੰ ਸਵੀਕਾਰ ਕਰਨ ਦਾ ਬਹੁਤ ਹੀ ਪ੍ਰਚਾਰ ਹੋਇਆ ਅਤੇ ਲੱਖਾਂ ਹੀ ਲੋਕ ਇਸ ਨਵੇਂ 'ਅਵਤਾਰ' ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਆਉਣ ਲੱਗੇ। ਫਿਰ ਵੀ ਭਾਰਤ ਦੇ ਬਹੁਤ ਸਾਰੇ ਪੱਤਰਕਾਰਾਂ ਨੂੰ ਇਸ ਗੱਲ ਬਾਰੇ ਸੰਦੇਹ ਸੀ ਅਤੇ ਉਹਨਾਂ ਵਿੱਚੋਂ ਕੁਝ ਨੇ ਇਸ ਗੱਲ ਨੂੰ 'ਵੱਡਾ ਧੋਖਾ' ਵੀ ਕਿਹਾ।

ਜਿਸ ਵੇਲੇ 'ਕਰਨਾਟਕ ਰੈਸ਼ਨੇਲਿਸਟ ਐਸੋਸੀਏਸ਼ਨ' ਦੇ ਪ੍ਰਧਾਨ ਪ੍ਰੋਫੈਸਰ ਏ. ਐਮ. ਧਰਮਲਿਗਮ, ਕੁਝ ਪੱਤਰਕਾਰਾਂ ਨੂੰ ਨਾਲ ਲੈ ਕੇ, ਮੇਰੇ ਕਹਿਣ ਤੇ ਡਾ: ਵੈਂਕਟ ਰਾਓ ਕੋਲ ਇਸ ਗੱਲ ਦੀ ਪੜਤਾਲ ਕਰਨ ਲਈ ਗਏ ਤਾਂ ਡਾ: ਰਾਓ ਇਸ ਗੱਲ ਤੋਂ ਭੱਜ ਗਿਆ ਅਤੇ ਆਪਣੀ ਜਮਾਨਤ ਦੀ ਰਕਮ ਜਬਤ ਕਰਵਾ ਬੈਠਾ। ਲੜਕੇ ਦੇ ਪਿਤਾ 'ਸੀਤੱਪਾ' ਨੇ ਵੀ ਲੜਕੇ ਦੀ ਪੜਤਾਲ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਡਾ: ਰਾਓ ਨੂੰ ਬਿਲਕੁਲ ਨਹੀਂ ਜਾਣਦਾ। ਉਸਨੇ ਇਹ ਵੀ ਦੱਸਿਆ ਕਿ ਲੜਕਾ ਕਹਿੰਦਾ ਹੈ—"ਡਾਕਟਰ ਕਾਵੂਰ ਨੂੰ ਸੁਨੇਹਾ ਦੇ ਦਿਓ ਕਿ ਸਾਈਂ ਕ੍ਰਿਸ਼ਨਾ ਨੂੰ ਕਾਵੂਰ ਦੇ ਇੱਕ ਲੱਖ ਰੁਪਏ ਦੀ ਲੋੜ ਨਹੀਂ। ਜੇਕਰ ਉਸ ਨੂੰ ਰੁਪਏ ਦੀ ਲੋੜ ਹੋਵੇ ਤਾਂ ਦੱਸ ਦੇਵੇ। ਮੈਂ ਉਸ ਦੇ ਲਈ ਰੁਪਏ ਪੈਦਾ ਕਰ ਦੇਵਾਂਗਾ।"

ਇਸ ਤਰ੍ਹਾਂ ਮੈਂ, ਚਮਤਕਾਰਾਂ ਦਾ ਪਰਦਾ ਫਾਸ਼ ਕਰਨ ਦੀ ਆਪਣੀ ਤੀਸਰੀ ਮੁਹਿੰਮ ਤੋਂ ਇੱਕ ਹਜ਼ਾਰ ਰੁਪਿਆ ਕਮਾ ਕੇ ਆਪਣੇ ਘਰ ਮੁੜਿਆ ਭਾਵੇਂ ਪਿਛਲੇ ਪੰਦਰਾਂ ਸਾਲਾਂ ਤੋਂ ਮੈਂ ਆਪਣੀ ਚੁਣੌਤੀ ਵਿੱਚੋਂ ਕਦੇ ਇੱਕ ਪੈਸਾ ਵੀ ਨਹੀਂ ਹਾਰਿਆ, ਪਰ ਇਹ ਪਹਿਲੀ ਵਾਰ ਹੀ ਸੀ, ਜਦੋਂ ਮੈਨੂੰ ਇਸ ਵਿੱਚੋਂ ਲਾਭ ਪ੍ਰਾਪਤ ਹੋਇਆ।

ਡਾਕਟਰ ਰਾਓ ਵੱਲੋਂ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾਉਣ ਤੇ ਮੈਨੂੰ ਇਹ ਸ਼ੱਕ ਹੋਇਆ ਸੀ ਕਿ ਡਾਕਟਰ ਵੀ ਇਸ ਠੱਗੀ ਵਿੱਚ ਸ਼ਾਮਿਲ ਹੈ। ਇਸ ਗੱਲ ਤੋਂ ਮੈਂ ਇਸ ਸਿੱਟੇ ਤੇ ਪਹੁੰਚਿਆ ਕਿ ਜਿਸ ਤਰ੍ਹਾਂ ਡਾਕਟਰ ਭਗਵੰਥਮ ਅਤੇ ਪ੍ਰੋਫੈਸਰ ਕਸਤੂਰੀ ਸਾਈਂ ਬਾਬਾ ਦੇ ਏਜੰਟ ਸਨ, ਉਸੇ ਤਰ੍ਹਾਂ ਡਾਕਟਰ ਵੈਂਕਟਾ ਰਾਓ ਵੀ 'ਸਾਈਂ ਕ੍ਰਿਸ਼ਨਾ' ਦਾ ਇੱਕ ਏਜੰਟ ਹੀ ਸੀ। ਉਸ ਵੱਲੋਂ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾਉਣ ਨਾਲ ਉਸ ਦਾ ਬਹੁਤ ਪ੍ਰਚਾਰ ਹੋਇਆ ਅਤੇ ਅਨੇਕਾਂ ਹੀ ਲੋਕ ਸਾਈਂ ਕ੍ਰਿਸ਼ਨਾ ਵੱਲ ਖਿੱਚੇ ਗਏ। ਸ਼ਾਇਦ ਉਸ ਨੂੰ ਯਕਨ ਸੀ ਕਿ ਲੜਕੇ ਦੇ ਮਾਪਿਆਂ ਨੂੰ ਜੋ 'ਭੇਟਾਂ' ਪ੍ਰਾਪਤ ਹੋਣਗੀਆਂ, ਉਹਨਾਂ ਵਿੱਚੋਂ ਹਿੱਸਾ ਲੈ ਕੇ ਉਹ ਇਸ ਤੋਂ ਵੱਧ ਕਮਾ ਲਵੇਗਾ।

ਭਾਰਤ ਵਿਖੇ ਆਪਣੀ ਅੰਤਿਮ ਪ੍ਰੈਸ ਕਾਨਫਰੰਸ ਦੌਰਾਨ ਮੈਂ ਕਿਹਾ ਕਿ ਕਿਸੇ ਵੀ ਦੇਸ਼ ਦੇ ਲੋਕਾਂ ਨੂੰ ਚਮਤਕਾਰੀ ਢੋਂਗੀਆਂ ਤੋਂ ਬਚਣ ਦਾ ਫਰਜ਼ ਸਰਕਾਰ ਦਾ ਹੁੰਦਾ ਹੈ। ਰਿਸ਼ਵਤਖੋਰਾਂ ਅਤੇ ਸਮਗਲਰਾਂ ਦੀ ਤਰ੍ਹਾਂ ਹੀ ਇਹਨਾਂ ਦੇਵ ਪੁਰਸ਼ਾਂ ਨੂੰ ਗ੍ਰਿਫਤਾਰ

ਕਰਕੇ ਇਹਨਾਂ ਦੀ ਵਿਗਿਆਨਕ ਢੰਗ ਨਾਲ ਜਾਂਚ ਪੜਤਾਲ ਕਰਨੀ ਚਾਹੀਦੀ ਹੈ। ਜੇਕਰ ਇਹ ਝੂਠੇ ਸਾਬਤ ਹੁੰਦੇ ਹਨ ਤਾਂ ਇਹਨਾਂ ਵਿਰੁੱਧ, ਲੋਕਾਂ ਨੂੰ ਧੋਖਾ ਦੇਣ ਦੇ ਦੋਸ਼ ਵਿੱਚ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

**ਫ਼ਰੇਬ ਦਾ ਪਰਦਾ ਫਾਸ਼**

ਭਾਰਤ ਵਿੱਚ, ਚਮਤਕਾਰ ਦਿਖਾਉਣ ਵਾਲੇ ਲੋਕਾਂ ਵਿੱਰੁਧ ਬੋਲਣ ਦੀ ਮੇਰੀ ਮੁਹਿੰਮ ਚੱਲ ਰਹੀ ਸੀ। ਇਸ ਲਈ ਬੰਗਲੌਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਪ੍ਰਮਾਣੂ ਵਿਗਿਆਨੀ 'ਡਾਕਟਰ ਐਚ. ਨਰਸਸਿਮ੍ਹੀਆ' ਦੀ ਪ੍ਰਧਾਨਗੀ ਹੇਠ ਇੱਕ 12 ਮੈਂਬਰੀ ਕਮੇਟੀ ਕਾਇਮ ਕੀਤੀ ਗਈ ਤਾਂ ਜੋ ਭਾਰਤੀ ਦੇਵ-ਪੁਰਸ਼ਾਂ ਦੇ ਚਮਤਕਾਰਾਂ ਦੀ ਵਿਗਿਆਨਕ ਪੜਤਾਲ ਕੀਤੀ ਜਾ ਸਕੇ। ਇਸ ਵਿੱਚ ਡਾਕਟਰ, ਵਕੀਲ, ਸਾਇੰਸਦਾਨ, ਮਨੋ-ਵਿਗਿਆਨੀ ਅਤੇ ਬੁੱਧੀਜੀਵੀ ਸ਼ਾਮਿਲ ਸਨ।

15 ਜੁਲਾਈ, 1976 ਨੂੰ ਇਸ ਕਮੇਟੀ ਦੇ ਕੁੱਝ ਮੈਂਬਰ, ਬਿਨਾਂ ਅਗਾਉਂ ਸੂਚਨਾ ਦਿੱਤੇ ਹੀ, ਸਾਈਂ ਕ੍ਰਿਸ਼ਨਾ ਦੇ ਘਰ ਪਹੁੰਚੇ। ਵੀਰਵਾਰ ਦਾ ਦਿਨ ਸੀ। ਉਹਨਾਂ ਨੇ ਵੀਰਵਾਰ ਦਾ ਦਿਨ ਇਸ ਲਈ ਚੁਣਿਆ ਕਿਉਂਕਿ ਸਾਈਂ ਬਾਬਾ ਦੇ ਭਗਤ 'ਪਾਂਡਵਪੁਰ' ਵਿਖੇ ਜਾ ਕੇ 'ਸਾਈਂ ਭਜਨ' ਕਰਦੇ ਸਨ ਅਤੇ ਇਸੇ ਦਿਨ ਸਾਈਂ ਕ੍ਰਿਸ਼ਨ ਇਨ੍ਹਾਂ ਸ਼ਰਧਾਲੂਆਂ ਨੂੰ ਆਪਣੇ ਚਮਤਕਾਰ ਵਿਖਾਇਆ ਕਰਦਾ ਸੀ। ਉਸ ਦਿਨ ਵੀ ਭਜਨ ਬਿਨਾਂ ਕਿਸੇ ਚਮਤਕਾਰ ਤੋਂ ਖਤਮ ਹੋਇਆ। ਜਿਉਂ ਹੀ ਸ਼ਰਧਾਲੂਆਂ ਦੀ ਭੀੜ ਖਤਮ ਹੋਈ ਇੱਕ ਕਮੇਟੀ ਮੈਂਬਰ ਅਤੇ ਮਨੋ-ਚਕਿਤਸਕ 'ਡਾ: (ਸ਼੍ਰੀਮਤੀ) ਵਿਨੋਦ ਐਨ. ਮੂਰਤੀ' ਨੇ ਦੇਖਿਆ ਕਿ ਬੱਚਾ ਆਪਣੇ ਪੇਟ ਉੱਪਰ, ਕਮਰ ਦੇ ਕੋਲ ਖਾਜ ਕਰ ਰਿਹਾ ਸੀ। ਸ਼੍ਰੀਮਤੀ ਮੂਰਤੀ ਨੇ ਪੁੱਛਿਆ—"ਲੜਕੇ ਤੈਨੂੰ ਕੀ ਤਕਲੀਫ ਹੈ? ਕੀ ਤੇਰੇ ਪੇਟ ਵਿੱਚ ਦਰਦ ਹੋ ਰਿਹਾ ਹੈ?" ਲੜਕੇ ਨੇ ਹਾਂ ਵਿੱਚ ਸਿਰ ਹਿਲਾਇਆ। ਸ਼੍ਰੀਮਤੀ ਮੂਰਤੀ ਨੇ ਉਸਦੀ ਮੱਦਦ ਕਰਨੀ ਚਾਹੀ। ਉਹ ਅੱਗੇ ਵਧੀ ਅਤੇ ਉਸ ਨੇ ਲੜਕੇ ਦੇ ਪਜਾਮੇ ਦਾ ਨਾਲਾ ਢਿੱਲਾ ਕਰ ਦਿੱਤਾ। ਫਿਰ ਉਸਨੇ ਲੜਕੇ ਦੀ ਬਨੈਣ ਉੱਪਰ ਚੁੱਕ ਦਿੱਤੀ। ਉਸ ਦੀ ਬਨੈਣ ਦੀ ਤਹਿ ਵਿੱਚੋਂ ਬਹੁਤ ਸਾਰੀ 'ਪਵਿੱਤਰ ਰਾਖ' ਨਿਕਲੀ।

ਇਸ ਤਰ੍ਹਾਂ ਸਾਈਂ ਕ੍ਰਿਸ਼ਨਾ ਦੇ ਅੰਧ ਵਿਸ਼ਵਾਸੀ ਭਗਤਾਂ ਦੇ ਸਾਹਮਣੇ ਹੀ ਉਸ ਦੀ ਦੇਵਤਿਆਂ ਵਾਲੀ ਜ਼ਿੰਦਗੀ ਦਾ ਅੰਤ ਹੋ ਗਿਆ। ਜੇਕਰ ਇਸ ਫਰੇਬ ਨੂੰ ਲੋਕਾਂ ਵਿੱਚ ਨੰਗਿਆਂ ਨਾ ਕੀਤਾ ਜਾਂਦਾ ਤਾਂ ਸਾਈਂ ਕ੍ਰਿਸ਼ਨਾ ਦੇ ਮਾਪਿਆ ਨੂੰ ਵੀ, ਸਾਈਂ ਬਾਬਾ ਅਤੇ ਉਸਦੇ ਏਜੰਟਾਂ ਵਾਂਗ ਹੀ ਬਹੁਤ ਸਾਰਾ ਧਨ ਪ੍ਰਾਪਤ ਹੋ ਜਾਂਦਾ। ਇਸ ਧੋਖੇ ਨੂੰ ਢੱਕਣ ਲਈ ਉਹ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਨੂੰ ਬਹੁਤ ਸਾਰਾ ਦਾਨ ਵੀ ਦੇ ਸਕਦੇ ਹਨ।

**ਜੈੱਲ ਆਇਡ**

ਜਿਵੇਂ ਕਿ ਸਾਈਂ ਕ੍ਰਿਸ਼ਨਾ, ਸਾਈਂ ਬਾਬਾ ਦੀ ਤਰ੍ਹਾਂ ਹੀ ਇੱਕ ਫਰੇਬ ਦੀ ਉਪਜ ਸੀ, ਉਸੇ ਤਰ੍ਹਾਂ ਹੀ ਸਵੀਡਨ ਦੇ ਸ਼ਹਿਰ 'ਗੋਟਵਰਗ' ਦਾ ਨਿਵਾਸੀ 'ਜੈੱਲ ਆਇਡ' ਵੀ ਇੱਕ ਅਜਿਹਾ ਵਿਅਕਤੀ ਸੀ ਜੋ ਇੱਕ ਮਾਨਸਿਕ ਬਿਮਾਰੀ ਦਾ ਸ਼ਿਕਾਰ ਜਾਪਦਾ ਸੀ। ਉਸਨੂੰ ਇਹ ਦ੍ਰਿੜ ਵਿਸ਼ਵਾਸ ਸੀ ਕਿ ਉਹ ਵਿਅਕਤੀ ਜਿਸ ਨੂੰ ਰੱਬ ਤੇ ਪੂਰਾ ਭਰੋਸਾ ਹੋਵੇ, ਅਲੌਕਿਕ ਕਾਰਨਾਮੇ ਕਰ ਸਕਦਾ ਹੈ।

ਮਾਰਚ, 1976 ਵਿੱਚ ਮੈਨੂੰ 'ਜੈੱਲ ਆਇਡ ਦਾ ਇੱਕ ਪੱਤਰ ਮਿਲਿਆ, ਜੋ ਕਿ ਇਸ ਤਰ੍ਹਾਂ ਹੈ:-

ਪਿਆਰੇ ਡਾਕਟਰ ਕਾਵੂਰ

ਮੈਂ ਅਮਰੀਕਨ ਰਸਾਲੇ 'ਫੇਟ' ਵਿੱਚ ਪੜ੍ਹਿਆ ਹੈ ਕਿ ਤੁਸੀ ਉਸ ਵਿਅਕਤੀ ਨੂੰ ਇੱਕ ਲੱਖ ਰੁਪਏ ਦਾ ਇਨਾਮ ਦੇਵੋਗੇ, ਜੋ ਕਿ ਚਮਤਕਾਰੀ ਸ਼ਕਤੀਆ ਦਾ ਪ੍ਰਦਰਸ਼ਨ ਕਰੇਗਾ।

ਮੈਂ ਇਸ ਚੁਣੌਤੀ ਨੂੰ ਸਵੀਕਾਰ ਕਰਦਾ ਹਾਂ। ਮੈਂ ਤੁਹਾਡੀਆਂ ਸ਼ਰਤਾਂ ਅਨੁਸਾਰ, ਪਾਣੀ ਤੇ ਪੈਦਲ ਚੱਲਣ ਦੀ ਕੋਸ਼ਿਸ਼ ਕਰਾਂਗਾ। ਕ੍ਰਿਪਾ ਕਰਕੇ ਇਹ ਦੱਸਣ ਦੀ ਖੇਚਲ ਕਰਨਾ ਕਿ ਪਾਣੀ ਉੱਤੇ ਤੁਰਨ ਵਾਲਾ ਇਹ ਕਾਰਨਾਮਾ ਕੇਵਲ ਇੱਕੋ ਵਾਰੀ ਦਿਖਾਉਣਾ ਕਾਫੀ ਹੋਵੇਗਾ ਜਾਂ ਕਿ ਇਸਨੂੰ ਦੁਹਰਾਉਣ ਦੀ ਮੰਗ ਵੀ ਤੁਸੀ ਕਰ ਸਕਦੇ ਹੋ ? (ਹੋ ਸਕਦਾ ਹੈ ਕਿ ਦੁਹਰਾਉਣ ਵਿੱਚ ਮੈਂ ਸਫਲ ਨਾ ਹੋ ਸਕਾਂ)

ਸਵੀਡਨ ਦੇ ਪੱਤਰਕਾਰਾਂ ਨੂੰ ਹਵਾਲਾ ਦੇਣ ਲਈ ਤੁਸੀਂ ਮੈਨੂੰ ਇੱਕ ਪੱਤਰ ਲਿਖਣਾ। ਇਸ ਵਿੱਚ 'ਪਾਣੀ ਤੇ ਤੁਰਨ ਦੀਆਂ ਸ਼ਰਤਾਂ' ਅਤੇ 'ਇਨਾਮ ਦੀ ਪੇਸ਼ਕਸ਼' ਬਾਰੇ ਸਾਰੀ ਗੱਲ ਸੰਖੇਪ ਵਿੱਚ ਲਿਖਣ ਦੀ ਖੇਚਲ ਕਰਨਾ। ਇਹ ਵੀ ਦੱਸਣਾ ਕਿ ਪੱਤਰਕਾਰ ਇਸ ਨੁਮਾਇਸ਼ ਵਿੱਚ ਹਾਜ਼ਰ ਹੋ ਕੇ ਫੋਟੋ ਜਾਂ ਫਿਲਮਾਂ ਬਣਾ ਸਕਦੇ ਹਨ?

ਤੁਹਾਡਾ ਵਿਸ਼ਵਾਸ ਪਾਤਰ,
ਦਸਖਤ : ਜੈੱਲ ਆਇਡ

ਇਸ ਪੱਤਰ ਦੇ ਜਵਾਬ ਵਿੱਚ ਮੈਂ ਇਹ ਖਤ ਲਿਖਿਆ :

5 ਅਪ੍ਰੈਲ, 1976

ਮਿਸਟਰ ਜੈੱਲ ਆਇਡ,
ਜੈੱਲਮਨਸਗਟ, 11—404,
ਐਸ-41318 ਗੋਟਵਰਗ
ਸਵੀਡਨ।

ਸ਼੍ਰੀਮਾਨ ਜੀ,

ਮੈਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਈ ਕਿ ਅਮਰੀਕਾ ਦੇ ਮੈਗਜ਼ੀਨ 'ਫੇਟ' ਵਿੱਚ ਪ੍ਰਕਾਸ਼ਿਤ ਮੇਰੀ ਚੁਣੌਤੀ ਨੂੰ ਸਵੀਕਾਰ ਕਰਨ ਲਈ ਤੁਸੀਂ ਤਿਆਰ ਹੋ ਅਤੇ ਮੇਰੀਆਂ ਸ਼ਰਤਾਂ ਦੇ ਅਨੁਸਾਰ ਤੁਸੀਂ ਪਾਣੀ ਉੱਪਰ ਪੈਦਲ ਚੱਲ ਕੇ ਆਪਣੀਆਂ ਅਲੌਕਿਕ ਸ਼ਕਤੀਆਂ ਦਾ ਪ੍ਰਦਰਸ਼ਨ ਕਰੋਗੇ।

ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਸਵੀਡਨ ਦੇ ਮਿਸਟਰ 'ਅਲਫ ਮਾਰਨਿੰਗ' ਨਾਂ ਦੇ ਵਿਅਕਤੀ ਕੋਲ ਜੋ ਕਿ ਮੇਰਾ ਨਾਮਜਦ ਕੀਤਾ ਹੋਇਆ ਹੈ, ਇੱਕ ਹਜ਼ਾਰ ਰੁਪਏ ਬਤੌਰ ਜਮਾਨਤ ਜਮ੍ਹਾ ਕਰਵਾ ਦੇਵੋ।

ਮਿਸਟਰ ਮਾਰਨਿੰਗ ਵੱਲੋਂ ਇਹ ਸੂਚਨਾ ਮਿਲਣ ਤੇ ਕਿ ਤੁਸੀਂ ਉਸ ਕੋਲ ਆਪਣੀ ਜਮਾਨਤ ਜਮ੍ਹਾ ਕਰਵਾ ਦਿੱਤੀ ਹੈ, ਮੈਂ ਤੁਹਾਡੀ ਨੁਮਾਇਸ਼ ਲਈ ਜਰੂਰੀ ਪ੍ਰਬੰਧ ਮੁਕੰਮਲ ਕਰਾਂਗਾ। ਇਸ ਦੇ ਲਈ ਕੋਲੰਬੋ ਸ਼ਹਿਰ ਦਾ ਇੱਕ ਤਲਾਬ ਚੁਣਿਆ ਜਾਵੇਗਾ, ਜਿੱਥੇ ਕਿ ਲੋਕਾਂ ਸਾਹਮਣੇ ਤੁਹਾਡੀ ਸ਼ਕਤੀ ਦਾ ਪ੍ਰਦਰਸ਼ਨ ਹੋਵੇਗਾ। ਤਾਰੀਖ ਉਹੀ ਹੋਵੇਗੀ ਜੋ ਆਪਣੇ ਦੋਵਾਂ ਲਈ ਢੁਕਵੀਂ ਹੋਵੇਗੀ।

ਮੇਰੀ ਚੁਣੌਤੀ ਦੀ ਇਹ ਨਕਲ ਨਾਲ ਭੇਜੀ ਜਾ ਰਹੀ ਹੈ, ਜਿਸ ਤੋਂ ਤੁਹਾਨੂੰ ਲੋੜੀਦੀਂ ਸੂਚਨਾ ਪ੍ਰਾਪਤ ਹੋ ਜਾਵੇਗੀ।

ਸੱਚਾਈ ਦੀ ਭਾਲ ਵਿੱਚ,
ਦਸਤਖਤ—
ਇਬਰਾਹਮ ਟੀ. ਕਾਵੂਰ

ਉਸੇ ਦਿਨ ਮੈਂ ਮਿਸਟਰ ਅਲਫ ਮਾਰਲਿੰਗ ਨੂੰ ਜਮਾਨਤ ਦੇ ਪੈਸੇ ਲੈਣ ਲਈ ਲਿਖ ਦਿੱਤਾ। ਮਿ. ਆਈਡ ਨੂੰ ਵੀ ਖਤ ਲਿਖਿਆ ਜੋ ਹੇਠ ਲਿਖੇ ਅਨੁਸਾਰ ਹੈ। ਇਸ ਵਿੱਚ ਉਸ ਨੂੰ ਦੱਸਿਆ ਕਿ ਕੋਲੰਬੋ ਦੇ ਇੱਕ ਨਾਗਰਿਕ ਮਿ. ਆਰੀਆ ਪਾਠੀਰਾਨਾ ਨੇ ਤੁਹਾਡੀ ਰਿਹਾਇਸ਼ ਅਤੇ ਖਾਣ ਪੀਣ ਦਾ ਖਰਚ ਅਤੇ ਕੋਲੰਬੋ ਤੋਂ ਸਵੀਡਨ ਤੱਕ ਦਾ ਤੁਹਾਡਾ ਕਿਰਾਇਆ ਦੇਣ ਦਾ ਵਾਅਦਾ ਕੀਤਾ ਹੈ। ਇਹ ਖਰਚ ਤੁਹਾਨੂੰ ਤਾਂ ਹੀ ਮਿਲ ਸਕਦਾ ਹੈ ਜੇਕਰ ਤੁਸੀਂ ਸ਼ਰਤਾਂ ਜਿੱਤ ਜਾਂਦੇ ਹੋ।

27-4-1976

ਪਿਆਰੇ ਮਿਸਟਰ ਆਈਡ,

ਮੈਂ ਸੀਲੋਨ ਦੇ ਰੋਜ਼ਾਨਾ ਅਖਬਾਰ 'ਮਿਰਰ' ਦੀ ਉਹ ਕਤਾਰ ਭੇਜ ਰਿਹਾ ਹਾਂ, ਜਿਸ ਵਿੱਚ ਸ਼੍ਰੀ ਲੰਕਾ ਦੇ ਇੱਕ ਵਸਨੀਕ ਨੇ ਤੁਹਾਡੇ ਖਾਣ ਪੀਣ ਅਤੇ ਰਿਹਾਇਸ਼ ਦੇ ਖਰਚ ਦੀ ਜੁੰਮੇਵਾਰੀ ਆਪਣੇ ਸਿਰ ਲੈ ਲਈ ਹੈ। ਹੁਣ ਤੁਹਾਨੂੰ ਮਿਸਟਰ ਅਲਫ ਮਾਰਲਿੰਗ ਕੋਲ ਜਮਾਨਤ ਦੇ ਇੱਕ ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਲਈ ਦੇਰ ਨਹੀਂ ਕਰਨੀ ਚਾਹੀਦੀ।

ਮੈਨੂੰ ਆਸ ਹੈ ਕਿ ਤੁਸੀਂ ਜਮਾਨਤ ਦੇ ਸਾਰੇ ਪੈਸੇ ਜਮ੍ਹਾਂ ਕਰਵਾ ਦੇਵੋਗੇ ਅਤੇ ਜਲਦੀ ਪਤਾ ਦੇਵੋਗੇ।

ਸਚਾਈ ਦੀ ਭਾਲ ਵਿੱਚ ਤੁਹਾਡਾ,
ਦਸਖਤ—
ਇਬਰਾਹਮ ਟੀ. ਕਾਵੂਰ।

ਮਿਸਟਰ ਆਈਡ ਨੇ 18 ਮਈ, 1976 ਨੂੰ ਮੈਨੂੰ ਇਕ ਖਤ ਲਿਖਿਆ, ਜੋ ਇਸ ਤਰ੍ਹਾਂ ਹੈ :-

ਮੈਂ ਮਿਸਟਰ ਮਾਰਲਿੰਗ ਕੋਲ ਇੱਕ ਹਜ਼ਾਰ ਰੁਪਏ ਦੀ ਜਮਾਨਤ ਜਮ੍ਹਾ ਕਰਵਾ ਦਿੱਤੀ ਹੈ । ਮੈਂ 15 ਨਵੰਬਰ ਤੋਂ 15 ਫਰਵਰੀ ਤੱਕ ਕਿਸੇ ਵੀ ਦਿਨ ਕੋਲੰਬੋ ਇੱਚ 'ਪਾਣੀ ਤੇ ਤੁਰਨ' ਦਾ ਆਪਣਾ ਚਮਤਕਾਰ ਵਿਖਾਉਣ ਲਈ ਤਿਆਰ ਹਾਂ।

ਮਿਸਟਰ ਆਰੀਆ ਪਾਠੀਰਾਨਾ ਦੀ ਪੇਸ਼ਕਸ਼ ਵੱਲ ਮੇਰਾ ਧਿਆਨ ਦਿਵਾਉਣ ਲਈ ਤੁਹਾਡਾ ਧੰਨਵਾਦ। ਮੇਰੇ ਤਲਾਬ ਵਿੱਚ ਡੁੱਬ ਜਾਣ ਦੀ ਕਿਸੇ ਵੀ ਸੰਭਾਵਨਾ ਨੂੰ ਰੱਦ ਕਰ ਦਿਓ ਕਿਉਂਕਿ ਮੈਂ ਤੈਰਨਾ ਜਾਣਦਾ ਹਾਂ।

ਤੁਹਾਡਾ,
ਦਸਖਤ—
ਜੈੱਲ ਆਈਡ।

ਮਿਸਟਰ ਅਲਫ ਮਾਰਲਿੰਗ ਨੇ ਵੀ ਮੈਨੂੰ ਇੱਕ ਖਤ ਲਿਖਿਆ, ਜਿਸ ਵਿੱਚ ਮਿਸਟਰ ਆਈਡ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤ ਦੀ ਰਕਮ ਦੀ ਪੁਸ਼ਟੀ ਕੀਤੀ ਗਈ ਸੀ। 7 ਜੁਲਾਈ, 1976 ਨੂੰ ਮੈਂ, ਮਿ: ਆਈਡ ਨੂੰ ਇਹ ਖਤ ਲਿਖਿਆ :-

ਜਮਾਨਤ ਦੇ ਪੈਸੇ ਜਮ੍ਹਾਂ ਕਰਵਾਉਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ। ਖਤ ਦਾ ਜਵਾਬ ਦੇਣ ਵਿੱਚ ਦੇਰੀ ਇਸ ਕਰਕੇ ਹੋ ਗਈ ਸੀ ਕਿਉਂਕਿ ਮਈ ਅਤੇ ਜੂਨ ਦੇ ਮਹੀਨਿਆਂ ਵਿੱਚ ਮੈਂ ਭਾਰਤ ਵਿਖੇ ਭਾਸ਼ਨ ਦੇਣ ਲਈ ਗਿਆ ਹੋਇਆ ਸੀ।

ਕਿਰਪਾ ਕਰਕੇ ਮੈਨੂੰ ਇਹ ਪਤਾ ਦੇਣਾ ਕਿ ਤੁਹਾਨੂੰ ਆਪਣੇ ਚਮਤਕਾਰ ਦਾ ਵਿਖਾਵਾ ਕਰਨ ਲਈ 12 ਜਾਂ 13 ਫਰਵਰੀ ਦੀ ਤਾਰੀਖ ਠੀਕ ਹੈ ? ਕਿਉਂਕਿ ਦਸੰਬਰ ਅਤੇ ਜਨਵਰੀ ਵਿੱਚ ਮੈਂ ਫਿਰ ਭਾਸ਼ਨ ਦੇਣ ਲਈ ਭਾਰਤ ਦੀ ਯਾਤਰਾ ਜਾ ਰਿਹਾ ਹਾਂ। ਜੇਕਰ ਤੁਸੀਂ ਮੈਨੂੰ ਇਹ ਦੱਸਣ ਦੀ ਖੇਚਲ ਕਰੋ ਕਿ ਤੁਹਾਡੇ ਵਿੱਚ ਪਾਣੀ ਉਪਰ ਚੱਲਣ ਦੀ ਸ਼ਕਤੀ ਕਿਵੇਂ ਪੈਦਾ ਹੋਈ ਤਾਂ ਤੁਹਾਡੀ ਬੜੀ ਮਿਹਰਬਾਨੀ ਹੋਵੇਗੀ। ਫਿਰ ਮੈਂ ਲੰਕਾ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਦੇ ਪ੍ਰਚਾਰ ਮਾਧਿਅਮਾਂ ਨੂੰ ਇਹ ਸੂਚਨਾ ਦੇ ਸਕਾਂਗਾ।

ਕਿਉਂਕਿ ਇਸ ਗੱਲ ਨੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦੇਣਾ ਹੈ, ਇਸ ਲਈ ਲੋਕਾਂ ਨੂੰ ਕਾਬੂ ਹੇਠ ਰੱਖਣ ਲਈ ਅਤੇ ਪ੍ਰਦਰਸ਼ਨ ਦੇ ਇੰਤਜਾਮ ਲਈ ਸਾਨੂੰ ਕਾਫੀ ਤਿਆਰੀ ਦੀ ਲੋੜ ਹੈ। ਮੈਂ ਸੋਚਿਆ ਹੈ ਕਿ ਤੁਹਾਡੇ ਪ੍ਰਦਰਸ਼ਨ ਲਈ ਲੋੜੀਂਦੇ ਪ੍ਰਬੰਧ ਤੇ ਜੋ ਖਰਚ ਕਰਨਾ ਹੈ, ਉਹ ਤੁਹਾਡੇ ਕੋਲੰਬੋ ਪਹੁੰਚਣ ਤੋਂ ਬਾਅਦ ਹੀ ਕੀਤਾ ਜਾਵੇ। ਕਿਉਂਕਿ ਮੈਂ ਉਹਨਾਂ ਲੋਕਾਂ ਨੂੰ ਨਿਰਾਸ਼ ਕਰਨ ਤੋਂ ਵੀ ਝਿਜਕਦਾ ਹਾਂ, ਜਿਹਨਾਂ ਨੇ ਤੁਹਾਡੇ ਚਮਤਕਾਰ ਨੂੰ ਦੇਖਣ ਲਈ ਕਈ ਦਿਨ ਪਹਿਲਾਂ ਹੀ ਸੀਟਾਂ ਬੁੱਕ ਕਰਵਾ ਲੈਣੀਆਂ ਹਨ। ਕਿਰਪਾ ਕਰਕੇ ਇਹ ਦੱਸਣ ਲਈ ਖੇਚਲ ਕਰਨੀ ਕਿ ਤੁਸੀਂ ਲੰਕਾ ਵਿੱਚ 1 ਫਰਵਰੀ ਨੂੰ ਪਹੁੰਚ ਸਕਦੇ ਹੋ ? ਤੁਹਾਡੀ ਦੋ ਹਫਤੇ ਦੀ ਰਿਹਾਇਸ਼ ਅਤੇ ਖਾਣ-ਪੀਣ ਦਾ ਖਰਚਾ ਤੁਹਾਨੂੰ ਦਿੱਤਾ ਜਾਵੇਗਾ। ਇਸ ਸਮੇਂ ਦੌਰਾਨ ਤੁਸੀਂ ਸਾਡੇ ਸੁੰਦਰ ਦੇਸ਼ ਦੀ ਸੈਰ ਕਰਨ ਦਾ ਅਨੰਦ ਵੀ ਮਾਣ ਸਕੋਗੇ।

ਸੱਚਾਈ ਦੀ ਭਾਲ ਵਿੱਚ ਤੁਹਾਡਾ,
ਸਹੀ: ਅਬਰਾਹਮ ਟੀ. ਕਾਵੂਰ।

ਸ਼੍ਰੀ ਮਾਨ ਆਈਡ ਨੇ ਇਸ ਖਤ ਦੇ ਜਵਾਬ ਵਿੱਚ ਲਿਖਿਆ --12 ਜਾਂ 13 ਫਰਵਰੀ ਮੇਰੇ ਪ੍ਰਦਰਸ਼ਨ ਲਈ ਠੀਕ ਹੈ। ਮੈਂ ਪਹਿਲੀ ਫਰਵਰੀ ਤੋਂ ਪਹਿਲਾਂ ਹੀ ਸ਼੍ਰੀ ਲੰਕਾ ਵਿਖੇ ਪਹੁੰਚ ਜਾਵਾਂਗਾ। ਇਹ ਅਸਲ ਵਿੱਚ ਤੁਹਾਡੀ ਸਿਆਣਪ ਹੈ ਕਿ ਤੁਸੀਂ ਮੇਰੇ ਪਹੁੰਚਣ ਤੋਂ ਪਹਿਲਾਂ ਇਸ ਵਿਖਾਵੇ ਲਈ ਕੋਈ ਤਿਆਰੀ ਨਹੀਂ ਕਰ ਰਹੇ।

ਅਗਲੇ ਖਤ ਵਿੱਚ ਮੈਂ ਸ਼੍ਰੀ ਮਾਨ ਆਈਡ ਨੂੰ ਲਿਖਿਆ:--

ਮੈਂ ਰਾਇਟਰਜ਼ ਅਤੇ ਹੋਰ ਦੂਸਰੇ ਅਖ਼ਬਾਰਾਂ ਵਿੱਚ ਲਿਖ ਚੁੱਕਿਆ ਹਾਂ ਕਿ ਤੁਸੀਂ ਜਮਾਨਤ ਦੇ ਪੈਸੇ ਜਮ੍ਹਾਂ ਕਰਵਾ ਦਿੱਤੇ ਹਨ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਸ ਮਹੀਨੇ ਦੇ ਅੰਤ ਤੱਕ ਤੁਸੀਂ ਇਹ ਪੈਸੇ ਚੈੱਕ ਜਾ ਡਰਾਫਟ ਰਾਹੀਂ ਮੇਰੇ ਕੋਲ ਭੇਜ ਦੇਵੋ। ਜੇਕਰ ਤੁਹਾਡੇ ਪੈਸੇ ਪਹਿਲੀ ਅਕਤੂਬਰ ਤੱਕ ਨਹੀਂ ਪਹੁੰਚਦੇ ਤਾਂ ਮੈਨੂੰ ਉਹਨਾਂ ਅਖ਼ਬਾਰਾਂ ਵਿੱਚ ਹੀ ਛਪਵਾਉਣਾ ਪਵੇਗਾ ਕਿ ਤੁਸੀਂ ਮੁਕਾਬਲੇ ਤੋਂ ਭੱਜ ਗਏ ਹੋ। ਸਥਾਨਕ ਪ੍ਰਚਾਰ ਵਾਸਤੇ ਮੈਨੂੰ ਤੁਹਾਡੀਆਂ ਇੱਕ ਦੋ ਫੋਟੋਆਂ ਦੀ ਵੀ ਲੋੜ ਹੈ।

19 ਸਤੰਬਰ ਨੂੰ ਮੈਨੂੰ ਮਿਸਟਰ ਆਈਡ ਵੱਲੋਂ ਇੱਕ ਹਜ਼ਾਰ ਰੁਪਏ ਦਾ ਚੈੱਕ ਅਤੇ ਉਸਦੀ ਫੋਟੋ ਪ੍ਰਾਪਤ ਹੋਈ। ਮੈਂ ਚੈੱਕ ਨੂੰ ਕੈਸ਼ ਕਰਵਾ ਲਿਆ ਅਤੇ ਸ਼੍ਰੀ ਲੰਕਾ ਦੇ 2274.82 ਰੁ: ਪ੍ਰਾਪਤ ਕਰ ਲਏ।

ਹੁਣ ਜੈੱਲ ਆਈਡ ਨੇ ਮੇਰੀ ਚੁਣੌਤੀ ਨੂੰ ਪੱਕੀ ਤਰ੍ਹਾਂ ਸਵੀਕਾਰ ਕਰ ਲਿਆ ਸੀ। ਮੈਂ ਇਹ ਸੂਚਨਾ ਪ੍ਰੈੱਸ ਨੂੰ ਦੇ ਦਿੱਤੀ ਅਤੇ ਚਮਤਕਾਰ ਦੇ ਪ੍ਰਦਰਸ਼ਨ ਲਈ ਬਹੁਤ ਸਾਰੇ ਤਲਾਬਾਂ ਬਾਰੇ ਲਿਖਤੀ ਤੌਰ ਤੇ ਪੁੱਛ ਗਿੱਛ ਕੀਤੀ। ਹੋਟਲ 'ਲੰਕਾ ਓਬਰਾਏ' ਨੇ ਇਸ ਨੁਮਾਇਸ਼ ਲਈ 10,000-00 ਰੁਪਏ ਅਤੇ 10% ਸੇਵਾਵਾਂ ਬਦਲੇ ਲੈਣ ਦੀ ਮੰਗ ਕੀਤੀ। ਪ੍ਰੰਤੂ 'ਜੋਸਫ ਕਾਲਜ' ਨੇ ਸਿਰਫ 750-00 ਰੁਪਏ ਵਿੱਚ ਆਪਣਾ ਤਲਾਬ ਦੇਣ ਦੀ ਪੇਸ਼ਕਸ਼ ਕੀਤੀ। ਨੁਮਾਇਸ਼ ਲਈ ਆਪਣੇ ਆਖਰੀ ਖਤ ਵਿੱਚ ਜੈੱਲ ਆਈਡ ਨੇ ਲਿਖਿਆ:--

"ਸੰਭਵ ਹੈ ਕਿ ਮੈਂ ਸ਼੍ਰੀ ਲੰਕਾ ਦੀ ਯਾਤਰਾ ਲਈ ਹਵਾਈ ਟਿਕਟ ਖਰੀਦ ਲਵਾਂ। ਇਸ ਵਿੱਚ ਦੋਵੇਂ ਪਾਸੇ ਦੇ ਸਫ਼ਰ ਅਤੇ ਹੋਟਲ 'ਨੀਗੰਬੋ' ਵਿੱਚ ਠਹਿਰਨ ਦਾ ਖਰਚਾ ਹੋਵੇਗਾ। ਇਸ ਦੀ ਕੀਮਤ 3000 'ਸਵਿੱਸ ਕਰਾਊਨਜ਼' ਹੈ, ਜਦੋਂ ਕਿ ਸ਼੍ਰੀ ਲੰਕਾ ਦੀ ਯਾਤਰਾ ਲਈ ਇੱਕ ਪਾਸੇ ਦੀ ਟਿਕਟ ਦਾ ਖਰਚਾ ਵੀ ਇਹੀ ਹੋਵੇਗਾ।

ਮੇਰੇ ਜੀਵਨ ਬਾਰੇ ਜਾਣਕਾਰੀ ਇਸ ਤਰ੍ਹਾਂ ਹੈ ਕਿ ਮੇਰੀ ਉਮਰ 29 ਸਾਲ ਦੀ ਹੈ ਅਤੇ ਮੈਂ ਸਵੀਡਨ ਦੇ ਸਮੁੰਦਰੀ ਜਹਾਜ਼ਾਂ ਵਿੱਚ ਕੰਮ ਕਰਦਾ ਰਿਹਾ ਹਾਂ। ਮੈਂ ਅਮਰੀਕਾ, ਅਫਰੀਕਾ ਅਤੇ ਆਸਟਰੇਲੀਆ ਦੀ ਯਾਤਰਾ ਤਾਂ ਕੀਤੀ ਹੈ ਪਰ ਭਾਰਤ ਦੀ ਨਹੀਂ।

ਮੈਂ ਅਲੌਕਿਕ ਸ਼ਕਤੀਆਂ ਪ੍ਰਾਪਤ ਕਰਨ ਲਈ, ਕਿਸੇ ਕਿਸਮ ਦੀ ਟਰੇਨਿੰਗ ਪ੍ਰਾਪਤ ਨਹੀਂ ਕੀਤੀ। ਮੈਂ ਇਹ ਮੰਨਦਾ ਹਾਂ ਕਿ ਕੇਵਲ ਪ੍ਰਮਾਤਮਾ ਹੀ ਮਨੁੱਖ ਨੂੰ ਅਜਿਹੀਆਂ ਸ਼ਕਤੀਆਂ ਬਖਸ਼ਦਾ ਹੈ।...ਕੇਵਲ ਮੇਰੀ ਸ਼ਾਦੀ ਨਹੀਂ ਹੋਈ।"

ਮੈਂ ਆਪਣੇ ਆਖਰੀ ਖਤ ਵਿੱਚ ਜੈੱਲ ਆਈਡ ਨੂੰ ਇਸ ਤਰ੍ਹਾਂ ਲਿਖਿਆ :

ਮੈਂ ਆਪਣੇ ਭਾਸ਼ਨ ਦੇਣ ਲਈ ਭਾਰਤ ਜਾ ਰਿਹਾ ਹਾਂ ਅਤੇ ਛੇ ਜਨਵਰੀ ਨੂੰ ਸ੍ਰੀ ਲੰਕਾ ਵਾਪਿਸ ਹੋਵਾਂਗਾ।

ਮੈਂ ਕੋਲੰਬੋ ਵਿਖੇ 12 ਫਰਵਰੀ ਦੇ 'ਚਮਤਕਾਰੀ ਪ੍ਰਦਰਸ਼ਨ' ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਹਨ। ਅੰਤਿਮ ਪ੍ਰਬੰਧ, ਜਿਨ੍ਹਾਂ ਤੇ ਹੋਰ ਪੈਸਾ ਖਰਚ ਹੋਣਾ ਹੈ ਉਹ ਮੈਂ 1 ਫਰਵਰੀ ਨੂੰ ਤੁਹਾਡੇ ਕੋਲੰਬੋ ਪਹੁੰਚਣ ਤੋਂ ਹੀ ਕਰਾਂਗਾ। ਕ੍ਰਿਪਾ ਕਰਕੇ ਇਹ ਦੱਸਣ ਦੀ ਖੇਚਲ ਕਰਨਾ ਕਿ ਤੁਸੀਂ ਮੇਰੇ ਘਰ ਠਹਿਰਨਾ ਪਸੰਦ ਕਰੋਗੇ ਜਾਂ ਹੋਟਲ ਨੀਗੰਬੋ ਵਿੱਚ ?

ਦੁਨੀਆਂ ਦੇ ਵੱਖ-ਵੱਖ ਕੋਨਿਆਂ ਤੋਂ ਲੋਕਾਂ ਨੇ ਤੁਹਾਡੇ ਇਸ ਕਾਰਨਾਮੇ ਬਾਰੇ ਮੈਥੋਂ ਪੁੱਛ ਗਿੱਛ ਕੀਤੀ ਹੈ। ਆਪਣੇ ਅਗਾਊਂ ਪ੍ਰਚਾਰ ਦੀ ਮਸ਼ਹੂਰੀ ਵਾਸਤੇ ਜੋ ਤੁਸੀਂ ਸੂਚਨਾ ਦੇਵੋਗੇ, ਉਸ ਨੂੰ ਪ੍ਰਾਪਤ ਕਰਕੇ ਮੈਂ ਖੁਸ਼ੀ ਮਹਿਸੂਸ ਕਰਾਂਗਾ।

**ਹੱਥ-ਰੇਖਾ ਗਿਆਨ**

ਜਿਸ ਵੇਲੇ ਮੈਂ 'ਪਾਣੀ ਉੱਪਰ ਚੱਲਣ' ਵਾਲੇ ਵਿਵਾਦ ਵਿੱਚ ਰੁਝਿਆ ਹੋਇਆ ਸੀ, ਤਾਂ 'ਬਾਟੀਕਾਲੋਆ' ਤੋਂ 'ਸਿੱਤੀਵਿਨਾਇਕਮ' ਨਾਂ ਦੇ ਇੱਕ ਵਿਅਕਤੀ ਨੇ ਤਾਮਿਲ ਅਖ਼ਬਾਰ ਰਾਹੀਂ ਇਹ ਐਲਾਨ ਕੀਤਾ ਕਿ ਉਹ 'ਹੱਥ ਰੇਖਾ' ਬਾਰੇ ਮੇਰੀ ਚੁਣੌਤੀ ਸਵੀਕਾਰ ਕਰਨ ਲਈ ਤਿਆਰ ਹੈ। ਮੈਂ ਉਸ ਨੂੰ 12 ਫਰਵਰੀ ਨੂੰ ਕੋਲੰਬੋ ਆਉਣ ਲਈ ਸੱਦਾ ਦਿਤਾ, ਤਾਂ ਕਿ ਪਾਣੀ ਉੱਪਰ ਚੱਲਣ ਵਾਲੇ ਚਮਤਕਾਰਾਂ ਦੇ ਨਾਲ ਹੀ, ਹੇਠ ਲਿਖਿਆਂ ਸ਼ਰਤਾਂ ਅਨੁਸਾਰ ਉਸ ਦੇ 'ਹੱਥ-ਰੇਖਾ ਵਿਗਿਆਨ' ਦੀ ਪਰਖ ਵੀ ਕੀਤੀ ਜਾ ਸਕੇ। ਮੇਰੀਆਂ ਸ਼ਰਤਾਂ ਹੇਠ ਲਿਖੀਆਂ ਸਨ :--

1. ਜੇਕਰ ਸ੍ਰੀ 'ਸਿੱਤੀਵਿਨਾਇਕਮ' ਮੇਰੇ 20 ਸਵਾਲਾਂ ਵਿੱਚੋਂ 19 ਸਵਾਲਾਂ ਦੇ ਠੀਕ ਜਵਾਬ (95%) ਦੇ ਦਿੰਦਾ ਹੈ ਅਤੇ ਪਰਖ ਤੋਂ ਇਕ ਮਹੀਨਾ ਪਹਿਲਾਂ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾ ਦਿੰਦਾ ਹੈ ਤਾਂ ਉਹ ਮੇਰੇ ਇਨਾਮ ਦਾ ਹੱਕਦਾਰ ਹੋਵੇਗਾ।
2. ਜੇਕਰ ਉਹ ਇਨਾਮ ਜਿੱਤਣ ਵਿੱਚ ਅਸਫਲ ਹੋ ਜਾਂਦਾ ਹੈ ਤਾਂ ਉਸ ਦੀ ਜ਼ਮਾਨਤ ਜਬਤ ਹੋ ਜਾਵੇਗੀ।
3. ਜੇਕਰ ਉਹ ਇਨਾਮ ਨਹੀਂ ਜਿੱਤਣਾ ਚਾਹੁੰਦਾ ਤਾਂ ਉਸ ਨੂੰ ਜ਼ਮਾਨਤ ਦੇ ਪੈਸੇ ਜਮਾਂ ਕਰਵਾਉਣ ਦੀ ਕੋਈ ਲੋੜ ਨਹੀ ਕਿਉਂਕਿ ਇਹ ਪਰਖ ਕੋਲੰਬੋ ਵਿਖੇ ਹੀ ਕੀਤੀ ਜਾਵੇਗੀ, ਜਿਸ ਉੱਪਰ ਮੇਰੇ ਵੱਲੋਂ ਕੋਈ ਵਾਧੂ ਖਰਚ ਨਹੀਂ ਕੀਤਾ ਜਾ ਰਿਹਾ।
4. ਜੇਕਰ ਆਉਣ ਵਾਲੀ ਪਰਖ ਵਿੱਚ ਉਹ 95% ਠੀਕ ਜਵਾਬ ਦੇ ਦਿੰਦਾ ਹੈ ਤਾਂ ਮੈਂ ਉਸ ਨੂੰ ਆਪਣੇ ਇਨਾਮ ਤੋਂ ਇਲਾਵਾ, ਗੱਡੀ ਦਾ ਆਉਣ ਜਾਣ ਦਾ ਫਸਟ ਕਲਾਸ ਦਾ ਕਿਰਾਇਆ ਦੇਵਾਂਗਾ।

ਜੇਕਰ ਸਿੱਤੀਵਿਨਾਇਕਮ ਇਸ ਗੱਲ ਤੇ ਬਜ਼ਿਦ ਹੈ ਕਿ ਪਰਖ 'ਬਾਟੀ—ਕਾਲੋਆ' ਵਿਖੇ ਹੀ ਕੀਤੀ ਜਾਵੇ ਤਾਂ ਮੈਂ ਅਜਿਹਾ ਵੀ ਕਰਨ ਲਈ ਤਿਆਰ ਹਾਂ। ਇਸ ਦੇ ਲਈ 12 ਫਰਵਰੀ ਤੋਂ ਬਾਅਦ ਕੋਈ ਵੀ ਤਾਰੀਖ ਰੱਖੀ ਜਾ ਸਕਦੀ ਹੈ ਅਤੇ ਇਸ ਪਰਖ ਦੀਆਂ ਹੇਠ ਲਿਖੀਆਂ ਸ਼ਰਤਾਂ ਹੋਣਗੀਆਂ:

5. ਪਰਖ ਤੋਂ ਇੱਕ ਮਹੀਨਾ ਪਹਿਲਾਂ ਉਸਨੂੰ ਜ਼ਮਾਨਤ ਦੀ ਰਕਮ ਜਮ੍ਹਾਂ ਕਰਵਾਉਣੀ ਪਵੇਗੀ, ਭਾਵੇਂ ਉਹ ਮੇਰਾ ਇਨਾਮ ਜਿੱਤਣਾ ਚਾਹੁੰਦਾ ਹੈ, ਜਾਂ ਨਹੀਂ।
6. ਪਰਖ ਕਰਵਾਉਣ ਲਈ ਲੋੜੀਂਦੇ ਸਾਰੇ ਪ੍ਰਬੰਧ ਕਰਨ ਦੀ ਜੁੰਮੇਵਾਰੀ ਉਸ ਦੀ ਹੋਵੇਗੀ।
7. ਜੇਕਰ ਉਹ 95% ਠੀਕ ਉੱਤਰ ਦੇਣ ਵਿੱਚ ਅਸਮਰਥ ਰਿਹਾ ਤਾਂ ਉਸ ਨੂੰ ਮੇਰਾ ਰੇਲ ਦਾ ਦੋਵਾਂ ਪਾਸਿਆਂ ਦਾ ਪਹਿਲੇ ਦਰਜੇ ਦਾ ਕਿਰਾਇਆ ਦੇਣਾ ਪਵੇਗਾ।

**ਭੱਜ ਨਿਕਲੇ**

ਹੋਇਆ ਇਹ ਕਿ 'ਜੈੱਲ ਆਇਡ' ਅਤੇ 'ਸਿੱਤੀਵਿਨਾਇਕਮ' ਵਿੱਚੋਂ ਕੋਈ ਵੀ ਮੇਰੀ ਚੁਣੌਤੀ ਦਾ ਸਾਹਮਣਾ ਕਰਨ ਲਈ ਨਾ ਆਇਆ। ਕਿਉਂਕਿ ਲੋਕ, ਇਹਨਾਂ ਤਰਥੱਲੀ ਪਾ ਦੇਣ ਵਾਲੀਆਂ ਪਰਖਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ, ਇਸ ਲਈ 'ਸ੍ਰੀ ਲੰਕਾ ਰੈਸ਼ਨੇਲਿਸਟ ਐਸੋਸੀਏਸ਼ਨ' ਦੇ ਜਨਰਲ ਸਕੱਤਰ ਨੂੰ ਪ੍ਰੈੱਸ ਰਾਹੀਂ ਹੇਠ ਲਿਖਿਆ ਬਿਆਨ ਦੇਣਾ ਪਿਆ :--

**ਪ੍ਰੈੱਸ ਨੋਟ**

ਸ੍ਰੀ ਲੰਕਾ ਰੈਸ਼ਨੇਲਿਸਟ ਐਸੋਸੀਏਸ਼ਨ

ਪਾਣੀ ਉੱਤਰ ਪੈਦਲ ਚੱਲਣਾ

2-2-1977

ਸਵੀਡਨ ਦਾ ਵਸਨੀਕ ਮਿ: ਜੈੱਲ ਆਇਡ. ਜਿਸ ਨੇ ਡਾ: ਇਬਰਾਹਮ ਕਾਵੂਰ ਦੇ ਇੱਕ ਲੱਖ ਰੁਪਏ ਨੂੰ ਜਿੱਤਣ ਲਈ, "ਪਾਣੀ ਉੱਪਰ ਪੈਦਲ ਚੱਲਣ" ਦੀ ਹਾਮੀ ਭਰੀ ਸੀ ਅਤੇ 1000 ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾ ਦਿੱਤੀ ਸੀ, ਕੱਲ੍ਹ ਤੱਕ ਸ਼੍ਰੀ ਲੰਕਾ ਵਿਖੇ ਨਹੀਂ ਪਹੁੰਚ ਸਕਿਆ, ਜਿਹੜੀ ਕਿ ਉਸਦੀ ਲੰਕਾ ਵਿਖੇ ਪਹੁੰਚਣ ਦੀ ਆਖਰੀ ਮਿਤੀ ਸੀ। ਇਸ ਆਖਰੀ ਮਿਤੀ ਨੂੰ ਲੰਕਾ ਪਹੁੰਚਣ ਤੋਂ ਬਾਅਦ ਹੀ ਉਸ ਦੇ 'ਚਮਤਕਾਰੀ ਪ੍ਰਦਰਸ਼ਨ' ਲਈ ਲੋੜੀਂਦੇ ਪ੍ਰਬੰਧ ਮੁਕੰਮਲ ਕੀਤੇ ਜਾਣੇ ਸਨ, ਜੋ ਕਿ 12 ਫਰਵਰੀ ਨੂੰ ਉਸ ਨੇ 'ਜੋਸਫ ਕਾਲਜ' ਦੇ ਤਲਾਬ ਵਿਖੇ ਕਰਨਾ ਸੀ।

ਇਹ ਦੂਸਰਾ ਮੌਕਾ ਹੈ ਜਦੋਂ ਕਿ ਡਾ: ਕਾਵੂਰ ਆਪਣੀ 15 ਸਾਲ ਪੁਰਾਣੀ ਚੁਣੌਤੀ ਰਾਹੀਂ, ਅਜਿਹੇ ਲੋਕਾਂ ਤੋਂ ਸ਼ਰਤਾਂ ਦੇ ਪੈਸੇ ਜਿੱਤ ਰਿਹਾ ਹੈ, ਜਿਹੜੇ ਭੂਤ-ਪ੍ਰੇਤ, ਜਾਦੂ-ਟੂਣੇ, ਮਾਨਸਿਕ, ਅਧਿਆਤਮਿਕ, ਰੂਹਾਨੀ ਤਾਕਤਾਂ ਅਤੇ ਅਲੌਕਿਕ ਸ਼ਕਤੀਆਂ ਦਾ ਦਾਅਵਾ ਕਰਦੇ ਹਨ। ਡਾ: ਕਾਵੂਰ, ਅੱਜ ਤੱਕ ਇਹਨਾਂ ਚੁਣੌਤੀਆਂ ਵਿੱਚ ਇੱਕ ਪੈਸਾ ਵੀ ਨਹੀਂ ਹਾਰਿਆ। ਪਹਿਲਾਂ ਉਸ ਨੇ ਬੰਗਲੌਰ ਦੇ ਇੱਕ ਵਿਅਕਤੀ 'ਡਾ: ਜੀ. ਵੈਂਕਟਾ ਰਾਓ' ਤੋਂ 1000 ਰੁ: ਜਿੱਤੇ ਸਨ। ਇਸ ਵਿਅਕਤੀ ਦਾ ਦਾਅਵਾ ਸੀ ਕਿ 'ਮੈਸੂਰ ਵਿੱਚ, ਪਾਂਡਵਪੁਰ ਵਿਖੇ 'ਸਾਈਂ ਕ੍ਰਿਸ਼ਨਾ' ਨਾਂ ਦਾ ਇੱਕ ਸੱਤ ਸਾਲਾ ਲੜਕਾ ਹੈ, ਜੋ ਕਿ ਅਲੌਕਿਕ ਸ਼ਕਤੀਆਂ ਦਾ ਵਿਖਾਵਾ ਕਰ ਸਕਦਾ ਹੈ।

'ਸਾਈਂ ਕ੍ਰਿਸ਼ਨਾ' ਬਾਰੇ, ਸਾਈਂ ਬਾਬਾ ਅਤੇ ਉਸ ਦੇ ਸ਼ਰਧਾਲੂ ਇਹ ਪ੍ਰਚਾਰ ਕਰਦੇ ਹਨ ਕਿ ਉਹ 'ਸ਼੍ਰੀ ਕ੍ਰਿਸ਼ਨ' ਦਾ ਅਵਤਾਰ ਹੈ। ਪਿਛਲੇ ਸਾਲ ਬੰਗਲੌਰ ਯੂਨੀਵਰਸਿਟੀ ਦੀ ਖੋਜ ਕਮੇਟੀ ਨੇ ਸਾਈਂ ਕ੍ਰਿਸ਼ਨਾ ਦੀਆਂ 'ਅਲੌਕਿਕ ਸ਼ਕਤੀਆਂ' ਪਿੱਛੇ ਕੰਮ ਕਰ ਰਹੇ ਫ਼ਰੇਬ ਨੂੰ ਨੰਗਿਆਂ ਕੀਤਾ ਸੀ।

ਡਾ: ਕਾਵੂਰ ਨੂੰ ਇਹ ਪੱਕਾ ਵਿਸ਼ਵਾਸ ਹੈ ਕਿ 'ਸਤਿਆ ਸਾਈਂ ਬਾਬਾ' ਦੇ ਛਲਾਵੇ ਦਾ ਪਰਦਾ ਫਾਸ਼ ਵੀ ਛੇਤੀ ਹੀ ਹੋ ਜਾਵੇਗਾ। ਇਹ ਕੰਮ ਉਸਦੀ ਪ੍ਰਧਾਨਗੀ ਹੇਠਲੀ "ਸਾਈਂ ਬਾਬਾ ਐਕਸਪੋਜ਼ਰ ਕਮੇਟੀ" ਦੁਆਰਾ ਕੀਤਾ ਜਾਵੇਗਾ, ਜਿਸ ਵਿੱਚ ਕਿ ਭਾਰਤ ਦੇ ਪ੍ਰਸਿੱਧ ਸਾਇੰਸਦਾਨ ਅਤੇ ਯੂਨੀਵਰਸਿਟੀ ਦੇ ਬੁੱਧੀ-ਜੀਵੀ ਸ਼ਾਮਿਲ ਹਨ।

ਸਹੀ: ਬੰਦੂ ਪਰੇਰਾ,
ਜਨਰਲ ਸਕੱਤਰ,
ਸ਼੍ਰੀ ਲੰਕਾ ਰੈਸ਼ਨੇਲਿਸਟ ਐਸੋਸੀਏਸ਼ਨ।

# ਸਾਈਂ ਬਾਬਾ ਦੀ ਤਸਵੀਰ ਉੱਤੇ ਰਾਖ਼

ਸ੍ਰੀ ਲੰਕਾ ਰੈਸ਼ਨੇਲਿਸਟ ਐਸੋਸੀਏਸ਼ਨ ਦਾ ਇੱਕ ਮੈਂਬਰ ਮਿਸਟਰ 'ਲਾਲ ਫਰਨੈਂਡੋ', ਮੈਨੂੰ ਜਨਰਲ ਹਸਪਤਾਲ ਵਿੱਚ ਮਿਲਣ ਲਈ ਆਇਆ, ਜਿਥੇ ਕਿ ਮੈਂ ਆਪਣੇ ਮਸਾਨੇ ਦਾ ਕੈਂਸਰ ਦਾ ਇਲਾਜ ਕਰਵਾ ਰਿਹਾ ਸੀ। ਗੱਲ ਬਾਤ ਦੌਰਾਨ ਉਸਨੇ ਮੈਨੂੰ ਦੱਸਿਆ ਕਿ ਕੋਲੰਬੋ ਦੇ ਇੱਕ ਅਮੀਰ ਹਿੰਦੂ ਦੇ ਘਰ ਸਾਈਂ ਬਾਬਾ ਦੀ ਤਸਵੀਰ ਵਿੱਚੋਂ 'ਪਵਿੱਤਰ ਰਾਖ਼' ਕਿਵੇਂ ਡਿੱਗਦੀ ਹੈ। ਉਸਨੇ ਮੈਨੂੰ ਉਹ ਰਾਖ਼ ਵੀ ਦਿਖਾਈ। ਇਹ ਰਾਖ਼ ਉਸਨੇ ਉਸ ਵੇਲੇ ਇਕੱਠੀ ਕੀਤੀ ਸੀ, ਜਦੋਂ ਉਹ ਚਮਤਕਾਰ ਦੇਖਣ ਲਈ ਆਪ ਉਸ ਦੇ ਘਰ ਵਿਖੇ ਗਿਆ ਸੀ।

ਜਿਸ ਆਦਮੀ ਦੇ ਘਰ ਉਪਰੋਕਤ 'ਚਮਤਕਾਰ' ਹੋ ਰਿਹਾ ਸੀ, ਉਸ ਆਦਮੀ ਅਤੇ ਮੇਰੇ ਵਿਚਕਾਰ ਜੋ ਪੱਤਰ-ਵਿਹਾਰ ਹੋਇਆ, ਉਹ ਪਾਠਕਾਂ ਨੂੰ ਇਹ ਸਮਝਣ ਵਿੱਚ ਮਦਦ ਦੇਵੇਗਾ ਕਿ 'ਸਾਈਂ ਬਾਬਾ ਦੀ ਫੋਟੋ ਵਿੱਚੋਂ ਰਾਖ਼ ਡਿੱਗਣ' ਦਾ ਜੋ ਚਮਤਕਾਰ ਸੀ, ਉਸ ਦੇ ਪਿੱਛੇ ਕੀ ਰਹੱਸ ਸੀ ?

ਜਨਰਲ ਹਸਪਤਾਲ, ਕੋਲੰਬੋ
29—7—1977

ਸੇਵਾ ਵਿੱਚ

ਮਿਸਟਰ ਕਾਰਥੀਜੀਸਨ
69/1, ਵਾਰਡ ਪਲੇਸ
ਕੋਲੰਬੋ – 7

ਪਿਆਰੇ ਸ੍ਰੀ ਮਾਨ ਜੀ,

ਮੈਨੂੰ ਪਤਾ ਹੈ ਤੁਹਾਡੇ ਘਰ ਵਿਖੇ ਸਾਈਂ ਬਾਬਾ ਦੀ ਤਸਵੀਰ ਵਿੱਚੋਂ ਰਹੱਸਮਈ ਢੰਗ ਨਾਲ 'ਪਵਿੱਤਰ ਰਾਖ਼' ਡਿੱਗਦੀ ਹੈ। ਕਿਉਂਕਿ ਮੈਂ ਇੱਕ ਅਜਿਹਾ ਵਿਅਕਤੀ ਹਾਂ, ਜੋ ਕਿ ਪਰਾ-ਭੌਤਿਕ ਘਟਨਾਵਾਂ ਦੀ ਖੋਜ ਕਰਨ ਵਿੱਚ ਦਿਲਚਸਪੀ ਰੱਖਦਾ ਹਾਂ। ਇਸ ਲਈ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਮੈਨੂੰ ਇਸ ਰਹੱਸ ਦੀ ਪੜਤਾਲ ਕਰਨ ਦਾ ਮੌਕਾ ਦੇਵੋਗੇ ?

ਸੱਚਾਈ ਦੀ ਭਾਲ ਵਿੱਚ ਤੁਹਾਡਾ,
ਸਹੀ/- ਇਬਰਾਹਮ ਟੀ. ਕਾਵੂਰ

---

ਸੀ. ਕਾਰਥੀਜੀਸਨ

69/1 ਵਾਰਡ ਪਲੇਸ,ਕੋਲੰਬੋ–7
2 ਅਗਸਤ,1977

ਡਾ. ਏ. ਟੀ. ਕਾਵੂਰ, ਪ੍ਰਧਾਨ,
ਸ੍ਰੀ ਲੰਕਾ ਰੈਸ਼ਨੇਲਿਸਟ ਐਸੋਸੀਏਸ਼ਨ,
ਕੋਲੰਬੋ।

ਪਿਆਰੇ ਸ੍ਰੀ ਮਾਨ ਜੀ,

29 ਜੁਲਾਈ, 1977 ਦੇ ਤੁਹਾਡੇ ਖਤ ਦੇ ਜੁਆਬ ਵਿੱਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਗੱਲ ਬਿਲਕੁਲ ਸੱਚੀ ਹੈ ਕਿ ਮੇਰੇ ਘਰ ਸਾਈਂ ਬਾਬਾ ਦੀ ਤਸਵੀਰ ਵਿੱਚੋਂ 'ਪਵਿੱਤਰ ਰਾਖ਼' ਡਿੱਗਦੀ ਹੈ।

ਮੈਨੂੰ ਇਹ ਨਹੀਂ ਪਤਾ ਕਿ ਤੁਸੀਂ ਕਿਸ ਕਿਸਮ ਦੀ ਪੜਤਾਲ ਕਰਨਾ ਚਾਹੁੰਦੇ ਹੋ ? ਮੇਰੇ ਘਰ ਦੋਸਤ 'ਲਾਲ ਫਰਨੈਂਡੋ' ਦੀ ਤਰ੍ਹਾਂ ਹੀ, ਜੇਕਰ ਤੁਸੀਂ ਵੀ ਤਸਵੀਰ ਨੂੰ ਆਪਣੇ ਹੱਥ ਵਿੱਚ ਫੜ ਕੇ ਵੇਖਣਾ ਚਾਹੋਗੇ ਕਿ ਇਸ ਦੇ ਪਿੱਛੇ ਕੋਈ ਰਾਖ਼ ਦੀ ਥੈਲੀ ਤਾਂ ਨਹੀਂ ਲਟਕਾਈ ਹੋਈ, ਤਾਂ ਮੈਂ ਅਜਿਹੀ ਪੜਤਾਲ ਕਰਵਾਉਣ ਲਈ ਰਜ਼ਾਮੰਦ ਨਹੀਂ ਹੋ ਸਕਦਾ।

ਇੱਕ ਦੋ ਹੋਰ ਗੱਲਾਂ ਸਮੇਤ, ਇਹ ਮੇਰੀ ਪਤਨੀ ਦਾ ਨਿੱਜੀ ਵਰਤਾਰਾ ਹੈ। ਮੇਰੀ ਪਤਨੀ ਹੁਣੇ ਹੀ ਬੰਗਲੌਰ ਦੇ ਨੇੜੇ ਸਾਈਂ ਬਾਬਾ ਦੇ ਆਸ਼ਰਮ ਵਿੱਚ ਉਸਦੇ ਦਰਸ਼ਨ ਕਰਕੇ ਆਈ ਹੈ।ਬੇਸ਼ੱਕ ਸਾਨੂੰ ਦੋਵਾਂ ਨੂੰ ਪਹਿਲਾਂ ਇਸਦੇ ਸਬੰਧ ਵਿੱਚ ਸ਼ੰਕਾ ਸੀ, ਪ੍ਰੰਤੂ ਹੁਣ ਇਹ ਸਾਡੇ ਦੋਹਾਂ ਦੇ ਹੀ ਵਿਸ਼ਵਾਸ ਦਾ ਮਸਲਾ ਹੈ। ਸਾਡਾ ਇੰਝ ਕਰਨ ਦਾ ਮੰਤਵ ਇਹ ਨਹੀਂ ਕਿ ਅਸੀਂ ਦੂਜੇ ਲੋਕਾਂ ਦਾ ਸਾਈਂ ਬਾਬਾ ਵਿੱਚ ਵਿਸ਼ਵਾਸ ਕਾਇਮ ਕਰ ਰਹੇ ਹਾਂ।

ਦੂਸਰੇ ਪਾਸੇ, ਜੇਕਰ ਤੁਸੀਂ ਇਸ ਚਮਤਕਾਰ ਨਾਲ ਸਬੰਧਿਤ ਘਟਨਾਵਾਂ ਨੂੰ ਸੁਨਣ ਵਿੱਚ ਦਿਲਚਸਪੀ ਰੱਖਦੇ ਹੋ ਅਤੇ ਇਹ ਪਤਾ ਲਗਾਉਣਾ ਚਾਹੁੰਦੇ ਹੋ ਕਿ ਇਹਨਾਂ ਦੇ ਵਾਪਰਨ ਦਾ ਕੀ ਕਾਰਨ ਹੈ, ਤਾਂ ਅਸੀਂ ਤੁਹਾਨੂੰ 'ਜੀ ਆਇਆਂ' ਕਹਿੰਦੇ ਹਾਂ। ਅਜਿਹੀ ਸੂਰਤ ਵਿੱਚ ਮੈਂ ਇਹ ਚਾਹਾਂਗਾ ਕਿ ਤੁਸੀਂ ਮੇਰੇ ਨਾਲ ਟੈਲੀਫੋਨ ਤੇ ਸਮਾਂ ਨਿਸ਼ਚਿਤ ਕਰ ਲਵੋ।

ਤੁਹਾਡਾ ਹਿਤੂ,
ਸਹੀ/- ਕਾਰਥੀਜੀਸਨ

"ਤਿਰੂਵਾਲਾ",
89,ਪਾਮਨਕਾਡਾ ਲੇਨ.
ਕੋਲੰਬੋ – 6
10—8—1977

---

ਸੇਵਾ ਵਿੱਚ,

ਮਿ. ਸੀ. ਕਾਰਥੀਜੀਸਨ'
69/1 ਵਾਰਡ ਪਲੇਸ'
ਕੋਲੰਬੋ – 7

ਪਿਆਰੇ ਸ਼੍ਰੀ ਮਾਨ ਜੀ,

ਦੋ ਅਗਸਤ ਦੇ ਖਤ ਲਈ ਤੁਹਾਡਾ ਧੰਨਵਾਦ। ਮੇਰੀ ਦਿਲਚਸਪੀ ਇਸ ਵਿਸ਼ੇ ਵਿੱਚ ਇਸ ਕਰਕੇ ਵਧੀ ਹੈ ਕਿਉਂਕਿ ਮੇਰੇ ਮਿੱਤਰ 'ਲਾਲ ਫਰਨੈਂਡੋ' ਨੇ ਮੈਨੂੰ ਇਹ ਯਕੀਨ ਦਵਾਇਆ ਹੈ ਕਿ ਤੁਹਾਡੇ ਘਰ ਵਿੱਚ ਕਿਸੇ ਕਿਸਮ ਦਾ ਧੋਖਾ ਹੋਣ ਦਾ ਸ਼ੱਕ ਨਹੀਂ ਕੀਤਾ ਜਾ ਸਕਦਾ। 'ਵਸਤੂਆਂ ਦੇ ਆਪਣੇ ਆਪ ਪ੍ਰਗਟ ਹੋਣ' ਦਾ ਜੋ ਵਰਤਾਰਾ ਹੈ, ਮੈਂ ਇਸ ਵਿੱਚ ਦਿਲਚਸਪੀ ਰੱਖਦਾ ਹਾਂ ਕਿਉਂਕਿ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਇਹ ਸਭ ਕੁੱਝ ਕਿਵੇਂ ਵਾਪਰਦਾ ਹੈ ? ਜੇਕਰ ਤੁਸੀਂ ਮੈਨੂੰ ਇਸ ਦੀ ਪੜਤਾਲ ਕਰਨ ਦਾ ਮੌਕਾ ਦੇਵੋ, ਤਾਂ ਮੈਨੂੰ ਬੇਹੱਦ ਖੁਸ਼ੀ ਹੋਵੇਗੀ।

ਸੱਚਾਈ ਦੀ ਭਾਲ ਵਿੱਚ ਤੁਹਾਡਾ,
ਸਹੀ- ਇਬਰਾਹਮ ਟੀ. ਕਾਵੂਰ।

---

ਸੀ. ਕਾਰਥੀਜੀਸਨ

69—1 ਵਾਰਡ ਪਲੇਸ,
ਕੋਲੰਬੋ—7
13,ਅਗਸਤ, 1977

ਡਾ: ਇਬਰਾਹਮ ਟੀ. ਕਾਵੂਰ,
ਕੋਲੰਬੋ—6
ਸ਼੍ਰੀ ਮਾਨ ਜੀ,

ਤੁਹਾਡਾ 10—8—1977 ਦਾ ਖਤ ਮਿਲਿਆ । ਇਸ ਵਿਸ਼ੇ ਤੇ ਕਿ 'ਤੁਸੀਂ ਇਸ ਰਹੱਸਮਈ ਵਰਤਾਰੇ ਦੀ ਪੜਤਾਲ ਕਰਨ ਦੀ ਇੱਛਾ ਰੱਖਦੇ ਹੋ', ਮੈਂ ਦੋ ਅਗਸਤ ਦੇ ਆਪਣੇ ਖਤ ਵਿੱਚ ਲਿਖੀਆਂ ਗੱਲਾਂ ਤੋਂ ਵੱਧ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ।

ਪਰ ਫਿਰ ਵੀ, ਕਿਉਂਕਿ ਇਸ ਤਸਵੀਰ ਤੇ ਇਸ ਉੱਪਰ ਪ੍ਰਗਟ ਹੋਣ ਵਾਲੀ 'ਪਵਿੱਤਰ ਰਾਖ਼' ਦਾ ਵਿਸ਼ਾ ਅਤੇ ਇਸ ਮਾਮਲੇ ਤੇ ਮੇਰੇ ਨਾਲ ਗੱਲ-ਬਾਤ ਕਰਨਾ, ਤੁਹਾਡੇ ਲਈ ਵਿਸ਼ੇਸ਼ ਲਾਹੇਵੰਦ ਹੈ ਅਤੇ ਤੁਸੀਂ ਇਸ ਗੱਲ ਦਾ ਨਿਤਾਰਾ ਵੀ ਕਰਨਾ ਚਾਹੁੰਦੇ ਹੋ, ਇਸ ਲਈ ਮੈਂ ਤੁਹਾਨੂੰ ਕੁਝ ਲੋੜੀਂਦੀ ਜਾਣਕਾਰੀ ਦੇਣਾ ਚਾਹੁੰਦਾ ਹਾਂ।

ਇਹ ਤਸਵੀਰ, ਬੰਗਲੌਰ ਆਸ਼ਰਮ ਦੇ ਦਰਵਾਜੇ ਨੇੜੇ, ਸੜਕ ਉੱਪਰ ਤਸਵੀਰਾਂ ਵੇਚਣ ਵਾਲੇ ਇੱਕ ਵਿਅਕਤੀ ਕੋਲੋਂ ਖਰੀਦੀ ਗਈ ਸੀ। ਇਹ ਇੱਕ ਯਾਦਗਾਰ ਦੇ ਤੌਰ ਤੇ ਖਰੀਦੀ ਗਈ ਸੀ ਤੇ ਉਂਝ ਵੀ ਇੱਕ ਯਾਦਗਾਰ ਹੀ ਸੀ। ਇਹ ਤਸਵੀਰ ਮੇਰੀ ਪਤਨੀ ਦੇ ਕਮਰੇ ਦੀ ਅਲਮਾਰੀ ਵਿੱਚ ਰੱਖ ਦਿੱਤੀ ਗਈ ਸੀ। ਅਜਿਹੀ ਕੋਈ ਆਸ ਨਹੀਂ ਸੀ ਕਿ ਇਸ ਤਸਵੀਰ ਤੋਂ ਕੋਈ ਰਹੱਸਮਈ ਗੱਲ ਵਾਪਰੇਗੀ। ਅਗਲੀ ਸਵੇਰ ਜਦੋਂ ਅਸੀਂ ਕਮਰਾ ਖੋਲ੍ਹਿਆ ਤਾਂ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ

ਅਸੀਂ ਤਸਵੀਰ ਤੋਂ 3-4 ਫੁੱਟ ਹੇਠਾਂ ਦਰਵਾਜੇ ਦੇ ਕਿਨਾਰਿਆਂ ਤੱਕ 'ਪਵਿੱਤਰ ਰਾਖ਼' ਡਿੱਗੀ ਪਈ ਦੇਖੀ। ਕੁਝ ਰਾਖ਼ ਫ਼ਰਸ਼ ਤੇ ਵੀ ਡਿੱਗੀ ਹੋਈ ਸੀ।

ਦਿਲਚਸਪੀ ਵਾਲੀ ਦੂਸਰੀ ਗੱਲ ਇਹ ਹੈ ਕਿ ਇੱਕ ਵਾਰ ਮੇਰੀ ਪਤਨੀ ਨੂੰ ਅਚਾਨਕ ਚੋਟ ਆ ਗਈ। ਉਹ ਕਾਫੀ ਬਿਮਾਰ ਹੋ ਗਈ ਤੇ ਉਹ ਹਸਪਤਾਲ ਵਿੱਚ ਰਹੀ। ਦਾਖਲ ਹੋਣ ਤੇ ਦੋ-ਤਿੰਨ ਦਿਨ ਬਾਅਦ ਉਸਨੇ ਮੈਨੂੰ ਦੱਸਿਆ ਕਿ ਸਾਈਂ ਬਾਬਾ ਨੇ ਉਸਨੂੰ ਸੁਪਨੇ ਵਿੱਚ ਕਈ ਹੋਰ ਚੀਜ਼ਾਂ ਤੋਂ ਇਲਾਵਾ, ਇਹ ਵੀ ਦੱਸਿਆ ਹੈ ਕਿ 'ਅਲਮਾਰੀ ਵਿਚਲੀ ਸਾਈਂ ਬਾਬਾ ਦੀ ਤਸਵੀਰ ਤੋਂ ਰਾਖ਼ ਡਿੱਗਣੀ ਬੰਦ ਹੋ ਗਈ ਹੈ। ਪਰੰਤੂ ਮੇਰੇ ਘਰ ਵਾਪਸ ਪਰਤਣ ਤੇ ਇਹ ਮੁੜ ਉਸੇ ਤਰ੍ਹਾਂ ਸ਼ੁਰੂ ਹੋ ਜਾਵੇਗੀ। ਮੈਂ ਅਲਮਾਰੀ ਦੀ ਤਲਾਸ਼ੀ ਲਈ। ਉਥੇ ਕੋਈ ਰਾਖ਼ ਨਹੀਂ ਸੀ। ਉਸ ਤੋਂ ਪਿੱਛੋਂ ਕਈ ਵਾਰੀ ਮੈਂ ਅਲਮਾਰੀ ਦੀ ਤਲਾਸ਼ੀ ਲਈ ਪਰੰਤੂ ਮੈਨੂੰ ਰਾਖ਼ ਦਿਖਾਈ ਨਹੀਂ ਦਿੱਤੀ ਤਿੰਨ ਮਹੀਨੇ ਬਾਅਦ, ਜਦ ਮੇਰੀ ਪਤਨੀ ਘਰ ਵਾਪਸ ਆਈ ਤਾਂ ਉਸੇ ਸਵੇਰ, 'ਪਵਿੱਤਰ ਰਾਖ਼' ਫਿਰ ਪ੍ਰਗਟ ਹੋ ਗਈ। ਘਟਨਾ ਉਸੇ ਤਰ੍ਹਾਂ ਵਾਪਰਦੀ ਰਹੀ।

ਇਹ ਰਹੱਸ ਦੀ ਪੜਤਾਲ ਕਰਨ ਵਿੱਚ ਮੈਂ ਤੁਹਾਡੀ ਪੂਰੀ ਤਰ੍ਹਾਂ ਮੱਦਦ ਕਰਨ ਲਈ ਤਿਆਰ ਹਾਂ ਕਿਉਂਕਿ ਇਹ ਤਸਵੀਰ ਸਾਡੇ ਲਈ ਬਹੁਤ ਹੀ 'ਪਵਿੱਤਰ' ਬਣ ਗਈ, ਇਸ ਲਈ ਅਸੀਂ ਕਿਸੇ ਨੂੰ ਵੀ ਇਸ ਤਸਵੀਰ ਨੂੰ ਹੱਥ ਲਾਉਣ ਦੀ ਇਜਾਜ਼ਤ ਨਹੀਂ ਦੇਵਾਂਗੇ।

ਤੁਹਾਡਾ ਹਿੱਤੂ,<br>
ਸਹੀ—ਸੀ. ਕਾਰਥੀਜੀਸਨ

---

"ਤਿਰੂਵਾਲਾ",<br>
89, ਪਾਮਨਕਾਡਾ ਲੇਨ.<br>
ਕੋਲੰਬੋ – 6<br>
28--8—1977

ਸੇਵਾ ਵਿਖੇ

ਮਿ. ਸੀ. ਕਾਰਥੀਜੀਸਨ'<br>
69—ਵਾਰਡ ਪਲੇਸ'<br>
ਕੋਲੰਬੋ – 7<br>
ਗੁਪਤ

ਪਿਆਰੇ ਸ਼੍ਰੀਮਾਨ ਕਾਰਥੀਜੀਸਨ,

13 ਅਗਸਤ ਦੇ ਤੁਹਾਡੇ ਖਤ ਲਈ ਧੰਨਵਾਦ। ਮੈਂ ਤੁਹਾਨੂੰ ਪਹਿਲਾਂ ਖਤ ਇਸ ਲਈ ਨਹੀਂ ਲਿਖ ਸਕਿਆ ਕਿਉਂਕਿ ਮੈ ਬਿਮਾਰ ਸੀ ਅਤੇ ਹਸਪਤਾਲ ਵਿੱਚ ਦਾਖਲ ਸੀ। ਮੈਂ ਤੁਹਾਡੀ ਪਤਨੀ ਦੀ ਖਤਰਨਾਕ ਹਾਲਤ ਬਾਰੇ ਚੇਤਾਵਨੀ ਦੇ ਰਿਹਾ ਹਾਂ ਕਿ ਜੇਕਰ ਤੁਸੀਂ ਉਸਦੇ ਪ੍ਰਤੀ ਕੋਈ ਅਣਗਹਿਲੀ ਕੀਤੀ ਤਾਂ ਉਹ ਕਿਸੇ ਗੰਭੀਰ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਸਕਦੀ ਹੈ। ਮੈਨੂੰ ਡਰ ਹੈ ਕਿ ਜਿੱਥੇ ਤੱਕ ਮੇਰਾ ਖਿਆਲ ਹੈ, ਉਹ ਤੰਤੂ-ਵਿਕਾਰ ਦੀ ਸ਼ਿਕਾਰ ਹੈ।

ਕਿਉਂਕਿ ਮੈਂ ਪ੍ਰੇਤ-ਆਤਮਾਵਾਂ ਨਾਲ ਸਬੰਧਿਤ ਸੈਂਕੜੇ ਵਰਤਾਰਿਆਂ ਦੀ ਪੜਤਾਲ ਕੀਤੀ ਹੈ, ਇਸ ਲਈ ਮੇਰਾ ਖ਼ਿਆਲ ਹੈ ਕਿ ਤੁਹਾਡੇ ਘਰ ਵਿਖੇ ਸਾਈਂ ਬਾਬਾ ਦੀ ਤਸਵੀਰ ਵਿੱਚੋਂ ਰਾਖ਼ ਪ੍ਰਗਟ ਹੋਣ ਵਾਲਾ ਕਥਿਤ 'ਚਮਤਕਾਰ', ਤੁਹਾਡੀ ਪਤਨੀ ਦੀਆਂ ਉਹਨਾਂ ਕਾਰਵਾਈਆਂ ਦਾ ਹੀ ਸਿੱਟਾ ਹੈ, ਜੋ ਉਸਨੇ ਵਹਿਮ ਅਤੇ ਤੰਤੂ-ਵਿਕਾਰ ਦੇ ਵੱਸ ਹੋ ਕੇ ਅਚੇਤ ਤੌਰ ਤੇ ਕੀਤੀਆਂ ਹਨ।

ਜੇਕਰ ਤੁਸੀਂ ਇਸ ਤਸਵੀਰ ਨੂੰ ਕੁੱਝ ਦਿਨਾਂ ਲਈ ਆਪਣੀ ਪਤਨੀ ਤੋਂ ਦੂਰ ਕਿਤੇ ਲੁਕੋ ਦੇਵੋ ਤਾਂ ਤੁਸੀਂ ਇਸ ਕਥਿਤ 'ਚਮਤਕਾਰ' ਵਿੱਚ, ਆਪਣੀ ਪਤਨੀ ਵੱਲੋ ਨਿਭਾਈ ਜਾਂਦੀ ਭੂਮਿਕਾ ਨੂੰ ਆਪਣੇ ਅੱਖੀਂ ਵੇਖ ਸਕੋਗੇ। ਜੇ ਤੁਸੀਂ 'ਅਪਵਿੱਤਰ' ਹੋਣ ਦੇ ਡਰ ਤੋਂ, ਇਸ ਰਹੱਸ ਤੋਂ ਦੂਰ ਹੀ ਰਹੇ ਤਾਂ ਤੁਸੀਂ ਆਪਣੀ ਅਣਗਹਿਲੀ ਦੇ ਸਦਕਾ ਆਪਣੀ ਪਤਨੀ ਨੂੰ ਮਾਨਸਿਕ ਰੋਗਣ ਹੋਣ ਦੀ ਇਜ਼ਾਜਤ ਦੇ ਰਹੋ ਹੋਵੋਗੇ।

ਇਸ ਮਸਲੇ ਵਿੱਚ ਜੇਕਰ ਤੁਹਾਨੂੰ ਮੇਰੀ ਮੱਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਜ਼ਰੂਰ ਦੱਸਣਾ। 'ਪ੍ਰੇਤਾਂ ਦੇ ਸ਼ਿਕਾਰ' ਅਜਿਹੇ ਸੈਂਕੜੇ ਲੋਕਾਂ ਨੂੰ ਮੈਂ ਫਿਰ ਤੋਂ ਠੀਕ ਕੀਤਾ ਹੈ।

ਕਿਰਪਾ ਇਸ ਗੱਲ ਦਾ ਖਿਆਲ ਰੱਖਣਾ ਕਿ ਤੁਹਾਡੀ ਪਤਨੀ ਨੂੰ ਮੈਂ ਜੋ ਬਿਮਾਰੀ ਦੱਸੀ ਹੈ, ਉਸ ਦਾ ਜ਼ਿਕਰ ਆਪਣੀ ਪਤਨੀ ਕੋਲ ਬਿਲਕੁਲ ਨਾ ਕਰਨਾ। ਨਹੀਂ ਤਾਂ ਉਸ ਦਾ ਅਚਾਨਕ ਪਰਦਾਫਾਸ਼ ਹੋ ਜਾਣ ਕਾਰਨ, ਉਸ ਤੇ ਬੁਰਾ ਪ੍ਰਭਾਵ ਪੈ ਸਕਦਾ ਹੈ।

ਤੁਹਾਡਾ ਹਿਤੂ,
ਸਹੀ—ਇਬਰਾਹਮ ਟੀ. ਕਾਵੂਰ

-----------------------------------------

ਸੀ. ਕਾਰਥੀਜੀਸਨ

69—1, ਵਾਰਡ ਪਲੇਸ'
ਕੋਲੰਬੋ – 7
6 ਸਤੰਬਰ, 1977

ਸੇਵਾ ਵਿਖੇ

ਡਾ. ਇਬਰਾਹਮ ਟੀ. ਕਾਵੂਰ
ਪ੍ਰਧਾਨ
ਸ਼੍ਰੀ ਲੰਕਾ ਰੈਸ਼ਨੇਲਿਸਟ ਐਸੋਸੀਏਸ਼ਨ,
ਕੋਲੰਬੋ।

ਪਿਆਰੇ ਸ਼੍ਰੀਮਨ ਜੀ,

28 ਅਗਸਤ ਦੇ ਤੁਹਾਡੇ ਪੱਤਰ ਨੇ ਮੈਨੂੰ ਗਹਿਰਾ ਸਦਮਾ ਪਹੁੰਚਾਇਆ ਹੈ। ਜਦੋਂ ਮੈਂ ਆਪਣੇ ਘਰ ਵਿਖੇ 'ਸਾਈਂ ਬਾਬਾ ਦੀ ਤਸਵੀਰ ਵਿੱਚੋਂ ਪ੍ਰਗਟ ਹੋ ਰਹੀ ਰਾਖ਼' ਦੇ ਰਹੱਸ ਦੀ ਪੜਤਾਲ ਕਰਨ ਦੀ ਤੁਹਾਡੀ ਬੇਨਤੀ ਨੂੰ ਭਰਵਾਂ ਹੁੰਗਾਰਾ ਦੇ ਰਿਹਾ ਸੀ ਤਾਂ ਮੈਂ ਤੁਹਾਨੂੰ ਸ਼੍ਰੀ ਲੰਕਾ ਦੀ ਰੈਸ਼ਨੇਲਿਸਟ ਐਸੋਸੀਏਸ਼ਨ ਦਾ ਪ੍ਰਧਾਨ ਸਮਝਦੇ ਹੋਏ, ਇਸ ਘਟਨਾ ਦੀ ਠੀਕ ਪੜਤਾਲ ਕਰਨ ਦੀ ਤੁਹਾਡੀ ਇੱਛਾ ਦਾ ਸਤਿਕਾਰ ਕੀਤਾ। ਪਰੰਤੂ, ਬਜਾਏ ਇਸ ਦੇ ਕਿ ਮੇਰੇ ਸੱਦੇ ਤੇ ਤੁਸੀਂ ਇਸ ਦੀ ਪੜਤਾਲ ਲਈ ਆਉਂਦੇ ਅਤੇ ਜੋ ਕੁਝ ਸਬੂਤ ਪ੍ਰਾਪਤ ਹੁੰਦੇ ਉਹਨਾਂ ਸੰਬੰਧੀ ਮੇਰੇ ਨਾਲ ਬਹਿਸ ਕਰਦੇ, ਤੁਸੀਂ ਮੇਰੀ ਪਤਨੀ ਦੀ ਕਲਪਿਤ ਬਿਮਾਰੀ ਲੱਭਣ ਲੱਗ ਪਏ । ਤੁਸੀਂ ਨਾ ਤਾਂ ਉਸਨੂੰ ਵੇਖਿਆ ਹੀ ਹੈ ਅਤੇ ਨਾ ਹੀ ਉਸ ਨਾਲ ਗੱਲਬਾਤ ਕੀਤੀ ਹੈ। ਤੁਸੀਂ ਉਸ ਦੀ ਬਿਮਾਰੀ ਦੇ ਚਿੰਨ੍ਹ ਵੀ ਨਹੀਂ ਵੇਖੇ। ਫਿਰ ਵੀ, ਸਾਰਾ ਕੁਝ ਪੁੱਛੇ ਬਗੈਰ ਹੀ ਤੁਸੀਂ ਉਸ ਦੀ ਬਿਮਾਰੀ ਦੇ ਚਿੰਨ੍ਹ ਵੀ ਦੱਸ ਦਿੱਤੇ ਹਨ।

ਮੈਂ ਇਸ ਨੂੰ ਸਿਰਫ ਅਣਜਾਣਾਂ ਦਾ ਕੰਮ ਹੀ ਨਹੀਂ ਬਲਕਿ ਇੱਕ ਵੱਡੀ ਗੁਸਤਾਖ਼ੀ ਵੀ ਸਮਝਦਾ ਹਾਂ। ਇਸ ਮਾਮਲੇ ਦੇ ਸੰਬੰਧ ਵਿੱਚ ਮੈਂ ਵਕੀਲ ਦੀ ਸਲਾਹ ਲਵਾਂਗਾ ਕਿ ਜੋ ਕੁਝ ਤੁਸੀਂ ਆਪਣੇ ਪੱਤਰ ਵਿੱਚ ਕਿਹਾ ਹੈ, ਕੀ ਇਹ ਬੇਇਜ਼ਤੀ ਵਾਲੀ ਕਾਰਵਾਈ ਨਹੀਂ ਹੈ, ਜਿਸਨੂੰ 'ਅਪਰਾਧੀ' ਵੀ ਕਿਹਾ ਜਾ ਸਕਦਾ ਹੈ ?

ਤੁਹਾਨੂੰ ਯਾਦ ਹੋਵੇਗਾ ਕਿ ਤੁਸੀਂ 28 ਅਗਸਤ ਨੂੰ ਮੈਨੂੰ ਟੈਲੀਫੋਨ ਤੇ ਕਿਹਾ ਸੀ ਕਿ ਮੈਂ ਤੁਹਾਨੂੰ ਖ਼ਤ ਲਿਖ ਰਿਹਾ ਹਾਂ ਜੋ ਕਿ ਅਗਲੇ ਦਿਨ ਹੀ ਤੁਹਾਡੇ ਕੋਲ ਪਹੁੰਚ ਜਾਵੇਗਾ ਅਤੇ ਇਹ ਵੀ ਕਿਹਾ ਸੀ ਕਿ ਤਾਂ ਹੀ ਚੰਗਾ ਹੋਵੇਗਾ ਜੇਕਰ ਤੁਹਾਡੀ ਪਤਨੀ ਇਸ ਖਤ ਨੂੰ ਨਾ ਵੇਖੇ। ਕਿਉਂਕਿ ਮੈਂ ਇਸ ਗੱਲ ਤੋਂ ਜਾਣੂ ਨਹੀਂ ਸੀ ਕਿ ਤੁਸੀਂ ਪੱਤਰ ਵਿੱਚ ਕੀ ਲਿਖਿਆ ਹੈ, ਇਸ ਲਈ ਤੁਹਾਡੀ ਇਸ ਅਜੀਬ ਜਿਹੀ ਬੇਨਤੀ ਤੇ ਹੈਰਾਨ ਹੋ ਕੇ ਮੈਂ ਤੁਹਾਨੂੰ ਟੈਲੀਫੋਨ ਤੇ ਕਿਹਾ ਸੀ ਕਿ ਮੈਂ ਆਪਣੇ ਆਪ ਕੋਈ ਵੀ ਅਜਿਹਾ ਵਾਅਦਾ ਇਸ ਮਸਲੇ ਤੇ ਨਹੀਂ ਕਰ ਸਕਦਾ। ਇਹ ਪੱਤਰ ਮੇਰੇ ਘਰ 30 ਅਗਸਤ, ਦਿਨ ਮੰਗਲਵਾਰ ਨੂੰ ਪੁੱਜਿਆ। ਉਸ ਵੇਲੇ ਮੈਂ ਘਰ ਨਹੀਂ ਸੀ। ਜਿਵੇਂ ਕਿ ਮੇਰੇ ਘਰ ਦੀ ਰਿਵਾਇਤ ਹੈ ਕਿ ਮੇਰੀ ਗੈਰਹਾਜ਼ਰੀ ਵਿੱਚ ਆਉਣ ਵਾਲੇ ਖ਼ਤ ਅਕਸਰ ਮੇਰੀ ਘਰ ਪਤਨੀ ਦੁਆਰਾ ਹੀ ਦੇਖੇ ਜਾਂਦੇ ਹਨ, ਇਹ ਖ਼ਤ ਵੀ ਮੈਥੋਂ ਪਹਿਲਾਂ ਹੀ ਮੇਰੀ ਪਤਨੀ ਨੇ ਦੇਖ ਲਿਆ। ਇਥੇ ਵੀ ਤੁਸੀਂ ਦੂਰ—ਅੰਦੇਸ਼ੀ ਤੋਂ ਕੰਮ ਨਹੀਂ ਲਿਆ। ਜਿਉਂ ਹੀ ਉਸਨੇ ਤੁਹਾਡਾ ਖ਼ਤ ਪੜ੍ਹਿਆ, ਇਹ ਗੁੱਸੇ ਵਿੱਚ ਆ ਗਈ। ਪਹਿਲੀ ਗੱਲ ਤਾਂ ਇਹ ਕਿ ਉਸ ਦੇ ਪ੍ਰਤੀ ਤੁਹਾਡੇ ਵਿਚਾਰ ਕਲਪਿਤ, ਬਗੈਰ ਪੁੱਛ-ਗਿੱਛ ਕੀਤੇ ਅਤੇ ਉਸ ਦੇ ਵਿਸ਼ਵਾਸ ਤੇ ਚੋਟ ਕਰਨ ਵਾਲੇ ਸਨ। ਦੂਜੀ ਗੱਲ ਇਹ ਕਿ ਉਸਨੇ ਆਪਣੇ ਦੋਵਾਂ ਵਿਚਲੇ ਪੱਤਰ-ਵਿਹਾਰ ਦਾ ਸ਼ੁਰੂ ਤੋਂ ਹੀ ਵਿਰੋਧ ਕੀਤਾ ਸੀ। ਕਿਉਂਕਿ ਇਹ ਮਸਲਾ ਸਿਰਫ਼ ਸਾਡੇ ਦੋਵਾਂ ਦਾ ਨਿੱਜੀ ਸੀ। ਇਸ ਲਈ ਉਸਦਾ ਗੁੱਸੇ ਵਿੱਚ ਆਉਣਾ ਸੁਭਾਵਿਕ ਹੀ ਸੀ।

ਮੈਂ ਇਹ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ 'ਸ਼੍ਰੀ ਲੰਕਾ ਰੈਸ਼ਨੇਲਿਸਟ ਐਸੋਸੀਏਸ਼ਨ' ਦੇ ਨਾਂ ਤੇ ਮੇਰੇ ਨਾਲ ਇਸ ਮਸਲੇ ਤੇ ਜੋ ਪੱਤਰ—ਵਿਹਾਰ ਕੀਤਾ ਹੈ, ਉਸ ਵਿੱਚੋਂ ਵਿਸ਼ੇਸ਼ ਕਰਕੇ ਤੁਹਾਡਾ ਆਖ਼ਰੀ ਖ਼ਤ, ਐਸੋਸੀਏਸ਼ਨ ਦੇ ਮੈਂਬਰਾਂ ਅੱਗੇ ਰੱਖਿਆ

ਜਾਵੇਗਾ, ਤਾਂ ਜੋ ਉਹ ਇਹ ਅੰਦਾਜ਼ਾ ਲਾ ਸਕਣ ਕਿ ਤੁਹਾਡਾ ਪੱਤਰ—ਵਿਹਾਰ, ਐਸੋਸੀਏਸ਼ਨ ਦੇ ਵੱਕਾਰ ਨੂੰ ਕਿਵੇਂ ਸੱਟ ਮਾਰ ਰਿਹਾ ਹੈ ?

ਤੁਹਾਡਾ ਹਿੱਤੂ
ਸਹੀ—ਸੀ. ਕਾਰਥੀਜੀਸਨ

---

"ਤਿਰੂਵਾਲਾ", 89,
ਪਾਮਨਕਾਡਾ ਲੇਨ,
ਕੋਲੰਬੋ – 6
8—9—1977

ਪਿਆਰੇ ਸ਼੍ਰੀ ਮਾਨ ਜੀ,

ਤੁਹਾਡਾ 6 ਸਤੰਬਰ ਦਾ ਲਿਖਿਆ ਹੋਇਆ ਪੱਤਰ ਮਿਲਿਆ। ਮੈਨੂੰ ਤੁਹਾਡੇ ਘਰ ਵਿਖੇ 'ਸਾਈਂ ਬਾਬਾ ਦੀ ਤਸਵੀਰ' ਵਿੱਚੋਂ ਰਾਖ਼ ਪ੍ਰਗਟ ਹੋਣ ਵਾਲੇ ਰਹੱਸ ਦੀ ਪੜਤਾਲ ਕਰਨ ਦੀ ਕੋਈ ਲੋੜ ਨਹੀਂ ਸੀ ਕਿਉਂਕਿ ਤੁਹਾਡੇ 13 ਅਗਸਤ ਦੇ ਖ਼ਤ ਨੇ ਮੈਨੂੰ ਇਸ ਘਟਨਾ ਵਿੱਚ ਜ਼ਿੰਮੇਵਾਰ ਵਿਅਕਤੀ ਲੱਭਣ ਵਿੱਚ ਲੋੜੀਂਦੀ ਸੂਚਨਾ ਦੇ ਦਿੱਤੀ ਹੈ। ਜੇਕਰ ਤੁਹਾਡੇ ਵਿੱਚ, ਇਸ ਘਟਨਾ ਦੀ ਪੜਤਾਲ ਕਰਨ ਦੀ ਸਮਰੱਥਾ ਹੁੰਦੀ ਤਾਂ ਤੁਸੀਂ ਇਸ ਦੀ ਗਹਿਰਾਈ ਤੱਕ ਪਹੁੰਚਦੇ ਅਤੇ ਤੁਹਾਨੂੰ ਇਸਦੀ ਸੱਚਾਈ ਦਾ ਪਤਾ ਲੱਗ ਜਾਂਦਾ। ਫਿਰ ਤੁਸੀਂ ਮੇਰੇ ਮਨੁੱਖੀ ਵਿਚਾਰਾਂ ਦੀ ਵਡਿਆਈ ਕਰਦੇ।

ਮੈਂ, ਜਿਹੜਾ 'ਗੁਪਤ ਖ਼ਤ' ਸਿਰਫ਼ ਤੁਹਾਡੇ ਪੜ੍ਹਨ ਲਈ ਹੀ ਲਿਖਿਆ ਸੀ, ਉਹ ਤੁਹਾਡੀ ਪਤਨੀ ਨੇ ਵੀ ਪੜ੍ਹ ਲਿਆ ਹੈ, ਇਸ ਦੇ ਲਈ ਵੀ ਤੁਸੀਂ ਹੀ ਜ਼ਿੰਮੇਵਾਰ ਹੋ। ਕਿਉਂਕਿ ਮੈਂ ਤੁਹਾਨੂੰ ਵਾਰ ਵਾਰ ਚੇਤਾਵਨੀ ਦਿੱਤੀ ਸੀ ਕਿ ਇਹ 'ਗੁਪਤ ਖ਼ਤ' ਆਪਣੀ ਪਤਨੀ ਤੋਂ ਦੂਰ ਰੱਖਣਾ, ਪਰ ਤੁਸੀਂ ਮੇਰੀਆਂ ਹਿਦਾਇਤਾਂ ਨੂੰ ਅਣਗੌਲਿਆਂ ਕਰ ਦਿੱਤਾ। ਸੋ ਇਹ ਦੋਸ਼ ਵੀ ਤੁਹਾਡੇ ਸਿਰ ਹੀ ਜਾਂਦਾ ਹੈ। ਤੁਹਾਡੇ ਇਸ ਇਕਬਾਲੀਆ ਬਿਆਨ ਨੇ ਕਿ ਤੁਹਾਡੀ ਪਤਨੀ ਮੇਰੇ ਖ਼ਤ ਪੜ੍ਹ ਕੇ ਬੇਹੱਦ ਗੁੱਸੇ ਵਿੱਚ ਆ ਗਈ ਕਿਉਂਕਿ ਉਹ ਸ਼ੁਰੂ ਤੋਂ ਹੀ ਇਸ ਵਿਸ਼ੇ ਤੇ ਚੱਲ ਰਹੇ ਆਪਣੇ ਪੱਤਰ-ਵਿਹਾਰ ਦੀ ਵਿਰੋਧਤਾ ਕਰਦੀ ਰਹੀ ਹੈ, ਨੇ ਮੇਰੀ ਜਾਂਚ ਨੂੰ ਹੋਰ ਪੱਕਾ ਕੀਤਾ ਹੈ।

ਮੈਂ ਤੁਹਾਡੀ ਇਸ ਇੱਛਾ ਦਾ ਸਵਾਗਤ ਕਰਦਾ ਹਾਂ ਕਿ ਤੁਸੀਂ ਮੇਰੇ ਵਿਰੁੱਧ ਕਾਨੂੰਨੀ ਕਾਰਵਾਈ ਕਰਨਾ ਚਾਹੁੰਦੇ ਹੋ। ਮੇਰੀ ਇਹ ਬੇਨਤੀ ਹੈ ਕਿ ਤੁਸੀਂ ਇਹ ਕੰਮ ਜਲਦੀ ਤੋਂ ਜਲਦੀ ਕਰੋ ਕਿਉਂਕਿ ਇਸ ਤੋਂ ਪਹਿਲਾਂ ਕਿ ਮੈਂ ਸਰੀਰਕ ਤੌਰ ਤੇ ਨਕਾਰਾ ਹੋ ਜਾਵਾਂ ਜਾਂ ਮੇਰੀ ਮੌਤ ਹੋ ਜਾਵੇ, ਮੈਂ ਸਾਈਂ ਬਾਬਾ ਦੀ ਉਹ ਤਸਵੀਰ, ਤੁਹਾਡੀ ਪਤਨੀ ਦੀ ਪਹੁੰਚ ਤੋਂ ਦੂਰ, ਬਹੁਤ ਦੂਰ ਅਦਾਲਤ ਦੀ ਰਿਹਾਸਤ ਵਿੱਚ ਰੱਖਣਾ ਚਾਹੁੰਦਾ ਹਾਂ, ਤਾਂ ਜੋ ਤੁਹਾਡੇ ਵਰਗੇ ਲੱਖਾਂ ਹੀ ਲਾਈਲੱਗ ਲੋਕਾਂ ਨੂੰ ਇਹ ਸਿੱਧ ਕਰਕੇ ਵਿਖਾ ਸਕਾਂ ਕਿ 'ਸਾਈਂ ਬਾਬਾ ਦੀ ਤਸਵੀਰ ਵਿੱਚੋਂ ਪ੍ਰਗਟ ਹੋਣ ਵਾਲੀ ਰਾਖ਼' ਵਰਗੇ ਹੋਰ ਅਨੇਕਾਂ ਕਿੱਸੇ ਕੁੱਝ ਵੀ ਨਹੀਂ ਹੁੰਦੇ। ਇਹ ਕੇਵਲ ਧੋਖਬਾਜ਼ ਜਾਂ ਦਿਮਾਗੀ ਤੌਰ ਤੇ ਬਿਮਾਰ ਵਿਅਕਤੀਆਂ ਦੀਆਂ ਗੁਪਤ ਕਾਰਵਾਈਆਂ ਹੀ ਹੁੰਦੀਆਂ ਹਨ।

ਭਾਵੇਂ, ਮੈਂ ਚਾਹੁੰਦਾ ਹਾਂ ਕਿ ਇਹ ਮਸਲਾ, ਤੁਹਾਡੀ ਪਤਨੀ ਦੀ ਮਾਨਸਿਕ ਹਾਲਤ ਨੂੰ ਧਿਆਨ ਵਿੱਚ ਰੱਖਦੇ ਹੋਏ, ਤੁਹਾਡੇ ਅਤੇ ਮੇਰੇ ਵਿਚਕਾਰ ਗੁਪਤ ਹੀ ਰੱਖਿਆ ਜਾਵੇ, ਪਰੰਤੂ ਹੁਣ ਮੈਂ ਇਹ ਮਸਲਾ ਤੁਹਾਡੀ ਇੱਛਾ ਅਨੁਸਾਰ ਹੀ 'ਸ਼੍ਰੀ ਲੰਕਾ ਰੈਸ਼ਨੇਲਿਸਟ ਐਸੋਸੀਏਸ਼ਨ' ਦੇ ਮੈਂਬਰਾਂ ਅੱਗੇ ਰੱਖਣ ਲਈ ਮਜਬੂਰ ਹਾ।

ਤੁਹਾਡਾ ਹਿਤੂ,
ਸਹੀ—ਇਬਰਾਹਮ ਟੀ. ਕਾਵੂਰ

# ਚਮਤਕਾਰਾਂ ਦੀ ਜੀਵਨ-ਕਥਾ

ਬੰਬਈ ਦਾ ਇੱਕ ਮਸ਼ਹੂਰ ਸਪਤਾਹਿਕ ਮੈਗਜ਼ੀਨ, 'ਪ੍ਰੇਤ-ਆਤਮਾਵਾਂ ਨਾਲ ਸੰਬੰਧਿਤ ਅਨੇਕਾਂ ਰਹੱਸਮਈ ਵਰਤਾਰਿਆਂ' ਨੂੰ ਸੱਚਾ ਸਾਬਿਤ ਕਰਨ ਲਈ, ਕਈ ਪ੍ਰਕਾਰ ਦੀਆਂ ਕਲਪਿਤ ਕਹਾਣੀਆਂ ਪ੍ਰਕਾਸ਼ਿਤ ਕਰਕੇ ਪਾਠਕਾਂ ਦੇ ਦਿਮਾਗ ਨੂੰ ਗੰਦਾ ਕਰ ਰਿਹਾ ਹੈ। ਇਸ ਮੈਗਜ਼ੀਨ ਵਿੱਚ ਹੁਣੇ ਜਿਹੇ ਇੱਕ ਕਹਾਣੀ ਛਪੀ ਹੈ, ਜਿਸ ਅਨੁਸਾਰ, 'ਜਪਾਨ ਦੀ ਇੱਕ ਤਿੰਨ-ਸਾਲਾ ਲੜਕੀ ਕੋਲ ਚੀਨੀ-ਮਿੱਟੀ ਦੀ ਬਣੀ ਇੱਕ ਗੁੱਡੀ ਸੀ। ਕਾਫੀ ਚਿਰ ਪਹਿਲਾਂ, ਉਹ ਲੜਕੀ ਮਰ ਗਈ। ਹੁਣ ਉਸ ਲੜਕੀ ਦੀ 'ਪ੍ਰੇਤ-ਆਤਮਾ", ਚੀਨੀ ਮਿੱਟੀ ਦੀ ਇਸ 'ਗੁੱਡੀ' ਵਿੱਚ ਆ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਇਸ 'ਗੁੱਡੀ' ਦੇ ਸਿਰ ਉੱਪਰ ਮਨੁੱਖਾਂ ਵਾਂਗ ਹੀ ਵਾਲ ਉੱਗਣੇ ਸ਼ੁਰੂ ਹੋ ਗਏ।' ਇਹ ਵਾਲ ਉਸ ਸਮੇਂ ਤੋਂ ਉੱਗਣੇ ਸ਼ੁਰੂ ਹੋਏ ਹਨ, ਜਦ ਤੋਂ ਉਸ ਮਿਰਤਕਾ 'ਜਪਾਨੀ ਲੜਕੀ' ਦੀ ਰਾਖ ਵਾਲਾ ਬਰਤਨ ਉਸ 'ਗੁੱਡੀ' ਕੋਲ ਰੱਖਿਆ ਗਿਆ ਹੈ", ਕਹਾਣੀ ਦੇ ਲੇਖਕ ਅਨੁਸਾਰ ? ਇਹ ਅਨੋਖੀ ਘਟਨਾ ਇਸ ਗੱਲ ਨੂੰ ਸਿੱਧ ਕਰਦੀ ਹੈ ਕਿ 'ਚੀਨੀ-ਮਿੱਟੀ ਦੀ ਗੁੱਡੀ ਵਿੱਚ ਹੁਣ ਮਰੀ ਹੋਈ ਲੜਕੀ ਦੀ ਆਤਮਾ ਪ੍ਰਵੇਸ਼ ਕਰ ਚੁੱਕੀ ਹੈ।

ਆਪਣੀ ਕਹਾਣੀ ਨੂੰ 'ਸੱਚੀ' ਸਾਬਿਤ ਕਰਨ ਦੇ ਯਤਨ ਵਿੱਚ ਲੇਖਕ ਕਹਿੰਦਾ ਹੈ ਕਿ ਅਨੇਕਾਂ 'ਸਾਇੰਸਦਾਨਾਂ' ਨੇ ਇਹਨਾਂ ਵਾਲਾਂ ਦੀ ਪੜਤਾਲ ਕੀਤੀ ਹੇ ਅਤੇ ਇਹਨਾਂ ਨੂੰ ਬਿਲਕੁਲ ਸਹੀ ਮਨੁੱਖੀ ਵਾਲ ਕਰਾਰ ਦਿੱਤਾ।

ਬੇਸ਼ੱਕ, ਸਧਾਰਨ ਜਿਹੀ ਅਕਲ ਰੱਖਣ ਵਾਲਾ ਕੋਈ ਵਿਅਕਤੀ ਵੀ ਇਸ ਨੂੰ ਇੱਕ ਕਲਪਿਤ ਕਹਾਣੀ ਸਮਝੇਗਾ ਪਰੰਤੂ ਕਿੰਨੇ ਹੀ ਲਾਈ-ਲੱਗ ਲੋਕ ਇਸ ਕਹਾਣੀ ਨੂੰ ਸਹੀ ਮੰਨਣ ਲਈ ਤਿਆਰ ਹੋ ਜਾਣਗੇ, ਖਾਸ ਕਰਕੇ ਇਸ ਲਈ ਕਿ ਕੁਝ 'ਸਾਇੰਦਦਾਨਾਂ' ਨੇ ਇਸ ਘਟਨਾ ਦੀ ਜਾਂਚ ਕਰਨ ਤੋਂ ਬਾਅਦ ਇਸ ਨੂੰ ਸਹੀ ਮੰਨਿਆ ਹੈ। ਇਕ ਸਿਆਣੇ ਸਾਇੰਸਦਾਨ ਲਈ, ਇੱਕ ਬੇਜਾਨ 'ਗੁੱਡੀ' ਦੇ ਸਿਰ ਤੋਂ ਵਾਲ ਲੈ ਕੇ, ਉਹਨਾਂ ਦੀ ਵਿਗਿਆਨਿਕ ਜਾਂਚ ਕਰਨ ਤੋਂ ਬਾਅਦ ਇਹ ਕਹਿਣਾ ਕਿ 'ਇਹ ਮਨੁੱਖੀ ਵਾਲ ਹੀ ਹਨ', ਬਿਲਕੁਲ ਠੀਕ ਨਹੀਂ ਹੁੰਦਾ ਇਹ ਗੱਲ ਉਨੀ ਹੀ ਮੂਰਖਤਾ ਭਰੀ ਹੈ, ਜਿੰਨਾ ਇਹ ਕਹਿਣਾ ਕਿ 'ਇੱਕ ਗਰਮ ਕੰਬਲ ਵਿੱਚੋਂ ਭੇਡ ਦੇ ਵਾਲ ਉੱਗ ਰਹੇ ਹਨ।

ਜੇ ਸਿਰ ਉੱਪਰ ਵਾਲ ਉੱਗਦੇ ਹਨ ਤਾਂ ਸਿਰ ਨੂੰ ਖੂਨ ਪਹੁੰਚਣਾ ਵੀ ਜਰੂਰੀ ਹੈ। ਵਾਲ ਉਗਾਉਣ ਲਈ ਲੋੜੀਂਦੇ ਪਦਾਰਥ ਵੀ ਆਦਮੀ ਅਤੇ ਜਾਨਵਰਾਂ ਦੇ ਸਰੀਰ ਜਾ ਚਮੜੀ ਵਿੱਚ ਖੂਨ ਦੁਆਰਾ ਹੀ ਪਹੁੰਚਾਏ ਜਾਂਦੇ ਹਨ। ਜੇਕਰ ਸੂਝਵਾਨ ਵਿਗਿਆਨੀਆਂ ਨੇ ਇਸ 'ਗੁੱਡੀ' ਦੀ ਪੜਤਾਲ ਕੀਤੀ ਹੁੰਦੀ ਤਾਂ ਉਹ ਲਾਜ਼ਮੀ ਤੌਰ ਤੇ ਇਹ ਵੀ ਵੇਖਦੇ ਕਿ 'ਇਹ ਵਾਲ ਅਸਲ ਵਿੱਚ ਉੱਗ ਰਹੇ ਹਨ ਜਾਂ ਗੁੱਡੀ ਦੇ ਸਿਰ ਉੱਪਰ ਚਿਪਕਾਏ ਗਏ ਸਨ ? ਉਹਨਾਂ ਨੇ ਇਹ ਜਾਂਚ ਵੀ ਕੀਤੀ ਹੋਣੀ ਹੈ ਕਿ ਗੁੱਡੀ ਦੀ ਚਮੜੀ ਵਿੱਚ ਖੂਨ ਹੈ ਜਾਂ ਨਹੀਂ। ਇਸ ਮੈਗਜ਼ੀਨ ਦੀ ਕਹਾਣੀ ਅਨੁਸਾਰ, ਅਜਿਹੀ ਪੜਤਾਲ ਨਹੀਂ ਸੀ ਕੀਤੀ ਗਈ।

ਜੇਕਰ 'ਗੁੱਡੀ' ਦੇ ਸਰੀਰ ਵਿੱਚ, ਵਾਲ ਉੱਗਣ ਵਾਸਤੇ ਖੂਨ ਹੁੰਦਾ ਤਾਂ ਉਸ ਵਿੱਚ ਹੋਰ ਸਰੀਰਕ ਕਿਰਿਆਵਾਂ, ਖਾਣਾ-ਪੀਣਾ, ਮਲ-ਤਿਆਗ, ਸਾਹ ਲੈਣਾ ਅਤੇ ਖੂਨ ਦਾ ਦੌਰਾ ਆਦਿ ਦਾ ਹੋਣਾ ਵੀ ਲਾਜ਼ਮੀ ਸੀ। ਜੀਵਨ ਨਾਲ ਸੰਬੰਧਿਤ ਇਹ ਜਰੂਰੀ ਨੁਕਤੇ, ਨਾ ਤਾਂ ਉਸ ਲੇਖਕ ਦੇ ਅਤੇ ਨਾ ਹੀ ਸੰਪਾਦਕ ਦੇ ਦਿਮਾਗ ਵਿੱਚ ਪ੍ਰਵੇਸ਼ ਕਰ ਸਕੇ, ਜਿਹਨਾਂ ਨੇ ਇਸ ਝੂਠੀ ਕਹਾਣੀ ਨੂੰ ਪ੍ਰਕਾਸ਼ਿਤ ਕਰਨ ਦਾ ਹੌਂਸਲਾ ਕੀਤਾ ਹੈ। ਅਜਿਹੇ ਹਜ਼ਾਰਾਂ ਲਾਈ ਲੱਗ ਲੋਕਾਂ ਵਿੱਚ ਇਹ ਤਰਕ-ਸ਼ਕਤੀ ਕਦੇ ਨਹੀਂ ਹੋ ਸਕਦੀ, ਜਿਹੜੇ ਅਜੇ ਤੱਕ ਇਹ ਮੰਨਦੇ ਹਨ ਕਿ ਮਰੇ ਹੋਏ ਲੋਕਾਂ ਦੀਆਂ ਬੇਜਾਨ ਰੂਹਾਂ ਦੇ ਜਿਸਮ ਅਤੇ ਸਿਰ ਉੱਪਰ ਵਾਲ ਹੁੰਦੇ ਹਨ। ਪਰੰਤੂ ਅਜਿਹੇ ਲੋਕਾਂ ਵਾਸਤੇ, ਜਿਹੜੇ ਇੰਨੇ ਮੂਰਖ ਹੁੰਦੇ ਹਨ ਕਿ 'ਫਰਾਂਸਿਜ਼ ਐਕਸਵੀਅਰ' ਦੇ ਬੁੱਤ ਦੇ ਸਿਰ ਅਤੇ ਚਿਹਰੇ ਉੱਪਰ ਵਾਲ ਉੱਗਣ ਦੀ ਝੂਠੀ ਕਹਾਣੀ ਤੇ ਵਿਸ਼ਵਾਸ ਕਰ ਲੈਂਦੇ ਹਨ, ਅਜਿਹੀ ਮਨਘੜਤ ਕਹਾਣੀ ਤੇ ਵਿਸ਼ਵਾਸ ਕਰਨਾ ਕੋਈ ਔਖੀ ਗੱਲ ਨਹੀਂ ਹੈ।

ਮਦਰਾਸ ਦੇ ਇੱਕ ਵਸਨੀਕ 'ਮਦੁਰਾਇ ਮਠਾਧਿਪਤੀ ਸੋਮਸੁੰਦਰਾ ਦੇਸੀਕਰ' ਦਾ ਇਹ ਦਾਅਵਾ ਹੈ ਕਿ ਸਵਰਗਵਾਸੀ 'ਅੰਨਾਦੁਰਾਇ' ਨੇ ਆਪਣੀ ਮੌਤ ਤੋਂ ਬਾਅਦ ਵੀ ਦੋ ਵਾਰ ਭਾਸ਼ਨ ਦਿੱਤੇ।

'ਆਦਮ ਸਮਿੱਥ' ਨਾਂ ਦੇ ਵਿਅਕਤੀ ਦਾ ਇਹ ਦਾਅਵਾ ਹੈ ਕਿ ਉਹ 'ਉੜਨ ਤਸ਼ਤਰੀ' ਵਿੱਚ ਚੜ੍ਹਿਆ ਹੈ ਅਤੇ ਉਸਨੇ 'ਪੁਲਾੜ ਦੇ ਮਨੁੱਖਾਂ' ਨਾਲ ਗੱਲਾਂ ਵੀ ਕੀਤੀਆਂ ਹਨ। ਮੈਨੂੰ ਹੈਰਾਨੀ ਹੈ ਕਿ ਉਹਨਾਂ ਨੇ ਕਿਸ ਭਾਸ਼ਾ ਵਿੱਚ ਗੱਲਾਂ ਕੀਤੀਆਂ ਹੋਣਗੀਆਂ?

ਆਮ ਤੌਰ ਤੇ ਅਜਿਹੇ ਲਿਖਾਰੀਆਂ ਨੂੰ ਇਸ ਕਿਸਮ ਦੀਆਂ ਪਰੀ-ਕਹਾਣੀਆਂ ਲਿਖਣ ਵਿੱਚ ਮੁਹਾਰਤ ਹਾਸਲ ਹੁੰਦੀ ਹੈ। ਇਹਨਾਂ ਕਹਾਣੀਆਂ ਨੂੰ ਸੱਚੀਆਂ ਬਣਾਉਣ ਦੇ ਯਤਨ ਵਿੱਚ ਉਹ ਕੁਝ ਵਿਗਿਆਨੀਆਂ ਤੋਂ ਝੂਠੇ ਬਿਆਨ ਪ੍ਰਾਪਤ ਕਰ ਲੈਂਦੇ ਹਨ।

ਨਿਊਯਾਰਕ ਦੇ ਵਸਨੀਕ 'ਡਾ. ਐਂਡਰੀਜਾ ਪੁਹਾਰਿਚ' ਦਾ ਇਹ ਦਾਅਵਾ ਸੀ ਕਿ ਇਜ਼ਰਾਈਲੀ ਜਾਦੂਗਰ 'ਯੂਰੀ ਗੈਲਰ' ਵਿੱਚ 'ਚਮਤਕਾਰ' ਦਿਖਾਉਣ ਦੀ ਯੋਗਤਾ ਹੈ। ਉਸ ਦੀ ਇਹ ਯੋਗਤਾ ਉਹਨਾਂ ਮਾਨਸਿਕ ਸ਼ਕਤੀਆਂ ਦਾ ਹੀ ਸਿੱਟਾ ਹੈ, ਜਿਹੜੀਆਂ ਉਸ ਨੇ ਇੱਕ ਕਰੋੜ ਤੀਹ ਲੱਖ 'ਪ੍ਰਕਾਸ਼ ਵਰ੍ਹੇ' ਦੂਰ ਅਕਾਸ਼ ਵਿਚਲੇ 'ਅਲੌਕਿਕ ਦਿਮਾਗਾਂ ਵਾਲੇ' ਵਿਅਕਤੀਆਂ ਤੋਂ ਪ੍ਰਾਪਤ ਕੀਤੀਆਂ ਹਨ।

ਭਾਰਤ ਵਿੱਚ 'ਡਾ. ਐਸ. ਭਗਵੰਥਮ' ਨਾਂ ਦਾ ਇੱਕ ਵਿਅਕਤੀ ਹੈ, ਜਿਹੜਾ ਇਹ ਦਾਅਵਾ ਕਰਦਾ ਹੈ ਕਿ ਮਦਾਰੀ 'ਸਤਿਆ ਸ੍ਰੀ ਸਾਈਂ ਬਾਬਾ' ਆਪਣੀਆਂ ਰੂਹਾਨੀ ਸ਼ਕਤੀਆਂ ਦਾ ਸਦਕਾ ਹੀ 'ਚਮਤਕਾਰ' ਵਿਖਾ ਰਿਹਾ ਹੈ ਕਿਉਂਕਿ ਉਹ ਪਰਮਾਤਮਾ ਦਾ ਅਵਤਾਰ ਹੈ।

ਉੱਤਰੀ ਕੈਰੋਲੀਨਾ ਦੀ 'ਡੀਊਕ ਯੂਨੀਵਰਸਿਟੀ' ਦੇ ਇੱਕ ਡਾਕਟਰ 'ਸ੍ਰੀ ਜੇ. ਬੀ. ਰਹੀਨ' ਨੇ ਆਪਣੀਆਂ 'ਖੋਜਾਂ' ਦੁਆਰਾ ਇਹ ਸਿੱਧ ਕੀਤਾ ਹੈ ਕਿ ਕੁਝ ਵਿਅਕਤੀਆਂ ਨੂੰ ਇਹ 'ਵਰਦਾਨ' ਹੁੰਦਾ ਹੈ ਕਿ ਉਹਨਾਂ ਵਿੱਚ 'ਟੈਲੀਪੈਥੀ' ਗੈਬੀ ਦ੍ਰਿਸ਼ਟੀ ਅਤੇ ਹੋਰ ਕਈ ਪ੍ਰਕਾਰ ਦੀਆਂ ਅਧਿਆਤਮਿਕ ਸ਼ਕਤੀਆਂ ਹੁੰਦੀਆਂ ਹਨ। ਵਿਰਜੀਨੀਆਂ ਦੀ ਇੱਕ ਔਰਤ 'ਸ੍ਰੀ ਮਤੀ ਫੌਂਡਾ' ਦੀ ਅਨੋਖੀ ਘੋੜੀ ਵਿੱਚ ਵੀ ਅਜਿਹੀਆਂ ਸ਼ਕਤੀਆਂ ਹਨ।

ਇੰਡੋਨੇਸ਼ੀਆ ਦੇ ਕੁਝ ਡਾਕਟਰਾਂ ਦਾ ਇਹ ਦਾਅਵਾ ਸੀ ਕਿ ਜਕਾਰਤਾ ਦੀ ਇੱਕ ਮੁਸਲਮਾਨ ਔਰਤ ਦੇ ਗਰਭ ਵਿੱਚ ਇੱਕ ਅਜਿਹਾ ਬੱਚਾ ਸੀ, ਜੋ ਕੁਰਾਨ ਸ਼ਰੀਫ ਦੀਆਂ ਆਇਤਾਂ ਜ਼ਬਾਨੀ ਸੁਣਾ ਸਕਦਾ ਸੀ।

ਇਸੇ ਤਰ੍ਹਾਂ ਬੰਗਲੌਰ ਦੇ ਇੱਕ ਵਿਅਕਤੀ 'ਡਾ. ਜੀ ਵੈਂਕਟਾ ਰਾਓ' ਦਾ ਇਹ ਵਿਸ਼ਵਾਸ ਸੀ ਕਿ ਪਾਂਡਵਪੁਰ ਦੇ 'ਸਾਈਂ ਕ੍ਰਿਸ਼ਨਾ' ਨਾਂ ਦੇ ਇੱਕ ਲੜਕੇ ਵਿੱਚ ਅਲੌਕਿਕ ਸ਼ਕਤੀਆਂ ਹਨ ਤੇ ਉਹ 'ਚਮਤਕਾਰ' ਵਿਖਾ ਸਕਦਾ ਹੈ। ਉਹ ਸ੍ਰੀ ਕ੍ਰਿਸ਼ਨ ਦਾ ਅਵਤਾਰ ਹੈ।

ਭਾਵੇਂ, ਅਜਿਹੀਆਂ ਕਲਪਿਤ ਕਹਾਣੀਆਂ ਨੂੰ ਸੱਚੀਆਂ ਬਣਾ ਕੇ ਪੇਸ਼ ਕਰਨ ਵਾਲੇ 'ਗੈਰ-ਵਿਗਿਆਨਕ' ਸਾਇੰਸਦਾਨ, ਕਾਫੀ ਗਿਣਤੀ ਵਿੱਚ ਹਨ ਪਰੰਤੂ ਅਜਿਹੇ ਖਰੇ ਸਾਇੰਸਦਾਨ ਵੀ ਹਨ, ਜਿਹਨਾਂ ਨੇ ਉਹਨਾਂ ਦੀਆਂ ਅਜਿਹੀਆਂ ਗੱਲਾਂ ਨੂੰ ਆਪਣੀਆਂ ਜਾਇਜ਼ ਪੜਤਾਲਾਂ ਰਾਹੀ ਰੱਦ ਕਰ ਕੇ ਰੱਖ ਦਿੱਤਾ ਹੈ। 'ਜੇਮਜ਼ ਰੈਂਡੀ' ਅਜਿਹੇ ਹੀ ਇੱਕ ਵਿਗਿਆਨੀ ਹਨ, ਜਿਹਨਾਂ ਨੇ ਆਪਣੀਆਂ ਠੋਸ ਪੜਤਾਲਾਂ ਰਾਹੀਂ 'ਯੂਰੀ ਗੈਲਰ' ਦੇ ਫ਼ਰੇਬ ਦਾ ਪਰਦਾਫਾਸ਼ ਕੀਤਾ ਹੈ।

ਜੇ. ਬੀ. ਰਹੀਨ ਨੇ ਜਿਸ 'ਰਹੱਸਮਈ ਘੋੜੀ' ਦਾ ਵਰਨਣ ਕੀਤਾ ਹੈ, ਉਸ ਦੇ ਫ਼ਰੇਬ ਨੂੰ 'ਪ੍ਰੋਫੈਸਰ ਜੌਨ ਸਕਾਰਨੇ' ਨੇ ਨੰਗਿਆਂ ਕੀਤਾ। ਉਸ ਨੇ ਇੰਜ ਦੱਸਿਆ ਕਿ ਜਿਸ ਵੇਲੇ ਘੋੜੀ, ਗ਼ੈਬੀ ਦ੍ਰਿਸ਼ਟੀ ਅਤੇ ਟੈਲੀਪੈਥੀ ਸੰਬੰਧੀ ਚਮਤਕਾਰ ਵਿਖਾਉਂਦੀ ਸੀ, ਓਦੋਂ ਉਸ ਦੇ ਪਿੱਛੇ ਜੋ ਜਾਦੂਗਰੀ ਕਮਾਲ ਸੀ, ਉਹ ਸਿਰਫ਼ ਘੋੜੀ ਦੀ ਮਾਲਕਣ 'ਸ਼੍ਰੀਮਤੀ ਫੌਂਡਾ' ਵੱਲੋਂ ਦਿੱਤੇ ਗਏ 'ਗੁਪਤ ਸੰਕੇਤ' ਹੀ ਸਨ। ਇਸ ਤਰ੍ਹਾਂ ਪ੍ਰੋ: ਸਕਾਰਨੇ ਨੇ ਜੇ. ਬੀ. ਰਹੀਨ ਦੀ ਗੈਰ ਵਿਗਿਆਨਕ ਸੋਚ ਨੂੰ ਰੱਦ ਕਰ ਦਿੱਤਾ।

ਬੰਗਲੌਰ ਯੂਨੀਵਰਸਿਟੀ ਦੇ ਖਰੇ ਵਿਗਿਆਨੀਆਂ ਨੇ 'ਸਾਈਂ ਕ੍ਰਿਸ਼ਨਾ' ਦੇ ਕਥਿਤ 'ਚਮਤਕਾਰਾਂ' ਪਿੱਛੇ ਕੰਮ ਕਰ ਰਹੇ ਫ਼ਰੇਬ ਨੂੰ ਨੰਗਿਆਂ ਕੀਤਾ।

ਇੰਡੋਨੇਸ਼ੀਆ ਦੇ ਇੱਕ ਵਿਗਿਆਨੀ ਨੇ ਜਿਸ ਫ਼ਰੇਬ ਨੂੰ ਨੰਗਿਆਂ ਕੀਤਾ, ਉਹ ਇਸ ਤਰ੍ਹਾਂ ਸੀ—'ਇੱਕ ਮੁਸਲਮਾਨ ਔਰਤ ਦੇ ਗਰਭ ਵਿੱਚ ਅਜਿਹਾ ਬੱਚਾ ਸੀ, ਜੋ 'ਕੁਰਾਨ ਸ਼ਰੀਫ' ਦੀਆਂ ਆਇਤਾਂ ਜ਼ਬਾਨੀ ਸੁਣਾ ਸਕਦਾ ਸੀ। 'ਅਸਲੀਅਤ ਇਹ ਸੀ ਕਿ ਉਸ ਔਰਤ ਨੇ ਆਪਣੇ ਪੇਟ ਦੁਆਲੇ ਇੱਕ ਸਿਰਹਾਣਾ ਜਿਹਾ ਲਪੇਟਿਆ ਹੋਇਆ ਸੀ ਅਤੇ ਉਸ ਦੇ ਹੇਠਾਂ ਇੱਕ ਛੋਟਾ ਜਿਹਾ ਟੇਪ—ਰਿਕਾਰਡ ਛੁਪਾਇਆ ਹੋਇਆ ਸੀ ਇਸ ਸਾਰੇ ਕੁਝ ਦੇ ਉੱਪਰ ਉਸ ਨੇ ਇੱਕ ਖੁੱਲਾ-ਡੁੱਲ੍ਹਾ ਚੋਲਾ ਪਹਿਨਿਆ ਹੋਇਆ ਸੀ।'

ਇਸੇ ਤਰ੍ਹਾਂ ਭਾਰਤ ਦੇ ਖਰੇ ਸਾਇੰਸਦਾਨ ਇੱਕ ਦਿਨ 'ਸਤਿਆ ਸ੍ਰੀ ਸਾਈਂ ਬਾਬਾ' ਦੇ ਫਰੇਬਾਂ ਨੂੰ ਵੀ ਨੰਗਿਆ ਕਰ ਦੇਣਗੇ। ਭਾਰਤ ਦੇ ਸੰਵਿਧਾਨ ਦੀ ਨਵੀਂ ਤਰਮੀਮ ਦੇ ਅਨੁਸਾਰ ਸਾਈਂ ਬਾਬਾ ਦੇ 'ਅਵਤਾਰ' ਹੋਣ ਦੀ ਜ਼ਿੰਦਗੀ ਦੇ ਦਿਨ ਕੇਵਲ ਗਿਣਤੀ ਦੇ ਹੀ ਰਹਿ ਗਏ ਹਨ ਕਿਉਂਕਿ ਸੰਵਿਧਾਨ ਦੇ 'ਮੁਢਲੇ ਕਰਤੱਵਾਂ' ਦੀ ਇੱਕ ਲਾਈਨ ਇਸ ਤਰ੍ਹਾਂ ਹੈ; *'ਭਾਰਤ ਦੇ ਹਰ ਨਾਗਰਿਕ ਦਾ ਇਹ ਫਰਜ਼ ਹੈ ਕਿ ਉਹ ਵਿਗਿਆਨਕ ਸੋਚ, ਮਾਨਵ-ਵਾਦ, ਸੁਧਾਰ ਅਤੇ ਜਾਂਚ ਕਰਨ ਦੀ ਭਾਵਨਾ ਦਾ ਵਿਕਾਸ ਕਰੇ।'*

ਭਾਰਤੀ ਸੰਵਿਧਾਨ ਦੀ ਇਹ ਧਾਰਾ, ਭਾਰਤ ਦੇ ਤਰਕਸ਼ੀਲ ਵਿਅਕਤੀਆਂ ਨੂੰ ਆਪਣੇ 'ਬੁਨਿਆਦੀ ਫਰਜ਼ਾਂ (ਮੁੱਢਲੇ ਕਰਤੱਵਾਂ) ਨੂੰ ਨਿਭਾਉਣ ਦੇ ਯੋਗ ਬਣਾ ਦੇਵੇਗੀ। ਇਸਦਾ ਸਹਾਰਾ ਲੈ ਕੇ ਉਹ 'ਸਾਈਂ ਬਾਬਾ' ਅਤੇ ਹੋਰ ਅਨੇਕਾਂ ਪਖੰਡੀਆਂ ਦੇ ਕਥਿਤ 'ਚਮਤਕਾਰਾਂ' ਦੀ ਵਿਗਿਆਨਕ ਜਾਂਚ ਕਰਨ ਦੇ ਸਮਰੱਥ ਹੋ ਸਕਣਗੇ। ਭਾਵੇਂ ਅਜਿਹਾ ਕੋਈ ਕਾਨੂੰਨ ਨਹੀਂ, ਜੋ ਕਿਸੇ

ਨਾਗਰਿਕ ਨੂੰ ਆਪਣੇ ਫਰਜ਼ ਨਿਭਾਉਣ ਲਈ ਮਜਬੂਰ ਕਰ ਸਕੇ ਪਰੰਤੂ ਉਹਨਾਂ ਫਰੇਬੀਆਂ ਵਿਰੁੱਧ ਕਾਨੂੰਨੀ ਕਾਰਵਾਈ ਜ਼ਰੂਰ ਕੀਤੀ ਜਾ ਸਕਦੀ ਹੈ, ਜੋ ਕਿ ਨਾਗਰਿਕਾਂ ਨੂੰ ਆਪਣੇ 'ਮੁੱਢਲੇ ਕਰਤੱਵ' ਨਿਭਾਉਣ ਤੋਂ ਰੋਕਦੇ ਹਨ।

ਇੱਕ ਮਾਨਵ-ਵਾਦੀ ਹੋਣ ਦੇ ਨਾਤੇ, ਮੈਂ ਇੱਕ ਖੁਸ਼ੀ ਭਰੀ ਮੌਤ ਮਰਾਂਗਾ, ਜੇਕਰ ਮੇਰੀ ਮੌਤ ਤੋਂ ਪਹਿਲਾਂ ਮੇਰੇ ਜਿਹੇ ਲੱਖਾਂ ਹੀ ਲੋਕ, ਇਹਨਾਂ ਧੋਖੇ ਬਾਜ਼ਾਂ ਦੇ ਫ਼ਰੇਬ ਨੂੰ ਨੰਗਾ ਕਰਦੇ ਹੋਏ ਇਹਨਾਂ ਦੀ ਲੁੱਟ ਤੋਂ ਬਚ ਜਾਣ।

# ਲਾਇਲਾਜ ਰੋਗੀ ਦੀ 'ਸੌਖੀ-ਮੌਤ'

ਕਿਸੇ ਅਜਿਹੇ ਜੀਵ ਦੀ ਜ਼ਿੰਦਗੀ ਨੂੰ ਖਤਮ ਕਰ ਦੇਣਾ, ਜਿਹੜਾ ਕਿਸੇ ਲਾਇਲਾਜ਼ ਬਿਮਾਰੀ ਕਾਰਨ ਦੁੱਖ ਭੋਗ ਰਿਹਾ ਹੋਵੇ, ਇੱਕ ਦਿਆਲਤਾ ਭਰਿਆ ਕੰਮ ਹੈ। ਭਾਵੇਂ, ਜਾਨਵਰਾਂ ਦੇ ਸੰਬੰਧ ਵਿੱਚ ਅਜਿਹੀ 'ਸੌਖੀ-ਮੌਤ' ਦੇਣ ਬਾਰੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੁੰਦਾ ਪਰੰਤੂ ਮਨੁੱਖ ਦੇ ਸੰਬੰਧ ਵਿੱਚ ਅਜਿਹਾ ਕਰਨ ਦੀ ਪੂਰੀ ਮਨਾਹੀ ਹੈ। ਇਹ ਸਾਰਾ ਕੁੱਝ ਯਹੂਦੀਆਂ, ਇਸਾਈਆਂ ਤੇ ਮੁਸਲਮਾਨਾਂ ਦੇ ਅਜਿਹੇ ਭਰਮਾਊ ਵਿਸ਼ਵਾਸਾਂ ਦੇ ਸਦਕਾ ਹੀ ਹੈ ਕਿ ਕੇਵਲ ਮਨੁੱਖ ਨੂੰ ਹੀ ਪਰਮਾਤਮਾ ਨੇ ਆਪਣੇ ਹੱਥਾਂ ਨਾਲ ਮਿੱਟੀ ਤੋਂ ਤਿਆਰ ਕੀਤਾ ਹੈ ਅਤੇ ਨੱਕ ਰਾਹੀਂ ਉਸਨੂੰ ਪ੍ਰਾਣ ਬਖਸ਼ੇ ਹਨ, ਜਾਨਵਰਾਂ ਨੂੰ ਨਹੀਂ। ਇਸ ਲਈ ਉਹਨਾਂ ਦੇ ਅਨੁਸਾਰ ਕੇਵਲ ਪਰਮਾਤਮਾ ਨੂੰ ਹੀ ਮਨੁੱਖ ਦੀ ਜ਼ਿੰਦਗੀ ਖੋਹਣ ਦਾ ਅਧਿਕਾਰ ਹੈ। ਉਹਨਾਂ ਦੇਸ਼ਾਂ ਵਿੱਚ, ਜਿੱਥੇ ਅਜਿਹੇ ਧਰਮਾਂ ਦਾ ਪ੍ਰਭਾਵ ਹੈ, ਡਾਕਟਰ ਬਿਮਾਰੀ ਤੋਂ ਤੰਗ ਆ ਚੁੱਕੇ ਕਿਸੇ ਰੋਗੀ ਨੂੰ 'ਸੌਖੀ-ਮੌਤ' ਨਹੀਂ ਮਾਰ ਸਕਦੇ ਬੇਸ਼ੱਕ ਰੋਗੀ ਆਪਣੇ ਵੱਲੋਂ ਲਿਖਤੀ ਇਜਾਜ਼ਤ ਵੀ ਕਿਉਂ ਨਾ ਦੇ ਦੇਵੇ।

ਸ੍ਰੀ ਲੰਕਾ ਅਤੇ ਭਾਰਤ ਵਿੱਚ, ਜਿੱਥੇ ਜ਼ਿਆਦਾ ਲੋਕ 'ਪੁਨਰ-ਜਨਮ' ਵਿੱਚ ਵਿਸ਼ਵਾਸ ਰਖਦੇ ਹਨ, 'ਸੌਖੀ-ਮੌਤ' ਦੀ ਇਸ ਕਿਰਿਆ ਨੂੰ ਸ਼ਲਾਘਾਯੋਗ ਕੰਮ ਸਮਝ ਕੇ ਉਤਸ਼ਾਹ ਦੇਣਾ ਚਾਹੀਦਾ ਹੈ। ਉਨ੍ਹਾਂ ਲਈ, ਜੋ ਕਿ ਪੁਨਰ-ਜਨਮ ਵਿੱਚ ਵਿਸ਼ਵਾਸ ਰੱਖਦੇ ਹਨ, ਇਹ ਗੱਲ ਹੋਰ ਵੀ ਅਕਲਮੰਦੀ ਹੈ ਕਿ ਉਹ 'ਸੌਖੀ-ਮੌਤ' ਦੀ ਇਸ ਕਿਰਿਆ ਦਾ ਵਿਰੋਧ ਕਰਨ ਦੀ ਬਜਾਏ ਡਾਕਟਰਾਂ ਦੀ ਉਸ ਕਿਰਿਆ ਦਾ ਵਿਰੋਧ ਕਰਨ ਜਿਸ ਦੁਆਰਾ ਉਹ ਕਿਸੇ ਲਾਇਲਾਜ ਬਿਮਾਰੀ ਦੇ ਰੋਗੀ ਦੀ ਦੁੱਖਾਂ ਭਰੀ ਜ਼ਿੰਦਗੀ ਦੇ ਦਿਨ ਦਵਾਈਆਂ ਰਾਹੀਂ ਵਧਾ ਰਹੇ ਹਨ। ਕਿਉਂਕਿ ਅਜਿਹਾ ਕਰਨ ਨਾਲ ਡਾਕਟਰ, ਉਸ ਬਿਮਾਰ ਆਦਮੀ ਦੇ ਉਸ 'ਸੁਨਹਿਰੀ ਅਵਸਰ' ਆਉਣ ਵਿੱਚ ਦੇਰੀ ਕਰ ਰਹੇ ਹਨ ਜਿਸ ਦੇ ਅਨੁਸਾਰ ਉਸਨੇ ਪੁਨਰ-ਜਨਮ ਜਦੋਂ ਇੱਕ ਸਿਹਤਮੰਦ, ਨਵੀਂ ਅਤੇ ਤਾਜ਼ਾ ਜ਼ਿੰਦਗੀ ਨੂੰ ਪ੍ਰਾਪਤ ਕਰਨਾ ਹੈ।

ਇਕ ਵਾਰੀ ਮੈਂ ਇੱਕ ਅਜਿਹੇ ਡਾਕਟਰ ਨੂੰ ਦੇਖਿਆ ਜਿਹੜਾ ਕਿ ਕੈਂਸਰ ਦੇ ਇਕ ਅਜਿਹੇ ਰੋਗੀ ਨੂੰ ਆਕਸੀਜਨ ਲਗਾ ਰਿਹਾ ਸੀ, ਜੋ ਜ਼ਿੰਦਗੀ ਅਤੇ ਮੌਤ ਵਿਚਕਾਰ ਲਟਕ ਰਿਹਾ ਸੀ। ਮੈਨੂੰ ਇਹ ਜ਼ਾਲਮ ਵਤੀਰਾ ਜਾਪਿਆ। ਸ਼ਾਇਦ ਉਸ ਡਾਕਟਰ ਦਾ ਪੋਸ਼ਣ ਧਾਰਮਿਕ ਵਾਤਾਵਰਣ ਵਿੱਚ ਹੋਇਆ ਹੋਵੇਗਾ, ਇਸੇ ਲਈ ਉਹ ਲਾਇਲਾਜ ਬਿਮਾਰੀ ਦੇ ਉਸ ਮਰੀਜ਼ ਨੂੰ ਕੁਝ ਘੰਟੇ ਹੋਰ ਜਿਉਂਦਾ ਰੱਖਣ ਦੇ ਨਿਰਦਈ ਕੰਮ ਨੂੰ ਮਹਿਸੂਸ ਨਹੀਂ ਸੀ ਕਰ ਸਕਿਆ। ਇਹ ਉਸ ਦੀ ਕਿੰਨੀ ਵੱਡੀ ਸਿਆਣਪ ਹੁੰਦੀ, ਜੇਕਰ ਉਹ ਉਸ ਰੋਗੀ ਨੂੰ ਆਕਸੀਜਨ ਦੀ ਬਜਾਏ, ਨੀਂਦ ਆਉਂਣ ਵਾਲੀ ਦਵਾਈ ਹੀ ਵੱਧ ਮਾਤਰਾ ਵਿੱਚ ਦੇ ਦਿੰਦਾ।

ਇਕ ਹੋਰ ਮੌਕੇ ਤੇ ਇਕ ਨੀਮ-ਹਕੀਮ ਇਸ ਗੱਲ ਨੂੰ ਬੜਾ ਵਧਾ ਚੜ੍ਹਾ ਕੇ ਅਤੇ ਮਾਣ ਨਾਲ ਦੱਸ ਰਿਹਾ ਸੀ ਕਿ ਕਿਵੇਂ ਉਸਨੂੰ ਆਪਣੇ ਡਾਕਟਰ ਪੁੱਤਰ ਜੋ ਕਿ ਸ਼ਰਾਬੀ ਵੀ ਸੀ, ਨਾਲ ਮਿਲ ਕੇ ਫੇਫੜਿਆਂ ਦੇ ਕੈਂਸਰ ਵਾਲੀ ਔਰਤ ਨੂੰ ਡੂੰਘੀ ਬੇਹੋਸ਼ੀ ਦੀ ਹਾਲਤ ਵਿੱਚ ਗੁਲੂਕੋਜ ਲਗਾ ਕੇ ਜਿਉਂਦੀ ਕਰ ਲਿਆ ਸੀ। ਭਾਵੇਂ ਮੈਂ ਉਸਨੂੰ ਇਹ ਦੱਸਿਆ ਕਿ ਅਜਿਹੀ ਕਾਰਵਾਈ ਤਾਂ ਮੈਂ ਆਪਣੇ ਪਾਲਤੂ ਕੁੱਤੇ ਤੇ ਵੀ ਨਾ ਕਰਾਂ ਪਰੰਤੂ ਫਿਰ ਵੀ ਮੂਰਖ ਡਾਕਟਰ, ਜੋ ਕਿ ਧਾਰਮਿਕ ਭਰਮਾਂ ਦਾ ਸ਼ਿਕਾਰ ਸੀ, ਆਪਣੀ ਇਸੇ ਗੱਲ ਨੂੰ ਉਨੇ ਹੀ ਮਾਣ ਨਾਲ ਕਹਿੰਦਾ ਗਿਆ ਕਿ ਉਹ ਤੇ ਉਸਦਾ ਸ਼ਰਾਬੀ ਪੁੱਤਰ ਕਿਵੇਂ ਉਸ ਔਰਤ ਨੂੰ ਮਰਨ ਤੱਕ ਹੋਸ਼ ਵਿਚ ਰੱਖਣ ਵਿੱਚ ਸਫਲ ਰਹੇ।

ਕੈਂਸਰ ਦੇ ਮਾਹਿਰ ਡਾਕਟਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਉਸ ਦਾ ਰੋਗੀ ਡੂੰਘੀ ਬੇਹੋਸ਼ੀ ਦੀ ਹਾਲਤ ਵਿੱਚ ਹੈ ਤਾਂ ਉਹ ਬਹੁਤ ਖੁਸ਼ ਹੋਇਆ ਕਿਉਂਕਿ ਉਸਨੇ ਇਹ ਮਹਿਸੂਸ ਕੀਤਾ ਕਿ ਹੁਣ ਉਸਦਾ ਰੋਗੀ ਆਪਣੀ ਜ਼ਿੰਦਗੀ ਦੇ ਪਿਛਲੇ ਕੁੱਝ ਪਲਾਂ ਲਈ ਹੋਰ ਦੁੱਖ ਝੱਲਣ ਤੋਂ ਬਚਿਆ ਰਹੇਗਾ। ਉਸ ਨੇ ਇਹ ਵੀ ਕਿਹਾ ਕਿ ਜੇਕਰ ਕਾਨੂੰਨ ਇਜਾਜ਼ਤ ਦਿੰਦਾ ਤਾਂ ਮੈਂ ਵੀ ਉਹੀ ਕੁਝ ਕੀਤਾ ਹੁੰਦਾ ਜੋ ਕਿ ਹੁਣ ਕੁਦਰਤ ਕਰ ਰਹੀ ਹੈ।

ਮੇਰੇ ਅੱਸੀ-ਸਾਲਾਂ ਦੇ ਸਰੀਰ ਵਿੱਚ ਵੀ ਮਸਾਨੇ ਦਾ ਕੈਂਸਰ ਹੈ ਅਤੇ ਜਿਸ ਦੇ ਨਤੀਜੇ ਵਜੋਂ ਮੈਂ 'ਲਹੂ ਵਗਣ' ਦੀ ਬਿਮਾਰੀ ਕਾਰਨ ਦੁੱਖ ਝੱਲ ਰਿਹਾ ਹਾਂ। ਮੇਰੀ ਉਮਰ ਵਡੇਰੀ ਹੋਣ ਕਾਰਨ ਡਾਕਟਰਾਂ ਨੇ ਮੇਰੇ ਇਲਾਜ ਲਈ ਆਪ੍ਰੇਸ਼ਨ ਅਤੇ 'ਕਿਰਣਾਂ' ਰਾਹੀਂ ਇਲਾਜ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਹੈ। ਉਹ ਮੈਨੂੰ 'ਰਸਾਇਣ-ਚਿਕਿਤਸਾ' ਅਤੇ 'ਰਕਤ-ਪਰਿਵਰਤਨ' ਆਦਿ ਢੰਗਾਂ ਨਾਲ ਕੇਵਲ ਕੁੱਝ ਹਫਤੇ ਜਾਂ ਕੁੱਝ ਮਹੀਨਿਆਂ ਲਈ ਜਿਉਂਦਾ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ, ਨਾ ਕਿ ਕੁੱਝ ਸਾਲਾਂ ਲਈ। ਉਹ ਇਹ ਕੰਮ ਵਿੱਚ ਕਾਫੀ ਹੱਦ ਤੱਕ ਸਫਲ ਰਹੇ ਹਨ ਤੇ ਮੈਂ ਆਪਣੀ ਰੋਜ਼ਾਨਾ ਜ਼ਿੰਦਗੀ ਦੇ ਸਧਾਰਨ ਕੰਮ ਕਰਨ ਦੇ ਯੋਗ ਹੋ ਗਿਆ ਹਾਂ ਭਾਵੇਂ ਛੋਟੇ ਪੈਮਾਨੇ ਤੇ ਹੀ ਕਰਦਾ ਹਾਂ।

ਉਸ ਵੇਲੇ ਜਦੋਂ ਮੈਂ ਕੇਵਲ ਮੰਜੇ ਜੋਗਾ ਹੀ ਰਹਿ ਗਿਆ ਅਤੇ ਆਪਣੇ ਸਾਥੀਆਂ ਅਤੇ ਆਪਣੇ ਆਪ ਲਈ ਬਿਲਕੁਲ ਨਕਾਰਾ ਹੋ ਕੇ ਰਹਿ ਗਿਆ ਤਾਂ ਮੈਂ ਆਪਣੇ ਚੰਗੇ ਡਾਕਟਰਾਂ ਨੂੰ ਇਹੀ ਨਸੀਹਤ ਦੇਵਾਂਗਾ ਕਿ ਉਹ ਮੇਰੀ ਦੁੱਖਾਂ ਭਰੀ ਜ਼ਿੰਦਗੀ ਨੂੰ ਹੋਰ ਲੰਬੀ ਨਾ ਕਰਨ ਤੇ ਮੈਂ ਹੋਰ ਜ਼ਿਆਦਾ ਕਸ਼ਟ ਝੱਲਣ ਤੋਂ ਬਚ ਜਾਵਾਂ। ਬੇਸ਼ਕ ਮੈਂ ਆਪਣੇ ਡਾਕਟਰਾਂ ਨੂੰ ਇਹ ਨਸੀਹਤ ਦੇਵਾਂਗਾ ਕਿ ਉਹ ਮੈਨੂੰ ਅਜਿਹੀ ਦਵਾਈ ਦੇਣ ਜੋ ਮੈਨੂੰ ਸਦਾ ਦੀ ਨੀਂਦ ਸੁਲਾ ਦੇਵੇ, ਪਰੰਤੂ ਮੇਰੀ ਬਦਕਿਸਮਤੀ ਨਾਲ ਉਹ ਅਜਿਹਾ ਨਹੀਂ ਕਰ ਸਕਣਗੇ ਕਿਉਂਕਿ ਮੁੱਢ-ਕਦੀਮੀ ਅਤੇ ਜ਼ਾਲਮ ਕਾਨੂੰਨ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕ ਲਵੇਗਾ।

ਅਜਿਹੇ ਮੌਕੇ ਤੇ ਮੇਰਾ ਤਰਕਸ਼ੀਲ ਮਨ, ਕੈਂਸਰ ਦੇ ਇਲਾਜ ਲਈ ਮੈਨੂੰ ਸਾਈਂ ਬਾਬਾ ਵਰਗੇ ਮਦਾਰੀ ਦੀ ਕਥਿਤ 'ਪਵਿੱਤਰ ਰਾਖ' ਖਾਣ ਲਈ ਜਾਂ ਹਰ ਸਵੇਰ ਆਪਣਾ ਪਿਸ਼ਾਬ ਪੀਣ ਦੀ ਇਜਾਜ਼ਤ ਨਹੀਂ ਦੇਵੇਗਾ ਜਿਵੇਂ ਕਿ ਸਾਈਂ ਬਾਬਾ ਦੇ ਲਾਈ-ਲੱਗ ਭਗਤ ਅਤੇ ਸਾਬਕਾ ਪ੍ਰਧਾਨ ਮੰਤਰੀ ਮੁਰਾਰ ਜੀ ਡਿਸਾਈ ਇਹ ਸਲਾਹ ਦਿੰਦੇ ਹਨ।

ਆਉਣ ਵਾਲੇ ਕਸ਼ਟ ਤੋਂ ਬਚ ਜਾਣ ਦੀ ਆਸ, ਮੇਰੇ ਕੁੱਝ ਨੇਕ-ਦਿਲ ਮਿੱਤਰਾਂ ਵਿੱਚ ਜਰੂਰ ਹੈ ਕਿਉਂਕਿ ਉਹ ਅੰਨੇਵਾਹ 'ਪੁਨਰ-ਜਨਮ' ਵਿੱਚ ਵਿਸ਼ਵਾਸ ਕਰਦੇ ਹਨ, ਹਾਲਾਂਕਿ ਇਸ ਦੇ ਪਿੱਛੇ ਕੋਈ ਠੋਸ ਸਬੂਤ ਨਹੀਂ ਹੈ। ਮੈਂ ਉਹਨਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਮੇਰੇ ਤੇ ਇੰਨਾ ਰਹਿਮ ਕਰਨ ਕਿ ਜਦੋਂ ਮੈਂ ਕੇਵਲ ਮੰਜੇ ਜੋਗਾ ਹੀ ਰਹਿ ਜਾਵਾਂ ਤਾਂ ਮੈਨੂੰ ਨੀਂਦ ਵਾਲੀਆਂ ਗੋਲੀਆਂ ਵੱਧ ਮਾਤਰਾ ਵਿੱਚ ਦੇ ਦੇਣ ਅਤੇ ਦੁੱਖਾਂ ਤੋਂ ਛੁਟਕਾਰਾ ਪਾਉਣ ਵਿੱਚ ਮੇਰੀ ਮੱਦਦ ਕਰਨ।

ਕਿਉਂਕਿ ਇਹ ਇਕ ਸ਼ਲਾਘਾਯੋਗ ਕੰਮ ਹੋਵੇਗਾ, ਇਸ ਲਈ ਉਹਨਾਂ ਨੂੰ ਅਜਿਹਾ ਕਰਨ ਅਤੇ ਪੁਰਾਣੇ ਹੋ ਚੁੱਕੇ ਨਿਯਮਾਂ ਨੂੰ ਤੋੜਨ ਵਿੱਚ ਕੋਈ ਝਿਜਕ ਨਹੀਂ ਵਿਖਾਉਣੀ ਚਾਹੀਦੀ। ਇੰਜ ਮੇਰੀ ਸਹਾਇਤਾ ਕਰਦੇ ਹੋਏ ਉਹ ਮੈਨੂੰ , ਇੱਕ ਕੈਂਸਰ ਵਾਲੇ ਸਰੀਰ ਤੋਂ ਛੁਟਕਾਰਾ ਦਿਵਾ ਕੇ ਪੁਨਰ-ਜਨਮ ਵਜੋਂ ਇਕ ਸਿਹਤਮੰਦ ਅਤੇ ਨਰੋਈ ਤਾਜਾ-ਜ਼ਿੰਦਗੀ ਲਈ ਤਿਆਰ ਕਰ ਰਹੇ ਹੋਣਗੇ। ਇਹ ਉਹਨਾਂ ਵਲੋਂ ਮੇਰੇ ਉੱਪਰ ਕੀਤਾ ਗਿਆ ਇਕ ਹੋਰ ਅਹਿਸਾਨ ਹੋਵੇਗਾ। ਇੱਥੋਂ ਤੱਕ ਕਿ ਮਹਾਤਮਾ ਗਾਧੀਂ ਨੇ ਵੀ ਆਪਣੇ ਮਨੁੱਖਾਂ ਵਾਸਤੇ ਚੰਗਾ ਕੰਮ ਕਰਨ ਲਈ ਕਾਨੂੰਨ ਨੂੰ ਤੋੜਨ ਵਿੱਚ ਕੋਈ ਸੰਕੋਚ ਨਹੀਂ ਸੀ ਕੀਤਾ।

# ਕੀ ਜੋਤਿਸ਼ ਵਿਗਿਆਨ ਹੈ ?

**ਟਾਇਮਜ਼ ਆਫ ਇੰਡੀਆ** ਦੇ ਐਤਵਾਰ ਦੇ ਅੰਕ ਵਿੱਚ ਮਿ. ਵੀ.ਵੀ. ਭੁਜਲੇ ਦਾ ਇੱਕ ਲੇਖ ਪ੍ਰਕਾਸ਼ਿਤ ਹੋਇਆ, ਜਿਸਦਾ ਸਿਰਲੇਖ ਸੀ—'ਕੀ ਜੋਤਿਸ਼ ਇਕ ਸਾਇੰਸ ਹੈ?' ਇਸ ਵਿੱਚ ਲੇਖਕ ਨੇ ਪਾਠਕਾਂ ਨੂੰ ਇਹ ਗੱਲ ਜਚਾਉਣ ਦੀ ਕੋਸ਼ਿਸ਼ ਕੀਤੀ ਹੈ ਕਿ 'ਜੋਤਿਸ਼' ਨੂੰ ਇਕ 'ਫੋਕਾ ਵਹਿਮ' ਕਹਿ ਕੇ ਰੱਦ ਨਹੀਂ ਕਰ ਦੇਣਾ ਚਾਹੀਦਾ ਸਗੋਂ ਇਸ ਦੀ ਮੁਕੰਮਲ ਤੌਰ ਤੇ ਪਰਖ ਕੀਤੀ ਜਾਵੇ। ਜਿੰਨਾ ਚਿਰ ਇਹ ਸਾਬਤ ਨਹੀਂ ਹੋ ਜਾਂਦਾ, ਅਜਿਹਾ ਕਹਿਣਾ ਫਜ਼ੂਲ ਹੈ। ਉਹ ਜੋਤਿਸ਼ ਨੂੰ ਇਕ 'ਸੱਚਾ-ਵਿਗਿਆਨ' ਇਸ ਕਰਕੇ ਮੰਨਣ ਨੂੰ ਤਿਆਰ ਹੈ ਕਿਉਂਕਿ ਪ੍ਰਾਚੀਨ ਸਮਿਆਂ ਤੋਂ ਹੀ ਸਾਰੀ ਦੁਨੀਆਂ ਇਸ ਤੇ ਵਿਸ਼ਵਾਸ ਕਰਦੀ ਆ ਰਹੀ ਹੈ ਅਤੇ ਇਹਨਾਂ ਵਿਸ਼ਵਾਸ ਕਰਨ ਵਾਲੇ ਲੋਕਾਂ ਵਿੱਚ ਉੱਚ ਕੋਟੀ ਦੇ ਸਾਇੰਸਦਾਨ ਵੀ ਸ਼ਾਮਲ ਸਨ।

'ਜੋਤਿਸ਼-ਵਿਗਿਆਨ' ਵਿੱਚ ਆਪਣੇ ਇਸ ਵਿਸ਼ਵਾਸ ਦਾ ਸਮਰਥਨ ਕਰਦਾ ਹੋਇਆ ਮਿ. ਭੁਜਲੇ ਇੰਜ ਲਿਖਦਾ ਹੈ-

'ਇਹ ਗੱਲ ਨੋਟ ਕਰਨ ਵਾਲੀ ਹੈ ਕਿ ਚੌਧਵੀਂ ਸ਼ਤਾਬਦੀ ਵਿੱਚ ਪੱਛਮੀ ਯੂਰਪ ਦੀਆਂ ਅਨੇਕਾਂ ਯੂਨੀਵਰਸਿਟੀਆਂ, ਜਿਵੇਂ-ਪੈਰਿਸ, ਬੋਲੋਗਨ ਅਤੇ ਫਲੋਰੈਂਸ ਆਦਿ ਵਿਖੇ 'ਜੋਤਿਸ਼' ਦੀ ਤਾਲੀਮ ਦਿੱਤੀ ਜਾਂਦੀ ਸੀ।......'ਜੋਤਿਸ਼' ਵੱਡੀ-ਗਿਣਤੀ ਲੋਕਾਂ ਵਿੱਚ ਮੁੜ ਫੇਰ ਹਰਮਨ ਪਿਆਰਾ ਹੋ ਰਿਹਾ ਹੈ।......ਪੱਛਮੀ ਦੇਸ਼ਾਂ ਦੇ, ਖਾਸ ਕਰਕੇ ਅਮਰੀਕਾ ਦੇ ਪੜ੍ਹੇ ਲਿਖੇ ਲੋਕ ਦੂਜੇ ਨੂੰ ਇਹ ਪੁੱਛਦੇ ਹਨ ਕਿ ਉਹ ਕਿਸ 'ਰਾਸ਼ੀ' ਵਿੱਚ ਪੈਦਾ ਹੋਇਆ ਸੀ? ਜੋਤਿਸ਼ ਦੇ ਵਿਸ਼ੇ ਤੇ ਦਿਨੋ ਦਿਨ ਹੋਰ ਵਧੇਰੇ ਕਿਤਾਬਾਂ ਛਪ ਰਹੀਆਂ ਹਨ।......ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਸਾਇੰਸਦਾਨ ਅਤੇ ਖੋਜੀ, ਜੋਤਿਸ਼ ਦੇ ਅੰਕੜਿਆਂ ਅਤੇ ਹੋਰ ਤੱਥਾਂ ਨੂੰ ਇਕੱਠਾਂ ਕਰਕੇ ਵੱਖ-ਵੱਖ ਖੇਤਰਾਂ ਵਿੱਚ ਉਹਨਾਂ ਦੀ ਪੜਤਾਲ ਕਰ ਰਹੇ ਹਨ।....ਇਸ ਸੰਭਾਵਨਾਂ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ ਕਿ ਜੋਤਿਸ਼ ਦੇ ਪਰੰਪਰਾਗਤ ਵਿਚਾਰਾਂ ਨੂੰ ਆਧੁਨਿਕ ਪ੍ਰਯੋਗੀ-ਵਿਚਾਰਾਂ ਵਿੱਚ ਬਦਲਿਆ ਜਾ ਸਕਦਾ ਹੈ। 'ਕਾਰਲ ਜੰਗ' ਜੋਤਿਸ਼ ਦੇ ਵਰਤਾਰੇ ਦੇ ਸਹੀ ਹੋਣ ਦੀ ਵਕਾਲਤ ਕਰਦਾ ਹੈ। 'ਪ੍ਰੋਫੈਸਰ ਜੰਗ' ਅੰਧ ਵਿਸ਼ਵਾਸਾਂ ਦੇ ਸੋਮੇ, ਬਣਤਰ ਅਤੇ ਉਤਪੱਤੀ ਬਾਰੇ ਨਿਰਸੰਦੇਹ ਉਹਨਾਂ ਵਿਗਿਆਨਕਾਂ ਨਾਲੋਂ ਵੱਧ ਜਾਣਕਾਰੀ ਰੱਖਦਾ ਸੀ, ਜਿਹੜੇ ਜੋਤਿਸ਼ ਨੂੰ ਕੇਵਲ ਇਕ 'ਫੋਕੇ ਵਹਿਮ' ਤੋਂ ਇਲਾਵਾ ਹੋਰ ਕੁੱਝ ਨਹੀਂ ਸਮਝਦੇ।....ਇਸ ਗੱਲ ਨੂੰ ਸਿੱਧ ਕਰਨ ਲਈ ਕਿ 'ਜੋਤਿਸ਼ ਇਕ ਫੋਕਾ ਵਹਿਮ ਹੈ' ਕਦੇ ਕੋਈ ਵਿਗਿਆਨਕ ਯਤਨ ਨਹੀਂ ਕੀਤਾ ਗਿਆ।...ਇਸ ਤੋਂ ਪਹਿਲਾਂ ਕਿ ਜੋਤਿਸ਼ ਨੂੰ ਬਿਲਕੁਲ ਰੱਦ ਕਰ ਦਿੱਤਾ ਜਾਵੇ, ਇਸ ਦੀ ਪ੍ਰਮਾਣਿਕਤਾ ਦੀ ਪ੍ਰਯੋਗੀ ਪੜਤਾਲ ਹੋਣੀ ਚਾਹੀਦੀ ਹੈ।'

**ਝੂਠੇ ਸੰਕਲਪ**

ਮਿ. ਭੁਜਲੇ ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਇਕ ਝੂਠਾ ਸੰਕਲਪ ਇਸ ਕਰਕੇ ਸੱਚਾ ਨਹੀਂ ਹੋ ਸਕਦਾ ਕਿ ਬਹੁ ਗਿਣਤੀ ਲੋਕ ਉਸ ਵਿੱਚ ਵਿਸ਼ਵਾਸ ਕਰਦੇ ਹਨ ਜਾਂ ਪ੍ਰਾਚੀਨ ਸਮੇਂ ਤੋਂ ਹੀ ਉਸ ਤੇ ਵਿਸ਼ਵਾਸ ਕੀਤਾ ਜਾ ਰਿਹਾ ਹੈ ਤੇ ਜਾਂ ਫਿਰ ਇਸ ਲਈ ਕਿ ਉਸ ਤੇ ਵਿਸ਼ਵਾਸ ਕਰਨ ਵਾਲਿਆਂ ਵਿੱਚ ਉਚ ਕੋਟੀ ਦੇ ਸਾਇੰਸਦਾਨ ਹਨ।

ਜੋਤਿਸ਼ ਦਾ ਮੁੱਢ ਉਸ ਸਮੇਂ ਬੱਝਿਆ ਸੀ, ਜਦੋਂ ਮਨੁੱਖ ਦਾ ਬ੍ਰਹਿਮੰਡ ਅਤੇ ਤਾਰਿਆਂ ਸੰਬੰਧੀ ਗਿਆਨ ਬਿਲਕੁਲ ਗਲਤ ਸੀ। ਇਸੇ ਲਈ ਜੋਤਿਸ਼ ਦੇ ਅੰਕੜੇ ਗਲਤ ਤੱਥਾਂ ਦੇ ਅਧਾਰ ਤੇ ਤਿਆਰ ਕੀਤੇ ਜਾਂਦੇ ਰਹੇ ਅਤੇ ਹੁਣ ਵੀ ਓਵੇਂ ਹੀ ਹਨ। ਜੋਤਿਸ਼ੀਆਂ ਦੇ ਨੌਂ ਗ੍ਰਹਿਆਂ (ਨਵ-ਗ੍ਰਹਿ) ਵਿੱਚੋਂ ਸਿਰਫ ਪੰਜ ਹੀ ਅਸਲੀ ਗ੍ਰਹਿ ਹਨ। ਬਾਕੀ ਚਾਰ ਗ੍ਰਹਿਆਂ ਵਿੱਚੋਂ ਇਕ ਤਾਰਾ ਹੈ ਅਤੇ ਇਕ ਉਪਗ੍ਰਹਿ ਹੈ। ਬਾਕੀ ਬਚਦੇ ਦੋ ਗ੍ਰਹਿਆਂ ਦੀ ਹੋਂਦ ਕਿਤੇ ਵੀ ਨਹੀਂ। ਇਸ ਲਈ ਗਲਤ ਤੱਥਾਂ ਦੇ ਅਧਾਰ ਤੇ ਕੱਢੇ ਗਏ ਸਿੱਟੇ ਕਿਵੇਂ ਠੀਕ ਹੋ ਸਕਦੇ ਹਨ ?

ਜੋਤਿਸ਼ ਦੀਆਂ ਜਨਮ-ਕੁੰਡਲੀਆਂ ਕਿਸੇ ਵਿਅਕਤੀ ਦੇ ਜਨਮ ਸਮੇਂ, ਕਥਿਤ ਰਾਸ਼ੀ-ਮੰਡਲ ਦੇ ਬਾਰ੍ਹਾਂ ਗ੍ਰਹਿਆਂ ਦੇ ਦਿਖਾਈ ਦੇਣ ਵਾਲੇ ਟਿਕਾਣਿਆਂ ਦੇ ਅਨੁਸਾਰ ਤਿਆਰ ਕੀਤੀਆਂ ਜਾਂਦੀਆਂ ਹਨ। ਰਾਸ਼ੀ ਮੰਡਲ ਦੇ ਤਾਰੇ ਧਰਤੀ ਤੋਂ ਕਰੋੜਾਂ ਮੀਲ ਦੂਰ ਹਨ ਇਸ ਲਈ ਕਿਸੇ ਵੀ ਪਲ ਦਿਖਾਈ ਦੇਣ ਵਲੇ ਉਹਨਾਂ ਦੇ ਟਿਕਾਣੇ ਨਕਲੀ ਜਾਂ ਕਲਪਿਤ ਹੀ ਹੁੰਦੇ ਹਨ, ਅਸਲੀ ਨਹੀਂ। ਇਸ ਤਰ੍ਹਾਂ ਜੋਤਿਸ਼ੀ ਕਿਸੇ ਵਿਅਕਤੀ ਦੀ ਜਨਮ ਕੁੰਡਲੀ ਤਿਆਰ ਕਰਦੇ ਸਮੇਂ ਇਹਨਾਂ ਗ੍ਰਹਿਆਂ ਦੇ ਗਲਤ ਟਿਕਾਣਿਆਂ ਨੂੰ ਹੀ ਵਰਤੋਂ ਵਿੱਚ ਲਿਆਉਂਦੇ ਹਨ। ਜੇਕਰ ਉਹਨਾਂ ਜੋਤਿਸ਼ੀਆਂ ਵਿਚ ਤਾਰਿਆਂ ਦੀ ਅਸਲੀ ਸਥਿਤੀ ਦਾ ਹਿਸਾਬ-ਕਿਤਾਬ ਕੱਢਣ ਦੀ ਯੋਗਤਾ ਅਤੇ ਗਿਆਨ ਹੋਵੇ ਤਾਂ ਜੋਤਿਸ਼-ਵਿਗਿਆਨ ਵਿੱਚੋਂ ਉਹਨਾਂ ਦਾ ਆਪਣੇ ਆਪ ਹੀ ਵਿਸ਼ਵਾਸ ਖਤਮ ਹੋ ਜਾਵੇਗਾ।

ਜਦੋਂ ਕਿ ਗ੍ਰਹਿਆਂ ਅਤੇ ਤਾਰਿਆਂ ਦੇ ਪ੍ਰਕਾਸ਼ ਨੂੰ ਧਰਤੀ ਤੱਕ ਪਹੁੰਚਣ ਲਈ, ਕਈ ਮਿੰਟਾਂ ਤੋਂ ਲੈ ਕੇ ਕਈ ਕਰੋੜ ਸਾਲ ਤੱਕ ਦਾ ਸਮਾਂ ਲੱਗ ਜਾਂਦਾ ਹੈ ਤਾਂ ਇਹ ਸਪਸ਼ਟ ਹੈ ਕਿ ਜੋਤਿਸ਼ੀਆਂ ਦੀਆਂ ਜਨਮ-ਕੁੰਡਲੀਆਂ ਵੀ ਕਈ ਮਿੰਟਾਂ ਤੋਂ ਲੈ ਕੇ ਕਈ ਕਰੋੜ ਸਾਲ ਤੱਕ ਗਲਤ ਹੁੰਦੀਆਂ ਹਨ।

'ਜੋਤਿਸ਼-ਵਿਗਿਆਨ' ਵਿੱਚ ਇਸ ਅਧਾਰ ਨੂੰ ਲੈ ਕੇ ਅੰਨ੍ਹਾ ਵਿਸ਼ਵਾਸ ਕਰਨਾ ਕਿ 'ਨਿਊਟਨ' ਅਤੇ 'ਕਾਰਲ ਜੰਗ' ਇਸ ਵਿੱਚ ਵਿਸ਼ਵਾਸ ਕਰਦੇ ਸਨ, ਉਨਾਂ ਹੀ ਗਲਤ ਹੈ ਜਿੰਨਾ ਕਿ ਬਿਮਾਰੀਆਂ ਦੇ ਇਲਾਜ ਲਈ ਪਿਸ਼ਾਬ ਪੀਣਾ, ਇਹ ਸਮਝ ਕੇ ਕਿ ਮੋਰਾਰ ਜੀ ਡਿਸਾਈ ਇੰਜ ਕਰਦੇ ਸਨ।

ਮਿ. ਭੁਜਲੇ ਕਹਿੰਦਾ ਹੈ ਕਿ ਇਹ ਸਾਇੰਸਦਾਨਾਂ ਦੀ ਜ਼ੁੰਮੇਵਾਰੀ ਹੈ ਕਿ ਉਹ ਜੋਤਿਸ਼ ਨਾਲ ਸਬੰਧਿਤ ਗਲਤ ਬਿਆਨਾਂ ਨੂੰ ਸਿੱਧ ਕਰਕੇ ਵਿਖਾਉਣਾ ਉਸ ਦੇ ਅਨੁਸਾਰ ਜੋਤਿਸ਼ ਨੂੰ ਝੁਠਲਾਉਣ ਲਈ ਸਾਇੰਸਦਾਨਾਂ ਨੂੰ ਸਬੂਤ ਪੇਸ਼ ਕਰਨੇ ਚਾਹੀਦੇ ਹਨ। ਅਸਲ ਵਿੱਚ ਉਦੇਸ਼ ਨੂੰ ਲੈ ਕੇ ਹੀ ਮੈਂ, ਆਪਣੀ ਪੰਦਰਾਂ ਸਾਲ ਪੁਰਾਣੀ ਸਥਾਈ ਚੁਣੌਤੀ ਦੀਆਂ 23 ਸ਼ਰਤਾਂ ਵਿੱਚ ਜੋਤਿਸ਼ ਅਤੇ ਹਸਤ-ਰੇਖਾ ਵਿਗਿਆਨ ਨੂੰ ਸ਼ਾਮਲ ਕੀਤਾ ਹੈ ਅਤੇ ਸ੍ਰੀ ਲੰਕਾ ਦੇ ਇਕ ਲੱਖ ਰੁਪਏ ਦਾ ਇਨਾਮ ਅਜਿਹੇ ਹੀ ਵਿਅਕਤੀ ਨੂੰ ਦੇਣ ਦੀ ਪੇਸ਼ਕਸ਼ ਕੀਤੀ ਹੈ, ਜਿਹੜਾ ਕਿ ਮੇਰੇ ਵੱਲੋ ਲਏ ਗਏ ਟੈਸਟ ਵਿੱਚ 95% ਜਾਂ ਇਸ ਤੋਂ ਵੀ ਵੱਧ ਠੀਕ ਭਵਿੱਖ-ਬਾਣੀਆਂ ਕਰ ਸਕਦਾ ਹੋਵੇ। ਬੇਸ਼ੱਕ ਮੈਂ ਸ਼੍ਰੀ ਭੁਜਲੇ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਹਾਂ ਕਿ ਅਜਿਹੀਆਂ ਚੀਜਾਂ ਨੂੰ ਜੋ ਕਿ ਹੋਂਦ ਨਹੀਂ ਰੱਖਦੀਆਂ, ਸਿੱਧ ਕਰਨਾ ਜਾਂ ਝੁਠਲਾਉਣਾ, ਕੇਵਲ ਸਾਇੰਸਦਾਨਾਂ ਦਾ ਹੀ ਫ਼ਰਜ਼ ਹੈ, ਫਿਰ ਵੀ ਮੈਂ ਅਜਿਹਾ ਕੰਮ ਇਸੇ ਕਰਕੇ ਸਹੇੜਿਆ ਹੈ ਕਿਉਂਕਿ ਜੋਤਿਸ਼ ਅਤੇ ਹਸਤ-ਰੇਖਾ ਵਿਗਿਆਨ ਵੀ ਹੋਰਨਾਂ ਵਹਿਮਾਂ-ਭਰਮਾਂ ਦੀ ਤਰ੍ਹਾਂ ਹੀ ਸਮਾਜ ਲਈ ਇਕ ਸਰਾਪ ਬਣ ਚੁੱਕੇ ਹਨ। ਕੀ ਮਿ. ਭੁਜਲੇ ਕਿਸੇ ਇਕ ਜੋਤਿਸ਼ੀ ਜਾਂ ਹੱਥ ਰੇਖਾ ਮਾਹਿਰ ਨੂੰ ਮੇਰੇ ਟੈਸਟ ਦਾ ਸਾਹਮਣਾ ਕਰਨ ਲਈ ਤਿਆਰ ਕਰ ਸਕਦਾ ਹੈ ? ਕਈ ਮੌਕਿਆਂ ਤੇ ਮੈਂ ਅਜਿਹੀ ਪਰਖ ਵਾਸਤੇ ਪ੍ਰਬੰਧ ਕੀਤਾ ਹੈ ਅਤੇ ਇਸ ਨਤੀਜੇ ਤੇ ਪਹੁੰਚਿਆਂ ਹਾਂ ਕਿ ਜੋਤਸ਼ੀਆਂ ਅਤੇ ਹੱਥ-ਰੇਖਾ ਮਾਹਿਰਾਂ ਦੀਆਂ ਭਵਿੱਖ-ਬਾਣੀਆਂ ਇਕ ਸਧਾਰਨ ਆਦਮੀ ਦੇ ਅੰਦਾਜ਼ਿਆਂ ਨਾਲੋ ਵੱਧ ਠੀਕ ਨਹੀਂ ਹੁੰਦੀਆਂ।

**ਜੋਤਿਸ਼ ਦਾ ਪਰਦਾ–ਫਾਸ਼ ਕਰਣ ਦੀ ਤਾਜ਼ਾ ਘਟਨਾ**

ਜੋਤਿਸ਼ ਅਤੇ ਹੱਥ-ਰੇਖਾ ਵਿਗਿਆਨ ਦੇ ਤਜਰਬੇ ਵਜੋਂ ਮੈਂ ਸਭ ਤੋਂ ਪਿਛਲਾ ਟੈਸਟ 12 ਫਰਵਰੀ, 1978 ਨੂੰ ਰੱਖਿਆ।

'ਸੀਲੋਨ ਸੰਡੇ ਆਬਰਜ਼ਰਵਰ' ਅਖ਼ਬਾਰ ਦੇ ਵਿੱਚ ਮੈਂ ਇਕ ਖਬਰ ਪੜ੍ਹੀ ਕਿ ਲੰਡਨ ਵਿਖੇ ਸ਼੍ਰੀ ਲੈਂਕਨ ਨਾਂ ਦਾ ਇੱਕ ਵਿਅਕਤੀ ਹੈ, ਜੋ ਕਿ ਭਵਿੱਖ ਬਾਣੀਆਂ ਦੁਆਰਾ ਆਪਣਾ ਕਾਰੋਬਾਰ ਕਾਫੀ ਵਧਾ ਚੁੱਕਾ ਹੈ। ਉਸਨੇ 'ਘਾਨਾ' ਦੇ ਰਾਸ਼ਟਰਪਤੀ ਦੀ 'ਹਥੇਲੀ' ਦੇ ਨਿਸ਼ਾਨ ਵੇਖ ਕੇ 'ਘਾਨਾ' ਵਿੱਚ ਤੇਲ ਲੱਭ ਦਿੱਤਾ ਹੈ। ਇੰਜ ਉਹ ਜੋਤਿਸ਼ੀ ਵਜੋਂ ਕਾਮਯਾਬ ਹੋਇਆ ਹੈ। ਮੈਨੂੰ ਇਸ ਗੱਲ ਤੇ ਬੜੀ ਹੈਰਾਨੀ ਹੋਈ। ਕੀ ਸ਼੍ਰੀ ਲੰਕਾ ਦੀ ਸਰਕਾਰ, ਉਸ ਵਿਅਕਤੀ ਨੂੰ ਜਦੋਂ ਕਿ ਉਹ ਇਥੇ ਇਕ ਦਿਨ ਦੀ ਛੁੱਟੀ ਤੇ ਸੀ, ਇਥੋਂ ਦੇ ਰਾਸ਼ਟਰਪਤੀ ਮਿ. ਜੇ. ਆਰ. ਜੇਵਰਧਨੇ ਦਾ ਹੱਥ ਵਿਖਾ ਕੇ ਸ਼੍ਰੀ ਲੰਕਾ ਵਿਖੇ ਤੇਲ ਲੱਭਣ ਲਈ ਉਸ ਦਾ ਲਾਭ ਨਹੀਂ ਸੀ ਉਠਾ ਸਕਦੀ ?

ਮੈਂ ਇਸ ਭੜਕੀਲੇ ਅਤੇ ਝੂਠੇ ਬਿਆਨ ਤੋਂ ਭੜਕ ਉਠਿਆ। ਇਸ ਲਈ ਮੈਂ ਉਸੇ ਅਖ਼ਬਾਰ ਰਾਹੀਂ, ਜੋਤਿਸ਼ ਅਤੇ ਹੱਥ ਰੇਖਾ ਦੇ ਮਾਹਿਰ ਵਿਅਕਤੀ, ਮਿ. ਸਾਈਰਸ ਐਬੀਆਕੂਨ ਅਤੇ ਸ਼੍ਰੀ ਲੰਕਾ ਦੇ ਹੋਰ ਜੋਤਸ਼ੀਆਂ ਅਤੇ ਹੱਥ-ਰੇਖਾ ਮਾਹਿਰਾਂ ਨੂੰ ਚੁਣੌਤੀ ਦਿੱਤੀ ਕਿ ਉਹ 12ਫਰਵਰੀ, 1978 ਨੂੰ 'ਬਰਸਟਨ ਕਾਲਜ' ਦੇ ਹਾਲ ਵਿਖੇ ਮੇਰੇ ਦੁਆਰਾ ਰੱਖੇ ਗਏ ਟੈਸਟ ਦਾ ਸਾਹਮਣਾ ਕਰਨ। ਇਸ ਪਰਖ ਨੂੰ ਉਹਨਾਂ ਲਈ ਹੋਰ ਵਧੇਰੇ ਖਿੱਚ-ਭਰਪੂਰ ਅਤੇ ਦਿਲਚਸਪ ਬਨਾਉਣ ਲਈ ਮੈਂ ਪਹਿਲਾਂ ਵਾਂਗ ਹੀ ਇੱਕ ਲੱਖ ਰੁਪਏ ਦਾ ਇਨਾਮ ਰੱਖ ਦਿੱਤਾ। ਇਹ ਇਨਾਮ ਉਸ ਵਿਅਕਤੀ ਨੂੰ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ, ਜਿਹੜਾ ਕਿ 95% ਜਾਂ ਇਸ ਤੋਂ ਵੀ ਵੱਧ ਠੀਕ ਉੱਤਰ ਦੇਵੇਗਾ। ਇਸ ਪਰਖ ਵਿੱਚ ਭਾਗ ਲੈਣ ਲਈ ਕੁਝ ਅਜਿਹੇ ਵਿਅਕਤੀਆਂ ਨੂੰ ਵੀ ਖਤਾਂ ਰਾਹੀਂ ਸੱਦਾ ਦਿੱਤਾ ਗਿਆ ਸੀ ਜਿਹੜੇ ਲਗਾਤਾਰ ਇਹ ਪ੍ਰਚਾਰ ਕਰਦੇ ਆ ਰਹੇ ਸਨ ਕਿ ਉਹ ਕਿਸੇ ਵਿਅਕਤੀ ਦੀ ਜਨਮ-ਮਿਤੀ ਜਾਂ ਉਸ ਦੀ ਹਥੇਲੀ ਦੇ ਨਿਸ਼ਾਨ ਦੇਖ ਕੇ ਹੀ ਉਸ ਬਾਰੇ ਬਿਲਕੁਲ ਸਹੀ ਭਵਿੱਖ-ਬਾਣੀ ਕਰਨ ਦੀ ਯੋਗਤਾ ਰੱਖਦੇ ਹਨ।

ਉਹਨਾਂ ਜੋਤਸ਼ੀਆਂ ਵਿੱਚੋਂ ਕੇਵਲ ਚਾਰ ਜਣਿਆਂ ਨੇ ਮੇਰੇ ਪੱਤਰ ਦਾ ਜਵਾਬ ਦਿੱਤਾ ਅਤੇ ਮੈਨੂੰ ਇਤਲਾਹ ਦਿੱਤੀ ਕਿ ਉਹ ਪਰਖ ਵਿੱਚ ਭਾਗ ਲੈਣ ਲਈ ਆ ਰਹੇ ਹਨ। ਇੱਕ ਪੰਜਵੇਂ ਵਿਅਕਤੀ ਨੇ ਮੈਨੂੰ ਟੈਲੀਫੋਨ ਤੇ ਕਿਹਾ ਕਿ ਉਹ ਵੀ ਲੋਕਾਂ ਸਾਹਮਣੇ ਆਪਣੀ ਯੋਗਿਕ ਸ਼ਕਤੀ ਦਾ ਪ੍ਰਦਰਸ਼ਨ ਕਰੇਗਾ, ਜਿਸ ਅਨੁਸਾਰ ਉਹ ਕੇਵਲ 'ਈਸਾ ਮਸੀਹ ਦੀ ਪ੍ਰਾਰਥਨਾ' ਦੁਆਰਾ ਜ਼ਖਮਾਂ ਨੂੰ ਬਿਲਕੁਲ ਠੀਕ ਕਰ ਦੇਣਾ' ਵੀ ਮੇਰੀਆਂ 23 ਸ਼ਰਤਾਂ ਵਿੱਚੋਂ ਇੱਕ ਸੀ, ਇਸ ਲਈ ਮੈਂ ਉਸ ਆਦਮੀ ਨੂੰ ਵੀ ਸੱਦਾ ਦੇ ਦਿੱਤਾ।

12 ਫ਼ਰਵਰੀ ਨੂੰ ਬਰਸਟਨ ਕਾਲਜ ਦਾ ਹਾਲ ਨਿਸ਼ਚਿਤ ਸਮੇਂ ਤੋਂ ਪਹਿਲਾਂ ਹੀ ਦਰਸ਼ਕਾਂ ਨਾਲ ਭਰ ਚੁੱਕਾ ਸੀ। ਠੀਕ ਪੰਜ ਵਜੇ, ਪਰਖ ਦੀ ਮੁਢਲੀ ਕਾਰਵਾਈ ਮੈਂ ਆਪਣੇ ਇਕ ਛੋਟੇ ਜਿਹੇ ਭਾਸ਼ਨ ਨਾਲ ਸ਼ੁਰੂ ਕੀਤੀ, ਜਿਸ ਵਿੱਚ ਮੈਂ ਦੱਸਿਆ ਕਿ ਇਹਨਾਂ 'ਰਹੱਸਮਈ ਚਮਤਕਾਰਾਂ' ਅਤੇ ਟੂਣਿਆਂ ਦਾ ਜਨਮ ਕਿਵੇਂ ਹੋਇਆ ਅਤੇ ਅਜਿਹੇ ਵਿਅਕਤੀਆਂ ਲਈ ਜੋ ਕਿ ਪ੍ਰੇਤ-ਵਿੱਦਿਆ, ਜਾਦੂ-ਟੂਣੇ ਕਰਨ ਅਤੇ ਅਲੌਕਿਕ ਸ਼ਕਤੀਆਂ ਰੱਖਣ ਦਾ ਦਾਅਵਾ ਕਰਦੇ ਹਨ, ਮੈਨੂੰ ਸਥਾਈ ਚੁਣੌਤੀ ਕਿਉਂ ਦੇਣੀ

ਪਈ। ਇਸ ਤੋਂ ਪਿੱਛੋਂ ਜੋਤਸ਼ੀਆਂ, ਹੱਥ-ਰੇਖਾ ਮਾਹਿਰਾਂ ਅਤੇ ਪਾਂਡਿਆਂ ਨੂੰ ਆਪਣੀਆਂ ਸੀਟਾਂ ਤੇ ਬੈਠਣ ਲਈ ਕਿਹਾ। ਇਸ ਮੌਕੇ ਤੇ, ਬੇਸ਼ਕ ਹਾਲ ਵਿੱਚ ਕਿੰਨੇ ਹੀ ਜੋਤਿਸ਼ੀ ਮੌਜੂਦ ਸਨ, ਕੇਵਲ ਇੱਕ ਹੱਥ-ਰੇਖਾ ਮਾਹਿਰ ਅਤੇ 'ਪ੍ਰਾਰਥਨਾ ਰਾਹੀਂ ਜ਼ਖਮਾਂ ਨੂੰ ਠੀਕ ਕਰਨ ਵਾਲਾ ਹੀ ਅੱਗੇ ਆਏ। ਮੈਨੂੰ ਯਕੀਨ ਹੈ ਕਿ ਸੂਝਵਾਨ ਪਾਠਕ ਇਸ ਗੱਲ ਨੂੰ ਜ਼ਰੂਰ ਸਮਝ ਜਾਣਗੇ ਕਿ ਉਹਨਾਂ ਜੋਤਸ਼ੀਆਂ ਨੇ, ਜੋ ਕਿ ਲੋਕਾਂ ਦੀ ਕਿਸਮਤ ਬਾਰੇ ਭਵਿੱਖ ਬਾਣੀਆਂ ਕਰਕੇ ਉਹਨਾਂ ਤੋਂ ਪੰਜ-ਪੰਜ ਜਾਂ ਦਸ ਦਸ ਰੁਪਏ ਬਟੋਰਦੇ ਹਨ, ਮੇਰੀ ਇਕ ਲੱਖ ਰੁਪਏ ਦੀ ਪੇਸ਼ਕਸ਼ ਨੂੰ ਕਿਉਂ ਠੁਕਰਾ ਦਿੱਤਾ ਸੀ। ਉਹ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਹ ਕਿਸੇ ਹਾਲਤ ਵਿੱਚ ਵੀ ਮੇਰਾ ਇਹ ਇਨਾਮ ਨਹੀਂ ਜਿੱਤ ਸਕਦੇ। ਇਸ ਲਈ ਉਹ ਅਜਿਹਾ ਕੋਈ ਖਤਰਾ ਮੁੱਲ ਨਹੀਂ ਸੀ ਲੈਣਾ ਚਾਹੁੰਦੇ, ਜਿਸ ਨਾਲ ਉਹਨਾਂ ਦਾ ਥੋਥ ਨੰਗਾ ਹੋ ਜਾਵੇ ਅਤੇ ਭਵਿੱਖ ਵਿੱਚ ਉਹਨਾਂ ਦਾ ਕਾਰੋਬਾਰ ਠੱਪ ਹੋ ਜਾਵੇ।

ਦਰਸ਼ਕਾਂ ਦੀ ਭੀੜ ਵਿੱਚੋਂ ਇੱਕ ਆਮ ਆਦਮੀ ਨੂੰ ਬੁਲਾ ਲਿਆ ਗਿਆ ਅਤੇ ਉਸਨੂੰ ਦੂਸਰਿਆਂ ਦੇ ਨਾਲ ਹੀ ਸੀਟ ਤੇ ਬੈਠਣ ਦੀ ਬੇਨਤੀ ਕੀਤੀ ਗਈ। ਸਭ ਤੋਂ ਪਹਿਲਾਂ ਮੈਂ ਉਸ ਵਿਅਕਤੀ ਦੀ, ਜੋ ਕਿ ਪ੍ਰਾਰਥਨਾ ਦੁਆਰਾ ਜ਼ਖਮਾਂ ਨੂੰ ਠੀਕ ਕਰਨ ਦੀ ਯੋਗਤਾ ਰੱਖਦਾ ਸੀ, ਦਰਸ਼ਕਾਂ ਨਾ ਜਾਣ ਪਹਿਚਾਣ ਕਰਵਾਈ। ਫਿਰ ਮੈਂ ਉਸਨੂੰ ਕਿਹਾ ਕਿ ਉਹ ਆਪਣੀ ਪ੍ਰਾਰਥਨਾ ਦੀ ਸ਼ਕਤੀ ਨਾਲ ਮੇਰੇ ਨੱਕ ਉਪਰਲੇ ਕਾਲੇ ਤਿਣ (ਮੋਹਕਾ) ਨੂੰ ਦੂਰ ਕਰਕੇ ਵਿਖਾਵੇ। ਹਾਲਾਂਕਿ ਮੈਂ ਉਸਨੂੰ ਇਹ ਵੀ ਕਹਿ ਸਕਦਾ ਸੀ ਉਹ ਈਸਾ ਮਸੀਹ ਅੱਗੇ ਪ੍ਰਾਰਥਨਾ ਕਰਕੇ ਮੇਰੇ ਮਸਾਨੇ ਦੇ ਕੈਂਸਰ ਨੂੰ ਠੀਕ ਕਰ ਦੇਵੇ, ਪਰ ਕਿਉਂਕਿ ਅਜਿਹਾ ਨਤੀਜਾ ਦਰਸ਼ਕਾਂ ਨੂੰ ਪ੍ਰਤੱਖ ਰੂਪ ਵਿੱਚ ਦਿਖਾਇਆ ਨਹੀਂ ਸੀ ਜਾ ਸਕਦਾ, ਇਸ ਲਈ ਮੈਂ ਪਹਿਲਾਂ ਵਾਲੀ ਪਰਖ ਨੂੰ ਠੀਕ ਸਮਝਿਆ।

ਉਸ 'ਸਿਆਣੇ' ਆਦਮੀ ਨੇ ਆਪਣੀ ਪ੍ਰਾਰਥਨਾ ਸ਼ੁਰੂ ਕਰ ਦਿੱਤੀ। ਜਿਸ ਵੇਲੇ ਉਸ ਦੀ ਪ੍ਰਾਰਥਨਾ ਚੱਲ ਰਹੀ ਸੀ, ਤਾਂ ਮੈਂ ਆਪਣੀ ਫਾਇਲ ਵਿੱਚੋਂ ਦੋ ਸੀਲ-ਬੰਦ ਲਿਫਾਫੇ ਬਾਹਰ ਕੱਢੇ। ਇੱਕ ਲਿਫਾਫੇ ਵਿੱਚ ਦਸ ਵਿਅਕਤੀਆਂ ਦੀਆਂ ਦੋਵਾਂ ਹਥੇਲੀਆਂ ਦੇ ਨਿਸ਼ਾਨ ਸਨ, ਜੋ ਕਿ ਸ੍ਰੀ ਲੰਕਾ ਪੁਲਿਸ ਨੇ ਮੇਰੀ ਬੇਨਤੀ ਤੇ ਤਿਆਰ ਕਰ ਕੇ ਦਿੱਤੇ ਸਨ ਅਤੇ ਦੂਸਰੇ ਲਿਫਾਫੇ ਵਿੱਚ ਜੋ ਕਿ ਬਿਲਕੁਲ ਉਸੇ ਤਰ੍ਹਾਂ ਸੀ, ਉਹਨਾਂ ਦਸ ਦਸ ਵਿਅਕਤੀਆਂ ਦੀ ਸ਼ਨਾਖਤ, ਆਦਮੀ ਜਾਂ ਔਰਤ ਅਤੇ ਜਿਉਂਦੇ ਜਾਂ ਮ੍ਰਿਤਕ ਹੋਣ ਦੇ ਵੇਰਵੇ ਸਨ ਅਤੇ ਇਕ ਪੁਲਿਸ ਅਫ਼ਸਰ ਦੁਆਰਾ ਤਸਦੀਕ ਕੀਤੇ ਹੋਏ ਸਨ। ਉਸੇ ਤਰ੍ਹਾਂ ਦੇ ਇਕ ਹੋਰ ਲਿਫਾਫ਼ੇ ਵਿੱਚ ਇਕ ਅਜਿਹਾ ਕਾਗਜ਼ ਸੀ, ਜਿਸ ਤੇ ਦਸ ਵਿਅਕਤੀਆਂ ਦੀਆਂ ਜਨਮ-ਤਾਰੀਖਾਂ, ਸਹੀ ਮਿੰਟਾਂ ਤੱਕ ਜਨਮ ਦਾ ਸਮਾਂ, ਜਨਮ ਵਾਲੇ ਸਥਾਨ ਦੇ ਸਹੀ ਅਖ਼ਸ਼ਾਂਸ਼ ਅਤੇ ਰੇਖਾਂਸ਼ ਲਿਖੇ ਹੋਏ ਸਨ। ਦੂਸਰੇ ਸੀਲ ਬੰਦ ਲਿਫਾਫ਼ੇ ਵਿੱਚ ਉਹਨਾਂ ਵਿਅਕਤੀਆਂ ਦੀ ਉਮਰ, ਲਿੰਗ ਅਤੇ ਸ਼ਨਾਖਤ ਸੰਬੰਧੀ ਹੋਰ ਵੇਰਵੇ ਦਰਜ ਸਨ। ਇਹਨਾਂ ਦੀ ਵੀ ਤਸਦੀਕ ਕੀਤੀ ਹੋਈ ਸੀ, ਜਿਉਂਦੇ ਵਿਅਕਤੀਆਂ ਨੇ ਆਪੋ ਆਪਣੀ ਅਤੇ ਮ੍ਰਿਤਕਾਂ ਦੀ ਤਸਦੀਕ ਉਹਨਾਂ ਦੇ ਨੇੜਲੇ ਰਿਸ਼ਤੇਦਾਰਾਂ ਨੇ ਕੀਤੀ ਸੀ।

ਮੈਂ ਪਬਲਿਕ ਦੇ ਸਾਹਮਣੇ ਪਹਿਲੇ ਲਿਫਾਫ਼ੇ ਦੀ ਸੀਲ ਤੋੜੀ ਅਤੇ ਇਸ ਵਿਚਲੇ 'ਦਸ ਹਥੇਲੀਆਂ ਦੇ ਨਿਸ਼ਾਨ' ਪਹਿਲਾਂ ਉਸ ਹੱਥ-ਰੇਖਾ ਮਾਹਿਰ ਨੂੰ ਅਤੇ ਬਾਅਦ ਵਿੱਚ ਆਮ ਆਦਮੀ ਨੂੰ ਦੇ ਦਿੱਤੇ। ਮੈਂ ਉਹਨਾਂ ਨੂੰ ਕਿਹਾ ਕਿ ਉਹ ਇਹਨਾਂ ਵਿੱਚੋਂ ਜਿਉਂਦੇ ਜਾਂ ਮ੍ਰਿਤਕ ਅਤੇ ਇਸਤਰੀ ਜਾਂ ਪੁਰਸ਼ ਆਦਿ ਦੇ ਵੇਰਵੇ ਇਕ ਕਾਗਜ਼ ਤੇ ਲਿਖ ਕੇ ਦੱਸਣ।

ਦਰਸ਼ਕਾਂ ਵਿੱਚੋਂ ਦੋ ਪੱਤਰਕਾਰਾਂ ਨੂੰ ਸਟੇਜ ਤੇ ਬੁਲਾ ਲਿਆ ਗਿਆ। ਉਹਨਾ ਨੂੰ ਕਿਹਾ ਗਿਆ ਕਿ ਉਹ ਪੁਲਿਸ-ਅਫ਼ਸਰ ਦੀ ਤਸਦੀਕ ਸ਼ੁਦਾ ਕਾਪੀ ਨਾਲ ਮੁਕਾਬਲਾ ਕਰਕੇ ਸਹੀ ਉੱਤਰਾਂ ਤੇ ਚਿੰਨ ਲਗਾਉਣ ਦੀ ਖੇਚਲ ਕਰਨ। ਸਭ ਕੁੱਝ ਹੋ ਚੁੱਕਣ ਤੋਂ ਬਾਅਦ ਇਹ ਨਤੀਜਾ ਹੋਇਆ ਕਿ ਹੱਥ-ਰੇਖਾ ਮਾਹਿਰ ਨੇ 30% ਅਤੇ ਆਮ ਆਦਮੀ ਨੇ 20% ਅੰਕ ਸਹੀ ਉੱਤਰਾਂ ਵਜੋਂ ਪ੍ਰਾਪਤ ਕੀਤੇ। ਜੇਕਰ ਮੈਂ ਕੁੱਝ ਹੋਰ ਆਦਮੀਆਂ ਨੂੰ ਇਸ ਪਰਖ ਵਿੱਚ ਹਿੱਸਾ ਲੈਣ ਲਈ ਬੁਲਾਇਆ ਹੁੰਦਾ ਤਾਂ ਉਹਨਾਂ ਵਿੱਚੋਂ ਕੁੱਝ ਜਣਿਆਂ ਨੇ ਜਰੂਰ ਹੀ ਘੱਟੋ-ਘੱਟ 50% ਅੰਕ ਪ੍ਰਾਪਤ ਕਰ ਲੈਣੇ ਸਨ। ਉਨੇ ਅੰਕ ਤਾਂ ਕੋਈ ਵੀ ਮੂਰਖ ਪ੍ਰਾਪਤ ਕਰ ਸਕਦਾ ਸੀ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਨੱਕ ਦਾ ਕਾਲਾ ਤਿਣ (ਮੋਹਕਾ-ਅਤੇ ਮੇਰਾ ਜੇਬ ਵਿਚਲਾ ਇੱਕ ਲੱਖ ਰੁਪਿਆ ਮੇਰੇ ਕੋਲ ਅਜੇ ਤੱਕ ਸੁਰੱਖਿਅਤ ਹਨ)। ਮੈਂ ਉਹ ਲਿਫਾਫ਼ਾ, ਜਿਸ ਵਿੱਚ ਜਨਮ-ਮਿਤੀ ਨਾਲ ਸੰਬੰਧਿਤ ਵੇਰਵੇ ਦਰਜ ਹਨ, ਹਾਲੇ ਤੀਕ ਨਹੀਂ ਖੋਲ੍ਹਿਆ, ਤਾਂ ਜੋ ਭਵਿੱਖ ਵਿੱਚ ਕਿਸੇ ਸਮੇਂ ਉਸ ਦੀ ਵਰਤੋਂ ਹੋ ਸਕੇ।

ਸਥਾਨਕ ਅਖ਼ਬਾਰਾਂ ਨੇ ਇਸ ਪਰਖ ਦੇ ਨਤੀਜੇ ਦਾ ਵੱਡੀ ਪੱਧਰ ਤੇ ਪ੍ਰਚਾਰ ਕੀਤਾ। ਇਸ ਪ੍ਰਚਾਰ ਨੇ ਲੋਕਾਂ ਤੇ ਤਕੜਾ ਪ੍ਰਭਾਵ ਪਾਇਆ। ਸ੍ਰੀ ਲੰਕਾ ਦੇ ਕਈ ਅਜਿਹੇ ਜੋਤਿਸ਼ੀਆਂ ਨੂੰ ਜੋ ਕਿ ਲੋਕਾਂ ਦੀ ਕਿਸਮਤ ਦੱਸਣ ਦਾ ਕੰਮ ਕਰਦੇ ਸਨ, ਗਾਹਕਾਂ ਦੀ ਕਮੀ ਕਾਰਨ ਆਪਣੀਆਂ ਦੁਕਾਨਾਂ ਬੰਦ ਕਰਨੀਆਂ ਪੈ ਗਈਆਂ।

ਇਹ ਇਕ ਦੁਖਾਂਤ ਹੀ ਹੇ ਕਿ ਇਸ ਕਿਸਮ ਦੀ ਵਿਆਖਿਆ ਦੁਆਰਾ ਵੀ ਅਜਿਹੇ ਵਿਹਲੜ ਅਤੇ ਮੁਫਤ ਖੋਰਾਂ ਦਾ ਖੁਰਾ ਖੋਜ ਨਹੀਂ ਮਿਟਾਇਆ ਜਾ ਸਕਦਾ। ਅਜਿਹਾ ਕਰਨਾ ਕਾਫੀ ਮੁਸ਼ਕਲ ਹੈ ਕਿਉਂਕਿ ਅਜਿਹੇ ਲਾਈਲੱਗ ਅਤੇ ਮੂਰਖ ਲੋਕ ਹਾਲੇ ਵੀ ਮੌਜੂਦ ਹਨ, ਜੋ ਕਿ ਉਹਨਾਂ ਤੋਂ ਆਪਣੀ ਕਿਸਮਤ ਅਤੇ ਭਵਿੱਖ ਬਾਰੇ ਸਲਾਹ ਲੈਂਦੇ ਹਨ।

ਸ਼੍ਰੀ ਲੰਕਾ ਦੇ ਪ੍ਰਧਾਨ ਮੰਤਰੀ ਸ਼੍ਰੀ ਭੰਡਾਰਨਾਇਕੇ ਨੇ ਆਪਣੀ ਸੌਂਹ ਚੁੱਕਣ ਦੀ ਰਸਮ, ਆਪਣੇ 'ਪਰਿਵਾਰ ਦੇ ਜੋਤਿਸ਼ੀ' ਦੇ ਕਹਿਣ ਤੇ 30 ਮਿੰਟਾਂ ਤੇ ਅੱਗੇ ਪਾ ਦਿੱਤੀ। ਭਾਵੇਂ ਉਸਨੇ 'ਸ਼ੁੱਭ-ਲਗਨ' ਦੇਖ ਕੇ ਚੰਗੇ ਸਮੇਂ ਤੇ ਸੌਂਹ ਚੁੱਕੀ ਸੀ ਪ੍ਰੰਤੂ ਫਿਰ ਵੀ ਉਸਨੂੰ ਆਪਣੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਹੀ ਕਤਲ ਕਰ ਦਿੱਤਾ ਗਿਆ ਸੀ। ਅਜੇ ਵੀ ਸ਼੍ਰੀ ਲੰਕਾ ਅਤੇ ਭਾਰਤ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ, ਆਪਣੀਆਂ ਸਹੁੰ ਚੁੱਕਣ ਦੀਆਂ ਰਸਮਾਂ, ਅਜਿਹੇ ਪਰਿਵਾਰਿਕ ਜੋਤਿਸ਼ੀਆਂ ਦੁਆਰਾ ਦੱਸੇ ਗਏ 'ਸ਼ੁੱਭ ਸਮਿਆਂ' ਤੇ ਪੂਰੀਆਂ ਕਰਿਆ ਕਰਦੇ ਹਨ।

**ਬੀ. ਵੀ. ਰਮਨ**

ਭਾਰਤ ਵਿਖੇ 'ਅਲੋਕਿਕ ਚਮਤਕਾਰਾਂ ਦਾ ਪਰਦਾ ਫਾਸ਼ ਕਰਨ' ਦੀ ਆਪਣੀ ਚੌਥੀ ਮੁਹਿੰਮ ਤੋਂ ਪਹਿਲਾਂ ਹੁਣੇ ਜਿਹੇ ਮੈਂ ਬੰਗਲੌਰ ਦੇ ਇੱਕ ਡਾਕਟਰ ਬੀ. ਵੀ. ਰਮਨ ਨੂੰ ਜਿਹੜਾ ਕਿ ਆਪਣੇ ਜੋਤਿਸ਼ ਦੇ ਰਸਾਲੇ ਰਾਹੀਂ ਕਿਸਮਤ ਦੱਸਣ ਵਿੱਚ ਮਾਹਿਰ ਦੱਸਿਆ ਜਾਂਦਾ ਸੀ, ਇਹ ਲਿਖਿਆ ਕਿ ਉਹ ਬੰਗਲੌਰ ਵਿਖੇ ਮੇਰੇ ਕਿਸੇ ਵੀ ਭਾਸ਼ਨ ਵਿੱਚ ਸ਼ਾਮਲ ਹੋਵੇ ਅਤੇ ਮੇਰੀ ਚੁਣੌਤੀ ਕਬੂਲ ਕਰੇ। ਉਹ ਭਾਰਤ ਦੇ ਲੋਕਾਂ ਨੂੰ ਇਹ ਸਿੱਧ ਕਰਕੇ ਵਿਖਾਵੇ ਕਿ ਜੋਤਿਸ਼ ਦੁਆਰਾ ਬਿਲਕੁਲ ਸਹੀ ਭਵਿੱਖ ਬਾਣੀਆਂ ਕੀਤੀਆਂ ਜਾ ਸਕਦੀਆਂ ਹਨ।

ਭਾਵੇਂ ਮੈਂ ਬੰਗਲੌਰ ਅਤੇ ਇਸਦੇ ਆਲੇ-ਦੁਆਲੇ ਦੇ ਅੱਠ ਸਥਾਨਾਂ ਤੇ ਪਬਲਿਕ ਮਿਟਿੰਗਾਂ ਨੂੰ ਸੰਬੋਧਨ ਕੀਤਾ, ਪ੍ਰੰਤੂ ਇਹਨਾਂ ਵਿੱਚੋਂ ਕਿਸੇ ਇੱਕ ਮੀਟਿੰਗ ਵਿੱਚ ਵੀ ਉਹ ਸ਼ਾਮਲ ਨਹੀਂ ਹੋਇਆ। ਇਸ ਮਾਮਲੇ ਵਿੱਚ ਉਹ ਕਾਫੀ ਸਿਆਣਾ ਸੀ ਕਿਉਂਕਿ ਉਹ ਇੱਕ ਵਿਗਿਆਨਕ ਪਰਖ ਦਾ ਸਾਹਮਣਾ ਕਰਨ ਦੇ ਖਤਰੇ ਤੋਂ ਵਾਕਿਫ ਸੀ। ਕੀ ਮਿ. ਭੁਜਲੇ, 'ਰਮਨ' ਜਾਂ ਕਿਸੇ ਹੋਰ 'ਚੰਗੇ ਜੋਤਿਸ਼ੀ' ਨੂੰ ਮੇਰੀ ਪਰਖ ਦਾ ਸਾਹਮਣਾ ਕਰਨ ਲਈ ਤਿਆਰ ਕਰ ਸਕਦਾ ਹੈ ?

ਮਿ. ਭੁਜਲੇ ਜਿਹੜਾ ਕਹਿੰਦਾ ਹੈ—'ਇਹ ਸਿੱਧ ਕਰਨ ਲਈ ਕਦੇ ਕੋਈ ਵਿਗਿਆਨਕ ਕੋਸ਼ਿਸ਼ ਨਹੀਂ ਕੀਤੀ ਗਈ ਕਿ ਜੋਤਿਸ਼ ਵਿਗਿਆਨ ਕੇਵਲ ਇੱਕ ਫੋਕਾ ਵਹਿਮ ਹੈ' , ਹੁਣ ਖੁਦ ਹੀ ਮਿ. ਬੀ. ਵੀ. ਰਮਨ ਤੇ ਇਹ ਪਰਖ ਕਰ ਸਕਦਾ ਹੈ ਅਤੇ ਇਸ ਪਰਾਤਨ ਰਹੱਸ ਦੇ ਝੂਠ ਬਾਰੇ ਸਾਡੇ ਨਾਲ ਸਹਿਮਤ ਹੋ ਸਕਦਾ ਹੈ।

# 'ਮਟਾਰਾ ਪੁਨਰ–ਜਨਮ'– ਹਕੀਕਤ ਜਾਂ ਮਨਘੜਤ ਕਹਾਣੀ?

ਅਪ੍ਰੈਲ, 1977 ਵਿੱਚ ਸੀਲੋਨ, ਦੇ ਤਿੰਨ ਅਖ਼ਬਾਰਾਂ – 'ਸਨ', 'ਵੀਕੈਂਡ' ਅਤੇ 'ਰਾਈਵਿਰੇਸਾ' ਵਿੱਚ 'ਮਟਾਰਾ ਕੱਚੇਰੀ' ਦੇ ਇੱਕ ਕਲਰਕ ਮਿ: 'ਫਰਾਂਸਿਸ ਕੋਦੀਤੁਵਾਕੂ' ਦੇ ਪੁਨਰ-ਜਨਮ ਦੀ ਕਹਾਣੀ ਛਪੀ। ਉਸ ਕਹਾਣੀ ਵਿੱਚ ਇਹ ਦੱਸਿਆ ਗਿਆ ਸੀ ਕਿ ਕੋਦੀਤੁਵਾਕੂ ਨਾਂ ਦਾ ਇੱਕ ਵਿਅਕਤੀ, ਜੋ ਕਿ 16 ਅਪ੍ਰੈਲ 1973 ਨੂੰ ਆਪਣੀ ਉਮਰ ਦੇ 52ਵੇਂ ਸਾਲ ਵਿੱਚ ਸਰਗਵਾਸ ਹੋ ਚੁੱਕਾ ਸੀ, ਹੁਣ ਇਸ ਵਕਤ ਮਟਾਰਾ ਵਿਖੇ ਆਪਣੇ ਪੁਰਾਣੇ ਘਰ ਤੋਂ ਲਗਭਗ 300 ਗਜ਼ ਦੀ ਦੂਰੀ ਤੇ 'ਕੰਡਾਗੋਡਾ' ਵਿਖੇ ਤਿੰਨ-ਸਾਲਾਂ ਬੱਚੇ ਦੇ ਤੌਰ ਤੇ ਰਹਿ ਰਿਹਾ ਹੈ।

ਅਖ਼ਬਾਰਾਂ ਵਿਚਲੀਆਂ ਖ਼ਬਰਾਂ ਅਨੁਸਾਰ, ਬਹੁਤ ਸਾਰੇ ਖੋਜੀਆਂ ਨੇ ਜਿਹਨਾਂ ਵਿੱਚ ਕੁਝ ਬੋਧੀ-ਤਪੱਸਵੀ ਵੀ ਸ਼ਾਮਲ ਸਨ, ਇਸ ਪੁਨਰ-ਜਨਮ ਦੀ ਕਹਾਣੀ ਨੂੰ ਇੱਕ ਅਸਲੀਅਤ ਕਰਾਰ ਦਿੱਤਾ। ਅਖ਼ਬਾਰਾਂ ਨੇ ਲਿਖਿਆ ਸੀ ਕਿ ਪੁਨਰ-ਜਨਮ ਸੰਬੰਧੀ ਖੋਜ ਦੇ ਅਨੇਕਾਂ ਮਾਹਿਰ, ਉਸ ਬੱਚੇ ਕੋਲ ਗਏ ਉਨ੍ਹਾਂ ਨੇ ਬੱਚੇ ਤੋਂ ਵੱਖ ਵੱਖ ਤਰ੍ਹਾਂ ਦੇ ਅਨੇਕਾਂ ਸਵਾਲ ਪੁੱਛੇ। ਇਹ ਸਵਾਲ ਉਸ ਦੀ ਪੁਰਾਣੀ ਜ਼ਿੰਦਗੀ, ਜਿਵੇਂ ਫਰਾਂਸਿਸ ਕੋਦੀਤੁਵਾਕੂ, ਉਸ ਦੀ ਪੁਰਾਣੀ ਪਤਨੀ ਅਤੇ 'ਮਟਾਰਾ ਕੱਚੇਰੀ' ਵਿਖੇ ਉਸਦੇ ਸਾਰੇ ਮਿੱਤਰਾਂ ਨਾਲ ਸੰਬੰਧਿਤ ਸਨ। ਇਹਨਾਂ ਸਾਰੀਆਂ ਗੱਲਾਂ ਬਾਰੇ ਬੱਚੇ ਨੇ ਜੋ ਬਿਆਨ ਦਿੱਤੇ, ਉਹ ਬਿਲਕੁਲ ਸਹੀ ਪਾਏ ਗਏ।

ਅਖ਼ਬਾਰਾਂ ਵਿੱਚ ਪੁਨਰ ਜਨਮ ਸੰਬੰਧੀ ਇਸ ਘਟਨਾ ਨੂੰ ਪੜ੍ਹਨ ਤੋਂ ਬਾਅਦ, ਅਸੀਂ ਫੈਸਲਾ ਕੀਤਾ ਕਿ 'ਸ੍ਰੀ ਲੰਕਾ ਰੈਸ਼ਨੇਲਿਸਟ ਐਸੋਸੀਏਸ਼ਨ' ਵੱਲੋਂ ਇਸ ਦੇ ਮੈਂਬਰਾਂ ਅਤੇ ਆਮ ਲੋਕਾਂ ਦੇ ਫਾਇਦੇ ਲਈ ਉਪਰੋਕਤ ਘਟਨਾ ਦੀ ਜਾਂਚ ਪੜਤਾਲ ਕੀਤੀ ਜਾਵੇ। ਇਸ ਕੰਮ ਲਈ ਸ੍ਰੀ ਅਮੁਨਗੋਡਾ ਤਿਲਕ ਰਤਨੇ ਅਤੇ ਉਹਨਾਂ ਦੀ ਪਤਨੀ ਦੀ ਡਿਊਟੀ ਲਾ ਦਿੱਤੀ ਗਈ ਤਾਂ ਜੋ ਉਸ ਕਹਾਣੀ ਦੀ ਪੂਰੀ ਛਾਣਬੀਣ ਕਰਕੇ ਆਪਣੀ ਰਿਪੋਰਟ ਪੇਸ਼ ਕਰਨ।

13 ਮਈ, 1977 ਨੂੰ ਮਿ: ਤਿਲਕਰਤਨੇ ਦੀ ਅਗਵਾਈ ਹੇਠ ਪੰਜ ਵਿਅਕਤੀਆਂ ਨੇ ਉਪਰੋਕਤ ਘਟਨਾ ਦੀ ਜਾਂਚ ਪੜਤਾਲ ਦਾ ਕੰਮ ਸ਼ੁਰੂ ਕਰ ਦਿੱਤਾ। 'ਮਟਾਰਾ ਕੱਚੇਰੀ' ਦੇ ਕੁੱਝ ਕਲਰਕ ਵੀ ਉਹਨਾਂ ਦੇ ਨਾਲ ਸਨ। ਇਸ ਪਾਰਟੀ ਵੱਲੋਂ ਜਿਹਨਾਂ ਵਿਅਕਤੀਆਂ ਨਾਲ ਇੰਟਰਵਿਊ ਕੀਤੀ ਗਈ, ਓਹ ਸਨ – 1. ਫਰਾਂਸਿਸ ਕੋਦੀਤੁਵਾਕੂ ਦੀ ਪਤਨੀ ਸ਼੍ਰੀਮਤੀ ਸੁਮਨਵਤੀ, 2. ਦੋਬਾਰਾ-ਜਨਮੇ ਬੱਚੇ ਦਾ ਪਿਤਾ ਮਿ: ਐਚ.ਪੀ. ਸੁਗਾਤਪਾਲ, 3. ਸਵਰਗੀ ਕੋਦੀਤੁਵਾਕੂ ਦੇ ਗੂੜ੍ਹੇ ਮਿੱਤਰ ਅਤੇ 'ਮਟਾਰਾ ਕੱਚੇਰੀ' ਵਿਖੇ ਉਸ ਨਾਲ ਕੰਮ ਕਰਨ ਵਾਲੇ ਕੁੱਝ ਕਲਰਕ-ਮੈਂ. ਐਮ. ਏ. ਗੁਨਵੰਤਾ, ਡਬਲਿਉ. ਏ. ਆਰੀਆਦਾਸ, ਟੀ.ਸੀ. ਅਮਾਦੋਰੂ ਅਤੇ ਮਾਹਿੰਦ ਰਾਣਾਵੀਰ, 4. ਕੋਦੀਤੁਵਾਕੂ ਦੇ ਤਿੰਨ ਬੱਚੇ ਅਤੇ 5. ਪੁਨਰ-ਜਨਮ ਵਾਲਾ ਬੱਚਾ।

ਪੜਤਾਲ ਦੇ ਸਮੇਂ ਬੱਚੇ ਦੀ ਉਮਰ 3 ਸਾਲ 6 ਮਹੀਨੇ ਦੀ ਸੀ। ਇਹ ਲੜਕਾ ਫਰਾਂਸਿਸ ਕੋਦੀਤੁਵਾਕੂ ਦੀ ਮੌਤ ਤੋਂ ਸੱਤ ਮਹੀਨੇ ਬਾਅਦ ਪੈਦਾ ਹੋਇਆ ਸੀ।

ਖੋਜ ਵਾਲੀ ਪਾਰਟੀ ਸਭ ਤੋਂ ਪਹਿਲਾਂ 'ਮਟਾਰਾ ਕੱਚੇਰੀ' ਗਈ। ਉੱਥੇ ਦੇ ਸਰਕਾਰੀ ਅਫ਼ਸਰ ਨੇ, ਪੜਤਾਲ ਦੇ ਕੰਮ ਵਿੱਚ ਪਾਰਟੀ ਨੂੰ ਹਰ ਕਿਸਮ ਦਾ ਸਹਿਯੋਗ ਦਿੱਤਾ।

ਫਰਾਂਸਿਸ ਕੋਦੀਤੁਵਾਕੂ ਦੇ ਸੰਬੰਧ ਵਿੱਚ, ਉਸ ਦੇ ਕਲਰਕ ਸਾਥੀਆਂ ਤੋਂ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਦ, ਇਹ ਪਾਰਟੀ ਪੁਨਰ-ਜਨਮ ਵਾਲੇ ਬੱਚੇ ਦੇ ਘਰ ਪਹੁੰਚ ਗਈ ਸੀ। ਸ੍ਰੀ ਤਿਲਕ-ਰਤਨੇ ਅਤੇ ਉਸ ਦੀ ਘਰ ਵਾਲੀ ਆਪਣੇ ਨਾਲ, ਆਪਣੇ ਛੋਟੇ ਬੱਚੇ ਅਤੇ ਕਾਫੀ ਮਾਤਰਾ ਵਿੱਚ ਤਾਜ਼ੇ ਅੰਗੂਰ ਲੈ ਕੇ ਗਏ ਸਨ। ਅਜਿਹਾ ਕਰਨ ਦਾ ਮੰਤਵ, ਉਸ ਬੱਚੇ ਨਾਲ ਨੇੜਤਾ ਪੈਦਾ ਕਰਨਾ ਸੀ, ਤਾਂ ਜੋ ਪ੍ਰਸ਼ਨ ਪੁੱਛਣ ਸਮੇਂ ਉਹ ਆਰਾਮ ਅਤੇ ਖੁਸ਼ੀ ਜਿਹੀ ਮਹਿਸੂਸ ਕਰੇ। ਇਸ ਤਰ੍ਹਾਂ ਪਾਰਟੀ ਨੇ ਉਸ ਬੱਚੇ ਨੂੰ ਢੇਰ ਸਾਰੇ ਪ੍ਰਸ਼ਨ ਪੁੱਛੇ। ਫਿਰ ਉਸਨੂੰ ਸਵਰਗੀ ਕੋਦੀਤੁਵਾਕੂ ਦੇ ਘਰ ਅਤੇ ਬਾਅਦ ਵਿੱਚ ਮਟਾਰਾ ਕੱਚੇਰੀ ਲਿਜਾਇਆ ਗਿਆ। ਬੱਚਾ ਇਹਨਾਂ ਦੋਵਾਂ ਸਥਾਨਾਂ ਤੋਂ ਅਣਜਾਣ ਨਹੀਂ ਸੀ ਕਿਉਂਕਿ ਇਸ ਤੋਂ ਪਹਿਲਾਂ ਕਿੰਨੇ ਹੀ ਖੋਜੀ ਉਸ ਨੂੰ ਇਹਨਾਂ ਥਾਵਾਂ ਤੇ ਕਿੰਨੀ ਵਾਰ ਲਿਜਾ ਚੁੱਕੇ ਸਨ। ਇਹਨਾਂ ਸਾਰਿਆਂ ਮੌਕਿਆਂ ਤੇ ਬੱਚੇ ਦਾ ਪਿਤਾ, ਮਿ: ਸੁਗਾਤਪਾਲ, ਆਪਣੇ ਪੁੱਤਰ ਦੇ ਨਾਲ ਹੀ ਜਾਇਆ ਕਰਦਾ ਸੀ।

ਪੁਨਰ-ਜਨਮ ਵਾਲੇ ਬੱਚੇ ਨੂੰ ਪੁੱਛੇ ਗਏ ਪ੍ਰਸ਼ਨ ਅਤੇ ਉਸ ਵੱਲੋਂ ਦਿੱਤੇ ਗਏ ਜਵਾਬ ਪੜਤਾਲੀਆ-ਕਮੇਟੀ ਦੀਆਂ ਲੋੜੀਂਦੀਆਂ ਟਿੱਪਣੀਆਂ ਸਮੇਤ ਹੇਠਾਂ ਦਿੱਤੇ ਗਏ ਹਨ :-

ਪ੍ਰਸ਼ਨ : ਤੁਹਾਡਾ ਨਾਂ ਕੀ ਹੈ ?

ਉੱਤਰ : ਫਰਾਂਸਿਸ ਕੋਦੀਤੁਵਾਕੂ।

ਪ੍ਰਸ਼ਨ : ਤੁਹਾਡੀ ਉਮਰ ਕਿੰਨੀ ਹੈ ?

ਉੱਤਰ : 49 ਸਾਲ (ਫਰਾਂਸਿਸ ਕੋਦੀਤੂਵਾਕੂ ਆਪਣੀ ਉਮਰ ਦੇ 52ਵੇਂ ਸਾਲ ਵਿੱਚ ਮਰਿਆ ਸੀ ਅਤੇ ਬੱਚਾ ਹੁਣ ਸਾਲ ਛੇ ਮਹੀਨੇ ਦਾ ਹੈ)

ਪ੍ਰਸ਼ਨ : ਕੀ ਤੁਸੀਂ ਸ਼ਾਦੀ-ਸ਼ੁਦਾ ਹੋ ?

ਉੱਤਰ : ਹਾਂ।

ਪ੍ਰਸ਼ਨ : ਤੁਹਾਨੂੰ ਕਿਵੇਂ ਪਤਾ ਹੈ ਕਿ ਤੁਹਾਡੀ ਉਮਰ 49 ਸਾਲ ਹੈ ?

ਉੱਤਰ : ਮੈਨੂੰ ਨਹੀਂ ਪਤਾ।

ਪ੍ਰਸ਼ਨ : ਤੁਸੀਂ ਕਿੰਨੀਆਂ ਜਮਾਤਾਂ ਪੜ੍ਹੇ ਹੋ ?

ਉੱਤਰ : ਮੈਨੂੰ ਨਹੀਂ ਪਤਾ।

ਪ੍ਰਸ਼ਨ : ਕੀ ਤੁਹਾਡੇ ਬੱਚੇ ਵੀ ਹਨ ?

ਉੱਤਰ : ਹਾਂ।

ਪ੍ਰਸ਼ਨ : ਤੁਹਾਡੇ ਲੜਕੇ ਵੱਧ ਹਨ ਜਾਂ ਲੜਕੀਆਂ ?

ਉੱਤਰ : ਲੜਕੀਆਂ ਵੱਧ ਹਨ।

ਪ੍ਰਸ਼ਨ : ਤੁਹਾਡੇ ਲੜਕੇ ਕਿੰਨੇ ਹਨ ?

ਉੱਤਰ : ਕਾਫ਼ੀ।

ਪ੍ਰਸ਼ਨ : ਕੀ ਤੁਸੀਂ ਉਨ੍ਹਾਂ ਦੇ ਨਾਂ ਦੱਸ ਸਕਦੇ ਹੋ ?

ਉੱਤਰ : ਸੁਸੀਥਾ, ਪਤੀਆ।

ਪ੍ਰਸ਼ਨ : ਸਭ ਤੋਂ ਛੋਟਾ ਕੌਣ ਹੈ ?

ਉੱਤਰ : ਮੈਨੂੰ ਨਹੀਂ ਪਤਾ।

ਪ੍ਰਸ਼ਨ : ਤੁਹਾਡੀ ਪਤਨੀ ਦਾ ਕੀ ਨਾਂ ਹੈ ?

ਉੱਤਰ : ਪਤਾ ਨਹੀਂ।

ਪ੍ਰਸ਼ਨ : ਕੀ ਤੁਸੀਂ ਕੋਈ ਨੌਕਰੀ ਕਰਦੇ ਸੀ ?

ਉੱਤਰ : ਮੈਨੂੰ ਪਤਾ ਨਹੀਂ। ਮੈਂ ਬਾਦ ਵਿੱਚ ਦੱਸਾਗਾਂ।

ਪ੍ਰਸ਼ਨ : ਤੁਹਾਡੀ ਮਾਤਾ ਜੀ ਦਾ ਕੀ ਨਾਂ ਹੈ ?

ਉੱਤਰ : ਈਵਲਿਨ ਵਾਦੀ (ਇਹ ਨਾਮ ਉਸ ਦੀ ਹੁਣ ਵਾਲੀ ਮਾਤਾ ਦਾ ਹੈ)

ਪ੍ਰਸ਼ਨ : ਤੁਸੀਂ ਆਪਣੀ ਤਨਖਾਹ ਨਾਲ ਕੀ ਕਰਦੇ ਸੀ ?

ਉੱਤਰ : ਮੈਂ ਇਹ ਗਵਾ ਦਿੰਦਾ ਸੀ।

ਪ੍ਰਸ਼ਨ : ਤੁਸੀਂ ਹਰ ਰੋਜ਼ ਦਫ਼ਤਰ ਕਿਸ ਤਰ੍ਹਾਂ ਜਾਂਦੇ ਸੀ ?

ਉੱਤਰ : ਮੇਰੇ ਕੋਲ ਇੱਕ ਮੋਟਰ-ਸਾਈਕਲ ਸੀ।

ਪ੍ਰਸ਼ਨ : ਤੁਹਾਡਾ ਮੋਟਰ-ਸਾਈਕਲ ਕਿਸ ਕੰਪਨੀ ਦਾ ਸੀ ?

ਉੱਤਰ : ਇਹ ਨਹੀਂ ਪਤਾ। ਫੇਰ ਦੱਸਾਂਗਾ।

ਪ੍ਰਸ਼ਨ : ਤੁਸੀਂ ਕਿਸ ਸਕੂਲ ਵਿੱਚ ਪੜ੍ਹਦੇ ਹੋ ?

ਉੱਤਰ : ਮੈਨੂੰ ਨਹੀਂ ਪਤਾ। ਫੇਰ ਦੱਸਾਂਗਾ।

ਪ੍ਰਸ਼ਨ : ਤੁਸੀਂ ਕੀ ਪਹਿਨਦੇ ਸੀ ?

ਉੱਤਰ : ਬੈੱਲ-ਬਾਟਮ।

ਪ੍ਰਸ਼ਨ : ਉਹਨਾਂ ਦਿਨਾਂ ਵਿੱਚ ਤੁਸੀਂ ਕਿਹੜੀ ਚੀਜ਼ ਸਭ ਤੋਂ ਵੱਖ ਖਾਣਾ ਪਸੰਦ ਕਰਦੇ ਸੀ ?

ਉੱਤਰ : ਅੰਗੂਰ।

ਪ੍ਰਸ਼ਨ : ਫਰਾਂਸਿਸ ਕੋਦੀਊਵਾਕੂ ਦੇ ਪਿਤਾ ਦਾ ਕੀ ਨਾਂ ਹੈ ?

ਉੱਤਰ : ਮੈਨੂੰ ਨਹੀਂ ਪਤਾ।

ਪ੍ਰਸ਼ਨ : ਆਪਣੇ ਪਹਿਲੇ ਜਨਮ ਵਿੱਚ ਤੁਸੀਂ ਸਭ ਤੋਂ ਵੱਧ ਕਿਹੜੀ ਚੀਜ਼ ਪੀਣਾ ਪਸੰਦ ਕਰਦੇ ਸੀ ?

ਉੱਤਰ : ਸ਼ਰਾਬ (ਤਾੜੀ)।
ਪ੍ਰਸ਼ਨ : ਸ਼ਰਾਬ ਪੀਣ ਲਈ ਤੁਸੀਂ ਪੈਸੇ ਕਿੱਥੋਂ ਪ੍ਰਾਪਤ ਕਰਦੇ ਸੀ ?
ਉੱਤਰ : ਮੈਨੂੰ ਲੋਕ ਪੈਸੇ ਦਿੰਦੇ ਸਨ।
ਪ੍ਰਸ਼ਨ : ਤੁਹਾਡੇ ਨਾਲ ਸ਼ਰਾਬ ਪੀਣ ਵਿੱਚ ਕਿਹੜੇ-2 ਦੋਸਤ ਸ਼ਾਮਲ ਹੁੰਦੇ ਸਨ ?
ਉੱਤਰ : ਮੈਨੂੰ ਪਤਾ ਨਹੀਂ।
ਪ੍ਰਸ਼ਨ : ਕੀ ਕੱਚੇਰੀ ਵਿਖੇ ਵੀ ਤੁਹਾਡੇ ਮਿੱਤਰ ਸਨ ?
ਉੱਤਰ : ਹਾਂ।
ਪ੍ਰਸ਼ਨ : ਉਹਨਾਂ ਮਿੱਤਰਾਂ ਦੇ ਕੀ ਨਾਂ ਸਨ ?
ਉੱਤਰ : ਮੈਂ ਨਹੀਂ ਜਾਣਦਾ। ਇਹ ਮੈਂ ਬਾਅਦ ਵਿੱਚ ਦੱਸਾਂਗਾ।
ਪ੍ਰਸ਼ਨ : ਕੱਚੇਰੀ ਵਿਖੇ ਤੁਹਾਡਾ ਸਭ ਤੋਂ ਪੱਕਾ ਮਿੱਤਰ ਕੌਣ ਸੀ ?
ਉੱਤਰ : ਮੈਨੂੰ ਨਹੀਂ ਪਤਾ। ਮੈਂ ਫੇਰ ਦੱਸਾਂਗਾ।
ਪ੍ਰਸ਼ਨ : ਫਰਾਂਸਿਸ ਕੋਦੀਤੂਵਾਕੂ ਕਿਸ ਧਰਮ ਨਾਲ ਸੰਬੰਧ ਰੱਖਦਾ ਸੀ ?
ਉੱਤਰ : ਮੈਨੂੰ ਨਹੀਂ ਪਤਾ।
ਪ੍ਰਸ਼ਨ : ਫਰਾਂਸਿਸ ਕੋਦੀਤੂਵਾਕੂ ਦੀ ਪਤਨੀ ਦਾ ਕੀ ਨਾਂ ਹੈ ?
ਉੱਤਰ : ਸੁਮਨਵਤੀ।

ਇਸ ਤੋਂ ਬਾਅਦ ਬੱਚੇ ਨੂੰ ਫਰਾਂਸਿਸ ਕੋਦੀਤੂਵਾਕੂ ਦੇ ਘਰ ਲਿਜਾਇਆ ਗਿਆ। ਉਸ ਦਾ ਪਿਤਾ 'ਸੁਗਾਤਪਾਲ' ਵੀ ਪਾਰਟੀ ਦੇ ਨਾਲ ਹੀ ਆਇਆ। ਪਿਛਲੇ ਸਮੇਂ ਤੋਂ ਇਹ ਬੱਚਾ ਲਗਭਗ ਰੋਜ਼ਾਨਾ ਹੀ ਇਸ ਘਰ ਵਿਖੇ ਆਇਆ ਕਰਦਾ ਸੀ। ਫਰਾਂਸਿਸ ਕੋਦੀਤੂਵਾਕੂ ਦੀ ਪਤਨੀ 'ਸੁਮਨਵਤੀ' ਅਤੇ ਉਸ ਦੇ ਛੇ ਵਿੱਚੋਂ ਤਿੰਨ ਬੱਚੇ, ਉਸ ਵੇਲੇ ਘਰ ਵਿਖੇ ਮੌਜੂਦ ਸਨ। ਕੋਦੀਤੂਵਾਕੂ ਦੇ ਕੁੱਲ ਛੇ ਬੱਚੇ ਸਨ, ਜਿਹਨਾਂ ਵਿੱਚੋਂ ਤਿੰਨ ਲੜਕੇ ਪਹਿਲਾਂ ਅਤੇ ਤਿੰਨ ਲੜਕੀਆਂ ਬਾਅਦ ਵਿੱਚ ਪੈਦਾ ਹੋਈਆਂ ਸਨ। ਸੁਮਨਵਤੀ ਦੀ ਵਰਤਮਾਨ ਉਮਰ 50 ਸਾਲ ਹੈ।

ਲੜਕੇ ਨੇ ਘਰ ਜਾਂਦਿਆ ਹੀ, 'ਰਸਿਕ' ਅਤੇ 'ਪਤੀਆ' ਨਾਂ ਦੇ ਦੋ ਬੱਚਿਆਂ ਨੂੰ ਪਛਾਣ ਲਿਆ ਅਤੇ ਕਿਹਾ ਕਿ ਇਹ ਮੇਰੇ ਪਹਿਲੇ ਜਨਮ ਦੇ ਬੱਚੇ ਹਨ। ਇੱਕ ਗਰੁੱਪ–ਫੋਟੋ, ਜਿਸ ਵਿੱਚ ਫਰਾਂਸਿਸ ਕੋਦੀਤੂਵਾਕੂ ਵੀ ਮੌਜੂਦ ਸੀ, ਉਸ ਲੜਕੇ ਨੂੰ ਦਿਖਾਈ ਗਈ, ਪਰ ਉਹ ਇਸ ਫੋਟੋ ਵਿੱਚੋਂ ਕੋਦੀਤੂਵਾਕੂ ਨੂੰ ਲੱਭਣ ਵਿੱਚ ਅਸਫਲ ਰਿਹਾ। ਫਿਰ ਵੀ ਉਸ ਨੇ ਸੁਮਨਵਤੀ ਦੀ ਤਸਵੀਰ ਨੂੰ ਪਹਿਚਾਣ ਹੀ ਲਿਆ। ਫਿਰ ਉਸ ਨੂੰ ਇੱਕ ਅਜਿਹੀ ਫੋਟੋ ਦਿਖਾਈ ਗਈ, ਜਿਸ ਵਿੱਚ ਕਈ ਬੱਚੇ ਸਨ। ਪਰ ਉਹ ਇਹਨਾਂ ਵਿੱਚੋਂ 'ਅਸ਼ੋਕ', 'ਮਾਹਿੰਦ' ਅਤੇ 'ਆਨੰਦ' ਨੂੰ ਨਾ ਲੱਭ ਸਕਿਆ।

ਫਰਾਂਸਿਸ ਕੋਦੀਤੂਵਾਕੂ ਦਾ ਇੱਕ ਗੂੜ੍ਹਾ ਮਿੱਤਰ ਸੀ। ਉਸ ਦਾ ਨਾਂ ਸੀ 'ਧਰਮਦਾਸ' ਉਹ ਲਗਭਗ ਇੱਕ ਸਾਲ ਤੋਂ ਉਸ ਘਰ ਵਿਖੇ ਰਹਿ ਰਿਹਾ ਸੀ। ਉਸ ਦੀ ਇੱਕ ਫੋਟੋ ਬੱਚੇ ਨੂੰ ਪਛਾਣ ਕਰਨ ਲਈ ਦਿੱਤੀ ਗਈ ਪਰ ਉਹ ਧਰਮਦਾਸ ਨੂੰ ਪਛਾਣਨ ਤੋਂ ਵੀ ਅਸਮਰੱਥ ਰਿਹਾ।

ਕੱਚੇਰੀ ਵਿਖੇ, ਕਿਸੇ ਅਫਸਰ ਦੀ ਰਿਟਾਇਰਮੈਂਟ ਸਮੇਂ ਇੱਕ ਗਰੁੱਪ ਫੋਟੋ ਖਿੱਚੀ ਗਈ ਸੀ। ਉਹ ਫੋਟੋ ਵੀ ਇਸ ਬੱਚੇ ਨੂੰ ਦਿਖਾਈ ਗਈ। ਪਰ ਬੱਚਾ ਫਰਾਂਸਿਸ ਕੋਦੀਤੂਵਾਕੂ ਸਮੇਤ ਕਿਸੇ ਇੱਕ ਨੂੰ ਵੀ ਇਸ ਫੋਟੋ ਵਿੱਚੋਂ ਨਾ ਪਛਾਣ ਸਕਿਆ। (ਕੱਚੇਰੀ ਵਿਖੇ, ਕੋਦੀਤੂਵਾਕੂ ਅਤੇ ਉਸ ਦੇ ਲਗਭਗ 30 ਸਾਥੀਆਂ ਦੀ ਖਿੱਚੀ ਗਈ ਇਹ ਫੋਟੋ, ਪੁਨਰ-ਜਨਮ ਵਾਲੇ ਉਸ ਬੱਚੇ ਨੂੰ ਪਹਿਲਾਂ ਕਦੇ ਨਹੀਂ ਸੀ ਦਿਖਾਈ ਗਈ) ਉਹ ਮਿ. ਐਮ. ਏ. ਗੁੰਨਵੰਤਾ ਨੂੰ ਵੀ ਨਾ ਪਛਾਣ ਸਕਿਆ, ਜਿਸਨੇ ਕਿ ਕੋਦੀਤੂਵਾਕੂ ਨਾਲ ਕੱਚੇਰੀ ਵਿਖੇ 20 ਸਾਲ ਤੱਕ ਕੰਮ ਕੀਤਾ ਸੀ।

ਫਰਾਂਸਿਸ ਕੋਦੀਤੂਵਾਕੂ ਇੱਕ ਵਾਰ ਕੁੱਝ ਸ਼ਰਧਾਲੂ ਯਾਤਰੀਆਂ ਨਾਲ 'ਆਦਮ ਦੀ ਚੋਟੀ' ਅਤੇ 'ਕਾਤਾਰਗਾਮਾ' ਦੀ ਯਾਤਰਾ ਤੇ ਗਿਆ ਸੀ। ਇਸ ਯਾਤਰਾ ਦਾ ਪ੍ਰਬੰਧ ਕੱਚੇਰੀ ਦੇ ਕਲਰਕਾਂ ਨੇ ਕੀਤਾ ਸੀ। ਪਰ ਬੱਚੇ ਨੂੰ, ਅਜਿਹੀ ਕਿਸੇ ਯਾਤਰਾ ਜਾਂ ਇਸ ਨਾਲ ਸੰਬੰਧਤ ਕਿਸੇ ਘਟਨਾ ਬਾਰੇ ਕੋਈ ਗੱਲ ਯਾਦ ਨਹੀਂ ਸੀ।

ਇਸ ਤੋਂ ਬਾਅਦ ਬੱਚੇ ਨੂੰ ਮਿ. ਕੋਦੀਤੂਵਾਕੂ ਦੇ ਇੱਕ ਹੋਰ ਪੱਕੇ ਮਿੱਤਰ ਮਿ. ਡਬਲਿਊ-ਡਬਲਿਊ ਆਰੀਆ ਦਾਸ ਕੋਲ ਲਿਜਾਇਆ ਗਿਆ, ਪਰ ਬੱਚਾ ਉਸ ਨੂੰ ਵੀ ਨਾ ਪਛਾਣ ਸਕਿਆ।

ਮਿ. ਟੀ. ਜੀ. ਅਮਾਦੋਰੂ ਇੱਕ ਅਜਿਹਾ ਵਿਅਕਤੀ ਸੀ, ਜੋ ਕੋਦੀਤੁਵਾਕੂ ਨਾਲ ਕਲੱਬ ਵਿਖੇ ਰੋਜਾਨਾ ਸ਼ਰਾਬ ਪੀਣ ਵਾਲਾ ਹਿੱਸੇਦਾਰ ਸੀ। ਜਦੋਂ ਬੱਚੇ ਨੂੰ ਉਸ ਵਿਅਕਤੀ ਕੋਲ ਲਿਜਾਇਆ ਗਿਆ ਤਾਂ ਪਰ ਬੱਚਾ ਉਸ ਨੂੰ ਵੀ ਨਾ ਪਛਾਣ ਸਕਿਆ।

ਸਾਡੀ ਇਸ ਜਾਂਚ ਪੜਤਾਲ ਦਾ ਮੁੱਖ ਮੰਤਵ, ਕੇਵਲ ਇਹੀ ਲੱਭਣਾ ਸੀ ਕਿ ਕਥਿਤ ਪੁਨਰ ਜਨਮ ਲੈਣ ਵਾਲੇ ਉਸ ਬੱਚੇ ਦੇ ਪਿਛਲੇ ਜਨਮ ਦੀਆਂ ਯਾਦਾਂ ਦੇ ਕੋਈ ਠੋਸ ਸਬੂਤ ਵੀ ਹਨ, ਜਿਹਨਾਂ ਤੋਂ ਉਸ ਦੇ ਪੁਨਰ ਜਨਮ ਦੀ ਪੁਸ਼ਟੀ ਹੋ ਸਕਦੀ ਹੋਵੇ ? ਜਿਵੇਂ ਕਿ ਅਖ਼ਬਾਰਾਂ ਨੇ ਬਿਆਨ ਦਿੱਤੇ ਸਨ ਕਿ ਉਸ ਬੱਚੇ ਵਿੱਚ ਪਿਛਲੇ ਜਨਮ ਦੀਆਂ ਯਾਦਾਂ ਬਾਕੀ ਹਨ। ਜੇਕਰ ਸੱਚਮੁੱਚ ਹੀ ਉਸਨੂੰ ਆਪਣੇ ਪਿਛਲੇ ਜਨਮ ਦੀ ਯਾਦ ਹੁੰਦੀ ਤਾਂ ਉਸਨੇ ਸਾਡੀ ਪੜਤਾਲੀਆ ਕਮੇਟੀ ਦੇ ਸੱਤਰ ਸਵਾਲਾਂ ਦੇ ਬਿਲਕੁਲ ਠੀਕ ਜਵਾਬ ਅਤੇ ਸ਼ਨਾਖਤਾਂ ਸੰਬੰਧੀ ਸਾਰੇ ਉੱਤਰ ਠੀਕ ਦਿੱਤੇ ਹੁੰਦੇ। ਪਰੰਤੂ ਸਮੁੱਚਾ ਨਤੀਜਾ ਹੀ ਨਿਰਾਸ਼ਤਾ ਭਰਿਆ ਸੀ। ਵੱਖ-ਵੱਖ ਕਿਸਮ ਦੇ ਸੱਤਰ ਸਵਾਲਾਂ ਵਿੱਚੋਂ ਲੜਕੇ ਨੇ ਕੇਵਲ 4 ਸਵਾਲਾਂ ਦੇ ਹੀ ਠੀਕ ਜਵਾਬ ਦਿੱਤੇ। ਪੰਜ ਹੋਰ ਜਵਾਬਾਂ ਨੂੰ ਅੰਸ਼ਕ ਤੌਰ ਤੇ (ਕੁੱਝ ਹੱਦ ਤੱਕ) ਸਹੀ ਮੰਨਿਆ ਜਾ ਸਕਦਾ ਹੈ, ਕਿਉਂਕਿ ਅਜਿਹਾ ਵੀ ਹੋ ਸਕਦਾ ਹੈ ਕਿ ਲੜਕਾ ਉਹਨਾਂ ਸਵਾਲਾਂ ਨੂੰ ਚੰਗੀ ਤਰ੍ਹਾਂ ਨਾ ਸਮਝ ਸਕਿਆ ਹੋਵੇ।

ਵੱਖ-ਵੱਖ ਕਿਸਮ ਦੇ ਸੱਤਰ ਸਵਾਲਾਂ ਅਤੇ ਸ਼ਨਾਖਤਾਂ ਵਿੱਚੋਂ, ਉਹ ਬੱਚਾ 61 ਵਿੱਚੋਂ ਅਸਫਲ ਰਿਹਾ। ਇੰਨੇ ਘਟੀਆ ਨਤੀਜਿਆਂ ਦੇ ਸਦਕਾ ਸਾਡੀ ਪੜਤਾਲੀਆ ਕਮੇਟੀ ਦੇ ਮੈਂਬਰਾਂ ਨੇ ਮਜ਼ਬੂਰ ਹੋ ਕੇ ਪਿਛਲੇ ਸਾਰੇ ਖੋਜੀਆਂ ਦੇ ਦਾਅਵਿਆਂ ਅਤੇ ਅਖ਼ਬਾਰਾਂ ਦੇ ਬਿਆਨਾਂ ਨੂੰ ਰੱਦ ਕਰ ਦਿੱਤਾ। ਉਹਨਾਂ ਗਵਾਹਾਂ ਦੀ ਤਰ੍ਹਾਂ, ਜਿਹਨਾਂ ਨੂੰ ਅਦਾਲਤ ਦੇ ਕੇਸਾਂ ਵਿੱਚ ਝੂਠੀਆਂ ਗਵਾਹੀਆਂ ਦੇਣਾ ਸਿਖਾਇਆ ਜਾਂਦਾ ਹੈ, ਬੱਚਾ ਵੀ ਕਈ ਮੌਕਿਆ ਤੇ ਘਬਰਾ ਗਿਆ ਸੀ। ਇਹੀ ਕਾਰਣ ਹੈ ਕਿ ਉਸਨੂੰ ਔਖੇ ਸਵਾਲਾਂ ਤੋਂ ਬਚਣ ਲਈ ਇਹੀ ਸਿਖਾਇਆ ਗਿਆ ਸੀ ਕਿ 'ਉਹ ਉਹਨਾਂ ਨੂੰ ਬਾਅਦ ਵਿੱਚ ਦੱਸੇਗਾ।'

ਹਿੰਦੂ ਲੋਕ ਪੁਨਰ-ਜਨਮ ਵਿੱਚ ਵਿਸ਼ਵਾਸ ਰੱਖਦੇ ਹਨ। ਉਹਨਾਂ ਦੀ ਵਿਚਾਰਧਾਰਾ ਇਹ ਹੈ ਕਿ 'ਹਰ ਇੱਕ ਜੀਵ ਵਿੱਚ ਅਮਰ ਆਤਮਾ ਹੁੰਦੀ ਹੈ ਤੇ ਜੀਵ ਦੀ ਮੌਤ ਤੋਂ ਬਾਅਦ, ਇਹ ਆਤਮਾ ਹੀ ਪੁਨਰ-ਜਨਮ ਧਾਰਨ ਕਰਦੀ ਹੈ।' ਮਟਾਰਾ ਕੱਚਾਰੀ ਦਾ ਇਹ ਬੱਚਾ, ਫਰਾਂਸਿਸ ਕੋਦੀਤੁਵਾਕੂ ਦੀ ਮੌਤ ਤੋਂ ਸੱਤ ਮਹੀਨੇ ਬਾਅਦ ਪੈਦਾ ਹੋਇਆ ਸੀ। ਇਸ ਲੜਕੇ ਦੇ ਸੰਬੰਧ ਵਿੱਚ ਅਜਿਹਾ ਕੋਈ ਸਬੂਤ ਨਹੀਂ, ਜਿਸ ਤੋਂ ਇਹ ਪੁਸ਼ਟੀ ਹੋ ਸਕੇ ਕਿ ਲੜਕਾ 'ਸਤਮਾਹਾ' ਹੈ।

ਦੂਸਰੇ ਪਾਸੇ,(ਬੁੱਧ ਧਰਮ ਨੂੰ ਮੰਨਣ ਵਾਲੇ) ਦਾ ਇਹ ਆਪਣਾ ਹੀ ਊਟ-ਪਟਾਂਗ ਦ੍ਰਿਸ਼ਟੀਕੋਣ ਹੈ ਕਿ 'ਮਰ ਰਹੇ ਜੀਵ ਦੇ ਅੰਤਿਮ ਵਿਚਾਰ ਹੀ ਪੁਨਰ-ਜਨਮ ਪ੍ਰਾਪਤ ਕਰਦੇ ਹਨ।' ਇਹ ਕੀ ਵਿਗਿਆਨਿਕ ਦ੍ਰਿਸ਼ਟੀਕੋਣ ਹੈ?

ਮਟਾਰਾ ਕੱਚਰੀ ਦੇ ਇੱਕ ਅਫਸਰ ਦੀ ਰਿਟਾਇਰਮੈਂਟ ਦੇ ਮੌਕੇ ਤੇ ਖਿੱਚੀ ਗਈ ਇੱਕ ਗਰੁੱਪ ਫੋਟੋ, ਉਸ ਬੱਚੇ ਨੂੰ ਵਿਖਾਈ ਗਈ ਸੀ। ਇਸ ਵਿੱਚ, ਫਰਾਂਸਿਸ ਕੋਦੀਤੁਵਾਕੂ ਅਤੇ ਉਸ ਨਾਲ ਕੰਮ ਕਰਨ ਵਾਲੇ ਕੁਝ ਸਾਥੀਆਂ ਦੀਆਂ ਫੋਟੋਆਂ ਸ਼ਾਮਲ ਸਨ। ਪਰ ਬੱਚਾ ਇਸ ਫੋਟੋ ਵਿੱਚੋਂ ਕੋਦੀਤੂਵਾਕੂ ਸਮੇਤ ਕਿਸੇ ਇੱਕ ਵਿਅਕਤੀ ਨੂੰ ਵੀ ਨਾ ਪਛਾਣ ਸਕਿਆ। ਇਸ ਦਾ ਕਾਰਣ ਇਹੀ ਸੀ ਕਿ ਬੱਚੇ ਨੂੰ ਇਹ ਫੋਟੋ ਪਹਿਲੀ ਵਾਰ ਦਿਖਾਈ ਗਈ ਸੀ। ਜੇਕਰ, ਇਸ ਮਾਮਲੇ ਵਿੱਚ ਦਿਲਚਸਪੀ ਲੈਣ ਵਾਲੇ ਕੁੱਝ ਮੰਤਵੀ ਵਿਅਕਤੀਆਂ ਨੇ ਉਸ ਬੱਚੇ ਨੂੰ ਪਹਿਲਾਂ ਹੀ ਚੰਗੀ ਤਰ੍ਹਾਂ ਸਿਖਾਇਆ ਹੁੰਦਾ, ਤਾਂ ਉਸ ਨੇ ਫੋਟੋ ਵਿੱਚ ਕੁੱਝ ਕੁ ਆਦਮੀਆਂ ਨੂੰ ਜਰੂਰ ਪਛਾਣ ਲਿਆ ਹੁੰਦਾ, ਜਿਵੇਂ ਕਿ ਕੋਦੀਤੂਵਾਕੂ ਦੇ ਘਰ ਵਿਖੇ ਇੱਕ ਫੋਟੋ ਵਿੱਚੋਂ ਉਸ ਨੇ ਸ਼ਨਾਖਤ ਕਰ ਲਈ ਸੀ।

ਇਸ ਤਰ੍ਹਾਂ, ਪੁਨਰ-ਜਨਮ ਸੰਬੰਧੀ ਕਹਾਣੀ ਨੂੰ ਕੇਵਲ ਇੱਕ ਝਾਂਸਾ ਕਹਿ ਕੇ ਰੱਦ ਕਰਨ ਲਈ ਇਹੋ ਪਰਖ ਕਾਫੀ ਹੈ।

# ਹੁੱਕਾਂ 'ਤੇ ਝੂਟਣ ਦਾ ਭੇਦ

ਸ੍ਰੀ ਲੰਕਾ ਰੈਸ਼ਨੇਲਿਸਟ ਐਸੋਸੀਏਸ਼ਨ ਨੂੰ ਦੋ ਧਾਰਮਿਕ ਢੌਂਗਾਂ—ਅੱਗ ਤੇ ਤੁਰਨ ਅਤੇ ਹੁੱਕਾਂ ਤੇ ਝੂਟਣਾ ਤੋਂ ਪਰਦਾ ਹਟਾਉਣ ਦਾ ਮਾਣ ਪ੍ਰਾਪਤ ਹੈ। ਇਹਨਾਂ ਢੌਂਗਾਂ ਨੇ ਮਨੁੱਖਤਾ ਨੂੰ ਪੁਰਾਣੇ ਜਮਾਨੇ ਤੋਂ ਹੀ ਚਕਰਾਈ ਰੱਖਿਆ ਹੈ। ਇਹਨਾਂ ਢੌਂਗਾਂ ਨੂੰ ਨੰਗੇ ਕਰਨ ਦਾ ਸਿਹਰਾ ਮੀਤ ਪ੍ਰਧਾਨ ਡਾਕਟਰ ਕੋਰਲੋ ਫੌਨਸੇਕਾ—ਜਿਹੜੇ ਕਿ ਸ੍ਰੀ ਲੰਕਾ ਦੀ ਡਾਕਟਰੀ ਉੱਚ ਵਿਵਸਾਇ ਦੇ ਮੈਂਬਰ ਹਨ—ਦੇ ਸਿਰ ਹੈ।

10 ਅਗਸਤ 1971 ਨੂੰ ਕੋਲੰਬੋ ਮੈਡੀਕਲ ਫੈਕਲਟੀ ਦੇ ਇੱਕ ਵਿਦਿਆਰਥੀ ਮਿਸਟਰ ਇੰਦਰ ਕੁਮਾਰ ਨੇ ਅਖ਼ਬਾਰ ਡੇਲੀ ਮਿਰਰ ਵਿੱਚ ਇੱਕ ਹੱਥ ਲਿਖਤ "ਹੁੱਕਾਂ ਤੇ ਝੂਟਣਾ ਇਸਦੀ ਕਿ ਵਿਆਖਿਆ ਹੈ" ਦੇ ਸਿਰਲੇਖ ਹੇਠ ਲਿਖੀ ਸੀ।

ਇਸ ਲਿਖਤ ਵਿੱਚ ਉਸਨੇ ਦਾਅਵਾ ਕੀਤਾ ਸੀ ਕਿ ਮੈਡੀਕਲ ਸਾਇੰਸ ਕੋਲੋ ਇਸ ਅਜੀਬ ਧਾਰਮਿਕ ਕਾਰਨਾਮੇ ਦੀ ਕੋਈ ਵਿਆਖਿਆ ਨਹੀਂ, ਇੰਦਰ ਕੁਮਾਰ ਅਨੁਸਾਰ ਇਹ ਕੁਦਰਤੀ ਨਿਯਮਾਂ ਦੇ ਉਲਟ ਹੈ। ਕੋਈ ਵੀ ਚੀਜ਼ ਜਿਹੜੀ ਕੁਦਰਤੀ ਨਿਯਮਾਂ ਦੇ ਵਿਰੁੱਧ ਹੋਵੇ ਉਹ ਕਰਾਮਾਤ ਜਾਂ ਚਮਤਕਾਰਾਂ ਦੇ ਵਰਗ ਵਿੱਚ ਸ਼ਾਮਲ ਹੋ ਜਾਂਦੀ ਹੈ ਅਤੇ ਹੁੱਕਾਂ ਤੇ ਝੂਟਣ ਦੇਵਰਤਾਰੇ ਨੂੰ ਕਰਾਮਾਤੀ ਬਿਆਨ ਕਰਕੇ ਇੰਦਰ ਕੁਮਾਰ ਧਾਰਮਿਕ ਲੋਕਾਂ ਦੀਆਂ ਸਾਂਝੀਆਂ ਭਾਵਨਾਵਾਂ ਦੀ ਤਰਜਮਾਨੀ ਕਰ ਰਿਹਾ ਸੀ।

ਧਾਰਮਿਕ ਲੋਕ ਕਿਨ੍ਹਾਂ ਅਧਾਰਾਂ ਤੇ ਹੁੱਕਾਂ ਤੇ ਝੂਟਣ ਦੀ ਘਟਨਾ ਨੂੰ ਇੱਕ ਚਮਤਕਾਰ ਮੰਨਦੇ ਸਨ ? ਮਿਸਟਰ ਇੰਦਰ ਕੁਮਾਰ ਨੇ ਇਹ ਅਧਾਰ ਪ੍ਰਸੰਸਾ ਯੋਗ ਸਪੱਸ਼ਟਤਾ ਨਾਲ ਬਿਆਨ ਕੀਤੇ ਹਨ। ਉਹਨੇ ਲਿਖਿਆ, "ਆਮ ਹਾਲਤਾਂ ਵਿੱਚ ਇਹ ਭਗਤ ਪੀੜ, ਖ਼ੂਨ ਦੇ ਨਿਕਲਣ, ਬੇਹੋਸ਼ੀ, ਦੰਦਲਾਂ ਪੈਣ, ਸਰੀਰ ਦੇ ਕਿਸੇ ਹਿੱਸੇ ਦੇ ਗਲ ਸੜ ਜਾਣ ਅਤੇ ਜ਼ਖਮਾਂ ਦੇ ਜਰਾਸੀਮੀ ਰੋਗ ਸੰਚਾਰ ਆਦਿ ਵਾਸਤੇ ਸੰਵੇਦਨਸ਼ੀਲ ਹੁੰਦੇ ਹਨ ? ਪ੍ਰੰਤੂ ਜਦੋਂ ਕੋਈ ਭਗਤ ਹੁੱਕਾਂ ਉੱਤੇ ਝੂਟਣ ਦੀ ਪਵਿੱਤਰ ਰਸਮ ਨਿਭਾਉਂਦਾ ਹੈ ਉਹਦੇ ਖ਼ੂਨ ਨਹੀਂ ਨਿਕਲਦਾ, ਕੋਈ ਪੀੜ ਨਹੀਂ ਹੁੰਦੀ, ਬੇਹੋਸ਼ ਨਹੀਂ ਹੁੰਦਾ, ਉਸਨੂੰ ਦੰਦਲ ਨਹੀਂ ਪੈਂਦੀ, ਉਸਦੇ ਸਰੀਰ ਦਾ ਕੋਈ ਵੀ ਅੰਗ ਗਲਦਾ ਸੜਦਾ ਨਹੀਂ ਅਤੇ ਨਾ ਹੀ ਉਸਦੇ ਜਖਮਾਂ ਵਿੱਚ ਜਰਾਸੀਮੀ ਰੋਗ ਸੰਚਾਰ ਹੁੰਦਾ ਹੈ ਅਤੇ ਨਾ ਹੀ ਹੁੱਕਾਂ ਉਸਦੇ ਵਜਨ ਦੇ ਦਬਾਅ ਹੇਠ ਉਸਦੇ ਸਰੀਰ ਦੇ ਤੰਤੂਆਂ ਨੂੰ ਪਾੜਦੀਆਂ ਹਨ।" ਇੰਝ ਇੰਦਰ ਕੁਮਾਰ ਅਨੁਸਾਰ ਹੁੱਕਾਂ ਤੇ ਝੂਟਣ ਦੀ ਘਟਨਾ ਨਾਲ ਸੰਬੰਧਿਤ ਇਹ ਸੱਤ ਕਰਾਮਾਤਾਂ ਹਨ ਜਿਹਨਾਂ ਦੀ ਕੋਈ ਵਿਆਖਿਆ ਨਹੀਂ।

ਆਉ ਆਪਾਂ ਵਾਰੀ-ਵਾਰੀ ਇਹਨਾਂ ਸੱਤ ਕਰਾਮਾਤਾਂ ਦੀ ਵਿਆਖਿਆ ਕਰੀਏ।

**ਪੀੜ ਦੀ ਘਾਟ**

ਭਗਤ ਕਿਵੇਂ ਆਪਣੇ ਮਾਸ ਨੂੰ ਹੁੱਕਾਂ ਰਾਹੀਂ ਚੀਰੇ ਜਾਣ ਦੀ ਪੀੜ ਨੂੰ ਸਹਿਣ ਦੇ ਯੋਗ ਹੋ ਜਾਂਦਾ ਹੈ ? ਹੁਣ ਸਰੀਰ ਵਿਗਿਆਨੀ ਇਹ ਜਾਣਦੇ ਹਨ ਕਿ ਪੀੜ ਦੇ ਦੋ ਹਿੱਸੇ ਹੁੰਦੇ ਹਨ-ਖੁਦ ਇੰਦਰੀ ਸੰਵੇਦਨਸ਼ੀਲ ਅਤੇ ਇਸ ਸੰਵੇਦਨਸ਼ੀਲਤਾ ਬਾਰੇ ਭਾਵਨਾਤਮਕ ਪ੍ਰਤਿਕ੍ਰਿਆ ਵਿਅਕਤੀ ਦੇ ਪੀੜ ਕਾਰਨ ਦੀ ਮਹੱਤਤਾ ਤੋਂ ਨਿਰਧਾਰਿਤ ਕੀਤੀ ਜਾਂਦੀ ਹੈ ਅਤੇ ਇਹ ਪੀੜ ਪ੍ਰਤੀ ਪ੍ਰਤੀਕ੍ਰਿਆ ਹੀ ਹੈ, ਆਪਣੇ ਆਪ ਵਿੱਚ ਸੰਵੇਦਨਸ਼ੀਲਤਾ ਨਹੀਂ, ਜਿਹੜੀ ਕਿ ਤਕਲੀਫ ਦੀ ਹੋਂਦ ਜਾ ਅਣਹੋਂਦ ਨੂੰ ਨਿਰਧਾਰਿਤ ਕਰਦੀ ਹੈ। ਭਗਤ ਜਿਸ ਦੇ ਮਾਸ ਵਿਚੋਂ ਦੀ ਹੁੱਕਾਂ ਲੰਘਾਈਆਂ ਜਾਂਦੀਆਂ ਹਨ, ਨੇ ਖੁਦ ਇੱਛਾ ਨਾਲ ਆਪਣੇ ਆਪ ਨੂੰ ਅਜਿਹਾ ਕਰਵਾਉਣ ਲਈ ਪੇਸ਼ ਕੀਤਾ ਜਾਂਦਾ ਹੈ। ਇਸੇ ਕਰਕੇ ਪੀੜ ਦੇ ਕਾਰਨਾਂ ਦਾ ਉਸ ਲਈ ਕੋਈ ਬਦਸ਼ਗਨੀ ਮਹੱਤਵ ਨਹੀਂ ਹੁੰਦਾ। ਇਸ ਕਰਕੇ ਜਿਹੜੀ ਵੀ ਪੀੜ ਉਸਨੂੰ ਹੁੰਦੀ ਹੈ ਉਹ ਉਸਦੀ ਤਕਲੀਫ ਮਹਿਸੂਸ ਨਹੀਂ ਕਰਦਾ।

ਇਸ ਤੋਂ ਇਲਾਵਾ ਚੰਗੇ ਪੜ੍ਹੇ ਲਿਖੇ ਡਾਕਟਰਾਂ ਨੂੰ ਵੀ ਇਹ ਜਾਣਕਾਰੀ ਹੈ ਕਿ ਕਈ ਜ਼ਖ਼ਮ ਪੀੜ ਰਹਿਤ ਹੁੰਦੇ ਹਨ। ਮਿਸਟ ਬੀਚਰ ਵੱਲੋਂ ਬਹੁਤ ਬੁਰੀ ਤਰ੍ਹਾਂ ਤਾਜ਼ੇ ਜ਼ਖ਼ਮੀ ਹੋਏ ਸਿਪਾਹੀਆਂ ਨੂੰ ਪੁੱਛਣ ਤੋਂ ਪਤਾ ਲੱਗਿਆ ਕਿ ਉਹਨਾਂ ਨੂੰ ਕੋਈ ਖਾਸ ਪੀੜ ਨਹੀਂ ਸੀ। ਇਹ ਇਹਨਾਂ ਜ਼ਖ਼ਮਾਂ ਦੀ ਸਿਪਾਹੀਆਂ ਵਾਸਤੇ ਖਾਸ ਮਹੱਤਤਾ ਕਾਰਨ ਸੀ ਕਿਉਂਕਿ ਇਹਨਾਂ ਜ਼ਖ਼ਮਾਂ ਕਾਰਨ ਉਹ ਮਹਿਸੂਸ ਕਰਦੇ ਸਨ ਕਿ ਚਲੋ ਚਾਹੇ ਆਰਜੀ ਹੀ ਸਹੀ, ਉਹਨਾਂ ਵਾਸਤੇ ਤੇ ਜੰਗ ਬੰਦ ਹੋ ਗਈ ਸੀ। ਇਸ ਲਈ ਪੀੜ ਰਹਿਤ ਜਖ਼ਮ ਡਾਕਟਰੀ ਵਿਗਿਆਨ ਤੋਂ ਅਣਜਾਣੇ ਨਹੀਂ ਹਨ। ਭਾਵੇਂ ਕਈ ਮੈਡੀਕਲ ਦੇ ਵਿਦਿਆਰਥੀ ਇਹਨਾਂ ਬਾਰੇ ਨਹੀਂ ਜਾਣਦੇ।

ਇਹੋ ਹੀ ਸਭ ਕੁੱਝ ਨਹੀਂ ਹੈ। ਮਜ਼ਬੂਤ ਭਾਵਨਾ—ਭਾਵੇਂ ਇਹ ਧਾਰਮਿਕ ਹੋਵੇ ਜਾਂ ਆਧਾਰਮਿਕ ਜਾਂ ਇਸ ਦੀ ਹੋਂਦ ਦਾ ਕਾਰਨ ਗੈਰ ਧਾਰਮਿਕ ਹੀ ਹੋਵੇ—ਪੀੜ ਨੂੰ ਮਹਿਸੂਸ ਹੋਣ ਤੋਂ ਰੋਕਦੀ ਹੈ। ਜਿਹੜਾ ਭਗਤ ਹੁੱਕਾਂ ਤੇ ਝੂਟਣ ਦੀ ਰਸਮ ਵਿੱਚ ਹਿੱਸਾ ਲੈਣ ਲਈ ਆਪਣੇ ਆਪ ਨੂੰ ਪੇਸ਼ ਕਰਦਾ ਹੈ ਉਹ ਆਪਣੇ ਅੰਦਰ ਪੈਦਾ ਕੀਤੀਆਂ ਗਈਆਂ ਧਾਰਮਿਕ ਭਾਵਨਾਵਾਂ ਦੇ ਅਸਰ ਹੇਠ ਪੀੜ ਮਹਿਸੂਸ ਨਹੀਂ ਕਰਦਾ।

ਹੁਣੇ ਜਿਹੇ ਇੱਕ ਤਰਕਵਾਦੀ ਨੌਜਵਣਨ ਐਨ. ਸੀ. ਜਾਇਆ ਸੂਰੀਆ, ਜਿਸ ਨੇ ਰੱਬੀ ਸਹਾਇਤਾ ਨੂੰ ਸ਼ਰੇਆਮ ਠੁਕਰਾਇਆ ਸੀ–ਨੇ ਤਿੰਨ ਵਾਰੀ ਵੱਖੋ ਵੱਖਰੇ ਮੌਕਿਆਂ ਤੇ ਹੁੱਕਾਂ ਤੇ ਝੂਟਣ ਦੀ ਰਸਮ ਬਿਨਾਂ ਕਿਸੇ ਪੀੜ ਦੇ ਨਿਭਾਈ ਸੀ।

**ਖੂਨ ਦਾ ਨਾ ਨਿਕਲਣਾ**

ਭਗਤਾਂ ਦਾ ਇਹ ਵਿਸ਼ਵਾਸ ਹੈ ਕਿ ਹੁੱਕਾਂ ਤੇ ਝੂਟਣ ਦੀ ਰਸਮ ਸਮੇਂ ਕਈ ਦਰਜਨਾਂ ਜਿਹੜੇ ਜ਼ਖ਼ਮ ਹੋ ਜਾਂਦੇ ਹਨ ਉਹਨਾਂ ਵਿੱਚੋਂ ਖੂਨ ਕਿਸੇ ਅਲੌਕਿਕ ਸ਼ਕਤੀ ਦੀ ਸਹਾਇਤਾ ਕਰਕੇ ਹੀ ਨਹੀਂ ਨਿਕਲਦਾ। ਭਾਵੇਂ ਮਾਸ ਚੀਰਨ ਸਮੇਂ ਖੂਨ ਘੱਟ ਤੋਂ ਘੱਟ ਨਿਕਲਣ ਦੀ ਕ੍ਰਿਆ ਵਿੱਚ ਤਿੰਨ ਕੁਦਰਤੀ ਅੰਕ ਸਹਾਈ ਹੁੰਦੇ ਹਨ। ਪਹਿਲਾ ਇਹ ਹੈ ਕਿ ਗੁਰਦੇ ਉੱਪਰ ਵਾਲੀਆਂ ਦੋ ਛੋਟੀਆਂ ਗਿਲਟੀਆਂ ਦੁਆਰਾ ਇੱਕ ਰਸ ਜਿਸਨੂੰ ਐਡਰੀਨਾਲਾਇਨ ਆਖਦੇ ਹਨ ਕਾਫੀ ਵਾਧੂ ਮਾਤਰਾ ਵਿੱਚ ਛੱਡ ਦਿਆ ਜਾਂਦਾ ਹੈ। ਇਹ ਰਸ ਚਮੜੀ ਵਿਚਲੀਆਂ ਖੂਨ ਦੀਆਂ ਨਸਾਂ ਅਤੇ ਬਨਾਉਟੀ ਤੰਤੂਆਂ ਨੂੰ ਸੰਗੋੜ ਦਿੰਦਾ ਹੈ--ਉਹਨਾਂ ਤੰਤੂਆਂ ਨੂੰ ਜਿਹਨਾਂ ਵਿੱਚ ਦੀ ਹੁੱਕਾਂ ਪਰੋਈਆਂ ਹੁੰਦੀਆ ਹਨ। ਦੂਜਾ ਕੁਦਰਤੀ ਅੰਸ਼ ਹੈ ਇਕ ਕ੍ਰਿਆ ਨੂੰ ਤੇਜ਼ ਕਰ ਦੇਣਾ ਜਿਸਨੂੰ 'ਬਾਹਰੀ ਯੰਤ੍ਰ-ਵਿਧੀ' ਆਖਦੇ ਹਨ ਜਿਸ ਕਰਕੇ ਖੂਨ ਜੰਮਣ ਦੀ ਪ੍ਰਕ੍ਰਿਆ ਤੇਜ਼ ਹੋ ਜਾਂਦੀ ਹੈ। ਖੂਨ ਜੰਮਣ ਵਿੱਚ ਇਹ ਤੇਜ਼ੀ ਹੁੱਕਾਂ ਪਰੋਣ ਸਮੇਂ ਚੀਰੇ ਗਏ ਤੰਤੂਆਂ ਵਿੱਚੋਂ ਇਕ ਰਸਇਣ ਸਕਿੰਟਾਂ ਵਿੱਚ ਹੀ ਖੂਨ ਨੂੰ ਜਮਾ ਦਿੰਦਾ ਹੈ ਅਤੇ ਖੂਨ ਜੰਮਣਾ ਹੀ ਇਕ ਅਜਿਹਾ ਢੰਗ ਹੈ ਜਿਸ ਨਾਲ ਸਰੀਰ ਚੀਰੇ ਗਏ ਤੰਤੂਆਂ ਵਿੱਚੋਂ ਖੂਨ ਨਿਕਲਣਾ ਰੋਕ ਸਕਦਾ ਹੈ।

ਤੀਜਾ ਜਿਹੜਾ ਬਹੁਤ ਹੀ ਜਰੂਰੀ ਹੈ, ਜਿਸ ਕਰਕੇ ਖੂਨ ਦਾ ਨਿਕਲਣਾ ਲਗਭਗ ਉੱਕਾ ਹੀ ਬੰਦ ਹੋ ਜਾਂਦਾ ਹੈ ਉਹ ਹੈ ਚੀਰੇ ਗਏ ਤੰਤੂਆਂ ਉੱਤੇ ਹੁੱਕਾਂ ਦੁਆਰਾ ਪਾਇਆ ਗਿਆ ਖਿਚਾਉ, ਹੁੱਕ ਉਦੋਂ ਹੀ ਪਰੋਈ ਜਾਂਦੀ ਹੈ ਜਦੋਂ ਸਰੀਰ ਦੇ ਖਾਸ ਥਾਂ ਤੋਂ ਚਮੜੀ ਅਤੇ ਉਸ ਹੇਠਲੇ ਤੰਤੂਆਂ ਦੀ ਚੰਗੀ ਤਰ੍ਹਾਂ ਚੂੰਡੀ ਭਰ ਲਈ ਜਾਂਦੀ ਹੈ ਅਤੇ ਇਸ ਚੂੰਡੀ ਭਰਨ ਦਾ ਖੂਨੀ ਦੀਆਂ ਨਸਾਂ ਤੇ ਉਹੋ ਹੀ ਅਸਰ ਹੁੰਦਾ ਹੈ ਜਿਹੜਾ ਕਿ ਬਾਹਰੀ ਦਬਾਅ ਪਾਉਣ ਨਾਲ ਹੁੰਦਾ ਹੈ। ਇਸ ਤਰਾਂ ਕਰਨ ਨਾਲ ਖੂਨ ਦੀਆਂ ਨਸਾਂ ਖਤਮ ਹੋ ਜਾਂਦੀਆਂ ਹਨ। ਇਸ ਤੋਂ ਵੱਧ ਜਦੋਂ ਇਕ ਹੁੱਕ ਪਰੋ ਦਿੱਤੀ ਜਾਂਦੀ ਹੈ, ਤਾਂ ਇੱਕ ਰੱਸੇ ਰਾਹੀਂ ਇਸ ਤੇ ਖਿਚਾਉ ਪਾਇਆ ਜਾਂਦਾ ਹੈ ਤਾਂ ਕਿ ਖੂਨ ਦੀਆਂ ਨਸਾਂ ਉੱਪਰ ਬਾਹਰੀ ਦਬਾਅ ਲਗਾਤਾਰ ਪੈਂਦਾ ਰਹੇ। ਇਕੱਠੇ ਤੌਰ ਤੇ ਇਹ ਤਿੰਨੋ ਅੰਸ਼ ਹੁੱਕਾਂ ਤੇ ਝੂਟਣ ਵਾਲੇ ਜ਼ਖਮਾਂ ਵਿੱਚੋਂ ਖੂਨ ਨਿਕਲਣੋ ਪੂਰੀ ਤਰਾਂ ਰੋਕ ਸਕਦੇ ਹਨ ਬਿਨਾਂ ਕਿਸੇ ਰੱਬੀ ਮੱਦਦ ਦੇ। ਮਿਸਟਰ ਜਾਇਆ ਸੂਰੀਆ, ਜਿਸਨੇ ਕੋਈ ਰੱਬੀ ਸਹਾਇਤਾ ਨਹੀਂ ਸੀ ਲਈ, ਦੇ ਜ਼ਖਮਾਂ ਵਿੱਚੋਂ ਵੀ ਖੂਨ ਨਹੀਂ ਨਿਕਲਿਆ ਜਦੋਂ ਉਸਨੇ ਹੁੱਕਾਂ ਤੇ ਝੂਟਣ ਦਾ ਤਮਾਸ਼ਾ ਵਿਖਾਇਆ ਸੀ।

**ਬੇਹੋਸ਼ੀ ਦਾ ਦੌਰਾ ਨਾ ਪੈਣਾ**

ਆਮ ਸ਼ਬਦਾਂ ਵਿੱਚ ਬੇਹੋਸ਼ੀ ਦੇ ਦੌਰਾ ਪੈਣ ਨੂੰ ਗਸ਼ੀ ਪੈਣਾ ਵੀ ਆਖਦੇ ਹਨ। ਆਪਾਂ ਇਹ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਲੋਕਾਂ ਨੂੰ ਉਸ ਸਮੇਂ ਗਸ਼ੀ ਪੈਂਦੀ ਹੈ ਜਦੋਂ ਉਹਨਾਂ ਨੂੰ ਸਖਤ ਪੀੜ ਹੋਵੇ ਜਾਂ ਜਦੋਂ ਉਹ ਭਾਵਾਨਤਮਕ ਤੌਰ ਤੇ ਪ੍ਰੇਸ਼ਾਨ ਹੋਣ। ਉਦਾਹਰਣ ਵਜੋਂ ਜਦੋਂ ਉਹਨਾਂ ਨੂੰ ਕੋਈ ਬੁਰੀ ਖਬਰ ਮਿਲੇ ਜਾਂ ਖੂਨ ਵੇਖ ਲੈਣ। ਜਿਹੜੇ ਭਗਤ ਦੇ ਹੁੱਕਾਂ ਪਰੋਈਆਂ ਹੁੰਦੀਆਂ ਹਨ ਉਸਨੂੰ ਗਸ਼ੀ ਕਿਉਂ ਨਹੀਂ ਪੈਂਦੀ ? ਕਿਉਂਕਿ ਉਸਨੂੰ ਸਖਤ ਪੀੜ ਨਹੀਂ ਹੁੰਦੀ, ਤੇ ਨਾ ਹੀ ਉਹ ਇਸ ਦੌਰਾਨ ਭਾਵਾਤਮਕ ਤੌਰ ਤੇ ਪ੍ਰੇਸ਼ਾਨ ਹੁੰਦਾ ਹੈ। ਇਹਨਾਂ ਹੀ ਕਾਰਨਾਂ ਕਰਕੇ ਮਿਸਟਰ ਜਾਇਆਸੂਰੀਆ ਵੀ ਬੇਹੋਸ਼ ਨਹੀਂ ਸੀ ਹੋਇਆ।

**ਦੰਦਲ ਨਾ ਪੈਣਾ, ਸਰੀਰ ਦੇ ਕਿਸੇ ਅੰਗ ਦਾ ਨਾ ਗਲਣਾ–ਸੜਨਾ ਅਤੇ ਜਰਾਸੀਮਾਂ ਰਾਹੀਂ ਰੋਗ ਦਾ ਸੰਚਾਰ ਨਾ ਹੋਣਾ**

ਇਹ ਸਾਰੇ 'ਚਮਤਕਾਰ' ਅਸਾਨੀ ਨਾਲ ਇਕੱਠੇ ਹੀ ਵਿਚਾਰੇ ਜਾ ਸਕਦੇ ਹਨ ਕਿਉਂਕਿ ਇਹਨਾਂ ਸਾਰਿਆਂ ਦਾ ਸੰਬੰਧ ਕਿਸੇ ਨਾ ਕਿਸੇ ਕਿਸਮ ਦੇ ਜਰਾਸੀਮਾਂ ਰਾਹੀਂ ਰੋਗ ਸੰਚਾਰ ਨਾਲ ਹੈ ਸ਼ਰਧਾਲੂ ਇਹ ਵਿਸ਼ਵਾਸ ਕਰਦੇ ਹਨ ਕਿ ਭਗਤ ਜਦੋਂ ਆਪਣੇ ਆਪ ਦਾ ਮਾਸ ਚੀਰਨ ਦੇ ਸਵੈ-ਦਮਨ ਝੱਲਦੇ ਹਨ ਤਾਂ ਉਹਨਾਂ ਦੇ ਜਖ਼ਮਾਂ ਵਿੱਚ ਕੋਈ ਜਰਾਸੀਮਾਂ ਰਾਹੀਂ ਰੋਗ-ਸੰਚਾਰ ਨਹੀਂ ਹੁੰਦਾ, ਕੋਈ ਜਖ਼ਮ ਗਲਦਾ ਸੜਦਾ ਨਹੀਂ ਅਤੇ ਨਾ ਹੀ ਦੰਦਲ ਪੈਂਦੀ ਹੈ ਹਾਲਾਂਕਿ ਉਹ ਵੀ ਡਾਕਟਰੀ ਪ੍ਰਹੇਜ਼ ਆਦਿ ਨਹੀਂ ਵਰਤਦੇ। ਭਗਤ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਜਰਾਸੀਮਾਂ ਦੇ ਹਮਲੇ ਤੋਂ ਇਹ ਬਚਾਉ 'ਰੱਬੀ ਰਹਿਮਤ' ਦਾ ਸਦਕਾ ਹੀ ਹੈ। ਇਸ ਦਾਅਵੇ ਬਾਰੇ ਇਹੋ ਹੀ ਆਖਿਆ ਜਾ ਸਕਦਾ ਹੈ ਕਿ ਜਿਹੜੇ ਲੋਕ ਇਹ ਦਾਅਵਾ ਕਰਦੇ ਹਨ ਉਹਨਾਂ ਨੇ ਰਸਮ ਖਤਮ ਹੋਣ ਮਗਰੋਂ ਇਹਨਾਂ ਭਗਤਾਂ ਦਾ ਪਿੱਛਾ ਨਹੀਂ ਕੀਤਾ। ਜਿੱਥੋਂ ਤੱਕ ਮੇਰਾ ਸਵਾਲ ਹੈ ਭਾਵੇਂ ਮੈਂ ਕੋਈ ਵੀ ਭਗਤ ਅਜਿਹਾ ਨਹੀਂ ਵੇਖਿਆ ਜਿਸਨੂੰ ਹੁੱਕਾਂ ਤੇ ਝੂਟਣ ਨਾਲ ਗਸ਼ੀ ਪੈ ਗਈ ਹੋਵੇ ਜਾਂ ਜਖ਼ਮ ਗਲ ਸੜ ਗਏ ਹੋਣ ਪਰੰਤੂ ਮੈਂ ਅਜਿਹੇ ਕਈ ਜਰੂਰੀ ਵੇਖੇ ਹਨ ਜਿਹਨਾਂ ਦੇ ਜਖ਼ਮਾਂ ਵਿੱਚ ਪਾਕ ਪੈ ਗਈ ਸੀ। ਮੈਂ ਕਈ ਭਗਤ ਅਜਿਹੇ ਵੀ ਵੇਖੇ ਹਨ ਜਿਹਨਾਂ ਦੇ ਕੁਝ ਜਖ਼ਮਾਂ ਵਿੱਚ ਤਾਂ ਪਾਕ ਪੈ ਜਾਂਦੀ ਹੈ। ਪਰ ਕਈ ਜਖ਼ਮ ਆਪਣੇ ਆਪ ਰਾਜੀ ਹੋ ਜਾਂਦੇ ਹਨ। ਕੀ ਇਸਦਾ ਇਹ ਮਤਲਬ ਹੈ ਕਿ ਭਗਤ ਦੇ ਕੁਝ ਜਖ਼ਮਾਂ ਤੇ ਤਾਂ 'ਰੱਬੀ

ਰਹਿਮਤ' ਹੋ ਗਈ ਸੀ ਅਤੇ ਕਈ ਜਖ਼ਮਾਂ ਤੇ ਨਹੀਂ ? ਇਸ ਤੋਂ ਵੱਧ ਤਰਕਸ਼ੀਲ ਵਿਆਖਿਆ ਦੀ ਭਾਲ ਕਰਨੀ ਜਰੂਰੀ ਹੈ ਅਤੇ ਇਹ ਉਹੋ ਹੀ ਸੋਚ ਸਕਦੇ ਹਨ ਜਿਹਨਾਂ ਨੂੰ ਚੀਰਫਾੜ ਵਿਗਿਆਨ ਦਾ ਮੁੱਢਲਾ ਗਿਆਨ ਹਾਸਿਲ ਹੈ।

ਵਾਤਾਵਰਣ ਵਿਚਲੇ ਅਣਗਿਣਤ ਜਰਾਸੀਮਾਂ ਵਿੱਚੋਂ ਥੋੜ੍ਹੇ ਜਿਹੇ ਹੀ ਮਨੁੱਖ ਲਈ ਹਾਨੀਕਾਰਕ ਹਨ। ਜਦੋਂ ਜਰਾਸੀਮ ਜਖ਼ਮ ਵਿੱਚ ਚਲੇ ਜਾਂਦੇ ਹਨ ਤਾਂ ਉਹਨਾਂ ਦਾ ਪ੍ਰਭਾਵ ਤਿੰਨ ਗੱਲਾਂ ਤੇ ਨਿਰਭਰ ਕਰਦਾ ਹੈ। ਜਰਾਸੀਮ ਦੀ ਕਿਸਮ ਅਤੇ ਜ਼ਹਿਰੀਲਾਪਨ, ਜਖ਼ਮ ਵਿੱਚ ਸ਼ਾਮਲ ਹੋਏ ਜਰਾਸੀਮਾਂ ਦੀ ਗਿਣਤੀ ਅਤੇ ਜਖ਼ਮੀ ਮਨੁੱਖ ਦੀ ਆਮ ਸਿਹਤ ਤੇ ਜਰਾਸੀਮਾਂ ਦਾ ਟਾਕਰਾ ਕਰਨ ਦੀ ਸਮਰੱਥਾ। ਜਦੋਂ ਜਰਾਸੀਮ ਤਕੜੇ, ਸਿਹਤਮੰਦ ਮਨੁੱਖ ਦੇ ਜਖ਼ਮ ਵਿੱਚ ਦਾਖਲ ਹੁੰਦੇ ਹਨ ਤਾਂ ਪਾਕ ਉਦੋਂ ਹੀ ਪੈ ਜਾਂਦੀ ਹੈ ਜੇ ਜ਼ਹਿਰੀਲੇ ਜਰਾਸੀਮਾਂ ਦੀ ਗਿਣਤੀ ਕਾਫੀ ਹੋਵੇ। ਇਹ ਇੱਕ ਤੱਥ ਹੈ ਕਿ ਨਰੋਏ ਜੰਤੂਆਂ ਵਿੱਚ, ਜਿਹਨਾਂ ਨੂੰ ਖ਼ੂਨ ਦੀ ਸਪਲਾਈ ਵੱਧ ਚੁੱਕੀ ਹੁੰਦੀ ਹੈ, ਜਰਾਸੀਮ ਆਸਾਨੀ ਨਾਲ ਨਹੀਂ ਟਿਕ ਸਕਦੇ। ਇਹ ਵੀ ਇੱਕ ਸਚਾਈ ਹੈ ਕਿ ਬੱਚਿਆਂ ਦੇ ਜਿਹੜੀਆਂ ਆਮ ਰੋਜਾਨਾ ਜੀਵਨ ਵਿੱਚ ਜਿਹੜੀਆਂ ਸੱਟਾਂ ਲੱਗ ਜਾਂਦੀਆਂ ਹਨ ਉਹਨਾਂ ਵਿੱਚੋਂ ਬਹੁਤ ਹੀ ਘੱਟ ਪਕਦੀਆਂ ਹਨ।

ਜਿੱਥੋਂ ਤੱਕ ਗਸ਼ੀ ਪੈਣ ਜਾਂ ਜਖ਼ਮ ਦੇ ਗਲਣ ਸੜਨ ਦਾ ਸੰਬੰਧ ਹੈ – ਇਹ ਮਾਰੂ ਬਿਮਾਰੀਆਂ ਇੱਕ ਕਿਸਮ ਦੇ ਜਰਾਸੀਮ, ਜਿਹਨਾਂ ਨੂੰ ਕਲੋਸਟਰੀਡੀਆ ਆਖਦੇ ਹਨ ਦੇ ਰਾਹੀਂ ਹੁੰਦੀਆਂ ਹਨ। ਇਹ ਜਰਾਸੀਮ ਗੋਹੇ ਅਤੇ ਟੱਟੀ ਦੇ ਢੇਰਾਂ ਵਿੱਚ ਆਮ ਹੁੰਦੇ ਹਨ। ਭਗਤ ਜਿਹੜੇ ਹੁੱਕਾਂ ਤੇ ਝੂਟਦੇ ਹਨ ਤਕੜੇ ਅਤੇ ਸਿਹਤਮੰਦ ਨੌਜਵਾਨ ਹੁੰਦੇ ਹਨ ਅਤੇ ਜਿਹੜੇ ਜਖ਼ਮ ਉਹਨਾਂ ਦੇ ਹੁੰਦੇ ਹਨ। ਉਹਨਾਂ ਦਾ ਟੱਟੀ ਜਾਂ ਗੋਹੇ ਦੇ ਢੇਰਾਂ ਨਾਲ ਛੂਹਣ ਦੀ ਸੰਭਾਵਨਾਂ ਨਹੀਂ ਹੁੰਦੀ। ਇਹੋ ਹੀ ਕਾਰਨ ਹੈ ਕਿ ਉਹਨਾਂ ਦੇ ਜਖ਼ਮਾਂ ਕਾਰਨ ਉਹਨਾਂ ਨੂੰ ਨਾ ਤਾਂ ਦੰਦਲ ਪੈਂਦੀ ਹੈ ਅਤੇ ਨਾ ਹੀ ਜਖ਼ਮ ਗਲਦੇ ਸੜਦੇ ਹਨ। ਆਮ ਜ਼ਿੰਦਗੀ ਵਿੱਚ ਵੀ ਜਿਹਨਾਂ ਦੇ ਜ਼ਖ਼ਮ ਹੋ ਜਾਂਦੇ ਹਨ ਉਹਨਾਂ ਵਿੱਚੋਂ ਬਹੁਤ ਹੀ ਘੱਟ ਨੂੰ ਦੰਦਲ ਪੈਂਦੀ ਹੈ ਜਾਂ ਜ਼ਖ਼ਮ ਖਰਾਬ ਹੁੰਦੇ ਹਨ। ਫੇਰ ਡਾਕਟਰਾਂ ਵੱਲੋਂ ਗਸ਼ੀ ਪੈਣ ਜਾ ਜ਼ਖ਼ਮ ਦੇ ਗਲਣ ਸੜਨ ਬਾਰੇ ਐਨਾ ਰੌਲਾ ਰੱਪਾ ਕਿਉਂ ਪਾਇਆ ਜਾਂਦਾ ਹੈ, ਉਸਦਾ ਕਾਰਨ ਇਹ ਹੈ ਕਿ ਇਹ ਬਹੁਤ ਹੀ ਖਤਰਨਾਕ ਬਿਮਾਰੀਆਂ ਹਨ ਜੇ ਲੱਗ ਜਾਣ। ਇਸਦਾ ਮਤਲਬ ਇਹ ਕਦਾਚਿੱਤ ਨਹੀਂ ਕਿ ਇਹ ਆਮ ਬਿਮਾਰੀਆਂ ਹਨ। ਹੁੱਕਾਂ ਉੱਤੇ ਝੂਲਣ ਵਾਲੇ ਭਗਤਾਂ ਵਿੱਚ ਦੰਦਲ ਪੈਣ ਜਾਂ ਜ਼ਖ਼ਮ ਦੇ ਗਲਣ-ਸੜਨ ਦੀ ਘਾਟ ਜਾਂ ਅਣਹੋਂਦ ਕਿਸੇ ਖਾਸ ਰੱਬੀ ਰਹਿਮਤ ਦਾ ਸਿੱਟਾ ਨਹੀਂ। ਸਗੋਂ ਇਹ ਤਾਂ ਡਾਕਟਰੀ ਕਹਾਵਤ ਦੀ ਉਦਾਹਰਣ ਹੈ ਵਿਰਲੇ ਰੋਗ ਬਹੁਤ ਘੱਟ ਹੁੰਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਭਗਤਾਂ ਨੂੰ ਜਿਹੜੀ ਗਸ਼ੀ ਉਹਨਾਂ ਦੇ ਦੇਵਤਿਆਂ ਦੀ ਪੂਜਾ ਕਾਰਨ ਨਹੀਂ ਪੈਂਦੀ ਉਹ ਆਮ ਜ਼ਿੰਦਗੀ ਵਿੱਚ ਉਹਨਾਂ ਨੂੰ ਵੀ ਨਹੀਂ ਪੈਂਦੀ ਜਿਹੜੇ ਇਹਨਾਂ ਦੇਵੀ ਦੇਵਤਿਆਂ ਨੂੰ ਨਹੀਂ ਪੂਜਦੇ ਜਾਂ ਮੰਨਦੇ ਹਨ ਅਤੇ ਨਾ ਹੀ ਉਹ ਇਹਨਾਂ ਜ਼ਖ਼ਮਾਂ ਦੇ ਇਲਾਜ ਵੱਲ ਕੋਈ ਧਿਆਨ ਦਿੰਦੇ ਹਨ।

**ਮਾਸ ਦਾ ਨਾ ਚੀਰਿਆ ਜਾਣਾ**

ਹੁੱਕਾਂ ਤੇ ਝੂਟਣ ਦੇ ਤਮਾਸ਼ੇ ਵਿੱਚ ਇਹ ਇੱਕ ਗੱਲ ਹੈ ਜਿਸ ਤੇ ਆਮ ਵੇਖਣ ਵਾਲਾ ਵਿਸ਼ਵਾਸ ਨਹੀਂ ਕਰ ਸਕਦਾ। ਜਿਹੜੀ ਗੱਲ ਤੇ ਉਸਨੂੰ ਹੈਰਾਨੀ ਹੁੰਦੀ ਹੈ ਕਿ ਵਜ਼ਨ ਦੇ ਦਬਾਅ ਹੇਠ ਹੁੱਕਾਂ ਤੇ ਝੂਟਣ ਵਾਲੇ ਦੀ ਢੂਹੀ ਪਿੱਛੇ ਮਾਸ ਨੂੰ ਹੁੱਕਾਂ ਕਿਉਂ ਨਹੀਂ ਪਾੜਦੀਆਂ ? ਇਸ ਭੇਦ ਦਾ ਜਵਾਬ ਭੌਤਿਕ ਵਿਗਿਆਨ ਦੀ ਮੁੱਢਲੀ ਸਮੱਸਿਆ ਦਾ ਜਵਾਬ ਹੈ। ਮੰਨ ਲਉ ਤੁਸੀਂ ਇੱਕ ਕੰਡੇ ਤੇ 10 ਪੌਂਡ ਵਜ਼ਨ ਟੰਗ ਦਿੰਦੇ ਹੋ ਤਾਂ ਇਹ ਕਹਿਣ ਦੀ ਲੋੜ ਨਹੀਂ ਕਿ ਕੰਡਾ 10 ਪੌਂਡ ਹੀ ਦੱਸੇਗਾ। ਮੰਨ ਲਉ ਹੁਣ ਤੁਸੀਂ ਇੱਕ ਦੋ ਕੰਡਿਆਂ ਤੇ ਉਹੀ 10 ਪੌਂਡ ਵਜ਼ਨ ਟੰਗ ਦਿੰਦੇ ਹੋ ਤਾਂ ਹਰ ਇੱਕ ਕੰਡਾ ਪੰਜ ਪੰਜ ਪੌਂਡ ਦੱਸੇਗਾ। ਇਸੀ ਤਰਾਂ ਜੇ ਤੁਸੀਂ ਚਾਰ ਕੰਡਿਆਂ ਤੇ 10 ਪੌਂਡ ਦਾ ਇਹ ਵਜ਼ਨ ਟੰਗ ਦਿੰਦੇ ਹੋ ਤਾਂ ਇੱਕ ਕੰਡਾ 2.5 ਪੌਂਡ ਹੀ ਦੱਸੇਗਾ। ਇਹ ਸਿਧਾਂਤ ਪਾਠਕ ਨੂੰ ਹੁਣ ਸਪੱਸ਼ਟ ਹੋ ਗਿਆ ਹੋਵੇਗਾ। ਇਹ ਐਵੇਂ ਹੀ ਨਹੀਂ ਭਗਤ ਘੱਟੋ ਘੱਟ ਛੇ ਹੁੱਕਾਂ ਤੇ ਲਟਕਦੇ ਹਨ। ਕੋਈ ਭਗਤ ਜਿਹੜਾ 'ਰੱਬ ਨਾਲ ਇੱਕ' ਹੋਣ ਦਾ ਦਾਅਵਾ ਕਰਦਾ ਹੈ ਕਦੇ ਵੀ ਇਕੱਲੀ ਹੁੱਕ ਤੇ ਨਹੀਂ ਲਟਕਦਾ।

ਚਮੜੀ ਅਤੇ ਉਸ ਹੇਠਲੇ ਤੰਤੂ 120 ਪੌਂਡ ਭਾਰੇ ਆਦਮੀ ਦੇ 120 ਤਕਸੀਮ 6 = 20 ਪੌਂਡ ਭਾਰ ਦੇ ਦਬਾਅ ਹੇਠ ਚੀਰੇ ਨਹੀਂ ਜਾਂਦੇ। ਪਰੰਤੂ ਇਹ ਯਕੀਨੀ ਹੈ ਕਿ 120 ਤਕਸੀਮ 1 = 120 ਪੌਂਡ ਵਜ਼ਨ ਦੇ ਦਬਾਅ ਹੇਠ ਜ਼ਰੂਰ ਹੀ ਚੀਰੇ ਜਾਣਗੇ।

ਹੁੱਕਾਂ ਤੇ ਝੂਟਣ ਦੇ ਤਮਾਸ਼ੇ ਨਾਲ ਸਬੰਧਿਤ ਇਹਨਾਂ 'ਸੱਤ ਚਮਤਕਾਰਾਂ' ਬਾਰੇ ਏਨਾ ਹੀ ਕਾਫ਼ੀ ਹੈ। ਜਦੋਂ ਮਿਸਟਰ ਇੰਦਰ ਕੁਮਾਰ ਇਸ 'ਭੇਦ ਭਰੇ ਤਮਾਸ਼ੇ' ਬਾਰੇ ਗੁਸਤਾਖੀ ਨਾਲ ਇਹ ਆਖਣ ਦੀ ਹੱਦ ਤੱਕ ਵਧ ਗਿਆ ਕਿ ਇਹ ਤਮਾਸ਼ਾ ਡਾਕਟਰੀ ਵਿਗਿਆਨ ਨੂੰ ਚਕਰਾ ਦੇਣ ਵਾਲਾ ਹੈ ਜਾ ਤਾਂ ਉਹ ਅਤਿ ਕਥਨੀ ਦਾ ਸ਼ਿਕਾਰ ਹੋ ਗਿਆ ਹੈ ਜਿਹੜੀ ਕਿ ਇੱਕ ਡਾਕਟਰੀ ਦੇ ਵਿਦਿਆਰਥੀ ਲਈ ਮਾਫ਼ੀ ਯੋਗ ਹੈ ਜਾ ਫੇਰ ਇਹ ਉਸ ਦੀ ਮੂਰਖਤਾ ਅਤੇ ਅਗਿਆਨਤਾ ਦਾ ਪ੍ਰਮਾਣ ਹੈ। (ਜਿਹੜੀ ਕਿ ਇੱਕ ਔਸਤ ਸਿਆਣੇ ਡਾਕਟਰ ਤੇ ਵਿਦਿਆਰਥੀ ਲਈ ਵੀ ਮਾਫ਼ੀ ਯੋਗ ਨਹੀਂ ਹੈ।)

# ਕੁਡਾਗਾਮਾ ਦਾ ਪਾਖੰਡ

ਸ੍ਰੀ ਲੰਕਾ ਵਿੱਚ ਕੁਡਾਗਾਮਾ ਦੇ ਸ਼ਹਿਰ ਦਾ ਰੌਸ਼ਨ ਗਿਰਜਾ ਘਰ ਬਹੁਤ ਤੇਜ਼ੀ ਨਾਲ ਚਮਤਕਾਰਾਂ ਰਾਹੀਂ ਇਲਾਜ ਦੇ ਵਾਸਤੇ ਪ੍ਰਸਿੱਧ ਹੋ ਰਿਹਾ ਹੈ, ਕਿਹਾ ਜਾਂਦਾ ਹੈ ਕਿ ਈਸਾ ਮਸੀਹ ਨੂੰ ਸੂਲੀ ਤੇ ਟੰਗਣ ਵੇਲੇ ਵਰਤੀਆਂ ਗਈਆਂ ਮੇਖਾਂ ਵਿੱਚੋਂ ਇੱਕ ਮੇਖ ਇਹ ਇਲਾਜ ਕਰਦੀ ਹੈ।

ਬਹੁਤ ਸਾਰੇ ਪਾਠਕਾਂ ਨੇ ਮੇਰਾ ਧਿਆਨ 12 ਅਪ੍ਰੈਲ 1976 ਦੇ ਤਾਮਿਲ ਅਖ਼ਬਾਰ 'ਮਿਠਾਰਾਂ' ਵਿੱਚ ਛਪੇ ਸ੍ਰੀ ਥਾਂਪੀਆਪਾ ਅਤੇ ਜੇ-ਫਰਨਾਂਡੋ ਦੇ ਕੁਡਾਗਾਮਾ ਦੇ ਚਮਤਕਾਰਾਂ ਬਾਰੇ ਦੋ ਲੇਖਾਂ ਵੱਲ ਦਵਾਇਆ ਹੈ। ਇਹ ਦੋਵੇਂ ਲੇਖ ਇਸ ਗੱਲ ਦਾ ਸਾਫ਼ ਸਬੂਤ ਹਨ ਕਿ ਕਿਵੇਂ ਪੜ੍ਹੇ ਲਿਖੇ ਮੂਰਖ, ਸਮਾਜ ਲਈ ਅਨਪੜ੍ਹ ਮੂਰਖਾਂ ਨਾਲੋਂ ਵੱਧ ਖਤਰਨਾਕ ਹੁੰਦੇ ਹਨ। ਅਨਪੜ੍ਹ ਪੂਰਖ ਤਾਂ ਆਪਣੇ ਮੂਰਖਤਾ ਭਰੇ ਵਿਚਾਰਾਂ ਅਤੇ ਅੰਧ ਵਿਸ਼ਵਾਸਾਂ ਨੂੰ ਲੋਕਾਂ ਵਿੱਚ ਉਸ ਵੱਡੀ ਪੱਧਰ ਤੇ ਨਹੀਂ ਫੈਲਾ ਸਕਦੇ ਜਿੰਨੀ ਵੱਡੀ ਪੱਧਰ ਤੇ ਪੜ੍ਹੇ ਲਿਖੇ ਫੈਲਾ ਸਕਦੇ ਹਨ। ਕਿਉਂਕਿ ਉਹਨਾਂ ਵਿੱਚ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਲਿਖਣ ਦੀ ਯੋਗਤਾ ਹੁੰਦੀ ਹੈ ਇਸ ਲਈ ਪੜ੍ਹੇ-ਲਿਖੇ ਮੂਰਖ ਆਪਣੇ ਅੰਧ ਵਿਸ਼ਵਾਸਾਂ ਨੂੰ ਵੱਡੀ ਪੱਧਰ ਤੇ ਫੈਲਾਉਣ ਦੇ ਵੱਧ ਯੋਗ ਹੁੰਦੇ ਹਨ।

ਇਹ ਦੋ ਆਦਮੀ ਕੁਡਾਗਾਮਾ ਦੇ ਚਮਤਕਾਰਾਂ ਬਾਰੇ ਲਿਖਕੇ ਆਪਣੀ ਮਨੁੱਖੀ ਮਨੋਵਿਗਿਆਨ ਬਾਰੇ ਅਗਿਆਨਤਾ ਦਾ ਵਿਖਾਵਾ ਕਰਦੇ ਹਨ। ਉਨ੍ਹਾਂ ਨੂੰ ਪਾਦਰੀ ਜੈਮਾਨੇ ਵਿੱਚ, ਉਸਦੀ ਅਸ਼ੀਰਵਾਦ, ਉਸਦੀ ਪ੍ਰਾਰਥਨਾ, ਉਸਦੀ ਪੂਜਾ ਅਤੇ ਉਸਦੀ ਕਹੀ ਜਾਂਦੀ ਚਮਤਕਾਰੀ ਮੇਖ ਵਿੱਚ ਚਮਤਕਾਰੀ ਸ਼ਕਤੀ ਲੱਭੀ ਹੈ। ਜੇ ਉਹਨਾਂ ਨੇ ਕਾਲੇ ਅਫਰੀਕਣਾ ਅਤੇ ਪ੍ਰਸ਼ਾਂਤ ਮਹਾਂਸਾਗਰ ਦੇ ਦੀਪਾਂ ਦੇ ਜਾਦੂ ਟੂਣੇ ਵਾਲਿਆਂ ਦੀਆਂ ਭੂਤ ਵਿੱਦਿਆ ਦੀਆਂ ਰਸਮਾਂ ਵੇਖੀਆਂ ਹੁੰਦੀਆਂ ਤਾਂ ਉਨ੍ਹਾਂ ਨੂੰ ਕੁਡਾਗਾਮਾ ਵਿਖੇ ਕੁਝ ਵੀ ਚਮਤਕਾਰੀ ਵਿਖਾਈ ਨਾ ਦਿੰਦਾ।

ਮੇਖ ਵਿੱਚ ਚਮਤਕਾਰੀ ਸ਼ਕਤੀ ਬਾਰੇ ਅੰਨ੍ਹੇ ਹੋ ਕੇ ਵਿਸ਼ਵਾਸ ਕਰਨ ਦੀ ਬਜਾਏ ਉਹਨਾਂ ਨੂੰ ਚਾਹੀਦਾ ਸੀ ਕਿ ਉਹ ਕਿਸੇ ਕੱਟੇ ਹੋਏ ਅੰਗ ਵਾਲੇ ਵਿਅਕਤੀ ਨੂੰ ਕੁਡਾਗਾਮਾ ਵਿਖੇ ਲੈ ਜਾਂਦੇ ਅਤੇ ਵੇਖਦੇ ਕਿ ਕੀ ਪਾਦਰੀ ਜੈਮਾਨੇ ਦੀ ਮੇਖ ਪੂਜਾ ਜਾਂ ਪ੍ਰਾਰਥਨਾ ਨੇ ਉਸਦੇ ਅੰਗ ਨੂੰ ਸਾਬਤਾ ਕਰ ਦਿੱਤਾ ਹੈ ਜਾਂ ਨਹੀਂ। ਸਿਰਫ ਫਿਰ ਹੀ ਉਹ ਕੁਡਾਗਾਮਾ ਦੇ ਪਾਖੰਡ ਬਾਰੇ ਜਾਣ ਸਕਣਗੇ। ਨਾ ਹੀ ਕੁਡਾਗਾਮਾ ਦਾ ਪ੍ਰਮਾਤਮਾ ਅਤੇ ਨਾ ਹੀ ਮਾਂ ਮੇਰੀ ਕੱਟੇ ਹੋਏ ਅੰਗਾਂ ਨੂੰ ਇੱਕ ਇੰਚ ਵਧਾ ਸਕਦੇ ਹਨ।

ਮੈਂ ਪਹਿਲਾਂ ਹੀ ਲਿਖ ਚੁੱਕਿਆਂ ਹਾਂ ਕਿ ਕਿਵੇਂ ਕੁਡਾਗਾਮਾ ਰੇਲਵੇ ਸਟੇਸ਼ਨ ਦੇ ਨਲਕੇ ਦੇ 'ਪਾਣੀ' ਨੇ ਮੇਰੇ ਜੱਦੀ ਘਰ ਦੇ ਨੇੜੇ ਰਹਿ ਰਹੇ ਲਾਈਲੱਗ ਹਿੰਦੂਆਂ ਦਾ ਚਮਤਕਾਰੀ ਢੰਗ ਨਾਲ ਇਲਾਜ ਕੀਤਾ ਹੈ। ਜੇ ਕਹੀ ਜਾਂਦੀ ਪਵਿੱਤਰ ਮੇਖ ਦੀ ਬਜਾਏ ਜੰਗਲ ਦਾ ਕੋਈ ਕੰਡਾ ਅੰਧਵਿਸ਼ਵਾਸੀ ਯਾਤਰੀਆਂ ਦੀ ਜਾਣਕਾਰੀ ਤੋਂ ਬਗੈਰ ਕੁਡਾਗਾਮਾ ਦੇ ਗਿਰਜੇ ਘਰ ਵਿੱਚ ਰੱਖ ਦਿੱਤਾ ਜਾਵੇ ਤਾਂ ਇਸਦਾ ਪ੍ਰਭਾਵ ਵੀ ਲਾਈਲੱਗ ਤੀਰਥ ਯਾਤਰੀਆਂ ਤੇ ਉਹੀ ਹੋਵੇਗਾ ਜੋ ਕਹੀ ਜਾਂਦੀ ਮੇਖ ਦਾ ਸੀ। ਜਿਵੇਂ ਗਊ ਦੇ ਗੋਹੇ ਨੂੰ ਜਲਾ ਕੇ ਪ੍ਰਾਪਤ ਹੋਈ ਰਾਖ ਲਾਈਲੱਗ ਹਿੰਦੂਆਂ ਦੇ ਰੋਗਾਂ ਦਾ ਇਲਾਜ ਕਰ ਦਿੰਦੀ ਹੈ, ਉਸੇ ਤਰ੍ਹਾਂ ਦਲਈਲਾਮਾ ਦੀ ਟੱਟੀ ਨੂੰ ਸੁਕਾ ਕੇ ਬਣਾਈਆਂ ਗੋਲੀਆਂ ਨੂੰ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਨ ਵਾਲੀ ਦਵਾਈ ਦੇ ਤੌਰ ਤੇ ਤਿੱਬਤ ਦੇ ਬੋਧੀਆਂ ਨੂੰ ਮਹਿੰਗੇ ਭਾਅ ਵੇਚ ਦਿੱਤਾ ਜਾਂਦਾ ਸੀ। ਇਹ ਵਿਖਾਈ ਦਿੰਦਾ ਹੈ ਕਿ ਦਲਾਈਲਾਮਾ ਦੀ ਟੱਟੀ ਦੇ ਸਾਰੇ ਚਮਤਕਾਰੀ ਗੁਣ ਉਸਦੇ ਭਾਰਤ ਵਿੱਚ ਆਉਣ ਪਿੱਛੋਂ ਖਤਮ ਹੋ ਗਏ ਹਨ। ਭਾਰਤ ਵਿੱਚ ਦਲਾਈਲਾਮਾ ਦੀ ਟੱਟੀ ਦੀ ਕੋਈ ਮੰਗ ਨਹੀਂ। ਹਿੰਦੂਆਂ ਲਈ ਗਊ ਦਾ ਗੋਹਾ ਦਲਾਈਲਾਮਾ ਦੀ ਟੱਟੀ ਨਾਲੋਂ ਪਵਿੱਤਰ ਹੈ।

ਪੰਜਾਹ ਕੁ ਸਾਲ ਪਹਿਲਾਂ ਕੇਰਲਾ ਦੇ ਕੇਨਗਾਨੂਰ ਕਸਬੇ ਦੇ ਕਾਲੀ ਦੇਵੀ ਦੇ ਮੰਦਿਰ ਦੇ ਬ੍ਰਾਹਮਣ ਪੁਜਾਰੀ ਨੂੰ ਆਪਣੇ ਵੱਡੇ ਪਰਿਵਾਰ ਦਾ ਗੁਜਾਰਾ ਕਣਨ ਲਈ ਮੁਸ਼ਕਲ ਆਉਣ ਲੱਗੀ। ਉਸਨੇ ਮੰਦਰ ਦੀ ਭੇਟਾ ਵਧਾਉਣ ਲਈ ਇੱਕ ਯੋਜਨਾ ਬਣਾਈ। ਉਸਨੇ ਕੁਝ ਸ਼ਰਧਾਲੂਆਂ ਵਿੱਚ ਇਹ ਕਹਾਣੀ ਫੈਲਾ ਦਿੱਤੀ ਕਿ ਕਾਲੀ ਦੇਵੀ ਦੀ ਮੂਰਤੀ ਨੂੰ ਹਰ ਮਹੀਨੇ ਮਹਾਂਵਾਰੀ ਆਉਣ ਲੱਗ ਪਈ ਹੈ।

ਆਪਣੀ ਪਤਨੀ ਅਤੇ ਬਾਲਗ ਧੀਆਂ ਦੀਆਂ ਮਹਾਂਵਾਰੀ ਦੀਆਂ ਖੁਸ਼ਕ ਲੀਰਾਂ ਅੰਧਵਿਸ਼ਵਾਸੀ ਹਿੰਦੂਆਂ ਨੂੰ ਮਹਿੰਗੇ ਭਾਅ ਤੇ ਵੇਚ ਕੇ ਬ੍ਰਾਹਮਣ ਅਤੇ ਉਸਦਾ ਮੰਦਰ ਅਮੀਰ ਬਣ ਗਿਆ। ਇਸ ਤਰ੍ਹਾਂ ਦੇਵੀ ਕਾਲੀ ਦੀਆਂ ਕਹੀਆਂ ਜਾਂਦੀਆਂ ਖੂਨ ਨਾਲ ਲਿਬੜੀਆਂ ਲੀਰਾਂ ਨੇ ਕਈ ਸਾਲ ਕੇਰਲਾ ਦੇ ਅੰਧਵਿਸ਼ਵਾਸੀਆਂ ਵਿੱਚ ਆਪਣੀ ਹੋਂਦ ਬਣਾਈ ਰੱਖੀ।

ਭਾਵੇਂ ਇਹ ਜੰਗਲੀ ਕੰਡਾ ਹੋਵੇ ਜਾਂ ਪਵਿੱਤਰ ਰਾਖ, ਦਲਾਈ ਲਾਮਾ ਦੀ ਟੱਟੀ, ਪਵਿੱਤਰ ਲਿੰਗ, ਤਵੀਤ, ਪੂਜਾ, ਧਾਰਮਿਕ ਯਾਤਰਾ, ਬਲੀ ਜਾਂ ਪ੍ਰਾਰਥਨਾ ਹੋਵੇ, ਸਭ ਦਾ ਪ੍ਰਭਾਵ ਅੰਧ-ਵਿਸ਼ਵਾਸੀ ਸ਼ਰਧਾਲੂਆਂ ਤੇ ਇੱਕੋ ਜਿਹਾ ਹੀ ਹੁੰਦਾ ਹੈ।

ਇਹ ਦਾਅਵਾ ਕੀਤਾ ਜਾਂਦਾ ਹੈ ਕਿ ਪਾਦਰੀ ਜੈਮਾਨੇ ਇਸਾਈ ਢੰਗ ਦੇ ਜਾਦੂ ਟੂਣੇ ਰਾਹੀਂ ਪ੍ਰੇਤ ਆਤਮਾਵਾਂ ਨੂੰ ਰੋਗੀਆਂ ਵਿੱਚੋਂ ਭਜਾਉਣ ਦੇ ਕਾਬਲ ਹੈ। ਪਾਦਰੀ ਜੈਮਾਨੇ ਅਤੇ ਇੱਕ ਪੇਂਡੂ ਕਤਾਦੀਆਂ ਵਿੱਚ ਫਰਕ ਸਿਰਫ ਉਹਨਾਂ ਦੇ ਪਹਿਰਾਵੇ ਵਿੱਚ ਹੀ ਹੈ। ਆਦਿ ਵਾਸੀਆਂ ਦੇ ਜਾਦੂ-ਟੂਣੇ ਵਾਲੇ ਕਤਾਦੀਆਂ ਇਸਾਈਆਂ ਦੇ ਪਾਦਰੀਆਂ, ਹਿੰਦੂਆਂ ਦੇ ਸਵਾਮੀਆਂ, ਮੁਸਲਮਾਨਾਂ ਦੇ ਕਾਜੀਆਂ ਅਤੇ ਬੋਧੀਆਂ ਦੇ ਭਿਕਸ਼ੂਆਂ ਦੁਆਰਾ ਵਰਤਿਆ ਜਾਂਦਾ ਢੰਗ ਹੋਰ ਕੁਝ ਵੀ ਨਹੀਂ ਸਿਰਫ ਵੱਖ-ਵੱਖ ਢੰਗਾਂ ਦਾ ਜਾਦੂ ਟੂਣਾ ਹੀ ਹੈ।

ਆਉ ਅਸੀਂ ਵੇਖੀਏ ਕਿ ਕਿਸੇ ਵਿਅਕਤੀ ਤੇ ਪ੍ਰੇਤ ਦਾ ਅਸਰ ਆਉਣਾ ਤੇ ਪ੍ਰੇਤ ਕੱਢਣ ਵਿੱਚ ਕੋਈ ਅਸਲੀ ਸੱਚਾਈ ਹੈ। ਹੁਣੇ ਹੀ ਸੰਡੇ ਅਬਜ਼ਰਵਰ ਵਿੱਚ ਇੱਕ ਲੇਖ ਦੀ ਲੜੀ ਛਪੀ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਈਸਾਈ ਕਿਤਾਦੀਏ, ਮਾਨਸਿਕ ਰੋਗਾਂ ਦੇ ਸ਼ਿਕਾਰ ਵਿਅਕਤੀਆਂ ਵਿੱਚੋਂ ਪ੍ਰੇਤਾਂ ਨੂੰ ਕੱਢਣ ਦੇ ਬਹਾਨੇ ਕਿਵੇਂ ਲੁੱਟਦੇ ਹਨ। ਇਹ ਮਾਨਸਿਕ ਰੋਗੀ, ਜਿਨ੍ਹਾਂ ਨੂੰ ਬਚਪਨ ਤੋਂ ਹੀ ਪ੍ਰੇਤਾਂ ਦੀ ਹੋਂਦ ਦੀ ਸਿੱਖਿਆ ਦਿੱਤੀ ਜਾਂਦੀ ਹੈ, ਕਾਲਪਨਿਕ ਪ੍ਰੇਤਾਂ ਦੇ ਅਸਰ ਦੇ ਭਰਮਾਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹਨਾਂ ਵਿੱਚੋਂ ਕੁਝ ਮਾਨਸਿਕ ਰੋਗੀ, ਜਿਨ੍ਹਾਂ ਦੇ ਦਿਮਾਗ ਇਸਾਈ ਪ੍ਰਚਾਰਕਾਂ ਦੁਆਰਾ ਸਾਫ ਕੀਤੇ ਹੁੰਦੇ ਹਨ, ਵੀ 'ਪਵਿੱਤਰ ਆਤਮਾਵਾਂ' ਦੇ ਅਸਰ ਦੇ ਭਰਮ ਹੇਠ ਆ ਕੇ ਵੱਖ-ਵੱਖ ਅਵਾਜਾਂ ਵਿੱਚ ਗੱਲਾਂ ਕਰਨ ਲੱਗ ਜਾਂਦੇ ਹਨ।

ਮੁੱਢਲੇ ਮਨੁੱਖ ਦਾ ਧਰਮ, ਜਦੋਂ ਉਹ ਜੰਗਲੀ ਸੀ ਸਰਵਚੇਤਨਾਵਾਦ ਸੀ। ਸਰਵਚੇਤਨਾਵਾਦੀਆਂ ਨੂੰ ਵਿਸ਼ਵਾਸ ਸੀ ਕਿ ਸਾਰੀਆਂ ਸੰਜੀਵ ਅਤੇ ਨਿਰਜੀਵ ਵਸਤੂਆਂ ਦੇ ਆਤਮਾਵਾਂ ਹੁੰਦੀਆਂ ਹਨ। ਇਸ ਤਰ੍ਹਾਂ ਉਸ ਨੇ ਨਿਰਜੀਵ ਵਸਤੂਆਂ ਪਹਾੜਾਂ, ਦਰਿਆਵਾਂ, ਸਮੁੰਦਰਾਂ, ਮੂਰਤੀਆਂ, ਸੂਰਜ ਅਤੇ ਚੰਦ ਦੀ ਪੂਜਾ ਸ਼ੁਰੂ ਕੀਤੀ। ਅੱਜ ਵੀ ਕੁਝ ਪਛੜੇ ਲੋਕ ਬੇਜਾਨ ਚੀਜ਼ਾਂ ਨੂੰ ਪੂਜਦੇ ਹਨ। ਜਦੋਂ ਕਿ ਦੂਸਰਿਆਂ ਨੇ ਆਪਣੀ ਜੰਗਲੀ ਹਾਲਤ ਤੋਂ ਕੁਝ ਤਰੱਕੀ ਕਰਕੇ ਬਹੁਤ ਸਾਰੇ ਧਰਮ ਅਤੇ ਦੇਵਤੇ ਪੈਦਾ ਕਰ ਲਏ ਹਨ। ਇਨ੍ਹਾਂ ਦੇਵਤਿਆਂ ਅਤੇ ਧਰਮਾਂ ਵਿੱਚੋਂ ਬਹੁਤੇ ਹੁਣ ਲੁਪਤ ਹੋ ਗਏ ਹਨ। ਬਹੁਤ ਸਾਰੇ ਪੱਛਮੀ ਸ਼ਹਿਰਾਂ, ਪੈਰਸ, ਲੰਡਨ,ਰੋਮ, ਕਾਹਿਰਾ ਅਤੇ ਸਕੰਦਰੀਆ ਦੇ ਅਜਾਇਬ ਘਰਾਂ ਵਿੱਚ ਮਿਸਰ, ਰੋਮ, ਯੂਨਾਨ, ਚੀਨ, ਅਸੀਰੀਆ, ਮੈਕਸੀਕੋ, ਪਰਸ਼ੀਆ, ਮੈਸੋਪਟਾਮੀਆ ਅਤੇ ਚਾਲਡੀਆ ਦੇ ਲੁਪਤ ਹੋ ਚੁੱਕੇ ਦੇਵਤਿਆਂ ਦੀ ਤਰ੍ਹਾਂ ਅੱਜ ਦੇ ਯੁੱਗ ਦੇ ਦੇਵਤਿਆਂ ਨੇ ਜਰੂਰ ਹੀ ਭਵਿੱਖ ਦੇ ਮਨੁੱਖੀ ਅਜਾਇਬ ਘਰਾਂ ਤੱਕ ਹੀ ਸਿਮਤ ਹੋ ਕੇ ਖਤਮ ਹੋਣਾ ਹੈ।

ਸਰਵਚੇਤਨਵਾਦੀ ਧਰਮਾਂ ਵਿੱਚੋਂ ਬਹੁਤਿਆਂ ਦਾ ਵਿਚਾਰ ਸੀ ਨਿਰਜੀਵ ਚੀਜਾਂ ਦੇ ਵੀ ਆਤਮਾ ਹੁੰਦੀ ਹੈ। ਹਿੰਦੂ ਧਰਮ ਜਿਹੜਾ ਕਿ ਬਚ ਰਹੇ ਧਰਮਾਂ ਵਿੱਚੋਂ ਸਭ ਤੋਂ ਪੁਰਾਣਾ ਹੈ, ਦੇ ਅਨੁਸਾਰ ਸਾਰੀਆਂ ਜਿਉਂਦੀਆਂ ਚੀਜਾਂ ਦੇ ਆਤਮਾ ਹੁੰਦੀ ਹੈ ਜੋ ਅਮਰ ਹੁੰਦੀ ਹੈ। ਇਸਲਾਮ, ਇਸਾਈ ਅਤੇ ਯਹੂਦੀ ਮੱਤ ਜਿਹੜੇ ਮੱਧ ਪੂਰਬ ਵਿੱਚ ਪੈਦਾ ਹੋਏ, ਦੇ ਅਨੁਸਾਰ ਸਿਰਫ ਮਨੁੱਖ ਦੇ ਅਮਰ ਆਤਮਾ ਹੁੰਦੀ ਹੈ ਅਤੇ ਹੋਰ ਸੰਜੀਵਾਂ ਵਿੱਚ ਨਹੀਂ ਹੁੰਦੀ। ਅੱਜ ਤੋਂ 2500 ਸਾਲ ਪਹਿਲਾਂ ਭਾਰਤ ਵਿੱਚ ਇੱਕ ਮਹਾਨ ਸਮਾਜਿਕ ਅਤੇ ਧਾਰਮਿਕ ਵਿਅਕਤੀ ਮਹਾਤਮਾ ਬੱਧ ਪੈਦਾ ਹੋਇਆ, ਜਿਸ ਨੇ ਹਿੰਦੂ ਧਰਮ ਦੇ ਵਿਰੁੱਧ ਬਗਾਵਤ ਕੀਤੀ। ਉਸ ਦੇ ਅਨੁਸਾਰ ਮਨੁੱਖ ਵਿੱਚ ਵੀ ਆਤਮਾ ਨਹੀਂ ਹੁੰਦੀ। ਇਹ ਵਿਚਾਰ ਅੱਜ ਦੇ ਵਿਗਿਆਨ ਨਾਲ ਬਿਲਕੁਲ ਮੇਲ ਖਾਂਦਾ ਹੈ। ਇਹ ਅਜੀਬ ਗੱਲ ਹੈ ਕਿ ਕੁਝ ਬੋਧੀ ਇਸ ਕਰਕੇ ਪੁਨਰ-ਜਨਮ ਵਿੱਚ ਵਿਸ਼ਵਾਸ ਰੱਖਦੇ ਹਨ। ਕਿਉਂਕਿ ਇਹ ਗੱਲਾਂ ਉਹਨਾਂ ਦੀਆਂ ਧਾਰਮਿਕ ਕਿਤਾਬਾਂ ਵਿੱਚ ਲਿਖੀਆਂ ਹੋਈਆਂ ਹਨ ਜਿਹੜੇ ਕਿ ਮਹਾਤਮਾ ਬੁੱਧ ਦੇ ਹਿੰਦੂ ਚੇਲਿਆਂ ਦੁਆਰਾ ਲਿਖੀਆਂ ਗਈਆਂ। ਭਾਵੇਂ ਮਹਾਤਮਾ ਬੁੱਧ ਨਾਸਤਿਕ ਸੀ, ਜਿਹੜਾ ਰਚਨਹਾਰੇ ਰੱਬ ਵਿੱਚ ਵੀ ਵਿਸ਼ਵਾਸ ਨਹੀਂ ਸੀ ਰੱਖਦਾ ਪਰ ਉਸਦੇ ਅਖੌਤੀ ਚੇਲਿਆਂ ਨੇ ਦੇਵਤੇ, ਸ਼ੈਤਾਨਾਂ, ਦੇਵਲੋਕ ਅਤੇ ਸ਼ੈਤਾਨ ਲੋਕਾਂ ਦੀ ਹੋਂਦ ਬਾਰੇ ਲਿਖਿਆ ਹੈ। ਕੀ ਇਹ ਮਹਾਤਮਾ ਬੁੱਧ ਦੇ ਉਨ੍ਹਾਂ ਅਖੌਤੀ ਚੇਲਿਆਂ ਦੀਆਂ ਸਰਗਰਮੀਆਂ ਹੀ ਨਹੀਂ ਜਿਹੜੀਆਂ ਕਿ ਬੁੱਧ ਦੇ ਦੇਸ਼ ਵਿੱਚੋਂ ਹੀ ਬੁੱਧ ਧਰਮ ਨੂੰ ਖਤਮ ਕਰਨ ਦੀਆਂ ਜ਼ੁੰਮੇਵਾਰ ਹਨ ?

ਆਉ ਅਸੀ ਵੇਖੀਏ ਕਿ ਕੀ ਕਿਸੇ ਜੀਵ ਦੀ ਮੌਤ ਤੋਂ ਬਾਅਦ ਬਚ ਕੇ ਆਤਮਾ ਬਣਨ ਵਾਲੀ ਚੀਜ ਹੈ ਜਾਂ ਨਹੀਂ। ਇਸ ਨੂੰ ਸਮਝਣ ਲਈ ਜੀਵਾਂ ਦੀ ਉੱਤਪਤੀ ਅਤੇ ਸੁਭਾਅ ਬਾਰੇ ਪੂਰਨ ਵਿਗਿਆਨਿਕ ਜਾਣਕਾਰੀ ਦਾ ਹੋਣਾ ਜਰੂਰੀ ਹੈ। ਸਾਡੇ ਵਿੱਚੋਂ ਬਹੁਤਿਆਂ ਦੇ ਦਿਮਾਗਾਂ ਵਿੱਚੋਂ ਬਚਪਨ ਤੋਂ ਹੀ ਗ੍ਰੰਥਾਂ ਵਿਚਲੀਆਂ ਪਰੀ ਕਹਾਣੀਆਂ ਸੁਣਾ ਕੇ ਝੂਠੇ ਵਿਸ਼ਵਾਸ ਭਰ ਦਿਤੇ ਜਾਂਦੇ ਹਨ। ਮੱਧ ਪੂਰਬ ਦੇ ਤਿੰਨ ਧਰਮਾਂ, ਯਹੂਦੀ, ਇਸਲਾਮ ਅਤੇ ਇਸਾਈ ਮੱਤ ਅਨੁਸਾਰ ਰੱਬ ਨੇ ਧਰਤੀ ਅਤੇ ਉਸ ਤੇ ਹਰਿਆਲੀ ਪੈਦਾ ਕਰਨ ਤੋਂ ਬਾਅਦ ਸੂਰਜ, ਚੰਦ ਅਤੇ ਤਾਰੇ ਪੈਦਾ ਕੀਤੇ, ਇਹ ਤਾਰਾ ਵਿਗਿਆਨ ਅਤੇ ਬਨਸਪਤੀ ਵਿਗਿਆਨ ਅਨੁਸਾਰ ਗਲਤ ਧਾਰਨਾ ਹੈ। ਕਿਹਾ ਜਾਂਦਾ ਹੈ ਕਿ ਰੱਬ ਨੇ ਜਦੋਂ ਬਾਬਾ ਆਦਮ ਨੂੰ ਬਣਾਇਆ ਤਾਂ ਉਹ ਔਰਤ ਨੂੰ ਬਨਾਉਣਾ ਭੁੱਲ ਗਿਆ। ਪਹਿਲੀ ਔਰਤ ਨੂੰ ਉਸ ਸਮੇਂ ਪੈਦਾ ਕੀਤਾ ਗਿਆ ਜਦੋਂ ਆਦਮ ਨੇ ਸ਼ਿਕਾਇਤ ਕੀਤੀ ਕਿ ਉਸ ਪਾਸ ਪਤਨੀ ਨਹੀਂ ਹੈ। ਕਿਸੇ ਹੋਰ ਧਰਮ ਦੇ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਧਰਤੀ ਵੱਡੇ ਕੱਛੂ ਦੇ ਸਹਾਰੇ ਅਤੇ ਕੱਛੂ ਵੱਡੇ ਸੱਪ ਦੇ ਸਹਾਰੇ ਖੜਾ ਹੈ। ਇਸ ਗ੍ਰੰਥ ਦੇ ਲੇਖਕ ਨੂੰ

ਇਹ ਵੀ ਅਕਲ ਨਹੀਂ ਸੀ ਕਿ ਉਹ ਸੱਪ ਨੂੰ ਵੀ ਕਿਸੇ ਸਹਾਰੇ ਖੜਾ ਕਰ ਦਿੰਦਾ। ਇਕ ਹੋਰ ਗ੍ਰੰਥ ਅਨੁਸਾਰ ਧਰਤੀ ਕੱਛੂ ਦੇ ਸਹਾਰੇ ਹੀ ਖੜੀ ਹੈ।

ਧਾਰਮਿਕ ਗ੍ਰੰਥ ਦੇ ਲੇਖਕਾਂ ਨੂੰ ਬ੍ਰਹਿਮੰਡ ਦੀ ਅਸਲੀ ਹਾਲਤ ਬਾਰੇ ਕੋਈ ਗਿਆਨ ਨਹੀਂ ਹੈ। ਉਹ ਧਰਤੀ ਨੂੰ ਚਪਟੀ ਅਤੇ ਬ੍ਰਹਿਮੰਡ ਦਾ ਕੇਂਦਰ ਸਮਝਦੇ ਸਨ। ਧਰਤੀ ਗੋਲ ਹੈ, ਕਹਿਣ ਵਾਲੇ ਪਹਿਲੇ ਆਦਮੀ ਬਰੂਨੋ ਨੂੰ ਰੋਮਨ ਕੈਥੋਲਕ ਚਰਚ ਵਾਲਿਆਂ ਨੇ ਜਿਉਂਦੇ ਨੂੰ ਹੀ ਜਲਾ ਦਿੱਤਾ ਸੀ। ਗਲੈਲੀਉ ਨੂੰ ਇਸ ਲਈ ਜੇਲ੍ਹ ਭੇਜ ਦਿੱਤਾ ਸੀ ਕਿਉਂਕਿ ਉਸਨੇ ਬਾਈਬਲ ਦੇ ਵਿਚਾਰ ਕਿ ਧਰਤੀ ਖੜੀ ਹੈ ਦੇ ਉਲਟ ਕਿਹਾ ਸੀ ਕਿ ਇਹ ਸੂਰਜ ਦੁਆਲੇ ਘੁੰਮਦੀ ਹੈ। ਸਾਡੀ ਅੱਜ ਦੀ ਬ੍ਰਹਿਮੰਡ ਬਾਰੇ ਜਾਣਕਾਰੀ ਤਾਰਾ ਵਿਗਿਆਨੀਆਂ ਦੀ ਵਿਗਿਆਨਿਕ ਖੋਜ ਕਰਕੇ ਹੈ ਨਾ ਕਿ ਇਹ ਸਾਨੂੰ ਕਿਸੇ ਧਾਰਮਿਕ ਗਰੰਥ ਵਿੱਚੋਂ ਪ੍ਰਾਪਤ ਹੋਈ ਹੈ।

ਤਾਰਾ ਵਿਗਿਆਨੀਆਂ ਦੇ ਅੰਦਾਜੇ ਅਨੁਸਾਰ ਧਰਤੀ ਦੂਸਰੇ ਸੂਰਜੀ ਗ੍ਰਹਿਆਂ ਦੀ ਤਰ੍ਹਾਂ ਅੱਜ ਤੋਂ ਚਾਲੀ ਖਰਬ ਸਾਲ ਪਹਿਲਾਂ ਖਲਾਅ ਵਿੱਚ ਮਾਦੇ ਦੇ ਇਕੱਠੇ ਹੋਣ ਕਰਕੇ ਬਣੀ ਹੈ ਜਦੋਂ ਧਰਤੀ ਤੇ ਤਾਪਮਾਨ ਅਤੇ ਵਾਯੂਮੰਡਲ ਦੇ ਦਬਾਉ ਦੀਆਂ ਹਾਲਤਾਂ ਕੁਝ ਯੋਗ ਹੋਈਆਂ ਤਾਂ ਰਸਾਇਣਿਕ ਕ੍ਰਿਆ ਦੇ ਸਿੱਟੇ ਵਜੋਂ ਜੀਵਨ ਸ਼ੁਰੂ ਹੋਇਆ। ਜਵਾਲਾਮੁਖੀ ਪਹਾੜਾਂ ਅਤੇ ਸੂਰਜੀ ਊਰਜਾ ਦੇ ਪ੍ਰਭਾਵ ਕਾਰਨ ਜੀਉਣ ਯੋਗ ਮਾਦੇ ਦੇ ਅਣੂ ਮੀਥੇਨ, ਅਮੋਨੀਆ ਅਤੇ ਪਾਣੀ ਤੋਂ ਰਸਾਇਣਿਕ ਕ੍ਰਿਆ ਰਾਹੀਂ ਬਣੇ। ਨੋਬਲ ਇਨਾਮ ਜੇਤੂ ਡਾ. ਹਰਗੋਬਿੰਦ ਖੁਰਾਨਾ ਅਤੇ ਡਾ. ਸਾਈਰਿਲ ਪੁਨਮਪਿਰੁਮਾ ਨੇ ਧਰਤੀ ਦੇ ਮੁਢਲੀ ਵਾਯੂਮੰਡਲੀ ਹਾਲਤਾਂ ਤਿਆਰ ਕਰਕੇ ਨਕਲੀ ਢੰਗ ਨਾਲ ਜੀਵਾਂ ਦੀ ਮੁਢਲੀ ਇਕਾਈ ਜੀਊਣ ਯੋਗ ਮਾਦੇ ਨੂੰ ਆਪਣੀ ਪ੍ਰਯੋਗਸ਼ਾਲਾ ਵਿੱਚ ਤਿਆਰ ਕਰ ਲਿਆ ਹੈ। ਇਨ੍ਹਾਂ ਮੁਢਲੀਆਂ ਇਕਾਈਆਂ ਨੇ ਕੁਝ ਸਮੇਂ ਬਾਅਦ ਊਰਜਾ ਲੈਣ ਵਾਲੇ ਅਤੇ ਪੈਦਾ ਕਰਨ ਦਾ ਢੰਗ ਆਕਸੀਕਰਣ ਰਾਹੀਂ ਸਿੱਖ ਲਿਆ, ਜਿਸ ਨੂੰ ਬਾਅਦ ਵਿੱਚ ਸਾਹ ਕ੍ਰਿਆ ਕਹਿਣ ਲੱਗ ਪਏ। ਸਾਹ ਲੈਣ ਵਾਲੇ ਜੀਵਾਂ ਦੁਆਰਾ ਪੈਦਾ ਹੋਈ ਇਸੇ ਊਰਜਾ ਨੂੰ ਅਸੀਂ ਜ਼ਿੰਦਗੀ ਕਹਿੰਦੇ ਹਾਂ। ਜਿਊਣ ਯੋਗ ਮਾਦਾ ਇੱਕ ਸਜੀਵ ਵਸਤੂ ਬਣ ਜਾਂਦਾ ਹੈ ਜਦੋਂ ਇਹ ਸਾਹ ਕ੍ਰਿਆ ਰਾਹੀਂ ਉਰਜਾ ਪੈਦਾ ਕਰਨ ਲੱਗ ਪੈਂਦਾ ਹੈ।

ਇਸ ਜਿਊਣ ਯੋਗ ਮਾਦੇ ਤੋਂ ਪਹਿਲਾਂ ਇੱਕ ਸੈਲੇ ਜੀਵ ਪੈਦਾ ਹੋਏ। ਇਸ ਤੋਂ ਬਾਅਦ ਲੱਖਾਂ ਹੀ ਸਾਲਾਂ ਦੇ ਜੀਵ ਵਿਕਾਸ ਦੌਰਾਨ ਮੌਜੂਦਾ ਪੌਦੇ ਤੇ ਪ੍ਰਾਣੀ ਪੈਦਾ ਹੋਏ। ਤਾਰਾ ਭੌਤਿਕ ਵਿਗਿਆਨੀ ਹਾਰਲੇ ਸ਼ਾਪਲੀ ਅਨੁਸਾਰ ਬ੍ਰਹਿਮੰਡ ਵਿੱਚ ਲੱਖਾਂ ਹੀ ਗ੍ਰਹਿ ਹਨ।ਜਿੱਥੇ ਜੀਵਨ ਹੋ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਕੁਝ ਗ੍ਰਹਿਆਂ ਤੇ ਅਜਿਹੇ ਜੀਵ ਹੋਣ ਜੋ ਆਦਮੀ ਨਾਲੋਂ ਵੱਧ ਵਿਕਸਤ ਅਤੇ ਬੁੱਧੀਮਾਨ ਹੋਣ। ਉਹ ਇਹ ਇਸ ਲਈ ਕਹਿੰਦਾ ਹੈ, ਕਿਉਂਕਿ ਬ੍ਰਹਿਮੰਡ ਵਿੱਚ ਕੁਝ ਗ੍ਰਹਿ ਅਜਿਹੇ ਹੋ ਸਕਦੇ ਹਨ ਜਿਥੇ ਜੀਵਨ ਅਤੇ ਵਿਕਾਸ ਲਈ ਢੁਕਵੀਆਂ ਭੌਤਿਕ ਹਾਲਤਾਂ ਹੋਣ।

ਕੁਝ ਤਾਰਾ ਭੌਤਿਕ ਵਿਗਿਆਨੀਆਂ ਦਾ ਵਿਚਾਰ ਹੈ ਕਿ ਜਿਊਣ ਯੋਗ ਮਾਦੇ ਦੇ ਅਣੂ ਧਰਤੀ ਤੇ ਤਾਰਿਆਂ ਦੇ ਟੁੱਟਣ ਕਰਕੇ ਜਾਂ ਬੋਦੀਵਾਲੇ ਤਾਰੇ ਰਾਹੀਂ ਆ ਗਏ ਹੋਣਗੇ।

ਕਿਉਂਕਿ ਚੰਦ ਉੱਤੇ ਜਿਉਂਦੇ ਰਹਿਣ ਲਈ ਲੋੜੀਂਦੀਆਂ ਹਾਲਤਾਂ ਨਹੀਂ ਹਨ, ਇਸ ਲਈ ਉਹ ਪੁਲਾੜ ਯਾਤਰੀਆਂ ਨੂੰ ਜਿਹੜੇ ਚੰਦ ਤੇ ਗਏ ਆਪਣੇ ਨਾਲ ਜੀਵਨ ਲਈ ਲੋੜੀਂਦੀਆਂ ਤਿੰਨ ਚੀਜਾਂ ਲੈ ਜਾਣੀਆਂ ਪਈਆਂ। ਇਹ ਤਿੰਨ ਚੀਜਾਂ ਹਨ।

1) ਜਿਉਣ ਯੋਗ ਮਾਦਾ। 2) ਪਾਣੀ ਅਤੇ ਭੋਜਨ ਖਾਣੇ ਦੇ ਰੂਪ ਵਿੱਚ। 3) ਆਕਸੀਜਨ

ਤਿੰਨਾਂ ਵਿੱਚੋਂ ਪਹਿਲੇ ਨੂੰ ਉਹ ਆਪਣੇ ਸਰੀਰਾਂ ਵਿੱਚ ਅਤੇ ਦੂਜਿਆਂ ਨੂੰ ਬਰਤਨਾਂ ਵਿੱਚ ਲੈ ਕੇ ਗਏ। ਜੇ ਉਹਨਾਂ ਕੋਲ ਇਹਨਾਂ ਤਿੰਨਾਂ ਜੀਵਨ ਦੇਣ ਵਾਲੀਆਂ ਵਸਤੂਆਂ ਵਿੱਚੋਂ ਕਿਸੇ ਇੱਕ ਦੀ ਵੀ ਘਾਟ ਹੋ ਜਾਂਦੀ ਤਾਂ ਉਹ ਧਰਤੀ ਤੇ ਜਿਉਂਦੇ ਵਾਪਸ ਨਹੀਂ ਆ ਸਕਦੇ ਹਨ।

ਜ਼ਿੰਦਗੀ ਕੁਝ ਵੀ ਨਹੀਂ ਹੈ ਪ੍ਰੰਤੂ ਇਹ ਸਜੀਵਾਂ ਦੇ ਸੈੱਲ ਵਿੱਚ ਪਾਏ ਜਾਂਦੇ ਖਾਣ ਪਦਾਰਥਾਂ, ਚਰਬੀ, ਪ੍ਰੋਟੀਨ ਅਤੇ ਗੁਲੂਕੋਜ ਦੀ ਆਕਸੀਕਰਣ ਕ੍ਰਿਆ ਰਾਹੀਂ ਪੈਦਾ ਹੋਣ ਵਾਲੀ ਊਰਜਾ ਦੀ ਕਿਸਮ ਹੀ ਹੈ। ਇਹ ਸੈੱਲਾਂ ਵਿੱਚ ਹੋ ਰਹੀ ਰਸਾਇਣਿਕ ਕ੍ਰਿਆ ਕਰਕੇ ਪੈਦਾ ਹੁੰਦੀ ਹੈ। ਇਹ ਜੀਵਨ ਦੇਣ ਯੋਗ ਸਾਹ ਕ੍ਰਿਆ ਕਿਸੇ ਵੀ ਢੰਗ ਨਾਲ ਮੋਮਬੱਤੀ ਵਰਗੇ ਬਾਲਣ ਤੋਂ ਭਿੰਨ ਨਹੀਂ ਹੈ। ਦੋਹਾਂ ਵਿੱਚ ਫਰਕ ਸਿਰਫ ਰਸਾਇਣਿਕ ਕ੍ਰਿਆ ਦੀ ਗਤੀ ਹੀ ਹੈ। ਜੇ ਕਿਸੇ ਜੀਵ ਦੇ ਸਰੀਰ ਵਿੱਚ ਵੀ ਆਕਸੀਕਰਣ ਕ੍ਰਿਆ ਵਸਤੂ ਦੇ ਬਲਣ ਜਿੰਨੀ ਤੇਜ ਹੋ ਜਾਵੇ ਤਾਂ ਇਸ ਤਰ੍ਹਾਂ ਪੈਦਾ ਹੋਇਆ ਉੱਚਾ ਤਾਪਮਾਨ ਸਜੀਵ ਨੂੰ ਨਸ਼ਟ ਕਰ ਦੇਵੇਗਾ।

ਜਿੰਨਾ ਚਿਰ ਮੋਮਬੱਤੀ ਵਿਚਲਾ ਪਦਾਰਥ ਅਪਘਟਤ ਨਹੀਂ ਹੋ ਜਾਂਦਾ। ਇਸ ਨੂੰ ਬਹੁਤ ਵਾਰ ਜਗਾਇਆ ਜਾ ਸਕਦਾ ਹੈ। ਇਸ ਤਰ੍ਹਾਂ ਜਿੰਨਾਂ ਚਿਰ ਸਜੀਵਾਂ ਦੇ ਸਰੀਰ ਵਿਚਲਾ ਪ੍ਰੋਟੋਪਲਾਜਮ (ਜੀਵ ਰਸ) ਅਪਘਟਤ ਨਹੀਂ ਹੁੰਦਾ ਸਰੀਰ ਨੂੰ ਕਈ ਵਾਰ ਬਣਾਉਟੀ ਢੰਗ ਨਾਲ ਜਿਉਂਦਾ ਕੀਤਾ ਜਾ ਸਕਦਾ ਹੈ। 1963 ਵਿੱਚ ਅਮਰੀਕਨ ਫਿਲਮੀ ਕਲਾਕਾਰ ਪੀਟਰ ਸੈਲਰਜ਼ ਦੀ ਮੌਤ

ਸੱਤ ਵਾਰ ਹੋਈ ਅਤੇ ਹਰ ਵਾਰ ਉਸਨੂੰ ਇਲੈਕਟਰਾਨਿਕਸ ਪੇਸ ਮੇਕਰ ਨਾਲ ਜਿਉਂਦਾ ਕਰ ਲਿਆ ਗਿਆ ਸੀ। ਸੱਤਵੀਂ ਵਾਰ ਜਿਉਂਦੇ ਹੋਣ ਤੋਂ ਬਾਅਦ ਪੀਟਰ ਸੈਲਰ ਨੇ ਕਈ ਫਿਲਮਾਂ ਬਣਾਈਆਂ ਅਤੇ ਦੋ ਹੋਰ ਬੱਚਿਆਂ ਦਾ ਬਾਪ ਬਣਿਆ। ਜਦੋਂ ਅਸੀਂ ਮੋਮਬੱਤੀ ਨੂੰ ਜਗਾਉਂਦੇ ਹਾਂ ਤਾਂ ਅਸੀਂ ਇਹ ਨਹੀਂ ਕਹਿੰਦੇ ਕਿ ਇਸਦੀ ਪਹਿਲੀ ਲਾਟ ਹੀ ਮੁੜ ਆਈ ਹੈ। ਇਸ ਤਰ੍ਹਾਂ ਇਹ ਕਹਿਣਾ ਵੀ ਗਲਤ ਹੈ ਪੀਟਰ ਸੈਲਰ ਦੀ ਹਰ ਮੌਤ ਤੋਂ ਬਾਅਦ ਉਸ ਵਿੱਚ ਉਹੀ ਜ਼ਿੰਦਗੀ ਵਾਪਸ ਆ ਗਈ ਹੈ।

24 ਅਪ੍ਰੈਲ 1978 ਨੂੰ ਵੇਸਲੇ ਕਾਲਜ ਦਾ ਇੱਕ ਵਿਦਿਆਰਥੀ ਅਰੋੜੀ ਸੀ. ਪਾਲ ਨੂੰ ਗੁਸਲਖਾਨੇ ਵਿੱਚ ਡਿੱਗ ਪੈਣ ਕਾਰਨ ਜਨਰਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਦਿਮਾਗੀ ਮਾਹਰ ਡਾਕਟਰ ਦੇ ਅਨੁਸਾਰ ਇਹ ਦਿਮਾਗ ਦੀ ਨਾੜੀ ਫਟ ਜਾਣ ਕਾਰਣ ਸੀ। ਦਿਮਾਗ ਦੀ ਮੌਤ ਨਾਲ ਅਰੋੜੀ ਦੀ ਮੌਤ ਹੋ ਗਈ ਅਤੇ ਉਸਨੇ ਆਪਣੇ ਫੇਫੜਿਆਂ ਅਤੇ ਦਿਲ ਨੂੰ ਧੜਕਣ ਦੇਣੀ ਬੰਦ ਕਰ ਦਿੱਤੀ ਸੀ। ਡਾਕਟਰਾਂ ਨੇ ਬਣਾਉਟੀ ਸਾਹ ਕ੍ਰਿਆ ਰਾਹੀਂ ਅਤੇ ਦਿਲ ਨੂੰ ਧੜਕਣ ਦੇ ਕੇ ਉਸਨੂੰ ਚਾਲੂ ਕਰ ਲਿਆ ਸੀ। ਅਰੋੜੀ ਨੂੰ ਦੋ ਦਿਨ ਤੱਕ ਨਕਲੀ ਸਾਹ ਕ੍ਰਿਆ ਅਤੇ ਗੁਲੂਕੋਜ਼ ਲਾ ਕੇ ਰੱਖਿਆ ਗਿਆ ਭਾਵੇਂ ਉਹ ਬੇਹੋਸ਼ੀ ਦੀ ਹਾਲਤ ਵਿੱਚ ਸੀ।

ਕੀ ਅਰੋੜੀ ਦੀ ਅਖੌਤੀ ਆਤਮਾ ਉਸ ਵੇਲੇ ਮੁੜ ਵਾਪਸ ਆ ਗਈ ਸੀ। ਜਦੋਂ ਡਾਕਟਰ ਨੇ ਸਾਹ ਦੇਣ ਵਾਲਾ ਯੰਤਰ ਚਾਲੂ ਕੀਤਾ ਸੀ ? ਕੀ ਅਰੋੜੀ ਦਾ ਪੁਨਰ ਜਨਮ ਦੋ ਵਾਰ ਹੋਇਆ, ਪਹਿਲਾਂ ਜਦੋਂ ਉਹ 24 ਦੀ ਸਵੇਰ ਨੂੰ ਮਰਿਆ, ਦੂਜਾ ਜਦੋਂ ਉਹ 26 ਦੀ ਸ਼ਾਮ ਨੂੰ ਮਰਿਆ ? ਜਿਵੇਂ ਜ਼ਿੰਦਗੀ ਬਚਾਉਣ ਦੇ ਸਾਰੇ ਕੇਸਾਂ ਵਿੱਚ ਹੁੰਦਾ ਹੈ। ਇਹ ਅਰੋੜੀ ਦੀ ਜਾਨ ਨਹੀਂ ਸੀ, ਜਿਹੜੀ ਉਸ ਨੂੰ ਜਿਉਂਦਾ ਕਰਨ ਦੀਆਂ ਕੋਸ਼ਿਸ਼ਾਂ ਸਮੇਂ ਮੁੜ ਉਸ ਵਿੱਚ ਆ ਗਈ ਸੀ ਪਰੰਤੂ ਇਹ ਤਾਂ ਸਿਰਫ ਮੁਰਦੇ ਸਰੀਰ ਦੁਆਰਾ ਅਪਘਟਿਤ ਹੋਣ ਤੋਂ ਪਹਿਲਾਂ ਸਾਹ ਕ੍ਰਿਆ ਰਾਹੀਂ ਉਰਜਾ ਪੈਦਾ ਕਰਨ ਦੀ ਹੀ ਕਿਸਮ ਸੀ। ਉਹ ਜਿਉਂਦਾ ਰਿਹਾ ਕਿਉਂਕਿ ਸਾਹ ਕ੍ਰਿਆ ਦੇਣ ਵਾਲਾ ਯੰਤਰ ਉਸਦੇ ਸਰੀਰ ਦੇ ਅਪਘਟਿਤ ਹੋਣ ਤੋਂ ਪਹਿਲਾਂ ਪਹਿਲਾਂ ਜੋੜ ਦਿਤਾ ਗਿਆ ਸੀ।

**ਦਿਮਾਗ**

ਸਰੀਰ ਅਤੇ ਜਾਨ ਤੋਂ ਇਲਾਵਾ, ਕੁਝ ਜੀਵਾਂ ਵਿੱਚ ਇੱਕ ਤੀਸਰੀ ਵਸਤੂ ਹੁੰਦੀ ਹੈ ਜਿਸਨੂੰ ਦਿਮਾਗ ਕਿਹਾ ਜਾਂਦਾ ਹੈ। ਇਹ ਸੱਚਾਈ ਹੈ ਕਿ ਦਿਮਾਗ ਅਤੇ ਜਾਨ ਦੋ ਵੱਖ-ਵੱਖ ਵਸਤੂਆਂ ਹਨ ਅਤੇ ਸਰੀਰ ਦੇ ਵੱਖ-ਵੱਖ ਸੈੱਲਾਂ ਵਿੱਚ ਵੱਖ-ਵੱਖ ਕਿਸਮ ਦੀਆਂ ਰਸਾਇਣਿਕ ਕਿਰਿਆਵਾਂ ਪੈਦਾ ਹੁੰਦੀਆਂ ਹਨ। ਇਹ ਸੱਚਾਈ ਥਾਂਪੀਆਪਾ ਅਤੇ ਜੇ ਫਰਨਾਂਡੋ ਵਰਗੇ ਆਦਮੀ ਨਹੀਂ ਜਾਣਦੇ। ਜਦੋਂ ਕਿ ਹਰ ਜੀਵ ਵਿੱਚ ਜਾਨ ਹੁੰਦੀ ਹੈ, ਪ੍ਰੰਤੂ ਦਿਮਾਗ ਸਿਰਫ ਉਹਨਾਂ ਜੀਵਾਂ ਵਿੱਚ ਹੀ ਹੁੰਦਾ ਹੈ ਜਿਨ੍ਹਾਂ ਵਿੱਚ ਇੱਕ ਖਾਸ ਕਿਸਮ ਦੇ ਸੈੱਲ, ਜਿਨ੍ਹਾਂ ਨੂੰ ਨਿਊਰੋਨਜ਼ ਕਿਹਾ ਜਾਂਦਾ ਹੈ, ਹੁੰਦੇ ਹਨ। ਇਹ ਸੈੱਲ ਉੱਚ ਸ਼ਰੇਣੀ ਦੇ ਜੀਵਾਂ ਵਿੱਚ ਹੁੰਦੇ ਹਨ ਜਦੋਂ ਕਿ ਸਭ ਸਜੀਵ ਵਸਤੂਆਂ ਵਿੱਚ ਜਾਨ ਦੀ ਕਿਸਮ ਇੱਕੋ ਜਿਹੀ ਹੁੰਦੀ ਹੈ, ਭਾਵੇਂ ਉਹ ਦਰੱਖਤ ਹੋਵੇ ਜਾਂ ਮਨੁੱਖ, ਪਰੰਤੂ ਦਿਮਾਗ ਦੀ ਕਿਸਮ ਅਤੇ ਉਹਨਾਂ ਦੀ ਦਿਮਾਗੀ ਪ੍ਰਣਾਲੀ ਜੀਵ ਵਿਕਾਸ ਉੱਪਰ ਨਿਰਭਰ ਕਰਦੀ ਹੈ।

ਇੱਕ ਆਲੂ, ਆਂਡੇ, ਦਰੱਖਤ ਅਤੇ ਬੈਕਟੀਰੀਆਂ ਵਿੱਚ ਜਾਨ ਹੁੰਦੀ ਹੈ। ਪਰ ਕੋਈ ਦਿਮਾਗ ਨਹੀਂ ਹੁੰਦਾ, ਪ੍ਰੰਤੂ ਚੂਹੇ, ਬਿੱਲੀ, ਅਤੇ ਆਦਮੀ ਵਿੱਚ ਦਿਮਾਗ ਅਤੇ ਜਾਨ ਦੋਵੇਂ ਹੁੰਦੀਆਂ ਹਨ।

ਮੌਤ ਜੀਵਨ-ਦਾਤਾ ਊਰਜਾ ਦੀ ਸਾਹ ਕ੍ਰਿਆ ਰਾਹੀਂ ਬੰਦ ਹੋ ਜਾਣ ਦਾ ਦੂਜਾ ਨਾਂ ਹੈ। ਜਿਵੇਂ ਬਾਲਣ ਤੋਂ ਬਗੈਰ ਲਾਟ ਨਹੀਂ ਹੋ ਸਕਦੀ, ਇਸੇ ਤਰ੍ਹਾਂ ਜਾਨ ਸਾਹ ਲੈਣ ਵਾਲੇ ਸਰੀਰ ਤੋਂ ਬਗੈਰ ਨਹੀਂ ਹੋ ਸਕਦੀ। ਮੌਤ ਬਾਅਦ ਜ਼ਿੰਦਗੀ ਬਾਰੇ ਕਹਿਣਾ ਉਨ੍ਹਾ ਹੀ ਝੂਠਾ ਹੈ, ਜਿੰਨਾ ਮਾਨਸਿਕ ਰੋਗੀਆਂ ਸਾਹਮਣੇ ਪੁਸ਼ਾਕਾਂ ਅਤੇ ਸਰੀਰਾਂ ਵਾਲੀਆਂ ਭੂਤਾਂ ਦਾ ਪ੍ਰਗਟ ਹੋਣਾ ਹੈ। ਇਹ ਉਨੀ ਹੀ ਹਾਸੋਹੀਣੀ ਗੱਲ ਹੈ, ਜਿੰਨਾ ਕਿ ਇਹ ਕਹਿਣਾ ਕਿ ਕਿਸੇ ਆਦਮੀ ਦੀ ਜਾਨ ਦਾ ਭਾਗ ਉਸ ਕਲਾਕ ਵਿੱਚ ਹੈ, ਜਿਹੜਾ ਉਦੋਂ ਕੰਮ ਕਰਦਾ ਹੈ, ਜਦੋਂ ਉਸਨੂੰ ਚਾਬੀ ਦਿੱਤੀ ਜਾਵੇ। ਜੇ ਆਦਮੀ ਕਲਾਕ ਨੂੰ ਚਾਬੀ ਦੇਣ ਤੋਂ ਬਾਅਦ ਦਿਲ ਫੇਲ ਹੋਣ ਕਰਕੇ ਮਰ ਜਾਵੇ ਤਾਂ ਕੋਈ ਵੀ ਸੂਝਵਾਨ ਵਿਅਕਤੀ ਇਹ ਨਹੀਂ ਕਹੇਗਾ ਕਿ ਉਸ ਆਦਮੀ ਦੀ ਜਾਨ ਉਸ ਕਲਾਕ ਵਿੱਚ ਹੈ। ਜਾਨ ਕਿਸੇ ਜੀਵ ਦੇ ਸਰੀਰ ਤੋਂ ਬਾਹਰ ਨਹੀਂ ਰਹਿ ਸਕਦੀ।

ਆਉ ਅਸੀਂ ਆਪਣਾ ਧਿਆਨ, ਮਨ ਦੇ ਸਵਾਲ ਵੱਲ ਮੋੜੀਏ। ਬਹੁਤ ਸਾਰੇ ਧਾਰਮਿਕ ਲੋਕ ਮਨ ਅਤੇ ਜਾਨ ਨੂੰ ਇੱਕ ਹੀ ਸਮਝਦੇ ਹਨ। ਇਹੀ ਕਾਰਣ ਹੈ ਕਿ ਉਹ ਮਨੁੱਖੀ ਜ਼ਿੰਦਗੀ ਦੀ ਪਵਿੱਤਰਤਾ ਬਾਰੇ ਗੱਲਾਂ ਕਰਦੇ ਹਨ। ***ਜਦੋਂ ਕਿ ਜ਼ਿੰਦਗੀ, ਜੀਵਿਤ ਸੈੱਲਾਂ ਵਿੱਚ ਸਾਹ ਕ੍ਰਿਆ ਦੀ ਪੈਦਾਇਸ਼ ਹੈ ਅਤੇ ਮਨ ਨਿਉਰੋਨਜ਼ ਵਿੱਚ ਹੋਣ ਵਾਲੇ ਭੌਤਿਕ ਤੇ ਰਸਾਇਣਿਕ ਕਿਰਿਆਵਾਂ ਦੀ ਪੈਦਾਇਸ਼।*** ਜਿਉਂ ਜਿਉਂ ਅਸੀਂ ਜੀਵ ਵਿਕਾਸ ਦੇ ਪਿਛਾਂਹ ਵੱਲ ਝਾਤੀ ਮਾਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਮਨੁੱਖੀ ਮਨ ਵੀ ਉਸ ਸਮੇਂ ਘੱਟ ਵਿਕਸਿਤ ਸੀ। ਜਾਨ ਬਾਰੇ ਅਜਿਹਾ ਕੁਝ ਨਹੀਂ ਹੈ। ਮਨੁੱਖ, ਬਾਂਦਰ ਅਤੇ ਅੰਬ ਦੇ ਦਰੱਖਤ ਦੀ ਜਾਨ ਦੇ ਗੁਣ ਉਹੀ ਹਨ। ਪੌਦੇ ਜਾਂ ਪ੍ਰਾਣੀਆਂ ਦੇ ਇੱਕ ਸੈੱਲੇ ਜੀਵਾਂ ਵਿੱਚ ਵੀ ਕੁਝ ਬੁਨਿਆਦੀ ਮਾਨਸਿਕ ਯੋਗਤਾਵਾਂ ਹੁੰਦੀਆਂ

ਹਨ। ਭਾਵੇਂ ਇਹਨਾਂ ਦੀ ਦਿਮਾਗੀ ਪ੍ਰਣਾਲੀ ਵਿੱਚ ਨਿਊਰੋਨਜ਼ ਨਹੀਂ ਹੁੰਦੇ। ਉਹ ਵਾਤਾਵਰਣ ਦੀ ਉਤੇਜਨਾ ਤੋਂ ਵੱਖ-ਵੱਖ ਦਰਜਿਆਂ ਤੱਕ ਪ੍ਰਭਾਵਿਤ ਹੁੰਦੇ ਹਨ। ਰੀੜ-ਧਾਰੀ ਪ੍ਰਾਣੀਆਂ, ਜਿਨ੍ਹਾਂ ਦੇ ਦਿਮਾਗ ਖਰਬਾਂ ਹੀ ਨਿਊਰੋਨਜ਼ ਤੋਂ ਬਣੇ ਹੁੰਦੇ ਹਨ, ਦੀ ਯੋਗਤਾ ਅਰੀੜਧਾਰੀਆਂ ਨਾਲੋਂ ਬਹੁਤ ਵੱਧ ਹੁੰਦੀ ਹੈ। ਧਰਤੀ ਉੱਤੇ ਮਿਲਣ ਵਾਲੇ ਜੀਵਾਂ ਵਿੱਚੋਂ ਮਨੁੱਖ ਦਾ ਦਿਮਾਗ ਸਭ ਤੋਂ ਵੱਧ ਵਿਕਸਤ ਹੈ। ਇਸ ਤਰ੍ਹਾਂ ਦੂਸਰੇ ਜੀਵਾਂ ਦੇ ਉਲਟ ਸਿਰਫ ਮਨੁੱਖ ਹੀ ਰਚਨਾਤਮਕ ਕੰਮਾਂ ਵਿੱਚ ਰੁਝਿਆ ਹੈ। ਬੋਲਣ ਅਤੇ ਲਿਖਣ ਦੇ ਢੰਗ ਰਾਹੀਂ ਦੂਸਰਿਆਂ ਨਾਲ ਸੰਬੰਧ ਰੱਖਦਾ ਹੈ, ਉਹ ਸਾਰੀਆਂ ਮਾਨਸਿਕ ਸਰਗਰਮੀਆਂ ਨਿਉਰੋਨਜ਼ ਵਿੱਚ ਹੋ ਰਹੀਆਂ ਭੌਤਿਕ ਤੇ ਰਸਾਇਣਿਕ ਕ੍ਰਿਆਵਾਂ ਦਾ ਸਿੱਟਾ ਹੀ ਹਨ। ਨੋਬਲ ਇਨਾਮ ਜੇਤੂ ਵਾਲਟਰ ਹੈਜ਼ ਅਤੇ ਪ੍ਰੋਫੈਸਰ ਡੇਲਗਾਡੋ ਨੇ ਦਿਮਾਗ ਨੂੰ ਹਲਕੇ ਬਿਜਲੀ ਦੇ ਝਟਕੇ ਲਾ ਕੇ ਪਿਆਰ, ਨਫਰਤ, ਗੁੱਸਾ, ਦਿਆਲਤਾ, ਜ਼ਾਲਮਤਾ ਵਰਗੀਆਂ ਭਾਵਨਾਵਾਂ ਪੈਦਾ ਕੀਤੀਆਂ ਹਨ। ਕਿਉਂਕਿ ***ਮਨ ਉਨ੍ਹਾਂ ਬਿਜਲੀ ਰਸਾਇਣਿਕ ਵਰਤਾਰਿਆਂ ਦੀ ਪੈਦਾਇਸ਼ ਹੈ, ਜਿਹੜੀਆਂ ਦਿਮਾਗ ਦੇ ਨਿਊਰੋਨਜ਼ ਵਿੱਚ ਹੁੰਦੀਆਂ ਹਨ। ਇਸ ਲਈ ਇਹ ਵਿਸ਼ਵਾਸ ਕਰਨਾ ਗਲਤ ਹੈ ਕਿ ਮਨ, ਮੌਤ ਅਤੇ ਦਿਮਾਗ ਦੇ ਅਪਘਟਤ ਹੋਣ ਤੋਂ ਬਾਅਦ ਵੀ ਜਿਉਂਦਾ ਰਹਿੰਦਾ ਹੈ ਜਾਂ ਇਹ ਕਹਿਣਾ ਕਿ ਆਤਮਾ ਹੁੰਦੀ ਹੈ।***

ਇਸ ਪ੍ਰਕਾਰ ਮੌਤ ਬਾਅਦ ਨਾ ਤਾਂ ਮਨ ਜਿਉਂਦਾ ਰਹਿ ਸਕਦਾ ਹੈ ਨਾ ਹੀ ਜਾਨ। ਕੀ ਭੂਤਾਂ, ਆਤਮਾਵਾਂ ਸਰੀਰ, ਮਨ ਜਾਂ ਜਾਨ ਤੋਂ ਬਗੈਰ ਹੁੰਦੀਆਂ ਹਨ ? ਆਪਣੇ ਮਰ ਚੁੱਕੇ ਵੱਡੇ ਵਡੇਰਿਆਂ ਦੀਆਂ ਆਤਮਾਵਾਂ ਨੂੰ ਭੋਜਨ ਭੇਟ ਕਰਨਾ ਓਨਾ ਹੀ ਗਲਤ ਹੈ ਜਿਨ੍ਹਾਂ ਕਿ ਬੇਜਾਨ ਮੂਰਤੀਆਂ ਨੂੰ ਭੇਟਾ ਚੜਾਉਣਾ। ਕੀ ਉਹ ਜਿਹੜੇ ਕਹਿੰਦੇ ਹਨ ਕਿ ਭੂਤਾਂ ਉਹਨਾਂ ਦੀਆਂ ਛੱਤਾਂ ਤੇ ਤੁਰ ਰਹੀਆਂ ਸਨ, ਦਰਵਾਜੇ ਖੜਕਾ ਰਹੀਆਂ ਸਨ, ਪੱਥਰ ਸੁੱਟ ਰਹੀਆਂ ਸਨ, ਹਨੇਰੇ ਵਿੱਚ ਉਹਨਾਂ ਅੱਗੇ ਹਾਜ਼ਰ ਹੋ ਗਈਆਂ ਸਨ, ਮਹਿਸੂਸ ਕਰਦੇ ਹਨ ਕਿ ਭੌਤਿਕ ਸਰੀਰ ਤੋਂ ਬਗੈਰ ਅਜਿਹਾ ਕੁਝ ਹੋਣਾ ਅਸੰਭਵ ਹੈ ?

ਆਤਮਾ ਕਹੀ ਜਾਣ ਵਾਲੀ ਝੂਠੀ ਚੀਜ਼ ਕੀ ਹੈ ? ਜਿਸ ਵਿੱਚ ਬੋਧੀ ਧਰਮ ਤੋਂ ਬਗੈਰ ਸਾਰੇ ਧਰਮ ਵਿਸ਼ਵਾਸ ਕਰਦੇ ਹਨ। ਕਿਸੇ ਵੀ ਧਰਮ ਦਾ ਇਸ ਬਾਰੇ ਕੋਈ ਪੱਕਾ ਸੰਕਲਪ ਨਹੀਂ ਹੈ। ਕੁਝ ਲੋਕ ਆਤਮਾਂ ਨੂੰ ਜਾਨ ਸਮਝਦੇ ਹਨ ਅਤੇ ਕੁਝ ਮਨ ਨੂੰ ਆਤਮਾਂ ਸਮਝਦੇ ਹਨ ਅਤੇ ਦਿਲ ਨੂੰ ਇਸ ਦੇ ਬੈਠਣ ਦਾ ਸਥਾਨ ਸਮਝਦੇ ਹਨ। ਇਸੇ ਹੀ ਝੂਠੇ ਵਿਸ਼ਵਾਸ ਤੋਂ ਇਹ ਭਾਵਨਾਵਾਂ, ਸਖਤ ਦਿਲ, ਨਰਮ ਦਿਲ, ਦਿਲ ਨਾਲ ਯਾਦ ਕਰਨਾ, ਪਵਿੱਤਰ ਦਿਲ ਆਦਿ ਪ੍ਰਚੱਲਿਤ ਹੋਦੇ ਹਨ।

ਜੇ ਆਤਮਾ ਦਿਲ ਵਿੱਚ ਹੈ, ਜਿਵੇਂ ਕਿ ਪਵਿੱਤਰ ਦਿਲ ਦੇ ਸਨਕੀ ਵਿਸ਼ਵਾਸ ਕਰਦੇ ਹਨ ਤਾਂ ਸਾਨੂੰ ਉਸ ਹਾਸੋਹੀਣੀ ਹਾਲਤ ਦਾ ਸਾਹਮਣਾ ਕਰਨਾ ਪਵੇਗਾ ਜਦੋਂ ਕਿ ਲੋਕ ਆਪਣੀ ਆਤਮਾ ਨੂੰ ਦਿਲ ਬਦਲਵਾ ਕੇ ਬਦਲ ਦਿਆ ਕਰਨਗੇ। ਜੇ ਆਤਮਾ ਦਿਮਾਗ ਵਿੱਚ ਹੈ ਜਿਵੇਂ ਕਿ ਦੂਸਰੇ ਕਹਿੰਦੇ ਹਨ, ਬੇਸਿਰੇ ਕੀੜੇ ਜਿਹਵੇ ਕਿ ਸਿਰ ਵੱਢਣ ਤੋਂ ਬਾਅਦ ਵੀ ਜਿਉਂਦੇ ਰਹਿ ਸਕਦੇ ਹਨ ਤਾਂ ਕੀ ਬਗੈਰ ਆਤਮਾ ਦੇ ਰਹਿ ਸਕਦੇ ਹਨ ? ਦੂਸਰੇ ਪਾਸੇ ਜੇ ਆਤਮਾ ਜੀਵ ਦੇ ਸਾਰੇ ਸਰੀਰ ਵਿੱਚ ਹੁੰਦੀ ਤਾਂ ਹੈ ਤਾਂ ਅਧਿਆਤਮਵਾਦੀਆਂ ਨੂੰ ਹੋਰ ਮੁਸ਼ਕਲ ਸਵਾਲਾਂ ਦਾ ਜਵਾਬ ਦੇਣਾ ਪਵੇਗਾ।

1) ਨਿਮਨਕੋਟੀ ਦੇ ਜੀਵ ਜਿਹੜੇ ਚਮੜੀ ਰਾਹੀਂ ਜਾਂ ਸਾਰੇ ਸਰੀਰ ਦੇ ਛੋਟੇ ਮੁਸਾਮਾਂ ਰਾਹੀਂ ਆਕਸੀਜਨ ਲੈਂਦੇ ਹਨ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਕੱਟਿਆ ਜਾ ਸਕਦਾ ਹੈ ਅਤੇ ਹਰ ਇੱਕ ਟੁਕੜਾ ਇੱਕ ਨਵਾਂ ਜੀਵ ਬਣਨ ਦੇ ਯੋਗ ਹੁੰਦਾ ਹੈ ਤਾਂ ਕੀ ਇਸ ਨਵੇਂ ਜੀਵਾਂ ਵਿੱਚ ਆਪਣੇ ਮਾਪੇ ਦੀ ਆਤਮਾ ਦੇ ਕੁਝ ਅੰਸ਼ ਹੀ ਹੁੰਦੇ ਹਨ ?

2) ਭਾਵੇਂ ਆਦਮੀ ਦੂਸਰੇ ਦੁੱਧ ਚੁੰਘਾਉਣ ਵਾਲੇ ਜੀਵਾਂ ਦੀ ਤਰ੍ਹਾਂ ਇੱਕ ਇਕਾਈ ਹੈ ਅਤੇ ਇਸਨੂੰ ਨਵਾਂ ਮਨੁੱਖ ਬਣਾਉਣ ਲਈ ਟੁਕੜਿਆਂ ਵਿੱਚ ਇਸ ਲਈ ਨਹੀਂ ਕੱਟਿਆ ਜਾ ਸਕਦਾ ਕਿਉਂਕਿ ਇਸਦੀ ਸਾਹ ਪ੍ਰਣਾਲੀ ਸਰੀਰ ਦੇ ਕੇਂਦਰ ਵਿੱਚ ਹੈ। ਉਸਦੇ ਵੀ ਟੁਕੜੇ ਕੀਤੇ ਜਾ ਸਕਦੇ ਹਨ, ਜਦੋਂ ਮੁਢਲੇ ਦਿਨਾਂ ਵਿੱਚ ਆਪਣੀ ਮਾਂ ਦੀ ਬੱਚੇਦਾਨੀ ਵਿੱਚ ਹੁੰਦਾ ਹੈ ਅਤੇ ਉਸਦੇ ਕੇਂਦਰੀ ਜੀਵਤ ਅੰਗ ਅਜੇ ਪੈਦਾ ਨਹੀਂ ਹੋਏ ਹੁੰਦੇ। ਕਈ ਵਾਰੀ ਬੱਚੇਦਾਨੀ ਵਿੱਚ ਹੀ ਭਰੂਣ ਦੋ—ਤਿੰਨ ਜਾਂ ਇਸ ਤੋਂ ਵੀ ਵੱਧ ਟੁਕੜਿਆਂ ਵਿੱਚ ਟੁੱਟ ਜਾਂਦਾ ਹੈ ਅਤੇ ਇਸ ਤਰ੍ਹਾਂ ਜੁੜਵੇਂ, ਤੇਗੜੇ ਤੇ ਚੋਗੜੇ ਬੱਚੇ ਪੈਦਾ ਹੋ ਜਾਂਦੇ ਹਨ। ਕੀ ਇਹਨਾਂ ਬੱਚਿਆਂ ਵਿੱਚ ਆਪਣੇ ਜੁੜਵੇਂ ਭਰੂਣ ਦੀ ਆਤਮਾ ਕੁਝ ਭਾਗ ਹੀ ਹੁੰਦਾ ਹੇ ?

3) ਜੇ ਆਤਮਾ ਸਰੀਰ ਵਿੱਚ ਮੌਤ ਸਮੇਂ ਨਿਕਲ ਜਾਂਦੀ ਹੈ ਅਤੇ ਮੁਰਦੇ ਸਰੀਰ ਨੂੰ ਕਈ ਸਾਲਾਂ ਬਾਅਦ ਮੁੜ ਬਣਾਉਟੀ ਢੰਗ ਨਾਲ ਜਿਉਂਦਾ ਕਰ ਲਿਆ ਜਾਵੇ ਜਿਵੇਂ ਕਿ ਇਸ ਨੂੰ ਠੰਡਾ ਕਰਕੇ ਕੀਤਾ ਜਾ ਸਕਦਾ ਹੈ ਕੀ ਵਿਛੜੀ ਆਤਮਾ ਸਰੀਰ ਵਿੱਚ ਮੁੜ ਦਾਖਲ ਹੋ ਜਾਵੇਗੀ। ਜੇ ਅਜਿਹਾ ਹੈ ਤਾਂ ਇਹ ਆਤਮਾ ਮਰਨ ਅਤੇ ਮੁੜ ਜਿਉਂਦਾ ਕਰਨ ਦੇ ਸਮੇਂ ਦੇ ਵਿਚਕਾਰ ਕਿਥੇ ਰਹੇਗੀ ?

4) ਜੇ ਕਿਸੇ ਆਦਮੀ ਦੇ ਕਈ ਅੰਗ ਅਤੇ ਟਿਸ਼ੂ ਨਕਲੀ ਢੰਗ ਨਾਲ ਦੂਜੇ ਆਦਮੀਆਂ ਤੋਂ ਲੈ ਕੇ ਲਾਏ ਜਾਣ ਤਾਂ ਕੀ ਉਸ ਆਦਮੀ ਵਿੱਚ ਕੁਝ ਹੋਰ ਆਦਮੀਆਂ ਦੀ ਆਤਮਾ ਦੀ ਆਤਮਾ ਦੇ ਟੁਕੜੇ ਵੀ ਹੋਣਗੇ। ਅਨੁਚਿਤ ਮਨੌਤ ਕਿ ਸਾਰੇ ਜੀਵਾਂ ਦੇ

ਆਤਮਾ ਹੁੰਦੀ ਹੈ ਅਤੇ ਇਹ ਆਤਮਾ ਸ਼ੁਕਰਾਣੂਆਂ ਅਤੇ ਗਰਭ ਬੀਜਾਂ ਦੇ ਨਾਲ ਹੀ ਭਰੂਣ ਅਵਸਥਾ ਵਿੱਚ ਦਾਖਲ ਹੋ ਜਾਂਦੀ ਹੈ, ਅਜੇ ਤੱਕ ਸਿੱਧ ਨਹੀਂ ਹੋ ਸਕੀ ਅਤੇ ਨਾ ਹੀ ਸਿੱਧ ਹੋਣ ਯੋਗ ਹੈ। ਕਿਉਂਕਿ ਨਾ ਤਾਂ ਇਹ ਸਿੱਧ ਕੀਤੀ ਜਾ ਸਕਦੀ ਹੈ ਨਾ ਹੀ ਪਰਖੀ ਜਾ ਸਕਦੀ ਹੈ। ਬੋਧੀਆਂ ਦੀ ਇਹ ਧਾਰਨਾ ਹੈ ਕਿ ਮਰ ਰਹੇ ਜੀਵ ਦਾ ਆਖਰੀ ਖਿਆਲ ਕਿਸੇ ਗਰਭਵਤੀ ਜੀਵ ਦੀ ਬੱਚੇਦਾਨੀ ਵਿੱਚ ਦਾਖਲ ਹੋ ਕੇ ਇਸ ਵਿਚਲੇ ਜੀਵ ਦੇ ਭਰੂਣ ਵਿੱਚ ਚਲਿਆ ਜਾਣਾ ਹੈ। ਪੁਨਰ ਜਨਮ ਵਿੱਚ ਵਿਸ਼ਵਾਸ ਕਰਨ ਵਾਲਿਆਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਲਿੰਗੀ ਜਣਨ ਢੰਗ ਤੋਂ ਵੱਖ ਹੀ ਕਈ ਢੰਗ ਅਜਿਹੇ ਹਨ, ਜਿਨ੍ਹਾਂ ਨਾਲ ਜੀਵ ਅਤੇ ਪੌਦੇ ਹੋ ਸਕਦੇ ਹਨ।

**ਜੇ ਆਤਮਾਵਾਂ ਅਤੇ ਭੂਤਾਂ ਨਹੀਂ ਹੁੰਦੀਆਂ ਤਾਂ ਕਿਵੇਂ ਲੋਕ ਇਸ ਤਰ੍ਹਾਂ ਬੋਲਣ ਅਤੇ ਹਰਕਤਾਂ ਕਰਨ ਲੱਗ ਜਾਂਦੇ ਹਨ, ਜਿਵੇਂ ਉਹਨਾਂ ਉੱਤੇ ਆਤਮਾਵਾਂ ਅਤੇ ਭੂਤਾਂ ਦਾ ਅਸਰ ਹੋਵੇ ? ਜਿਵੇਂ ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ ਕਿ ਉਹ ਸਾਰੇ ਜਿਹੜੇ ਭੂਤਾਂ ਦੀ ਝਲਕ ਵੇਖਦੇ ਹਨ ਜਾਂ ਜਿਨ੍ਹਾਂ ਵਿੱਚ ਭੂਤ ਆਉਂਦੀ ਹੈ, ਮਾਨਸਿਕ ਰੋਗੀ ਹੁੰਦੇ ਹਨ, ਜਿਨ੍ਹਾਂ ਦੇ ਬਚਪਨ ਤੋਂ ਹੀ ਦਿਮਾਗਾਂ ਵਿੱਚ ਭੂਤਾਂ ਅਤੇ ਆਤਮਾਵਾਂ ਦੀ ਹੋਂਦ ਬਾਰੇ ਝੂਠਾ ਭਰਮਾਂ ਭਰਿਆ ਹੁੰਦਾ ਹੈ। ਮੈਂ ਸੈਂਕੜੇ ਹੀ ਅਜਿਹੇ ਰੋਗੀਆਂ ਨੂੰ ਉਹਨਾਂ ਵਿੱਚ ਹੋਂਦ ਨਾ ਰੱਖਣ ਵਾਲੀਆਂ ਭੂਤਾਂ ਨੂੰ ਕੱਢ ਕੇ ਠੀਕ ਨਹੀਂ ਕੀਤਾ ਹੈ, ਸਗੋਂ ਸੰਮੋਹਣੀ ਨੀਂਦ ਰਾਹੀਂ ਉਹਨਾਂ ਦੇ ਮਨਾਂ ਵਿੱਚ ਇਹਨਾਂ ਦੇ ਭਰਮਾਂ ਨੂੰ ਕੱਢ ਕੇ ਠੀਕ ਕੀਤਾ ਹੈ।**

ਦੂਜੀ ਸੰਸਾਰ ਜੰਗ ਦੌਰਾਨ ਮੈਨੂੰ ਐਕਮੀਮਨਾ ਦੀ ਇੱਕ ਔਰਤ ਨੂੰ ਜਿਸ ਵਿੱਚ ਉਸਦੇ ਜੰਗੀ ਫੌਜੀ ਪਤੀ ਦਾ ਭੂਤ ਆਉਂਦਾ ਸੀ, ਨੂੰ ਠੀਕ ਕਰਨ ਦਾ ਮੌਕਾ ਮਿਲਿਆ। ਜਦੋਂ ਉਸਨੂੰ ਆਪਣੇ ਪਤੀ ਦੀ ਮੌਤ ਦੀ ਝੂਠੀ ਤਾਰ ਮਿਲੀ, ਕਿਉਂਕਿ ਉਸ ਦੀ ਪਾਲਣਾ ਅਜਿਹੇ ਸਮਾਜ ਵਿੱਚ ਹੋਈ ਸੀ ਜੋ ਭੂਤਾਂ ਦੀ ਹੋਂਦ ਵਿੱਚ ਵਿਸ਼ਵਾਸ ਰੱਖਦੀ ਸੀ। ਉਸਨੂੰ ਭਰਮ ਸੀ ਕਿ ਉਸਨੇ ਆਪਣੇ ਪਤੀ ਦੀ ਗੈਰਹਾਜ਼ਰੀ ਵਿੱਚ ਨਜਾਇਜ ਬੱਚੇ ਨੂੰ ਜਨਮ ਦਿੱਤਾ ਹੈ। ਇਸ ਲਈ ਉਸਦੇ ਮਨ ਵਿੱਚ ਆਪਣੇ ਪਤੀ ਦੇ ਭੂਤ ਦਾ ਭਰਮ ਗਲਤ ਤਾਰ ਮਿਲਣ ਤੇ ਬੈਠ ਗਿਆ, ਭਾਵੇਂ ਕਿ ਉਸਦਾ ਪਤੀ ਜਿਉਂਦਾ ਸੀ। ਕਿਉਂਕਿ *ਭੂਤਾਂ ਵਾਲੇ ਸਾਰੇ ਕੇਸ ਕੁਝ ਵੀ ਨਹੀਂ ਹੁੰਦੇ, ਸਿਰਫ ਕਮਜ਼ੋਰ ਅਤੇ ਪਾਗਲ ਲੋਕਾਂ ਦੇ ਭਰਮ ਹੁੰਦੇ ਹਨ। ਬੋਧੀਆਂ, ਹਿੰਦੂਆਂ, ਇਸਾਈਆਂ, ਮੁਸਲਮਾਨਾਂ ਅਤੇ ਕਤਾਦੀਆਂ ਦੇ ਜਾਦੂ ਟੂਣੇ ਉਹਨਾਂ ਦੇ ਕਮਜ਼ੋਰ ਮਨਾਂ ਉੱਤੇ ਸਮੋਹਣੀ ਨੀਂਦ ਦਾ ਪ੍ਰਭਾਵ ਪਾਉਂਦੇ ਹਨ ਅਤੇ ਉਹਨਾਂ ਦੇ ਦੌਰੇ ਨੂੰ ਸ਼ਾਂਤ ਕਰਦੇ ਹਨ। ਪਰੰਤੂ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਜਿਹੜੇ ਮਾਨਸਿਕ ਰੋਗੀਆਂ ਵਿੱਚੋਂ ਭੂਤਾਂ ਪ੍ਰੇਤਾਂ ਨੂੰ ਜਾਦੂ ਟੂਣੇ ਦੀਆਂ ਰਸਮਾਂ ਪਵਿੱਤਰ ਕਰਾਸ, ਪਵਿੱਤਰ ਮੇਖ, ਪਵਿੱਤਰ ਪਾਣੀ ਅਤੇ ਪ੍ਰਾਰਥਨਾ ਰਾਹੀਂ ਕੱਢਣ ਦੀ ਕੋਸ਼ਿਸ਼ ਕਰਦੇ ਹਨ, ਉਹ ਆਪ ਵੀ ਵਹਿਮੀ ਹੁੰਦੇ ਹਨ। ਈਸਾ ਮਸੀਹ ਨੂੰ ਖੁਦ ਵੀ ਇਹ ਝੂਠਾ ਭਰਮ ਸੀ। ਉਹ ਬੀਮਾਰਾਂ ਨੂੰ ਉਹਨਾਂ ਤੋਂ ਭੂਤਾਂ ਕੱਢ ਕੇ ਆਰਾਮ ਕਰਦਾ ਸੀ। ਪਰੰਤੂ ਜਦੋਂ ਇਹ ਭੂਤਾਂ ਕੱਢਣ ਵਾਲੇ ਉਹ ਸਥਾਨ ਦਸਦੇ ਹਨ, ਜਿੱਥੇ ਕਿ ਟੂਣਾ ਲਕੋਇਆ ਹੁੰਦਾ ਹੈ ਤਾਂ ਉਹ ਵਹਿਮੀ ਆਦਮੀ ਨਹੀਂ ਹੁੰਦੇ, ਉਹ ਨਿਰੇ ਧੋਖੇਬਾਜ਼ ਹੁੰਦੇ ਹਨ।*

ਸੀਲੋਨ ਸੰਡੇ ਅਬਜ਼ਰਵਰ ਹੁਣ ਭੂਤਾਂ ਦੀਆ ਕਹਾਣੀਆਂ ਲਿਖ ਕੇ ਲੰਕਾ ਦੇ ਕਤਾਦੀਆਂ ਦਾ ਹੌਂਸਲਾ ਵਧਾ ਰਿਹਾ ਹੈ। ਉਸ ਅਖਬਾਰ ਦੀ ਇੱਕ ਲਿਖਤ ਵਿੱਚ ਉਹ ਲਿਖਦਾ ਹੈ ਕਿ ਪਾਦਰੀ ਮੈਥੀਉ ਪੀਅਰਜ਼ ਵਿੱਚ ਜਾਦੂ ਟੂਣਾ ਲੱਭਣ ਦੀ ਰੱਬੀ ਸ਼ਕਤੀ ਹੈ। ਜੇ ਪਾਦਰੂ ਮੈਥੀਉ ਵਿੱਚ ਇਸ ਕਿਸਮ ਦੀ ਸ਼ਕਤੀ ਹੈ ਤਾਂ ਮੈਨੂੰ ਉਸਨੂੰ ਇਹ ਚੁਣੌਤੀ ਦੇਣੀ ਪਈ ਕਿ ਉਹ ਇਸ ਨੂੰ ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਿੱਧ ਕਰਕੇ ਵਿਖਵੇ। ਮੈਂ ਉਸਨੂੰ ਆਪਣੀ ਗੈਬੀ ਸ਼ਕਤੀ ਨਾਲ ਸੀਲ ਬੰਦ ਲਿਫਾਫੇ ਵਿੱਚ ਰੱਖੇ ਨੋਟ ਦਾ ਲੜੀ ਨੰਬਰ ਪੜ੍ਹਨ ਲਈ ਭੇਜਿਆ ਤਾਂ ਜੋ ਉਹ ਇੱਕ ਲੱਖ ਰੁਪੈ ਦਾ ਇਨਾਮ ਜਿੱਤ ਸਕੇ। ਕਿਸੇ ਵਿੱਚ ਵੀ ਨਾ ਕਦੇ ਚਮਤਕਾਰੀ ਅਤੇ ਗੈਬੀ ਸ਼ਕਤੀਆਂ ਸਨ ਅਤੇ ਨਾ ਹਨ। ਜੇ ਪਾਦਰੀ ਮੈਥੀਓ ਪੀਅਰਜ਼ ਛੁਪੇ ਹੋਏ ਜਾਦੂ ਟੂਣਾ ਨੂੰ ਲੱਭਣ ਯੋਗ ਹੈ ਤਾਂ ਉਹ ਉਸ ਨੂੰ ਦੂਸਰੇ ਕਤਾਦੀਆਂ ਦੀ ਤਰ੍ਹਾਂ ਚੋਰੀਉ ਲੁਕਾਉਣ ਦੇ ਯੋਗ ਵੀ ਹੈ।

ਸੰਡੇ ਅਬਜ਼ਰਵਰ ਵਿੱਚ ਕੁਝ ਲਿਖਾਰੀਆਂ ਨੇ ਇਸਾਈਆਂ ਦੇ ਪਵਿੱਤਰ ਕਰਾਸ ਦੀਆਂ ਚਮਤਕਾਰੀ ਸ਼ਕਤੀਆਂ ਬਾਰੇ ਲਿਖਿਆ ਹੈ ਕਿ ਜਦੋਂ ਇਹ ਕਰਾਸ ਮਰੀਜਾਂ ਦੇ ਮੱਥੇ ਤੇ ਰੱਖਿਆ ਜਾਂਦਾ ਹੈ ਤਾਂ ਭੂਤਾਂ ਨਿਕਲ ਜਾਂਦੀਆਂ ਹਨ ਅਤੇ ਉਹ ਰਾਜੀ ਹੋ ਜਾਂਦੇ ਹਨ। ਪਵਿੱਤਰ ਕਰਾਸ ਅਤੇ ਕੁਡਾਗਾਮਾ ਦੀ ਮੇਖ ਹਿੰਦੂਆਂ ਦੇ ਗੋਹੇ ਅਤੇ ਦਲਾਈਲਾਮਾ ਦੀ ਟੱਟੀ ਨਾਲੋਂ ਕਿਸੇ ਵੀ ਢੰਗ ਨਾਲੋਂ ਪਵਿੱਤਰ ਨਹੀਂ ਹਨ, ਇਸਦੀ ਪਰਖ ਸਰਲ ਪ੍ਰਯੋਗਾਂ ਰਾਹੀਂ ਕੀਤੀ ਜਾ ਸਕਦੀ ਹੈ।

ਜਿਵੇਂ ਮਨੁੱਖ ਦੀ ਟੱਟੀ ਤਿੱਬਤ ਦੇ ਬੋਧੀਆਂ ਲਈ ਪਵਿੱਤਰ ਹੈ, ਕਿਉਂਕਿ ਇਹ ਬੁੱਧ ਦੇ ਜਿਉਂਦੇ ਅਵਤਾਰ ਦਲਾਈਲਾਮਾ ਦੀ ਹੈ। ਇਸੇ ਤਰ੍ਹਾਂ ਕਰਾਸ ਇਸਾਈਆਂ ਲਈ ਪਵਿੱਤਰ ਹੈ ਕਿਉਂਕਿ ਉਹਨਾਂ ਦੇ ਪ੍ਰਮਾਤਮਾ ਈਸਾ ਮਸੀਹ ਨੂੰ ਇਸ ਸੂਲੀ ਉੱਤੇ ਲਟਕਾਇਆ ਗਿਆ ਸੀ। ਜੇ ਈਸਾ ਮਸੀਹ ਨੂੰ ਸੂਲੀ ਲਟਕਾਉਣ ਦੀ ਬਜਾਏ ਗੋਲੀ ਮਾਰੀ ਗਈ ਹੁੰਦੀ ਤਾਂ ਅੱਜ ਇਸਾਈ ਪਾਦਰੀਆਂ ਅਤੇ ਪੁਜਾਰਨਾਂ ਦੇ ਗਲਾਂ ਵਿੱਚ ਬੰਦੂਕਾਂ ਹੁੰਦੀਆਂ, ਜਿੰਨ੍ਹਾਂ ਨੇ ਮੌਜੂਦਾ ਸਮਾਜ ਨੂੰ ਵੱਡੇ ਖਤਰੇ ਵਿੱਚ ਪਾ ਦੇਣਾ

ਸੀ। ਫਿਰ ਇਸਾਈ ਕਤਾਦੀਆਂ ਨੇ ਪਵਿੱਤਰ ਬੰਦੂਕਾਂ ਨੂੰ ਸਿਰਫ ਭੂਤਾਂ ਕੱਢਣ ਲਈ ਹੀ ਨਹੀਂ ਸੀ ਵਰਤਣਾ ਸਗੋਂ ਹੋਰ ਮੰਤਵਾਂ ਲਈ ਵੀ ਵਰਤਣਾ ਸੀ।

ਦੋਵੇ ਥਾਂਪੀਆਪਾ ਅਤੇ ਜੇ. ਫਰਨਾਂਡੋ ਆਪਣੀ ਲਿਖਤ ਵਿੱਚ ਕੁਡਾਗਾਮਾ ਗਿਰਜਾ ਘਰ ਦੀ ਈਸਾ ਮਸੀਹ ਦੇ ਸਿਰ ਵਾਲੀ ਮੇਖ ਦੀ ਸਚਾਈ ਦੀ ਸਥਾਪਤੀ ਕਰਨੀ ਚਾਹੁੰਦੇ ਹਨ। **ਸਚਾਈ ਹੈ ਕਿ ਬਹੁਤ ਸਾਰੇ ਮਰੀਜਾਂ ਨੂੰ, ਜਿੰਨ੍ਹਾਂ ਨੂੰ ਪਹਿਲਾਂ ਕੁਡਾਗਾਮਾ ਦੇ ਗਿਰਜੇ ਵਿੱਚ ਲਿਜਾਇਆ ਗਿਆ ਸੀ, ਬਾਅਦ ਵਿੱਚ ਮੇਰੇ ਕੋਲ ਸੰਮੋਹਣੀ ਨੀਂਦ ਦੇ ਇਲਾਜ ਲਈ ਲਿਆਂਦਾ ਗਿਆ। ਇਸ ਤੋਂ ਸਿੱਧ ਹੁੰਦਾ ਹੈ ਕਿ ਮੇਖ ਦਾ ਚਮਤਕਾਰੀ ਇਲਾਜ ਇੰਨਾ ਚਮਤਕਾਰੀ ਨਹੀਂ ਜਿੰਨ੍ਹਾਂ ਕਿ ਵਿਗਿਆਨਿਕ ਹਿਪਨੋਟਿਜ਼ਮ।** ਮੈਂ ਇਸ ਪਵਿੱਤਰ ਮੇਖ ਦੀ ਲੰਕਾ ਆਉਣ ਦੀ ਕਹਾਣੀ ਨੂੰ ਡਾਕਟਰ ਭਗਵਾਨੰਥਮ ਦੀ ਸਾਈਂ ਬਾਬਾ ਬਾਰੇ ਕਹਾਣੀ, ਜਿਸ ਵਿੱਚ ਉਹ ਜਾਪਾਨ ਦੇ ਸੀਜੋ ਹਾਤੋਰੀ ਨੂੰ ਹਵਾ ਵਿੱਚੋਂ ਸੀਕੋ ਘੜੀ ਪ੍ਰਗਟ ਕਰਕੇ ਦਿੰਦਾ ਹੈ, ਦੀ ਤਰ੍ਹਾਂ ਹੀ ਵੱਡਾ ਫਰੇਬ ਸਿੱਧ ਕਰ ਸਕਦਾ ਹਾਂ ਜੇਕਰ ਥਾਂਪੀਆਪਾ ਅਤੇ ਫਰਨਾਂਡੋ ਹੇਠ ਲਿਖੇ ਸਵਾਲਾਂ ਦੇ ਜੁਆਬ ਪਾਦਰੀ ਜੈਮਾਨੇ ਜਾਂ ਪਾਦਰੀ ਜਾਨਾਕੋਨ ਤੋਂ ਲੈ ਲੈਣ।

1) ਠੀਕ ਮਿਤੀ ਜਿਸ ਦਿਨ ਪਾਦਰੀ ਜਾਨਾਕੋਨ ਇਸ ਪਵਿੱਤਰ ਮੇਖ ਨੂੰ ਲੈ ਕੇ ਇਸ ਦੀਪ ਤੇ ਆਇਆ।
2) ਕੀ ਇਸ ਬਾਰੇ ਹਵਾਈ ਅੱਡੇ ਜਾਂ ਬੰਦਰਗਾਹ ਤੇ ਕਸਟਮ ਅਧਿਕਾਰੀਆਂ ਨੂੰ ਦੱਸਿਆ ਗਿਆ ਸੀ ?
3) ਕੀ ਇਸ ਮੇਖ ਦੇ ਆਉਣ ਬਾਰੇ ਈਸਾਈ ਅਖ਼ਬਾਰਾਂ ਵਿੱਚ ਸੂਚਨਾ ਦਿੱਤੀ ਗਈ ਸੀ ?
4) ਕੀ ਇਹ ਉਸ ਸਮੇਂ ਇਸਾਈ ਸ਼ਰਧਾਲੂਆਂ ਨੂੰ ਵਿਖਾਈ ਗਈ ਸੀ ਜਾਂ ਇਸਨੂੰ ਲੈ ਕੇ ਧਾਰਮਿਕ ਜਲੂਸ ਕੱਢਿਆ ਗਿਆ ਸੀ ?
5) ਉਹ ਮਿਤੀ ਜਿਸ ਦਿਨ ਇਹ ਪਾਦਰੀ ਜੈਮਾਨੇ ਦੇ ਅਧਿਕਾਰ ਵਿੱਚ ਆਈ।
6) ਉਸ ਆਦਮੀ ਦਾ ਨਾਂ ਅਤੇ ਪਤਾ ਜਿਸ ਤੋਂ ਪਾਦਰੀ ਜਾਨਾਕੋਨ ਨੇ ਇਹ ਮੇਖ ਪ੍ਰਾਪਤ ਕੀਤੀ।
7) ਉਹ ਮੇਖ ਦਾ ਅਸਲੀ ਤਾਜ ਕਿੱਥੇ ਹੈ। ਜਿੱਥੋ ਇਹ ਮੇਖ ਲਈ ਗਈ ਸੀ ?

ਭਾਵੇਂ ਈਸਾ ਮਸੀਹ ਨੂੰ ਸੂਲੀ ਤੇ ਟੰਗਣ ਲਈ ਸਿਰਫ ਤਿੰਨ ਮੇਖਾਂ ਹੀ ਵਰਤੀਆਂ ਗਈਆਂ ਹਨ। ਅੱਜ ਕੱਲ੍ਹ ਸਾਰੇ ਯੂਰਪ ਦੇ ਰੋਮਨ ਗਿਰਜਾ ਘਰਾਂ ਵਿੱਚ ਸੈਂਕੜੇ ਅਜਿਹੀਆਂ ਮੇਖਾਂ ਹਨ। ਦੂਸਰੇ ਮਨੁੱਖਾਂ ਦੀ ਤਰ੍ਹਾਂ ਭਾਵੇਂ ਈਸਾ ਮਸੀਹ ਦੇ ਸੁੰਨਤ ਕਰਨ ਵੇਲੇ ਕੱਟੀ ਗਈ ਚਮੜੀ ਇੱਕ ਹੀ ਸੀ ਪ੍ਰੰਤੂ ਅੱਜ ਉਥੇ ਈਸਾ ਮਸੀਹ ਦੀਆਂ ਬਹੁਤ ਸਾਰੀਆਂ ਅਜਿਹੀਆਂ ਚਮੜੀਆਂ ਅਤੇ ਹੋਰ ਨਿਸ਼ਾਨੀਆਂ ਹਨ ਅਤੇ ਉਹਨਾਂ ਵਿੱਚੋਂ ਹਰ ਇੱਕ ਵਿੱਚ ਇਲਾਜ ਕਰਨ ਦੇ ਚਮਤਕਾਰੀ ਗੁਣ ਦਰਸਾਏ ਜਾਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਮੰਗ ਹੀ ਪੈਦਾਵਾਰ ਪੈਦਾ ਕਰਦੀ ਹੈ।

ਅੱਧੀ ਸਦੀ ਤੋਂ ਉੱਪਰ ਮੈਂ ਪ੍ਰੇਤ ਘਰਾਂ ਦੀ ਪੜਤਾਲ ਕੀਤੀ ਹੈ ਅਤੇ ਸਾਰੇ ਹੀ ਮਾਮਲਿਆਂ ਵਿੱਚ ਮੈਂ ਦੋਸ਼ੀ ਮਨੁੱਖ ਨੂੰ ਲੱਭਿਆ ਹੈ, ਜੋ ਜਾਂ ਤਾਂ ਪਾਗਲ ਹੁੰਦਾ ਹੈ ਜਾਂ ਫਰੇਬੀ।

ਜਿਨ੍ਹਾਂ ਗੈਰ ਕੁਦਰਤੀ ਵਰਤਾਰਿਆਂ ਦੀ ਮੈਂ ਪੜਤਾਲ ਕੀਤੀ ਹੈ ਅਤੇ ਹੱਲ ਕੀਤੇ ਹਨ, ਦਾ ਸੰਬੰਧ ਭੂਤਾਂ ਨਾਲ ਬਿਲਕੁਲ ਵੀ ਨਹੀਂ ਸੀ।

ਪਾਦਰੀ ਮੈਥੀਊ ਪੀਅਰਜ਼ ਲੋਕਾਂ ਨੂੰ ਮਾਰਨ ਲਈ ਜਾਦੂ ਟੂਣੇ ਦੇ ਅਨੋਖੇ ਪ੍ਰਭਾਵ ਦੀ ਗੱਲ ਕਰਦਾ ਹੈ। ਤਿੰਨ ਮੌਕਿਆਂ ਤੇ ਮੈਂ ਤਾਮਿਲ, ਸਿਨਹਾਲੀ ਅਤੇ ਅੰਗਰੇਜੀ ਅਖ਼ਬਾਰਾਂ ਰਾਹੀਂ ਲੰਕਾ ਦੇ ਕਤਾਦੀਆਂ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਮੈਨੂੰ ਸਿੱਟ, ਜਾਦੂ, ਟੂਣੇ ਅਤੇ ਸਰਾਪ ਰਾਹੀਂ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਮਾਰ ਦੇਣ। ਇਨ੍ਹਾਂ ਤਿੰਨਾਂ ਮੌਕਿਆਂ ਤੇ ਮੈਨੂੰ ਪੰਜਾਹ ਦੇ ਕਰੀਬ ਤਾਂਬੇ, ਚਾਂਦੀ ਅਤੇ ਸੋਨੇ ਦੇ ਵਰਕਾਂ ਦੇ ਟੂਣੇ ਪ੍ਰਾਪਤ ਹੋਏ ਹਨ। ਮੈਂ 82 ਸਾਲਾਂ ਦਾ ਹਾਂ ਅਜੇ ਵੀ ਜਿਊਂਦਾ ਹਾਂ। ਮੌਕੇ ਅਨੁਸਾਰ ਜਦੋਂ ਮੈਂ ਮਰ ਜਾਵਾਂਗਾ, ਜਿਵੇਂ ਹਰ ਮਨੁੱਖ ਨੇ ਮਰਨਾ ਹੀ ਹੁੰਦਾ ਹੈ ਤਾਂ ਮੈਥੀਊ ਅਤੇ ਦੂਸਰੇ ਕਤਾਦੀਏ ਕਹਿ ਸਕਦੇ ਹਨ ਹਨ ਕਿ ਉਨ੍ਹਾਂ ਦੇ ਟੂਣਿਆਂ ਦੇ ਦੇਰੀ ਪਿੱਛੋਂ ਹੋਏ ਅਸਰ ਨਾਲ ਮਰਿਆ ਹਾਂ।

# ਮੀਰੀਗਾਮਾ ਵਾਲੀ ਅਗਮ - ਨਿਗਮ ਦੀ ਸੋਝੀ ਰੱਖਣ ਵਾਲੀ ਕੁੜੀ

ਮਿਸਟਰ ਚਿੰਤਾਮਨੀ ਮੇਹੋਤੀ ਇੱਕ ਸਿਨਹਾਲੀ ਸਪਤਾਹਿਕ ਸਿਲੂਮੀਨਾ ਦਾ ਸੰਪਾਦਕ ਹੈ ਜਿਹੜਾ ਇਹ ਦਾਅਵਾ ਕਰਦਾ ਹੈ ਕਿ ਉਸਦਾ ਇੱਕ "ਕਰਾਮਾਤੀ ਜਾਂਚ ਪੜਤਾਲ ਅਤੇ ਰੂਹਾਨੀ ਇਲਾਜ" ਕਰਨ ਦਾ ਇੱਕ ਸੈਂਟਰ ਹੈ। ਹਰ ਹਰ ਕਿਸਮ ਦਾ ਕਰਾਮਾਤੀ ਊਲ-ਜਲੂਲ ਪ੍ਰਕਾਸ਼ਿਤ ਕਰਨਾ ਇਸ ਅਖ਼ਬਾਰ ਦੀ ਖਾਸੀਅਤ ਹੈ। ਸ਼੍ਰੀ ਲੰਕਾ ਦੇ ਬਹੁਗਿਣਤੀ ਲੋਕ ਕਰਾਮਾਤਾਂ ਵਿੱਚ ਵਿਸ਼ਵਾਸ ਰੱਖਦੇ ਹਨ, ਇਸ ਕਰਕੇ ਇਹ ਅਖ਼ਬਾਰ ਕਾਫ਼ੀ ਗਿਣਤੀ ਵਿੱਚ ਵਿਕਦਾ ਹੈ।

ਸ਼ੁੱਕਰਵਾਰ, 3 ਫਰਵਰੀ 1978 ਨੂੰ ਸਿਲੂਮੀਨਾ ਦੇ ਪਹਿਲੇ ਸਫੇ ਤੇ ਮੀਰੀਗਾਮਾ ਵਾਸੀ 19 ਸਾਲਾ ਕੁੜੀ ਐਸੀਲੀਨ ਦੀਆਂ ਅਗਮ-ਨਿਗਮ ਦੀ ਸੋਝੀ ਰੱਖਣ ਵਾਲੀਆਂ ਸ਼ਕਤੀਆਂ ਬਾਰੇ ਇੱਕ ਲੇਖ ਛਾਪਿਆ। ਇਸ ਲੇਖ ਵਿੱਚ ਇਹ ਲਿਖਿਆ ਗਿਆ ਸੀ ਕਿ ਕਾਲੂਆਰਾਛੀ ਨੇ ਐਸੀਲੀਨ ਦੀਆਂ ਅੱਖਾਂ ਬੰਨ੍ਹ ਦਿੱਤੀਆਂ ਅਤੇ ਐਸੀਲੀਨ ਨੇ ਕਈ ਚੀਜਾਂ ਪੜ੍ਹ ਦਿੱਤੀਆਂ, ਜਿਨ੍ਹਾਂ ਵਿੱਚ ਬੰਦ ਡੱਬੇ ਵਿੱਚ ਪਏ ਕਰੰਸੀ ਨੋਟ ਦਾ ਨੰਬਰ ਪੜ੍ਹਨਾ ਵੀ ਸ਼ਾਮਲ ਹੈ। ਮੇਰੀ ਅਤੇ ਐਸੀਲੀਨ ਦੀ ਫੋਟੋ ਪਹਿਲੇ ਸਫੇ ਤੇ ਹੀ ਛਾਪੀ ਗਈ ਸੀ।

ਲੇਖ ਦੇ ਅੰਤ ਵਿੱਚ ਮੈਨੂੰ ਅਤੇ ਡਾਕਟਰ ਕਾਰਲੋ ਫੋਨਸੇਕਾ ਨੂੰ ਖੁਦ ਆ ਕੇ ਇਸ ਕਰਾਮਾਤੀ ਕੁੜੀ ਦੀਆਂ ਅਗਮ-ਨਿਗਮ ਦੀ ਸੋਝੀ ਰੱਖਣ ਵਾਲੀਆਂ ਸ਼ਕਤੀਆਂ ਨੂੰ ਵੇਖਣ ਲਈ ਸੱਦਾ ਦਿੱਤਾ ਗਿਆ ਸੀ।

ਉਸੇ ਦਿਨ ਮੈਂ ਸਿਲੂਮੀਨਾ ਦੇ ਸੰਪਾਦਕ ਨੂੰ ਹੇਠ ਲਿਖਿਆ ਪੱਤਰ ਲਿਖਿਆ।

ਪਿਆਰੇ ਸੰਪਾਦਕ,

ਤੁਹਾਡੇ ਅਖ਼ਬਾਰ ਦੇ ਅੱਜ ਦੇ ਅੰਕ ਵਿੱਚ ਮੀਰੀਗਾਮਾ ਵਾਲੀ ਕੁੜੀ ਐਸੀਲੀਨ ਦੀਆਂ ਅਗਮ-ਨਿਗਮ ਦੀਆਂ ਸੋਝੀ ਰੱਖਣ ਵਾਲੀਆਂ ਸ਼ਕਤੀਆਂ ਬਾਰੇ ਪਹਿਲੇ ਸਫੇ ਤੇ ਛਾਪਿਆ ਹੋਇਆ ਲੇਖ ਸ਼੍ਰੀ ਲੰਕਾ ਰੈਸ਼ਨਲਿਸਟ ਸੁਸਾਇਟੀ ਦੇ ਇੱਕ ਮੈਂਬਰ ਵੱਲੋਂ ਅਨੁਵਾਦ ਕਰਕੇ ਮੈਨੂੰ ਪੜ੍ਹ ਕੇ ਸੁਣਾਇਆ ਗਿਆ। ਇਸ ਲੇਖ ਵਿੱਚ ਤੁਸੀਂ ਮੈਨੂੰ ਅਤੇ ਡਾਕਟਰ ਕਾਰਲੋ ਫੋਨਸੇਕਾ ਨੂੰ ਇਸ ਲੜਕੀ ਦੀ ਸੀਲਬੰਦ ਨੋਟ ਦਾ ਨੰਬਰ ਪੜ੍ਹ ਲੈਣ ਦੀ ਯੋਗਤਾ ਦੀ ਪਰਖ ਕਰਨ ਲਈ ਸੱਦਾ ਦਿੱਤਾ ਹੈ।

ਮੈਂ ਇਸ ਲੇਖ ਦੇ ਲਿਖਾਰੀ ਨੂੰ ਇਸ ਕਰਾਮਾਤੀ ਕੁੜੀ ਨੂੰ 12 ਮਾਰਚ 1978 ਸ਼ਾਮੀ ਪੰਜ ਵਜੇ ਥਰਸਟਨ ਕਾਲਜ ਹਾਲ ਵਿਖੇ ਸ਼੍ਰੀ ਲੰਕਾ ਰੈਸ਼ਨਲਿਸਟ ਐਸੋਸੀਏਸ਼ਨ ਦੀ ਮਹੀਨਾਵਾਰ ਆਮ ਮੀਟਿੰਗ ਵਿੱਚ ਲਿਆਉਣ ਦਾ ਸੱਦਾ ਦਿੰਦਾ ਹਾਂ ਤਾਂ ਕਿ ਧੋਖਾ-ਰਹਿਤ ਹਾਲਤਾਂ ਤਹਿਤ ਉਸਦੀ ਪਰਖ ਕੀਤੀ ਜਾ ਸਕੇ। ਜੇ ਉਹ ਸੀਲਬੰਦ ਨੋਟ ਦਾ ਸਹੀ ਨੰਬਰ ਪੜ ਲੈਂਦੀ ਹੈ ਤਾਂ ਉਹ ਮੇਰੇ ਸਥਾਈ ਚੈਲਿੰਜ ਵਿੱਚ ਐਲਾਨੇ ਹੋਏ ਇੱਕ ਲੱਖ ਰੁਪਏ ਦੇ ਇਨਾਮ ਦੀ ਹੱਕਦਾਰ ਹੋਵੇਗੀ।

ਜੇ ਕੁੜੀ ਸਾਡੀ ਮੀਟਿੰਗ ਵਿੱਚ ਲਿਆਂਦੀ ਜਾ ਸਕਦੀ ਹੈ ਤਾਂ ਕਿਸੇ ਕਿਸਮ ਦੀ ਪੇਸ਼ਗੀ ਜਮਾਨਤ ਦੀ ਲੋੜ ਨਹੀਂ। ਪਰ ਜੇਕਰ ਤੁਸੀਂ ਮੈਨੂੰ ਜਾਂ ਡਾਕਟਰ ਕਾਰਲੋ ਫੋਨਸੇਕਾ ਜਾਂ ਸਾਡੇ ਨੁਮਾਇੰਦੇ ਨੂੰ ਕੁੜੀ ਦੇ ਘਰ ਜਾ ਕੇ ਪਰਖ ਕਣਨ ਲਈ ਆਖਦੇ ਹੋ ਤਾਂ ਸ਼੍ਰੀ ਲੰਕਾ ਰੈਸ਼ਨਲਿਸਟ ਐਸੋਸੀਏਸ਼ਨ ਦੇ ਖਜਾਨਚੀ ਕੋਲ 1000 ਰੁਪਏ ਜਮਾਂ ਕਰਵਾਉਣੇ ਪੈਣਗੇ। ਜੇ ਕੁੜੀ ਸਫਲ ਹੋ ਜਾਂਦੀ ਹੈ ਤਾਂ ਇਹ ਰਕਮ ਵਾਪਿਸ ਕਰ ਦਿੱਤੀ ਜਾਵੇਗੀ। ਇਸ ਪੱਤਰ ਨਾਲ ਨੱਥੀ ਕਰਕੇ ਮੈਂ ਸਥਾਈ ਚੈਲਿੰਜ ਦੀ ਇੱਕ ਕਾਪੀ ਭੇਜ ਰਿਹਾ ਹਾਂ ਤਾਂ ਕਿ ਤੁਸੀਂ ਆਪਦੇ ਅਖ਼ਬਾਰ ਵਿੱਚ ਉਸਦਾ ਅਨੁਵਾਦ ਛਾਪ ਸਕੋ।

ਆਸ ਕਰਦਾ ਹਾਂ ਕਿ ਆਪਦੇ ਅਖ਼ਬਾਰ ਵਿੱਚ ਇਸ ਪੱਤਰ ਦਾ ਅਨੁਵਾਦ ਵੀ ਛਾਪ ਦੇਵੋਗੇ।

ਸਹੀ

ਅਬਰਾਹਮ ਟੀ. ਕਾਵੂਰ

ਉਪਰੋਕਤ ਪੱਤਰ ਦੇ ਜਵਾਬ ਵਿੱਚ ਮੈਨੂੰ 27 ਫਰਵਰੀ 1978 ਦਾ ਲਿਖਿਆ ਹੋਇਆ ਖਤ ਮਿਲਿਆ।

ਕਰਾਮਾਤੀ ਜਾਂਚ ਪੜਤਾਲ ਅਤੇ ਰੂਹਾਨੀ ਇਲਾਜ ਦਾ ਕੇਂਦਰ 105/2/2

ਜੈਂਥਾ ਵੀਰਸੇਕਰ ਰੋਡ, ਕੋਲੰਬੋ—10

ਕਰਾਮਾਤੀ ਸ਼ਕਤੀਆਂ

ਸ਼੍ਰੀ ਮਾਨ ਜੀ,

ਆਪ ਜੀ ਦੇ 3 ਫਰਵਰੀ 1978 ਵਾਲੇ ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਪੱਤਰ ਦੇ ਹਵਾਲੇ ਨਾਲ ਮੈਂ ਇਸ ਗੱਲ ਤੇ ਜੋਰ ਦੇਣਾ ਚਾਹੁੰਦਾ ਹਾਂ ਕਿ ਸਾਡੀ ਵੀ ਇੱਕ ਸੰਸਥਾ ਹੈ ਜਿਹੜੀ ਕਿ ਕਰਾਮਾਤੀ ਸ਼ਕਤੀਆਂ ਦੀ ਜਾਂਚ ਪੜਤਾਲ ਕਰਨ ਨੂੰ ਪ੍ਰਣਾਈ ਹੋਈ ਹੈ ਤਾਂ ਕਿ ਸੱਚਾਈ ਜਾਣੀ ਜਾ ਸਕੇ ਅਤੇ ਇਹ ਅਸਲੀਅਤ ਆਮ ਲੋਕਾਂ ਤੱਕ ਪਹੁੰਚਾਈ ਜਾਵੇ। ਸਿਲੂਮੀਨਾ ਵਿੱਚ ਮੇਰੇ ਲੇਖ

ਰਾਹੀਂ ਮੈਂ ਤੁਹਾਨੂੰ ਚੈਲਿੰਜ ਕੋਈ ਨਹੀਂ ਕੀਤਾ, ਸਗੋਂ ਇੱਕ ਕੁੜੀ ਦੀਆਂ ਯੋਗਤਾਵਾਂ ਨੂੰ ਪਰਖਣ ਲਈ ਦੋਸਤਾਨਾ ਹੱਥ ਵਧਾਇਆ ਸੀ।

ਜੇ ਤੁਸੀਂ ਐਸੀਲੀਨ ਦੀਆਂ ਸ਼ਕਤੀਆਂ ਨੂੰ ਗਲਤ ਸਾਬਤ ਕਰ ਦੇਵੋ ਤਾਂ ਅਸੀਂ ਇਸ ਤੱਥ ਨੂੰ ਵੀ ਆਪਣੇ ਅਖ਼ਬਾਰ ਰਾਹੀਂ ਉਨੀਂ ਹੀ ਮਹੱਤਤਾ ਅਤੇ ਲੋਕ ਪ੍ਰਸਿੱਧੀ ਦੇਣ ਲਈ ਤਿਆਰ ਹਾਂ। ਇੱਕ ਹਜ਼ਾਰ ਰੁਪਏ ਜਮ੍ਹਾਂ ਕਰਾਉਣਾ ਅਤੇ ਸ੍ਰੀ ਲੰਕਾ ਰੈਸ਼ਨਲਿਸਟ ਐਸੋਸੀਏਸ਼ਨ ਸਾਹਮਣੇ ਪਰਖ ਲਈ ਪਹੁੰਚਣਾ ਕੋਈ ਔਖੀ ਗੱਲ ਨਹੀਂ। ਪ੍ਰੰਤੂ ਮੇਰੇ ਵਿਚਾਰ ਵਿੱਚ ਚੰਗਾ ਇਹੀ ਹੋਵੇਗਾ ਜੋ ਦੋਵੇਂ ਧਿਰਾਂ ਇਕੱਠੀਆਂ ਹੋ ਸਕਣ ਅਤੇ ਸਾਰੀ ਘਟਨਾ ਦੀ ਸਚਾਈ ਬਾਰੇ ਜਾਂਚ ਪੜਤਾਲ ਕਰਨ।

ਇਹ ਕੁੜੀ ਕਰੰਸੀ ਨੋਟ ਦਾ ਸਹੀ ਨੰਬਰ ਦੱਸ ਸਕਦੀ ਹੈ। ਜਦੋਂ ਨੋਟ ਨੂੰ ਕਿਸੇ ਧਾਂਤ ਜਾਂ ਲੱਕੜੀ ਦੇ ਡੱਬੇ ਵਿੱਚ ਰੱਖਿਆ ਹੋਵੇ ਅਤੇ ਜਿਸ ਵਿੱਚ ਇੱਕ ਛੋਟੀ ਸੂਈ ਦੇ ਨੱਕੇ ਜਿੰਨਾ ਸੁਰਾਖ ਹੋਵੇ। ਜਦੋਂ ਉਹ ਇੰਝ ਕਰਦੀ ਹੈ ਤਾਂ ਉਸਦੀਆਂ ਅੱਖਾਂ ਕਾਲੇ ਕੱਪੜੇ ਨਾਲ ਬੰਨੀਆਂ ਹੁੰਦੀਆਂ ਹਨ। ਮੈਨੂੰ ਕਾਲੂਅਰੱਛੀ ਨੇ ਦੱਸਿਆ ਸੀ ਕਿ ਜੇ 'ਦੋਸਤ ਰੂਹ' 'ਲਿਫਾਫੇ' ਦਾ ਸ਼ਬਦ ਮੰਨਣ ਲਈ ਰਜਾਮੰਦ ਹੋ ਜਾਂਦੀ ਹੈ ਤਾਂ ਵੀ ਕੁੜੀ ਉਸ ਵਿੱਚ ਰੱਖੇ ਹੋਏ ਕਰੰਸੀ ਨੋਟ ਦਾ ਸਹੀ ਨੰਬਰ ਦੱਸ ਸਕਦੀ ਹੈ। ਪ੍ਰੰਤੂ ਨੋਟ ਨੂੰ ਲਿਫਾਫੇ ਵਿੱਚ ਰੱਖਣ ਦੀ ਬਜਾਏ ਇਸਨੂੰ ਕਿਸੇ ਵੀ ਕਿਸਮ ਦੇ ਲੱਕੜੀ ਜਾਂ ਧਾਤ ਦੇ ਡੱਬੇ ਵਿੱਚ ਰੱਖਿਆ ਜਾ ਸਕਦਾ ਹੈ, ਜਿਸ ਵਿੱਚ ਇੱਕ ਛੋਟਾ ਜਿਹਾ ਸੁਰਾਖ ਹੋਵੇ।

ਉਹ ਕੁੜੀ ਇਹੋ ਹੀ ਕਰਾਮਾਤ ਨਹੀਂ ਵਿਖਾਉਂਦੀ। ਜਦੋਂ ਉਹ ਅੱਖਾਂ ਤੇ ਪੱਟੀ ਬੰਨ੍ਹੀ ਘੂਕ ਸੁੱਤੀ ਪਈ ਹੁੰਦੀ ਹੈ ਤਾਂ ਉਹ ਕੋਈ ਵੀ ਕਿਤਾਬ ਪੜ੍ਹ ਸਕਦੀ ਹੈ। ਜਿਹੜੀ ਵੀ ਤਸਵੀਰ ਤੁਸੀਂ ਆਖੋ ਉਹ ਬਣਾ ਸਕਦੀ ਹੈ।

ਮੇਰੀ ਰਾਇ ਹੈ ਕਿ ਕੁੜੀ ਦੀਆਂ ਕਰਾਮਾਤਾਂ ਦੀ ਪਰਖ ਕਰਨ ਲਈ, ਇਹ ਦਿਨ ਠੀਕ ਹੋਵੇਗਾ ਜੇ ਆਪਾਂ ਦੋਵੇਂ ਧਿਰਾਂ ਇੱਕ ਸਾਂਝੀ ਥਾਂ ਅਤੇ ਜੱਜਾਂ ਦਾ ਫੈਸਲਾ ਕਰ ਲਈਏ।

ਧੰਨਵਾਦ ਸਹਿਤ ਇੱਕ ਉਤਸ਼ਾਹ ਵਧਾਊ ਜਵਾਬ ਦੀ ਆਸ ਵਿੱਚ

ਸਹੀ/ ਸੀ. ਮੋਹੋਤੀ
ਸੰਪਾਦਕ ਸਿਲੂਮੀਨਾ

*ਇਸ ਪੱਤਰ ਦਾ ਮੈਂ ਹੇਠ ਲਿਖਿਆ ਜਵਾਬ ਦੇ ਦਿੱਤਾ।*

ਸ਼ੀ ਮਾਨ ਜੀ,

ਮੈਨੂੰ ਤੁਹਾਡਾ 27 ਫਰਵਰੀ ਵਾਲਾ ਜਵਾਬ ਮਿਲ ਗਿਆ ਹੈ। ਇੱਕ ਅਖੌਤੀ ਅੱਖਾਂ ਬੰਨ੍ਹੇ ਹੋਏ ਵਿਅਕਤੀ ਵੱਲੋਂ ਕਿਸੇ ਡੱਬੇ ਵਿੱਚ ਖੁੱਲ੍ਹੇ ਰੱਖੇ ਹੋਏ ਕਰੰਸੀ ਨੋਟ ਨੂੰ ਇੱਕ ਸੁਰਾਖ ਰਾਹੀਂ ਵੇਖ ਕੇ ਸਹੀ ਨੰਬਰ ਦੱਸ ਦੇਣਾ ਕੋਈ ਕਰਾਮਾਤ ਨਹੀਂ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅੱਖਾਂ ਬੰਨ੍ਹਣ ਵਿੱਚ ਕੋਈ ਘਾਟ ਰਹਿ ਜਾਂਦੀ ਹੈ ਅਤੇ ਵਿਅਕਤੀ ਉਹੋ ਕੁਝ ਪੜ੍ਹ ਰਿਹਾ ਹੁੰਦਾ ਹੈ ਜੋ ਉਸ ਨੂੰ ਵਿਖਾਈ ਦਿੰਦਾ ਹੈ। ਜੇ ਤੁਹਾਡਾ ਟੀਚਾ ਲੋਕਾਂ ਨੂੰ ਇਹ ਵਿਖਾਉਣ ਦਾ ਹੈ ਕਿ ਉਸ ਵਿਅਕਤੀ ਵਿੱਚ ਕੋਈ ਕਰਾਮਾਤੀ ਸ਼ਕਤੀਆਂ ਹਨ, ਜਿੰਨ੍ਹਾਂ ਨਾਲ ਉਹ ਬਿਨਾਂ ਅੱਖਾਂ ਵਰਤੇ ਪੜ੍ਹ ਸਕਦੀ ਹੈ ਤਾਂ ਸਭ ਤੋਂ ਵਧੀਆ ਅਤੇ ਧੋਖਾ ਰਹਿਤ ਟੈਸਟ ਇਹ ਹੋਵੇਗਾ ਕਿ ਕੁੜੀ ਦੀਆਂ ਅੱਖਾਂ ਬੰਨ੍ਹਣ ਦੀ ਬਜਾਏ ਪੜ੍ਹੀ ਜਾਣ ਵਾਲੀ ਇਬਾਰਤ ਉਸਦੀ ਨਜ਼ਰ ਤੋਂ ਦੂਰ ਰੱਖੀ ਜਾਵੇ, ਕਿਉਂਕਿ ਇਹ ਯਕੀਨੀ ਬਣਾਉਣ ਦੀ ਕੋਈ ਸੰਭਾਵਨਾ ਨਹੀਂ ਹੈ ਕਿ ਪਰਖ ਅਧੀਨ ਵਿਅਕਤੀ ਅੱਖਾਂ ਬੰਨ੍ਹ ਕੇ ਵੀ ਵੇਖ ਸਕਦਾ ਹੈ ਜਾਂ ਨਹੀਂ, ਮੈਂ ਇਹ ਨਹੀਂ ਸਮਝਦਾ ਕਿ ਇਹ ਇੱਕ ਧੋਖਾ ਰਹਿਤ ਟੈਸਟ ਹੈ।

ਆਪ ਦੇ ਖ਼ਤ ਵਿੱਚ ਤੁਸੀਂ ਲਿਖਿਆ ਹੈ, "ਇਹ ਕੁੜੀ ਸੁਰਾਖ ਵਾਲੇ ਡੱਬੇ ਵਿੱਚ ਰੱਖੇ ਹੋਏ ਨੋਟ ਦਾ ਸਹੀ ਨੰਬਰ ਦੱਸ ਸਕਦੀ ਹੈ। ਜਦੋਂ ਉਹ ਇਹ ਦੱਦੀ ਹੈ ਤਾਂ ਉਸਦੀਆਂ ਅੱਖਾਂ ਕਾਲੀ ਪੱਟੀ ਨਾਲ ਬੰਨ੍ਹੀਆਂ ਹੁੰਦੀਆਂ ਹਨ।" ਤੁਸੀਂ ਅੱਗੇ ਲਿਖਿਆ ਹੈ ਕਿ ਨੋਟ ਇੱਕ ਬੰਦ ਲਿਫਾਫੇ ਵਿੱਚ ਨਹੀਂ ਹੋਣਾ ਚਾਹੀਦਾ ਪਰੰਤੂ ਨੰਬਰ ਸਾਹਮਣੇ ਵੱਲੋਂ ਖੁੱਲ੍ਹਾ ਰੱਖਿਆ ਹੋਣਾ ਚਾਹੀਦਾ ਹੈ।

"ਇਸ ਤੋਂ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਕੁੜੀ ਅਜਿਹੀ ਕੋਈ ਚੀਜ਼ ਨਹੀਂ ਪੜ੍ਹ ਸਕਦੀ, ਜਿਹੜੀ ਉਸਨੂੰ ਵਿਖਾਈ ਨਹੀਂ ਦਿੰਦੀ। ਫੇਰ ਮੈਂ ਵੀ ਉਸ ਕੁੜੀ ਦੀਆਂ, ਤੁਹਾਡੇ ਵੱਲੋਂ ਨਿਰਧਾਰਿਤ ਸ਼ਰਤਾਂ ਅਧੀਨ, ਕਰਾਮਾਤੀ ਸ਼ਕਤੀਆਂ ਦੀ ਪਰਖ ਕਰਨ ਲਈ ਤਿਆਰ ਹਾ, ਜੇ ਨੋਟਾਂ ਵਾਲਾ ਡੱਬਾ ਕੁੜੀ ਤੋਂ ਇੱਕ ਗਜ਼ ਦੀ ਦੂਰੀ ਤੇ ਰੱਖਿਆ ਜਾਵੇ। ਉਸਦੀਆਂ ਅੱਖਾਂ ਬੰਨ੍ਹਣ ਦੀ ਕੋਈ ਲੋੜ ਨਹੀਂ। ਇੱਕ ਸੁਰਾਖ ਦੀ ਬਜਾਏ ਤੁਸੀਂ ਕਿੰਨੇ ਵੀ ਸੁਰਾਖ ਕਰ ਸਕਦੇ ਹੋ ਬਸ਼ਰਤੇ ਕਿ ਇਹ ਸੁਰਾਖਾਂ ਦਰਮਿਆਨ ਫਾਸਲਾ ਇੱਕ ਇੰਚ ਜਾਂ ਇਸ ਤੋਂ ਵੀ ਵੱਧ ਹੋਵੇ। ਮੇਹਰਬਾਨੀ ਕਰਕੇ ਇਸ ਕੁੜੀ ਨੂੰ ਸਾਡੀ ਅਗਲੀ ਮੀਟਿੰਗ ਵਿੱਚ 12 ਮਾਰਚ 1978 ਨੂੰ ਥਰਸਟਨ ਕਾਲਜ ਹਾਲ ਵਿਖੇ ਲਿਆਉਣ ਦੀ ਖੇਚਲ ਕਰਨੀ।

ਮੈਂ ਇਹ ਸਮਝਦਾ ਹਾਂ ਕਿ ਚਾਲਬਾਜ ਕਾਲੂਆਰੱਛੀ ਵੱਲੋਂ ਇਹ ਇੱਕ ਧੋਖਾ ਕੀਤਾ ਜਾ ਰਿਹਾ ਹੈ। ਇਹ ਕੁੜੀ ਅਤੇ ਇੱਕ ਹੋਰ ਮੁੰਡਾ ਕਪਟੀ ਸੰਮੋਹਕ ਨੀਂਦ (Sham Hypnosis) ਤਹਿਤ ਲਿਆਂਦੇ ਗਏ ਸਨ ਅਤੇ ਫੇਰ ਉਹਨਾਂ ਦੀਆਂ ਅੱਖਾਂ ਬੰਨ ਦਿੱਤੀਆਂ ਗਈਆਂ ਸਨ। ਉਹ ਦੋਵੇਂ ਕਾਲੂਆਰੱਛੀ ਵੱਲੋਂ ਲਿਆਂਦੇ ਹੋਏ ਮੈਗਜੀਨ ਵਿੱਚੋਂ ਪੜ੍ਹ ਸਕਦੇ ਸਨ ਅਤੇ ਕਈ ਤਸਵੀਰਾਂ ਦੀ ਪਛਾਣ ਵੀ ਕਰ ਸਕਦੇ ਸਨ। ਪ੍ਰੰਤੂ ਜਿਹੜੀਆਂ ਚੀਜ਼ਾਂ ਉਹਨਾਂ ਨੂੰ ਮੈਂ ਵਿਖਾਈਆਂ ਉਹ ਇੱਕ ਵੀ ਨਾ ਪੜ੍ਹ ਸਕੇ, ਕਿਉਂਕਿ ਜੋ ਕੁਝ ਉਹਨਾਂ ਨੂੰ ਮੈਂ ਵਿਖਾਇਆ ਉਹ ਲਿਫਾਫੇ ਵਿੱਚ ਬੰਦ ਸੀ। ਹਾਲ ਵਿੱਚ ਬੈਠੇ ਦਰਸ਼ਕਾਂ ਨਾਲ ਇਨਸਾਫ ਕਰਦੇ ਹੋਏ ਜਿਹਨਾਂ 7-50 ਰੁਪੈ ਤੱਕ ਦੀਆਂ ਟਿਕਟਾਂ ਖਰੀਦੀਆਂ ਹੋਈਆਂ ਸਨ, ਮੈਨੂੰ ਇਹ ਦੱਸਣਾ ਪਿਆ ਕਿ ਇੱਕ 'ਕਰਾਮਾਤੀ ਸ਼ੋ' ਦੇ ਢੌਂਗ ਅਧੀਨ ਇਸ ਸ਼ੋ ਦੇ ਆਯੋਜਕਾਂ ਵੱਲੋਂ ਪੈਸੇ ਕਮਾਉਣ ਲਈ ਕੀਤੀ ਗਈ ਇਹ ਇੱਕ ਠੱਗੀ ਸੀ। ਜਿੰਨੇ ਵੀ ਹਾਜ਼ਰ ਸਨ, ਉਹ ਸੰਤੁਸ਼ਟ ਹੋ ਗਏ ਕਿ ਜੋ ਕੁਝ ਉਹਨਾਂ ਨੇ ਭਗਤੀ ਅਤੇ ਰੂਹਾਂ ਦੀਆਂ ਕਰਾਮਾਤਾਂ ਦੇ ਪਰਦੇ ਵਿੱਚ ਵੇਖਿਆ ਸੀ, ਉਹ ਤਾਂ ਇੱਕ ਘਟੀਆਂ ਦਰਜੇ ਦਾ ਮਦਾਰੀ ਦਾ ਜਾਦੂ ਵਾਲਾ ਤਮਾਸ਼ਾ ਹੀ ਸੀ।

ਕੀ ਤੁਸੀਂ ਮੈਨੂੰ ਬਿਨਾਂ ਝਿਜਕ ਦੇ ਇਸ ਮੌਕੇ ਇਹ ਦੱਸਣ ਦੀ ਆਗਿਆ ਦੇਵੋਗੇ ਕਿ ਤੁਹਾਡਾ "ਰੂਹਾਨੀ ਇਲਾਜ" ਵੀ ਉਨ੍ਹਾਂ ਹੀ ਝੂਠ ਹੈ, ਜਿਨ੍ਹਾਂ ਕਿ ਕਾਲੂਆਰੱਛੀ ਦਾ "ਕਰਾਮਾਤੀ ਸ਼ੋ"। ਤੁਹਾਡੇ ਵਰਗੇ ਰੂਹਾਨੀ ਇਲਾਜ ਕਰਨ ਵਾਲੇ ਇਸਾਈਆਂ, ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਵੀ ਬਥੇਰੇ ਹਨ। ਜੋ ਕੁਝ ਉਹ ਕਰਦੇ ਹਨ ਉਹ ਭੂਤ ਕੱਢਣ ਵਾਲੇ ਸਿਆਣਿਆਂ ਜਾਂ ਢੌਂਗੀ ਡਾਕਟਰਾਂ ਨਾਲੋਂ ਕੋਈ ਵੱਖਰਾ ਨਹੀਂ ਹੈ। ਜੋ ਉਹ ਕਰਦੇ ਹਨ ਉਸਦਾ ਕਮਜੋਰ ਦਿਮਾਗ ਦੇ ਭੋਲੇਭਾਲੇ ਲੋਕਾਂ ਤੇ ਮਾਨਸਿਕ ਅਸਰ ਹੋ ਸਕਦਾ ਹੈ। ਕੀ ਤੁਸੀਂ ਸਰੀਰ ਦੇ ਕਿਸੇ ਕੱਟੇ ਹੋਏ ਅੰਗ ਜਾਂ ਉਂਗਲੀ ਨੂੰ ਆਪਣੇ "ਰੂਹਾਨੀ ਇਲਾਜ" ਰਾਹੀਂ ਅੱਧਾ ਇੰਚ ਵੀ ਵਧਾ ਸਕਦੇ ਹੋ ?

ਸਹੀ—

ਅਬਰਾਹਮ ਟੀ. ਕਾਵੂਰ

ਸ੍ਰੀ ਲੰਕਾ ਰੈਸ਼ਨਲਿਸਟ ਐਸੋਸੀਏਸ਼ਨ ਦੀ 12 ਮਾਰਚ 1978 ਦੀ ਮੀਟਿੰਗ ਵਿੱਚ ਮੋਹੋਤੀ, ਕਾਲੂਆਰੱਛੀ ਤੇ ਐਸੀਲੀਨ—ਤਿੰਨਾਂ ਵਿੱਚੋਂ ਕੋਈ ਵੀ ਨਾ ਪਹੁੰਚਿਆ। ਇੰਝ ਅਗਮ-ਨਿਗਮ ਦੀ ਸੋਝੀ ਰੱਖਣ ਵਾਲੀ ਐਸੀਲੀਨ ਦੀਆਂ ਕਰਾਮਾਤੀ ਸ਼ਕਤੀਆਂ ਦਾ ਬੇਹੱਦ ਪ੍ਰਚਾਰਿਆ ਜਾਂਦਾ ਕਿੱਸਾ ਖਤਮ ਹੋਇਆ।

# ਗੁਸਲਖਾਨੇ ਵਿੱਚ ਭੂਤ

ਬਾਰ੍ਹਾਂ ਵਰਿਆਂ ਦੀ ਨੂਨੀਆਂ ਆਪਣੀ ਮਾਂ-ਬਾਪ ਦੀਆਂ ਅੱਖਾਂ ਦਾ ਤਾਰਾ ਸੀ। ਉਹ ਬਹੁਤ ਹੀ ਸੁੰਦਰ, ਸਿਹਤਮੰਦ ਤੇ ਸਮਝਦਾਰ ਸੀ। ਉਸਦੇ ਮਨਮੌਜੀ ਸੁਭਾਅ ਅਤੇ ਦੂਜੇ ਬੱਚਿਆਂ ਨਾਲ ਮਿਲਕੇ ਖੇਡਣ, ਨੱਚਣ ਅਤੇ ਗਾਣ ਦੀ ਯੋਗਤਾ ਨੇ ਆਪਣੀਆਂ ਸਾਥਣਾਂ ਅਤੇ ਸਹਿਪਾਠੀਆਂ ਵਿੱਚ ਹਰਮਨ ਪਿਆਰਾ ਬਣਾ ਦਿੱਤਾ ਸੀ।

ਵੋਲਫੰਡਨ ਹਾਲ ਗਰਲਜ਼ ਹਾਈ ਸਕੂਲ, ਜਿੱਥੇ ਉਹ ਪੜ੍ਹਦੀ ਸੀ, ਕਿਸੇ ਵੀ ਇਮਤਿਹਾਨ ਵਿੱਚ ਉਹ ਪੰਜਵੇਂ ਸਥਾਨ ਤੇ ਆਈ ਸੀ। ਉਹ ਹਿਸਾਬ ਅਤੇ ਭਾਸ਼ਣ ਮੁਕਾਬਲਿਆਂ ਵਿੱਚੋਂ ਅੱਵਲ ਰਹੀ ਸੀ।

**ਅਚਨਚੇਤੀ ਤਬਦੀਲੀ**

31 ਜੁਲਾਈ 1964 ਤੱਕ ਕੋਲੰਬੋ ਸ਼ਹਿਰ ਦੀ ਮੇਸੈਂਜਰ ਸਟਰਾਟ ਵਿਖੇ ਨੂਨੀਆ ਦਾ ਘਰ ਖੁਸ਼ੀਆਂ ਦਾ ਖੇੜਾ ਸੀ। ਇਸ ਤਾਰੀਖ ਤੋਂ ਬਾਅਦ ਨੂਨੀਆ ਅਤੇ ਘਰ ਦੇ ਹੋਰ ਜੀਆਂ ਵਿੱਚ ਅਚਾਨਕ ਹੀ ਤਬਦੀਲੀ ਆ ਗਈ। ਨੂਨੀਆ ਨੇ ਹੋਰ ਹੀ ਤਰ੍ਹਾਂ ਦਾ ਵਿਵਹਾਰ ਕਰਨਾ ਆਰੰਭ ਕਰ ਦਿੱਤਾ। ਸਦਾ ਮਨਮੌਜੀ ਸੁਭਾਅ ਕਿਧਰੇ ਖੰਭ ਲਾ ਕੇ ਹੀ ਉੱਡ ਗਿਆ। ਉਸ ਦੀਆਂ ਅੱਖਾਂ ਆਮ ਨਾਲੋਂ ਵੱਧ ਟੱਡੀਆਂ ਰਹਿਣ ਲੱਗੀਆਂ। ਉਹਦੇ ਡੇਲੇ ਬਾਹਰ ਨੂੰ ਨਿੱਕਲੇ ਹੁੰਦੇ ਅਤੇ ਅੱਖਾਂ ਵਿੱਚ ਗਿੱਡ ਆਈ ਰਹਿੰਦੀ।

ਹਰ ਰੋਜ਼ ਰਾਤ ਪੈਂਦੇ ਹੀ ਉਹ ਉੱਚੀ ਉੱਚੀ ਚੀਖਣਾ ਸ਼ੁਰੂ ਕਰ ਦਿੰਦੀ ਅਤੇ ਆਪਣੇ ਸਰੀਰ ਨੂੰ ਤੋੜਦੀ ਮਰੋੜਦੀ। ਮਾਂ-ਪਿਉ ਲਈ ਉਸਨੂੰ ਸੰਭਾਲਣਾ ਮੁਸ਼ਕਲ ਸੀ। ਕਈ ਵਾਰੀ ਉਸਨੇ ਘਰੋਂ ਭੱਜ ਜਾਣ ਦੀ ਕੋਸ਼ਿਸ਼ ਵੀ ਕੀਤੀ। ਕੁੱਝ ਵੀ ਉਸਨੂੰ ਸ਼ਾਂਤ ਨਾ ਕਰ ਸਕਿਆ। ਜਦੋਂ ਉਸਨੂੰ ਚੀਕਣ ਦਾ ਕਾਰਣ ਪੁੱਛਿਆ ਜਾਂਦਾ ਤਾਂ ਉਹ ਇਹੋ ਹੀ ਕਹਿੰਦੀ ਕਿ ਕੋਈ ਉਸ ਦੀ ਸੰਘੀ ਘੁੱਟਦਾ ਹੈ। ਇਸ ਸਹਿਮ ਤਹਿਤ ਉਹ ਅਵਾ ਤਵਾ ਬੋਲਦੀ। ਕਈ ਵਾਰੀ ਉਹ ਇੰਝ ਜਾਪਦੀ ਜਿਵੇਂ ਕਿ ਸਮਾਧੀ ਲਾਈ ਹੋਵੇ ਅਤੇ ਉਹ ਆਪਣੇ ਚਚੇਰੀ ਭੈਂਣ ਵਾਂਗੂੰ ਗੱਲਾਂ ਕਰਦੀ, ਜਿਹੜਾ ਕਈ ਮਹੀਨੇ ਪਹਿਲਾਂ ਮਰਿਆ ਸੀ। ਉਹ ਜਦੋਂ ਥੱਕ ਕੇ ਚਕਨਾਚੂਰ ਹੋ ਜਾਂਦੀ ਤਾਂ ਟਿਕ ਜਾਂਦੀ।

**ਟੂਣੇ ਕਰਵਾਉਣੇ**

ਨੂਨੀਆ ਦੇ ਇਸ ਵਿਵਹਾਰ ਨੇ ਘਰਦੇ ਦੂਜੇ ਮੈਂਬਰਾਂ ਨੂੰ ਪਰੇਸ਼ਾਨ ਕਰ ਦਿੱਤਾ। ਨਜ਼ਦੀਕੀ ਸਬੰਧੀਆਂ ਨੇ ਆਉਣਾ ਜਾਣਾ ਸ਼ੁਰੂ ਕਰ ਦਿੱਤਾ-ਕਈਆਂ ਨੇ ਹਮਦਰਦੀ ਨਾਲ ਅਤੇ ਕਈਆਂ ਨੇ ਉਤਸੁਕਤਾ ਕਾਰਨ, ਉਹ ਸਾਰੇ ਮਾਂ ਬਾਪ ਨੂੰ ਇਸ ਤਕਲੀਫ ਤੋਂ ਛੁਟਕਾਰਾ ਪਾਉਣ ਦੇ ਸਭ ਤੋਂ ਵਧੀਆ ਢੰਗ ਬਿਨਾਂ ਕਿਸੇ ਫੀਸ ਦੇ ਦੱਸ ਦਿੰਦੇ। ਕਈ ਟੂਣੇ ਤਵੀਤ ਕਰਨ ਵਾਲਿਆਂ ਬਾਰੇ ਦੱਸਿਆ ਗਿਆ। ਅਜਿਹੇ ਸੰਕਟ ਦੇ ਸਮਿਆਂ ਵਿੱਚ ਅਕਸਰ ਲੋਕ ਨੀਮ-ਹਕੀਮਾਂ ਦੇ ਟੇਟੇ ਚੜ੍ਹ ਜਾਂਦੇ ਹਨ ਭਾਵੇਂ ਉਹ ਕਿੰਨੇ ਵੀ ਸਮਝਦਾਰ ਕਿਉਂ ਨਾ ਹੋਣ।

ਸਭ ਤੋਂ ਪਹਿਲਾਂ ਇੱਕ ਲੋਕਲ ਟੂਣੇਹਾਰ ਨੂੰ ਲਿਆਂਦਾ ਗਿਆ, ਜਿਸ ਨੂੰ ਵੈਲਾ ਕੁਰੂਵੀ ਆਖਦੇ ਸਨ ਅਤੇ ਜਿਹੜਾ ਡੀਨ ਰੋਡ ਤੇ ਰਹਿੰਦਾ ਸੀ। ਇਸ ਬੰਦੇ ਨੇ ਲੰਮੇ-ਲੰਮੇ ਮੰਤਰ ਪੜ੍ਹਨ ਉਪਰੰਤ ਨੂਨੀਆ ਦੇ ਵਾਲਾਂ ਵਿੱਚ ਪੰਜ ਗੰਢਾਂ ਦੇ ਦਿੱਤੀਆਂ। ਫਿਰ ਉਸ ਨੇ ਨੂਨੀਆ ਦੇ ਸੱਜੇ ਗੁੱਟ ਤੇ ਕੇਸਰੀ ਰੰਗ ਦਾ ਧਾਗਾ ਬੰਨ੍ਹ ਦਿੱਤਾ। ਆਪਣੀ ਫੀਸ ਲੈਣ ਮਗਰੋਂ ਵੈਲਾ ਕੁਰੂਵੀ ਇਹ ਇਹ ਆਖ ਕੇ ਚਲਿਆ ਗਿਆ ਕਿ ਹੁਣ ਕੋਈ ਤਕਲੀਫ ਨਹੀਂ ਹੋਵੇਗੀ। ਪਰੰਤੂ ਅਗਲੀ ਸਵੇਰ ਕੁੜੀ ਫੇਰ ਉਸੀ ਤਰ੍ਹਾਂ ਹੀ ਚੀਕਣ ਲੱਗ ਪਈ।

ਕੁੱਝ ਦਿਨਾਂ ਮਗਰੋਂ ਇੱਕ ਗੁਆਂਢੀ ਦੇ ਕਹਿਣ ਤੇ ਇੱਕ ਮਲਿਆਲੀ ਟੂਣੇਹਾਰ ਲਿਆਂਦਾ ਗਿਆ। ਉਸ ਨੇ ਕਾਗਜ਼ ਤੇ ਕੁਰਾਨ ਵਿੱਚੋਂ ਅਰਬੀ ਦੇ ਕੁਝ ਸਲੋਕ ਲਿਖੇ, ਉਸ ਨੂੰ ਗੋਲ ਆਕਾਰ ਵਿੱਚ ਮੋੜਿਆ ਅਤੇ ਉਸ ਨੂੰ ਇੱਕ ਕਾਲੇ ਧਾਗੇ ਨਾਲ ਬੰਨ੍ਹ ਦਿੱਤਾ। ਫਿਰ ਇਸ ਨੂੰ ਪਿਘਲੀ ਹੋਈ ਮੋਮ ਵਿੱਚ ਡੁਬੋ ਦਿੱਤਾ ਤਾਂ ਕਿ ਇਹ ਵਾਟਰ ਪਰੂਫ ਬਣ ਜਾਵੇ। ਫਿਰ ਉਸ ਤੇ ਇੱਕੀ ਗੰਢਾਂ ਦੇ ਕੇ ਇਕ ਕਾਲਾ ਧਾਗਾ ਬੰਨਿਆ ਗਿਆ। ਇਸ ਨੂੰ ਨੂਨੀਆ ਦੇ ਗਲ ਵਿੱਚ ਬੰਨ੍ਹ ਕੇ, ਉਸ ਨੇ ਫੀਸ ਲਈ ਤੇ ਚਲਿਆ ਗਿਆ। ਕੁੜੀ ਫਿਰ ਵੀ ਚੀਕਾਂ ਮਾਰਦੀ ਰਹੀ।

ਤੀਜੀ ਵਾਰੀ ਯੂਨੀਅਨ ਪਲੇਸ ਕੋਲੰਬੋ ਤੋਂ ਇੱਕ ਬਜੁਰਗ ਮੁਸਲਮਾਨ ਸਿਆਣਾ ਲਿਆਂਦਾ ਗਿਆ। ਇਹ ਸਿਆਣਾ ਭੂਤਾਂ ਨੂੰ ਧੂੰਏਂ ਨਾਲ ਬਾਹਰ ਕੱਢਦਾ ਸੀ, ਜਿਵੇਂ ਸੱਪ ਅਤੇ ਚੂਹੇ ਧੂੰਆਂ ਕਰਕੇ ਖੁੱਡਾਂ ਵਿੱਚੋਂ ਬਾਹਰ ਕੱਢੇ ਜਾਂਦੇ ਹਨ। ਇੱਕ ਭਾਂਡੇ ਵਿੱਚ ਉਸ ਨੇ ਸੁੱਕੀ ਹੋਈ ਗਧੇ ਦੀ ਲਿੱਦ ਪਾਈ ਅਤੇ ਉਸ ਨੂੰ ਅੱਗ ਲਾ ਦਿੱਤੀ। ਜਦੋਂ ਲਿੱਦ ਵਿੱਚ ਧੂੰਏਂ ਦੀਆਂ ਜੋਰਦਾਰ ਲਾਟਾਂ ਨਿਕਲਣ ਲੱਗ ਪਈਆਂ ਤਾਂ ਉਸਨੇ ਉਸ ਬਰਤਨ ਨੂੰ ਕਈ ਵਾਰੀ ਕੁੜੀ ਦੇ ਸਰੀਰ ਦੇ ਨੇੜੇ ਦੀ ਘੁੰਮਾਇਆ ਅਤੇ ਹਰ ਵਾਰੀ ਅਰਬੀ ਵਿੱਚ ਕੋਈ ਜਾਪ ਕੀਤਾ। ਉਸਨੂੰ ਵੀ ਉਸ ਦੀ ਫੀਸ ਦਿੱਤੀ ਗਈ ਭਾਵੇਂ ਕੋਈ ਆਰਾਮ ਨਾ ਆਇਆ।

**ਇੱਕ ਤਬਦੀਲੀ**

ਜਦੋਂ ਉਹ ਰਸੋਈ ਦੇ ਨਜ਼ਦੀਕ ਗੁਸਲਖਾਨੇ ਵਿੱਚ ਜਾਂਦੀ ਤਾਂ ਉਹ ਬਹੁਤ ਹੀ ਡਰ ਜਾਦੀ ਅਤੇ ਚੀਕਾਂ ਮਾਰਦੀ। ਕਈਆਂ ਹਮਦਰਦਾਂ ਨੇ ਇਹ ਸਲਾਹ ਦਿੱਤੀ ਕਿ ਕੁਝ ਦਿਨਾਂ ਲਈ ਉਸ ਨੂੰ ਘਰੋਂ ਬਾਹਰ ਲਿਜਾਇਆ ਜਾਵੇ। ਇੰਝ ਨੂੰਨੀਆਂ ਨੂੰ ਉਸ ਦੀ ਚਾਚੀ ਦੇ ਘਰ ਭੇਜਣ ਦਾ ਫੈਸਲਾ ਕੀਤਾ ਗਿਆ। ਉਹ ਕੁਝ ਦਿਨ ਉੱਥੇ ਰਹੀ ਅਤੇ ਉਸ ਦੀ ਹਾਲਤ ਵਿੱਚ ਸੁਧਾਰ ਹੋ ਗਿਆ। ਪ੍ਰੰਤੂ ਕੁਝ ਦਿਨ ਮਗਰੋਂ ਉਸ ਨੇ ਘਰੇ ਵਾਪਿਸ ਆਉਣਾ ਚਾਹਿਆ।

ਜਦੋਂ ਉਹ ਵਾਪਸ ਆਈ ਤਾਂ ਤਕਲੀਫ ਪਹਿਲਾਂ ਨਾਲੋਂ ਵੀ ਵੱਧ ਦੁਬਾਰਾ ਸ਼ੁਰੂ ਹੋ ਗਈ। ਹੁਣ ਉਸ ਨੇ ਆਪਣੇ ਮਰੇ ਹੋਏ ਚਚੇਰੀ ਭੈਂਣ ਦੇ ਭੂਤ ਬਾਰੇ ਸ਼ਿਕਾਇਤ ਕਰਨੀ ਸ਼ੁਰੂ ਕਰ ਦਿੱਤੀ, ਜਿਹੜਾ ਉਸ ਨੂੰ ਨਾਲ ਚੱਲਣ ਨੂੰ ਆਖਦਾ ਸੀ। ਮਾਂ ਬਾਪ ਭੂਤ ਬਾਰੇ ਸੁਣ ਕੇ ਹੋਰ ਵੀ ਭੈਭੀਤ ਹੋ ਗਏ। ਉਹਨਾਂ ਨੇ ਕਿਸੇ ਹੋਰ ਸ਼ਕਤੀਸ਼ਾਲੀ ਸਿਆਣੇ ਦੀ ਮੱਦਦ ਲੈਣ ਦਾ ਫੈਸਲਾ ਕੀਤਾ।

ਸਿਰੀਪਨਾ ਲੇਨ ਕੋਲੰਬੋ ਤੋਂ ਚੌਥਾ ਬਜੁਰਗ ਮੁਸਲਮਾਨ ਸਿਆਣਾ ਲਿਆਂਦਾ ਗਿਆ। ਪਹਿਲੇ ਟੂਣੇਹਾਰਾਂ ਵਾਂਗੂੰ ਉਸਨੇ ਵੀ ਕਈ ਜਾਦੂਵਾਲੇ ਧਾਗੇ ਕੁੜੀ ਦੇ ਗਲ ਅਤੇ ਗੁੱਟ ਉੱਤੇ ਬੰਨ੍ਹ ਦਿੱਤੇ। ਪਰੰਤੂ ਇਹਨਾਂ ਦਾ ਵੀ ਕੋਈ ਫਾਇਦਾ ਨਾ ਹੋਇਆ।

ਇਸ ਤੋਂ ਮਗਰੋਂ ਇੱਕ ਸਿੰਹਾਲੀ ਸਿਆਣਾ ਗੁਰੂ ਨੰਨਸੇ ਬਾਰਬਰ ਸਟਰੀਟ ਕੋਲੰਬੋ ਤੋਂ ਮੰਗਵਾਇਆ ਗਿਆ। ਉਸਨੇ ਦੱਸਿਆ ਕਿ ਇਹ ਕਿਸੇ ਦੁਸ਼ਮਣ ਦਾ ਕੰਮ ਹੈ ਅਤੇ ਇਸ ਨੂੰ ਚੌਂਕੀ ਲਾ ਕੇ ਹੀ ਕੱਢਿਆ ਜਾ ਸਕਦਾ ਹੈ। ਚੌਂਕੀ ਲਗਵਾਈ ਗਈ ਅਤੇ ਨੂਨੀਆ ਦੇ ਗਲ ਵਿੱਚ ਇੱਕ ਤਵੀਤ ਬੰਨ੍ਹ ਦਿੱਤਾ ਗਿਆ। ਜਦੋਂ ਚੌਂਕੀ ਭਰਨ ਦਾ ਵੀ ਕੋਈ ਲਾਭ ਨਾ ਹੋਇਆ ਤਾਂ ਮਾਸਕੈਲੀਆ ਤੋਂ ਇੱਕ ਮਸ਼ਹੂਰ ਮਲਿਆਲੀ ਮੁਸਲਮਾਨ ਮੁੱਲਾਂ ਨੂੰ ਸੱਦਿਆ ਗਿਆ। ਉਸਨੇ ਦੋ ਦਿਨ ਮੰਤਰਾਂ ਦਾ ਜਾਪ ਕੀਤਾ। ਫਿਰ ਮੁੱਲਾਂ ਨੇ ਕੁੜੀ ਦੇ ਪਿਉ ਨੂੰ ਇੱਕ ਤਵੀਤ, ਬਿਨਾਂ ਕੁੜੀ ਦੀ ਜਾਣਕਾਰੀ ਦੇ ਉਸਦੇ ਸਿਰਹਾਣੇ ਵਿੱਚ ਰੱਖਣ ਲਈ ਦੇ ਦਿੱਤਾ। ਇਸਦਾ ਵੀ ਕੋਈ ਅਸਰ ਨਾ ਹੋਇਆ।

ਛੇ ਟੂਣੇਹਾਰਾਂ ਤੇ ਚੰਗੀ ਖਾਸੀ ਰਕਮ ਖਰਚ ਕਰਨ ਉਪਰੰਤ ਮਾਂ-ਬਾਪ ਨੇ ਇਸ ਪੜ੍ਹੇ ਲਿਖੇ ਦੋਸਤ ਦੀ ਗੱਲ ਮੰਨਣ ਲਈ ਸਹਿਮਤੀ ਪ੍ਰਗਟ ਕੀਤੀ। ਇਹ ਦੋਸਤ ਆਰੰਭ ਤੋਂ ਹੀ ਇਹਨਾਂ ਜਾਦੂ ਟੂਣਿਆਂ ਦੇ ਵਿਰੁੱਧ ਸੀ।

**ਕਾਵੂਰ ਨੂੰ ਮਿਲਣਾ**

20 ਅਗਸਤ, 1964 ਨੂੰ ਨੂਨੀਆ ਦੇ ਪਿਤਾ ਅਹਿਮਦ ਅਤੇ ਚਾਚਾ ਅਮੀਦ ਇੱਕ ਅੰਗਰੇਜੀ ਅਖ਼ਬਾਰ ਦੇ ਸਹਾਇਕ ਸੰਪਾਦਕ ਮਿਸਟਰ ਐਮ. ਐਮ. ਤੌਫੀਕ ਦਾ ਖਤ ਲੈ ਕੇ ਆਏ। ਅਹਿਮਦ ਅਤੇ ਅਮੀਦ ਨੇ ਘਰ ਵਿੱਚ ਵਾਪਰੀ ਹਰ ਘਟਨਾ ਵਿਸਥਾਰ ਪੂਰਵਕ ਦੱਸੀ। ਉਹਨਾਂ ਨੂੰ ਚੰਗੀ ਤਰ੍ਹਾਂ ਸੁਣ ਲੈਣ ਮਗਰੋਂ ਮੈਂ ਉਹਨਾਂ ਨੂੰ 24 ਅਗਸਤ, 1964 ਨੂੰ ਕੁੜੀ 2.30 ਵਜੇ ਸ਼ਾਮੀ ਲਿਆਉਣ ਲਈ ਆਖਿਆ। ਨਿਸ਼ਚਿਤ ਦਿਨ ਚਾਰ ਬੰਦੇ, ਤਿੰਨ ਔਰਤਾਂ ਅਤੇ ਦੋ ਮੁੰਡੇ ਨੂਨੀਆ ਨੂੰ ਨਾਲ ਲੈ ਕੇ ਪੰਮਾਂਕਡਾ ਲੇਨ ਵਿਖੇ ਆ ਪਹੁੰਚੇ। ਇੰਝ ਜਾਪਦਾ ਸੀ ਜਿਵੇਂ ਕੁੜੀ ਬੇਹੋਸ਼ ਹੋਵੇ ਅਤੇ ਉਸਨੂੰ ਦੋ ਔਰਤਾਂ ਨੇ ਫੜ ਕੇ ਅੰਦਰ ਲਿਆਂਦਾ।

ਬਾਕੀ ਸਭ ਨੂੰ ਡਿਉਢੀ ਵਿੱਚ ਬਿਠਾ ਕੇ ਮੇਰੀ ਪਤਨੀ ਨੇ ਨੂਨੀਆ ਨੂੰ ਉਪਰ ਵਾਲੇ ਕਮਰੇ ਵਿੱਚ ਲੈ ਆਂਦਾ। ਪਹਿਲਾਂ ਉਸਨੇ ਉੱਪਰ ਜਾਣ ਤੋਂ ਨਾਂਹ ਨੁੱਕਰ ਕੀਤੀ। ਪਰੰਤੂ ਥੋੜੀ ਜਿਹੀ ਪੁਚਕਾਰਨ ਬਾਅਦ ਉਹ ਸ਼੍ਰੀ ਮਤੀ ਕਾਵੂਰ ਨਾਲ ਉੱਪਰ ਚਲੀ ਗਈ।

ਨੂਨੀਆ ਦਾ ਸਰੀਰ ਕਈ ਕਿਸਮ ਦੇ ਧਾਗਿਆਂ ਅਤੇ ਤਵੀਤਾਂ ਨਾਲ ਸ਼ਿੰਗਾਰਿਆ ਹੋਇਆ ਸੀ। ਇਹ ਛੇ ਕਾਲੇ ਅਤੇ ਗੋਰੇ ਜਾਦੂਗਰਾਂ ਦੀਆਂ ਸੰਜੀਵਨੀ ਬੂਟੀਆਂ ਹਨ। ਮੈਂ ਸਭ ਤੋਂ ਪਹਿਲਾਂ ਕੈਂਚੀ ਨਾ ਇਹ ਧਾਗੇ ਤਵੀਤ ਕੱਟ ਦਿੱਤੇ। ਫਿਰ ਉਸ ਨੂੰ ਆਰਾਮ ਨਾਲ ਲੇਟ ਜਾਣ ਲਈ ਆਖਿਆ।

ਹਿਪਨੋਸਿਸ ਤਹਿਤ ਨੂਨੀਆ ਨੇ ਆਪਣਾ ਅਰਧ ਸੁਚੇਤ ਮਨ ਖੋਲ੍ਹ ਦਿੱਤਾ ਅਤੇ ਖੁੱਲ੍ਹ ਕੇ ਦੱਸਣਾ ਸ਼ੁਰੂ ਕਰ ਦਿੱਤਾ। ਮੈਂ ਹੇਠ ਲਿਖੀ ਸੂਚਨਾ ਉਸ ਤੋਂ ਇੱਕੱਤਰ ਕਰ ਸਕਿਆ।

ਨੂਨੀਆ ਆਪਣੀ ਚਚੇਰੀ ਭੈਣ ਜ਼ਰੀਨਾ ਨੂੰ ਬਹੁਤ ਪਿਆਰ ਕਰਦੀ ਸੀ। 14 ਮਈ 1964 ਨੂੰ ਜ਼ਰੀਨਾ ਇੱਕ ਦਿਨ ਘਰੇ ਉਸ ਕੋਲ ਰਹੀ ਸੀ। ਸਾਰਾ ਦਿਨ ਦੋਵੇਂ ਸਹੇਲੀਆਂ ਚੋਹਲ-ਮੋਹਲ ਕਰਦੀਆਂ ਖੇਡਦੀਆਂ ਰਹੀਆਂ ਸਨ। ਸ਼ਾਮ ਦੇ ਕਰੀਬ ਜ਼ਰੀਨਾ ਨੇ ਦੱਸਿਆ ਕਿ ਉਸਦੇ ਸਿਰ ਵਿੱਚ ਦਰਦ ਸੀ। ਅਗਲੇ ਦਿਨ ਡਾਕਟਰ ਨੂੰ ਵਿਖਾਇਆ ਗਿਆ। ਡਾਕਟਰ ਨੇ ਦੱਸਿਆ ਕਿ ਇਹ ਕੇਸ ਕਿਸੇ ਦਿਮਾਗੀ ਮਾਹਰ ਨੂੰ ਵਿਖਾਉਣਾ ਚਾਹੀਦਾ ਸੀ। ਸ਼੍ਰੀ ਲੰਕਾ ਦੇ ਦੋ ਪ੍ਰਸਿੱਧ ਦਿਮਾਗੀ ਮਾਹਿਰਾਂ ਨੇ ਜ਼ਰੀਨਾ ਦੀ ਜਾਂਚ ਕੀਤੀ ਤੇ ਦੱਸਿਆ ਕਿ ਉਸਦੇ ਦਿਮਾਗ ਵਿੱਚ ਫੋੜਾ ਸੀ, ਜਿਸਦਾ ਪਹਿਲਾਂ ਪਤਾ ਨਹੀ ਸੀ ਲੱਗਿਆ। ਦੋਵਾਂ ਨੇ ਫੌਰਨ ਅਪਰੇਸ਼ਨ ਕਰਾਉਣ ਦੀ ਸਲਾਹ ਦਿੱਤੀ। ਮਾਂ ਬਾਪ ਦੀ ਮਰਜੀ ਅਨੁਸਾਰ ਜਨਰਲ ਹਸਪਤਾਲ ਵਿੱਚ ਜ਼ਰੀਨਾ ਦਾ ਸਫਲ ਅਪਰੇਸ਼ਨ ਕੀਤਾ ਗਿਆ, ਪ੍ਰੰਤੂ ਸਰਜਨ ਇਸ ਤੋਂ ਸੰਤੁਸ਼ਟ ਨਹੀਂ ਸਨ। ਜ਼ਰੀਨਾ ਦੋ ਦਿਨ ਬੇਹੋਸ਼ ਰਹੀ ਅਤੇ 18 ਮਈ 1964 ਨੂੰ ਮਰ ਗਈ।

ਜ਼ਰੀਨਾ ਦੀ ਬੇਵਕਤ ਮੌਤ ਉਸਦੇ ਸਾਰੇ ਰਿਸ਼ਤੇਦਾਰਾਂ ਲਈ ਇੱਕ ਬਹੁਤ ਵੱਡਾ ਸਦਮਾ ਸੀ ਅਤੇ ਉਸਦੀ ਪੱਕੀ ਸਹੇਲੀ ਨੂਨੀਆ ਲਈ ਖਾਸ ਤੌਰ ਤੇ। ਜ਼ਰੀਨਾ ਦੀ ਦੇਹ ਘਰੇ ਲਿਆਂਦੀ ਗਈ ਅਤੇ ਅਗਲੀ ਸਵੇਰ ਦਫਨਾ ਦਿੱਤੀ। ਭਾਵੇਂ ਕਿਸੇ ਵੀ ਬੱਚੇ ਨੂੰ ਜ਼ਰੀਨਾ ਦੀ ਲਾਸ਼ ਵੇਖਣ ਨਹੀਂ ਸੀ ਦਿੱਤੀ ਗਈ, ਫਿਰ ਵੀ ਨੂਨੀਆ ਆਪਣੀ ਸਹੇਲੀ ਦੇ ਅੰਤਮ ਦਰਸ਼ਨ ਕਰਨ ਲਈ ਔਰਤਾਂ ਵਿੱਚੋਂ ਦੀ ਲੰਘ ਆਈ। ਸਾਰੀ ਦੇਹ ਚਿੱਟੇ ਕੱਪੜੇ ਵਿੱਚ ਲਪੇਟੀ ਹੋਈ ਸੀ, ਸਿਰਫ ਮੂੰਹ ਹੀ ਨੰਗਾ ਸੀ।

ਜਿਉਂ ਜਿਉਂ ਦਿਨ ਲੰਘਦੇ ਗਏ ਜ਼ਰੀਨਾ ਦੀ ਮੌਤ ਦੀ ਯਾਦ ਘਰ ਵਾਲਿਆਂ ਦੇ ਦਿਲਾਂ ਵਿੱਚੋਂ ਭੁੱਲਦੀ ਗਈ ਪਰੰਤੂ ਛੋਟੇ ਬੱਚੇ ਖਾਸ ਤੌਰ ਤੇ ਨੂਨੀਆ ਇਸਨੂੰ ਨਾ ਭੁਲਾ ਸਕੇ। ਨੂਨੀਆ ਅਤੇ ਉਸਦਾ ਭਰਾ ਅਕਸਰ ਜ਼ਰੀਨਾ ਨਾਲ ਖੇਡਣ ਦੀਆਂ ਗੱਲਾਂ ਕਰਦੇ ਰਹਿੰਦੇ।

**ਭੂਤ**

15 ਜੁਲਾਈ 1964 ਨੂੰ ਜਦੋਂ ਸਾਰੇ ਬੱਚੇ ਰਾਤ ਨੂੰ ਸੌਂ ਰਹੇ ਸਨ ਤਾਂ ਨੂਨੀਆ ਦਾ ਛੋਟਾ ਭਰਾ ਨੈਨਾ ਜਾਗ ਪਿਆ ਅਤੇ ਭੱਜਕੇ ਆਪਣੀ ਮਾਂ ਕੋਲੇ ਗਿਆ ਅਤੇ ਦੱਸਿਆ ਕਿ ਉਸਨੂੰ ਹਵਾ ਵਿੱਚ ਉੱਡਦਾ ਹੋਇਆ ਜ਼ਰੀਨਾ ਦਾ ਭੂਤ ਵਿਖਾਈ ਦਿੱਤਾ ਹੈ। ਮਾਂ ਸਹਿਮ ਗਈ। ਫਿਰ ਵੀ ਉਸ ਨੇ ਨੈਨਾ ਨੂੰ ਨਾਲ ਲੈ ਕੇ ਉਸਦੇ ਕਮਰੇ ਵਿੱਚ ਜਾ ਕੇ ਭੂਤ ਵੇਖਣ ਦਾ ਫੈਸਲਾ ਕੀਤਾ। ਨੈਨਾ ਨੇ ਨੁੱਕਰ ਵਿੱਚ ਖੜੀ ਭੂਤ ਵੱਲ ਇਸ਼ਾਰਾ ਕੀਤਾ। ਜਦੋਂ ਬੱਤੀ ਜਗਾਈ ਗਈ ਤਾਂ ਪਤਾ ਲੱਗਿਆ ਕਿ ਉਹ ਤਾਂ ਟੰਗਣੀ ਤੇ ਇੱਕ ਪੇਟੀਕੋਟ ਟੰਗਿਆ ਹੋਇਆ ਸੀ। ਨੈਨਾ ਇਸ ਤੋਂ ਸੰਤੁਸ਼ਟ ਹੋ ਗਿਆ ਕਿ ਜੋ ਉਸ ਨੇ ਵੇਖਿਆ ਸੀ, ਭੂਤ ਨਹੀਂ ਸਗੋਂ ਪੇਟੀਕੋਟ ਸੀ।

ਅਗਲੇ ਦਿਨ ਨੈਨਾ ਅਤੇ ਉਸਦੀ ਮਾਂ ਨੇ ਇਹ ਕਹਾਣੀ ਬਾਕੀ ਸਭ ਜੀਆਂ ਨੂੰ ਸੁਣਾਈ, ਸਾਰੇ ਖੂਬ ਹੱਸੇ। ਭਾਵੇਂ ਬਾਕੀ ਸਾਰਿਆਂ ਲਈ ਇਹ ਹਾਸੇ ਮਖੌਲ ਦੀ ਇੱਕ ਆਮ ਜਿਹੀ ਘਟਨਾ ਸੀ ਪਰ ਭਾਵੁਕ ਨੂਨੀਆ ਲਈ ਇਹ ਇੰਝ ਨਹੀਂ ਸੀ। ਉਹ ਇਸ ਦਿਨ ਤੋਂ ਬਹੁਤ ਉਦਾਸ ਰਹਿਣ ਲੱਗੀ।

31 ਜੁਲਾਈ 1964 ਨੂੰ ਉਹ ਰਸੋਈ ਵਿਚਲੇ ਹਨੇਰੇ ਰਸਤੇ ਰਾਹੀਂ ਗੁਸਲਖਾਨੇ ਵਿੱਚ ਆ ਗਈ। ਉਥੇ ਹਨੇਰੇ ਗੁਸਲਖਾਨੇ ਵਿੱਚ ਉਸਨੇ ਜ਼ਰੀਨਾ ਦੇ ਭੂਤ ਦਾ ਚਿਹਰਾ ਵੇਖਿਆ, ਬਾਕੀ ਸਾਰਾ ਸਰੀਰ ਚਿੱਟੇ ਕੱਪੜੇ ਨਾਲ ਢੱਕਿਆ ਹੋਇਆ ਸੀ। ਉਹ ਚੀਕਾਂ ਮਾਰਦੀ ਬਾਹਰ ਦੌੜ ਆਈ। ਉਸ ਦਿਨ ਉਹ ਇਕੱਲੀ ਸੌਣ ਤੋਂ ਡਰਦੀ ਰਹੀ। ਉਹ ਆਪਣੀ ਮਾਂ ਨਾਲ ਸੁੱਤੀ ਅਤੇ ਨੀਂਦ ਦੌਰਾਨ ਕਈ ਵਾਰ ਚੀਕਾਂ ਮਾਰ ਕੇ ਜਾਗ ਪਈ। ਉਸਨੇ ਦੱਸਿਆ ਕਿ ਜ਼ਰੀਨਾ ਦਾ ਭੂਤ ਉਸ ਨਾਲ ਜਾਣ ਲਈ ਆਖ ਰਿਹਾ ਸੀ। ਉਸਨੇ ਦੱਸਿਆ ਕਿ ਜਦੋਂ ਉਸਨੇ ਜਾਣ ਤੋਂ ਨਾਂਹ ਕੀਤੀ ਤਾਂ ਭੂਤ ਨੇ ਉਸਦੀ ਸੰਘੀ ਘੁੱਟਣ ਦਾ ਯਤਨ ਕੀਤਾ।

ਇਸ ਤੋਂ ਮਗਰੋਂ ਨੂਨੀਆ ਨੇ ਘਰ ਦੇ ਹਨੇਰੇ ਖੂੰਜਿਆਂ ਵਿੱਚੋਂ ਕਈ ਵਾਰੀ ਜ਼ਰੀਨਾ ਦਾ ਚਿਹਰਾ ਵੇਖਿਆ।

ਇੱਕ ਲੰਮੀ ਸੰਮੋਹਕ ਨੀਂਦ ਦੇ ਅਸਰ ਹੇਠ ਮੈਂ ਨੂਨੀਆ ਦੇ ਅਰਧ ਸੁਚੇਤ ਮਨ ਵਿੱਚੋਂ ਜ਼ਰੀਨਾ ਦੇ ਅਸਤਿਤਵਹੀਨ ਭੂਤ ਬਾਰੇ ਸਾਰੇ ਸਵਾਲ ਕੱਢਣ ਵਿੱਚ ਸਫਲ ਹੋ ਗਿਆ। ਉਹ ਮੁਸਕਰਾਉਂਦੀ ਹੋਈ ਉੱਠ ਖੜੀ ਹੋਈ। ਉਹ ਹੱਸਦੀ ਹੋਈ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਪੌੜੀਆਂ ਉਤਰਨ ਲੱਗੀ। ਮਾਂ ਬਾਪ ਅਤੇ ਰਿਸ਼ਤੇਦਾਰ ਜਿਹਨਾਂ ਨੇ ਬੀਤੇ 24 ਦਿਨਾਂ ਵਿੱਚ ਨੂਨੀਆ ਦੇ ਚਿਹਰੇ ਤੇ ਮੁਸਕਰਾਹਟ ਨਹੀਂ ਸੀ ਵੇਖੀ, ਖੁਸ਼ੀ ਨਾਲ ਝੂਮ ਉੱਠੇ।

ਜਿਹੜੇ ਲੋਕ ਮੇਰੇ ਘਰ ਉਦਾਸ ਚਿਹਰੇ ਅਤੇ ਭਾਰੇ ਮਨ ਲੈ ਕੇ ਆਏ ਸਨ, ਮੇਰਾ ਅਤੇ ਮੇਰੀ ਪਤਨੀ ਦਾ ਅਤੀ ਧੰਨਵਾਦ ਕਰਕੇ ਖੁਸ਼ੀ-ਖੁਸ਼ੀ ਵਾਪਸ ਗਏ। ਸਾਥੋਂ ਵਿਦਾ ਹੋਣ ਸਮੇਂ ਨੂਨੀਆ ਨੇ ਮੈਨੂੰ ਅਤੇ ਮੇਰੀ ਪਤਨੀ ਨੂੰ ਉਹਨਾਂ ਦੇ ਮੈਸੇਂਜਰ ਸਟਰੀਟ ਸਥਿਤ ਘਰ ਆਉਣ ਦੀ ਦਾਅਵਤ ਦਿੱਤੀ।

ਇੱਕ ਮਹੀਨੇ ਮਗਰੋਂ ਅਸੀਂ ਨੂਨੀਆ ਦੇ ਘਰ ਗਏ। ਜਦੋਂ ਅਸੀਂ ਪਹੁੰਚੇ ਤਾਂ ਉਹ ਸਕੂਲ ਗਈ ਹੋਈ ਸੀ। ਇੱਕ ਮੁੰਡੇ ਨੂੰ ਭੇਜ ਕੇ ਉਸ ਨੂੰ ਘਰ ਬੁਲਾਇਆ ਗਿਆ। ਨੂਨੀਆ ਮਨਮੌਜੀ ਢੰਗ ਨਾਲ ਅੰਦਰ ਆਈ। ਅਸੀਂ ਉੱਥੇ ਇੱਕ ਘੰਟਾ ਬਿਤਾਇਆ ਅਤੇ ਇਸ ਪੱਖੋਂ ਪੂਰੇ ਸੰਤੁਸ਼ਟ ਹੋ ਕੇ ਵਾਪਸ ਪਰਤੇ ਕਿ ਮਾਂ-ਬਾਪ ਦੇ ਅੰਧਵਿਸ਼ਵਾਸਾਂ ਦੀ ਸ਼ਿਕਾਰ, ਅਸੀਂ ਇੱਕ ਸਮਝਦਾਰ ਕੁੜੀ ਨੂੰ ਪਾਗਲ ਹੋਣੋਂ ਬਚਾ ਲਿਆ ਸੀ।

**ਵਿਸ਼ਲੇਸ਼ਣ**

ਇੱਥੋਂ ਦੇ ਅਤੇ ਦੂਜੇ ਦੇਸ਼ਾਂ ਦੇ ਬੱਚਿਆਂ ਵਾਂਗੂੰ ਨੂਨੀਆ ਵੀ ਉਸ ਸਮਾਜ ਵਿੱਚ ਜੰਮੀ ਪਲੀ ਸੀ, ਜਿਸਦਾ ਵਿਸ਼ਵਾਸ ਹੈ ਕਿ ਜਦੋਂ ਕੋਈ ਮਰ ਜਾਂਦਾ ਹੈ ਤਾਂ ਉਸਦੀ ਰੂਹ ਉੱਡ ਜਾਂਦੀ ਹੈ। ਉਸਨੇ ਹੋਰਨਾਂ ਬੱਚਿਆ ਵਾਂਗੂੰ ਆਪਣੇ ਵੱਡਿਆਂ ਤੋਂ ਭੂਤਾਂ ਦੀਆਂ ਅਣਗਿਣਤ ਕਹਾਣੀਆਂ ਸੁਣੀਆਂ ਸਨ। 24 ਦਿਨ ਉਹ ਇਹਨਾਂ ਹੀ ਵਹਿਮਾਂ ਸਦਕਾ ਪਾਗਲ ਰਹੀ ਸੀ। ਜੇ ਉਸਨੂੰ ਵਿਗਿਆਨਿਕ ਗਿਆਨ ਦੇ ਕੇ ਪਾਲਿਆ ਹੁੰਦਾ ਕਿ ਸਰੀਰ ਤੋਂ ਬਾਹਰ ਨਾ ਜ਼ਿੰਦਗੀ ਹੀ ਸੰਭਵ ਹੈ ਅਤੇ ਨਾ ਹੀ ਮਨ ਦੀ ਹੋਂਦ ਹੋ ਸਕਦੀ ਹੈ ਤਾਂ ਉਸਨੂੰ ਕਦੇ ਵੀ ਜ਼ਰੀਨਾ ਦੇ ਅਸਤਿਤਵਹੀਨ ਭੂਤ ਦਾ ਵਹਿਮ ਨਾ ਹੁੰਦਾ।

ਇਹੋ ਜਿਹਾ ਹੀ ਵਿਸ਼ਵਾਸ ਸੀ, ਜਿਸਨੇ ਨੂਨੀਆ ਦੇ ਭਰਾ ਨੈਨਾ ਨੂੰ ਪੇਟੀਕੋਟ ਵਿੱਚੋਂ ਜ਼ਰੀਨਾ ਦੀ ਸ਼ਕਲ ਵੇਖਣ ਲਈ ਭੁਲੇਖਾ ਪਾਇਆ ਸੀ। ਇਹ ਸਪੱਸ਼ਟ ਤੌਰ ਤੇ ਦ੍ਰਿਸ਼ਟੀ ਭਰਮ ਹੀ ਸੀ। ਅਰਧ ਹਨੇਰੇ ਕਮਰੇ ਵਿੱਚ ਚਿੱਟੇ ਪੇਟੀਕੋਟ ਨੂੰ ਵੇਖਣ ਨਾਲ ਨੈਨਾ ਦੇ ਡਰਾਕਲ ਮਨ ਵਿੱਚ ਜ਼ਰੀਨਾ ਦੀ ਤਸਵੀਰ ਬਣ ਗਈ। ਇਹ ਤਾਂ ਵਾਪਰਿਆ ਕਿਉਂਕਿ ਜ਼ਰੀਨਾ ਦੀ ਮੌਤ ਦਾ ਖਿਆਲ ਅਤੇ ਉਸਦੇ ਹਰਕਤ ਕਰਨ ਯੋਗ ਅਤੇ ਕਿਸੇ ਵੀ ਥਾਂ ਪ੍ਰਗਟ ਹੋ ਸਕਣ ਵਾਲੇ ਭੂਤ ਦੀ ਹੋਂਣ, ਉਸਦੇ ਦਿਮਾਗ ਵਿੱਚ ਤਾਜੇ ਸਨ।

ਪੇਟੀਕੋਟ ਨੂੰ ਜ਼ਰੀਨਾ ਦਾ ਭੂਤ ਸਮਝਣ ਵਾਲੇ ਨੈਨਾ ਦੀ ਘਟਨਾ ਵੱਡਿਆਂ ਲਈ ਭਾਵੇਂ ਇੱਕ ਮਖੌਲ ਹੀ ਸੀ ਪਰ ਨਰਮ ਮਨ ਵਾਲੀ ਨੂਨੀਆ ਲਈ ਨਹੀਂ। ਉਸ ਦਿਨ ਤੋਂ ਜ਼ਰੀਨਾ ਦੇ ਭੂਤ ਦਾ ਡਰ ਉਸਦੇ ਅਰਧ ਸੁਚੇਤ ਮਨ ਵਿੱਚ ਘਰ ਕਰ ਗਿਆ ਸੀ। ਇਹ ਇਹੋ ਡਰ ਹੀ ਸੀ ਜਿਸ ਕਰਕੇ ਨੂਨੀਆ ਨੂੰ ਘਰਦੇ ਹਨੇਰੇ ਖੂੰਜਿਆਂ ਵਿੱਚੋਂ ਜ਼ਰੀਨਾ ਦਾ ਚਿਹਰਾ ਵਿਖਾਈ ਦਿੰਦਾ ਸੀ। ਉਸਨੇ ਜ਼ਰੀਨਾ ਦੇ ਸਰੀਰ ਨੂੰ ਸਫੇਦ ਕੱਪੜੇ ਵਿੱਚ ਲਪੇਟੇ ਵੇਖਿਆ ਕਿਉਂਕਿ ਉਸਨੇ ਜ਼ਰੀਨਾ ਦੀ ਲਾਸ਼ ਇੰਜ ਹੀ ਵੇਖੀ ਸੀ। ਭੂਤ ਦੇ ਪ੍ਰਗਟ ਹੋਣ ਵਿੱਚ ਕੋਈ ਸਚਾਈ ਨਹੀਂ, ਇਸ ਤੋਂ ਵੀ ਸਿੱਧ ਹੁੰਦਾ ਹੈ ਕਿ ਜਿਹੜਾ ਭੂਤ ਉਸਨੇ ਵੇਖਿਆ ਸੀ, ਉਹ ਕੱਪੜੇ ਵਿੱਚ ਲਪੇਟਿਆ ਹੋਇਆ ਸੀ। ਯਕੀਨੀ ਤੌਰ ਤੇ ਕੱਪੜੇ ਵਿੱਚ ਲਪੇਟਿਆ ਹੋਇਆ ਕੋਈ ਭੂਤ ਨਹੀਂ ਹੋ ਸਕਦਾ, ਜੇ ਜ਼ਰੀਨਾ ਦਾ ਭੂਤ ਹੋਵੇ ਵੀ।

ਜਦੋਂ ਇਸ ਤਰ੍ਹਾਂ ਦੇ ਤਰਕਹੀਣ ਭੂਤਾਂ ਬਾਰੇ ਪੈਦਾ ਕੀਤੇ ਹੋਏ ਡਰ ਨੂਨੀਆ ਦੇ ਦਿਮਾਗ ਵਿੱਚੋਂ ਸਥਾਈ ਤੌਰ ਤੇ ਹਿਪਨੋਟਿਜ਼ਮ ਰਾਹੀਂ ਕੱਢ ਦਿੱਤੇ ਗਏ ਉਹ ਆਮ ਵਰਗੀ ਕੁੜੀ ਬਣ ਗਈ।

ਇਲਾਜ ਨਾਲੋਂ ਪ੍ਰਹੇਜ ਚੰਗਾ ਹੁੰਦਾ ਹੈ। ਜੇ ਬੱਚਿਆਂ ਦੇ ਦਿਮਾਗਾਂ ਵਿੱਚ ਬਚਪਨ ਤੋਂ ਹੀ ਭੂਤਾਂ ਬਾਰੇ ਨਾ ਭਰਿਆ ਜਾਵੇ ਤਾਂ ਅਸੀਂ ਦਿਮਾਗੀ ਬਿਮਾਰੀਆਂ ਦੇ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਘੱਟ ਕਰਨ ਵਿੱਚ ਕਾਮਯਾਬ ਹੋ ਜਾਵਾਂਗੇ।

ਅੰਕੜਿਆਂ ਦੇ ਆਧਾਰ ਤੇ ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਦਿਮਾਗੀ ਬਿਮਾਰੀਆਂ ਦੇ ਪੰਜਾਹ ਪ੍ਰਤੀਸ਼ਤ ਮਰੀਜ਼ ਉਹਨਾਂ ਨੂੰ ਛੋਟੀ ਉਮਰ ਵਿੱਚ ਅਗਿਆਨੀ ਮਾਂ-ਬਾਪ, ਸੰਤਾਂ-ਮਹੰਤਾਂ ਅਤੇ ਅਧਿਆਪਕਾਂ ਵੱਲੋਂ ਸਿਖਾਏ ਗਏ ਅੰਧ-ਵਿਸ਼ਵਾਸਾਂ ਕਰਕੇ ਹੀ ਹੁੰਦੇ ਹਨ।

# ਉੱਤਰ ਦਾ ਹੰਗਾਮਾ-ਮਚਾਊ ਭੂਤ

25 ਅਪ੍ਰੈਲ, 1965 ਨੂੰ ਕੋਲੰਬੋ ਦੇ ਇੱਕ ਵਪਾਰਕ ਅਦਾਰੇ ਦਾ ਸਟਾਫ ਤੇ ਅਫਸਰ ਮਿਸਟਰ ਸਿੰਨਾਤੰਪੀ ਮੈਨੂੰ ਮਿਲਣ ਆਇਆ। ਦੱਸਣ ਲਈ ਉਸ ਕੋਲ ਲੰਬੀ ਕਹਾਣੀ ਸੀ। ਉਸ ਨੇ ਦੱਸਿਆ ਕਿ ਜਾਫਨਾ ਵਿੱਚ ਕਰੈਨਗਰ ਵਿਖੇ ਉਸਦੇ ਜੱਦੀ ਘਰ ਵਿੱਚ ਪਿਛਲੇ ਦੋ ਮਹੀਨਿਆਂ ਤੋਂ ਭੂਤ ਵੜਿਆ ਹੋਇਆ ਹੈ ਅਤੇ ਉਸਦੇ ਮਾਂ ਪਿਉ ਤੇ ਭੈਣ ਬਹੁਤ ਸਹਿਮ ਵਿੱਚ ਰਹੇ ਹਨ। ਭਾਵੇਂ ਉਹਨਾਂ ਦੇ ਪੁੱਛ ਦੇਣ ਵਾਲਿਆਂ ਟੂਣੇਹਾਰਾਂ ਅਤੇ ਭੂਤ ਕੱਢਣ ਵਾਲਿਆਂ ਉੱਪਰ ਪੈਸੇ ਬਹੁਤ ਖਰਚ ਕਰ ਦਿੱਤੇ ਤਾਂ ਵੀ ਮੁਸੀਬਤ ਦਿਨ-ਬਦਿਨ ਵਧਦੀ ਜਾ ਰਹੀ ਹੈ। ਇਹ ਅਜਿਹੀ ਹੱਦ ਤੱਕ ਪੁੱਜ ਚੁੱਕੀ ਹੈ ਕਿ ਉਹ ਇਸ ਘਰ ਨੂੰ ਛੱਡ ਕੇ ਕਿਤੇ ਹੋਰ ਜਾਣ ਬਾਰੇ ਸੋਚ ਰਹੇ ਹਨ।

ਮੈਂ ਉਸ ਨੂੰ ਸ਼ੋਰ ਮਚਾਉਣ ਵਾਲੇ ਭੂਤ ਬਾਰੇ ਕੁਝ ਦੱਸਣ ਲਈ ਕਿਹਾ। ਉਸਨੇ ਦੱਸਿਆ ਕਿ ਦਿਨ ਰਾਤ ਘਰ ਵਿੱਚ ਪੱਥਰ ਸੁੱਟੇ ਜਾਂਦੇ ਹਨ। ਘਰ ਵਿੱਚੋਂ ਬਹੁਤ ਚੀਜਾਂ ਗਾਇਬ ਹੋ ਚੁੱਕੀਆਂ ਹਨ। ਖਾਣਾ ਪਕਾਉਣ ਵੇਲੇ ਚੌਲਾਂ ਤੇ ਕੜ੍ਹੀ ਵਿੱਚ ਗੰਦ ਤੇ ਪੱਥਰ ਸੁੱਟ ਜਾਂਦੇ ਹਨ। ਇੱਕ ਤੋਂ ਬਾਅਦ ਦੂਜਾ ਘਰ ਦੇ ਮੈਂਬਰ ਬਿਮਾਰ ਹੋ ਰਹੇ ਹਨ। ਪੈਸਾ ਗੁਆਚ ਜਾਂਦਾ ਹੈ। ਬੋਤਲਾਂ ਤੇ ਖਾਲੀ ਟੀਨ ਇਧਰ ਉਧਰ ਉਡਣ ਲੱਗਦੇ ਹਨ ਅਤੇ ਫਰਸ਼ ਨਾਲ ਟਕਰਾ ਕੇ ਟੁੱਟ ਜਾਂਦੇ ਹਨ। ਕਈ ਭੂਤ ਕੱਢਣ ਵਾਲਿਆਂ ਉੱਪਰ ਵੀ ਪੱਥਰ ਡਿੱਗੇ ਜਦ ਕਿ ਉਹ ਖੇਡ (ਭੂਤ ਕੱਢਣ ਦੀ ਰਸਮ) ਰਹੇ ਸਨ।

ਮਿਸਟਰ ਸਿੰਨਤੰਪੀ ਨੇ ਮੈਨੂੰ ਉਸ ਰਾਹੀਂ ਹਵਾਈ ਜਹਾਜ ਰਾਹੀਂ ਜਾਫਨਾ ਜਾ ਕੇ ਉਸਦੀ ਮੁਸੀਬਤ ਨੂੰ ਰੋਕਣ ਅਤੇ ਸ਼ਾਮ ਨੂੰ ਵਾਪਸ ਆ ਜਾਣ ਦੀ ਬੇਨਤੀ ਕੀਤੀ। ਮੈਂ ਪ੍ਰੋਗਰਾਮ ਵਾਲੀ ਡਾਇਰੀ ਵੇਖੀ ਤੇ ਦੇਖਿਆ ਕਿ ਦਸ ਦਿਨ ਤੱਕ ਮੈਨੂੰ ਬਿਲਕੁਲ ਵਿਹਲ ਨਹੀਂ, ਇਸ ਲਈ ਮੈਂ ਉਸਨੂੰ ਇਸ ਪ੍ਰਕਾਰ ਦੱਸਿਆ, "ਤੂੰ ਅਖ਼ਬਾਰਾਂ ਵਿੱਚ ਅਵੱਸ਼ ਹੀ ਮੇਰੇ ਕੁਝ ਲੇਖ ਪੜ੍ਹੇ ਹੋਣਗੇ, ਜਿਨ੍ਹਾਂ ਵਿੱਚ ਮੈਂ ਦੱਸਿਆ ਕਿ ਭੂਤਾਂ ਵਾਲੀਆਂ ਸਾਰੀਆਂ ਕਾਰਵਾਈਆਂ ਮਨੁੱਖ ਹੀ ਕਰ ਕਰਦੇ ਹਨ। ਤੂੰ ਜਾਫਨਾ ਜਾ ਤੇ ਘਰ ਦੇ ਸਾਰੇ ਮੈਂਬਰਾਂ ਨੂੰ ਕਹਿ ਕਿ ਉਹ ਦਿਨ ਰਾਤ ਨਿਗਰਾਨੀ ਰੱਖ ਕੇ ਜਿੰਮੇਵਾਰ ਵਿਅਕਤੀ ਨੂੰ ਫੜ ਲੈਣ। ਤੂੰ ਉਸ ਆਦਮੀ ਜਾਂ ਇਸਤਰੀ ਨੂੰ ਜੋ ਵੀ ਹੋਇਆ, ਮੇਰੇ ਕੋਲ ਉਹਨਾਂ ਮਾਨਸਿਕ ਹਾਲਤਾਂ ਵਿੱਚ, ਜਿਨ੍ਹਾਂ ਨੇ ਉਸ ਨੂੰ ਅਜਿਹਾ ਕੰਮ ਕਰਨ ਲਾ ਦਿੱਤਾ ਹੈ, ਦੇ ਸੰਮੋਹਣੀ ਨੀਂਦ ਰਾਹੀਂ ਇਲਾਜ ਲਈ ਇੱਥੇ ਲੈ ਆਉਣਾ। ਮੇਰੇ ਤੇ ਮੇਰੀ ਪਤਨੀ ਦੇ ਕਰੈਨਗਰ ਜਾ ਕੇ ਵੇਖਣ ਨਾਲੋਂ ਇਹ ਢੰਗ ਆਸਾਨ ਤੇ ਸਸਤਾ ਹੋਵੇਗਾ ਅਤੇ ਜਿੰਨ੍ਹਾਂ ਕਈ ਹੋਰ ਵਿਅਕਤੀਆਂ ਨੇ ਮੈਨੂੰ ਇੱਥੇ ਮਿਲਣਾ ਹੈ ਉਨ੍ਹਾਂ ਨੂੰ ਵੀ ਨਿਰਾਸ਼ਤਾ ਨਹੀਂ ਹੋਵੇਗੀ।

ਇਸ ਸਮੇਂ ਮੈਂ ਵਿਗਿਆਨਿਕ ਤਰਕ ਨਾਲ ਸਿੰਨਾਤੰਪੀ ਨੂੰ ਯਕੀਨ ਕਰ ਦਿੱਤਾ ਕਿ ਅਜਿਹੀਆਂ ਭੂਤਾਂ ਵਾਲੀਆਂ ਅਖੌਤੀ ਕਾਰਵਾਈਆਂ ਕਰਨ ਵਾਲੇ ਕੋਈ ਭੂਤ ਨਹੀਂ ਹਨ ਅਤੇ ਅਜਿਹੀਆਂ ਘਟਨਾਵਾਂ ਕੁਝ ਮਾਨਸਿਕ ਤੌਰ ਤੇ ਉਖੜੇ ਆਦਮੀਆਂ ਦੀਆਂ ਚੁਸਤੀ ਨਾਲ ਕੀਤੀਆਂ ਸਰਗਰਮੀਆਂ ਦੇ ਸਿੱਟੇ ਵਜੋਂ ਵਾਪਰਦੀਆਂ ਹਨ। ਸਿੰਨਾਤਪੀ ਇਹ ਵਾਇਦਾ ਕਰਕੇ ਕਿ ਉਹ ਕਿਸੇ ਵੀ ਤਰ੍ਹਾਂ ਦੋਸ਼ੀ ਨੂੰ ਫੜ ਲਵੇਗਾ ਮੇਰੇ ਕੋਲ ਲੈ ਆਵੇਗਾ, ਪ੍ਰਸੰਨ ਚਿੱਤ ਘਰ ਵਾਪਿਸ ਮੁੜ ਗਿਆ।

11 ਮਈ 1965 ਨੂੰ ਸਿੰਨਾਤੰਪੀ ਭਾਰੇ ਦਿਲ ਨਾਲ ਨਿਰਾਸ਼ ਨਜ਼ਰਾਂ ਨਾਲ ਵਾਪਸ ਆਇਆ। ਉਸਨੇ ਇਸ ਤਰ੍ਹਾਂ ਕਿਹਾ, "ਸ਼੍ਰੀਮਾਨ ਕਾਵੂਰ ਸਾਨੂੰ ਪੱਕਾ ਯਕੀਨ ਹੈ ਕਿ ਕੋਈ ਭੈੜੀ ਰੂਹ ਹੀ ਸਾਨੂੰ ਇਹ ਦੁੱਖ ਤਕਲੀਫ ਦੇ ਰਹੀ ਹੈ। ਪਿਛਲੇ ਦੋ ਹਫਤਿਆਂ ਤੋਂ ਅਸੀਂ ਉਸ ਤੇ ਨਿਗਰਾਨੀ ਰੱਖ ਰਹੇ ਹਾਂ ਅਤੇ ਸਾਨੂੰ ਪੱਕਾ ਯਕੀਨ ਹੋ ਗਿਆ ਹੈ ਕਿ ਇਸ ਤਰ੍ਹਾਂ ਦੀਆ ਕਾਰਵਾਈਆਂ ਕਰਨ ਵਾਲਾ ਘਰ ਵਿੱਚ ਕੋਈ ਵੀ ਨਹੀਂ ਹੈ। ਮੈਂ ਆਪ ਹਫਤੇ ਦੀ ਛੁੱਟੀ ਲਈ ਅਤੇ ਘਰ ਹੀ ਠਹਿਰਿਆਂ ਤਾਂ ਕਿ ਮੈਂ ਉਸ ਵਿਅਕਤੀ ਨੂੰ ਫੜ ਸਕਾਂ। ਹੁਣ ਸਾਨੂੰ ਇਹ ਗੱਲ ਪੂਰੀ ਤਰ੍ਹਾਂ ਜਚ ਗਈ ਹੈ ਕਿ ਇਹ ਕਿਸੇ ਮਨੁੱਖ ਦਾ ਕੰਮ ਨਹੀਂ। ਸੋ ਬੇਨਤੀ ਹੈ ਕਿ ਤੁਹਾਨੂੰ ਸਾਡੀ ਮੱਦਦ ਕਰਨੀ ਹੀ ਪਵੇਗੀ। ਕੀ ਮੈਂ ਤੁਹਾਡੇ ਤੇ ਸ਼੍ਰੀਮਤੀ ਕਾਵੂਰ ਲਈ ਵਾਪਸੀ ਹਵਾਈ ਜਹਾਜ ਦੀਆਂ ਟਿਕਟਾਂ ਖਰੀਦ ਲਵਾਂ?" ਮੈਂ ਸਹਿਮਤ ਹੋ ਗਿਆ।

ਸਿੰਨਾਤੰਪੀ ਨਾਲ ਮੈਂ ਤੇ ਮੇਰੀ ਪਤਨੀ 13 ਮਈ 1965 ਨੂੰ ਬੁੱਧਵਾਰ ਵਾਲੇ ਦਿਨ ਸ਼੍ਰੀ ਲੰਕਾ ਦੇ ਇੱਕ ਹਵਾਈ ਜਹਾਜ ਰਾਹੀਂ ਜਾਫਨਾ ਨੂੰ ਚੱਲ ਪਏ ਅਸੀਂ ਸਵੇਰੇ ਨੌਂ ਵਜੇ ਪਲਾਈ ਹਵਾਈ ਅੱਡੇ ਤੇ ਪੁੱਜ ਗਏ। ਸਿੰਨਾਤੰਪੀ ਦਾ ਪਿਉ ਮਿਸਟਰ ਥਾਨਾਪਤੀ ਪਿੱਲੇ ਹਵਾਈ ਅੱਡੇ ਤੇ ਸਾਡੀ ਇੰਤਜਾਰ ਕਰ ਰਿਹਾ ਸੀ। ਅਸੀਂ ਚਾਰੇ ਕਾਰ ਰਾਹੀਂ ਲਗਭਗ ਦਸ ਵਜੇ ਸਵੇਰ ਕਰੈਨਗਰ ਪਹੁੰਚ ਗਏ।

ਘਰ ਦੇ ਸਾਰੇ ਮੈਂਬਰ ਮੈਨੂੰ ਤੇ ਮੇਰੀ ਪਤਨੀ ਨੂੰ ਜੀ ਆਇਆਂ ਕਹਿਣ ਲਈ ਦਰਵਾਜੇ ਅੱਗੇ ਆ ਗਏ। ਪਰਿਵਾਰ ਦੇ ਮੈਂਬਰ ਵੀ ਉਸ ਸਵੇਰ ਪੋਇੰਟ ਪੈਡਰੋ ਵਿਖੇ ਸੇਲਵਾਲਾ ਨਿੱਧੀ ਮੰਦਰ ਤੋਂ ਆਏ ਸਨ। ਭੂਤ ਦੀ ਤਕਲੀਫ ਤੋਂ ਛੁਟਕਾਰਾ ਪਾਉਣ ਲਈ ਆਖਰੀ ਕੋਸ਼ਿਸ਼ ਵਜੋਂ ਸਾਰਾ ਪਰਿਵਾਰ ਮੰਦਰ ਵਿਖੇ ਸ਼ਕਤੀਸ਼ਾਲੀ ਦੇਵਤੇ ਮੁਰੂਗਾਨ ਦੀ ਪੂਜਾ ਕਰਨ ਲਈ ਚਲਾ ਗਿਆ।

ਉਹ ਰੋਜ਼ਾਨਾ ਪੂਜਾ ਤੇ ਪ੍ਰਾਰਥਨਾ ਕਰਨ ਲਈ ਉੱਥੇ ਦਸ ਦਿਨ ਠਹਿਰੇ। ਸਿੰਨਾਤੰਪੀ ਵੱਲੋਂ ਮੇਰੇ ਆਉਣ ਦੀ ਤਾਰ ਮਿਲਣ ਤੋਂ ਬਾਅਦ ਸਾਰਾ ਪਰਿਵਾਰ ਉਸੇ ਸਵੇਰ ਵਾਪਸ ਆਇਆ ਸੀ।

ਘਰ ਪਹੁੰਚ ਕੇ ਮੈਂ ਤੇ ਮੇਰੀ ਪਤਨੀ ਨੇ ਸਭ ਤੋਂ ਪਹਿਲੀ ਗੱਲ ਘਰ ਤੇ ਬਾਗ ਦੇ ਦੁਆਲੇ ਚੱਕਰ ਲਾ ਕੇ ਸਾਰੀ ਥਾਂ ਦਾ ਨਿਰੀਖਣ ਕੀਤਾ। ਇਹ ਜਾਫਨਾ ਦੇ ਵਿਸ਼ੇਸ਼ ਘਰਾਂ ਵਰਗਾ ਘਰ ਸੀ, ਜਿਸ ਵਿੱਚ ਇੱਕ ਬਾਗ ਸੀ, ਜਿਸ ਦੁਆਲੇ ਖਜੂਰ ਦੇ ਦਰੱਖਤ ਸਨ। ਸੱਜੇ ਹੱਥ ਵਾਲੇ ਬਾਗ ਅਤੇ ਵਿਹੜੇ ਦੇ ਪਿਛਲੇ ਪਾਸੇ ਖਾਲੀ ਪਲਾਟ ਸਨ, ਜਿਨ੍ਹਾਂ ਵਿੱਚ ਖਜੂਰ ਦੀ ਪੌਂਦ ਲਗਾਈ ਗਈ ਸੀ ਤੇ ਖੱਬੇ ਪਾਸੇ ਵਾਲੇ ਬਾਗ ਵਿੱਚ ਥਾਨਾਂਪਤੀ ਪਿੱਲੇ ਦਾ ਦੂਰ ਦਾ ਰਿਸ਼ਤੇਦਾਰ ਰਹਿੰਦਾ ਸੀ।

ਮਿਸਟਰ ਥਾਨਾਂਪਤੀ ਪਿੱਲੇ ਜਿਸ ਦੀ ਉਮਰ 65 ਸਾਲ ਦੀ ਸੀ, ਸਿੰਘਾਪੁਰ ਦਾ ਇੱਕ ਪੈਨਸ਼ਨੀਆ ਸੀ। ਉਹ ਸਿੰਘਾਪੁਰ ਦੀ ਬੰਦਰਗਾਹ ਵਿਖੇ ਇੱਕ ਕਲਰਕ ਸੀ। ਮਲਾਇਆ ਉੱਪਰ ਜਪਾਨੀਆਂ ਦਾ ਅਧਿਕਾਰ ਹੋ ਜਾਣ ਸਮੇਂ ਉਹ ਤੇ ਉਸਦੀ ਪਤਨੀ ਪੋਨਾਂਮਾ (ਉਮਰ 60 ਸਾਲ) ਆਪਣੀ  35 ਸਾਲਾਂ ਧੀ ਨਾਲ ਜਾਫਨਾ ਆ ਗਏ। ਕਰੈਨਗਰ ਵਾਲਾ ਇਹ ਘਰ, ਜਿਸ ਵਿੱਚ ਭੂਤ ਵੜ ਗਿਆ ਸੀ, ਥਾਨਾਂਪਤੀ ਪਿੱਲੇ ਨੇ ਸਿੰਘਾਪੁਰ ਤੋਂ ਕਮਾਏ ਪੈਸੇ ਨਾਲ ਬਣਾਇਆ ਸੀ। ਘਰ ਕਾਫੀ ਕੀਮਤੀ ਸੀ, ਜਿੱਥੇ ਖੇਤੀ ਦੇ ਔਜਾਰ ਰੱਖੇ ਹੋਏ ਸਨ। ਪੈਕੀਅਮ ਦਾ ਪਤੀ ਜਾਏਲਾ ਦਾ ਇੱਕ ਮਸ਼ਹੂਰ ਵਪਾਰੀ ਸੀ। ਉਸ ਦੀਆਂ ਤਿੰਨ ਧੀਆਂ ਸਨ। ਦੇਵਨਾਇਕੇ (ਉਮਰ 13 ਸਾਲ), ਸੁਕਾਰਥਮ (ਉਮਰ 8 ਸਾਲ) ਅਤੇ ਸੈਲਵਾਮਾਲਾਰ (ਉਮਰ4 ਸਾਲ) ਦੋਵੇਂ ਵੱਡੀਆਂ ਕੁੜੀਆਂ ਕਰੈਨਗਰ ਦੇ ਇੱਕ ਸਾਂਝੇ ਸਕੂਲ ਦੀਆਂ ਵਿਦਿਆਰਥਣਾਂ ਸਨ।

ਘਰ ਤੇ ਬਾਗ ਦੇ ਨਿਰੀਖਣ ਤੋਂ ਬਾਅਦ ਅਸੀਂ ਡਰਾਇੰਗ ਰੂਮ ਵਿੱਚ ਆ ਗਏ ਅਤੇ ਸਿੰਨਾਤੰਪੀ ਅਤੇ ਥਾਨਾਂਪਤੀ ਪਿੱਲੇ ਨੂੰ ਪੁੱਛਿਆ ਕਿ ਕੀ ਉਹ ਕਿਸੇ ਹੋਟਲ ਜਾਂ ਆਰਾਮ ਘਰ ਵਿੱਚ ਸਾਡੇ ਦੁਪਹਿਰ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ ? ਉਨ੍ਹਾਂ ਦੋਵਾਂ ਨੇ ਜਿੱਦ ਕੀਤੀ ਕਿ ਅਸੀਂ ਉਹਨਾਂ ਨਾਲ ਹੀ ਖਾਣਾ ਖਾਈਏ। ਮੈਂ ਇੱਕ ਸ਼ਰਤ ਤੇ ਇਸ ਸੱਦੇ ਨੂੰ ਕਬੂਲ ਕਰ ਲਿਆ। ਮੈਂ ਚਾਹੁੰਦਾ ਸੀ ਕਿ ਦੇਵਨਾਇਕੇ ਨੂੰ ਉਨ੍ਹਾਂ ਚਿਰ ਡਰਾਇੰਗ ਰੂਮ ਵਿੱਚ ਹੀ ਰੱਖਿਆ ਜਾਵੇ, ਜਿੰਨ੍ਹਾਂ ਚਿਰ ਮੈਂ ਉਸਨੂੰ ਸਵਾਲ ਪੁੱਛਣ ਲਈ ਨਹੀਂ ਬੁਲਾਉਂਦਾ। ਸਿੰਨਾਤੰਪੀ ਨੇ ਬਗੈਰ ਮੈਥੋਂ ਇਹ ਪੁੱਛੇ ਕਿ ਮੈਂ ਉਸ ਇਕੱਲੀ ਨੂੰ ਉੱਥੇ ਡੱਕਣ ਲਈ ਕਿਉਂ ਕਿਹਾ, ਲੜਕੀ ਨੂੰ ਡਰਾਇੰਗ ਰੂਮ ਵਿੱਚ ਰੱਖਣ ਦੀ ਜੁੰਮੇਵਾਰੀ ਲੈ ਲਈ।

ਇਸ ਤੋਂ ਜਲਦ ਬਾਅਦ ਅਸੀਂ ਆਪਣੀ ਪੜਤਾਲ ਕਰਨ ਲਈ ਬਾਹਰਲੇ ਘਰ ਚਲੇ ਗਏ। ਸਭ ਤੋਂ ਪਹਿਲਾਂ ਤਿੰਨ ਬਾਲਗਾਂ—ਥਾਨਾਂਪਤੀ, ਪੋਨਾਂਮਾ ਅਤੇ ਪੈਕੀਅਮ ਕੋਲੋਂ ਇਕੱਠ ਬੁਲਾ ਕੇ  ਸਵਾਲ ਪੁੱਛੇ। ਬਾਅਦ ਵਿੱਚ (ਸਿਵਾਏ ਪੋਨਾਂਮਾ ਪਲਮ, ਜੋ ਕਿ ਜਾਏਲਾ ਗਿਆ ਹੋਇਆ ਸੀ ਅਤੇ ਛੋਟੇ ਬੱਚੇ ਸੇਲਵਾਮਾਲਾਰ ਦੇ)  ਘਰ ਦੇ ਹਰੇਕ ਮੈਂਬਰ ਨੂੰ  ਵਿਅਕਤੀਗਤ ਤੌਰ ਤੇ ਪੂਰੀ ਤਰ੍ਹਾਂ ਗੁਪਤ ਢੰਗ ਨਾਲ ਪੁੱਛੇ ਗਏ। ਪੜਤਾਲ ਦੇ ਸਿੱਟੇ ਵਜੋਂ ਮੇਰੀ ਪਤਨੀ ਨੇ ਹੇਠ ਲਿਖੀ ਸੂਚਨਾ ਮੇਰੀ ਕੇਸ ਡਾਇਰੀ ਵਿੱਚ ਲਿਖੀ।

ਜਨਵਰੀ 1965 ਦੇ ਅਖੀਰਲੇ ਹਫਤੇ ਪਿੱਲੇ ਆਪਣੀ ਸੱਜੀ ਲੱਤ ਤੇ ਅਤੇ ਗੋਡੇ ਵਿੱਚ ਬੇਹੱਦ ਦਰਦ ਹੋਣ ਕਾਰਨ ਬੇਹੋਸ਼ ਪੈ ਗਿਆ। ਭਾਵੇਂ ਦਵਾਈ ਵਜੋਂ ਤੇਲ ਅਤੇ ਕੈਸ਼ੋਆਸ ਦੀ ਵਰਤੋਂ ਕੀਤੀ ਗਈ, ਪਰ ਉਸ ਦੇ ਦੁੱਖ ਦਾ ਠੀਕ ਇਲਾਜ ਨਾ ਹੋਇਆ। ਦੋ ਹਫਤੇ ਬਾਅਦ ਪੋਨਾਂਮਾ ਵੀ ਬੀਮਾਰ ਹੋ ਗਈ। ਉਸਨੂੰ ਦਸਤ ਲੱਗ ਗਏ। ਪਰਿਵਾਰ ਦੇ ਦੋ ਮੈਂਬਰਾਂ ਦੀ ਲਾਇਲਾਜ ਬੀਮਾਰੀ ਕਾਰਨ ਥਾਨਾਂਪਤੀ ਪਿੱਲੇ ਨੇ ਸੋਚਿਆ ਕਿ ਦਵਾਈਆਂ ਦੇ ਨਾਲ-ਨਾਲ ਗੁਆਂਢ'ਚ ਰਹਿੰਦੇ ਇੱਕ ਮਸ਼ਹੂਰ ਪੁੱਛ ਦੇਣ ਵਾਲੇ, ਜਿਸਦਾ ਕਿੱਤਾ ਮੱਛੀਆਂ ਫੜਨਾ ਸੀ, ਦੀ ਰਾਇ ਲੈਣੀ ਚੰਗੀ ਗੱਲ ਹੋਵੇਗੀ।

ਅਗਲੀ ਸਵੇਰ ਥਾਨਾਪਤੀ ਪਿੱਲੇ ਪੁੱਛ ਦੇਣ ਵਾਲੇ ਕੋਲ ਚਲਾ ਗਿਆ ਅਤੇ ਪਾਨ ਦੇ ਪੱਤਿਆਂ'ਚ ਲਪੇਟ ਕੇ ਦਸ ਰੁਪਏ ਦੇ ਦਿੱਤੇ। ਪੁੱਛ ਦੇਣ ਵਾਲੇ ਨੇ ਪੱਤਰੀ ਵੇਖੀ ਅਤੇ ਥਾਨਾਂਪਤੀ ਪਿੱਲੇ ਨੂੰ ਕਿਹਾ ਕਿ ਉਸਦੇ ਘਰ ਪ੍ਰੇਤ ਦੀ ਕਸਰ ਹੈ, ਜਿਹੜੀ ਕਿ ਉਨ੍ਹਾਂ ਦੀ ਰਿਸ਼ਤੇਦਾਰ ਲਕਸ਼ਮੀ ਨਾਂ ਦੀ ਇਸਤਰੀ ਵੱਲੋ ਇੱਕ ਸ਼ਕਤੀਸ਼ਾਲੀ ਟੂਣਾ ਕਰਾਉਣ ਕਾਰਨ ਹੋਇਆ ਹੈ। ਇਸ ਭੈੜੀ ਰੂਹ ਨੂੰ ਇਸ ਤੋਂ ਵੱਧ ਤਾਕਤਵਰ ਟੂਣਾ ਕਰਕੇ ਹੀ ਭਜਾਇਆ ਜਾ ਸਕਦਾ ਹੈ। ਪੁੱਛ ਦੇਣ ਵਾਲੇ ਨੇ ਇੱਕ ਸੌ ਪੰਜਾਹ ਰੁਪਏ ਲੈ ਕੇ ਜਵਾਬੀ ਟੂਣਾ ਕਰਨ ਲਈ ਆਪਣਾ ਨਾਂ ਪੇਸ਼ ਕੀਤਾ।

ਉਲਟਾ ਟੂਣਾ ਸੁੱਟਣ ਦਾ ਕੰਮ ਫਰਵਰੀ 1965 ਦੇ ਤੀਜੇ ਹਫਤੇ ਕੀਤਾ ਗਿਆ। ਇੱਕ ਸੌ ਪੰਜਾਹ ਰੁਪਏ ਦੀ ਰਕਮ ਦੇਣ ਤੋਂ ਇਲਾਵਾ ਟੂਣਾ ਕਰਨ ਦੀ ਰਸਮ ਲਈ ਥਾਨਾਂਪਤੀ ਪਿੱਲੇ ਦੇ ਢਾਈ ਸੌ ਰੁਪਏ ਖਰਚ ਆਏ। ਥਾਨਾਂਪਤੀ ਪਿੱਲੇ ਨੂੰ ਤਾਂ ਥੋੜ੍ਹਾ ਆਰਾਮ ਆ ਗਿਆ, ਪਰ ਪੋਨਾਂਮਾ ਦੀ ਹਾਲਤ ਪਹਿਲਾਂ ਨਾਲੋਂ ਵਿਗੜ ਗਈ।

ਦੋ ਦਿਨ ਬਾਅਦ ਜਦੋਂ ਕਿ ਥਾਨਾਂਪਤੀ ਪਿੱਲੇ ਆਮ ਵਾਂਗ ਸਵੇਰੇ ਖੂਹ ਉੱਪਰ ਮੂੰਹ ਹੱਥ ਧੋ ਰਿਹਾ ਸੀ ਤਾਂ ਉਸਨੇ ਆਪਣਾ ਬਨਾਉਟੀ ਦੰਦ ਲਾਹ ਕੇ ਨੇੜੇ ਪਏ ਪੱਥਰ ਉੱਤੇ ਰੱਖ ਦਿੱਤੇ। ਮੂੰਹ ਹੱਥ ਧੋਣ ਮਗਰੋਂ ਉਸ ਨੇ ਵੇਖਿਆ ਤਾਂ ਬਨਾਉਟੀ ਦੰਦਬੀੜ ਉੱਥੋਂ ਗਾਇਬ ਸੀ। ਭਾਵੇਂ ਬਹੁਤ ਖੋਜ ਕੀਤੀ ਗਈ, ਪਰ ਅੱਜ ਤੱਕ ਦੰਦਬੀੜ ਨਹੀਂ ਲੱਭ ਸਕੇ।

ਥਾਨਾਂਪਤੀ ਪਿੱਲੇ ਤੇ ਪੋਨਾਂਮਾ ਨੂੰ ਯਕੀਨ ਹੋ ਗਿਆ ਕਿ ਜਿਹੜਾ ਭੂਤ ਉਹਨਾਂ ਨੂੰ ਤੰਗ ਕਰ ਰਿਹਾ ਹੈ, ਉਸ ਨੇ ਹੀ ਦੰਦਬੀੜ ਚੁਰਾਈ ਹੈ। ਉਸ ਦਿਨ ਤੋਂ ਕਈ ਰਹੱਸਮਈ ਗੱਲਾਂ ਵਾਪਰਨ ਲੱਗ ਪਈਆਂ, ਘਰ ਦੇ ਕਈ ਜਿੰਦਰਿਆਂ ਦੀਆਂ ਕੁੰਜੀਆਂ, ਇੱਕ ਬਾਅਦ ਦੂਜੀ ਗਾਇਬ ਹੋਣ ਲੱਗ ਪਈਆਂ। ਸੌਣ ਵਾਲੇ ਕਮਰਿਆਂ ਵਿੱਚੋਂ ਇੱਕ ਦੀ ਕਾਨਸ ਉੱਪਰੋ ਦੰਦਾਂ ਦੇ ਮੰਜਨ ਵਾਲੀ ਟਿਊਬ ਗਾਇਬ ਹੋ ਗਈ। ਪੋਨਾਂਮਾ ਦੇ ਮਰੋੜਾਂ (ਦਸਤ) ਲਈ ਸਰਕਾਰੀ ਹਸਪਤਾਲ ਵਿੱਚੋਂ ਲਿਆਂਦੀ ਗਈ ਦਵਾਈਆਂ ਵਾਲੀ ਬੋਤਲ ਗਾਇਬ ਹੋ ਗਈ। ਦੋ ਦਿਨ ਬਾਅਦ ਇਹ ਇੱਕ ਡੱਬੇ ਥੱਲੇ ਛੁਪਾਈ ਹੋਈ ਮਿਲੀ।

ਮਾਰਚ ਦੇ ਪਹਿਲੇ ਹਫਤੇ ਤੱਕ ਹਾਲਤਾਂ ਨੇ ਨਵਾਂ ਮੋੜ ਕੱਟ ਲਿਆ। ਵੱਖ-ਵੱਖ ਕਮਰਿਆਂ ਵਿੱਚ ਵੱਡੇ ਛੋਟੇ ਪੱਥਰ ਵੱਜਣੇ ਸ਼ੁਰੂ ਹੋ ਗਏ। ਬਹੁਤ ਸਾਰੇ ਪੱਥਰ ਸਵੇਰੇ ਨੌਂ ਵਜੇ ਤੱਕ ਡਿੱਗਦੇ ਜਾਂ ਸ਼ਾਮ ਨੂੰ ਦੋ ਵਜੇ ਤੋਂ ਨੌਂ ਵਜੇ ਤੱਕ।

ਇਸ ਹਾਲਤ ਵਿੱਚ ਇੱਕ ਮਸ਼ਹੂਰ ਭੂਤ ਕੱਢਣ ਵਾਲਾ, ਜਿਸਦਾ ਨਾਂ ਸਿਵਪੁਰਮਨ ਸੀ, ਲਿਆਂਦਾ ਗਿਆ। ਇਹ ਭੂਤ ਕੱਢਣ ਵਾਲਾ (ਸਿਆਣਾ) ਜੋ ਕਿ ਉੱਤਰ ਦੇ ਇੱਕ ਛੋਟੇ ਜਿਹੇ ਰੇਲਵੇ ਸਟੇਸ਼ਨ ਦਾ ਇੰਚਾਰਜ ਸੀ, ਨੇ ਕਿਹਾ ਕਿ ਕਈ ਦੈਵੀ ਸ਼ਕਤੀਆਂ ਕਰਕੇ ਭੂਤਾਂ ਉਸ ਦੇ ਵੱਸ ਵਿੱਚ ਹਨ। ਪੁੱਛ ਦੇਣ ਵਾਲੇ ਮਛੇਰੇ ਦੀ ਤਰ੍ਹਾਂ ਸਿਵਾਪੁਰਮਨ ਨੇ ਪੱਤਰੀ ਵੇਖੀ ਅਤੇ ਦੱਸਿਆ ਕਿ ਕਿਸੇ ਦੁਸ਼ਮਣ ਨੇ ਉਸ ਦੇ ਬਾਗ ਵਿੱਚ ਇੱਕ ਸ਼ਕਤੀਸ਼ਾਲੀ ਟੂਣਾ ਦੱਬਿਆ ਹੈ, ਜੇਕਰ ਇਹ ਕੱਢ ਦਿੱਤਾ ਜਾਵੇ ਤਾਂ ਘਰ ਦਾ ਸਾਰਾ ਦੁੱਖ ਕੱਟਿਆ ਜਾ ਸਕਦਾ ਹੈ। ਉਸਨੇ ਹਜ਼ਾਰ ਰੁਪਏ ਲੈ ਕੇ ਟੂਣਾ ਕੱਢਣ ਦੀ ਪੇਸ਼ਕਸ਼ ਕੀਤੀ। ਸਿਵਾਪੁਰਮਨ ਦੁਆਰਾ ਇੰਨੀ ਵੱਡੀ ਰਕਮ ਮੰਗ ਲੈਣ ਤੇ ਥਾਨਾਂਪੱਤੀ ਪਿੱਲੇ ਘਬਰਾ ਗਿਆ। ਪਰ ਸ਼ਿਵਪੁਰਮਨ ਨੇ ਦੱਸਿਆ ਕਿ ਉਹ ਹਮੇਸ਼ਾਂ ਉੱਚੀ ਫੀਸ ਹੀ ਲੈਂਦਾ ਹੈ ਅਤੇ ਦੂਜੇ ਸਿਆਣਿਆਂ ਵਾਂਗ ਧੋਖੇਬਾਜ ਨਹੀਂ ਹੈ। ਆਪਣੀ ਮਸ਼ਹੂਰੀ ਤੇ ਯੋਗਤਾ ਬਾਰੇ ਥਾਨਾਂਪਤੀ ਪਿੱਲੇ ਨੂੰ ਜਚਾਉਣ ਲਈ ਉਸਨੇ ਦੱਸਿਆ ਕਿ ਇੱਕ ਸਾਬਕਾ ਪ੍ਰਧਾਨ ਮੰਤਰੀ ਨੇ ਉਸ ਉੱਪਰ ਦੂਜੇ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਕੀਤੇ ਟੂਣੇ ਦੇ ਅਸਰ ਨੂੰ ਦੂਰ ਕਰਨ ਲਈ ਮੈਨੂੰ ਪੰਜ ਹਜ਼ਾਰ ਰੁਪਏ ਦਿੱਤੇ ਸਨ।

ਥੋੜੀ ਜਿਹੀ ਲੈ ਦੇ ਤੋਂ ਬਾਅਦ ਥਾਨਾਂਪਤੀ ਪਿੱਲੇ ਇਸ ਗੱਲ ਤੇ ਮੰਨ ਗਿਆ ਕਿ ਜੇਕਰ ਅਸਰਦਾਰ ਢੰਗ ਨਾਲ ਟੂਣੇ ਦਾ ਅਸਰ ਖਤਮ ਹੋ ਗਿਆ ਤਾਂ ਉਹ ਸਿਆਣੇ ਨੂੰ ਪੰਜ ਸੌ ਰੁਪਏ ਦੇਵੇਗਾ। ਢਾਈ ਸੌ ਰੁਪਏ ਸਿਵਾਪੁਰਮਨ ਨੂੰ ਪੇਸ਼ਗੀ ਦੇ ਦਿੱਤੇ ਗਏ। ਉਸੇ ਸ਼ਾਮ ਨੂੰ ਸਿਵਾਪੁਰਮਨ ਵੱਖ-ਵੱਖ ਚੀਜ਼ਾਂ ਨਾਲ ਭਰਿਆ ਝੋਲਾ ਲੈ ਕੇ ਪੂਜਾ ਕਰਨ ਲਈ ਆ ਗਿਆ। ਘਰ ਤੋਂ ਬਾਗ ਤੱਕ ਕੁਝ ਕਦਮਾਂ ਮਿਣੀਆਂ ਅਤੇ ਥਾਨਾਂਪਤੀ ਪਿੱਲੇ ਨੂੰ ਇੱਕ ਖਾਸ ਥਾਂ ਤੋਂ ਪੁੱਟਣ ਲਈ ਕਿਹਾ। ਜਦੋਂ ਉਸ ਨੇ ਦੋ ਫੁੱਟ ਡੂੰਘਾ ਟੋਇਆ ਪੁੱਟ ਦਿੱਤਾ ਤਾਂ ਉਸਨੇ ਥਾਨਾਂਪਤੀ ਪਿੱਲੇ ਦੇ ਜੁਆਈ ਪੋਨਾਂਮਾਪਲਮ ਨੂੰ ਉਸ ਤੋਂ ਸੱਬਲ ਫੜ੍ਹਨ ਲਈ ਕਿਹਾ ਅਤੇ ਹੋਰ ਡੂੰਘਾ ਪੁੱਟਣ ਲਈ ਕਿਹਾ। ਜਦੋਂ ਟੋਆ ਚਾਰੇ ਫੁੱਟ ਡੂੰਘਾ ਹੋ ਗਿਆ ਤਾਂ ਸਿਵਾਪੁਰਮਨ ਨੇ ਕਿਹਾ ਕਿ ਮੈਂ ਬਿਲਕੁਲ ਨੰਗਾ ਹੋ ਕੇ ਟੋਏ ਨੇੜੇ ਵਿਸ਼ੇਸ਼ ਪੂਜਾ ਕਰਨੀ ਹੈ। ਉਹ ਘਰ ਦੇ ਇੱਕ ਪਾਸੇ ਗਿਆ ਅਤੇ ਕੱਪੜੇ ਲਾਹ ਕੇ ਬਿਲਕੁਲ ਨੰਗਾ ਹੋ ਗਿਆ ਅਤੇ ਟੋਏ ਕੋਲ ਆ ਗਿਆ। ਉਸਦਾ ਨੰਗਾ ਸਰੀਰ ਚੰਨ ਚਾਨਣੀ ਰਾਤ ਵਿੱਚ ਸਪੱਸ਼ਟ ਦਿਸਦਾ ਸੀ। ਇਸ ਲਈ ਸਾਰੀਆਂ ਇਸਤਰੀਆਂ ਘਰ ਦੇ ਅੰਦਰ ਚਲੀਆਂ ਗਈਆਂ। ਹੁਣ ਸਿਵਾਪੁਰਮਨ ਨੇ ਟੋਆ ਪੁੱਟਣਾ ਸ਼ੁਰੂ ਕੀਤਾ ਅਤੇ ਨਾਲ-ਨਾਲ ਮੰਤਰ ਉਚਾਰਦਾ ਗਿਆ ਅਤੇ ਅੰਤ ਵਿੱਚ ਉਸਨੇ ਮੋੜੀ ਹੋਈ ਇੱਕ ਤਾਂਬੇ ਦੀ ਪੱਤਰੀ ਕੱਢੀ ਜਿਸ ਉੱਪਰ ਅਜੀਬ ਭਾਸ਼ਾ ਵਿੱਚ ਕੁਝ ਲਿਖਿਆ ਹੋਇਆ ਸੀ।

ਥਾਨਾਂਪਤੀ ਪਿੱਲੇ ਅਤੇ ਸਿੰਨਾਤੰਪੀ ਅਨੁਸਾਰ ਪੱਤਰੀ ਉੱਪਰ ਤਾਜੇ ਤਾਂਬੇ ਵਰਗੀ ਚਮਕ ਸੀ। ਦੋਵਾਂ ਨੂੰ ਸੱਕ ਸੀ ਕਿ ਪੱਤਰੀ ਸਿਵਾਪੁਰਮਨ ਨੇ ਆਪ ਰੱਖੀ ਹੈ ਅਤੇ ਉਹ ਇਸ ਨੂੰ ਟੋਏ'ਚੋਂ ਕੱਢਣ ਦਾ ਬਹਾਨਾ ਕਰ ਰਿਹਾ ਹੈ। ਸਿਵਾਪੁਰਮਨ ਉਸ ਥਾਂ ਤੇ ਗਿਆ, ਜਿੱਥੇ ਉਸ ਨੇ ਆਪਣੇ ਕੱਪੜੇ ਰੱਖੇ ਹੋਏ ਸਨ ਅਤੇ ਉਸੇ ਤਰ੍ਹਾਂ ਕੱਪੜੇ ਪਾਕੇ ਫਿਰ ਵਾਪਸ ਆ ਗਿਆ। ਉਸ ਨੇ ਕਿਹਾ ਕਿ ਹੁਣ ਘਰ ਵਿੱਚ ਕੋਈ ਤਕਲੀਫ ਨਹੀਂ ਰਹੇਗੀ। ਪਰ ਥਾਨਾਂਪਤੀ ਪਿੱਲੇ ਤੇ ਸਿੰਨਾਤੰਪੀ ਨੂੰ ਇਹ ਗੱਲ ਬਿਲਕੁਲ ਨਹੀਂ ਜਚੀ ਸੀ। ਥਾਨਾਂਪਤੀ ਪਿੱਲੇ ਨੇ ਕਿਹਾ ਕਿ ਬਾਕੀ ਢਾਈ ਸੌ ਰੁਪਏ ਉਹ ਤਕਲੀਫ਼ ਹਟ ਜਾਣ ਤੇ ਕੱਲ੍ਹ ਨੂੰ ਦੇਵੇਗਾ।

ਸਾਰੇ ਘਰ ਵਿੱਚ ਨਿਰਾਸ਼ਤਾ ਦੀ ਕੋਈ ਹੱਦ ਨਾ ਰਹੀ, ਜਦੋਂ ਅਗਲੇ ਦਿਨ ਵੀ ਪੱਥਰ ਡਿੱਗਣੇ ਜਾਰੀ ਰਹੇ। ਥਾਨਾਂਪਤੀ ਪਿੱਲੇ ਸਿਵਾਪੁਰਮਨ ਨੂੰ ਸਾਰੀ ਹਾਲਤ ਬਾਰੇ ਦੱਸਣ ਅਤੇ ਉਸਨੂੰ ਦੁਬਾਰਾ ਲਿਆਉਣ ਲਈ ਉਸ ਕੋਲ ਗਿਆ। ਪਰ ਸਿਵਾਪੁਰਮਨ ਨੇ ਇਹ ਬਹਾਨਾ ਬਣਾ ਕੇ ਕਿ ਅਗਲੇ ਦਿਨ ਉਸਨੂੰ ਸਟੇਸ਼ਨ ਵਿਖੇ ਕੁਝ ਰੁਝੇਵੇਂ ਹਨ, ਕਰੈਨਗਰ ਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਇੱਥੋ ਤੱਕ ਕਿ ਉਸਨੇ ਬਕਾਇਆ ਵੀ ਨਾ ਮੰਗਿਆ

ਅੰਗਰੇਜੀ ਪੜ੍ਹੇ ਸਿਵਾਪੁਰਮਨ ਦੁਆਰਾ ਕਰੈਨਗਰ ਵਾਲੇ ਭੂਤ ਚਿੰਬੜੇ ਘਰ ਵਿੱਚੋਂ ਭੂਤ ਕੱਢਣ ਦੇ ਕੰਮ ਨੇ ਦੁੱਖ ਘੱਟ ਕਰਨ ਦੀ ਬਜਾਏ ਗੱਲ ਨੂੰ ਹੋਰ ਭੈੜੀ ਬਣਾ ਦਿੱਤਾ। ਉਸ ਦਿਨ ਤੋਂ ਰਿਝਦੇ ਹੋਏ ਚੌਲਾਂ ਵਿੱਚ ਰੇਤ ਅਤੇ ਮਨੁੱਖੀ ਗੰਦਗੀ ਡਿੱਗਦੀ ਵਿਖਾਈ ਦੇਣ ਲੱਗੀ। ਕਈ ਵਾਰੀ ਸਾਰੇ ਪਰਿਵਾਰ ਨੂੰ ਭੋਜਨ ਵਿੱਚ ਗੰਦਗੀ ਦਿਸਣ ਕਾਰਨ ਭੁੱਖੇ ਰਹਿਣਾ ਪੈਂਦਾ।

ਇੱਕ ਵਾਰੀ ਪਰਿਵਾਰ ਦਾ ਇੱਕ ਮਿੱਤਰ ਜਾਫਨਾ ਜਾਂਦਾ ਹੋਇਆ ਥਾਨਾਂਪਤੀ ਪਿੱਲੇ ਨਾਲ ਕੁਝ ਗੱਲਾਂ ਬਾਰੇ ਵਿਚਾਰ ਕਰਨ ਲਈ ਘਰ ਠਹਿਰ ਗਿਆ। ਉਸ ਕੋਲ ਇੱਕ ਚਮੜੇ ਦਾ ਬੈਗ ਸੀ, ਜਿਸ ਵਿੱਚ ਕੁਝ ਜਰੂਰੀ ਕਾਗਜਾਤ ਸਨ। ਬੈਗ ਨੂੰ ਡਰਾਇੰਗ ਰੂਮ ਵਿੱਚ ਮੇਜ ਉੱਪਰ ਰੱਖ ਕੇ ਉਹ ਥਾਨਾਂਪਤੀ ਪਿੱਲੇ ਨਾਲ ਕੁਝ ਖਾਣ-ਪੀਣ ਲਈ ਬਾਹਰ ਚਲਾ ਗਿਆ। ਜਦ ਉਹ ਵਾਪਿਸ ਆਇਆ ਤਾਂ ਬੈਗ ਮੇਜ ਤੋਂ ਗਾਇਬ ਸੀ। ਭਾਵੇਂ ਘਰ ਤੇ ਬਾਗ ਵਿੱਚ ਬੈਗ ਦੀ ਪੂਰੀ ਭਾਲ ਕੀਤੀ ਗਈ, ਪਰ ਇਹ ਨਾ ਲੱਭਿਆ।

ਇੱਕ ਦਿਨ ਪੈਕੀਅਮ ਆਪਣੀਆਂ ਤਿੰਨ ਧੀਆਂ ਨਾਲ ਖੂਹ ਉੱਪਰ ਇਸ਼ਨਾਨ ਕਰਨ ਲਈ ਗਈ। ਉਸਨੇ ਖੂਹ ਦੇ ਨੇੜੇ ਕੱਪੜਿਆਂ ਹੇਠ ਪੰਜ ਰੁਪਏ ਦਾ ਨੋਟ ਰੱਖ ਦਿੱਤਾ। ਇਸ਼ਨਾਨ ਤੋਂ ਪਿੱਛੋਂ ਜਦ ਉਸਨੇ ਕਰੰਸੀ ਨੋਟ ਵੇਖਿਆ ਤਾਂ ਇਹ ਉੱਥੇ ਨਹੀਂ ਸੀ।

ਪੈਕੀਅਮ ਦੇ ਪਤੀ ਪੋਨਾਮਾਂਪਲਮ ਦੇ ਡਰਾਇਵਰ ਦੀ ਮੱਦਦ ਨਾਲ ਸਿਆਣੇ ਤੇ ਉਸਦੀ ਪਾਰਟੀ ਨੂੰ ਕਰੈਨਗਰ ਲਿਆਂਦਾ ਗਿਆ। ਦੋ ਸਿਆਣਿਆਂ ਦੀ ਟੋਲੀ, ਦੋ ਮੁਰਗੇ, ਕੁਝ ਨਿੰਬੂ, ਪਾਨ ਦੇ ਪੱਤੇ, ਦੋ ਅਰਕ ਦੀਆਂ ਬੋਤਲਾਂ ਅਤੇ ਖੇਡਣ ਲਈ ਹੋਰ ਲੋੜੀਂਦੀਆਂ ਚੀਜ਼ਾਂ ਕਾਰ ਤੇ ਜਾ ਕੇ ਕਰੈਨਗਰੋਂ ਲਿਆਂਦੀਆਂ ਗਈਆਂ। ਉਹ ਐਤਵਾਰ ਨੂੰ ਸਵੇਰੇ ਥਾਨਾਂਪਤੀ ਪਿੱਲੇ ਦੇ ਘਰ ਪਹੁੰਚ ਗਏ।

ਦੇਵਨਾਇਕੇ ਨੂੰ ਮਹਿਮਾਨਾਂ ਦੇ ਖਾਣੇ ਲਈ ਤੀਹ ਕੁ ਹਾਪਰ (ਇੱਕ ਤਰ੍ਹਾਂ ਦਾ ਖਾਣਾ) ਖਰੀਦਣ ਲਈ, ਬਜ਼ਾਰ ਭੇਜ ਦਿੱਤਾ। ਦੇਵਨਾਇਕੀ ਹਾਪਰਾਂ ਦੀ ਭਰੀ ਟੋਕਰੀ ਲੈ ਕੇ ਵਾਪਸ ਆ ਗਈ। ਘਰ ਵਿਖੇ ਟੋਕਰੀ ਖੋਲ੍ਹਣ ਵੇਲੇ ਕੁੜੀ ਨੇ ਚਿਲਾਉਣਾ ਸ਼ੁਰੂ ਕਰ ਦਿੱਤਾ ਕਿ ਭੂਤ ਨੇ ਹਾਪਰਾਂ ਵਾਲੀ ਟੋਕਰੀ ਵਿੱਚ ਰੇਤਾ ਪਾ ਦਿੱਤਾ ਹੈ। ਰੇਤ ਨਾਲ ਲਿਬੜੇ ਹਾਪਰ ਗਊਆਂ ਨੂੰ ਚਾਰ ਦਿੱਤੇ ਗਏ। ਦੇਵਨਾਇਕੇ ਨੂੰ ਕੁਝ ਹਾਪਰ ਖਰੀਦਣ ਲਈ ਭੇਜਿਆ ਗਿਆ, ਕਿਉਂਕਿ ਬਜਾਰ ਵਿੱਚੋਂ ਹਾਪਰ ਮੁੱਕ ਚੁੱਕੇ ਸਨ, ਉਸ ਨੇ ਕੁਝ ਸਟਰਿੰਗ ਹਾਪਰ ਖਰੀਦ ਲਏ। ਪ੍ਰੰਤੂ ਇਸ ਵਾਰ ਵੀ ਹਾਪਰ ਰੇਤੇ ਨਾਲ ਲਿਬੜੇ ਪਾਏ ਗਏ। ਅੰਤ ਨੂੰ ਪੈਕੀਅਮ ਨੂੰ ਘਰ ਵਿਖੇ ਪਿੱਟੂ (ਇੱਕ ਖਾਣਾ) ਹੀ ਬਨਾਉਣਾ ਪਿਆ ਤਾਂ ਕਿ ਮਹਿਮਾਨਾਂ ਨੂੰ ਖਾਣਾ ਖਵਾਇਆ ਜਾ ਸਕੇ।

ਦੋ ਸਿਆਣਿਆਂ ਨੇ ਉਹ ਸਾਰਾ ਦਿਨ ਭੂਤ ਖਿਡਾਉਣ ਲਈ ਤਿਆਰੀ ਕਰਨ ਅਤੇ ਸਜਾਵਟ ਕਰਨ ਵਿੱਚ ਲਾ ਦਿੱਤਾ। ਕਿਉਂਕਿ ਭਾਰੀ ਗਿਣਤੀ ਵਿੱਚ ਉੱਤਰ ਦੇ ਤਾਮਿਲ ਵੇਖਣ ਲਈ ਆਏ ਹੋਏ ਸਨ। ਰਸਮ ਲਗਭਗ ਰਾਤ ਨੂੰ ਨੌਂ ਵਜੇ ਸ਼ੁਰੂ ਹੋਈ ਤੇ ਅਗਲੇ ਦਿਨ ਦੀ ਸਵੇਰ ਹੋਣ ਤੱਕ ਚਲਦੀ ਰਹੀ। ਦੋ ਮੁਰਗਿਆਂ ਦੀ ਬਲੀ ਦੇ ਕੇ ਇਹ ਰਸਮ ਖਤਮ ਕੀਤੀ ਗਈ। ਲਗਭਗ ਰਾਤ ਦੇ ਨੌਂ ਵਜੇ ਇੱਕ ਸਿਆਣਾ ਦੋ ਮੁਰਗੇ ਲੈਣ ਲਈ ਘਰੋਂ ਬਾਹਰ ਗਿਆ। ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਉਸਨੇ ਵੇਖਿਆ ਕਿ ਇੱਕ ਮੁਰਗੇ ਨੂੰ ਭੂਤ ਨੇ ਖੋਲ ਦਿੱਤਾ ਹੈ। ਉਨ੍ਹਾਂ ਨੇ ਬਾਕੀ ਬਚੇ ਮੁਰਗੇ ਦੀ ਬਲੀ ਦੇ ਦਿੱਤੀ। ਪ੍ਰੰਤੂ ਜਦੋਂ ਧੌਣ ਕੱਟਣ ਦੀ ਰਸਮ ਹੋ ਰਹੀ ਸੀ ਤਾਂ ਉਹਨਾਂ ਨੇ ਆਪਣੇ ਉੱਪਰ ਪੱਥਰਾਂ ਦੀ ਬੁਛਾੜ ਹੁੰਦੀ ਵੇਖੀ। ਸਿਆਣੇ ਆਪ ਵੀ ਡਰ ਗਏ। ਉਹਨਾਂ ਨੇ ਕਿਹਾ ਕਿ ਜਿਹੜਾ ਭੂਤ ਇਸ ਘਰ ਵਿੱਚ ਹੈ, ਉਹ ਬਹੁਤ ਹੀ ਤਾਕਤਵਰ ਹੈ ਅਤੇ ਆਮ ਭੂਤ ਖਿਡਾਉਣ ਵਾਲੀ ਰਸਮ ਨਾਲ ਨਹੀਂ ਨਿਕਲ ਸਕਦਾ।

ਭੂਤ ਖਿਡਾਉਣ ਦਾ ਜੋ ਫਲ ਮਿਲਿਆ, ਉਸ ਤੋਂ ਥਾਨਾਂਪਤੀ ਪਿੱਲੇ ਬਿਲਕੁਲ ਅਸੰਤੁਸ਼ਟ ਸੀ। ਸਿਆਣਿਆ ਨੂੰ ਸੌ ਰੁਪਏ ਦਿੱਤੇ ਅਤੇ ਜਾਏਲਾ ਵਾਪਸ ਭੇਜ ਦਿੱਤੇ।

ਦੋ ਦਿਨ ਪਿੱਛੋਂ ਦੇਵਨਾਇਕੇ ਨੇ ਆਪਣੀ ਖੱਬੀ ਛਾਤੀ ਵਿੱਚ ਸਖਤ ਦਰਦ ਦੀ ਸ਼ਿਕਾਇਤ ਕੀਤੀ। ਪੈਕੀਅਮ ਨੇ ਵੇਖਿਆ ਕਿ ਉਸ ਦੀ ਧੀ ਦੀ ਖੱਬੀ ਛਾਤੀ ਵਾਲੀ ਦੂਧੀ ਉੱਤੇ ਫੋੜਾ ਨਿਕਲ ਆਇਆ ਹੈ। ਸਾਰਾ ਟੱਬਰ ਘਬਰਾ ਗਿਆ ਅਤੇ ਉਹਨਾਂ ਨੇ ਇਸ ਨੂੰ ਵੀ ਭੂਤ ਦੀਆਂ ਕਾਰਵਾਈਆਂ ਦਾ ਸਿੱਟਾ ਹੀ ਸਮਝਿਆ। ਅੰਤ ਵਿੱਚ ਉਹਨਾਂ ਨੇ ਪੋਇਟ ਪੈਡਰੋਂ ਵਿਖੇ ਸੇਲਵਾਸਾਨਿੱਧੀ ਮੰਦਰ ਵਿਖੇ ਤੀਰਥ ਯਾਤਰਾ ਕਰਨ ਦਾ ਫੈਸਲਾ ਕੀਤਾ। ਉਹ ਦੂਜੇ ਯਾਤਰੀਆਂ ਨਾਲ ਮੰਦਰ ਦੇ ਨਾਲ ਲਗਦੇ ਮਦਾਮ (Madam) ਵਿੱਚ ਠਹਿਰੇ। ਹਰ ਰੋਜ਼ ਉਹ ਫੁੱਲ ਅਤੇ ਪੈਸੇ ਭੇਟਾ ਕਰਦੇ ਅਤੇ ਮੁਰੂਗਾਨ ਅੱਗੇ ਪ੍ਰਾਰਥਨਾ ਕਰਦੇ। ਪਹਿਲੇ ਤਿੰਨ ਦਿਨ ਤੱਕ ਪਰਿਵਾਰ ਵਿੱਚ ਕੋਈ ਦੁੱਖ ਤਕਲੀਫ ਨਾ ਹੋਈ, ਪਰ ਚੌਥੇ ਦਿਨ ਤੱਕ ਉਸ ਕਮਰੇ ਵਿੱਚ ਪੱਥਰ ਡਿੱਗਣੇ ਸ਼ੁਰੂ ਹੋ ਗਏ, ਜਿਸ ਵਿੱਚ ਦੋ ਇਸਤਰੀਆਂ ਅਤੇ ਬੱਚੇ ਸਨ। ਮੇਰੇ ਤੇ ਮੇਰੀ ਪਤਨੀ ਦੇ ਪਹੁੰਚਣ ਬਾਰੇ ਤਾਰ ਰਾਹੀਂ ਮਿਲੇ ਸੁਨੇਹੇ ਤੇ ਉਹ ਤੇਰਾਂ ਮਈ ਦੀ ਸਵੇਰ ਨੂੰ ਮੰਦਰ ਤੋਂ ਚੱਲ ਪਏ।

ਜਦੋਂ ਕਿ ਬਾਹਰਲੇ ਘਰ ਪੈਕੀਅਮ ਨੂੰ ਸਵਾਲ ਪੁੱਛੇ ਜਾ ਰਹੇ ਸਨ ਤਾਂ ਮੈਂ ਘਰ ਦੇ ਸਾਹਮਣੇ ਵੱਡਾ ਸ਼ੋਰ ਸ਼ਰਾਬਾ ਸੁਣਿਆ। ਪੈਕੀਅਮ ਨੂੰ ਗੱਲ ਦਾ ਪਤਾ ਕਰਨ ਲਈ ਭੇਜਿਆ। ਉਸ ਨੇ ਵਾਪਸ ਆ ਕੇ ਦੱਸਿਆ ਕਿ ਥਾਨਾਂਪਤੀ ਪਿੱਲੇ ਰਾਜਲਕਸ਼ਮੀ ਨਾਂ ਦੀ ਗੁਆਂਢਣ ਨੂੰ ਬੁਰਾ ਭਲਾ ਕਹਿ ਰਿਹਾ ਸੀ, ਜਿਹੜੀ ਕਿ ਪਤਾ ਕਰਨ ਆਈ ਸੀ ਕਿ ਘਰ ਵਿੱਚ ਕੀ ਹੋ ਰਿਹਾ ਹੈ ਅਤੇ ਨਵੇਂ ਮਹਿਮਾਨ ਕੌਣ ਹਨ। ਪੁੱਛ ਦੇਣ ਵਾਲੇ ਨੇ ਰਾਜਲਕਸ਼ਮੀ ਨੂੰ ਦੂਰ ਦੀ ਰਿਸ਼ਤੇਦਾਰੀ ਵਿੱਚੋਂ ਲਕਸ਼ਮੀ ਦੇ ਨਾਂ ਨਾਲ ਦੱਸਿਆ ਸੀ ਇਸ ਨੇ ਟੂਣਾ ਕੀਤਾ ਸੀ।

ਪੰਜਵਾਂ ਜੀਅ ਜਿਸ ਨੂੰ ਸਵਾਲ ਪੁੱਛੇ ਗਏ ਉਹ ਤੇਰਾਂ ਸਾਲ ਦੀ ਦੇਵਨਾਇਕੇ ਸੀ। ਜਿਨ੍ਹਾਂ ਨੂੰ ਪਹਿਲਾਂ ਸਵਾਲ ਪੁੱਛੇ ਗਏ ਸਨ ਉਨ੍ਹਾਂ ਤੋਂ ਉਲਟ ਮੈਂ ਉਸ ਨਾਲ ਗੱਲ ਕਰਨ ਦਾ ਵੱਖਰਾ ਢੰਗ ਅਪਣਾਇਆ। ਮੈਂ ਇਸ ਵਿਸ਼ਵਾਸ ਨਾਲ ਗੱਲ ਸ਼ੁਰੂ ਕੀਤੀ ਕਿ ਜੋ ਕੁਝ ਘਰ ਵਿੱਚ ਵਾਪਰਿਆ ਹੈ, ਉਸ ਬਾਰੇ ਮੈਨੂੰ ਪੂਰਾ ਪਤਾ ਹੈ ਅਤੇ ਮੈਨੂੰ ਇਹ ਪਤਾ ਹੈ ਕਿ ਇਨ੍ਹਾਂ ਸਾਰੀਆਂ ਗੱਲਾਂ ਪ੍ਰਤੀ ਕੌਣ ਜ਼ਿੰਮੇਵਾਰ ਹੈ। ਬਿਨਾਂ ਕਿਸੇ ਝਿਜਕ ਦੇ ਮੁਸਕਰਾਉਂਦੇ ਚਿਹਰੇ ਨਾਲ ਮੇਰੇ ਸਵਾਲਾਂ ਦੇ ਜਵਾਬਾਂ ਵਿੱਚ ਉਸ ਨੇ ਸਭ ਕੁਝ ਦਾ ਵਰਨਣ ਕਰ ਦਿੱਤਾ, ਜੋ ਕੁਝ ਉਸ ਨੇ ਪਿਛਲੇ ਢਾਈ ਮਹੀਨਿਆਂ ਵਿੱਚ ਕੀਤਾ ਸੀ। ਉਸਨੇ ਮੈਨੂੰ ਦੱਸਿਆ ਕਿ ਉਸ ਨੇ ਹੀ ਤਾਲਿਆਂ ਦੀਆਂ ਕੁੰਜੀਆਂ ਲੁਕਾਈਆਂ ਸਨ ਅਤੇ ਵਾੜ ਵਿੱਚ ਖੰਜੂਰ ਦੇ ਪੱਤਿਆਂ ਹੇਠ ਟੁੱਥ ਪੇਸਟ ਵੀ ਉਸ ਨੇ ਹੀ ਲੁਕਾਈ ਸੀ। ਖੂਹ ਨੇੜਲੇ ਛੋਟੇ ਨਾਰੀਅਲ ਦੇ ਪੱਤਿਆਂ ਦੀ ਵਿਰਲ ਵਿੱਚ ਪੰਜ ਦਾ ਨੋਟ ਵੀ ਉਸ ਨੇ ਲੁਕਾਇਆ ਸੀ। ਉਸ ਨੇ ਹੀ ਨਾਲ ਲੱਗਦੇ ਵਿਹੜੇ ਵਿੱਚ ਖਜੂਰ ਦੇ ਛੋਟੇ ਪੌਦਿਆਂ ਵਿੱਚ ਬੈਗ ਸੁੱਟਿਆ ਸੀ। ਉਸ ਨੇ ਅੱਗੇ ਦੱਸਿਆ ਕਿ ਉਸ ਦੇ ਨਾਨੇ ਦੀ ਗੁਆਚੀ ਦੰਦਬੀੜ ਦਾ ਉਸ ਨੂੰ ਕੋਈ ਪਤਾ ਨਹੀਂ। ਉਸ ਨੇ ਮੰਨਿਆ ਕਿ ਟੋਕਰੀ ਵਿੱਚ ਪਏ ਹਾਪਰਾਂ ਅਤੇ ਸਟਰਿੰਗ ਹਾਪਰਾਂ ਵਿੱਚ ਰੇਤਾ ਵੀ ਉਸ ਨੇ ਹੀ ਸੁੱਟਿਆ ਸੀ।

ਇਹ ਸਾਰੀਆਂ ਚੀਜ਼ਾਂ ਉਹ ਅਗਲੇ ਦਿਨ ਵਾਪਸ ਕਰਨੀਆਂ ਮੰਨ ਗਈ। ਇਸ ਦੇ ਬਦਲੇ ਮੈਂ ਉਸ ਨਾਲ ਵਾਅਦਾ ਕੀਤਾ ਕਿ ਮੈਂ ਉਸ ਦੇ ਘਰ ਦੇ ਕਿਸੇ ਜੀਅ ਨੂੰ ਨਹੀਂ ਦੱਸਾਂਗਾ ਕਿ ਸਾਰੀਆਂ ਸ਼ਰਾਰਤਾਂ ਦੀ ਉਹ ਜ਼ਿੰਮੇਵਾਰ ਹੈ।

ਆਪਣੀ ਤਸੱਲੀ ਮੁਤਾਬਿਕ ਸਮੱਸਿਆ ਦਾ ਹੱਲ ਕਰ ਲੈਣ ਬਾਅਦ ਮੈਂ ਤੇ ਮੇਰੀ ਪਤਨੀ ਦੁਪਹਿਰ ਦਾ ਖਾਣਾ ਖਾਣ ਮੁੱਖ ਘਰੇ ਜੀਆਂ ਨੂੰ ਹਾਲ ਵਿੱਚ ਇਕੱਠੇ ਕਰ ਲਿਆ ਅਤੇ ਉਹਨਾਂ ਨੂੰ ਇਹ ਕੁਝ ਕਿਹਾ:

ਇਸ ਘਰ ਉੱਤੇ ਕਦੇ ਵੀ ਟੂਣੇ ਜਾਂ ਭੂਤ ਦਾ ਅਸਰ ਨਹੀਂ ਰਿਹਾ। ਕਿਸੇ ਨੇ ਵੀ ਉਹਨਾਂ ਉੱਪਰ ਟੂਣਾ ਨਹੀਂ ਕੀਤਾ। ਤੁਹਾਨੂੰ ਆਪਣੇ ਸਾਰੇ ਗੁਆਂਢੀ ਬੁਲਾਉਣੇ ਚਾਹੀਦੇ ਹਨ, ਜਿੰਨ੍ਹਾਂ ਉੱਪਰ ਸ਼ੱਕ ਕੀਤਾ ਹੈ ਉਹਨਾਂ ਤੋਂ ਮੁਆਫੀ ਮੰਗੋ। ਰਾਜ-ਲਕਸ਼ਮੀ ਨਿਰਦੋਸ਼ ਹੈ, ਸਿਰਫ ਆਪਣੀ ਅਗਿਆਨਤਾ ਕਰਕੇ ਤੁਸੀਂ ਉਸ ਦੇ ਨਾਂ ਕਰਕੇ ਹੀ ਸ਼ੱਕ ਕਰ ਲਿਆ। ਮਛੇਰੇ ਪੁੱਛ ਵਾਲੇ, ਨੇ ਸਧਾਰਨ ਤੌਰ ਤੇ ਹੀ ਲਕਸ਼ਮੀ ਦਾ ਨਾਂ ਲੈ ਦਿੱਤਾ ਕਿ ਉਸ ਨੇ ਤੁਹਾਡੇ ਉੱਪਰ ਟੂਣਾ ਕੀਤਾ ਹੈ। ਤੁਸੀਂ ਸਿੱਧੜ ਬੰਦਿਆਂ ਵਾਂਗ ਉਸ ਨੂੰ ਮੰਨ ਲਿਆ ਕਿਉਂਕਿ ਤੁਹਾਡੇ ਰਿਸ਼ਤੇਦਾਰਾਂ ਵਿੱਚ ਲਕਸ਼ਮੀ ਨਾਂ ਦੀ ਕੋਈ ਕੁੜੀ ਨਹੀਂ ਸੀ, ਇਸ ਲਈ ਤੁਸੀਂ ਸਧਾਰਨ ਤੌਰ ਤੇ ਰਾਜ ਲਕਸ਼ਮੀ ਤੇ ਸ਼ੱਕ ਕਰ ਲਿਆ। ਸਿਵਪੁਰਮਨ, ਮਛੇਰਾ ਅਤੇ ਸਿਆਣੇ ਸਭ ਪਖੰਡੀ ਸਨ। ਉਹ ਤੁਹਾਨੂੰ ਪੈਸੇ ਲੈਣ ਲਈ ਧੋਖਾ ਦਿੰਦੇ ਸਨ। ਦੁਨੀਆਂ ਵਿੱਚ ਕੋਈ ਵੀ ਅਜਿਹਾ ਨਹੀਂ ਜਿਸ ਕੋਲ ਅਜਿਹੀਆਂ ਪਰਾ-ਪ੍ਰਾਕ੍ਰਿਤਕ ਸ਼ਕਤੀਆਂ ਹੋਣ, ਜਿਨ੍ਹਾਂ ਕਰਕੇ ਉਹ ਗੁੱਝੀਆਂ ਭਵਿੱਖ ਬਾਣੀਆਂ ਕਰ ਸਕੇ। ਜੇਕਰ ਇਸ ਤਰ੍ਹਾਂ ਦੇ ਆਦਮੀ ਹਨ ਤਾਂ ਉਹ ਦੁਨੀਆ ਦੇ ਸਭ ਤੋਂ ਵੱਧ ਅਮੀਰਾਂ 'ਚੋਂ ਹੋਣਗੇ ਅਤੇ ਆਪਣੀ ਰੋਜ਼ੀ ਲਈ ਉਹਨਾਂ ਨੂੰ ਥੋੜ੍ਹੇ-ਥੋੜ੍ਹੇ ਪੈਸਿਆਂ ਤੇ ਗੁਜ਼ਾਰਾ ਨਹੀਂ ਕਰਨਾ ਪਵੇਗਾ। ਲਾਈਟ ਰਿਡਿੰਗ (ਰੋਸ਼ਨੀ ਰਾਹੀਂ ਪੜ੍ਹਨਾ), ਅੰਜਨਾ-ਮੇਲੀਆਂ(ਪੱਤਰੀ ਵੇਖਣਾ), ਕਾਰਡ ਪੜ੍ਹਨਾ, ਗਲਾਸ ਦਾ ਗੱਲਾਂ ਕਰਨਾ ਅਤੇ ਭੂਤ ਕੱਢਣਾ ਸਭ ਕੁਝ ਬਕਵਾਸ ਹੈ। ਕੇਵਲ ਅਗਿਆਨੀ ਵਿਅਕਤੀ ਹੀ ਇਨ੍ਹਾਂ ਗੱਲਾਂ 'ਚ ਵਿਸ਼ਵਾਸ ਕਰਨਗੇ।

ਇਸ ਘਰ ਵਿੱਚ ਤੁਹਾਨੂੰ ਕੋਈ ਤਕਲੀਫ਼ ਨਹੀਂ ਹੋਵੇਗੀ। ਦੰਦਬੀੜ ਤੋਂ ਬਿਨਾਂ ਤੁਹਾਨੂੰ ਗੁਆਚੀਆਂ ਚੀਜ਼ਾਂ ਮਿਲ ਜਾਣਗੀਆਂ ਸ਼ਾਇਦ ਦੰਦਬੀੜ ਨੂੰ ਕੋਈ ਕਾਂ ਲੈ ਗਿਆ ਹੋਵੇ। ਥਾਨਾਂਪਤੀ ਪਿੱਲੇ ਦਾ ਜੋੜਾਂ ਦਾ ਦਰਦ, ਪੋਨਾਮਾਂ ਦੇ ਦਸਤ ਮਰੋੜ, ਦੇਵਨਾਇਕੇ ਦੀ ਛਾਤੀ ਤੇ ਫੋੜਾ ਨਿਕਲ ਆਉਣਾ ਇਹ ਸਾਰੀਆਂ ਕੁਦਰਤੀ ਬਿਮਾਰੀਆਂ ਹਨ। ਇਹ ਸੋਚਣਾ ਮੂਰਖਤਾ ਹੈ ਕਿ ਸਰੀਰਕ ਜਾਂ ਮਾਨਸਿਕ ਬੀਮਾਰੀਆਂ ਭੂਤਾਂ ਦੇ ਅਸਰ ਕਾਰਨ ਹੁੰਦੀਆਂ ਹਨ। ਆਦਿ ਮਨੁੱਖਾਂ ਵਿੱਚ ਇਸ ਤਰ੍ਹਾਂ ਦੇ ਮੂਰਖਾਂ ਵਾਲੇ ਵਿਸ਼ਵਾਸ ਹੁੰਦੇ ਸਨ ਅਤੇ ਡਾਕਟਰੀ ਇਲਾਜ ਲੈਣ ਦੀ ਬਜਾਏ ਉਹ ਜਾਦੂ-ਟੂਣਿਆਂ ਦਾ ਸਹਾਰਾ ਲੈਂਦੇ ਸਨ। ਆਧੁਨਿਕ ਸਮਾਜ, ਵਿਗਿਆਨ ਅਤੇ ਡਾਕਟਰੀ ਦੀ ਕੀਮਤ ਜਾਣਦਾ ਹੈ। ਸਾਡੇ ਵਾਂਗ ਪੱਛੜੇ ਦੇਸ਼ਾਂ ਵਿੱਚ ਅਜੇ ਵੀ ਭੂਤਾਂ ਪ੍ਰੇਤਾਂ ਦਾ ਇਲਾਜ ਕਰਨ ਵਾਲੇ ਵੱਡੀ ਗਿਣਤੀ ਵਿੱਚ ਹਨ। ਸਾਡੇ ਹਸਪਤਾਲਾਂ ਵਿੱਚ ਟੂਣਿਆਂ ਰਾਹੀਂ ਇਲਾਜ ਕਰਨ ਵਾਲੇ ਨਿਯੁਕਤ ਨਹੀਂ ਕੀਤੇ ਜਾਂਦੇ, ਕਿਉਂਕਿ ਸੂਝਵਾਨ ਵਿਅਕਤੀਆਂ ਨੂੰ ਪਤਾ ਲੱਗ ਗਿਆ ਹੈ ਕਿ ਜਾਦੂਈ ਇਲਾਜ ਵਿੱਚ ਬਿਲਕੁਲ ਕੋਈ ਸਚਾਈ ਨਹੀਂ ਹੈ ਅਤੇ ਇਸਦਾ ਕੋਈ ਮੁੱਲ ਨਹੀਂ ਹੈ। ਅੱਗੇ ਤੋਂ ਇੱਕ ਪੈਸਾ ਵੀ ਪੁੱਛਾਂ ਦੇਣ ਵਾਲਿਆਂ ਜਾਂ ਸਿਆਣਿਆਂ ਤੇ ਖਰਚ ਨਾ ਕਰਿਓ।

ਅਸੀਂ ਉਸੇ ਸ਼ਾਮ ਕੋਲੰਬੋ ਵਾਪਸ ਮੁੜ ਆਏ। ਇਕ ਹਫਤੇ ਬਾਅਦ ਮੈਨੂੰ ਸਿੰਨਾਤੰਪੀ ਦਾ ਟੈਲੀਫੋਨ ਆਇਆ। ਉਸ ਨੇ ਮੈਨੂੰ ਖੁਸ਼ੀ ਨਾਲ ਦੱਸਿਆ ਕਿ ਉਸ ਦੇ ਘਰ ਹੁਣ ਬਿਲਕੁਲ ਕੋਈ ਤਕਲੀਪਫ ਨਹੀਂ ਹੈ। ਸਾਰੀਆਂ ਗੁੱਮ ਹੋਈਆਂ ਚੀਜ਼ਾਂ ਸਮੇਤ ਚਮੜੇ ਦਾ ਬੈਗ ਦੇ, ਜਿਸ ਵਿੱਚ ਕੀਮਤੀ ਕਾਗਜ਼ਾਤ ਸਨ, ਅਗਲੀ ਸਵੇਰ ਡਰਾਇੰਗ ਰੂਮ ਵਿੱਚੋਂ ਮੇਜ ਤੋਂ ਮਿਲ ਗਈਆਂ ਹਨ। ਮੇਰੀ ਉੱਤਰੀ ਮੁਹਿੰਮ ਦੀ ਸਫ਼ਲਤਾ ਤੋਂ ਮੈਨੂੰ ਵੀ ਖੁਸ਼ੀ ਹੋਈ।

**ਹਾਲਤ ਫੇਰ ਖਰਾਬ ਹੋ ਗਈ**

ਤਿੰਨ ਹਫਤਿਆਂ ਬਾਅਦ ਮੈਨੂੰ ਸਿੰਨਾਪਤੀ ਵੱਲੋਂ ਇੱਕ ਹੋਰ ਟੈਲੀਫੋਨ ਆਇਆ ਕਿ ਭੂਤ ਨੇ ਦੋ ਹਫਤੇ ਪਿੱਛੋ ਫੇਰ ਛੇੜਖਾਨੀ ਸ਼ੁਰੂ ਕਰ ਦਿੱਤੀ ਹੈ। ਘਰ ਵਿੱਚ ਫੇਰ ਕੁੱਝ ਪੱਥਰ ਡਿੱਗੇ ਹਨ। ਮੈਂ ਸਿੰਨਾਤੰਪੀ ਨੂੰ ਉਸ ਸ਼ਾਮ ਘਰ ਆਉਣ ਲਈ ਕਿਹਾ। ਜਦੋਂ ਸਿੰਨਾਤੰਪੀ ਘਰ ਆਇਆ ਤਾਂ ਮੈਂ ਉਸ ਨੂੰ ਉਸਦੇ ਘਰ ਵਾਪਰਨ ਵਾਲੀਆਂ ਸਾਰੀਆਂ ਘਟਨਾਵਾਂ ਬਾਰੇ ਦੱਸ ਦਿੱਤਾ, ਕਿਉਂਕਿ ਦੇਵਨਾਇਕੇ ਨੇ ਮੇਰੇ ਨਾਲ ਕੀਤਾ ਵਾਅਦਾ ਤੋੜ ਦਿੱਤਾ ਸੀ, ਇਸ ਲਈ ਉਸਦੇ ਮਾਮੇ ਕੋਲ ਉਸਦਾ ਭੇਦ ਖੋਲਣਾ ਬਿਲਕੁਲ ਠੀਕ ਸੀ। ਮੈਂ ਸਿੰਨਾਤੰਪੀ ਦੇ ਚਿਹਰੇ ਉੱਤੇ ਗੁੱਸੇ ਦੇ ਹਾਵ ਭਾਵ ਦੇਖੇ। ਘਰ ਦੇ ਜੀਆਂ ਦੇ ਮਨਾਂ ਵਿੱਚ ਮਾਨਸਿਕ ਤਕਲੀਫ ਪੈਦਾ ਕਰਨ ਅਤੇ ਬੇਲੋੜਾ ਬੇਹੱਦ ਪੈਸਾ ਖਰਚ ਕਰਵਾ ਦੇਣ ਕਾਰਨ ਉਹ ਦੇਵਨਾਇਕੀ ਤੇ ਬਹੁਤ ਕਰੋਧਵਾਨ ਸੀ। ਮੈਂ ਉਸ ਨੂੰ ਕਿਹਾ ਕਿ ਵਿਚਾਰੀ ਕੁੜੀ ਉੱਤੇ ਗੁੱਸੇ ਹੋਣ ਦੀ ਕੋਈ ਲੋੜ ਨਹੀਂ। ਗੁੱਸੇ ਹੋਣ ਦੀ ਬਜਾਏ ਵੱਡਿਆਂ ਨੂੰ ਦੇਵਨਾਇਕੇ ਨਾਲ ਹਮਦਰਦੀ ਕਰਨੀ ਚਾਹੀਦੀ ਹੈ, ਕਿਉਂਕਿ ਇਹ ਸਾਰੀਆਂ ਗਲਤੀਆਂ ਉਸਨੇ ਮਾਨਸਿਕ ਹਾਲਤ ਕਰਕੇ ਕੀਤੀਆਂ ਹਨ। ਮੈਂ ਚਿਤਾਵਨੀ ਦਿੱਤੀ ਕਿ ਨਾ ਤਾਂ ਉਸ ਨੂੰ ਸਜ਼ਾ ਦਿੱਤੀ ਜਾਵੇ ਅਤੇ ਨਾ ਹੀ ਝਿੜਕਿਆ ਜਾਵੇ, ਮੈਂ ਸਿੰਨਾਤੰਪੀ ਨੂੰ ਰਾਇ ਦਿੱਤੀ ਕਿ ਉਹ ਦੋ ਹਫਤੇ ਵਾਸਤੇ ਦੇਵਨਾਇਕੀ ਨੂੰ ਮਾਨਸਿਕ ਇਲਾਜ ਲਈ ਕੋਲੰਬੋ ਲੈ ਆਵੇ।

ਦੋ ਦਿਨਾਂ ਬਾਅਦ ਥਾਨਾਂਪਤੀ ਪਿੱਲੇ ਤੇ ਪੋਨਾਮਾਂਪਲਮ, ਦੇਵਨਾਇਕੀ ਨੂੰ ਲੈ ਕੇ ਮੇਰੇ ਬੰਗਲੇ ਤੇ ਆ ਗਏ। ਮੈਂ ਵੱਡਿਆਂ ਨੂੰ ਡਰਾਇੰਗ ਰੂਮ ਵਿੱਚ ਠਹਿਰਾਇਆ ਅਤੇ ਕੁੜੀ ਨੂੰ ਉਪਰ ਰਾਇ ਮਸ਼ਵਰੇ ਵਾਲੇ ਕਮਰੇ ਵਿੱਚ ਲੈ ਗਿਆ। ਉੱਥੇ ਉਸਨੇ ਮੇਰੇ ਸਾਹਮਣੇ ਚੀਕਣਾ ਸ਼ੁਰੂ ਕਰ ਦਿੱਤਾ ਅਤੇ ਵਾਅਦਾ ਕੀਤਾ ਕਿ ਅੱਗੇ ਤੋਂ ਉਹ ਅਜਿਹੇ ਕੰਮ ਨਹੀਂ ਕਰੇਗੀ। ਮੈਂ ਉਸਨੂੰ ਦੱਸਿਆ ਕਿ ਦੂਜੀ ਵਾਰ ਵਾਅਦਾ ਕਰਨ ਦੀ ਤਾਂ ਗੱਲ ਹੀ ਨਹੀਂ ਰਹਿ ਗਈ। ਮੈਂ ਉਸਨੂੰ ਕਿਹਾ ਕਿ ਉਹ ਇਹ ਵਾਅਦਾ ਆਪਣੇ ਮਾਂ ਪਿਉ ਨਾਲ ਕਰੇ।

ਥਾਨਾਂਪਤੀ ਪਿੱਲੇ ਤੇ ਪੋਨਾਮਾਪਲਮ ਨੂੰ ਉੱਪਰ ਬੁਲਾਇਆ ਗਿਆ। ਉਸਨੇ ਹੰਝੂ ਵਹਾਉਂਦੇ ਹੋਏ ਉਹਨਾਂ ਅੱਗੇ ਇਹ ਵਾਅਦਾ ਕੀਤਾ। ਫਿਰ ਉਸ ਨੂੰ ਗਹਿਰੀ ਸੰਮੋਹਕ ਨੀਂਦ ਵਿੱਚ ਲਿਆਂਦਾ ਗਿਆ ਅਤੇ ਜ਼ਰੂਰੀ ਹਦਾਇਤਾਂ ਦਿੱਤੀਆਂ ਗਈਆਂ। ਉਹ ਜਾਏਲਾ ਵਿਖੇ ਹਫ਼ਤਾ ਆਪਣੇ ਪਿੰਡ ਕੋਲ ਠਹਿਰੀ ਅਤੇ ਕਰੈਨਗਰ ਵਾਪਸ ਜਾਣ ਤੋਂ ਪਹਿਲਾਂ ਅੰਤਮਵਾਰ ਉਸਨੂੰ ਸੰਮੋਹਕ ਨੀਂਦ ਵਿੱਚ ਲਿਆਂਦਾ ਗਿਆ। ਪੋਨਾਮਾਂਪੱਲਮ ਅਤੇ ਥਾਨਾਂਪਤੀ ਪਿੱਲੇ ਨੂੰ ਹਦਾਇਤ ਦਿੱਤੀ ਗਈ ਕਿ ਉਹ ਦੇਵਨਾਇਕੀ ਪ੍ਰਤੀ ਬਹੁਤ ਹੀ ਨਿਮਰਤਾ ਤੇ ਪਿਆਰ ਵਿਖਾਉਣ।

ਦਸੰਬਰ 1965 ਨੂੰ ਸੱਤ ਮਹੀਨੇ ਬਾਅਦ ਸਾਡਾ ਧੰਨਵਾਦ ਕਰਨ ਲਈ ਪੋਨਾਮਾਂਪੱਲਮ ਕ੍ਰਿਸਮਿਸ ਦਿਨ ਤੇ ਕਾਫ਼ੀ ਸਾਰੇ ਤੋਹਫੇ ਲੈ ਕੇ ਆਇਆ। ਪੋਨਾਮਾਂਪੱਲਮ ਦੇ ਦੱਸਣ ਮੁਤਾਬਕ ਦੇਵਨਾਇਕੇ ਨੇ ਦਿਲ ਲਾ ਕੇ ਪੜ੍ਹਾਈ ਕੀਤੀ ਹੈ ਅਤੇ ਸ਼ਾਨਦਾਰ ਤਰੱਕੀ ਕੀਤੀ ਹੈ। ਘਰ ਵਿੱਚ ਹੁਣ ਕੋਈ ਤਕਲੀਫ ਨਹੀਂ ਸੀ।

**ਵਿਆਖਿਆ**

ਕੀ ਕਾਰਨ ਸੀ ਕਿ ਘਰ ਦੇ ਵਡੇਰੇ ਇਸ ਗੱਲ ਦਾ ਪਤਾ ਲਾਉਣ ਵਿੱਚ ਕਿਉਂ ਅਸਫ਼ਲ ਰਹੇ ਕਿ ਦੇਵਨਾਇਕੇ ਹੀ ਇਹ ਸਾਰੀਆਂ ਸ਼ਰਾਰਤਾਂ ਕਰ ਰਹੀ ਹੈ ਹਾਲਾਂਕਿ ਸਿੰਨਾਤੰਪੀ ਰਾਹੀਂ ਉਹਨਾਂ ਨੂੰ ਦੱਸ ਦਿੱਤਾ ਗਿਆ ਸੀ ਕਿ ਇਹ ਸੱਭ ਕੁੱਝ ਕਰਨ ਵਾਲਾ ਘਰ ਦਾ ਜੀਅ ਹੀ ਹੈ, ਨਾ ਕਿ ਕੋਈ ਭੂਤ ਪ੍ਰੇਤ। ਭਾਵੇਂ ਮੈਂ ਇਹ ਪ੍ਰਗਟਾਵਾ ਬਿਨਾਂ ਕਿਸੇ ਕੋਸ਼ਿਸ਼ ਦੇ ਕਰ ਕਿੱਤਾ ਸੀ। ਇਸ ਤੋਂ ਇਲਾਵਾ ਦੇਵਨਾਇਕੇ ਨੇ ਜਦੋਂ ਖ਼ੁਦ ਹੀ ਇਹ ਕਹਿੰਦੇ ਹੋਏ ਚਿਲਾਉਣਾ ਸ਼ੁਰੂ ਕਰ ਦਿੱਤਾ ਕਿ ਟੋਕਰੀ ਵਿੱਚ ਪਏ ਹੋਏ ਹਾਪਰਾਂ ਵਿੱਚ ਭੂਤ ਨੇ ਰੇਤ ਮਿਲਾ ਦਿੱਤਾ ਉਹ ਉਸ ਤੇ ਕਿਵੇਂ ਸ਼ੱਕ ਕਰ ਸਕਦੇ ਸਨ। ਸਿੰਨਾਤੰਪੀ ਅਤੇ ਉਸਦੇ ਮਾਪਿਆਂ, ਜਿਹੜੇ ਕਿ ਘਰ ਵਿੱਚ ਭੂਤ ਦਾ ਤਲਾਸ਼ ਕਰ ਰਹੇ ਸਨ, ਤੋਂ ਉਲਟ, ਮੈਂ ਆਦਮੀ ਦੀ ਤਲਾਸ਼ ਕਰ ਰਿਹਾਂ ਸਾਂ, ਕਿਉਂਕਿ ਮੈਨੂੰ ਪਤਾ ਸੀ ਕਿ ਕੋਈ ਮਨੁੱਖ ਹੀ ਅਜਿਹੀਆਂ ਕਾਰਵਾਈਆਂ ਕਰ ਸਕਦਾ ਹੈ, ਜੇਕਰ ਕੋਈ ਭੂਤ ਹੈ ਤਾਂ ਵੀ ਜਿਸਦਾ ਭੌਤਿਕ ਸਰੀਰ ਨਹੀਂ ਹੈ, ਉਹ ਅਜਿਹੀਆਂ ਭੌਤਿਕ ਕਾਰਵਾਈਆਂ ਨਹੀਂ ਕਰ ਸਕਦਾ।

ਘਰ ਵਿੱਚ ਪੈਰ ਪਾਉਣ ਸਮੇਂ ਜਦੋਂ ਮੈਂ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਮਿਲਿਆ ਤਾਂ ਮੈਂ ਉਸੇ ਭੂਤ ਦੀ ਪਛਾਣ ਕਰ ਲਈ ਸੀ ਕਿਉਂਕਿ ਦੇਵਨਾਇਕੇ ਦੇ ਚਿਹਰੇ ਦੇ ਚਿੰਨ ਉਸਨੂੰ ਉਜਾਗਰ ਕਰ ਰਹੇ ਸਨ। ਇਹੀ ਕਾਰਨ ਸੀ ਕਿ ਮੈਂ ਉਸਨੂੰ ਉੱਦੋਂ ਤੱਕ

ਡਰਾਇੰਗ ਰੂਮ ਵਿੱਚ ਰੱਖਣ ਦੀ ਜ਼ਿੱਦ ਕੀਤੀ ਸੀ, ਜਦੋਂ ਤੱਕ ਉਸਨੂੰ ਪੜਤਾਲ ਲਈ ਬੁਲਾਇਆ ਨਹੀਂ ਸੀ ਜਾਂਦਾ। ਜੇਕਰ ਮੈਂ ਇਹ ਹਦਾਇਤ ਨਾ ਦਿੱਤੀ ਹੁੰਦੀ ਤਾਂ ਮੈਨੂੰ ਤੇ ਮੇਰੀ ਪਤਨੀ ਨੂੰ ਦੁਪਹਿਰ ਖਾਣੇ ਤੋਂ ਬਗੈਰ ਹੀ ਰਹਿਣਾ ਪੈਂਦਾ ਕਿਉਂਕਿ ਉਸਨੇ ਰਸੋਈ ਵਿੱਚ ਤਿਆਰ ਹੋ ਰਹੇ ਭੋਜਨ ਵਿੱਚ ਰੇਤ ਜਾਂ ਗੰਦਗੀ ਜ਼ਰੂਰ ਸੁੱਟ ਦੇਣੀ ਸੀ।

ਦੇਵਨਾਇਕੇ ਸਰੀਰਕ ਤੌਰ ਤੇ ਸਿਹਤਮੰਦ ਕੁੜੀ ਸੀ। ਉਹ ਪੜ੍ਹਾਈ ਵਿੱਚ ਚੰਗੀ ਸੀ ਅਤੇ ਆਪਣੇ ਸਕੂਲ ਵਿੱਚ ਬਹੁਤ ਹਰਮਨ ਪਿਆਰੀ ਸੀ। ਉਹ ਲਗਭਗ ਸਕੂਲ ਦੀਆਂ ਸਾਰੀਆਂ ਖੇਡਾਂ ਵਿੱਚ ਹਿੱਸਾ ਲੈਂਦੀ। ਇਹ ਕਿਵੇਂ ਹੋ ਸਕਦਾ ਸੀ ਕਿ ਅਜਿਹੀ ਸਿਹਤਮੰਦ ਕੁੜੀ ਭੂਤ ਬਣ ਜਾਵੇ ? ਇਸ ਬਾਰੇ ਮੇਰੀ ਦਲੀਲ ਹੈ।

ਪੰਜ ਸਾਲ ਤੱਕ ਦੇਵਨਾਇਕੇ ਘਰਦਿਆਂ ਦੀ ਬਹੁਤ ਲਾਡਲੀ ਰਹੀ, ਕਿਉਂਕਿ ਉਹ ਪਰਿਵਾਰ ਦਾ ਇਕਲੌਤਾ ਬੱਚਾ ਸੀ, ਇਸ ਲਈ ਉਹ ਮਾਂ ਪਿਉ ਤੇ ਨਾਨੇ ਨਾਨੀ ਦੀਆਂ ਅੱਖਾਂ ਦਾ ਤਾਰਾ ਸੀ। ਉਹ ਖਿੱਚ ਦਾ ਕੇਂਦਰ ਸੀ ਅਤੇ ਕਿੰਨੇ ਹੀ ਤੋਹਫ਼ੇ ਉਸ ਨੂੰ ਦਿੱਤੇ ਜਾਂਦੇ ਸਨ। ਦੱਖਣ ਤੋਂ ਮੁੜਦੇ ਸਮੇਂ ਪਿਤਾ ਪੋਨਾਮਾਂਪੱਲਮ ਅਤੇ ਮਾਮਾ ਸਿੰਨਾਤੰਪੀ ਉਸ ਲਈ ਹਰ ਵਾਰ ਤੋਹਫ਼ੇ ਲਿਆਉਂਦੇ। ਜਦੋਂ ਦੇਵਨਾਇਕੀ ਪੰਜ ਸਾਲ ਦੀ ਹੋਈ ਤਾਂ ਘਰ ਵਿੱਚ ਇਕ ਹੋਰ ਬੱਚੀ ਸੁਕੀਰਥਮ ਜੰਮ ਪਈ ਤਾਂ ਉਸ ਨੂੰ ਛੋਟੀ ਭੈਣ ਉਸ ਨੂੰ ਆਪਣੀ ਵਿਰੋਧੀ ਲੱਗੀ। ਉਸਦੇ ਅਰਧਚੇਤਨ ਮਨ ਵਿੱਚ ਉਸ ਪ੍ਰਤੀ ਈਰਖਾ ਪੈਦਾ ਹੋਣੀ ਸ਼ੁਰੂ ਹੋ ਗਈ। ਭਾਵੇਂ ਉਹ ਆਪਣੀ ਭੈਣ ਨੂੰ ਖਿਡਾਉਂਦੀ ਰਹਿੰਦੀ ਸੀ। ਉਸ ਨੇ ਸੋਚਿਆ ਕਿ ਘਰ ਵਿੱਚ ਸਾਰੇ ਵੱਡਿਆਂ ਲਈ ਛੋਟੀ ਬੱਚੀ ਖਿੱਚ ਦਾ ਕੇਂਦਰ ਬਣ ਗਈ ਹੈ। ਦੇਵਨਾਇਕੀ ਦੇ ਅਰਧਚੇਤਨ ਮਨ ਵਿੱਚ ਕੇਵਲ ਸੁਕੀਰਥਮ ਪ੍ਰਤੀ ਹੀ ਨਹੀਂ ਸਗੋਂ ਘਰ ਦੇ ਵੱਡਿਆਂ ਪ੍ਰਤੀ ਵੀ ਈਰਖਾ ਵਧਣੀ ਸ਼ੁਰੂ ਹੋ ਗਈ।

ਜਦੋਂ ਦੇਵਨਾਇਕੀ ਕਿਸ਼ੋਰ ਉਮਰ ਵਿੱਚ ਦਾਖਲ ਹੋ ਰਹੀ ਸੀ ਤਾਂ ਉਸ ਦੀਆਂ ਗਿਲਟੀਆਂ ਵਿੱਚ ਸਰੀਰਕ ਤੇ ਮਾਨਸਿਕ ਤਬਦੀਲੀਆਂ ਆਉਣ ਲੱਗੀਆਂ। ਇਸ ਸਮੇਂ 'ਚ ਹੀ ਥਾਨਾਂਪਤੀ ਪਿੱਲੇ ਤੇ ਪੋਨਾਮਾਂ ਬੀਮਾਰ ਪੈ ਗਏ। ਡਾਕਟਰੀ ਇਲਾਜ ਲੈਣ ਦੀ ਬਜਾਏ ਉਹਨਾਂ ਨੇ, ਜਿਨ੍ਹਾਂ ਦੇ ਦਿਮਾਗ ਆਪਣੇ ਜਨਮ ਤੋਂ ਲੈ ਕੇ ਵਹਿਮਾਂ ਭਰਮਾਂ ਦੇ ਭਰੇ ਸਨ, ਤਾਂਤਰਿਕਾਂ ਦਾ ਸਹਾਰਾ ਲਿਆ।

ਜਾਦੂ ਟੂਣਿਆਂ ਰਾਹੀਂ ਇਲਾਜ ਕਰਨ ਵਾਲੇ ਸਾਰੇ ਹੋਰਨਾਂ ਮਨੁੱਖਾਂ ਵਾਂਗ ਸਿਵਾਪੁਰਮਨ, ਮਛੇਰੇ ਅਤੇ ਸਿਆਣਿਆਂ ਨੇ ਉਨ੍ਹਾਂ ਨੂੰ ਇਹ ਗੱਲ ਪੱਕੀ ਜਚਾ ਦਿੱਤੀ ਕਿ ਘਰ ਵਿੱਚ ਭੂਤ ਦਾ ਵਾਸਾ ਹੈ। ਇਸ ਦ੍ਰਿੜ ਨਿਸ਼ਚੇ ਨੇ ਇਸ ਗੱਲ ਨੂੰ ਵਧਾਉਣ ਵਾਲੀ ਸ਼ਕਤੀ ਦਾ ਕੰਮ ਕੀਤਾ ਅਤੇ ਦੇਵਨਾਇਕੇ ਨੂੰ ਉਸ ਦੀ ਈਰਖਾਲੂ ਪ੍ਰਵਿਰਤੀ ਦੇ ਪ੍ਰਗਟਾਵੇ ਵਜੋਂ ਆਪਣੀਆਂ ਛੇੜਖਾਨੀਆਂ ਕਰਨ ਲਈ ਉਤਸ਼ਾਹਤ ਕੀਤਾ। ਉਸ ਕੋਲ ਇਸ ਕੰਮ ਨੂੰ ਕਰਨ ਦੀ ਦਲੇਰੀ ਸੀ, ਕਿਉਂਕਿ ਉਸਨੂੰ ਪਤਾ ਸੀ ਕਿ ਉਸ ਦੇ ਭੋਲੇ ਭਾਲੇ ਮਾਪੇ ਅਤੇ ਨਾਨਾ ਨਾਨੀ ਭੂਤ ਤੇ ਹੀ ਸ਼ੱਕ ਕਰਨਗੇ, ਜਿਸ ਬਾਰੇ ਮਛੇਰੇ ਪੁੱਛ ਦੇਣ ਵਾਲੇ ਅਤੇ ਸਿਵਪੁਰਮਨ ਨੇ ਉਹਨਾਂ ਨੂੰ ਦੱਸਿਆ ਹੈ।

ਇਸ ਗੱਲ ਦਾ ਕੀ ਕਾਰਨ ਸੀ ਕਿ ਦੇਵਨਾਇਕੇ ਨੇ ਮੇਰੀ ਬੇਨਤੀ ਮੰਨਦੇ ਹੋਏ ਸਾਰੀਆਂ ਗੁੰਮ ਹੋਈਆਂ ਚੀਜ਼ਾਂ ਵਾਪਸ ਕਰ ਦਿੱਤੀਆ ਅਤੇ ਅੱਗੋਂ ਸ਼ਰਾਰਤਾਂ ਕਰਨੀਆਂ ਬੰਦ ਕਰ ਦਿੱਤੀਆਂ ਪਰ ਦੋ ਹਫਤੇ ਬਾਅਦ ਫੇਰ ਪੱਥਰ ਸ਼ੁਰੂ ਕਰ ਦਿੱਤੇ ?

ਦੇਵਨਾਇਕੀ ਇਹ ਗੱਲ ਜਾਣਦੀ ਸੀ ਕਿ ਮੈਂ ਉਸਦੇ ਵੱਡਿਆਂ ਨੂੰ ਨਹੀਂ ਦੱਸਿਆ ਸੀ ਕਿ ਇਹਨਾਂ ਸਾਰੀਆਂ ਸ਼ਰਾਰਤਾਂ ਲਈ ਉਹ ਹੀ ਜ਼ਿੰਮੇਵਾਰ ਹੈ ਤੇ ਉਹਨਾਂ ਦਾ ਇਹੀ ਵਿਸ਼ਵਾਸ ਸੀ ਕਿ ਭੂਤ ਹੀ ਸਾਰੇ ਕੰਮ ਕਰ ਰਿਹਾ ਸੀ। ਉਹ ਇਸ ਗੱਲ ਤੋਂ ਵੀ ਜਾਣੂ ਸੀ ਕਿ ਮੈਂ, ਜੋ ਕਿ ਸਹੀ ਤੱਥਾਂ ਨੂੰ ਜਾਨਣ ਵਾਲਾ ਇੱਕੋ ਇੱਕ ਆਦਮੀ ਹਾਂ, ਕਰੈਨਗਰ ਤੋਂ ਬਹੁਤ ਦੂਰ ਕੋਲੰਬੋ ਰਹਿੰਦਾ ਹਾਂ। ਉਸ ਦੇ ਅਰਧਚੇਤਨ ਮਨ ਅੰਦਰ ਅੱਜ ਤੱਕ ਲਟਕ ਰਹੀ ਈਰਖਾ ਦੇ ਪ੍ਰਭਾਵ ਨਾਲ ਜੁੜ ਕੇ ਇਸ ਗੱਲ ਨੇ ਉਸਨੂੰ ਹੌਲੀ ਹੌਲੀ ਸ਼ਰਾਰਤਾਂ ਕਰਨ ਲਈ ਉਤਸ਼ਾਹ ਕੀਤਾ। ਜੇਕਰ ਕਰੈਨਗਰ ਵਿਖੇ ਹੀ ਸੰਮੋਹਕ ਨੀਂਦ ਦੀ ਅਵਸਥਾ ਵਿੱਚ ਮੈਂ ਉਸ ਤੋਂ ਵਾਅਦਾ ਲੈ ਲੈਂਦਾ ਤਾਂ ਉਹ ਇਸ ਕੰਮ ਨੂੰ ਦੁਬਾਰਾ ਸ਼ੁਰੂ ਕਰਨ ਤੋਂ ਗੁਰੇਜ਼ ਕਰਦੀ।

ਭਾਵੇਂ ਸਭ ਤੋਂ ਪਹਿਲੀ ਵਾਰ ਮਿਲਣ ਤੇ ਹੀ ਮੈਨੂੰ ਦੇਵਨਾਇਕੇ ਤੇ ਸ਼ੱਕ ਹੋ ਗਿਆ ਸੀ ਪਰ ਮੇਰਾ ਸ਼ੱਕ ਉਦੋਂ ਵੀ ਪੱਕਾ ਹੋ ਗਿਆ ਜਦੋਂ ਥਾਨਾਂਪਤੀ ਪਿੱਲੇ ਨੇ ਮੈਨੂੰ ਦੱਸਿਆ ਕਿ ਟੋਕਰੀ ਵਿੱਚ ਪਏ ਹਾਪਰਾਂ 'ਚ ਉਦੋਂ ਰੇਤ ਮਿਲ ਗਿਆ ਜਦੋਂ ਉਹ ਬਿਲਕੁਲ ਇਕੱਲੀ ਸੀ। ਇਸ ਤੋਂ ਛੁੱਟ ਜਦੋਂ ਦੇਵਨਾਇਕੀ ਸਵੇਰੇ ਨੌਂ ਵਜੇ ਤੋਂ ਸ਼ਾਮ ਦੇ ਦੋ ਵਜੇ ਤੱਕ ਸਕੂਲ ਵਿੱਚ ਹੁੰਦੀ ਉਦੋਂ ਘਰ ਵਿੱਚ ਪੱਥਰ ਨਹੀਂ ਡਿਗਦੇ ਸਨ।

# ਭੂਤ ਜਿਸਨੂੰ ਪਵਿੱਤਰ ਜਲ ਵੀ ਨਾ ਭਜਾ ਸਕਿਆ

ਮੇਰਾ ਪੁੱਤਰ ਡਾਕਟਰ ਐਰੀਸ ਟੀ. ਏ. ਕਾਵੂਰ, ਸੋਰਬੋਨ ਯੂਨੀਵਰਸਿਟੀ ਪੈਰਿਸ ਦਾ ਵਿਦਿਆਰਥੀ, ਦੋ ਮਹੀਨੇ ਦੀਆਂ ਛੁੱਟੀਆਂ ਬਿਤਾਉਣ ਲਈ ਸਾਡੇ ਕੋਲ ਘਰ ਆਇਆ ਹੋਇਆ ਸੀ। ਇੱਕ ਰਾਤ ਨੂੰ ਜਦੋਂ ਰਤਮਾਲਾਨਾ ਏਅਰਪੋਰਟ ਦੇ ਗਰਾਉਂਡ ਵਿੱਚੋਂ ਟੈਨਿਸ ਖੇਡ ਕੇ ਵਾਪਸ ਮੁੜਿਆ ਤਾਂ ਉਸਨੇ ਮੈਨੂੰ ਮੁਤਵਾਲ ਵਿਖੇ ਇੱਕ ਭੂਤਾਂ ਵਾਲੇ ਘਰ ਦੀ ਗੱਲ ਕੀਤੀ। ਉਸਨੇ ਟੈਨਿਸ ਕੋਰਟ ਵਿੱਚ ਇੱਕ ਅਕਾਊਟੈਂਟ ਕੋਲੋਂ ਇੱਕ ਘਰ ਭੇਦ ਭਰੀਆਂ ਵਾਰਦਾਤਾਂ ਹੋਣ ਬਾਰੇ ਸੁਣਿਆ ਸੀ। ਇਹ ਘਰ ਕੋਲੰਬੋ ਵਿਖੇ ਇੱਕ ਅਖ਼ਬਾਰ ਦੇ ਦਫਤਰ ਵਿੱਚ ਕੰਮ ਕਰਦੇ ਜੇਵੀਅਰ ਦਾ ਸੀ।

ਮੈਂ ਆਪਣੇ ਪੁੱਤਰ ਨੂੰ ਘਟਨਾਵਾਂ ਬਾਰੇ ਹੋਰ ਵਾਕਫੀਅਤ ਹਾਸਲ ਕਰਨ ਲਈ ਆਖਿਆ। ਮੈਂ ਮੌਕੇ ਤੇ ਜਾ ਕੇ ਪੜਤਾਲ ਕਰ ਸਕਾਂ, ਇਸ ਲਈ ਮੈਂ ਉਸਨੂੰ ਘਰ ਦਾ ਪੱਕਾ ਪਤਾ ਕਰਨ ਲਈ ਵੀ ਆਖਿਆ।

ਅਗਲੀ ਸ਼ਾਮ ਜਦੋਂ ਉਹ ਟੈਨਿਸ ਖੇਡਣ ਉਪਰੰਤ ਵਾਪਸ ਆਇਆ ਤਾਂ ਉਸਨੇ ਨਾ ਸਿਰਫ ਘਰ ਦਾ ਪੱਕਾ ਐਡਰੈਸ ਹੀ ਲੈ ਆਂਦਾ ਸਗੋਂ ਮੈਨੂੰ ਇਹ ਵੀ ਦੱਸਿਆ ਕਿ ਘਰ ਦਾ ਮਾਲਕ ਮਿਸਟਰ ਜੇਵੀਅਰ ਮੇਰੇ ਕੋਲੋਂ ਜਾਂਚ ਪੜਤਾਲ ਕਰਵਾ ਕੇ ਬਹੁਤ ਖੁਸ਼ ਹੋਵੇਗਾ। ਪ੍ਰੰਤੂ ਉਸਦੀ ਇੱਕ ਬੇਨਤੀ ਹੈ ਕਿ ਉਹ ਨਹੀਂ ਚਾਹੁੰਦਾ ਕਿ ਮੇਰੇ ਨਾਲ ਕੋਈ ਅਖ਼ਬਾਰਾਂ ਦੇ ਪੱਤਰਕਾਰ ਆਉਣ। ਮੇਰੇ ਪੁੱਤਰ, ਜਿਸਨੇ ਕਦੇ ਪਹਿਲਾਂ ਭੂਤਾਂ ਵਾਲਾ ਘਰ ਨਹੀਂ ਵੇਖਿਆ, ਮੇਰੇ ਅਤੇ ਆਪਣੀ ਮਾਂ ਨਾਲ ਜਾਣ ਦੀ ਇੱਛਾ ਪ੍ਰਗਟਾਈ।

**ਭੂਤਾਂ ਵਾਲੇ ਘਰ ਦਾ ਦੌਰਾ**

28 ਸਤੰਬਰ 1956, ਸ਼ਾਮ ਦੇ ਕਰੀਬ 7 ਵਜੇ ਅਸੀਂ ਤਿੰਨੇ, ਮੇਰੀ ਪਤਨੀ, ਪੁੱਤਰ ਅਤੇ ਮੈਂ ਖੁਦ ਮੁਤਵਾਲ ਵਿਖੇ ਮਿਸਟਰ ਜੇਵੀਅਰ ਦੇ ਘਰ ਪਹੁੰਚੇ। ਮਿਸਟਰ ਜੇਵੀਅਰ ਨੇ ਸਾਡਾ ਸੁਆਗਤ ਕੀਤਾ ਅਤੇ ਸਾਨੂੰ ਡਰਾਇੰਗ ਰੂਮ ਵਿੱਚ ਲੈ ਗਿਆ। ਘਰ ਵਿੱਚ ਮਿਸਟਰ ਜੇਵੀਅਰ ਤੋਂ ਇਲਾਵਾ ਉਸਦੀ ਪਤਨੀ, ਦੋ ਧੀਆਂ ਜਿਨ੍ਹਾਂ ਦੀ ਉਮਰ 23 ਅਤੇ 17 ਸਾਲ ਸੀ, ਇੱਕ 5 ਸਾਲ ਦੀ ਉਮਰ ਦਾ ਪੁੱਤਰ ਅਤੇ ਵੱਡੀ ਧੀ ਦਾ ਪਤੀ ਵਿਲਸਨ, ਜੋ ਕਿ ਕੋਲੰਬੋ ਵਿਖੇ ਇੱਕ ਦੁਕਾਨ ਤੇ ਕਲਰਕ ਦਾ ਕੰਮ ਕਰਦਾ ਸੀ, ਵੀ ਰਹਿੰਦੇ ਸਨ। ਉਹਨਾਂ ਦੇ ਕੋਈ ਨੌਕਰ ਨਹੀਂ ਸੀ। ਵੱਡੀ ਧੀ ਦੇ ਬੱਚਾ ਹੋਣ ਵਾਲਾ ਸੀ। ਦੂਜੀ ਧੀ ਰੋਜ਼, ਨੇੜੇ ਹੀ ਕੌਨਵੈਂਟ ਸਕੂਲ ਦੀ ਵਿਦਿਆਰਥਣ ਸੀ। ਉਹ ਰੋਮਨ ਕੈਥੋਲਿਕ ਧਰਮ ਤੇ ਅਨੁਆਈ ਸਨ।

ਘਰ ਦੇ ਬਸ਼ਿੰਦਿਆਂ ਤੋਂ ਸਵਾਲ ਪੁੱਛਣ ਤੋਂ ਪਹਿਲਾਂ ਮੈਂ ਮਿਸਟਰ ਜੇਵੀਅਰ ਨੂੰ ਨਾਲ ਲੈ ਕੇ ਘਰ ਅਤੇ ਇਸਦੇ ਆਲੇ ਦੁਆਲੇ ਦੀ ਪਰਖ ਕੀਤੀ। ਬਾਅਦ ਵਿੱਚ ਅਸੀਂ ਡਰਾਇੰਗ ਰੂਮ ਵਿੱਚ ਬੈਠ ਗਏ। ਮਾਂ-ਬਾਪ ਨੇ ਘਰ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਸਭ ਕੁਝ ਦੱਸਿਆ।

**ਪੱਥਰ ਸੁੱਟਣ ਵਾਲਾ ਭੂਤ**

ਵੱਡੀ ਧੀ ਦੇ ਵਿਆਹ ਤੋਂ ਕੁਝ ਮਹੀਨੇ ਬਾਅਦ, ਪੰਜ ਮਹੀਨੇ ਪਹਿਲਾਂ ਹੀ ਮੁਸੀਬਤ ਸ਼ੁਰੂ ਹੋਈ ਸੀ। ਜਿਹੜੇ ਕਮਰੇ ਵਿੱਚ ਵਿਲਸਨ ਅਤੇ ਉਸਦੀ ਪਤਨੀ ਰਹਿੰਦੇ ਸਨ, ਉਸ ਵਿੱਚ ਪੱਥਰ ਦੇ ਟੁੱਕੜੇ ਡਿੱਗਣ ਲੱਗ ਗਏ। ਉਹ ਪੱਥਰ ਰਾਤ ਨੂੰ ਡਿੱਗਦੇ ਸਨ ਅਤੇ ਅੱਧੀ ਰਾਤ ਤੱਕ ਡਿੱਗਦੇ ਰਹਿੰਦੇ ਸਨ। ਸ਼ਨਿੱਚਰਵਾਰ ਨੂੰ ਬਾਦ ਦੁਪਹਿਰ ਅਤੇ ਐਤਵਾਰ ਨੂੰ ਦਿਨੇ ਵੀ ਪੱਥਰ ਡਿੱਗੇ ਸਨ। ਭਾਵੇਂ ਘਰ ਦੇ ਸਾਰੇ ਮੈਂਬਰਾਂ ਨੇ ਬਹੁਤ ਹੀ ਹੁਸ਼ਿਆਰੀ ਨਾਲ ਪਹਿਰਾ ਰੱਖਿਆ ਸੀ, ਪਰ ਪੱਥਰ ਸੁੱਟਣ ਬਾਰੇ ਕੋਈ ਪਤਾ ਨਹੀਂ ਸੀ ਲੱਗਿਆ।

ਜਦੋਂ ਪੱਥਰ ਜਲਦੀ ਡਿੱਗਣ ਲੱਗ ਪਏ ਤਾਂ ਮਿਸਟਰ ਜੇਵੀਅਰ ਨੇ ਇਕ ਜੋਤਸ਼ੀ ਨਾਲ ਮਸ਼ਵਰਾ ਕੀਤਾ। ਜੋਤਿਸ਼ੀ ਨੇ ਪੱਤਰੀ ਵੇਖ ਕੇ ਦੱਸਿਆ ਕਿ ਇਕ ਬੁਰੀ ਰੂਹ ਪੱਥਰ ਸੁੱਟਦੀ ਹੈ। ਮਿਸਟਰ ਜ਼ੇਵੀਅਰ ਨੂੰ ਜੋਤਿਸ਼ੀ ਨੂੰ ਤਕਲੀਫ ਦੂਰ ਕਰਨ ਲਈ ਮੰਤਰ ਜਪਣ ਬਦਲੇ 40 ਰੁਪਏ ਦੇਣੇ ਪਏ ਸਨ। ਇਸ ਮੰਤਰ ਤੋਂ ਬਾਅਦ ਵੀ ਪੱਥਰ ਵੱਜਦੇ ਰਹੇ।

ਮੰਤਰਾਂ ਦੀ ਅਸਫਲਤਾ ਵੇਖ ਕੇ, ਮਿਸਟਰ ਜ਼ੇਵੀਅਰ ਨੇ ਮਾਦੂ ਅਤੇ ਬੋਰੇਲਾ ਚਰਚਾਂ ਵਿੱਚ ਪੂਜਾ ਕੀਤੀ ਅਤੇ ਭੇਟਾ ਚੜ੍ਹਾਈਆਂ, ਪਰ ਤਕਲੀਫ ਜਾਰੀ ਹੀ ਰਹੀ। ਹੁਣ ਉਹਨਾਂ ਨੇ ਆਪਣੇ ਪਾਦਰੀ ਨੂੰ ਘਰੇ ਬੁਲਾਉਣ ਦਾ ਫੈਸਲਾ ਕੀਤਾ। ਇਕ ਐਤਵਾਰ ਨੂੰ ਬਾਦ ਦੁਪਹਿਰ ਪਾਦਰੀ ਘਰੇ ਆਇਆ ਅਤੇ ਉਸਨੇ ਪ੍ਰਾਰਥਨਾ ਕੀਤੀ ਅਤੇ ਘਰ ਦੇ ਸਾਰੇ ਕਮਰਿਆ ਵਿੱਚ ਪਵਿੱਤਰ ਜਲ ਛਿੜਕ ਕੇ ਆਸ਼ੀਰਵਾਦ ਦਿੱਤਾ। ਉਸਨੇ ਵਿਆਹੁਤਾ ਜੋੜੀ ਦੇ ਨਾਲ ਲੱਗਵੇਂ ਕਮਰੇ ਵਿੱਚ ਸੇਂਟ ਐਨਥੋਨੀ ਦੀ ਪਵਿੱਤਰ ਤਸਵੀਰ ਟੰਗੀ ਅਤੇ ਉਸਨੇ ਜੋੜੀ ਨੂੰ ਪੁਰਾਣਾ ਕਮਰਾ ਛੱਡ ਕੇ ਨਵੇਂ ਪਵਿੱਤਰ ਅਸ਼ੀਰਵਾਦ ਸ਼ੁਦਾ ਕਮਰੇ ਵਿੱਚ ਰਹਿਣ ਲਈ ਆਖਿਆ।

ਕਿਉਂਕਿ ਭੂਤ ਵੱਲੋਂ ਖਰਮਸਤੀ ਬੰਦ ਕਰਨ ਦੇ ਕੋਈ ਚਿੰਨ੍ਹ ਨਹੀਂ ਸਨ, ਸਿਵਾਇ ਇਸਦੇ ਕਿ ਪੱਥਰ ਪੁਰਾਣੇ ਕਮਰੇ ਵਿੱਚ ਡਿਗਣੇ ਬੰਦ ਹੋ ਕੇ ਹੁਣ ਨਵੇਂ ਕਮਰੇ ਵਿੱਚ ਵੱਜਣੇ ਆਰੰਭ ਹੋ ਗਏ ਸਨ, ਮਿਸਟਰ ਜ਼ੇਵੀਅਰ ਨੇ ਫੇਰ ਪਾਦਰੀ ਕੋਲ ਜਾ ਕੇ ਉਸਦੀ ਸਲਾਹ ਲੈਣ ਦਾ ਫੈਸਲਾ ਕੀਤਾ ਪਾਦਰੀ ਨੇ ਉਸਨੂੰ ਮਾਲਾ ਵਿੱਚ ਫਿੱਟ ਈਸਾ ਮਸੀਹ ਦੀ ਸੂਲੀ ਤੇ ਚੜ੍ਹੇ ਦੀ ਪਵਿੱਤਰ ਤਸਵੀਰ ਦੇ ਕੇ ਇਸਨੂੰ ਵਿਲਸਨ ਦੀ ਪਤਨੀ ਦੇ ਸਿਰਹਾਣੇ ਹੇਠ ਰੱਖਣ ਲਈ ਆਖਿਆ। ਉਹਨਾਂ ਨੂੰ ਉਸ ਨੇ ਹਰ ਰੋਜ਼ ਪ੍ਰਾਰਥਨਾ ਕਰਨ ਤੋਂ ਮਗਰੋਂ ਸਮੇਂ ਸਿਰ ਬਿਸਤਰਿਆਂ ਵਿੱਚ ਸੌਣ ਲਈ ਵੀ ਨਸੀਹਤ ਦਿੱਤੀ।

**ਰਾਕਸ਼ਾਂ ਵਰਗਾ ਨਾਚ ਨਚਾਉਣਾ**

ਭਾਵੇਂ ਇਹਨਾਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਗਈ ਸੀ ਤਾਂ ਵੀ ਕਮਰੇ ਵਿੱਚ ਪੱਥਰ ਵੱਜਣੇ ਜਾਰੀ ਰਹੇ। ਇਸ ਘੜੀ ਕੁੱਝ ਮਿੱਤਰਾਂ ਨੇ ਦੱਖਣੀ ਸੂਬੇ ਵਿੱਚੋਂ ਜਾਦੂ ਟੂਣੇ ਵਾਲੇ ਸਿਆਣੇ ਸੱਦ ਕੇ ਸਦਾ ਵਾਸਤੇ ਦੁੱਖ ਤੋਂ ਛੁਟਕਾਰਾ ਪਾਉਣ ਦੀ ਸਲਾਹ ਦਿੱਤੀ। ਇੱਕ ਮਿੱਤਰ ਦੀ ਸਹਾਇਤਾ ਨਾਲ ਬਾਲਾਪਿਤਿਆਂ ਤੋਂ ਇਕ ਮਸ਼ਹੂਰ ਸਿਆਣਾ ਲਿਆਂਦਾ ਗਿਆ। ਘਰ ਵਿੱਚ ਵਾਪਰ ਰਹੇ ਦੁੱਖਾਂ ਦਾ ਇਤਿਹਾਸ ਸੁਣਨ ਉਪਰੰਤ ਉਸਨੇ ਰਾਕਸ਼ਾਂ ਵਰਗਾ ਨਾਚ (ਚੌਂਕੀ ਲਵਾਉਣ) ਕਰਾਉਣ ਲਈ ਆਖਿਆ।

ਜ਼ੇਵੀਅਰ ਅਤੇ ਉਸਦੀ ਪਤਨੀ ਇਸਾਈਅਤ ਤੋਂ ਉਲਟ ਇਹ ਰਸਮ ਆਪਣੇ ਘਰੇ ਕਰਵਾਉਣ ਤੋਂ ਝਿਜਕ ਰਹੇ ਸਨ। ਸਿਆਣੇ ਨੇ ਦੱਸਿਆ ਕਿ ਇਹ ਕੋਈ ਜ਼ਰੂਰੀ ਨਹੀਂ ਕਿ ਇਹ ਨਾਚ ਉਹਨਾਂ ਦੇ ਘਰੇ ਹੀ ਕੀਤਾ ਜਾਵੇ। ਉਸਨੇ ਆਖਿਆ ਕਿ ਜੇ ਮਿਸਟਰ ਜ਼ੇਵੀਅਰ ਇਸ ਨਾਚ ਤੇ ਆਉਣ ਵਾਲੇ ਲਗਭਗ 400 ਰੁਪੈ ਖਰਚ ਕਰਨੇ ਮੰਨ ਜਾਂਦਾ ਹੈ ਤਾਂ ਉਹ ਇਹ ਨਾਚ ਬਾਲਾਪਿਤਿਆ ਵਿਖੇ ਆਪਣੇ ਘਰ ਵਿੱਚ ਹੀ ਕਰ ਦੇਵੇਗਾ। ਉਸਨੇ ਇਹ ਵੀ ਦੱਸਿਆ ਕਿ ਮਿਸਟਰ ਜ਼ੇਵੀਅਰ ਜੇ ਚਾਹੇ ਤਾਂ ਬਾਲਾਪਿੱਤਿਆ ਵਿਖੇ ਆ ਕੇ ਇਹ ਰਸਮ ਦੇ ਅਸਰਦਾਰ ਹੋਣ ਲਈ ਹਾਜ਼ਰ ਹੋਣਾ ਕੋਈ ਜ਼ਰੂਰੀ ਨਹੀ ਸੀ।

ਨਿਰਧਾਰਤ 400 ਰੁਪੈ ਸਿਆਣੇ ਨੂੰ ਦੇ ਦਿੱਤੇ ਗਏ। ਇਕ ਹਫਤੇ ਮਗਰੋਂ ਸਿਆਣਾ ਜ਼ੇਵੀਅਰ ਦੇ ਘਰੇ ਆਇਆ ਅਤੇ ਦੱਸਿਆ ਕਿ ਨਾਚ ਦੀ ਰਸਮ ਅਦਾ ਕਰ ਦਿੱਤੀ ਸੀ ਅਤੇ ਉਹ ਬਹੁਤ ਹੀ ਸਫਲ ਰਹੀ ਸੀ। ਉਸਨੇ ਦੱਸਿਆ ਕਿ ਨਾਚ ਦੌਰਾਨ ਬੁਰੀ ਰੂਹ ਮੁਤਵਲ ਤੋਂ ਬਾਲਾਪਿੱਤਿਆ ਲਿਆਂਦੀ ਗਈ ਅਤੇ ਉਸਨੇ ਵਾਦਾ ਕੀਤਾ ਸੀ ਕਿ ਉਹ ਹੁਣ ਹੋਰ ਕੋਈ ਨੁਕਸਾਨ ਨਹੀਂ ਕਰੇਗੀ। ਸਵਾਲ ਪੁੱਛੇ ਜਾਣ ਤੇ ਰੂਹ ਨੇ ਦੱਸਿਆ ਕਿ ਉਹ ਇਕ ਮੁਸਲਮਾਨ ਔਰਤ ਸੀ, ਜਿਸਦੀ ਜਵਾਨ ਪਤੀ ਨੇ ਹੱਤਿਆ ਕਰ ਦਿੱਤੀ ਸੀ ਜਦੋਂ ਉਸ ਨੂੰ ਬੱਚਾ ਹੋਣ ਵਾਲਾ ਸੀ। ਉਹ ਕਈ ਸਾਲ ਪਹਿਲਾਂ ਉਸੇ ਪਹਿਲਾਂ ਉਸੇ ਘਰ ਕਿਰਾਏਦਾਰ ਸਨ ਅਤੇ ਉਸੇ ਘਰ ਹੁਣ ਇਕ ਜਵਾਨ ਔਰਤ ਨੂੰ ਬੱਚਾ ਹੋਣ ਵਾਲਾ ਸੀ, ਜਿੱਥੇ ਉਸਦੀ ਹੱਤਿਆ ਕੀਤੀ ਗਈ ਸੀ, ਇਸ ਲਈ ਉਹ ਗਰਭਵਤੀ ਔਰਤ ਨੂੰ ਦੁੱਖ ਦੇਣ ਲਈ ਵਾਪਸ ਆਈ ਸੀ।

ਸਿਆਣੇ ਨੇ ਇਹ ਵੀ ਦੱਸਿਆ ਕਿ ਮੁਸਲਮਾਨ ਔਰਤ ਦੀ ਰੂਹ ਨੂੰ ਬਹੁਤ ਹੀ ਮੁਸ਼ਕਲ ਨਾਲ ਘਰ ਛੱਡਣ ਲਈ ਰਜ਼ਾਮੰਦ ਕੀਤਾ ਸੀ। ਪਹਿਲਾਂ ਤਾਂ ਉਸਨੇ ਜਾਣ ਤੋਂ ਨਾਂਹ ਹੀ ਕਰ ਦਿੱਤੀ। ਉਹ ਆਖਦੀ ਸੀ ਕਿ ਉਹ ਤਾਂ ਘਰੇ ਗਰਭਵਤੀ ਔਰਤ ਨੂੰ ਮਾਰਨ ਬਾਦ ਹੀ ਜਾਵੇਗੀ। ਅੰਤ ਵਿੱਚ ਉਹ ਉਸਨੂੰ ਇਸ ਸ਼ਰਤ ਤੇ ਘਰ ਛੱਡਣ ਲਈ ਮਨਾਉਣ ਵਿੱਚ ਸਫਲ ਹੋ ਗਿਆ ਸੀ ਕਿ ਉਸਨੂੰ ਸੰਤੁਸ਼ਟ ਕਰਨ ਲਈ ਗਰਭਵਤੀ ਬੱਕਰੀ ਦੀ ਬਲੀ ਦੇ ਦਿੱਤੀ ਜਾਵੇਗੀ। ਉਸਨੇ ਬਲੀ ਦੇਣ ਲਈ ਗਰਭਵਤੀ ਬੱਕਰੀ ਦੀ ਸਾਰੇ ਬਾਲਾਪਿੱਤਿਆ ਵਿੱਚ ਬਹੁਤ ਹੀ ਭਾਲ ਕੀਤੀ। ਅਖੀਰ ਵਿੱਚ ਉਸਨੂੰ ਘਰੋਂ ਦੋ ਮੀਲ ਦੂਰ ਇਕ ਬੱਕਰੀ ਦੀ ਦੱਸ ਪਈ ਪ੍ਰੰਤੂ ਬੱਕਰੀ ਦਾ ਮਾਲਕ ਉਸਨੂੰ ਬਲੀ ਦੇਣ ਵਾਸਤੇ ਵੇਚਣ ਲਈ ਤਿਆਰ ਨਹੀਂ ਸੀ। ਫੇਰ ਉਸਨੂੰ ਬਹੁਤ ਮਹਿੰਗੀ ਕੀਮਤ 100 ਰੁਪੈ ਤੇ ਵੇਚਣ ਲਈ ਮਨਾ ਲਿਆ ਗਿਆ। ਬੱਕਰੀ ਦੀ ਬਲੀ ਤੋਂ ਬਾਦ ਰੂਹ ਨੇ ਛੱਡਣ ਦੀ ਨਿਸ਼ਾਨੀ ਵਜੋਂ ਬੋਹੜ ਦੇ ਦਰੱਖਤ ਦੀ ਟਾਹਣੀ ਹਿਲਾਈ।

ਸਿਆਣੇ ਨੇ ਮਿਸਟਰ ਜ਼ੇਵੀਅਰ ਪਾਸੋਂ ਹੋਰ 200 ਰੁਪੈ ਲੇ ਕੇ ਵਿਦਾਇਗੀ ਪ੍ਰਾਪਤ ਕੀਤੀ 100 ਰੁਪੈ ਬੱਕਰੀ ਦਾ ਮੁੱਲ ਅਤੇ 100 ਰੁਪੈ ਦੂਜੇ ਨਾਚ ਦੇ ਖਰਚੇ ਵਜੋਂ।

**ਔਰਤ ਦਾ ਭੂਤ**

ਉਸ ਹੀ ਰਾਤ ਨੂੰ ਸਿਆਣੇ ਦੇ ਚਲੇ ਜਾਣ ਤੋਂ ਮਗਰੋਂ, ਸਵੇਰ ਦੇ ਕਰੀਬ 2 ਵਜੇ ਸਾਰੇ ਮਿਸਟਰ ਜ਼ੇਵੀਅਰ ਦੇ ਛੋਟੇ ਮੁੰਡੇ ਦੀਆਂ ਚੀਕਾਂ ਸੁਣ ਕੇ ਉੱਠ ਪਏ। ਜਦੋਂ ਲੈਂਪ ਜਗਾਕੇ ਵੇਖਿਆ ਗਿਆ ਤਾਂ ਮੁੰਡਾ, ਜੋ ਕਿ ਆਪਣੀ ਮਾਂ ਨਾਲ ਬਿਸਤਰੇ ਵਿੱਚ ਪਿਆ ਸੀ, ਹੁਣ ਭੁੰਜੇ ਧਰਤੀ ਤੇ ਡਿੱਗਿਆ ਪਿਆ ਸੀ। ਉਸਨੂੰ ਪੁੱਛਣ ਤੇ ਉਸਨੇ ਦੱਸਿਆ ਕਿ ਇਕ ਮੁਸਲਮਾਨ ਔਰਤ ਆਈ ਸੀ ਅਤੇ ਉਸਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਉਸਨੇ ਆਖਿਆ ਕਿ ਔਰਤ ਨੇ ਉਸਨੂੰ ਹੱਥਾਂ ਤੋਂ ਫੜਕੇ ਧੂਹ ਕੇ ਬਿਸਤਰੇ ਵਿੱਚੋਂ ਬਾਹਰ ਭੁੰਜੇ ਸੁੱਟ ਦਿੱਤਾ। ਸਿਵਾਏ ਇਸ ਘਟਨਾ ਦੇ, ਉਸ ਰਾਤ ਕੋਈ ਵੀ ਪੱਥਰ ਆਦਿ ਨਹੀਂ ਸਨ ਵੱਜੇ।

ਦੋ ਦਿਨਾਂ ਬਾਅਦ ਵਿਆਹੁਤਾ ਜੋੜੇ ਦੇ ਕਮਰੇ ਵਿੱਚ ਕਾਫੀ ਵੱਡਾ ਪੱਥਰ ਡਿੱਗਾ। ਜਦੋਂ ਵਿਲਸਨ ਦੀ ਪਤਨੀ ਜਾ ਰਹੀ ਸੀ ਤਾਂ ਉਸਨੂੰ ਖੂੰਜੇ ਵਿੱਚ ਖੜੀ ਮੁਸਲਮਾਨ ਔਰਤ ਨੂੰ ਚੰਗੀ ਤਰ੍ਹਾਂ ਵੇਖਿਆ। ਜਦੋਂ ਲੈਂਪ ਜਗਾਇਆ ਗਿਆ ਤਾਂ ਔਰਤ ਦਾ ਭੂਤ ਗਾਇਬ ਹੋ ਗਿਆ।

ਲਗਾਤਾਰ ਇਸੇ ਸਮੇਂ ਮਿਸਟਰ ਜ਼ੇਵੀਅਰ ਦੇ ਚਿਹਰੇ ਅਤੇ ਕੰਨਾਂ ਦੀਆਂ ਪੇਪੜੀਆਂ ਤੇ ਦਰਦਾਂ ਹੋਣ ਲੱਗੀਆਂ। ਭਾਵੇਂ ਕਈ ਕਿਸਮ ਦੀਆਂ ਮੱਲ੍ਹਮਾਂ ਅਤੇ ਦਵਾਈਆਂ ਵਰਤੀਆਂ ਗਈਆਂ ਪਰ ਬਿਮਾਰੀ ਸਰੀਰ ਦੇ ਹੋਰਨਾਂ ਭਾਗਾਂ ਤੱਕ ਵੀ ਵਧਦੀ ਗਈ। ਇਸ ਤੋਂ ਵੱਧ ਉਸਨੇ ਸਵੇਰੇ ਆਪਣੇ ਸਰੀਰ ਤੋਂ ਨਹੁੰਦਰਾਂ ਦੀਆਂ ਝਰੀਟਾਂ ਵੀ ਵੇਖੀਆਂ।

ਮਾਤਾ ਪਿਤਾ ਵੱਲੋਂ ਦੱਸੀਆਂ ਕਹਾਣੀਆਂ ਸੁਣਨ ਉਪਰੰਤ ਮੈਂ ਦੋਵੇ ਸੌਣ ਵਾਲੇ ਕਮਰੇ ਵੇਖਣ ਗਿਆ। ਘਰ ਦੋ ਸੌਣ ਵਾਲੇ ਕਮਰਿਆਂ ਸਮੇਤ ਛੋਟਾ ਜਿਹਾ ਹੀ ਸੀ। ਕਮਰੇ ਛੋਟੀਆਂ ਛੋਟੀਆ ਕੰਧਾਂ ਛੱਤ ਨਾਲ ਨਹੀਂ ਸਨ ਲੱਗਦੀਆਂ ਵਿਆਹੁਤਾ ਜੋੜੇ ਕੋਲ ਇੱਕ ਕਮਰਾ ਸੀ। ਮਾਂ, ਛੋਟਾ ਬੱਚਾ ਅਤੇ ਕਵਾਰੀ ਕੁੜੀ ਇਕ ਕਮਰੇ ਵਿੱਚ ਸੌਂਦੀਆਂ ਸਨ। ਪਿਤਾ ਅਕਸਰ ਬੈਠਕ ਵਿੱਚ ਹੀ ਸੌਂਦਾ ਸੀ। ਕਿਉਂਕਿ ਕੰਧਾਂ ਛੱਤ ਤੱਕ ਨਹੀਂ ਸਨ ਕੀਤੀਆਂ ਹੋਈਆਂ। ਇਸ ਲਈ ਉਪਰੋਂ ਤਿੰਨੇ ਕਮਰੇ ਆਪਸ ਵਿੱਚ ਜੁੜੇ ਹੋਏ ਸਨ।

ਮੇਰੇ ਬੇਨਤੀ ਕਰਨ ਤੇ ਬਾਹਰਲੇ ਬਰਾਂਡੇ ਵਿੱਚ ਤਿੰਨ ਕੁਰਸੀਆਂ ਡਾਹ ਦਿੱਤੀਆਂ ਗਈਆਂ, ਇਕ ਮੇਰੇ ਵਾਸਤੇ, ਇਕ ਮੇਰੀ ਪਤਨੀ ਵਾਸਤੇ ਅਤੇ ਇਕ ਉਸ ਵਿਅਕਤੀ ਲਈ, ਜਿਸ ਤੋਂ ਪੁੱਛ ਗਿੱਛ ਕਰਨੀ ਸੀ। ਉਹਨਾਂ ਨੂੰ ਉਹ ਕੁੱਝ ਹੀ ਦੱਸਣ ਲਈ ਆਖਿਆ ਗਿਆ, ਜੋ ਉਹਨਾਂ ਨੇ ਵੇਖਿਆ ਸੀ। ਉਹਨਾਂ ਨੂੰ ਸੁਣੀ ਸੁਣਾਈ ਗੱਲ ਬਾਰੇ ਕੋਈ ਜ਼ਿਕਰ ਨਾ ਕਰਨ ਲਈ ਆਖਿਆ।

**ਹੋਰ ਵਾਧੂ ਜਾਣਕਾਰੀ**

ਵਿਅਕਤੀਗਤ ਪੁੱਛ ਪੜਤਾਲ ਸਮੇਂ ਹੇਠ ਲਿਖੀ ਹੋਰ ਵਾਧੂ ਜਾਣਕਾਰੀ ਹਾਸਿਲ ਕੀਤੀ ਗਈ। ਪਿਉ, ਮਾਂ, ਕੁਵਾਰੀ ਕੁੜੀ ਨੇ ਵੱਡੀ ਧੀ ਦੇ ਕਮਰੇ ਵਿੱਚ ਪੱਥਰ ਡਿੱਗਣ ਦੀਆਂ ਆਵਾਜਾਂ ਸੁਣੀਆਂ ਸਨ। ਜਦੋਂ ਵੱਡੀ ਧੀ ਦੇ ਕਮਰੇ ਵਿੱਚੋਂ ਚੀਖ ਪੁਕਾਰ ਸੁਣਾਈ ਦਿੰਦੀ ਤਾਂ ਉਹ ਜਗਦੇ ਲੈਂਪ ਨਾਲ ਕਮਰੇ ਵਿੱਚ ਜਾਂਦੇ ਸਨ। ਮਾਂ ਅਤੇ ਛੋਟੀ ਕੁੜੀ ਨੇ ਵੀ ਪੱਥਰ ਡਿੱਗਦੇ ਨਹੀਂ ਸਨ ਵੇਖੇ। ਮਿਸਟਰ ਜ਼ੇਵੀਅਰ ਨੇ ਇਕ ਵਾਰੀ ਪੱਥਰ ਡਿੱਗਦਾ ਵੇਖਿਆ ਸੀ, ਜਦੋਂ ਉਹ ਵੱਡੀ ਧੀ ਦੇ ਕਮਰੇ ਵਿੱਚ ਗਿਆ ਸੀ। ਜਵਾਈ ਨੇ ਕਮਰੇ ਵਿੱਚ ਪੱਥਰ ਡਿੱਗਦੇ ਵੇਖੇ ਸਨ, ਪਰ ਕਿਸ ਪਾਸਿਓਂ ਆਉਂਦੇ ਸਨ, ਉਸ ਨੂੰ ਕੋਈ ਪਤਾ ਨਹੀਂ ਸੀ। ਬਹੁਤ ਸਾਰੇ ਪੱਥਰ ਭੁੰਜੇ ਡਿੱਗਣ ਤੋਂ ਪਹਿਲਾਂ ਕੰਧ ਨਾਲ ਵੱਜਦੇ ਸਨ। ਦੋ ਵਾਰੀ ਉਹਨਾਂ ਦੀ ਮੱਛਰਦਾਨੀ ਉੱਪਰ ਵੀ ਪੱਥਰ ਡਿੱਗੇ ਸਨ।

ਮਿਸਟਰ ਵਿਲਸਨ ਨੇ ਦੱਸਿਆ ਕਿ ਪਹਿਲੇ ਤਿੰਨ ਮਹੀਨੇ ਉਹ ਇਹਨਾਂ ਘਟਨਾਵਾਂ ਤੋਂ ਡਰਦਾ ਹੁੰਦਾ ਸੀ ਪਰ ਬਾਦ ਵਿੱਚ ਉਹ ਇਹਨਾਂ ਦਾ ਆਦੀ ਹੋ ਗਿਆ ਸੀ । ਜਿਸ ਦਿਨ ਦਾ ਉਸਦੀ ਪਤਨੀ ਨੇ ਮੁਸਲਮਾਨ ਔਰਤ ਦਾ ਭੂਤ ਵੇਖਿਆ ਸੀ ਉਹ ਵੀ ਇਸ ਕਮਰੇ ਵਿੱਚ ਸੌਣ ਤੋਂ ਡਰਦਾ ਸੀ।

ਵਿਲਸਨ ਦੀ ਪਤਨੀ ਨੇ ਦੱਸਿਆ ਕਿ ਉਸ ਨੇ ਘਰ ਦਾ ਸਮਾਨ ਖਿਲਰਿਆ ਪਿਆ ਵੇਖਿਆ ਸੀ। ਉਸ ਦੇ ਪਤੀ ਦੀ ਕੰਧ ਤੇ ਟੰਗੀ ਫੋਟੋ ਦੋ ਦਿਨ ਤੋਂ ਗੁੰਮ ਰਹੀ ਸੀ ਅਤੇ ਤੀਜੇ ਦਿਨ ਫੇਰ ਉਹ ਕੰਧ ਤੇ ਟੰਗੀ ਹੋਈ ਸੀ। ਸੇਂਟ ਐਨਥੋਨੀ ਦੀ ਫੋਟੋ ਜਿਹੜੀ ਪਾਦਰੀ ਦੇ ਕਹਿਣ ਤੇ ਟੰਗੀ ਗਈ ਸੀ, ਨੂੰ ਕਦੇ ਕੋਈ ਪੱਥਰ ਨਹੀਂ ਸੀ ਵੱਜਾ। ਜਿਹੜਾ ਮੁਸਲਮਾਨ ਔਰਤ ਦਾ ਭੂਤ ਉਸ ਨੇ ਕਮਰੇ ਦੇ ਖੂੰਜੇ ਵਿੱਚ ਖੜਾ ਵੇਖਿਆ ਸੀ, ਉਸ ਨੇ ਲਾਲ ਸਾੜੀ ਪਾਈ ਹੋਈ ਸੀ, ਉਸ ਨੇ ਸਾੜੀ ਦੇ ਇਕ ਪੱਲੇ ਨਾਲ ਸਿਰ ਢੱਕਿਆ ਹੋਇਆ ਸੀ। ਉਸ ਦੇ ਡਰ ਸਦਕਾ ਉਹ ਉਸ ਰਾਤ ਨੂੰ ਸੌਂ ਨਹੀਂ ਸਕੀ। ਉਹ ਨੀਂਦ ਦੀ ਇਹ ਘਾਟ ਦਿਨੇ ਸੌਂ ਕੇ ਪੂਰੀ ਕਰਦੀ ਸੀ। ਅੱਧੀ ਰਾਤ ਤੋਂ ਸਵੇਰ ਤੱਕ ਕੋਈ ਪੱਥਰ ਨਹੀਂ ਸਨ ਵੱਜਦੇ।

**ਭੂਤ ਲੱਭ ਲਿਆ**

ਸਭ ਤੋਂ ਅਖੀਰ ਵਿੱਚ ਸਕੂਲ ਦੀ ਵਿਦਿਆਰਥਣ ਛੋਟੀ ਕੁੜੀ ਰੋਜ਼ ਕੋਲੋਂ ਪੁੱਛ ਗਿੱਛ ਕੀਤੀ ਗਈ। ਉਹ ਚੰਗੀ ਸਿਹਤਮੰਦ ਅਤੇ ਸੁੰਦਰ ਕੁੜੀ ਸੀ। ਉਹ ਕੌਨਵੈਂਟ ਸਕੂਲ ਦੀ ਪ੍ਰੀ. ਐਸ. ਐਸ. ਸੀ. ਦੀ ਵਿਦਿਆਰਥਣ ਸੀ। ਉਹ ਹਰ ਰੋਜ਼ ਸਕੂਲ ਜਾਇਆ ਕਰਦੀ ਸੀ। ਉਹ ਪੜ੍ਹਾਈ ਵਿੱਚ ਪਿੱਛੇ ਹੀ ਸੀ। ਭਾਵੇਂ ਉਸ ਦੀ ਉਮਰ 17 ਸਾਲ ਦੀ ਸੀ ਅਤੇ ਸਿਹਤ ਵੀ ਕਾਫੀ ਚੰਗੀ ਸੀ, ਫੇਰ ਵੀ ਕੁੱਝ ਮਹੀਨੇ ਪਹਿਲਾਂ ਹੀ ਉਹ 'ਜਵਾਨ' ਹੋਈ ਸੀ।

ਉਸਦੀ ਘਬਰਾਹਟ ਅਤੇ ਉੱਖੜੇ ਜਿਹੇ ਰਵੱਈਏ ਕਾਰਨ ਮੈਨੂੰ ਇਹ ਸਮਝਣ ਵਿੱਚ ਉੱਕਾ ਹੀ ਤਕਲੀਫ ਨਾ ਹੋਈ ਕਿ ਘਰ ਵਿੱਚ ਸਾਰੀਆਂ ਮੁਸ਼ਕਲਾਂ ਲਈ ਉਹ ਹੀ ਜ਼ੁੰਮੇਵਾਰ ਸੀ। ਇਹ ਫੈਸਲਾ ਕਰ ਲੈਣ ਤੇ ਕਿ ਉਹ ਹੀ 'ਭੂਤ' ਸੀ, ਮੈਨੂੰ ਆਪਣੀ ਪੁੱਛ ਗਿੱਛ ਦਾ ਲਹਿਜਾ ਬਦਲਣਾ ਪਿਆ। ਹੁਣ ਮੈਂ ਆਪਣੇ ਪੁੱਤਰ ਨੂੰ ਵਰਾਂਡੇ ਵਿੱਚ ਸੱਦਿਆ, ਜੋ ਕਿ ਬੈਠਕ ਵਿੱਚ ਬੈਠਾ ਮਿਸਟਰ

ਵਿਲਸਨ ਨਾਲ ਗੱਲਾਂ ਕਰ ਰਿਹਾ ਸੀ। ਮੈਂ ਉਸਨੂੰ ਇਸ ਲਈ ਸੱਦਿਆ ਸੀ ਕਿ ਉਸਨੂੰ ਵਿਖਾਇਆ ਜਾਵੇ ਕਿ ਕਿਵੇਂ ਇਸ ਤਰ੍ਹਾਂ ਦੀ ਨਾ-ਵਰਨਣਯੋਗ ਤਕਲੀਫ ਨੂੰ ਸਹੀ, ਸਮਝਦਾਰ ਅਤੇ ਵਿਗਿਆਨਿਕ ਢੰਗ ਨਾਲ ਹੱਲ ਕੀਤਾ ਜਾ ਸਕਦਾ ਹੈ।

ਜਿਸ ਕੁਰਸੀ ਤੇ ਮੈਂ ਬੈਠਾ ਸਾਂ, ਮੈਂ ਕੁੜੀ ਨੂੰ ਆਪਣੀ ਸੱਜੀ ਹਥੇਲੀ ਕੁਰਸੀ ਦੀ ਬਾਂਹ ਤੇ ਰੱਖਣ ਲਈ ਆਖਿਆ ਅਤੇ ਮੈਂ ਆਪਣੀ ਸੱਜੀ ਹਥੇਲੀ ਉਸਦੀ ਹਥੇਲੀ ਉੱਪਰ ਰੱਖ ਦਿੱਤੀ। ਕੁੱਝ ਮਿੰਟਾਂ ਬਾਅਦ ਉਹ ਸੰਮੋਹਕ ਨੀਂਦ ਦੀ ਅਜਿਹੀ ਅਵਸਥਾ ਵਿੱਚ ਆ ਗਈ ਕਿ ਪਿਛਲੇ ਛੇ ਮਹੀਨੇ ਤੋਂ ਜੋ ਉਹ ਘਰ ਵਿੱਚ ਕਰਦੀ ਸੀ, ਦੇ ਬਾਰੇ ਮੈਨੂੰ ਸਾਰਾ ਕੁੱਝ ਦੱਸ ਦਿੱਤਾ।

ਉਸਨੇ ਦੱਸਿਆ ਕਿ ਉਹ ਸਕੂਲ ਦੇ ਬਾਗ ਵਿੱਚੋਂ ਛੋਟੇ ਛੋਟੇ ਪੱਥਰ ਇਕੱਠੇ ਕਰਕੇ ਆਪਣੇ ਝੋਲੇ ਵਿੱਚ ਪਾ ਲਿਆ ਕਰਦੀ ਸੀ। ਉਹ ਰਾਤ ਨੂੰ ਕੰਧ ਉਪਰਦੀ ਇਹ ਪੱਥਰ ਆਪਣੀ ਭੈਣ ਦੇ ਕਮਰੇ ਵਿੱਚ ਸੁੱਟਿਆ ਕਰਦੀ ਸੀ। ਉਸਨੇ ਦੱਸਿਆ ਕਿ ਉਹ ਆਪਣੀ ਭੈਣ ਜਾਂ ਵਿਲਸਨ ਨਾਲ ਗੁੱਸੇ ਨਹੀਂ ਸੀ। ਉਹ ਇੰਜ ਕਰਨ ਦਾ ਕੋਈ ਵੀ ਕਾਰਨ ਨਾ ਦੱਸ ਸਕੀ।

ਉਸਨੇ ਦੱਸਿਆ ਕਿ ਉਸਨੂੰ ਉਸਦੇ ਮਾਂ ਬਾਪ ਬਹੁਤ ਚਾਹੁੰਦੇ ਸਨ ਅਤੇ ਉਹ ਵੀ ਉਹਨਾਂ ਨੂੰ ਬਹੁਤ ਪਸੰਦ ਕਰਦੀ ਸੀ। ਉਸਦਾ ਜੀਜਾ ਉਸਨੂੰ ਬਹੁਤ ਪਿਆਰ ਕਰਦਾ ਸੀ। ਉਸਨੇ ਉਸਨੂੰ ਪਿਛਲੀ ਕ੍ਰਿਸਮਿਸ ਸਮੇਂ ਅਤੇ ਜਨਮ ਦਿਨ ਸਮੇਂ ਤੋਹਫੇ ਦਿੱਤੇ ਸਨ। ਇਕ ਦਿਨ ਉਸਨੇ ਆਪਣੀਆ ਸਹੇਲੀਆਂ ਨੂੰ ਸਕੂਲ ਵਿੱਚ ਵਿਖਾਉਣ ਲਈ ਜੀਜੇ ਦੀ ਫੋਟੋ ਲੈ ਲਈ ਸੀ ਅਤੇ ਮਗਰੋਂ ਵਾਪਸ ਲੈ ਆਂਦੀ ਸੀ। ਸਕੂਲ ਵਿੱਚ ਉਸਦੀ ਇਕ ਹੀ ਸਹੇਲੀ ਸੀ। ਉਸਨੂੰ ਕੋਈ ਸਰੀਰਕ ਬਿਮਾਰੀ ਨਹੀਂ ਸੀ ਅਤੇ ਚੰਗੀ ਭੁੱਖ ਲਗਦੀ ਸੀ। ਪੜ੍ਹਾਈ ਵਿੱਚ ਕਮਜ਼ੋਰ ਹੋਣ ਕਾਰਨ ਕਈ ਵਾਰੀ ਉਸਨੂੰ ਸਕੂਲ ਵਿੱਚ ਅਧਿਆਪਕ ਪਾਸੋਂ ਬੁਰਾ ਭਲਾ ਸੁਣਨਾ ਪੈਂਦਾ ਸੀ ਅਤੇ ਕਈ ਵਾਰੀ ਮਾਂ ਬਾਪ ਤੋਂ ਵੀ। ਇਕ ਵਾਰੀ ਮਾਹਵਾਰੀ ਸਮੇਂ ਜਿਆਦਾ ਖ਼ੂਨ ਨਿਕਲ ਜਾਣ ਕਾਰਨ ਉਹ ਸਕੂਲ ਵਿੱਚ ਬੇਹੋਸ਼ ਹੋ ਗਈ ਸੀ।

ਮੈਂ ਉਸ ਨੂੰ ਭਰੋਸਾ ਦਿਵਾਇਆ ਕਿ ਮੈਂ ਉਸਦੇ ਮਾਂ ਬਾਪ ਨੂੰ ਇਹ ਨਹੀਂ ਦੱਸਾਂਗਾ ਕਿ ਪੱਥਰ ਸੁੱਟਣ ਲਈ ਉਹ ਜ਼ੁੰਮੇਵਾਰ ਸੀ, ਪਰ ਇਕ ਸ਼ਰਤ ਹੈ ਕਿ ਉਹ ਅੱਜ ਤੋਂ ਮਗਰੋਂ ਅਜਿਹਾ ਕਦੇ ਨਹੀਂ ਕਰੇਗੀ।

ਇਸ ਤੋਂ ਮਗਰੋਂ ਅਸੀਂ ਬੈਠਕ ਵਿੱਚ ਚਲੇ ਗਏ ਅਤੇ ਮੈਂ ਸਾਰੇ ਟੱਬਰ ਨੂੰ ਉੱਥੇ ਇਕੱਠੇ ਹੋਣ ਲਈ ਆਖਿਆ। ਇਕ ਤਰਕ ਸ਼ਾਸਤਰੀ ਹੋਣ ਕਾਰਨ ਮੇਰਾ ਇਹ ਫਰਜ ਸੀ ਕਿ ਮੈਂ ਉਹਨਾਂ ਨੂੰ ਦੱਸਾਂ ਕਿ ਕੋਈ ਭੂਤ ਪ੍ਰੇਤ ਨਹੀਂ ਹੁੰਦੇ, ਭਾਵੇਂ ਲੋਕ ਆਪਣੀ ਅਗਿਆਨਤਾ ਕਾਰਨ, ਡਰ ਸਦਕਾ ਜਾਂ ਉਹਨਾਂ ਲੋਕਾਂ ਦੀਆਂ ਮੂਰਖਤਾ ਭਰਪੂਰ ਗੱਲਾਂ ਕਾਰਨ, ਜਿਹੜੇ ਮੌਤ ਮਗਰੋਂ ਜਾਨਣ ਦਾ ਪਾਖੰਡ ਕਰਦੇ ਕਰਦੇ ਹਨ, ਇਹ ਵਿਸ਼ਵਾਸ ਕਰ ਲੈਂਦੇ ਹਨ। ਮੈਂ ਉਹਨਾਂ ਨੂੰ ਇਸ ਸਭ ਬਾਰੇ ਵਿਸਥਾਰਪੂਰਵਕ ਦੱਸਣ ਤੋਂ ਗੁਰੇਜ਼ ਕੀਤਾ, ਕਿਉਂਕਿ ਮੈਂ ਛੋਟੀ ਕੁੜੀ ਦੀਆਂ ਭਾਵਨਾਵਾਂ ਨੂੰ ਦੁਖੀ ਨਹੀਂ ਸੀ ਕਰਨਾ ਚਾਹੁੰਦਾ ਅਤੇ ਨਾ ਹੀ ਮੈਂ ਇਹ ਚਾਹੁੰਦਾ ਸਾਂ ਕਿ ਕੁੜੀ ਨੂੰ ਮਾ-ਬਾਪ ਸਜ਼ਾ ਦੇਣ ਜਾਂ ਬੁਰਾ ਭਲਾ ਆਖਣ।

ਮੈਂ ਮਾਂ-ਬਾਪ ਨੂੰ ਸਿਰਫ ਐਨਾ ਹੀ ਦੱਸਿਆ ਕਿ ਹੁਣ ਅੱਗੇ ਤੋਂ ਘਰ ਵਿੱਚ ਕੋਈ ਪੱਥਰ ਨਹੀਂ ਵੱਜਣਗੇ। ਜੇਕਰ ਫੇਰ ਵੀ ਅਜਿਹੀ ਘਟਨਾ ਵਾਪਰਦੀ ਹੈ ਤਾਂ ਸਿਆਣਿਆਂ ਅਤੇ ਜੋਤਸ਼ੀਆਂ ਤੇ ਪੈਸਾ ਬਰਬਾਦ ਕਰਨ ਦੀ ਥਾਂ ਮੈਨੂੰ ਬੁਲਾ ਲੈਣ ਲਈ ਆਖਿਆ। ਮੈਂ ਉਹਨਾਂ ਨੂੰ ਭਰੋਸਾ ਦਿਵਾਇਆ ਕਿ ਮੁਸਲਮਾਨ ਔਰਤ ਦੇ ਭੂਤ ਵਾਲੀ ਗੱਲ ਇਕ ਬਹੁਤ ਵੱਡੀ ਬੇਵਕੂਫੀ ਸੀ ਅਤੇ ਜਿਹੜਾ ਰੁਪਇਆ ਉਹਨਾਂ ਨੇ ਚੌਂਕੀ ਤੇ ਖਰਚ ਕੀਤਾ ਸੀ, ਉਹ ਸਾਰਾ ਫਜ਼ੂਲ ਅਤੇ ਬੇਅਰਥ ਸੀ।

ਉਸ ਦਿਨ ਤੋਂ ਮਗਰੋਂ ਜ਼ੇਵੀਅਰ ਦੇ ਟੱਬਰ ਵਿੱਚ ਕੋਈ ਤਕਲੀਫ ਨਹੀਂ ਸੀ ਹੋਈ।

**ਵਿਆਖਿਆ**

ਪੱਥਰ ਹਫ਼ਤੇ ਦੇ ਕੰਮ ਦੇ ਦਿਨਾਂ ਵਿੱਚ ਦਿਨ ਸਮੇਂ ਨਹੀਂ ਸਨ ਵੱਜਦੇ ਕਿਉਂਕਿ ਉਸ ਸਮੇਂ ਛੋਟੀ ਲੜਕੀ ਰੋਜ਼ ਸਕੂਲ ਵਿੱਚ ਗਈ ਹੁੰਦੀ ਸੀ। ਅੱਧੀ ਰਾਤ ਤੋਂ ਮਗਰੋਂ ਵੀ ਪੱਥਰ ਨਹੀਂ ਸਨ ਵੱਜਦੇ, ਕਿਉਂਕਿ ਅੱਧੀ ਰਾਤ ਤੋਂ ਮਗਰੋਂ ਉਹ ਸੌਂ ਜਾਂਦੀ ਸੀ।

ਭਾਵੇਂ ਉਹ ਜਵਾਨ ਹੋ ਗਈ ਸੀ, ਪਰ ਉਸ ਨੂੰ ਮਹਾਂਵਾਰੀ ਦੇਰ ਨਾਲ ਹੀ ਆਉਣੀ ਸ਼ੁਰੂ ਹੋਈ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਉਸਦੀਆਂ ਕਾਮੁਕ ਗਿਲਟੀਆਂ ਠੀਕ ਤਰ੍ਹਾਂ ਕੰਮ ਨਹੀਂ ਸਨ ਕਰਦੀਆਂ। ਇਸ ਤੋਂ ਬਿਨਾਂ ਉਹ ਇੱਕ ਸਿਹਤਮੰਦ ਕੁੜੀ ਸੀ। ਉਸਦੀਆਂ ਕਾਮੁਕ ਇੱਛਾਵਾਂ ਉਸ ਅੰਦਰ ਪੁਰਾਣੀਆਂ ਸਮਾਜਿਕ ਰੁਕਾਵਟਾਂ ਕਾਰਨ ਦੱਬੀਆਂ ਪਈਆਂ ਸਨ। ਉਸਦਾ ਕੋਈ ਲੜਕਾ ਦੋਸਤ ਨਹੀਂ ਸੀ ਅਤੇ ਨਾ ਹੀ ਉਸਨੂੰ ਅਜਿਹਾ ਦੋਸਤ ਬਨਾਉਣ ਦੀ ਕੋਈ ਅਜ਼ਾਦੀ ਸੀ। ਨਾਲ ਲੱਗਵੇਂ ਕਮਰੇ ਵਿੱਚ ਆਪਣੇ ਪਤੀ ਨਾਲ ਕਾਮੁਕ ਅਨੰਦ ਮਾਣ ਰਹੀ ਆਪਣੀ ਭੈਣ ਬਾਰੇ ਖਿਆਲ ਨੇ ਉਸਦੇ ਅਚੇਤ ਮਨ ਅੰਦਰ ਆਪਣੀ ਭੈਣ ਪ੍ਰਤੀ ਈਰਖਾ ਪੈਦਾ ਕਰ ਦਿੱਤੀ ਸੀ। ਉਦਾਸੀ ਦੇ ਸਮੇਂ ਉਹ ਆਪਣੀ ਭੈਣ ਤੇ ਪੱਥਰ ਮਾਰਦੀ ਸੀ, ਉਸਦੇ ਪਤੀ ਤੇ ਨਹੀਂ, ਜਿਸਨੂੰ ਉਹ ਅਚੇਤ ਮਨ ਵਿੱਚ ਪਸੰਦ ਕਰਦੀ ਸੀ ਅਤੇ ਹਾਸਲ ਕਰਨਾ ਚਾਹੁੰਦੀ ਸੀ। ਵਿਲਸਨ ਪ੍ਰਤੀ ਉਸਦੀ ਖਿੱਚ ਇਸ ਗੱਲ ਤੋਂ ਸਪਸ਼ਟ ਹੁੰਦੀ ਸੀ ਕਿ ਉਸਨੇ ਸਕੂਲ ਵਿੱਚ ਆਪਣੀ ਇੱਕੋ ਇੱਕ ਸਹੇਲੀ ਨੂੰ ਵਿਖਾਉਣ ਲਈ ਉਸਦੀ ਫੋਟੋ ਲਾਹੀ ਸੀ।

ਕਿਉਂਕਿ ਉਹ ਪੜ੍ਹਾਈ ਵਿੱਚ ਕਮਜ਼ੋਰ ਸੀ, ਜਿਸ ਕਰਕੇ ਉਸਨੂੰ ਸਕੂਲ ਵਿੱਚ ਅਤੇ ਘਰੋਂ ਝਿੜਕਾਂ ਪੈਂਦੀਆਂ ਸਨ ਅਤੇ ਇਸ ਨਾਲ ਉਹ ਆਪਣੇ ਆਪ ਨੂੰ ਘਟੀਆ ਸਮਝਦੀ ਸੀ। ਘਰ ਵਾਲਿਆਂ ਨੂੰ ਤੰਗ ਕਰਕੇ ਉਹ ਆਪਣੇ ਆਪ ਅਚੇਤ ਮਨ ਵਿੱਚ ਅਨੰਦ ਮਹਿਸੂਸ ਕਰਦੀ ਸੀ।

ਇਹ ਵੀ ਮਹੱਤਵਪੂਰਨ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਭਾਵੇਂ ਉਹ ਸ਼ਨਿੱਚਰਵਾਰ ਨੂੰ ਸਵੇਰ ਤੋਂ ਹੀ ਘਰੇ ਸੀ, ਪਰ ਪੱਥਰ ਦੁਪਹਿਰ ਬਾਅਦ ਹੀ ਵੱਜੇ ਸਨ। ਇਹ ਇਸ ਕਰਕੇ ਸੀ ਕਿ ਵਿਲਸਨ, ਉਸਦੀ ਭੈਣ ਦੇ ਕਮਰੇ ਵਿੱਚ ਸਿਰਫ ਬਾਅਦ ਦੁਪਹਿਰ ਹੀ ਸੀ।

ਪੱਥਰ ਧਰਤੀ ਤੇ ਡਿੱਗਣ ਤੋਂ ਪਹਿਲਾਂ ਨਾਲ ਲੱਗਵੇਂ ਕਮਰੇ ਦੀ ਸਾਹਮਣੀ ਕੰਧ ਵਿੱਚ ਵੱਜਦੇ ਸਨ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਉਪਰਲੇ ਝਰੋਖੇ ਵਿੱਚ ਦੀ ਨਾਲ ਲੱਗਵੇਂ ਕਮਰੇ ਵਿੱਚੋਂ ਹੀ ਪੱਥਰ ਮਾਰੇ ਜਾਂਦੇ ਸਨ।

ਲੜਕੇ ਦੇ ਮੰਜੇ ਤੋਂ ਡਿੱਗਣ ਦਾ ਮੁਸਲਮਾਨ ਔਰਤ ਦਾ ਭੂਤ ਨਾਲ ਕੋਈ ਵਾਸਤਾ ਨਹੀਂ ਸੀ। ਉਸਨੇ ਸੁਪਨੇ ਵਿੱਚ ਕੋਈ ਚੀਜ਼ ਵੇਖੀ ਹੋਵੇਗੀ ਕਿਉਂਕਿ ਸਵੇਰੇ ਹੀ ਉਸਨੇ ਸਿਆਣੇ ਤੋਂ ਮੁਸਲਮਾਨ ਔਰਤ ਦੇ ਭੂਤ ਬਾਰੇ ਸੁਣਿਆ ਸੀ। ਵਿਲਸਨ ਦੀ ਪਤਨੀ ਨੇ ਵੀ ਉਹੀ ਭੂਤ ਵੇਖਿਆ ਸੀ, ਕਿਉਂਕਿ ਉਸਨੇ ਵੀ ਸਿਆਣੇ ਪਾਸੋਂ ਇਸ ਬਾਰੇ ਸੁਣ ਰੱਖਿਆ ਸੀ।

ਜ਼ੇਵੀਅਰ ਦੇ ਸਰੀਰ ਤੇ ਝਰੀਟਾਂ ਆਦਿ ਲਾਗ ਦੀ ਬਿਮਾਰੀ ਕਾਰਨ ਸਨ, ਕਿਸੇ ਨਾ ਮੌਜੂਦ ਭੂਤ ਸਕਦਾ ਨਹੀਂ। ਉਸ ਦੇ ਸਰੀਰ ਤੇ ਨਹੁੰਦਰਾਂ ਦੇ ਨਿਸ਼ਾਨ ਨੀਂਦ ਵਿੱਚ ਖੁਰਕ ਲੈਣ ਕਾਰਨ ਪਏ ਸਨ।

ਇਹ ਇੱਕ ਕੁਦਰਤੀ ਗੱਲ ਹੀ ਸੀ ਉਹ ਲੋਕ ਜਿਹੜੇ ਭੂਤਾਂ ਆਦਿ ਤੋਂ ਡਰਦੇ ਹਨ, ਉਹ ਸਾਰੀਆਂ ਨਾ-ਵਿਆਖਿਆਂ ਯੋਗ ਘਟਨਾਵਾਂ ਨੂੰ ਭੂਤਾਂ-ਪ੍ਰੇਤਾਂ ਦੇ ਸਿਰ ਮੜ੍ਹ ਦੇਣ।

# ਭੂਤਾਂ ਕੱਢਣ ਵਾਲੇ ਦਾ ਭੂਤ ਨਾਲ ਵਿਆਹ

17-11-1963 ਦੇ ਇੱਕ ਸਿੰਨਹਾਲੀ ਹਫਤਾਵਾਰੀ ਸਿਲੂਮੀਨਾ ਵਿੱਚ, ਦੇਹੀਉਵਿਟਾ ਦੇ ਇੱਕ ਨਿਲਟਰ ਏਲੀਆਸ ਅਬੈਆਵਾਰਦੇਨਾ ਦਾ ਇੱਕ ਖਤ ਪ੍ਰਕਾਸ਼ਤ ਹੋਇਆ, ਜਿਸ ਵਿੱਚ ਗੋਰਕਗਾਹਾਇਨੇ ਕਲੋਨੀ ਦੇ ਇੱਕ ਵਸਨੀਕ ਐਚ. ਸੀ. ਮਿਥਰੂਹਾਮੀ ਦੇ ਘਰ ਭੂਤਾਂ ਦੇ ਵਾਸੇ ਦਾ ਜ਼ਿਕਰ ਕੀਤਾ ਹੋਇਆ ਸੀ। ਖਤ ਵਿੱਚ ਭੂਤ ਵੱਲੋਂ ਤਬਾਹੀ ਮਚਾਉਣ, ਭਾਂਡੇ ਟੀਂਡੇ ਤੋੜਨ, ਕਮਰਿਆਂ ਵਿੱਚ ਪੱਥਰ ਸੁੱਟਣ, ਚਾਵਲਾਂ ਵਿੱਚ ਰੇਤ ਮਿਲਾਉਣ ਅਤੇ ਕੱਪੜਿਆਂ ਨੂੰ ਲੀਰੋ-ਲੀਰ ਕਰਨ ਬਾਰੇ ਪੂਰੇ ਵਿਸਥਾਰ ਪੂਰਵਕ ਦੱਸਿਆ ਗਿਆ ਸੀ। ਪਕਾਇਆ ਹੋਇਆ ਭੋਜਨ ਗੁੰਮ ਹੋ ਜਾਂਦਾ ਸੀ ਅਤੇ ਪਲੇਟਾਂ, ਕੱਪ, ਤਸ਼ਤਰੀਆਂ ਤੇ ਗਲਾਸ ਹਵਾ ਵਿੱਚ ਉੱਡਣ ਲੱਗ ਪੈਂਦੇ ਸਨ ਅਤੇ ਧਰਤੀ ਤੇ ਡਿੱਗਕੇ ਟੁਕੜੇ-ਟੁਕੜੇ ਹੋ ਜਾਂਦੇ ਸਨ। ਘਰ ਦੇ ਸਾਰੇ ਜੀਅ ਮੌਤ ਦੀਆਂ ਘੜੀਆਂ ਗਿਣਦੇ ਸਨ।

ਖਤ ਵਿੱਚ ਇਹ ਵੀ ਦੱਸਿਆ ਗਿਆ ਸੀ ਕਿ ਭੂਤ-ਪ੍ਰੇਤ ਕੱਢਣ ਵਾਲੇ ਸਿਆਣਿਆਂ ਤੋਂ ਭੂਤ ਦਾ ਇਲਾਜ ਕਰਵਾਉਣ ਲਈ ਰਕਮ ਖਰਚਦੇ ਖਰਚਦੇ ਮਿਥਰੂਹਾਮੀ ਲਗਭਗ ਕੰਗਾਲ ਹੋ ਗਿਆ ਸੀ। ਉਸ ਨੇ ਇਸ ਦਰਦਨਾਕ ਹਾਲਤ ਤੋਂ ਛੁਟਕਾਰਾ ਪਾਉਣ ਲਈ ਸੰਪਾਦਕ ਨੂੰ ਅਪੀਲ ਕੀਤੀ ਸੀ ਕਿ ਉਹ ਡਾ. ਕਾਵੂਰ ਦੀ ਮਦਦ ਦਿਵਾਉਣ।

ਪਹਿਲੀ ਦਸੰਬਰ 1963 ਨੂੰ ਲੇਕ ਹਾਊਸ ਸਮੂਹ ਦੇ ਅਖ਼ਬਾਰ ਨਵੀਸਾਂ ਅਤੇ ਮੇਰੀ ਪਤਨੀ ਸਮੇਤ ਅਸੀਂ 9 ਵਜੇ ਸਵੇਰੇ ਕੋਲੰਬੋ ਤੋਂ ਦੇਹੀਉਵਿਟਾ ਵੱਲ ਚੱਲ ਪਏ। ਡਰਾਇਵਰ ਭਾਵੇਂ ਕਦੇ-ਕਦੇ ਅੰਨੇਵਾਹ ਚਲਾਉਂਦਾ ਸੀ ਪਰ ਫਿਰ ਵੀ ਉਹ ਢਾਲੂ ਪਹਾੜੀਆਂ ਅਤੇ ਚੋਰ ਭੁਲੇਵਾਂ ਦੇਣ ਵਾਲੇ ਰਸਤਿਆਂ ਵਿੱਚੋਂ ਦੀ ਗੱਡੀ ਲਿਜਾਣ ਵਿੱਚ ਮਾਹਿਰ ਸੀ।

ਰਸਤੇ ਵਿੱਚ ਇੱਕ ਦਰੱਖਤ ਹੇਠਲੇ ਮੰਦਿਰ ਕੋਲੇ ਡਰਾਇਵਰ ਨੇ ਗੱਡੀ ਰੋਕ ਦਿੱਤੀ ਅਤੇ ਪਾਰਟੀ ਨੂੰ ਦੱਸਿਆ ਕਿ ਇੱਥੋਂ ਦੇਹੀਉਵਿਟਾ ਨੂੰ ਪਹਾੜੀ ਬਹੁਤ ਢਾਲੂ ਅਤੇ ਬਹੁਤ ਹੀ ਖਤਰਨਾਕ ਹੈ ਅਤੇ ਇਹ ਇੱਕ ਰਿਵਾਜ ਜਿਹਾ ਹੀ ਬਣ ਗਿਆ ਸੀ ਕਿ ਸ਼ੁੱਭ ਅਤੇ ਸੁਰੱਖਿਅਤ ਯਾਤਰਾ ਲਈ ਡਰਾਇਵਰ ਰੁੱਕ ਕੇ ਮੰਦਿਰ ਵਿੱਚ ਜਾ ਕੇ ਦੇਵਤੇ ਨੂੰ ਭੇਟਾ ਚੜਾਉਂਦੇ ਸਨ। ਕਾਰ ਵਿੱਚ ਬੈਠੇ ਅਖ਼ਬਾਰ ਨਵੀਸਾਂ ਨੇ ਮੇਰੇ ਵੱਲੀ ਪ੍ਰਸ਼ਨ ਭਰਪੂਰ ਨਿਗਾਹਾਂ ਨਾਲ ਵੇਖਿਆ ਕਿ ਮੇਰੇ ਇਸ ਵਹਿਮੀ ਰਸਮ ਬਾਰੇ ਕੀ ਵਿਚਾਰ ਹਨ। ਮੈਂ ਕਿਹਾ, ਕਿਉਂਕਿ ਡਰਾਇਵਰ ਭੋਲਾ-ਭਾਲਾ ਅਤੇ ਅਗਿਆਨੀ ਵਿਅਕਤੀ ਸੀ, ਜੇਕਰ ਉਸ ਨੂੰ ਮੰਦਿਰ ਨਾ ਜਾਣ ਦਿੱਤਾ ਗਿਆ ਤਾਂ ਉਹ ਬੌਂਦਲ ਜਾਵੇਗਾ ਅਤੇ ਸਾਰੀ ਚੜਾਈ ਦੌਰਾਨ ਘਬਰਾਇਆ ਰਹੇਗਾ, ਜਿਸ ਕਾਰਨ ਹੋ ਸਕਦਾ ਹੈ ਕਿ ਭਿਅੰਕਰ ਹਾਦਸਾ ਹੋ ਜਾਵੇ। ਉਸਨੂੰ ਪੂਜਾ ਕਰਨ ਦਿਓ ਅਤੇ ਇਸ ਤਰ੍ਹਾਂ ਮਾਨਸਿਕ ਵਿਸ਼ਵਾਸ ਗ੍ਰਹਿਣ ਕਰਨ ਦਿਓ। ਇੰਝ ਉਸ ਦੇ ਵਿਚਾਰਕ ਮਨ ਨੂੰ ਅਫੀਮ ਦੀ ਤਰ੍ਹਾਂ ਸੁਖਦਾਇਕ ਪ੍ਰਭਾਵ ਪ੍ਰਾਪਤ ਹੋਵੇਗਾ, ਮੈਂ ਆਖਿਆ।

ਨੇੜਲੀਆਂ ਝੁੱਗੀਆਂ ਵਾਲਿਆਂ ਨੇ ਕਾਰ ਵਿੱਚੋਂ ਹੀ ਮੈਨੂੰ ਪਛਾਣ ਲਿਆ ਸੀ ਤੇ ਉਹ ਪ੍ਰਸਿੱਧ ਭੂਤ ਸ਼ਿਕਾਰੀ ਦੇ ਦਰਸ਼ਨ ਕਰਨ ਲਈ ਇਰਦ ਗਿਰਦ ਇਕੱਠੇ ਹੋ ਗਏ ਸਨ। ਉਹਨਾਂ ਵਿੱਚੋਂ ਇੱਕ ਇਹ ਆਖਦਾ ਹੋਇਆ ਸੁਣਾਈ ਦਿੱਤਾ ਕਿ 'ਮਹਾਤਮਾ ਕਾਵੂਰ ਵੀ ਵਹਿਮੀ ਹੈ, ਜਿਸਨੇ ਆਪਣੀ ਕਾਰ ਨੂੰ ਰੋਕ ਕੇ ਇੱਕ ਕਾਲਪਨਿਕ ਦੇਵਤੇ ਦੀ ਪੂਜਾ ਕੀਤੀ ਸੀ।'

ਗਰਮ-ਗਰਮ ਕੌਫੀ ਪੀ ਕੇ ਅਸੀਂ ਚੱਲ ਪਏ। ਰਸਤੇ ਵਿੱਚ ਬਾਰਸ਼ ਹੋਣ ਲੱਗ ਪਈ ਅਤੇ ਕੁਝ ਵੀ ਵਿਖਾਈ ਨਹੀਂ ਸੀ ਦਿੰਦਾ। ਡਰਾਇਵਰ ਨੂੰ ਹੈੱਡ ਲਾਈਟਾਂ ਜਲਾ ਕੇ ਬਹੁਤ ਹੀ ਹੌਲੀ-ਹੌਲੀ ਕਾਰ ਚਲਾਉਣ ਲਈ ਮਜਬੂਰ ਕੀਤਾ ਗਿਆ। ਭਾਵੇਂ ਰਸਤੇ ਵਿੱਚ ਦੇਵਤੇ ਨੂੰ ਰਿਸ਼ਵਤ ਦਿੱਤੀ ਜਾ ਚੁੱਕੀ ਸੀ ਪਰ ਉਹ ਵੀ ਅਸਮਾਨ ਨੂੰ ਸਾਫ ਅਤੇ ਸੜਕਾਂ ਨੂੰ ਸੁੱਕੀਆਂ ਰੱਖ ਕੇ ਸਾਡੀ ਭੋਰਾ ਜਿੰਨੀ ਵੀ ਸਹਾਇਤਾ ਨਹੀਂ ਸੀ ਕਰ ਸਕਿਆ।

ਦੁਪਹਿਰ ਕਰੀਬ ਡੇਢ ਵਜੇ ਪਾਰਟੀ ਦੇਹੀਉਵਿਟਾ ਪਹੁੰਚ ਗਈ। ਛੋਟੇ ਜਿਹੇ ਕਸਬੇ ਵਿੱਚੋਂ ਗੋਰਕਗਹਾਇਨੇ ਕਲੋਨੀ ਦੇ ਰਸਤੇ ਬਾਰੇ ਪੁੱਛਿਆ ਗਿਆ। ਜਿਵੇਂ ਦੱਸਿਆ ਗਿਆ ਸੀ ਕਿ ਨੂਰੀਆਂ ਵਿਖੇ ਮਕਾਨ ਨੰਬਰ 8 ਸਾਹਮਣੇ ਕਾਰ ਰੋਕੀ ਗਈ ਅਤੇ ਜਿੱਥੋਂ ਇੱਕ ਬੰਦੇ ਨਾਲ ਇੱਕ ਮੀਲ ਦੇ ਕਰੀਬ ਕਸਬੇ ਵਿੱਚੋਂ ਲੰਘ ਕੇ ਮਿਥਰੂਹਾਮੀ ਦੇ ਘਰ ਪਹੁੰਚਿਆ ਗਿਆ।

ਮਿਥਰੂਹਾਮੀ ਦੇ ਘਰ ਨੂੰ ਕੋਈ ਪਹੁੰਚ ਮਾਰਗ ਨਹੀਂ ਸੀ ਜਾਂਦਾ। ਮੈਂ ਅਤੇ ਮੇਰੀ ਪਤਨੀ ਨੇ ਪੈਦਲ ਤੁਰ ਕੇ ਪਹਾੜੀਆਂ ਅਤੇ ਵਾਦੀਆਂ (ਘਾਟੀਆਂ), ਚਟਾਨਾਂ ਅਤੇ ਨਦੀਆਂ, ਜੰਗਲਾਂ, ਝਾੜੀਆਂ ਅਤੇ ਜੋਕਾਂ ਨਾਲ ਭਰਪੂਰ ਖੋਬਿਆਂ (ਦਲਦਲ) ਵਿੱਚੋਂ ਦੀ ਲੰਘ ਕੇ ਮੰਜ਼ਿਲ ਤੱਕ ਪਹੁੰਚਣ ਵਿੱਚ ਬਹੁਤ ਤਕਲੀਫ ਮਹਿਸੂਸ ਕੀਤੀ। ਇੱਕ ਲਾਈਨ ਬਣਾ ਕੇ ਪਗਡੰਡੀਆਂ ਤੇ ਤੁਰੇ ਜਾਂਦੇ ਅਜਨਬੀਆਂ ਦੀ ਟੋਲੀ ਨੂੰ ਪਿੰਡ ਦੇ ਔਰਤਾਂ, ਮਰਦਾਂ ਅਤੇ ਬੱਚਿਆਂ ਨੇ ਬਹੁਤ ਹੀ ਹੈਰਾਨੀ ਨਾਲ ਦੇਖਿਆ। ਜਦੋਂ ਅਸੀਂ ਮਿਥਰੂਹਾਮੀ ਦੇ ਘਰੇ ਪਹੁੰਚੇ ਤਾਂ ਸਾਡੇ ਪਿੱਛੇ ਇੱਕ ਕਾਫੀ ਵੱਡੀ ਭੀੜ ਵੀ ਸੀ।

ਮਿਥਰੂਹਾਮੀ ਦੀ ਪਤਨੀ ਪੋਦੀਹਾਮੀ ਅਤੇ ਛੋਟੇ ਪੰਜ ਬੱਚੇ ਘਰੇ ਸਨ। ਬਾਰਾਂ ਸਾਲਾਂ ਦੇ ਬੇਟੇ ਪੁੰਚੀਹੇਵਾ ਨੂੰ ਲਾਗਲੇ ਪਿੰਡ ਘਰੇਲੂ ਚੀਜ਼ਾਂ ਵਸਤਾਂ ਖਰੀਦਣ ਲਈ ਗਏ ਹੋਏ ਮਿਥਰੂਹਾਮੀ ਨੂੰ ਲਿਆਉਣ ਲਈ ਭੇਜਿਆ ਗਿਆ। ਕੈਮਰਾਮੈਨ ਵਾਲੀ ਪਰੇਰਾ, ਜਿਸਨੇ ਦੁਭਾਸ਼ਈਏ ਵਜੋਂ ਕੰਮ ਕੀਤਾ, ਮੇਰੀ ਜਾਣ ਪਛਾਣ ਪੋਦੀਹਾਮੀ ਨਾਲ ਕਰਵਾਈ। ਆਮ ਜਿਹੀ ਗੱਲਬਾਤ ਤੋਂ ਮਗਰੋਂ ਮੈਂ ਭੀੜ ਨੂੰ ਬਾਹਰ ਠਹਿਰਨ ਦੀ ਬੇਨਤੀ ਕੀਤੀ ਅਤੇ ਟੋਲੀ ਦੇ ਹੋਰਨਾਂ ਮੈਂਬਰਾਂ ਸਮੇਤ ਦੋ ਕਮਰਿਆਂ ਵਾਲੇ ਘਰ ਵਿੱਚ ਸਾਹਮਣੇ ਕਮਰੇ ਵਿੱਚ ਜਾ ਵੜਿਆ।

ਘਰ ਵਿੱਚ ਸਿਰਫ ਦੋ ਹੀ ਕੁਰਸੀਆਂ ਸਨ ਅਤੇ ਮੈਂ ਤੇ ਮੇਰੀ ਪਤਨੀ ਉਹਨਾਂ ਉੱਪਰ ਬੈਠ ਗਏ। ਅਰੰਭ ਵਿੱਚ ਇਕੱਲੀ ਪੋਦੀਹਾਮੀ ਨੂੰ ਮੇਰੇ ਸਵਾਲਾਂ ਦਾ ਜੁਆਬ ਦੇਣ ਲਈ ਕਮਰੇ ਵਿੱਚ ਰਹਿਣ ਲਈ ਆਖਿਆ ਗਿਆ। ਕੈਮਰਾਮੈਨ ਵਾਲੀ ਪਰੇਰਾ ਬਹੁਤ ਹੀ ਚੰਗਾ ਦੁਭਾਸ਼ੀਆ ਸਾਬਤ ਹੋਇਆ। ਮੇਰੇ ਪੰਜ ਸ਼ਬਦਾਂ ਵਾਲਤੇ ਦਸ ਲਫਜ਼ ਵਰਤਦਾ ਅਤੇ ਜਵਾਬ ਵੀਹ ਸ਼ਬਦਾਂ ਵਿੱਚ ਮਿਲਦਾ। ਪੋਦੀਹਾਮੀ ਤੋਂ ਹੇਠ ਲਿਖੀ ਜਾਣਕਾਰੀ ਹਾਸਿਲ ਕੀਤੀ ਗਈ।

ਮਿਥਰੂਹਾਮੀ ਨੂੰ ਸਰਕਾਰ ਦੁਆਰਾ ਬਸਤੀ ਵਿੱਚ ਵਸਣ ਲਈ ਚੁਣਿਆ ਗਿਆ ਸੀ ਅਤੇ ਇੱਕ ਏਕੜ ਵਾਹੀ ਯੋਗ ਜਮੀਨ ਦਿੱਤੀ ਗਈ ਸੀ। ਉਸਨੇ ਪਲਾਟ ਵਿੱਚ ਘਰ ਬਣਾ ਲਿਆ ਸੀ, ਜਿਸ ਵਿੱਚ ਉਹ 19 ਅਪ੍ਰੈਲ ਤੋਂ ਪਹਿਲਾਂ, ਜਦੋਂ ਭੂਤ ਨੇ ਉਸਨੂੰ ਤੰਗ ਕਰਨਾ ਸ਼ੁਰੂ ਕੀਤਾ ਸੀ. ਆਪਣੀ ਦੂਜੀ ਪਤਨੀ ਪੋਦੀਹਾਮੀ ਅਤੇ ਬੱਚਿਆਂ ਸਮੇਤ ਬਹੁਤ ਹੀ ਖੁਸ਼ ਰਿਹਾ ਕਰਦਾ ਸੀ। ਉਸਦੀ ਪਹਿਲੀ ਪਤਨੀ ਦੇ ਦੋ ਪੁੱਤਰ ਤੇ ਇੱਕ ਧੀ ਸਨ। ਉਹ ਤਿੰਨੇ ਹੀ ਵਿਆਹੇ ਹੋਏ ਸਨ ਅਤੇ ਪਿੰਡ ਮਤਾਲੇ ਵਿਖੇ ਰਹਿੰਦੇ ਸਨ।

ਪੋਦੀਹਾਮੀ ਦੇ ਅੱਠ ਬੱਚੇ ਸਨ ਅਤੇ ਉਨ੍ਹਾਂ ਵਿੱਚੋਂ ਕੁਸਮਾਵਥੀ ਸੱਭ ਤੋਂ ਵੱਡੀ ਧੀ ਸੀ, ਜਿਹੜੀ ਅਜੇ ਕਵਾਰੀ ਹੀ ਸੀ। ਉਸਨੇ ਬੁਣਤੀ ਦਾ ਕੰਮ ਸਿਖਿਆ ਸੀ ਅਤੇ ਘਰ ਹੀ ਆਪਣੇ ਹੱਥਖੱਡੀ ਦੇ ਕੰਮ ਤੇ ਲੱਗੀ ਰਹਿੰਦੀ ਸੀ। ਉਹ ਆਪਣੀ ਇਸ ਘਰੇਲੂ ਦਸਤਕਾਰੀ ਤੇ ਪੈਦਾਵਾਰ ਕਰਕੇ ਕਲੋਨੀ ਦੀ ਸਹਿਕਾਰੀ ਦੁਕਾਨ ’ਤੇ ਵੇਚਣ ਨਾਲ ਥੋੜੀ ਬਹੁਤ ਰਕਮ ਕਮਾ ਲੈਂਦੀ ਸੀ।

ਦੂਜੀ ਕੁੜੀ ਕਰੁਨਾਵਥੀ, 18 ਸਾਲਾਂ ਦੀ ਸੀ ਅਤੇ ਪੜ੍ਹਾਈ ਵਿੱਚ ਕਮਜ਼ੋਰ ਹੀ ਸੀ। ਉਹ ਘਰ ਬਿਨਾਂ ਕਿਸੇ ਖਾਸ ਕੰਮ ਦੇ ਰਹਿੰਦੀ ਸੀ ਅਤੇ ਆਪਣੀ ਮਾਂ ਨਾਲ ਘਰੇਲੂ ਕੰਮ ਵਿੱਚ ਹੱਥ ਵਟਾਈ ਕਰਦੀ ਸੀ। ਭਾਵੇਂ ਉਹ ਘੱਟ ਸਿਆਣੀ ਸੀ, ਪਰ ਸੱਭ ਨਾਲੋਂ ਵੱਧ ਸੁੰਦਰ ਅਤੇ ਸਿਹਤਮੰਦ ਸੀ।

ਤੀਜਾ ਇੱਕ ਸੋਲਾਂ ਸਾਲਾਂ ਦਾ ਲੜਕਾ ਸੀ, ਜੋ ਇੱਕ ਦੁਕਾਨ ’ਤੇ ਸੇਲਜਮੈਨ ਲੱਗਾ ਹੋਇਆ ਸੀ ਅਤੇ ਘਰੋਂ ਬਾਹਰ ਹੀ ਰਹਿੰਦਾ ਸੀ। ਚੌਥੀ 14 ਸਾਲਾਂ ਦੀ ਧੀ ਸਿਰੀਆਵਾਥੀ ਸੀ। ਉਹ ਲਾਇਕ ਸੀ ਅਤੇ ਸਕੂਲ ਜਾਂਦੀ ਸੀ। ਪੁੰਚੀਹੇਵਾ, ਜਿਹੜਾ ਮਿਥਰੂਹਾਮੀ ਨੂੰ ਸੱਦਣ ਗਿਆ ਸੀ. ਪੰਜਵਾਂ ਸੀ ਅਤੇ ਸਕੂਲ ਜਾਇਆ ਕਰਦਾ ਸੀ। ਬਾਕੀ ਰਹਿੰਦੇ ਤਿੰਨ ਬੱਚੇ ਦੋ ਮੁੰਡੇ ਅਤੇ ਇੱਕ ਕੁੜੀ ਅਜੇ ਛੋਟੇ ਹੀ ਸਨ।

ਭੂਤ ਨੇ 19 ਅਪ੍ਰੈਲ 1963 ਨੂੰ ਤੰਗ ਕਰਨਾ ਉਸ ਸਮੇਂ ਸ਼ੁਰੂ ਕੀਤਾ ਜਦੋਂ ਸਿਰੀਆਵਾਥੀ ਲੈਂਪ ਦੇ ਨੇੜੇ ਬੈਠੀ ਸ਼ਾਮ ਨੂੰ ਅੱਠ ਵਜੇ ਆਪਣਾ ਪਾਠ ਯਾਦ ਕਰ ਰਹੀ ਸੀ ਅਤੇ ਉਸਦੇ ਨੇੜੇ ਇੱਕ ਛੋਟਾ ਜਿਹਾ ਪੱਥਰ ਡਿੱਗਿਆ। ਉਸਨੇ ਆਪਣੀ ਮਾਂ ਨੂੰ ਅਵਾਜ ਮਾਰੀ। ਕਿਉਂਕਿ ਪੱਥਰ ਘਰ ਦੀ ਇੱਕੋ-ਇੱਕ ਖਿੜਕੀ ਰਾਹੀਂ ਬਾਹਰੋਂ ਵੱਜਿਆ ਸੀ, ਉਹ ਸਾਰੇ ਇਸ ਲਈ ਜੁੰਮੇਵਾਰ ਵਿਅਕਤੀ ਨੂੰ ਲੱਭਣ ਲਈ ਘਰੋਂ ਬਾਹਰ ਆ ਗਏ ਪਰ ਉਨ੍ਹਾਂ ਨੂੰ ਕੋਈ ਵੀ ਵਿਖਾਈ ਨਾ ਦਿੱਤਾ।

ਅਗਲੇ ਦਿਨ ਫਿਰ ਠੀਕ ਉਸੇ ਸਮੇਂ ਕੁਸਮਾਵਾਥੀ ਦੇ ਨੇੜੇ ਪੱਥਰ ਵੱਜਿਆ। ਉਹ ਚੀਕ ਉੱਠੀ ਅਤੇ ਉੱਚੀ ਛਾਲ ਮਾਰਕੇ ਖਿੜਕੀ ਵਿੱਚੋਂ ਦੀ ਹਨੇਰੇ ਬਾਗ ਵਿੱਚ ਬਾਹਰ ਇੱਕ ਪ੍ਰਛਾਵਾਂ ਭੱਜਾ ਜਾਂਦਾ ਵੇਖਿਆ। ਉਨ੍ਹਾਂ ਨੇ ਕਲੋਨੀ ਦੇ ਇੱਕ 23 ਸਾਲਾਂ ਦੇ ਮੁੰਡੇ ਉੱਤੇ ਸ਼ੱਕ ਕੀਤਾ. ਜਿਸ ਨਾਲ ਉਨ੍ਹਾਂ ਦਾ ਹੱਦਬੰਦੀ ਬਾਰੇ ਝਗੜਾ ਹੋਣ ਕਾਰਨ ਮਿਥਲੁਹਾਮੀ ਦੇ ਚੰਗੇ ਸਬੰਧ ਨਹੀਂ ਸਨ। ਅਗਲੇ ਦਿਨ ਪਿੰਡ ਦੇ ਮੁਖੀ ਕੋਲ ਸ਼ਿਕਾਇਤ ਕੀਤੀ ਗਈ ਅਤੇ ਕੇਸ ਪਿੰਡ ਦੀ ਪੰਚਾਇਤ ਕੋਲੇ ਪਹੁੰਚ ਗਿਆ। ਪਿੰਡ ਦੀ ਪੰਚਾਇਤ ਨੇ ਕੋਈ ਗਵਾਹ ਨਾ ਹੋਣ ਕਰਕੇ ਕੇਸ ਰੱਦ ਕਰ ਦਿੱਤਾ।

ਜੋ ਵਾਰਦਾਤਾਂ ਇਸ ਤੋਂ ਮਗਰੋਂ ਹੋਈਆਂ, ਉਨ੍ਹਾਂ ਤੋਂ ਇਹ ਸਿੱਟਾ ਕੱਢਿਆ ਗਿਆ ਕਿ ਇਹ ਗੁਆਂਢੀਆਂ ਦਾ ਕੰਮ ਨਹੀਂ ਸੀ, ਸਗੋਂ ਕਿਸੇ ‘ਬੁਰੀ ਰੂਹ’ ਯਾਨੀ ਭੂਤ ਦੇ ਕਾਰੇ ਸਨ। ਇਨ੍ਹਾਂ ਹੀ ਵਿਚਾਰਾਂ ਦੀ ਪੁਸ਼ਟੀ ਮਗਰੋਂ ਕਿਸੇ ਜੋਤਿਸ਼ੀ ਨੇ ਕਰ ਦਿੱਤੀ, ਜਿਸਨੂੰ ਮਿਥਰੂਹਾਮੀ ਨੇ ਫੀਸ ਵਜੋਂ ਦਸ ਰੁਪੈ ਦਿੱਤੇ ਸਨ। ਜੋਤਿਸ਼ੀ ਨੇ ਜਾਦੂ-ਮੰਤਰ ਜਿਹੇ ਕੀਤੇ ਸਨ. ਪਰ ਫਿਰ ਵੀ ਦੁੱਖ-ਤਕਲੀਫਾਂ ਜਾਰੀ ਰਹੀਆਂ ਸਨ।

ਜਿਵੇਂ ਜਿਵੇਂ ਦਿਨ ਲੰਘਦੇ ਗਏ ਭੂਤ ਦੀਆਂ ਹਰਕਤਾਂ ਕਈ ਪ੍ਰਕਾਰ ਦੀਆਂ ਤੇ ਆਮ ਹੋਣ ਲੱਗ ਪਈਆਂ। ਕਈ ਘਟਨਾਵਾਂ ਦਿਨ ਵੇਲੇ ਵਾਪਰਨ ਲੱਗੀਆਂ। ਤਿੰਨ ਵਾਰੀ ਕੁਸਮਾਵਾਥੀ ਦੀ ਹੱਥਖੱਡੀ ਦੀਆਂ ਤੰਦਾਂ ਕਿਸੇ ਤੇਜ ਹਥਿਆਰ ਨਾਲ ਕੱਟੀਆਂ ਹੋਈਆਂ ਮਿਲੀਆਂ। ਬੁਣਾਈ ਕਰਨ ਵਾਲੀ ਮਸ਼ੀਨ ਦੇ ਕਈ ਹਿੱਸੇ ਪਹਿਲਾਂ ਹੀ ਗੁਆਚ ਜਾਂਦੇ ਸਨ, ਪਰ ਮਗਰੋਂ ਘਰ

ਦੀ ਸਬਾਤੀ ਵਿੱਚੋਂ ਮਿਲ ਗਏ ਸਨ। ਜਿਸ ਮਸ਼ੀਨ ਨਾਲ ਉਹ ਥੋੜੀ ਬਹੁਤੀ ਕਮਾਈ ਕਰਿਆ ਕਰਦੀ ਸੀ, ਨੂੰ ਇੰਜ ਨੁਕਸਾਨ ਹੋਇਆ ਵੇਖ ਕੇ ਉਹ ਨਿਰਾਸ਼ ਹੋ ਗਈ ਅਤੇ ਆਪਣੀ ਮਾਸੀ ਕੋਲ ਰਹਿਣ ਮਤਾਲੇ ਚਲੀ ਗਈ।

ਮਿਥਰੂਹਾਮੀ ਨੇ ਡੇਰਾਨੀਆਗਲਾ ਤੋਂ ਭੂਤ ਕੱਢਣ ਵਾਲਿਆਂ ਦੀ ਇੱਕ ਟੋਲੀ ਲਿਆਂਦੀ ਅਤੇ ਚੌਂਕੀ ਲਗਵਾਈ ਜਿਸ ਤੇ ਉਸ ਨੇ 350 ਰੁਪਏ ਖਰਚ ਕਰ ਦਿੱਤੇ। ਫੇਰ ਵੀ ਦੁੱਖ ਤਕਲੀਫ ਬੰਦ ਨਾ ਹੋਈ। ਇੱਕ ਵਾਰ ਜਦੋਂ ਚੌਲ ਉਬਾਲੇ ਜਾ ਰਹੇ ਸਨ ਤਾਂ ਬਰਤਨ ਦੇ ਇੱਕ ਪਾਸੇ ਮੋਰੀ ਹੋ ਗਈ ਅਤੇ ਸਾਰੇ ਚਾਵਲ ਬਾਹਰ ਨਿਕਲ ਗਏ। ਕਈ ਵਾਰੀ ਸਾਰੇ ਟੱਬਰ ਨੂੰ ਭੁੱਖੇ ਰਹਿਣਾ ਪੈਂਦਾ ਸੀ, ਕਿਉਂਕਿ ਚੌਲਾਂ ਵਿੱਚ ਰੇਤ ਮਿਲਿਆ ਹੁੰਦਾ ਸੀ। ਕਈ ਰਾਤਾਂ ਘਰ ਦੇ ਬਾਸ਼ਿੰਦਿਆਂ ਨੂੰ ਕਿਸੇ ਵਿਅਕਤੀ ਦੇ ਚੱਲਣ ਦੀ ਪੈੜ ਸੁਣਾਈ ਦਿੰਦੀ ਅਤੇ ਕਦੀ-ਕਦੀ ਉਹਨਾਂ ਨੂੰ ਦਰਵਾਜਾ ਖੜਕਦਾ ਸੁਣਦਾ।

ਥੋੜਾ ਚਿਰ ਇਹ ਸਭ ਕੁਝ ਹੋਣਾ ਬੰਦ ਹੋ ਗਿਆਸੀ ਪਰ ਫੇਰ ਮੁੜ ਪੂਰੇ ਜੋਰ ਸ਼ੋਰ ਨਾਲ ਸ਼ੁਰੂ ਹੋ ਗਿਆ ਸੀ। ਇਸ ਵਾਰੀ ਪਲੇਟਾਂ, ਕੱਪ ਤਸ਼ਤਰੀਆਂ ਅਤੇ ਗਲਾਸ ਤੁੰਬੇ ਇੱਕ ਕਮਰੇ ਵਿੱਚੋਂ ਦੂਜੇ ਕਮਰੇ ਵਿੱਚ ਸੁੱਟੇ ਜਾਂਦੇ ਸਨ। ਉਹ ਫਰਸ਼ ਤੇ ਡਿੱਗਦੇ ਹੀ ਟੁਕੜੇ ਟੁਕੜੇ ਹੋ ਜਾਂਦੇ ਸਨ। ਕੱਪੜੇ ਜਿਹੜੇ ਟਰੰਕਾਂ ਵਿੱਚ ਸਨ, ਗੁਆਚ ਗਏ ਸਨ। ਬਾਦ ਵਿੱਚ ਉਹੀ ਕੱਪੜੇ ਛੱਤ ਉੱਪਰੋਂ ਬਸਾਤੀ ਵਿੱਚੋਂ ਮਿਲ ਗਏ ਸਨ। ਬਾਸਾਂ ਦੀ ਘੜਵੰਜੀ ਤੇ ਰੱਖਿਆ ਹੋਇਆ ਪਾਣੀ ਦਾ ਘੜਾ ਹੇਠਾਂ ਫਰਸ਼ ਤੇ ਡੇਗਿਆ ਗਿਆ ਸੀ। ਘਰ ਵਿਚਲਾ ਇੱਕੋ ਇੱਕ ਲੈਂਪ ਭੂਤ ਨੇ ਭੰਨ ਦਿੱਤਾ ਸੀ। ਪੋਦੀਹਾਮੀ ਮੈਨੂੰ ਕੇਲੇ ਦੇ ਦਰੱਖਤ ਹੇਠ ਢੇਰ ਲੱਗੇ ਹੋਏ ਭੰਨੇ ਭਾਂਡਿਆਂ ਅਤੇ ਵਸਤੂਆਂ ਦੇ ਭੰਡਾਰ ਨੂੰ ਵਿਖਾਉਣ ਲੈ ਕੇ ਗਈ। ਕੰਧ ਤੇ ਟੰਗੀਆਂ ਹੋਈਆਂ ਦੋ ਤਸਵੀਰਾਂ ਫਰਸ਼ ਤੇ ਡਿੱਗਣ ਨਾਲ ਉਹਨਾਂ ਦੇ ਸ਼ੀਸ਼ੇ ਚਕਨਾਚੂਰ ਹੋ ਗਏ ਸਨ।

ਦੂਜੀ ਵਾਰੀ ਸਿਆਣਿਆਂ ਦੀ ਇੱਕ ਹੋਰ ਟੋਲੀ ਨੂੰ 440 ਰੁਪਏ ਦੇ ਕੇ ਚੌਂਕੀ ਲਗਵਾਈ ਗਈ ਪਰ ਦੁੱਖ ਬੰਦ ਨਾ ਹੋਇਆ।

ਇੱਕ ਦਿਨ ਘਰ ਦੇ ਸਾਰੇ ਜੀਆਂ ਨੂੰ ਜ਼ਬਰਦਸਤ ਜੁਲਾਬ (ਟੱਟੀਆਂ) ਲਗ ਗਈਆਂ। ਇਸ ਨਾਲ ਗੁਆਂਢੀ ਵੀ ਚਿੰਤਤ ਹੋ ਗਏ। ਇੰਜ ਲਗਦਾ ਸੀ ਕਿ ਸਾਰਾ ਟੱਬਰ ਮਰ ਜਾਵੇਗਾ। ਇਸ ਕਸ਼ਟ ਨੂੰ ਦੂਰ ਕਰਨ ਲਈ ਗੁਆਂਢੀਆਂ ਦੀ ਮੱਦਦ ਨਾਲ ਬਲੀ ਦਿੱਤੀ ਗਈ। ਇਸ ਬਲੀ ਉੱਤੇ 500 ਰੁਪੈ ਖਰਚ ਹੋਏ। ਬਲੀ ਦੇਣ ਤੋਂ ਅਗਲੇ ਦਿਨ ਟੱਟੀਆਂ ਬਿਲਕੁਲ ਬੰਦ ਹੋ ਗਈਆਂ ਅਤੇ ਇਸ ਤੇ ਸਾਰੇ ਗੁਆਂਢੀ ਸੰਤੁਸ਼ਟ ਸਨ ਕਿ ਆਖਰਕਾਰ ਉਹਨਾਂ ਦੀ ਖਰਚ ਕੀਤੀ ਗਈ ਰਕਮ ਬੇਅਰਥ ਨਹੀਂ ਸੀ ਗਈ।

ਭਾਵੇਂ ਜੁਲਾਬ ਬਿਲਕੁਲ ਬੰਦ ਹੋ ਗਿਆ ਸੀ। ਹੋਰ ਸਾਰੀਆਂ ਤਕਲੀਫਾਂ ਉਸੇ ਤਰ੍ਹਾਂ ਹੀ ਚਾਲੂ ਸਨ। ਹੁਣ ਤੱਕ ਮਿਥਰੂਹਾਮੀ ਆਪਣੀ ਸਾਰੇ ਬੱਚਤ ਕੀਤੀ ਹੋਈ ਪੂੰਜੀ ਖਤਮ ਕਰ ਚੁੱਕਿਆ ਸੀ, ਇਸ ਲਈ ਦੋ ਹੋਰ ਚੌਂਕੀਆਂ ਵਾਸਤੇ ਉਸਨੂੰ ਗੁਆਂਢੀਆਂ ਤੋਂ ਉਧਾਰ ਮੰਗਣਾ ਪਿਆ। ਭਾਵੇਂ ਸਾਰੀਆਂ ਚੌਂਕੀਆਂ ਨਾਕਾਮਯਾਬ ਰਹੀਆਂ ਸਨ, ਪਰ ਪੰਜਵੀਂ ਅਤੇ ਆਖਰੀ ਚੌਂਕੀ ਜਿਹੜੀ 3 ਨਵੰਬਰ 1963 ਨੂੰ ਹਿੰਗਰੂਹੇਨਾ ਤੋਂ ਸਿਆਣਿਆਂ ਦੀ ਇੱਕ ਟੋਲੀ ਲਿਆ ਕੇ ਲਗਵਾਈ ਗਈ ਸੀ, ਭੂਤ ਨੂੰ ਘਰੋਂ ਬਾਹਰ ਭਜਾਉਣ ਵਿੱਚ ਪੂਰੀ ਤਰ੍ਹਾਂ ਸਫਲ ਰਹੀ ਸੀ। ਉਸ ਦਿਨ ਤੋਂ ਬਾਅਦ ਕੋਈ ਵੀ ਤਕਲੀਫ ਨਹੀਂ ਸੀ ਹੋਈ।

2-30 ਵਜੇ ਸਵੇਰੇ ਪੰਜਵੀਂ ਚੌਂਕੀ ਖਤਮ ਹੋ ਜਾਣ ਉਪਰੰਤ ਆਰਾਮ ਕਰਨ ਲਈ ਸਿਆਣੇ ਮਿਥਰੂਹਾਮੀ ਦੇ ਘਰੇ ਹੀ ਸੌਂ ਗਏ ਸਨ। ਅਗਲੀ ਸਵੇਰ ਉਹਨਾਂ ਦੇ ਘਰੋਂ ਜਾਣ ਤੋ ਪਹਿਲਾਂ ਇੱਕ ਬਹੁਤ ਹੀ ਸੁੱਖਮਈ ਘਟਨਾ ਵਾਪਰੀ। ਟੋਲੀ ਵਿੱਚੋਂ ਇੱਕ 24 ਸਾਲਾਂ ਨੌਜਵਾਨ ਕਰੁਨਾਵਾਥੀ ਨੂੰ ਪ੍ਰੇਮ ਕਰਨ ਲੱਗਾ ਅਤੇ ਉਸ ਨੇ ਆਪਣੀ ਦਿਲ ਦੀ ਇੱਛਾ ਮਿਥਰੂਹਾਮੀ ਨੂੰ ਦੱਸ ਦਿੱਤੀ। ਨੌਜਵਾਨ ਤਰਖਾਣੀ ਦਾ ਕਿੱਤਾ ਕਰਦਾ ਸੀ ਅਤੇ ਭੂਤ-ਪ੍ਰਤੇ ਕੱਢਣਾਂ ਤਾਂ ਉਸਦਾ ਸ਼ੁਗਲ ਸੀ। ਕਰੁਨਾਵਾਥੀ ਵਾਂਗ ਉਹ ਵੀ ਇੱਕ ਸੁੰਦਰ ਸਿਹਤਮੰਦ ਨੌਜਵਾਨ ਸੀ। ਮਿਥਰੂਹਾਮੀ ਜਿਹੜਾ ਕਿ ਹੁਣ ਖਾਕੀ ਨੰਗ (ਕੰਗਾਲ) ਹੋ ਗਿਆ ਸੀ, ਉਹਨਾਂ ਨਾਲ ਆਪਣੀ ਰਜ਼ਾਮੰਦੀ ਜਾਹਿਰ ਕਰਕੇ ਬਹੁਤ ਪ੍ਰਸੰਨ ਸੀ। ਕਰੁਨਾਵਾਥੀ ਨੂੰ ਉਸ ਦੀ ਮਾਂ ਨੇ ਇਸ ਬਾਰੇ ਪੁੱਛਿਆ। ਇੰਝ ਜਾਪਿਆ ਜਿਵੇਂ ਉਹ ਇਸ ਵਿਆਹ ਬਾਰੇ ਨੌਜਵਾਨ ਨਾਲੋਂ ਵੀ ਵੱਧ ਤੀਬਰਤਾ ਨਾਲ ਚਾਹਵਾਨ ਸੀ। ਉੱਥੇ ਹੀ ਉਸ ਸਮੇਂ 11 ਨਵੰਬਰ 1963 ਨੂੰ ਸ਼ਾਦੀ ਹੋਣੀ ਤੈਅ ਹੋ ਗਈ। ਹੁਣ ਕਰੁਨਾਵਾਥੀ ਨੇ ਵੀ ਆਪਣੇ ਤਰਖਾਣ ਪਤੀ ਨਾਲ ਹਿੰਗਰੂਹੇਨਾ ਵਿਖੇ ਖੁਸ਼ੀ ਖੁਸ਼ੀ ਰਹਿਣਾ ਸ਼ੁਰੂ ਕਰ ਦਿੱਤਾ।

ਅੰਤ ਵਿੱਚ ਮੈਂ ਸਿਰੀਆਵਾਥੀ ਕੋਲੋਂ ਪੁੱਛਗਿੱਛ ਕੀਤੀ। ਜਿਹੜੀ ਵਾਧੂ ਜਾਣਕਾਰੀ ਉਸ ਪਾਸੋਂ ਹਾਸਲ ਹੋਈ, ਉਹ ਸਿਰਫ ਇਹ ਸੀ ਕਿ ਭੂਤ ਪੈਂਸਿਲ ਨਾਲ ਉਸ ਵਿੱਚ ਕੁੱਝ ਲਿਖਿਆ ਕਰਦਾ ਸੀ ਅਤੇ ਉਸ ਦੀਆਂ ਸਕੂਲ ਦੀਆਂ ਕਿਤਾਬਾਂ ਕਾਪੀਆਂ ਵਿੱਚੋਂ ਵਰਕੇ ਪਾੜਿਆ ਕਰਦਾ ਸੀ।

ਫੇਰ ਮੈਂ ਆਪਣੀ ਪਤਨੀ ਨੂੰ ਨਾਲ ਲੈ ਕੇ ਸਾਰੇ ਘਰ ਅਤੇ ਇਸ ਦੇ ਆਲੇ ਦੁਆਲੇ ਦੀ ਜਾਂਚ ਕੀਤੀ। ਪੋਦੀਹਾਮੀ ਨੇ ਮੈਨੂੰ ਭੂਤ ਵੱਲੋਂ ਜਬਰਦਸਤੀ ਖੋਲਿਆ ਹੋਇਆ ਇੱਕ ਟਰੰਕ ਵਿਖਾਇਆ। ਇਸ ਵਿੱਚ ਬੇਤੁਕੇ ਜਿਹੇ ਗਹਿਣੇ ਅਤੇ ਕੁਝ ਖਾਲੀ ਬੋਤਲਾਂ

ਅਤੇ ਟੀਨ ਪਏ ਸਨ। ਜਦੋਂ ਇਹ ਪੁੱਛਿਆ ਗਿਆ ਕਿ ਕੀ ਕੋਈ ਜੁਲਾਬ ਵਾਲੀ ਦਵਾਈ ਰੱਖੀ ਹੋਈ ਸੀ। ਸਿਰੀਆਵਾਥੀ ਨੇ ਆਖਿਆ ਕਿ ਉਸ ਟਰੰਕ ਵਿੱਚ ਮੈਗਨੈਸ਼ੀਅਮ ਸਲਫੇਟ ਦਾ ਇੱਕ ਪੈਕਟ ਹੁੰਦਾ ਸੀ। ਉਸਨੇ ਇਸ ਪੈਕਟ ਦੀ ਭਾਲ ਕੀਤੀ ਪਰ ਇਹ ਪੈਕਟ ਨਾ ਮਿਲਿਆ।

ਸ਼ਾਮੀ 4 ਵਜੇ ਪੁੰਚੀਹੇਵਾ ਸਖਤ ਥੱਕਿਆ ਟੁੱਟਿਆ ਵਾਪਸ ਆ ਗਿਆ। ਉਸਨੇ ਦੱਸਿਆ ਕਿ ਉਸ ਨੂੰ ਲਾਗਲੇ ਪਿੰਡੋਂ ਮਿਥਰੂਹਾਮੀ ਨਹੀਂ ਸੀ ਲੱਭਿਆ। ਪੁੱਛ ਪੜਤਾਲ ਖਤਮ ਕਰਕੇ ਅਸੀਂ ਸ਼ਾਮੀ 4-15 ਵਜੇ ਵਾਪਸੀ ਯਾਤਰਾ ਆਰੰਭ ਕਰ ਦਿੱਤੀ।

ਜਦੋਂ ਕਾਰ ਵਿੱਚ ਮੈਂ ਅਖ਼ਬਾਰ ਨਵੀਸਾਂ ਨੂੰ ਸਾਰੇ ਕੇਸ ਬਾਰੇ ਆਪਣਾ ਵਿਸ਼ਲੇਸ਼ਣ ਦੱਸਿਆ। ਮੌਜੂਦਾ ਸਬੂਤਾਂ ਤੋਂ ਇਹ ਮੰਨਣਾ ਹੀ ਪੈਣਾ ਸੀ ਕਿ ਪਦਾਰਥਕ ਵਸਤੂਆਂ ਏਧਰ ਉਧਰ ਸੁੱਟੀਆਂ ਜਾਂਦੀਆਂ ਹਨ। "ਭੌਤਿਕ ਵਸਤੂਆਂ" ਮੈਂ ਆਖਿਆ, ਸਿਰਫ ਬਲ ਨਾਲ ਹੀ ਗੱਡੀ ਵਿੱਚ ਲਿਆਂਦੀਆਂ ਜਾ ਸਕਦੀਆਂ ਹਨ। ਭੂਤ ਪ੍ਰੇਤ ਜੇ ਮੰਨ ਵੀ ਲਈਏ ਕਿ ਹੁੰਦੇ ਹਨ, ਇਹ ਆਖਿਆ ਜਾਂਦਾ ਹੈ ਕਿ ਉਹਨਾਂ ਦੇ ਸਾਡੇ ਵਰਗੇ ਸਰੀਰ ਨਹੀਂ ਹੁੰਦੇ, ਇਸ ਲਈ ਉਹ ਬਲ ਨਹੀਂ ਲਾ ਸਕਦੇ। ਭਾਵੇਂ ਪੂਰਵਜਾਂ ਦਾ ਅਧਿਆਤਮਵਾਦੀ ਵਿਚਾਰ ਅਜੇ ਵੀ ਭੋਲੇ ਭਾਲੇ ਲੋਕਾਂ ਵਿੱਚ ਮੰਨਿਆ ਜਾਂਦਾ ਹੈ, ਇਹੋ ਜਿਹਾ ਕੋਈ ਵੀ ਵਿਗਿਆਨਿਕ ਸਬੂਤ ਨਹੀਂ ਜਿਸ ਕਰਕੇ ਇਹ ਮੰਨ ਲਿਆ ਜਾਵੇ ਕਿ ਮਰਨ ਉਪਰੰਤ ਮਨੁੱਖ ਦੀ ਰੂਹ ਪਿੱਛੇ ਜ਼ਿੰਦਾ ਰਹਿ ਜਾਂਦੀ ਸੀ।

ਭੂਤ-ਪ੍ਰੇਤਾਂ ਦੀ ਅਣਹੋਂਦ ਵਿੱਚ, ਸਾਨੂੰ ਇਹ ਭੇਦ ਭਰੀਆਂ ਘਟਨਾਵਾਂ ਲਈ ਜ਼ਿੰਮੇਵਾਰ ਕਿਸੇ ਹੋਰ ਕਾਰਣ ਦੀ ਭਾਲ ਕਰਨੀ ਪੈਂਦੀ ਹੈ। ਇਹ ਉਹਨਾਂ ਲਈ ਹੀ ਭੇਦ ਭਰੀਆਂ ਘਟਨਾਵਾਂ ਰਹਿੰਦੀਆਂ ਹਨ, ਜਿਹੜੇ ਇਹਨਾਂ ਦੇ ਕਰਨ ਵਾਲੇ ਭੂਤ ਪ੍ਰੇਤਾਂ ਨੂੰ ਮੰਨਦੇ ਹਨ। ਮੇਰੀਆਂ ਅਖੌਤੀ ਭੂਤਾਂ ਵਾਲੇ ਘਰਾਂ ਦੀਆਂ ਅਣਗਿਣਤ ਜਾਂਚਾਂ ਦੌਰਾਨ ਮੈਂ ਹਮੇਸ਼ਾਂ ਹੀ ਇਹਨਾਂ ਘਟਨਾਵਾਂ ਪਿੱਛੇ ਕਿਸੇ ਮਨੁੱਖੀ ਹੱਥ ਨੂੰ ਲੱਭਣ ਵਿੱਚ ਕਾਮਯਾਬ ਰਿਹਾ ਹਾਂ। ਇਹ ਵੀ ਸੱਚ ਹੈ ਕਿ ਇਹਨਾਂ ਸ਼ਰਾਰਤਾਂ ਦੇ ਸਿੱਟੇ ਭਾਵੇਂ ਕਰਨ ਵਾਲੇ ਨੂੰ ਵੀ ਪ੍ਰਭਾਵਿਤ ਕਰਦੇ ਹੋਣ। ਇਸ ਨਾਲ ਕਰਨ ਵਾਲੇ ਨੂੰ ਪਕੜਨਾ ਕੁਝ ਮੁਸ਼ਕਲ ਜਰੂਰ ਹੋ ਜਾਂਦਾ ਹੈ।

*"ਅਜਿਹੇ ਵਿਅਕਤੀਆਂ ਨੂੰ ਪਾਗਲ ਆਖਿਆ ਜਾਂਦਾ ਹੈ, ਜਿਹੜੇ ਕਿ ਦਿਮਾਗੀ ਤੌਰ ਤੇ ਬੀਮਾਰ ਹੁੰਦੇ ਹਨ। ਉਹ ਦੂਹਰੀ ਸ਼ਖਸੀਅਤ ਦੇ ਰੋਗ ਨਾਲ ਦੁਖੀ ਹੁੰਦੇ ਹਨ। ਜੋ ਕੁਝ ਉਹ ਇੱਕ ਸ਼ਖਸੀਅਤ ਵਜੋਂ ਕਰਦੇ ਹਨ ਦੂਜੀ ਸ਼ਖਸੀਅਤ ਸਮੇਂ ਉਹ ਇਹਨਾਂ ਨੂੰ ਯਾਦ ਨਹੀਂ ਰਹਿੰਦਾ। ਇਹ ਪਾਗਲ ਪਕੜੇ ਜਾਣ ਤੋਂ ਬਚਣ ਲਈ ਅਕਸਰ ਕੁਦਰਤੀ ਸਿੱਧੇ ਸਾਦੇ ਢੰਗ ਹੀ ਵਰਤਦੇ ਹਨ। ਇਹ ਰੋਗ ਆਮ ਤੌਰ ਤੇ ਕਿਸ਼ੋਰ ਅਵਸਥਾ ਦੇ ਮੁੰਡੇ ਕੁੜੀਆਂ ਨੂੰ ਹੁੰਦਾ ਹੈ, ਜਿਸਦਾ ਕਾਰਨ ਕੋਈ ਸਦਮਾ ਜਾਂ ਦਿਮਾਗੀ ਤਣਾਉ ਹੁੰਦਾ ਹੈ। ਕਈ ਵਾਰੀ ਇਹ ਰੋਗ ਬਾਲਗਾਂ ਨੂੰ ਵੀ ਹੋ ਜਾਂਦਾ ਹੈ। ਮੈਨੂੰ ਦੋ ਬੱਚਿਆਂ ਦੀ ਇੱਕ ਅਜਿਹੀ ਮਾਂ ਦਾ ਪਤਾ ਹੈ, ਜਿਹੜੀ ਆਪਣੇ ਹੀ ਬੱਚਿਆਂ ਦੇ ਗਹਿਣੇ ਲੁਕੋ ਦਿਆ ਕਰਦੀ ਸੀ ਅਤੇ ਉਹਨਾਂ ਦੇ ਬਿੱਬਾਂ ਨੂੰ ਸਾੜ ਦਿਆ ਕਰਦੀ ਸੀ।"*

"ਮਿਥਰੂਹਾਮੀ ਦੇ ਘਰ ਵਿੱਚ ਜਿਹੜਾ ਭੂਤ (ਪਾਗਲ) ਸੀ, ਉਹ ਸੀ ਉਸ ਦੀ 18 ਸਾਲਾਂ ਦੀ ਜਵਾਨ ਧੀ ਕਰੁਨਾਵਾਥੀ। ਇਸ ਸਿਹਤਮੰਦ, ਪਰ ਘੱਟ ਲਾਇਕ ਕੁੜੀ ਦੀ ਕਾਮੁਕ ਇੱਛਾ ਹੋਰ ਕਿਸੇ ਦਿਲਚਸਪ ਸ਼ੌਂਕ ਜਾਂ ਕਿੱਤੇ ਰਾਹੀਂ ਪੂਰੀ ਨਹੀਂ ਸੀ ਹੁੰਦੀ, ਜਿਵੇਂ ਕਿ ਇਸਦੀ ਵੱਡੀ ਭੈਣ ਕੁਸਮਾਵਾਥੀ ਦੀ ਖੱਡੀ ਦੇ ਕੰਮ ਵਿੱਚ ਮਗਨ ਰਹਿਣ ਨਾਲ ਹੋ ਜਾਇਆ ਕਰਦੀ ਸੀ। ਇਹ ਕੇਸ ਕੁੜੀ ਦੀ ਕਾਸਮਾਵਾਥੀ ਦੇ ਲਾਹੇਵੰਦ ਕਿੱਤੇ ਪ੍ਰਤੀ ਅਚੇਤ ਈਰਖਾ ਹੀ ਸੀ, ਜਿਸ ਕਰਕੇ ਉਸਨੇ ਖੱਡੀ ਦੀਆਂ ਤੰਦਾਂ ਕੱਟ ਦਿੱਤੀਆਂ ਸਨ। ਸਿਰੀਆਵਾਥੀ ਦੀਆਂ ਕਾਪੀਆਂ ਵਿੱਚ ਝਰੀਟਾਂ ਮਾਰਨੀਆਂ ਅਤੇ ਕਿਤਾਬਾ ਵਿੱਚੋਂ ਵਰਕੇ ਪਾੜ ਦੇਣੇ ਵੀ ਇਸਦੀ ਉਸ ਕੁੜੀ ਦੇ ਪੜ੍ਹਾਈ ਵਿੱਚ ਹੁਸ਼ਿਆਰ ਹੋਣ ਬਾਰੇ ਅਚੇਤ ਈਰਖਾ ਦਾ ਹੀ ਪ੍ਰਗਟਾਵਾ ਸੀ। ਇਹ ਈਰਖਾਵਾਂ ਪੈਦਾ ਹੋਣ ਦਾ ਕਾਰਨ ਉਸ ਦੇ ਘਟੀਆ ਹੋਣ ਦੇ ਅਹਿਸਾਸ ਹੀ ਸਨ। ਸੰਭਵ ਹੈ ਕਿ ਉਸ ਦੇ ਮਾਂ ਬਾਪ ਵੀ ਉਸਨੂੰ ਸਭ ਤੋਂ ਘਟੀਆ ਬੱਚਾ ਆਖ ਕੇ ਉਸਦੀ ਝਾੜਝੰਬ ਕਰਦੇ ਹੋਣ।

ਘਰ ਦੇ ਸਾਰੇ ਜੀਆਂ ਨੂੰ ਇਸ ਤਰ੍ਹਾਂ ਜੁਲਾਬ ਲੱਗ ਜਾਣਾ-ਪਹਿਲਾਂ ਮੈਨੂੰ ਸਮਝ ਨਾ ਆਇਆ। ਪਰ ਜਦੋਂ ਮੈਂ ਸਿਰੀਆਵਾਥੀ ਕੋਲੋ ਮੈਗਨੀਸ਼ੀਅਮ ਸਲਫੇਟ ਬਾਰੇ ਕਹਾਣੀ ਸੁਣੀ ਤਾਂ ਮੈਨੂੰ ਸੰਤੁਸ਼ਟੀ ਹੋ ਗਈ ਕਿ ਇਸ ਲੂਣ ਨੂੰ ਭੋਜਨ ਵਿੱਚ ਪਾ ਕੇ ਸਾਰੇ ਟੱਬਰ ਨੂੰ ਟੱਟੀਆਂ ਲਾਈਆਂ ਗਈਆਂ ਸਨ। ਸੰਭਵ ਹੈ ਕਿ ਜਦੋਂ ਉਹ ਭੋਜਨ ਬਣਾਉਂਦੀ ਹੁੰਦੀ ਸੀ, ਉਸ ਸਮੇਂ ਹੀ ਉਹ ਲੂਣ ਉਸ ਵਿੱਚ ਮਿਲਾ ਦਿੰਦੀ ਸੀ। ਜਦੋਂ ਉਸ ਨੇ ਆਪਣੀ ਸਧਾਰਨ ਸ਼ਖਸੀਅਤ ਦੌਰਾਨ ਇਹ ਭੋਜਨ ਖਾਧਾ ਤਾਂ ਉਸਨੂੰ ਵੀ ਟੱਟੀਆਂ ਲੱਗ ਗਈਆਂ ਸਨ। ਇਹ 500 ਰੁਪੈ ਦੀ ਬਲੀ ਦੇਣ ਨਾਲ ਨਹੀਂ ਸੀ ਟੱਟੀਆਂ ਬੰਦ ਹੋ ਗਈਆਂ ਸਨ, ਸਗੋਂ ਇਸ ਕਰਕੇ ਸੀ ਕਿ ਬਰਤਨਾਂ ਨੂੰ ਲਗਾਤਾਰ ਵਰਤਣ ਨਾਲ ਹੌਲੀ-ਹੌਲੀ ਉਹਨਾਂ ਨਾਲ ਲੱਗੇ ਇਸ ਲੂਣ ਦੇ ਸਾਰੇ ਕਣ ਖਤਮ ਹੋ ਗਏ ਸਨ।

"ਇਹ ਬਹੁਤ ਹੀ ਮਹੱਤਵ ਨਾਲ ਵੇਖਣ ਵਾਲੀ ਗੱਲ ਹੈ ਕਿ ਸਾਰੇ ਦੁੱਖ—ਤਕਲੀਫਾਂ ਦੂਰ ਹੋ ਗਏ, ਜਦੋਂ ਕਰੁਨਾਵਾਥੀ ਦੀ ਸ਼ਾਦੀ ਤੈਅ ਹੋ ਗਈ। ਉਸ ਦੀ ਦਿਮਾਗੀ ਸੰਤੁਸ਼ਟੀ ਹੋ ਜਾਣ ਨਾਲ ਉਹ ਆਮ ਸਧਾਰਨ ਹਾਲਤ ਵਿੱਚ ਆ ਗਈ ਸੀ।

# ਰਿਚਮੰਡ ਪਹਾੜੀ ਉੱਤੇ ਭੂਤ

ਰਿਚਮੰਡ ਕਾਲਜ ਗਾਲੇ ਇੱਕ ਪਹਾੜੀ ਉੱਤੇ ਹੈ, ਜਿਸ ਨੂੰ ਆਮ ਤੌਰ ਤੇ ਰਿਚਮੰਡ ਪਹਾੜੀ ਕਿਹਾ ਜਾਂਦਾ ਹੈ। ਇਹ ਦੱਖਣੀ ਰਿਆਸਤ ਵਿੱਚ ਅੰਗ੍ਰੇਜਾਂ ਦਾ ਸਭ ਤੋਂ ਪੁਰਾਣਾ ਵਿਦਿਅਕ ਅਦਾਰਾ ਹੈ। ਯੂਰਪੀਅਨ ਪ੍ਰਚਾਰਕਾਂ ਨੇ ਉਨੀਵੀਂ ਸਦੀ ਵਿੱਚ ਸ਼੍ਰੀ ਲੰਕਾ ਵਿੱਚ ਅੰਗ੍ਰੇਜੀ ਪੜ੍ਹਾਉਣ ਲਈ ਸਕੂਲ ਬਣਾਉਣ ਵਾਸਤੇ ਅਜਿਹੀਆਂ ਸੁੰਦਰ ਥਾਵਾਂ ਨੂੰ ਚੁਣਿਆ ਅਤੇ ਰਿਚਮੰਡ ਪਹਾੜੀ ਉਨ੍ਹਾਂ ਥਾਵਾਂ ਵਿੱਚੋਂ ਸਭ ਤੋਂ ਸੁੰਦਰ ਸੀ।

ਸਕੂਲ ਦੇ ਮੁੱਖ ਗੇਟ ਤੋਂ ਤਿੰਨ ਪਰਲਾਂਗ ਦੀ ਦੂਰੀ ਤੇ ਪਹਾੜੀ ਦੀ ਚੋਟੀ ਉੱਤੇ ਵਿਦਿਆਰਥੀਆਂ ਦੇ ਹੋਸਟਲ, ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ ਦੀਆਂ ਕੋਠੀਆਂ ਹਨ। ਹੋਸਟਲ ਅਤੇ ਕੋਠੀਆਂ ਵਿੱਚ ਪਹੁੰਚਣ ਵਾਸਤੇ ਸ਼੍ਰੇਣੀਆਂ ਦੇ ਕਮਰਿਆਂ ਦੇ ਆਲੇ ਦੁਆਲੇ ਦੀ ਚੱਕਰਾਕਾਰ ਸੜਕ ਉੱਤੋਂ ਦੀ ਲੰਘਣਾ ਪੈਂਦਾ ਹੈ। ਇਸ ਸੜਕ ਉੱਤੇ ਸੌ ਗਜ਼ ਦੀ ਦੂਰੀ, ਇੱਕ ਪਹਾੜੀ ਕੱਟ ਕੇ ਬਣਾਈ ਗਈ ਘਾਟੀ ਵਿੱਚੋਂ ਤਹਿ ਕਰਨੀ ਪੈਂਦੀ ਹੈ। ਸੜਕ ਦੇ ਦੋਵੇਂ ਪਾਸੇ ਦਰੱਖਤ ਤੇ ਝਾੜੀਆਂ ਹੋਣ ਕਰਕੇ ਇੱਥੇ ਦਿਨ ਸਮੇਂ ਵੀ ਹਨੇਰਾ ਹੁੰਦਾ ਹੈ। ਦਿਨੇ ਹੀ ਇਸ ਸਥਾਨ ਤੋਂ ਲੰਘਣ ਵਾਲੇ ਹਰ ਵਿਅਕਤੀ ਨੂੰ ਸੁਭਾਵਿਕ ਹੀ ਉੱਲੂਆਂ ਟਿੱਡਿਆਂ ਅਤੇ ਬਾਂਦਰਾਂ ਦੀਆਂ ਚੀਕਾਂ ਸੁਣਦੀਆਂ ਰਹਿੰਦੀਆਂ ਹਨ।

ਇਸ ਸਥਾਨ ਤੇ ਇੱਕ ਵੱਡਾ ਸਾਰਾ ਅੰਬ ਦਾ ਬੂਟਾ ਹੈ, ਜਿਸ ਦੀਆਂ ਟਾਹਣੀਆਂ ਦੂਰ ਦੂਰ ਤੱਕ ਫੈਲੀਆਂ ਹੋਈਆਂ ਹਨ ਅਤੇ ਉਨ੍ਹਾਂ ਦੀਆਂ ਲਗਰਾਂ ਹੇਠਾਂ ਵੱਲ ਨੂੰ ਆ ਰਹੀਆਂ ਹਨ ਅਤੇ ਇਹ ਲੰਘਣ ਵਾਲੇ ਦੇ ਸਿਰਾਂ ਉੱਤੇ ਛੱਤਰ ਤਾਣਦੀਆਂ ਹਨ। ਇਸ ਦਰੱਖਤ ਦੀ ਉਮਰ ਕੋਈ ਨਹੀਂ ਜਾਣਦਾ।

ਅੱਜ ਕੱਲ੍ਹ ਜਿਹੜੀ ਕਹਾਣੀ ਇਸ ਇਲਾਕੇ ਵਿੱਚ ਪ੍ਰਚੱਲਿਤ ਹੈ, ਉਸ ਅਨੁਸਾਰ ਜਦੋਂ ਯੂਰਪੀ ਪ੍ਰਚਾਰਕਾਂ ਨੇ ਇਸ ਥਾਂ ਨੂੰ ਖ੍ਰੀਦਿਆ ਸੀ ਤਾਂ ਉਸ ਸਮੇਂ ਇੱਥੇ ਲੰਬੇ ਅਤੇ ਸੰਘਣੇ ਦਰੱਖਤ ਸਨ, ਜਿਨ੍ਹਾਂ ਉੱਤੇ ਭੂਤਾਂ ਰਹਿੰਦੀਆਂ ਸਨ। ਕਿਉਂਕਿ ਸਥਾਨਕ ਮਜਦੂਰਾਂ ਨੇ ਇਨ੍ਹਾਂ ਭੂਤਾਂ ਵਾਲੇ ਦਰੱਖਤਾਂ ਨੂੰ ਕੱਟਣ ਤੋਂ ਇਨਕਾਰ ਕਰ ਦਿੱਤਾ ਸੀ, ਇਸ ਲਈ ਪ੍ਰਚਾਰਕਾਂ ਨੂੰ ਜੰਗਲ ਸਾਫ ਕਰਨ ਲਈ ਬਾਹਰੋਂ ਮਜ਼ਦੂਰ ਲਿਆਉਣੇ ਪਏ। ਆਖਰਕਾਰ ਜਦੋਂ ਸਾਰੇ ਦਰੱਖਤ ਕੱਟ ਦਿੱਤੇ ਗਏ ਤਾਂ ਭੂਤਾਂ ਨੇ ਇਸ ਬਚ ਰਹੇ ਅੰਬ ਦੇ ਦਰੱਖਤ ਤੇ ਡੇਰੇ ਲਾ ਲਏ। ਭਾਵੇਂ ਇਸ ਦਰੱਖਤ ਤੇ ਰਹਿਣ ਵਾਲੀਆਂ ਭੂਤਾਂ ਵਿੱਚੋਂ ਕੋਈ ਬਹੁਤ ਨੁਕਸਾਨ ਨਹੀਂ ਕਰਦੀਆਂ ਸਨ, ਪ੍ਰੰਤੂ ਕਈ ਮੌਕਿਆਂ ਤੇ ਰਾਤ ਨੂੰ ਇਸ ਸੜਕ ਤੇ ਜਾਣ ਵਾਲੇ ਵਿਅਕਤੀਆਂ ਦਾ ਭੂਤਾਂ ਰਾਹੀਂ ਪਿੱਛਾ ਕੀਤਾ ਗਿਆ। ਅਜਿਹੀਆਂ ਘਟਨਾਵਾਂ ਸਿਰਫ ਨਵੇਂ ਚੰਦਰਮਾਂ ਵਾਲੀਆਂ ਰਾਤਾਂ ਨੂੰ ਹੀ ਵਾਪਰਦੀਆਂ ਸਨ।

ਰਿਚਮੰਡ ਕਾਲਜ ਦੇ ਹੋਸਟਲ ਵਿਦਿਆਰਥੀਆਂ ਵਿੱਚ ਅੰਬ ਦੇ ਦਰੱਖਤ ਤੇ ਰਹਿ ਰਹੀਆਂ ਭੂਤਾਂ ਬਾਰੇ ਬਹੁਤ ਸਾਰੀਆਂ ਕਹਾਣੀਆਂ ਪ੍ਰਚੱਲਤ ਸਨ। ਪੁਰਾਣੇ ਵਿਦਿਆਰਥੀਆਂ ਰਾਹੀਂ ਇਹ ਕਹਾਣੀਆਂ ਨਵੇਂ ਵਿਦਿਆਰਥੀਆਂ ਕੋਲ ਹਰ ਸਾਲ ਪੀੜ੍ਹੀ ਦਰ ਪੀੜ੍ਹੀ ਪਹੁੰਚਦੀਆਂ ਰਹਿੰਦੀਆਂ ਹਨ। ਰਿਚਮੰਡ ਕਾਲਜ ਦੇ ਵਿਦਿਆਰਥੀਆਂ ਦੀਆਂ ਸੁਣਾਈਆਂ ਕਹਾਣੀਆਂ ਨੇ ਇਸ ਅੰਬ ਦੇ ਦਰੱਖਤ ਨੂੰ ਸ਼੍ਰੀ ਲੰਕਾ ਦੇ ਦੱਖਣੀ ਰਾਜ ਵਿੱਚ ਪ੍ਰਸਿੱਧ ਕਰ ਦਿੱਤਾ।

ਸਭ ਤੋਂ ਪ੍ਰਸਿੱਧ ਕਹਾਣੀਆਂ ਵਿੱਚੋਂ ਇੱਕ ਕਹਾਣੀ ਆਕੂ ਰੇਸ਼ਾ ਦੇ ਰਾਣਾਵਾਕੇ ਨਾਲ ਸਬੰਧਿਤ ਹੈ। ਰਾਣਾਵਾਕੇ ਰਿਚਮੰਡ ਕਾਲਜ ਦਾ ਨਵਾਂ ਹੀ ਵਿਦਿਆਰਥੀ ਸੀ। ਆਪਣੇ ਕਾਲਜ ਵਿੱਚ ਦਾਖਲ ਹੋਣ ਤੋਂ ਤਿੰਨ ਦਿਨ ਬਾਅਦ ਰਾਣਾਵਾਕੇ ਨੇ ਆਪਣੇ ਹੋਸਟਲ ਵਾਰਡਨ ਤੋਂ ਕਿਤਾਬਾਂ ਖਰੀਦਣ ਦੀ ਛੁੱਟੀ ਲਈ। ਨਵਾਂ ਹੋਣ ਕਰਕੇ ਉਹ ਵਾਪਸ ਆਉਣ ਸਮੇਂ ਰਸਤਾ ਭੁੱਲ ਗਿਆ। ਹਨੇਰਾ ਹੋਣ ਤੋਂ ਬਾਅਦ ਹੀ ਉਹ ਆਪਣੇ ਕਾਲਜ ਦੇ ਗੇਟ ਤੇ ਪਹੁੰਚਿਆ। ਗੇਟ ਵਿੱਚ ਦਾਖਲ ਹੋਣ ਤੋਂ ਬਾਅਦ ਉਹ ਹਨੇਰੀ ਸੜਕ ਤੇ ਘਾਟੀ ਵਿੱਚੋਂ ਇਕੱਲਾ ਲੰਘਣ ਤੋਂ ਡਰ ਗਿਆ। ਜਦੋਂ ਉਹ ਗੇਟ ਤੇ ਠਹਿਰ ਗਿਆ ਤਾਂ ਕੁਝ ਸਮੇਂ ਬਾਅਦ ਉਸਨੇ ਇੱਕ ਹੋਰ ਲੜਕੇ ਨੂੰ ਘਾਟੀ ਵਾਲੀ ਸੜਕ ਤੇ ਜਾਂਦੇ ਹੋਏ ਵੇਖਿਆ। ਰਾਣਾਵਾਕੇ ਉਸ ਨਾਲ ਰਲ ਗਿਆ ਅਤੇ ਦੋਵੇਂ ਇਕੱਠੇ ਚੱਲਣ ਲੱਗ ਪਏ। ਰਾਣਾਵਾਕੇ ਨੇ ਉਸ ਨੂੰ ਪੁੱਛਿਆ ਕਿ ਕੀ ਉਹ ਹੋਸਟਲ ਜਾ ਰਿਹਾ ਹੈ ? ਅੱਗੋਂ ਉਸ ਨੇ ਕੋਈ ਜਵਾਬ ਨਾ ਦਿੱਤਾ। ਉਸਨੂੰ ਦੂਸਰੀ ਵਾਰ ਪੁੱਛਿਆ ਫਿਰ ਵੀ ਕੋਈ ਜਵਾਬ ਨਹੀਂ ਸੀ।ਬਗੈਰ ਕੋਈ ਗੱਲ ਕਰੇ ਦੋਵੇਂ ਇਕੱਠੇ ਤੁਰਦੇ ਰਹੇ। ਜਦੋਂ ਉਹ ਅੰਬ ਦੇ ਦਰੱਖਤ ਕੋਲ ਪਹੁੰਚੇ ਤਾਂ ਰਾਣਾਵਾਕੇ ਦਾ ਸਾਥੀ ਕੁੱਤਾ ਬਣ ਗਿਆ ਅਤੇ ਉਸ ਨੂੰ ਭੌਂਕਣ ਲੱਗ ਪਿਆ। ਡਰਦੇ ਰਾਣਾਵਾਕੇ ਨੇ ਭੱਜਣਾ ਸ਼ੁਰੂ ਕਰ ਦਿੱਤਾ। ਕੁੱਤੇ ਨੇ ਰਾਣਾਵਾਕੇ ਦਾ ਇੱਕ ਫਰਲਾਂਗ ਤੱਕ ਲਾਇਬਰੇਰੀ ਤੱਕ ਪਿੱਛਾ ਕੀਤਾ ਅਤੇ ਫਿਰ ਅਚਾਨਕ ਅਲੋਪ ਹੋ ਗਿਆ।

ਹੋਸਟਲ ਦੇ ਆਪਣੇ ਕਮਰੇ ਵਿੱਚ ਪਹੁੰਚ ਕੇ ਰਾਣਾਵਾਕੇ ਡਿੱਗ ਪਿਆ ਅਤੇ ਬੇਹੋਸ਼ ਹੋ ਗਿਆ। ਸਾਰੇ ਹੋਸਟਲ ਦੇ ਵਿਦਿਆਰਥੀ ਉਸ ਦੇ ਦੁਆਲੇ ਇਕੱਠੇ ਹੋ ਗਏ ਅਤੇ ਮੁੱਢਲੀ ਸਹਾਇਤਾ ਦਿੱਤੀ ਗਈ। ਹੋਸ਼ ਵਿੱਚ ਆਉਣ ਤੋਂ ਬਾਅਦ ਵੀ

ਰਾਣਾਵਾਕੇ ਘਟਨਾ ਦੀ ਕੋਈ ਵੀ ਵਿਆਖਿਆ ਦੇਣ ਦੀ ਹਾਲਤ ਵਿੱਚ ਨਹੀਂ ਸੀ। ਅਗਲੇ ਦਿਨ ਰਾਣਾਵਾਕੇ ਨੂੰ ਤੇਜ ਬੁਖਾਰ ਕਰਕੇ ਬਿਸਤਰੇ ਵਿੱਚ ਹੀ ਰਹਿਣਾ ਪਿਆ। ਹੋਸਟਲ ਡਾਕਟਰ ਨੇ ਉਸ ਦਾ ਮੁਆਇਨਾ ਕਰਕੇ ਐਲਾਨ ਕੀਤਾ ਕਿ ਉਸ ਦੀ ਹਾਲਤ ਚਿੰਤਾਜਨਕ ਹੈ। ਘਬਰਾਹਟ ਦੌਰਾਨ ਰਾਣਾਵਾਕੇ ਨੇ ਉਹ ਸਭ ਕੁਝ, ਜੋ ਉਸ ਨਾਲ ਪਹਿਲੀ ਰਾਤ ਵਾਪਰਿਆ ਸੀ, ਨਰਸ ਨੂੰ ਦਸ ਦਿੱਤਾ।

ਹੋਸਟਲ ਵਾਰਡਨ ਨੇ ਰਾਣਾਵਾਕੇ ਦੇ ਮਾਪਿਆ ਨੂੰ ਤਾਰ ਰਾਹੀਂ ਉਨ੍ਹਾਂ ਦੇ ਪੁੱਤਰ ਦੀ ਹਾਲਤ ਦੀ ਸੂਚਨਾ ਦੇ ਦਿੱਤੀ। ਅਗਲੇ ਦਿਨ ਰਾਣਾਵਾਕੇ ਦੇ ਮਾਪੇ ਉਸ ਨੂੰ ਆਕੂਰੇਸਾ ਲੈ ਗਏ। ਦੋ ਮਹੀਨੇ ਦੇ ਲਗਾਤਾਰ ਇਲਾਜ ਬਾਅਦ ਹੀ ਉਹ ਠੀਕ ਹੋਇਆ। ਉਹ ਆਪਣੇ ਕਾਲਜ ਦੇ ਦੂਜੇ ਸਿਖਿਆ ਕਾਲ ਦੇ ਸ਼ੁਰੂ ਵਿੱਚ ਹੀ ਦਾਖਲ ਹੋ ਸਕਿਆ। ਰਿਚਮੰਡ ਵਿਖੇ ਚਾਰ ਸਾਲ ਦੇ ਵਿਦਿਆਰਥੀ ਜੀਵਨ ਵਿੱਚ ਰਾਣਾਵਾਕੇ ਕਦੇ ਵੀ ਹਨੇਰੇ ਵਿੱਚ ਨਾ ਨਿਕਲਿਆ।

ਮੈਂ 1943 ਵਿੱਚ ਰਿਚਮੰਡ ਕਾਲਜ ਵਿਖੇ ਪ੍ਰੋਫੈਸਰ ਲਗ ਗਿਆ। ਪਹਿਲੇ ਕੁਝ ਮਹੀਨੇ ਮੈਂ ਪਹਾੜੀ ਦੀ ਚੋਟੀ ਤੇ ਪ੍ਰਿੰਸੀਪਲ ਦੀ ਕੋਠੀ ਵਿੱਚ ਇੱਕ ਸੀਨੀਅਰ ਪ੍ਰੋਫੈਸਰ ਕੋਸ਼ੀ ਨਾਲ ਰਿਹਾ। ਭਾਵੇਂ ਇਹ ਵਿਸ਼ਾਲ ਕੋਠੀ ਪ੍ਰਿੰਸੀਪਲ ਲਈ ਸੀ, ਪਰ ਪ੍ਰਿੰਸੀਪਲ ਡੀ. ਆਰ. ਸਿਲਵਾ ਨੇੜੇ ਹੀ ਵਾਈਸ ਪ੍ਰਿੰਸੀਪਲ ਦੀ ਕੋਠੀ ਵਿੱਚ ਰਹਿੰਦਾ ਸੀ।

ਜਿਸ ਦਿਨ ਮੈਂ ਆਪਣੀ ਰਿਹਾਇਸ਼ ਸ਼ੁਰੂ ਕੀਤੀ, ਉਸ ਦਿਨ ਸ਼੍ਰੀ ਮਾਨ ਕੋਸ਼ੀ ਅਤੇ ਹੋਸਟਲ ਵਾਰਡਨ ਥੂਰਾਰਤਨਾਮ ਨੇ ਮੈਨੂੰ ਅੰਬ ਦੇ ਦਰੱਖਤ ਦੇ ਭੂਤਾਂ ਬਾਰੇ ਚਿਤਾਵਨੀ ਦੇ ਦਿੱਤੀ ਸੀ। ਮਿਸਟਰ ਥੂਰਾਰਤਨਾਮ ਜਿਹੜਾ ਭੂਤਾਂ ਵਿੱਚ ਵਿਸ਼ਵਾਸ ਨਹੀਂ ਸੀ ਰੱਖਦਾ, ਨੇ ਆਪਣੇ ਕੁੱਝ ਮਹੀਨੇ ਪਹਿਲਾਂ ਦਾ ਤਜਰਬਾ ਮੈਨੂੰ ਦੱਸਿਆ, ਇੱਕ ਦਿਨ ਉਹ ਦੋ ਸੀਨੀਅਰ ਵਿਦਿਆਰਥੀਆਂ ਨਾਲ ਫਿਲਮ ਵੇਖ ਕੇ ਮੁੜ ਰਿਹਾ ਸੀ। ਅੱਧੀ ਰਾਤ ਦਾ ਸਮਾਂ ਸੀ। ਜਦੋਂ ਉਹ ਅੰਬ ਦੇ ਦਰੱਖਤ ਦੇ ਥੱਲੇ ਆਏ ਤਾਂ ਉਹਨਾਂ ਦੇ ਉੱਪਰ ਪੱਤਿਆਂ ਵਿੱਚ ਖੜਕਾ ਸੁਣਿਆ। ਉਹਨਾਂ ਨੇ ਉੱਪਰ ਵੇਖਿਆ। ਤਿੰਨਾਂ ਨੂੰ ਅੰਬ ਦੀ ਦਰੱਖਤ ਦੀ ਟਾਹਣੀ ਤੇ ਬੈਠਾ ਇੱਕ ਕਾਲਾ ਆਦਮੀ ਸਾਫ਼ ਵਿਖਾਈ ਦਿੱਤਾ। ਇਹ ਸੋਚ ਕੇ ਕਿ ਸਿਆਣਪ ਹੀ ਬਹਾਦਰੀ ਨਾਲੋਂ ਚੰਗੀ ਹੁੰਦੀ ਹੈ, ਉਹ ਤੇਜ ਕਦਮਾਂ ਨਾਲ ਖਤਰਨਾਕ ਖਿੱਤੇ ਵਿੱਚੋਂ ਨਿਕਲਣ ਲੱਗੇ। ਜਦੋਂ ਉਹ ਤੁਰਨ ਲੱਗੇ ਤਾਂ ਇੱਕ ਵਿਦਿਆਰਥੀ ਦੇ ਸਿਰ ਵਿੱਚ ਅੰਬ ਆ ਵੱਜਿਆ। ਪਿੱਛੇ ਮੁੜ ਕੇ ਵੇਖਣ ਜਾਂ ਉੱਪਰ ਵੱਲ ਵੇਖਣ ਦੀ ਬਜਾਏ ਉਹਨਾਂ ਨੇ ਤੇਜ ਕਦਮਾਂ ਨਾਲ ਤੁਰਨਾ ਜਾਰੀ ਰੱਖਿਆ ਅਤੇ ਆਖਰ ਉਖੜੇ ਦਮ ਨਾਲ ਉਹ ਹੋਸਟਲ ਪਹੁੰਚ ਗਏ।

ਰੌਇਲ ਪ੍ਰਾਇਮਰੀ ਸਕੂਲ ਕੋਲੰਬੋ ਦਾ ਪ੍ਰਿੰਸੀਪਲ ਮੇਜਕਰ ਸਾ. ਭੰਡਾਰਨਾਇਕੇ ਜੋ ਪੰਝੀ ਸਾਲ ਰਿਚਮੰਡ ਕਾਲਜ ਦਾ ਪ੍ਰੋਫੈਸਰ ਰਿਹਾ ਸੀ, ਨੇ ਇਸ ਅੰਬ ਦੇ ਦਰੱਖਤ ਬਾਰੇ ਕਈ ਕਹਾਣੀਆਂ ਸੁਣਾਈਆਂ। ਭਾਵੇਂ ਮੈਂ ਇਹਨਾਂ ਭੂਤ ਕਹਾਣੀਆਂ ਤੇ ਯਕੀਨ ਕਰਨ ਲਈ ਤਿਆਰ ਨਹੀਂ ਸੀ ਅਤੇ ਮੈਂ ਅਜਿਹੀਆਂ ਕਹਾਣੀਆਂ ਨੂੰ ਡਰੇ ਹੋਏ ਆਦਮੀਆਂ ਦੇ ਨਜ਼ਰ ਅਤੇ ਸੁਣਨ ਦਾ ਭਰਮ ਦੱਸਿਆ। ਜੂਨ 1943 ਵਿੱਚ ਮੈਨੂੰ ਅੰਬ ਦੇ ਦਰੱਖਤ ਦੇ ਨੇੜੇ ਹੀ ਅਜਿਹੇ ਭੂਤ ਦਾ ਮੁਕਾਬਲਾ ਕਰਨ ਦਾ ਮੌਕਾ ਮਿਲਿਆ।

ਸੀਨੀਅਰ ਵਿਦਿਆਰਥੀਆਂ ਦੀ ਸਮਾਜਿਕ ਅਤੇ ਸਭਿਆਚਾਰਿਕ ਸਭਾ ਦੇ ਸਕੱਤਰ ਨੇ ਮੈਨੂੰ ਭਾਸ਼ਨ ਦੇਣ ਦੀ ਬੇਨਤੀ ਕੀਤੀ। ਇਹ ਮੀਟਿੰਗਾਂ ਆਮ ਤੌਰ ਤੇ ਸ਼ਾਮ ਦੇ ਖਾਣੇ ਤੋਂ ਬਾਅਦ ਹੀ ਹੁੰਦੀਆਂ ਸਨ। ਉਹ ਸਭਾ ਜਿੱਥੇ ਮੇਰੇ ਬੋਲਣ ਦਾ ਇੰਤਜ਼ਾਰ ਸੀ, ਪਹਾੜੀ ਦੇ ਥੱਲੇ ਮੁੱਖ ਗੇਟ ਦੇ ਨੇੜੇ ਵਾਲੇ ਗਿਰਜੇ ਵਿੱਚ ਹੋਣੀ ਸੀ।

ਮੇਰੀ ਪਤਨੀ ਵੀ ਮੀਟਿੰਗ ਲਈ ਮੇਰੇ ਨਾਲ ਗਈ। ਕਿਉਂਕਿ ਸਰੋਤਿਆਂ ਦੇ ਬਹੁਤ ਸਾਰੇ ਸਵਾਲਾਂ ਦਾ ਜਵਾਬ ਦੇਣਾ ਸੀ, ਇਸ ਲਈ ਮੀਟਿੰਗ ਅੱਧੀ ਰਾਤ ਤੋਂ ਬਾਅਦ ਹੀ ਖਤਮ ਹੋਈ। ਜਿਉਂ ਹੀ ਅਸੀਂ ਗਿਰਜੇ ਤੋਂ ਜਾਣ ਲਈ ਤਿਆਰ ਹੋਏ, ਪਾਦਰੀ ਫਰੈਂਡ ਡੀ. ਸਿਲਵਾ ਨੇ ਕਿਹਾ ਕਿ ਸਾਨੂੰ ਖਤਰਨਾਕ ਸਥਾਨ ਤੋਂ ਰੋਸ਼ਨੀ ਬਗੈਰ ਨਹੀਂ ਲੰਘਣਾ ਚਾਹੀਦਾ। ਉਸ ਨੇ ਆਪਣੀ ਪਤਨੀ ਨੂੰ ਸਾਡੇ ਲਈ ਬੈਟਰੀ ਲਿਆ ਕੇ ਦੇਣ ਲਈ ਕਿਹਾ। ਮੈਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਅਸੀਂ ਦੋਵੇ ਹੋਂਦ ਨਾ ਰੱਖਣ ਵਾਲੇ ਭੂਤਾਂ ਤੋਂ ਡਰਦੇ ਨਹੀਂ।

ਅਸੀਂ ਹੌਲੀ ਹੌਲੀ ਚੱਕਰਾਕਾਰ ਸੜਕ ਤੇ ਚੱਲ ਪਏ। ਜਦੋਂ ਅਸੀ ਅੰਬ ਦੇ ਦਰੱਖਤ ਥੱਲੇ ਆਏ ਤਾਂ ਮੇਰੀ ਪਤਨੀ ਜੋ ਨਾਸਤਿਕ ਸੀ ਅਤੇ ਜਿਸਨੇ ਮੇਰੇ ਨਾਲ ਕਬਰਾਤਾਨਾਂ ਅਤੇ ਭੂਤਾਂ ਵਾਲੇ ਘਰਾਂ ਵਿੱਚ ਭੂਤਾਂ ਦੀ ਤਲਾਸ਼ ਵਿੱਚ ਬਹੁਤ ਯਾਤਰਾਵਾਂ ਕੀਤੀਆਂ ਸਨ, ਨੇ ਕਿਹਾ ਕਿ ਸਥਾਨਕ ਲੋਕਾਂ ਨੂੰ ਇਸ ਅੰਬ ਦੇ ਦਰੱਖਤ ਤੇ ਭੂਤਾਂ ਰਹਿਣ ਦਾ ਝੂਠਾ ਵਿਸ਼ਵਾਸ ਹੈ। ਉਸਨੇ ਕਿਹਾ ਕਿ ਜੇ ਕੋਈ ਹੋਰ ਦੋ ਵਿਅਕਤੀ ਰਾਤ ਦੇ ਇਸ ਸਮੇਂ ਇਸ ਦਰੱਖਤ ਥੱਲੋਂ ਲੰਘਣ ਤਾ ਯਕੀਨਨ ਹੀ ਉਹਨਾਂ ਨੂੰ ਕੁਝ ਨਾ ਕੁਝ.......ਫਿਕਰਾ ਪੂਰਾ ਕਰਨ ਤੋਂ ਪਹਿਲਾਂ ਹੀ ਉਹ ਛਾਲ ਮਾਰ ਕੇ ਖੱਬੇ ਪਾਸੇ ਤੋਂ ਸੱਜੇ ਪਾਸੇ ਆ ਗਈ ਅਤੇ ਮੈਨੂੰ ਘੁੱਟ ਕੇ ਫੜ ਲਿਆ ਅਤੇ ਆਵਾਜ਼ ਵਿੱਚ ਕੂਕ ਮਾਰੀ।

ਮੈਂ ਆਪਣੀ ਠਰੰਮੇ ਵਾਲੀ ਪਤਨੀ ਦੇ ਅਜੀਬ ਵਰਤਾਉ ਨਾਲ ਕੰਬ ਗਿਆ। ਮੈਂ ਉਸ ਨੂੰ ਆਪਣੀਆਂ ਬਾਹਾਂ ਵਿੱਚ ਫੜ ਲਿਆ ਅਤੇ ਪੁੱਛਿਆ, "ਕੀ ਗੱਲ ਹੈ ?" ਉਹ ਇਕ ਸ਼ਬਦ ਵੀ ਨਾ ਬੋਲ ਸਕੀ। ਮੈਂ ਆਪਣੀ ਪਤਨੀ ਦੇ ਕਮਜ਼ੋਰ ਸਰੀਰ ਨੂੰ ਡਰ ਨਾਲ ਕੰਬਦੇ ਹੋਏ ਮਹਿਸੂਸ ਕੀਤਾ। ਉਸ ਦਾ ਦਿਲ ਢੋਲ ਦੀ ਤਰ੍ਹਾਂ ਧੜਕ ਰਿਹਾ ਸੀ। ਉਸ ਨੇ ਬੋਲਣ ਦੀ ਕਾਫੀ ਕੋਸ਼ਿਸ਼ ਕੀਤੀ, ਪ੍ਰੰਤੂ ਸਫਲ ਨਾ ਹੋ ਸਕੀ। ਉਹ ਸਿਰਫ ਇਹ ਸ਼ਬਦ ਹੀ ਬੋਲ ਸਕੀ "ਵੇਖੋ ਹਾਥੀ।"

ਮੈਂ ਆਪਣੇ ਖੱਬੇ, ਜਿੱਧਰ ਉਸ ਨੇ ਇਸ਼ਾਰਾ ਕੀਤਾ ਸੀ, ਵੇਖਿਆ। ਹਨੇਰੇ ਵਿੱਚ ਲਗਭਗ ਦਸ ਗਜ਼ ਦੂਰੀ ਤੇ ਹਾਥੀ ਖੜਾ ਸੀ ਜੋ ਕੋਈ ਹਰਕਤ ਨਹੀਂ ਸੀ ਕਰ ਰਿਹਾ। ਆਪਣੀ ਪਤਨੀ ਦੀ ਤਰ੍ਹਾਂ ਮੈਂ ਵੀ ਚੁਕੰਨਾ ਹੋ ਗਿਆ। ਮੇਰੀ ਪਤਨੀ ਦੇ ਉਸ ਸਥਾਨ ਤੋਂ ਦੌੜਨ ਦੀ ਇੱਛਾ ਦੇ ਬਾਵਜੂਦ ਅਸੀਂ ਇੱਕ ਮਿੰਟ ਲਈ ਬੇਹਰਕਤ ਖੜ੍ਹੇ ਰਹੇ। ਭਾਵੇਂ ਹਾਥੀ ਕੋਈ ਹਿਲਜੁਲ ਨਹੀਂ ਕਰ ਰਿਹਾ ਸੀ, ਪਰ ਅਸੀਂ ਦੋਵਾਂ ਨੇ ਹਾਥੀ ਦੀ ਘਰੁ ਘੁਰ ਦੀ ਅਜੀਬ ਆਵਾਜ਼ ਸਾਫ ਤੌਰ ਤੇ ਸੁਣੀ।

ਮੈਂ ਆਪਣੇ ਆਪ ਨੂੰ ਆਪਣੀ ਪਤਨੀ ਦੇ ਜੱਫੇ ਵਿੱਚੋਂ ਆਜ਼ਾਦ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਜੋ ਧਰਤੀ ਤੋਂ ਪੱਥਰ ਚੁੱਕ ਕੇ ਉਸ ਦੇ ਮਾਰ ਸਕਾਂ। ਮੇਰੀ ਪਤਨੀ ਨੇ ਹਾਥੀ ਨੂੰ ਨੁਕਸਾਨ ਪਹੁੰਚਾਉਣ ਲਈ ਕੁਝ ਵੀ ਕਰਨ ਤੋਂ ਮੈਨੂੰ ਰੋਕ ਦਿੱਤਾ ਤਾਂ ਜੋ ਸੱਚੀ ਮੁੱਚੀ ਦਾ ਖ਼ਤਰਾ ਨਾ ਪੈਦਾ ਹੋ ਸਕੇ। ਉਸ ਨੇ ਮੈਨੂੰ ਉਸ ਸਥਾਨ ਤੋਂ ਖਿੱਚਣਾ ਸ਼ੁਰੂ ਕਰ ਕਰ ਦਿੱਤਾ। ਉਹ ਚਾਹੁੰਦੀ ਸੀ ਕਿ ਮੈਂ ਉਸ ਨਾਲ ਹੀ ਭੱਜ ਜਾਂਦਾ।

ਇਹ ਸੋਚ ਕੇ ਕਿ ਮੈਂ ਇਸ ਹਾਲਤ ਵਿੱਚ ਕੁੱਝ ਨਹੀਂ ਕਰ ਸਕਦਾ, ਮੈਂ ਬਹੁਤ ਉੱਚੀ ਆਵਾਜ਼ ਵਿੱਚ ਹਾਥੀ ਨੂੰ ਚੀਕ ਕੇ ਬੋਲਿਆ। ਮੈਂ ਵੇਖਿਆ ਕਿ ਘੁਰ ਘੁਰ ਦੀ ਆਵਾਜ਼ ਬੰਦ ਹੋ ਗਈ ਅਤੇ ਹਾਥੀ ਨੇ ਆਪਣਾ ਸੱਜਾ ਕੰਨ ਹਿਲਾਇਆ। ਜਦੋਂ ਮੈਂ ਦੂਸਰੀ ਵਾਰ ਚੀਕੀਆ ਤਾਂ ਮੈਂ ਅਨੁਭਵ ਕੀਤਾ ਕਿ ਇਹ ਜੰਗਲੀ ਹਾਥੀ ਨਹੀਂ ਸੀ, ਪਾਲਤੂ ਸੀ ਅਤੇ ਇਸਦਾ ਮਹਾਵਤ ਇਸਦ ਨਾਲ ਹੀ ਸੀ।

ਆਪਣੇ ਹਾਥੀ ਨੂੰ ਉਸੇ ਸਥਾਨ ਤੇ ਛੱਡ ਕੇ ਮਹਾਵਤ ਹਨੇਰੇ ਵਿੱਚ ਮੇਰੇ ਪਾਸ ਆਇਆ ਅਤੇ ਪੁੱਛਿਆ, "ਸ਼੍ਰੀ ਮਾਨ ਜੀ ਕੀ ਗੱਲ ਹੈ ?" ਮੈਂ ਉਸਨੂੰ ਇਸ ਸਮੇਂ ਪਹਾੜੀ ਤੇ ਹਾਥੀ ਲਿਆਉਣ ਲਈ ਬੁਰਾ ਭਲਾ ਕਿਹਾ।

"ਸ਼੍ਰੀ ਮਾਨ ਜੀ ਹਾਥੀ ਕਿੱਥੇ ਹੈ ?" ਉਸ ਨੇ ਅੱਗੋਂ ਕਿਹਾ। "ਉਹ ਤਾਂ ਡਾਕਟਰ ਵਿਜੈ ਰਤਨ ਦੀ ਕਾਰ ਹੈ। ਅਸੀਂ ਪ੍ਰਿੰਸੀਪਲ ਦੀ ਕੋਠੀ ਜਾਣ ਲਈ ਆਏ ਸੀ, ਪ੍ਰੰਤੂ ਕਾਰ ਪਹਾੜੀ ਦੀ ਚੜ੍ਹਾਈ ਨਾ ਚੜ੍ਹ ਸਕੀ, ਇਸ ਲਈ ਸਾਨੂੰ ਇੱਥੇ ਹੀ ਰੁਕਣਾ ਪਿਆ ਅਤੇ ਡਾਕਟਰ ਪੈਦਲ ਹੀ ਉੱਪਰ ਚਲਿਆ ਗਿਆ ਹੈ, ਮੈਂ ਉਸ ਨੂੰ ਇੱਥੇ ਉਡੀਕ ਰਿਹਾਂ ਹਾਂ।" ਭਾਵੇਂ ਮੇਰੀ ਪਤਨੀ ਬਹੁਤ ਸ਼ਰਮਿੰਦਾ ਸੀ, ਫਿਰ ਵੀ ਅਸੀਂ ਬਹੁਤ ਹੱਸੇ।

**ਵਿਆਖਿਆ**

ਇਹ ਵਿਚਾਰ ਕਿ ਸਾਰੀਆਂ ਸੰਜੀਵ ਤੇ ਨਿਰਜੀਵ ਵਸਤੂਆਂ ਭੂਤਾਂ ਦਾ ਬਸੇਰਾ ਬਣ ਸਕਦੀਆਂ ਹਨ ਅਤੇ ਇਹ ਪੁਰਾਣੀ ਧਾਰਣਾ ਕਿ ਆਤਮਾ ਇੱਕ ਥਾਂ ਤੋਂ ਦੂਜੀ ਥਾਂ ਚਲੀ ਜਾਂਦੀ ਹੈ, ਦੇ ਝੂਠੇ ਵਿਸ਼ਵਾਸ ਕਰਕੇ ਹੀ ਹੈ। ਇਸ ਸਰਵ-ਵਿਆਪੀ ਵਿਸ਼ਵਾਸ ਦਾ ਕੋਈ ਵਿਗਿਆਨਕ ਸਬੂਤ ਨਹੀਂ। ਇਹ ਵਿਚਾਰ ਇਸ ਕਰਕੇ ਸੱਚਾ ਨਹੀਂ ਹੋ ਸਕਦਾ ਕਿਉਂਕਿ ਇਸ ਵਿੱਚ ਸਾਰੀ ਦੁਨੀਆਂ ਦੇ ਬਹੁਤ ਸਾਰੇ ਲੋਕ ਪੀੜ੍ਹੀਆਂ ਤੋਂ ਵਿਸ਼ਵਾਸ ਕਰਦੇ ਰਹੇ ਹਨ। ਸਾਰੀ ਦੁਨੀਆ ਇਸ ਝੂਠੇ ਵਿਸ਼ਵਾਸ ਵਿੱਚ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਹੈ ਅਤੇ ਸਾਰੇ ਗ੍ਰਹਿ ਇਸ ਦੁਆਲੇ ਘੁੰਮਦੇ ਹਨ, ਬਰੂਨੋ, ਕਾਪਰੀਨਿਕਸ ਅਤੇ ਗਲੇਲੀਉ ਤਾਂ ਪਹਿਲਾਂ ਵਿਸ਼ਵਾਸ ਕਰਦੇ ਸੀ। ਇਹ ਕਹਿਣ ਤੇ ਕਿ ਧਰਤੀ ਅਤੇ ਦੂਜੇ ਗ੍ਰਹਿ ਸੂਰਜ ਦੁਆਲੇ ਘੁੰਮਦੇ ਹਨ, ਇਨ੍ਹਾਂ ਤਾਰਾ ਵਿਗਿਆਨੀਆਂ ਉੱਤੇ ਮੁਕੱਦਮੇ ਚਲਾਏ ਗਏ, ਜੇਲ੍ਹੀਂ ਸੁੱਟ ਦਿੱਤੇ ਅਤੇ ਜਿਉਂਦਿਆਂ ਜਲਾ ਦਿੱਤਾ।

ਰਿਚਮੰਡ ਪਹਾੜੀ ਦੇ ਅੰਬ ਦੇ ਦਰੱਖਤ ਦੇ ਭੂਤਾਂ ਦੇ ਰਹਿਣ ਦੀ ਕਹਾਣੀ ਵੀ ਕਾਲਪਨਿਕ ਸੀ, ਜਿਸਨੂੰ ਬਹੁਤ ਸਾਰੇ ਡਰਪੋਕ ਤੇ ਲਾਈ-ਲੱਗ ਵਿਅਕਤੀਆਂ ਨੇ ਪੈਦਾ ਕੀਤਾ। ਭੂਤਾਂ ਬਾਰੇ ਆਪਣੇ ਮਨਾਂ ਵਿੱਚ ਝੂਠਾ ਵਿਸ਼ਵਾਸ ਹੋਣ ਕਰਕੇ ਅਜਿਹੇ ਵਿਅਕਤੀਆਂ ਵਿੱਚ ਭੂਤਾਂ ਵੇਖਣ ਅਤੇ ਆਵਾਜ਼ ਸੁਣਨ ਦੇ ਭੁਲੇਖੇ ਪੈਣਾ ਆਮ ਜਿਹੀ ਗੱਲ ਹੈ।

ਇਹ ਸੰਭਵ ਹੈ ਕਿ ਸ਼੍ਰੀ ਮਾਨ ਬੂਰੀਰਤਨਾਮ ਅਤੇ ਦੋ ਵਿਦਿਆਰਥੀਆਂ ਦੇ ਅੰਬ ਦੇ ਦਰੱਖਤ ਥਲਿਓਂ ਲੰਘਣ ਸਮੇਂ ਉਸ ਉੱਤੇ ਬਾਂਦਰ ਬੈਠੇ ਹੋਣ। ਡਰੇ ਅਤੇ ਭੈਭੀਤ ਜਦੋਂ ਉਨ੍ਹਾਂ ਨੇ ਉੱਪਰ ਵੱਲ ਵੇਖਿਆ ਹੋਵੇ ਤਾਂ ਸ਼ਾਇਦ ਬਾਂਦਰ ਹੀ ਉਨ੍ਹਾਂ ਨੂੰ ਨਜ਼ਰ ਆਇਆ ਹੋਵੇ। ਉਨ੍ਹਾਂ ਵਿੱਚੋਂ ਕਿਸੇ ਇੱਕ ਦੇ ਸਿਰ ਵਿੱਚ ਅੰਬ ਵੱਜਣ ਦਾ ਕਾਰਨ ਵੀ ਕੁਦਰਤੀ ਹੀ ਹੋ ਸਕਦਾ ਹੈ ਅਤੇ ਇਹ ਖਿਆਲੀ ਭੂਤ ਦੁਆਰਾ ਜਾਣ ਬੁਝ ਕੇ ਮਾਰਿਆ ਨਹੀਂ ਹੋ ਸਕਦਾ।

ਗੇਟ ਤੇ ਆਉਣ ਤੇ ਰਾਣਾਵਾਕੇ ਦੇ ਮਨ ਵਿੱਚ ਵੀ ਭੂਤ ਦਾ ਡਰ ਹੀ ਸੀ ਅਤੇ ਉਹ ਸਾਥੀ, ਜੋ ਉਸ ਨੇ ਵੇਖਿਆ ਅਤੇ ਜੋ ਬਾਅਦ ਵਿੱਚ ਕੁੱਤਾ ਬਣ ਗਿਆ, ਵੀ ਉਸ ਦੇ ਅਚੇਤ ਮਨ ਦੁਆਰਾ ਭੂਤਾਂ ਦੇ ਡਰ ਕਰਕੇ ਕਲਪਿਆ ਨਜ਼ਰ ਦਾ ਭਰਮ ਸੀ।

ਭਾਵੇਂ ਮੈਂ ਅਤੇ ਮੇਰੀ ਪਤਨੀ ਆਪਣੇ ਸੁਚੇਤ ਮਨਾਂ ਵਿੱਚੋ ਭੂਤਾਂ ਦੇ ਝੂਠੇ ਵਿਸ਼ਵਾਸ ਨੂੰ ਕੱਢਣ ਵਿੱਚ ਸਫ਼ਲ ਹੋਏ ਹਾਂ, ਜਿਹੜੇ ਕਿ ਸਾਡੇ ਮਨਾਂ ਵਿੱਚ ਬਚਪਨ ਤੋਂ ਹੀ ਵੱਡ ਵਡੇਰਿਆਂ ਦੁਆਰਾ ਭਰ ਦਿੱਤੇ ਗਏ ਸਨ।ਇਹ ਡਰ ਸਾਡੇ ਅਚੇਤ ਮਨਾਂ ਵਿੱਚ ਅਜੇ ਵੀ ਸਨ। ਇਹ ਸਾਫ਼ ਭਰਮ ਹੀ ਸੀ ਕਿ ਕਾਲੀ ਕਾਰ ਮੇਰੀ ਪਤਨੀ ਨੂੰ ਹਾਥੀ ਨਜ਼ਰ ਆਈ। ਕਿਉਂਕਿ ਹਾਥੀ ਦੀ ਸ਼ਕਲ ਮੇਰੇ ਮਨ ਵਿੱਚ ਚੰਗੀ ਤਰ੍ਹਾਂ ਬੈਠ ਗਈ ਸੀ ਅਤੇ ਜਦੋਂ ਸੁੱਤੇ ਹੋਏ ਡਰਾਇਵਰ ਨੇ ਦਰਵਾਜ਼ਾ ਖੋਲ੍ਹਿਆ ਤਾਂ ਮੈਨੂੰ ਹਾਥੀ ਦੇ ਕੰਨ ਹਿਲਾਉਣ ਦਾ ਭੁਲੇਖਾ ਪਿਆ। ਜਦੋਂ ਮੈਂ ਡਰਾਇਵਰ ਨੂੰ ਆਪਣੇ ਵੱਲ ਆਉਂਦੇ ਹੋਏ ਵੇਖਿਆ ਤਾਂ ਮੇਰੇ ਮਨ ਵਿਚਲਾ ਜੰਗਲੀ ਹਾਥੀ ਪਾਲਤੂ ਬਣ ਗਿਆ ਅਤੇ ਡਰਾਇਵਰ ਇਸ ਦਾ ਮਹਾਵਤ ਬਣ ਗਿਆ। ਸੌਂ ਰਹੇ ਡਰਾਇਵਰ ਦੇ ਘੁਰਾੜਿਆਂ ਕਾਰਨ ਮੇਰਾ ਸੁਝਾਉਣਯੋਗ ਮਨ ਉੱਚੀ ਘੁਰ ਘੁਰ ਦੀ ਆਵਾਜ਼ ਸੁਣ ਰਿਹਾ ਸੀ।

ਜੇ ਅਸੀਂ 'ਹਾਥੀ' ਨੂੰ ਵੇਖਣ ਸਾਰ ਬਗੈਰ ਪੜਤਾਲ ਕੀਤੇ ਭੱਜ ਜਾਂਦੇ ਤਾਂ ਮੈਂ ਅਤੇ ਮੇਰੀ ਪਤਨੀ, ਰਾਣਾਵਾਕੇ ਅਤੇ ਬੂਰਾਰਤਨਾਮ ਦੀ ਤਰ੍ਹਾਂ ਰਿਚਮੰਡ ਪਹਾੜੀ ਦੇ ਅੰਬ ਦੇ ਦਰੱਖਤ ਦੇ ਭੂਤਾਂ ਬਾਰੇ ਇੱਕ ਹੋਰ ਝੂਠੀ ਕਹਾਣੀ ਪ੍ਰਚੱਲਤ ਕਰਨ ਵਿੱਚ ਸਹਾਈ ਹੁੰਦੇ।

# ਭੂਤ ਚਿੰਬੜਨਾਂ ਤੇ ਭੂਤ ਕੱਢਣਾ

ਮੇਰੇ ਜੱਦੀ ਘਰ ਵਿਖੇ ਸਮੇਂ ਸਮੇਂ ਮੇਰੇ ਗੇੜਿਆਂ ਵਿੱਚੋਂ ਇੱਕ ਸਮੇਂ ਮੈਂ ਆਪਣੇ ਮਿੱਤਰ ਸ਼੍ਰੀ ਐਸ-ਸੀ ਜੋਸਫ਼ ਦੇ ਘਰ ਥੋੜਾ ਚਿਰ ਰੁਕਿਆ, ਜੋ ਕਿ ਕੇਰਲਾ ਦੇ ਤਰਕਸ਼ੀਲਾਂ ਦੀ ਜਥੇਬੰਦੀ ਦਾ ਪ੍ਰਧਾਨ ਅਤੇ 'ਯੁਕਤੀਵਾਦੀ' ਪੱਤਰ ਦਾ ਸੰਪਾਦਕ ਹੈ। ਸ਼੍ਰੀ ਜੋਸਫ਼ ਜੋ ਕਿ ਇੱਕ ਪ੍ਰਸਿੱਧ ਬੁਲਾਰਾ ਵਕੀਲ ਅਤੇ ਲੇਖਕ ਹੈ, ਆਪਣੇ ਦੇਸ਼ ਦੇ ਮਹਾਨ ਚਿੰਤਕਾਂ ਵਿੱਚੋਂ ਇੱਕ ਹੈ ਭਾਵੇਂ ਉਹ ਵਿਗਿਆਨੀ ਨਹੀਂ ਤਾਂ ਵੀ ਉਹ ਦੂਜੇ ਅਖੌਤੀ ਵਿਗਿਆਨੀਆਂ ਨਾਲੋਂ ਵਧੇਰੇ ਵਿਗਿਆਨਿਕ ਹੈ। ਇਸ ਲੇਖ ਵਿੱਚ ਵਰਣਤ ਘਟਨਾ ਉਸ ਨਾਲ ਇੱਕ ਸ਼ਾਮ ਹੋਈ ਵਾਰਤਾਲਾਪ ਦਾ ਵਿਸ਼ਾ ਸੀ।

ਤ੍ਰੀਚੂਰ ਜ਼ਿਲ੍ਹੇ ਵਿੱਚ ਪੋਥੁਸਰੀ ਹਾਈ ਸਕੂਲ ਇਰੀਂਜ਼ਲਕੁੱਡਾ ਕਸਬੇ ਤੋਂ ਲਗਭੱਗ ਤਿੰਨ ਕਿਲੋਮੀਟਰ ਹੈ। 14 ਅਪ੍ਰੈਲ 1961 ਨੂੰ ਨਵੇਂ ਸਾਇੰਸ ਬਲਾਕ ਦਾ ਉਦਘਾਟਨ ਕੀਤਾ ਗਿਆ। ਸ਼੍ਰੀ ਕੇਸਵਨ ਵੈਦਯਾਰ ਆਯੁਰਵੈਦਿਕ ਚਕਿਸਤਕ ਇਸ ਮੌਕੇ ਤੇ ਬੋਲਣ ਵਾਲਿਆਂ ਵਿੱਚੋਂ ਇੱਕ ਸੀ। ਸਮਾਗਮ ਖਤਮ ਹੋਇਆ ਸ਼੍ਰੀਮਾਨ ਜੋਸਫ਼ ਤੇ ਸ਼੍ਰੀਮਾਨ ਵੇਦਯਾਰ ਉਸੇ ਕਾਰ ਵਿੱਚ ਇਰੀਂਜ਼ਕੁੱਡਾ ਵਪਸ ਮੁੜ ਰਹੇ ਸਨ। ਇਰੀਂਜ਼ਕੁੱਡਾ ਦੇ ਨੈਸ਼ਨਲ ਹਾਈ ਸਕੂਲ ਦੇ ਸੰਸਕ੍ਰਿਤ ਦੇ ਵਿਦਵਾਨ ਸ਼੍ਰੀ ਸ਼੍ਰੀ ਸੀ. ਮੈਨਨ ਵੀ ਉਸੇ ਕਾਰ ਵਿੱਚ ਚੜ੍ਹ ਗਏ।

ਜਦ ਕਾਰ ਵਿੱਚ ਇੱਕ ਦੂਜੇ ਨਾਲ ਗੱਲਾਂ ਚਲ ਰਹੀਆਂ ਸਨ ਤਾਂ ਸ਼੍ਰੀ ਮੈਨਨ ਨੇ ਉਸ ਨਾਲ ਸਾਢੇ 5 ਮਹੀਨੇ ਤੋਂ ਵਾਪਰ ਰਹੇ ਦੁਖਾਂਤ ਬਾਰੇ ਗੱਲਬਾਤ ਕੀਤੀ। ਉਸਨੇ ਦੱਸਿਆ ਕਿ ਉਸ ਦੀ 12 ਸਾਲਾਂ ਦੀ ਬੱਚੀ ਰਾਜਲਕਸ਼ਮੀ ਜਿਹੜੀ ਕਿ ਸਕੂਲ ਵਿੱਚ ਛੇਵੀਂ ਜਮਾਤ ਵਿੱਚ ਪੜ੍ਹਦੀ ਹੈ, ਉਸ ਨੂੰ ਨਾਨੀ ਦੀ ਮੌਤ ਤੋਂ ਬਾਅਦ ਭੂਤ ਚਿੰਬੜ ਗਿਆ ਹੈ। ਹਰ ਰੋਜ਼ ਸ਼ਾਮ ਨੂੰ ਪੰਜ ਵਜੇ ਇੱਕ ਘਾਤਕ ਡਰ ਉਸ ਨੂੰ ਦਬੋਚ ਲੈਂਦਾ ਹੈ ਅਤੇ ਉਹ ਉੱਚੀ ਉੱਚੀ ਚੀਕਾਂ ਮਾਰਨ ਲੱਗ ਪੈਂਦੀ ਹੈ। ਉਹ ਲਗਭੱਗ ਦੋ ਘੰਟੇ ਚੀਕਾਂ ਮਾਰਦੀ ਹੈ। ਚੀਕਾਂ ਸੁਣਕੇ ਸਾਰੇ ਗੁਆਂਢੀ ਭੱਜੇ ਆਉਂਦੇ ਹਨ। ਗੁਆਂਢੀਆਂ ਤੇ ਘਰ ਵਾਲਿਆਂ ਵੱਲੋਂ ਜੋ ਵੀ ਸਵਾਲ ਪੁੱਛੇ ਜਾਂਦੇ ਹਨ, ਉਹ ਕਿਸੇ ਦਾ ਵੀ ਜੁਆਬ ਨਹੀਂ ਦਿੰਦੀ ਅਤੇ ਲਗਾਤਾਰ ਚੀਕਾਂ ਮਾਰਦੀ ਰਹਿੰਦੀ ਹੈ। ਅੰਤ ਨੂੰ ਉਹ ਥੱਕ ਕੇ ਡਿੱਗ ਪੈਂਦੀ ਹੈ ਅਤੇ ਸੌਂ ਜਾਂਦੀ ਹੈ।

ਲਗਭੱਗ ਸਵੇਰੇ 9 ਵਜੇ ਉਹ ਆਪਣਾ ਆਮ ਖਾਣਾ ਖਾਂਦੀ ਹੈ ਅਤੇ ਫਿਰ ਸੌਣ ਚਲੀ ਜਾਂਦੀ ਹੈ। ਅਗਲੇ ਦਿਨ ਸ਼ਾਮ ਨੂੰ 5 ਵਜੇ ਫਿਰ ਉਹ ਚੀਕਾਂ ਮਾਰਨ ਲੱਗ ਪੈਂਦੀ ਹੈ ਦਿਨ ਦੇ ਸਮੇਂ ਜੇਕਰ ਉਸਨੂੰ ਕੋਈ ਪੁੱਛਦਾ ਹੈ ਕਿ ਉਹ ਚੀਕਾਂ ਕਿਉਂ ਮਾਰਦੀ ਹੈ ਤਾਂ ਉਹ ਸਧਾਰਨ ਤੌਰ ਤੇ ਕਹਿ ਦਿੰਦੀ ਹੈ ਕਿ ਇਹ ਕੁਝ ਡਰ ਦੇ ਮਾਰੇ ਕਰਦੀ ਹੈ। ਸ਼੍ਰੀ ਮੈਨਨ ਦੂਸਰਿਆਂ ਨੂੰ ਹਮੇਸ਼ਾਂ ਲਕਸ਼ਮੀ ਕੋਲੋਂ ਇਹ ਘਟਨਾ ਪੁੱਛਣ ਤੋਂ ਰੋਕਦੇ ਰਹਿੰਦੇ ਹਨ। ਕਿਉਂਕਿ ਉਸਦੇ ਇਹ ਕੁਝ ਚੇਤੇ ਕਰਾਕੇ ਉਸਨੂੰ ਹੋਰ ਮਾਨਸਿਕ ਦੁੱਖ ਵਿੱਚ ਨਹੀਂ ਪਾਉਣਾ ਚਾਹੁੰਦੇ।

ਜਦ ਕਿ ਚੀਕਾਂ ਮਾਰਨ ਦੀ ਤੇਜੀ ਦਿਨ-ਬ-ਦਿਨ ਵਧਦੀ ਜਾ ਰਹੀ ਸੀ ਸ਼੍ਰੀ ਮੈਨਨ ਘਬਰਾ ਗਏ ਅਤੇ ਉਸਨੂੰ ਇਰੀਂਜ਼ਕੁੱਡਾ ਵਿਖੇ ਡਾ. ਸੀ. ਪੀ. ਆਈ. ਪੀ. ਕੋਲ ਲੈ ਗਏ। ਮਰੀਜ਼ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਡਾਕਟਰ ਆਈ. ਪੀ. ਨੇ ਥ੍ਰੀਚੂਰ ਦੇ ਡਾਕਟਰ ਆਈ. ਏ. ਕੁਰੀਆ ਅਤੇ ਡਾ. ਵੀ. ਕੇ. ਕੁਰੀਆ ਨਇਰੈਨਨ ਨਾਲ ਮਸ਼ਵਰਾ ਕਰਨ ਦਾ ਫੈਸਲਾ ਕੀਤਾ। ਇਹਨਾਂ ਤਿੰਨਾਂ ਡਾਕਟਰਾਂ ਦੀ ਸਾਂਝੀ ਰਏ ਵਜੋਂ ਰਾਜਲਕਸ਼ਮੀ ਦਾ ਮਹੀਨੇ ਤੋਂ ਵੱਧ ਡਾਕਟਰੀ ਇਲਾਜ਼ ਕੀਤਾ ਗਿਆ। ਫਿਰ ਵੀ ਅਰਾਮ ਦਾ ਕੋਈ ਚਿੰਨ੍ਹ ਨਜ਼ਰ ਨਾ ਆਇਆ। ਡਾਕਟਰਾਂ ਨੇ ਰਾਏ ਦਿੱਤੀ ਕਿ ਇਹ ਕੁਝ ਕਿਸੇ ਮਾਨਸਿਕ ਤਕਲੀਫ ਕਰਕੇ ਹੈ ਅਤੇ ਮੈਨਨ ਨੂੰ ਤ੍ਰੀਵੈਂਦਰਮ ਵਿਖੇ ਕਿਸੇ ਮਨੋਚਿਕਤਸਿਕ ਨਾਲ ਰਾਏ ਕਰਨ ਦੀ ਸਲਾਹ ਦਿੱਤੀ।

ਰਾਜਲਕਸ਼ਮੀ ਨੂੰ ਤਿੰਨਾਂ ਡਾਕਟਰਾਂ ਦੀ ਸਿਫ਼ਾਰਸ਼ ਅਨੁਸਾਰ ਕਿਸੇ ਮਨੋਚਕਤਿਸਕ ਕੋਲ ਲੈ ਜਾਣ ਦੀ ਬਜਾਏ, ਆਪਣੇ ਕੁਝ ਰਿਸ਼ਤੇਦਾਰਾਂ ਦੇ ਜ਼ੋਰ ਪਾਉਣ ਤੇ ਮੈਨਨ ਨਦਾਵਾਰੰਧੂ ਤੋਂ ਚੰਦਰਨ ਨਾਂ ਦੇ ਇੱਕ ਜੋਤਿਸ਼ੀ ਨੂੰ ਘਰ ਲੈ ਆਇਆ। ਫ਼ਰਸ਼ ਉੱਤੇ ਇੱਕ ਨਮੂਨੇ ਉੱਪਰ ਕੌਡੀਆਂ ਖਿੰਡਾ ਕੇ ਪੂਜਾ ਕਰਨ ਤੋਂ ਬਾਅਦ ਚੰਦਰਨ ਨੇ ਕਿਹਾ ਕਿ ਇਹ ਸਾਰਾ ਕੁਝ ਭੂਤ ਕਰਕੇ ਹੈ, ਸ਼ਾਇਦ ਇਹ ਭੂਤ ਉਸਦੀ ਨਾਨੀ ਦਾ ਹੈ, ਜਿਹੜਾ ਕਿ ਇਸ ਵਿੱਚ ਉਸ ਸਮੇਂ ਵੜ ਗਿਆ, ਜਦ ਉਹ ਤਲਾਅ 'ਚ ਨਹਾਉਣ ਲਈ ਆਪਣੀ ਨਾਨੀ ਦੇ ਸਿਵੇ ਕੋਲ ਦੀ ਲੰਘ ਰਹੀ ਸੀ। ਉਸਦਾ ਫੈਸਲਾ ਇਹ ਸੀ ਕਿ ਰਾਜਲਕਸ਼ਮੀ ਵਿੱਚੋਂ ਭੂਤ ਕੇਵਲ ਮੁਲਾਵਾਜ਼ੀ ਵਾਲੇ ਮਸ਼ਹੂਰ ਟੂਣੇਹਾਰ ਮਿਸਟਰ ਵਾਸੂਦੇਵਨ ਨਬੂੰਦਰੀਪਦ ਦੁਆਰਾ ਹੀ ਕੱਢਿਆ ਜਾ ਸਕਦਾ ਹੈ।

ਨਬੂੰਦਰੀਪਦ ਨੂੰ ਘਰ ਸੱਦਿਆ ਗਿਆ ਅਤੇ ਭੂਤ ਕੱਢਣ ਦੀ ਰਸਮ ਕੀਤੀ ਗਈ। ਇੱਕ ਤਵੀਤ ਰਾਜਲਕਸ਼ਮੀ ਦੀ ਸੱਜੀ ਬਾਂਹ ਤੇ ਬੰਨ੍ਹਿਆ ਗਿਆ। ਕਿਉਂਕਿ ਇਸ ਤੋਂ ਬਾਅਦ ਵੀ ਰਾਜਲਕਸ਼ਮੀ ਦੀ ਹਾਲਤ ਵਿੱਚ ਸੁਧਾਰ ਨਾ ਹੋਇਆ ਤਾਂ ਉਸਨੂੰ

ਇੱਕ ਆਯੁਰਵੈਦਿਕ ਚਕਤਿਸਕ ਮਿਸਟਰ ਥਾਈਕਾਡ ਮੂਸਜ ਕੋਲ ਲਿਜਾਇਆ ਗਿਆ। ਕਾਰ ਵਿੱਚ ਮਿਸਟਰ ਜੋਸਫ਼ ਅਤੇ ਮਿਸਟਰ ਕੇਸਵਾਨ ਵੈਦਯਾਰ ਨਾਲ ਇਹ ਵਾਰਤਾਲਾਪ ਉਦੋਂ ਹੋਈ ਜਦੋਂ ਰਾਜਲਕਸ਼ਮੀ ਇਸ ਵਿਅਕਤੀ ਦੇ ਇਲਾਜ ਹੇਠ ਸੀ।

ਮਿਸਟਰ ਮੈਨਨ ਨੇ ਕਿਹਾ ਕਿ ਰਾਜਲਕਸ਼ਮੀ ਬਹੁਤ ਯੋਗ ਕੁੜੀ ਹੈ ਅਤੇ ਆਪਣੀ ਪੜ੍ਹਾਈ ਵਿੱਚ ਚੰਗੀ ਹੈ। ਉਸ ਦੇ ਵਰਤਮਾਨ ਦੁੱਖ ਕਾਰਨ ਉਸਦੀ ਪੜ੍ਹਾਈ ਦਾ ਇੱਕ ਸਾਲ ਖ਼ਰਾਬ ਹੋ ਗਿਆ। ਇਸ ਪੜਾਅ ਤੇ ਮਿਸਟਰ ਜੋਸਫ਼ ਨੇ ਮਿਸਟਰ ਵੈਦਯਾਰ ਨੂੰ ਰਾਇ ਦਿੱਤੀ ਕਿ ਸ਼ਾਇਦ ਇਹ ਹਿਸਟੀਰੀਏ ਦੀ ਕਿਸਮ ਹੋਵੇ ਅਤੇ ਉਸਨੂੰ ਹੁਣ ਮਿਲ ਸਕਣ ਵਾਲੀ ਕੋਈ ਨੀਂਦ ਲਿਆਉਣ ਵਾਲੀ ਦਵਾਈ ਦਿੱਤੀ ਜਾਵੇ। ਆਓ ਆਪਾਂ ਦੋਵੇ ਕਿਸੇ ਦਿਨ ਕੁੜੀ ਨੂੰ ਵੇਖਕੇ ਆਈਏ। ਮਿਸਟਰ ਕੇਸਵਨ ਵੈਦਯਾਰ ਦੇ ਕਹਿਣ ਤੇ ਮਿਸਟਰ ਜੋਸਫ਼ ਇਸ ਗੱਲ ਲਈ ਮੰਨ ਗਏ।

ਮਿਸਟਰ ਜੋਸਫ਼ ਤੇ ਮਿਸਟਰ ਵੈਦਯਾਰ ਕੋਲੋਂ ਇਹ ਵਿਸ਼ਵਾਸ ਮਿਲਣ ਤੇ ਕਿ ਉਹ ਦੋ ਦਿਨ ਬਾਅਦ ਜ਼ਰੂਰ ਉਸਦੇ ਘਰ ਪਹੁੰਚਣਗੇ, ਮਿਸਟਰ ਮੈਨਨ ਆਪਣੇ ਘਰ ਨੇੜੇ ਕਾਰ ’ਚੋਂ ਉੱਤਰ ਗਿਆ।

**ਮਰੀ ਨਾਨੀ**

17 ਅਪ੍ਰੈਲ ਨੂੰ ਦੋਵੇਂ ਮਿਸਟਰ ਮੈਨਨ ਦੇ ਘਰ ਗਏ। ਪੜਤਾਲ ਤੋਂ ਬਾਅਦ ਉਹਨਾਂ ਨੂੰ ਇਹ ਜਾਣਕਾਰੀ ਪ੍ਰਾਪਤ ਹੋਈ।

1 ਨਵੰਬਰ 1960 ਦਾ ਦਿਨ ਸੀ, ਜਦੋਂ ਰਾਜਲਕਸ਼ਮੀ ਦੀ ਨਾਨੀ ਮਰੀ। ਅਗਲੇ ਦਿਨ ਤੋਂ ਰਾਜਲਕਸ਼ਮੀ ਨੇ ਭੈ-ਭੀਤ ਕਰਨ ਵਾਲੀਆਂ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਾਢੇ ਪੰਜ ਮਹੀਨਿਆਂ ਦੇ ਸਮੇਂ ਵਿੱਚ ਇੱਕ ਵੀ ਅਜਿਹਾ ਦਿਨ ਨਹੀਂ ਸੀ, ਜਦ ਰਾਜ ਲਕਸ਼ਮੀ ਨੇ ਚੀਕਾਂ ਨਾ ਮਾਰੀਆਂ ਹੋਣ। ਮਿਸਟਰ ਜੋਸਫ਼ ਨੇ ਰਾਜਲਕਸ਼ਮੀ ਨੂੰ ਆਪਣੇ ਕੋਲ ਸੱਦਿਆ, ਪਿਆਰ ਨਾਲ ਉਸਨੂੰ ਥਾਪੀ ਦਿੱਤੀ ਅਤੇ ਆਪਣੇ ਨੇੜੇ ਬਿਠਾ ਲਿਆ।

ਬਹੁਤ ਹੀ ਪਿਆਰ ਭਰੇ ਢੰਗਾਂ ਨਾਲ ਮਿਸਟਰ ਜੋਸਫ਼ ਨੇ ਰਾਜਲਕਸ਼ਮੀ ਨੂੰ ਪੁੱਛਿਆ ਕਿ ਉਹ ਹਰ ਰੋਜ਼ ਕਿਉਂ ਚਿਲਾਉਂਦੀ ਹੈ। ਇਸ ਗੱਲ ਦਾ ਉਸਨੇ ਸਧਾਰਨ ਜਿਹਾ ਜਵਾਬ ਦਿੱਤਾ, ‘ਡਰ’

“ਡਰ ਕਿਸੇ ਆਦਮੀ, ਜਾਨਵਰ, ਸ਼ੈ ਜਾਂ ਕਿਸੇ ਘਟਨਾ ਕਰਕੇ ਵੀ ਹੋ ਸਕਦਾ ਹੈ। ਕੀ ਤੂੰ ਮੈਨੂੰ ਦੱਸ ਸਕਦੀ ਹੈਂ ਕਿ ਕਿਸ ਚੀਜ਼ ਦਾ ਡਰ ਹੈ?” ਮਿਸਟਰ ਜੋਸਫ਼ ਨੇ ਪੁੱਛਿਆ।

ਰਾਜਲਕਸ਼ਮੀ ਨੇ ਇਸ ਦਾ ਉੱਤਰ ਦੇਣ ਵਿੱਚ ਹਿਚਕਚਾਹਰ ਮਹਿਸੂਸ ਕੀਤੀ। ਫੇਰ ਮਿਸਟਰ ਜੋਸਫ਼ ਨੇ ਕਿਹਾ, “ਕੋਈ ਕੱਟਣ ਲਈ ਆ ਰਹੇ ਕੁੱਤੇ ਤੋਂ ਡਰ ਸਕਦਾ ਹੈ ਜਾਂ ਢੁੱਡ ਮਾਰਨ ਲਈ ਆ ਰਹੇ ਬਲਦ ਤੋਂ ਡਰ ਸਕਦਾ ਹੈ। ਲੋਕ ਸੱਪਾਂ, ਹਾਥੀਆਂ ਜਾਂ ਕਾਲਪਨਿਕ ਭੂਤਾਂ ਤੋਂ ਵੀ ਡਰ ਜਾਂਦੇ ਨੇ। ਕੀ ਤੂੰ ਮੈਨੂੰ ਦਸ ਸਕਦੀ ਹੈਂ ਕਿ ਤੈਨੂੰ ਜਿਹੜੀ ਚੀਜ਼ ਡਰਾਉਂਦੀ ਹੈ।”

“ਮੈਂ ਇਸ ਲਈ ਚੀਕ ਮਾਰਦੀ ਹਾਂ, ਕਿਉਂਕਿ ਮੈਂ ਆਪਣੇ ਆਪ ਨੂੰ ਹਵਾ ਵਿੱਚ ਉੱਪਰ ਵੱਲ ਉੱਠਦੀ ਮਹਿਸੂਸ ਕਰਦੀ ਹਾਂ।”

“ਕੀ ਤੂੰ ਇਹ ਮਹਿਸੂਸ ਕਰਦੀ ਹੈਂ ਕਿ ਜਿਸ ਉਚਾਈ ਤੱਕ ਤੂੰ ਉੱਠੀ ਹੈਂ, ਉਥੋਂ ਡਿੱਗ ਪਵੇਂਗੀ”, ਮਿਸਟਰ ਜੋਸਫ਼ ਨੇ ਪੁੱਛਿਆ।

“ਨਹੀਂ, ਮੈਂ ਆਪਣੀਆਂ ਅੱਖਾਂ ਅੱਗੇ ਹਨੇਰਾ ਵੇਖਦੀ ਹਾਂ, ਜਦ ਮੈਂ ਹਨੇਰਾ ਵੇਖਦੀ ਹਾਂ ਤਾਂ ਡਰ ਜਾਂਦੀ ਹਾਂ।”

“ਤੂੰ ਹਨੇਰੇ ਤੋਂ ਕਿਉਂ ਡਰਦੀ ਹੈਂ ? ਅਸੀਂ ਸਾਰੇ ਰੋਜ਼ ਹਨੇਰਾ ਵੇਖਦੇ ਹਾਂ”, ਕੀ ਤੂੰ ਨਾਨੀ ਦੀ ਮੌਤ ਤੋਂ ਪਹਿਲਾਂ ਹਨੇਰਾ ਨਹੀਂ ਸੀ ਵੇਖਦੀ ? ਉਸਦੀ ਮੌਤ ਤੋਂ ਪਹਿਲਾਂ ਤੈਨੂੰ ਹਨੇਰੇ ਤੋਂ ਕੋਈ ਅਜਿਹਾ ਡਰ ਨਹੀਂ ਸੀ ਲਗਦਾ ?”

“ਮੈਨੂੰ ਡਰਾਉਣ ਲਈ ਉਹ ਉਸ ਕਿਤਾਬ ਦੇ ਪੰਨੇ ਨੂੰ ਖੁੱਲ੍ਹਾ ਰੱਖ ਰਿਹਾ ਹੈ। ਰਾਜ ਲਕਸ਼ਮੀ ਨੇ ਤਿੰਨ ਗਜ਼ ਦੀ ਦੂਰੀ ਤੇ ਬੈਠੇ ਪੁਸਤਕ ਪੜ੍ਹ ਰਹੇ ਆਪਣੇ ਛੋਟੇ ਭਰਾ ਵੱਲ ਇਸ਼ਾਰਾ ਕਰਦੇ ਹੋਏ ਕਿਹਾ।

**ਯਮ ਦੀ ਤਸਵੀਰ**

ਮਿ. ਜੋਸਫ਼ ਨੇ ਖੁਲ੍ਹੀ ਕਿਤਾਬ ਛੋਟੇ ਮੁੰਡੇ ਤੋਂ ਲੈ ਲਈ। ਖੁੱਲ੍ਹੇ ਪੰਨੇ ਤੇ ਝੋਟੇ ਉਪਰ ਬੈਠੇ ਯਮ ਦੀ ਤਸਵੀਰ ਸੀ, ਜਿਸ ਨੇ ਖੱਬੇ ਹੱਥ ਵਿੱਚ ਤ੍ਰਿਸ਼ੂਲ ਅਤੇ ਸੱਜੇ ਹੱਥ ਵਿਚ ਫੰਧੇ ਵਾਲਾ ਰੱਸਾ ਫੜਿਆ ਸੀ ਅਤੇ ਇਸਨੂੰ ਸਤਿਆਵਾਨ ਦੇ ਗਲ ’ਚ ਪਾਉਣ ਵਾਲੀ ਮੁਦਰਾ ’ਚ ਸੀ। ਤਸਵੀਰ ਦੇ ਹੇਠਾਂ ਇਹ ਸ਼ਬਦ ਲਿਖੇ ਸਨ- “ਯਮ ਸਤਿਆਵਾਨ ਨੂੰ ਆਪਣੇ ਯਮਲੋਕ ਵਿੱਚ ਲੈ ਜਾਣ ਲਈ ਉਸਦੇ ਗਲ ਵਿੱਚ ਫੰਧਾ ਪਾ ਰਿਹਾ ਹੈ।”

“ਮੈਨੂੰ ਇਸ ਤਸਵੀਰ ਤੋਂ ਡਰ ਲੱਗਦਾ ਹੈ। ਮੈਨੂੰ ਇਹ ਨਾ ਦਿਖਾਓ। ਮੈਂ ਇਹ ਦੇਖ ਲਈ ਤਾਂ ਮੈਂ ਫਿਰ ਚੀਕਾਂ ਮਾਰਾਂਗੀ ਤੇ ਬੇਹੋਸ਼ ਹੋ ਜਾਵਾਂਗੀ” ਰਾਜਲਕਸ਼ਮੀ ਨੇ ਕਿਹਾ।

“ਤੂੰ ਇਹ ਤਸਵੀਰ ਨੂੰ ਦੇਖਣ ਤੋਂ ਕਿਉਂ ਡਰਦੀ ਹੈਂ? ਇਹ ਸੱਚੀ ਕਹਾਣੀ ਨਹੀਂ ਹੈ”, ਮਿਸਟਰ ਜੋਸਫ਼ ਨੇ ਕਿਹਾ।

"ਜਦੋਂ ਮੇਰੀ ਨਾਨੀ ਗੰਭੀਰ ਬੀਮਾਰ ਸੀ", ਰਾਜਲਕਸ਼ਮੀ ਨੇ ਕਿਹਾ, "ਸਾਡੇ ਲੋਕਾਂ ਨੇ ਉਸਨੂੰ ਬਿਸਤਰੇ ਤੋਂ ਲਾਹ ਲਿਆ ਅਤੇ ਉਸਨੂੰ ਹੇਠਾਂ ਫਰਸ਼ ਤੇ ਲਿਟਾ ਦਿੱਤਾ। ਇਹ ਜ਼ਾਲਮ ਕੰਮ ਉਹਨਾਂ ਨੇ ਉਦੋਂ ਕੀਤਾ, ਜਦੋਂ ਉਹ ਆਖਰੀ ਸਾਹ ਲੈਣ ਲਈ ਘੋਲ ਕਰ ਰਹੀ ਸੀ। ਜਲਦੀ ਹੀ ਉਹ ਮਰ ਗਈ। ਨਾਨੀ ਦੀ ਮੌਤ ਤੋਂ ਬਾਅਦ ਮੈਂ ਬਹੁਤ ਚਿਲਾਈ। ਫੇਰ ਮੇਰੀ ਮਾਮੀ ਨੇ ਮੈਨੂੰ ਦੱਸਿਆ ਕਿ ਤੇਰੀ ਨਾਨੀ ਨੂੰ ਯਮ ਦੱਖਣ ਵਿੱਚ ਆਪਣੇ ਦੇਸ਼ ਲੈ ਗਿਆ ਹੈ, ਹੋਰ ਚਿਲਾਉਣ ਦੀ ਲੋੜ ਨਹੀਂ।"

ਮਿਸਟਰ ਮੈਨਨ ਦੇ ਅੱਠ ਬੱਚੇ ਹਨ। ਸੱਤ ਲੜਕੇ ਤੇ ਰਾਜਲਕਸ਼ਮੀ ਇਕੋ ਕੁੜੀ। ਉਹ ਆਪਣੀ ਨਾਨੀ ਦੀ ਲਾਡਲੀ ਸੀ। ਰਾਜਲਕਸ਼ਮੀ ਆਪਣੀ ਨਾਨੀ ਨੂੰ ਇਨ੍ਹਾਂ ਚਾਹੁੰਦੀ ਸੀ ਕਿ ਉਸਨੇ ਬੁੱਢੀ ਔਰਤ ਦੀ ਮੌਤ ਨੂੰ ਦਿਲ ਤੇ ਲਾ ਲਿਆ। ਉਸਨੂੰ ਆਪਣੀ ਨਾਨੀ ਦੇ ਮਰਨ ਤੋਂ ਪਹਿਲਾਂ ਉਸਨੂੰ ਧਰਤੀ ਤੇ ਲਿਟਾਉਣ ਦੇ ਦ੍ਰਿਸ਼ ਨੂੰ ਦੇਖ ਕੇ ਸਦਮਾ ਲੱਗਾ।

ਮਿਸਟਰ ਜੋਸਫ਼, ਜੋ ਕਿ ਮਨੋਵਿਗਿਆਨੀ ਵੀ ਹੈ, ਨੂੰ ਆਸੇ ਪਾਸਿਉਂ ਪਤਾ ਲੱਗਾ ਕਿ ਚੀਕਾਂ ਮਾਰਨੀਆਂ ਸ਼ੁਰੂ ਕਰਨ ਤੋਂ ਪਹਿਲਾਂ ਰਾਜਲਕਸ਼ਮੀ ਜਿਹੜਾ ਹਨੇਰਾ ਦੇਖਦੀ ਸੀ, ਉਹ ਯਮ ਦਾ ਭਰਮ-ਪੂਰਨ ਚਿੱਤਰ ਸੀ, ਜਿਹੜਾ ਕਿ ਉਸਦੀ ਨਾਨੀ ਵਾਂਗ ਉਸਨੂੰ ਵੀ ਲੈਣ ਆ ਰਿਹਾ ਦਿਖਾਈ ਦਿੰਦਾ ਸੀ। ਉਸ ਦੀ ਹਵਾ ਵਿੱਚ ਉਠਣ ਦੀ ਭਾਵਨਾ ਯਮ ਦੁਆਰਾ ਉਸਦੇ ਗਲ ਵਿੱਚ ਫੰਧਾ ਪਾ ਕੇ ਉਪੱਰ ਚੁੱਕਣ ਦੇ ਮਾਨਸਿਕ ਅਨੁਭਵ ਦੇ ਸਿੱਟੇ ਵਜੋਂ ਪੈਦਾ ਹੋਈ ਸੀ।

ਮਿਸਟਰ ਜੋਸਫ਼ ਨੇ ਇਸ ਗੱਲ ਦੀ ਵਿਆਖਿਆ ਕੀਤੀ ਕਿ ਯਮ, ਸ਼ੈਤਾਨ, ਦੇਵਤੇ, ਭੂਤਾਂ ਤੇ ਭੈੜੀਆਂ ਰੂਹਾਂ ਦੀ ਅਸਲ ਵਿੱਚ ਕੋਈ ਹੋਂਦ ਨਹੀਂ ਹੈ। ਇਹ ਸਭ ਮੂਰਖ ਲੋਕਾਂ ਦੇ ਦਿਮਾਗ ਦੀ ਪੈਦਾਵਾਰ ਹਨ। ਕਿਉਂਕਿ ਮਿ. ਜੋਸਫ਼ ਨੂੰ ਇੱਕ ਅਜਿਹੀ ਕੁੜੀ ਨੂੰ ਜਿਹੜੀ ਕਿ ਮਿਥਿਹਾਸਕ ਵਿਸ਼ਵਾਸਾਂ ਵਿੱਚ ਪਲੀ ਸੀ, ਗੱਲ ਜਚਾਉਣੀ ਮੁਸ਼ਕਲ ਲੱਗ ਰਹੀ ਸੀ, ਇਸ ਲਈ ਉਸਨੇ ਕੁੜੀ ਨੂੰ ਪੁੱਛਿਆ ਕਿ ਕੀ ਉਸਨੇ ਬਘਿਆੜ ਤੇ ਲੇਲੇ ਵਾਲੀ ਕਹਾਣੀ ਸੁਣੀ ਹੈ ? ਰਾਜਲਕਸ਼ਮੀ ਨੇ ਕਿਹਾ ਕਿ ਉਹ ਜਾਣਦੀ ਹੈ।

ਫਿਰ ਮਿਸਟਰ ਜੋਸਫ਼ ਨੇ ਰਾਜਲਕਸ਼ਮੀ ਨੂੰ ਕਹਾਣੀ ਸੁਣਾਉਣ ਲਈ ਕਿਹਾ। ਜਦ ਉਹ ਕਹਾਣੀ ਸੁਣਾ ਹਟੀ ਤਾਂ ਮਿਸਟਰ ਜੋਸਫ਼ ਨੇ ਪੁੱਛਿਆ ਕਿ ਕੀ ਬਘਿਆੜ ਤੇ ਲੇਲੇ ਬੋਲ ਸਕਦੇ ਹਨ। ਇਸ ਦਾ ਉੱਤਰ ਉਸਨੇ ਨਾਂਹ ਵਿੱਚ ਦਿੱਤਾ। ਫਿਰ ਮਿਸਟਰ ਜੋਸਫ਼ ਨੇ ਇਸ ਗੱਲ ਦੀ ਵਿਆਖਿਆ ਕੀਤੀ ਕਿ ਬਘਿਆੜ ਤੇ ਲੇਲੇ ਦੀ ਕਹਾਣੀ ਵਾਂਗ ਯਮ ਦੇ ਮਾਰਨ ਲਈ ਆਉਣ ਅਤੇ ਮਨੁੱਖਾਂ ਨੂੰ ਲਿਜਾਣ ਵਾਲੀ ਕਹਾਣੀ ਵੀ ਕਾਲਪਨਿਕ ਹੈ।

ਮਿਸਟਰ ਜੋਸਫ਼ ਨੇ ਵਿਆਖਿਆ ਕਰਦੇ ਹੋਏ ਕਿਹਾ ਕਿ ਬਘਿਆੜ ਤੇ ਲੇਲੇ ਦੀ ਕਹਾਣੀ ਕਾਲਪਨਿਕ ਸੀ, ਜਿਹੜੀ ਕਿ ਇਹ ਦਰਸਾਉਣ ਲਈ ਲਿਖੀ ਗਈ ਸੀ ਕਿ ਬਦਮਾਸ਼ ਲੋਕ ਫੋਕੇ ਬਹਾਨਿਆਂ ਨਾਲ ਕਿਵੇਂ ਭੋਲੇ ਭਾਲੇ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜਿਸ ਤਰ੍ਹਾਂ ਇੱਥੇ ਕੋਈ ਗੱਲ ਕਰਨ ਵਾਲੇ ਬਘਿਆੜ ਲੇਲੇ ਨਹੀਂ ਹਨ, ਇਸ ਪ੍ਰਕਾਰ ਮਰ ਰਹੇ ਲੋਕਾਂ ਦੇ ਗਲਾਂ ਦੁਆਲੇ ਰੱਸੀਆਂ ਪਾਉਣ ਵਾਲਾ ਕੋਈ ਯਮ ਨਹੀਂ ਹੈ।

ਇੱਕ ਯੋਗ ਲੜਕੀ ਹੋਣ ਕਰਕੇ ਲਕਸ਼ਮੀ ਮਿਸਟਰ ਜੋਸਫ਼ ਦੀ ਵਿਆਖਿਆ ਨੂੰ ਚੰਗੀ ਤਰ੍ਹਾਂ ਸਮਝ ਗਈ। ਉਸਨੇ ਆਪਣੇ ਅੰਦਰ ਅਜਿਹਾ ਵਿਸ਼ਵਾਸ ਪੈਦਾ ਕਰ ਲਿਆ ਕਿ ਉਸਨੇ ਮਿ. ਜੋਸਫ਼ ਦੇ ਹੱਥੋਂ ਕਿਤਾਬ ਫੜ੍ਹ ਲਈ ਅਤੇ ਕੁਝ ਚਿਰ ਤਸਵੀਰ ਵੱਲ ਧਿਆਨ ਨਾਲ ਵੇਖਿਆ ਅਤੇ ਕਿਹਾ, "ਇਨ੍ਹਾਂ ਸਾਰੇ ਦਿਨਾਂ ਦੌਰਾਨ ਮੈਂ ਇਸ ਪ੍ਰਭਾਵ ਹੇਠ ਰਹੀ ਕਿ ਇਹ ਇੱਕ ਸੱਚੀ ਕਹਾਣੀ ਸੀ।" ਹੁਣ ਮੈਂ ਇਹ ਨਹੀਂ ਸੋਚਦੀ ਕਿ ਮੈਂ ਹੁਣ ਹੋਰ ਚੀਕਾਂ ਮਾਰਾਂਗੀ।

ਦੋ ਦਿਨਾਂ ਬਾਅਦ ਮਿ. ਜੋਸਫ਼, ਮਿਸਟਰ ਮੈਨਨ ਦੇ ਘਰ ਦੁਬਾਰਾ ਗਿਆ। ਰਾਜਲਕਸ਼ਮੀ ਨੇ ਮੁਸਕਰਾਉਂਦੇ ਹੋਏ ਉਸਦਾ ਸੁਆਗਤ ਕੀਤਾ ਅਤੇ ਕਿਹਾ, "ਸ਼੍ਰੀ ਮਾਨ ਜੀ, ਮੈਂ ਕੱਲ੍ਹ ਤੇ ਪਰਸੋਂ ਚੀਕਾਂ ਨਹੀਂ ਮਾਰੀਆਂ। ਸ਼ੁਕਰਗੁਜਾਰ ਮਾਪੇ ਅੱਗੇ ਆਏ, ਪਰੰਤੂ ਉਸ ਮਾਨਸਿਕ ਤਕਲੀਫ਼ ਦਾ ਮੁਕੰਮਲ ਇਲਾਜ ਕਰਨ ਕਰਕੇ, ਜਿਸ ਤੋਂ ਕਿ ਉਹਨਾਂ ਦੀ ਇਕਲੌਤੀ ਬੇਟੀ, ਸਾਢੇ ਪੰਜ ਮਹੀਨੇ ਤੋਂ ਦੁੱਖ ਉਠਾ ਰਹੀ ਸੀ, ਯੋਗ ਸ਼ਬਦ ਨਾ ਲੱਭ ਸਕੇ।

**ਵਰਨਣ**

ਸਾਰੇ ਪਛੜੇ ਦੇਸ਼ਾਂ ਵਾਂਗ ਕੇਰਲਾ ਵਿੱਚ ਵੀ ਹਿੰਦੂਆਂ ਦੁਆਰਾ ਕੁਝ ਮੂਰਖਤਾ ਪੂਰਣ ਅਤੇ ਅਣਮਨੁੱਖੀ ਰਸਮਾਂ ਕੀਤੀਆਂ ਜਾਂਦੀਆਂ ਹਨ, ਜਦ ਕਿ ਕੋਈ ਮਨੁੱਖ ਮਰਨ ਲਗਦਾ ਹੈ ਤਾਂ ਮਰ ਰਹੇ ਮਨੁੱਖ ਨੂੰ ਬਿਸਤਰੇ ਤੋਂ ਲਾਹ ਲਿਆ ਜਾਂਦਾ ਹੈ ਅਤੇ ਹੇਠਾਂ ਫਰਸ਼ ਉੱਪਰ ਇਕ ਚਿਟਾਈ ਤੇ ਜਾਂ ਦਰੱਖਤਾਂ ਦੇ ਪੱਤਿਆਂ ਤੇ ਦੱਖਣ ਵੱਲ ਖੁੱਲਣ ਵਾਲੇ ਬੂਹੇ ਪਾਸੇ ਲਿਟਾ ਦਿੱਤਾ ਜਾਂਦਾ ਹੈ। ਇਹ ਰਸਮ ਇਕ ਮੂਰਖਤਾ ਪੂਰਣ ਵਿਸ਼ਵਾਸ ਚੋਂ ਨਿਕਲੀ ਹੈ ਕਿ ਮੌਤ ਦੇ ਦੇਵਤੇ ਯਮ ਰਾਜ ਦਾ ਘਰ ਦੱਖਣ ਵਿਚ ਹੈ ਅਤੇ ਉਸਨੂੰ ਮਰ ਰਹੇ ਆਦਮੀ ਦੀ ਰੂਹ ਨੂੰ ਲਿਜਾਣ ਲਈ ਪੂਰੀਆਂ ਸਹੂਲਤਾਂ ਦਿੱਤੀਆਂ ਜਾਣ। ਜੇਕਰ, ਕਿਸੇ ਕਾਰਨ ਕੋਈ ਆਦਮੀ ਬੂਹੇ ਦੀ ਸੇਧ ਵੱਲ ਨਹੀਂ ਮਰਦਾ ਤਾਂ ਦੱਖਣੀ ਪਾਸੇ ਵਾਲੀ ਕੰਧ ਜਾਂ ਕੰਧਾਂ ਨੂੰ 'ਢਾਹੁਣਾ ਪੈਂਦਾ ਹੈ ਤਾਂ ਕਿ ਮੁਰਦੇ ਨੂੰ ਉਸਦਾ ਸੰਸਕਾਰ ਕਰਨ ਲਈ ਸਿੱਧਾ ਦੱਖਣ ਵਾਲੇ ਪਾਸੇ ਲਿਜਾਇਆ ਜਾ ਸਕੇ।

ਇਸ ਜਿੰਨਾ ਹੀ ਮੂਰਖਤਾ ਭਰਿਆ ਇਕ ਹੋਰ ਅਮਲ, ਜੋ ਉਹ ਕਰਦੇ ਹਨ, ਉਹ ਸਮਝਣਾ ਹੈ ਕਿ ਹਰ ਇੱਕ ਉਹ ਚੀਜ਼ ਜਿਹੜੀ ਮੁਰਦੇ ਦੇ ਸੰਪਰਕ 'ਚ ਆ ਜਾਂਦੀ ਹੈ ਉਹ ਅਸ਼ੁੱਧ ਤੇ ਗੰਦੀ ਹੋ ਜਾਂਦੀ ਹੈ। ਉਹ ਇਸ ਤਰ੍ਹਾਂ ਦੀਆਂ ਸਾਰੀਆਂ ਚੀਜ਼ਾਂ ਲਾਸ਼ ਨਾਲ ਹੀ ਸਾੜ ਦਿੰਦੇ ਹਨ। ਇਹ ਕੁਝ ਉਸ ਕੀਮਤੀ ਚਟਾਈ ਨੂੰ ਜਲਣ ਤੋਂ ਬਚਾਉਣਾ ਹੈ ਜਿਸ ਤੇ ਮੁਰਦੇ ਨੂੰ ਆਖਰੀ ਸਾਹ ਲੈਣ ਤੋਂ ਪਹਿਲਾਂ ਪਾਇਆ ਜਾਂਦਾ ਹੈ। ਉਹ ਇਹ ਵੀ ਸਮਝਦੇ ਹਨ ਕਿ ਜਿਸ ਘਰ ਵਿੱਚ ਮੌਤ ਹੋਈ ਹੈ, ਉਸ ਘਰ ਦੇ ਸਾਰੇ ਜੀਅ 15 ਦਿਨਾਂ ਲਈ ਅਪਵਿੱਤਰ ਅਤੇ ਅਸ਼ੁੱਧ ਹੋ ਜਾਂਦੇ ਹਨ। ਉਹ ਕੇਵਲ 16ਵੇਂ ਦਿਨ ਤੋਂ ਬਾਅਦ ਹੀ ਸ਼ੁੱਧੀਕਰਨ ਦੀ ਰਸਮ ਤੋਂ ਬਾਅਦ ਹੀ ਸ਼ੁੱਧ ਹੁੰਦੇ ਹਨ। ਇਸ ਅਪਵਿੱਤਰ ਸਮੇਂ ਦੇ ਅਰਸੇ ਦੌਰਾਨ ਮਰੇ ਆਦਮੀ ਦੇ ਸਾਰੇ ਮੈਂਬਰ ਕਿਸੇ ਵੀ ਸਮਾਜਿਕ ਸਮਾਗਮ ਵਿੱਚ ਹਿੱਸਾ ਨਹੀਂ ਲੈ ਸਕਦੇ। ਜੇਕਰ ਉਨ੍ਹਾਂ ਚੋਂ ਕੋਈ ਇਹਨਾਂ 15 ਦਿਨਾਂ ਦੌਰਾਨ ਕਿਸੇ ਨੂੰ ਛੂਹ ਜਾਵੇ ਤਾਂ ਉਹ ਆਦਮੀ ਵੀ ਦੂਸ਼ਿਤ ਹੋ ਜਾਂਦਾ ਹੈ ਅਤੇ ਉਸਨੂੰ ਸ਼ੁੱਧ ਹੋਣਾ ਪੈਂਦਾ ਹੈ। ਸਕੂਲ ਜਾਣ ਵਾਲੇ ਬੱਚੇ ਜਿਹਨਾਂ ਦੇ ਰਿਸ਼ਤੇਦਾਰ ਮਰ ਜਾਂਦੇ ਹਨ, ਉਹਨਾਂ ਨੂੰ ਸਕੂਲ ਜਾਣ ਤੋਂ ਰੋਕ ਦਿੱਤਾ ਜਾਂਦਾ ਤਾਂ ਕਿ ਅਜਿਹਾ ਨਾ ਹੋਵੇ ਕਿ ਉਹ ਦੂਸਰੇ ਬੱਚਿਆਂ ਨੂੰ ਦੂਸ਼ਿਤ ਕਰ ਦੇਣ।

ਰਾਜਲਕਸ਼ਮੀ ਦਾ ਸੰਵੇਦਨਸ਼ੀਲ ਦਿਮਾਗ ਉਸਦੀ ਪਿਆਰੀ ਨਾਨੀ ਨੂੰ ਅਜਿਹੇ ਵੇਲੇ ਬਿਸਤਰੇ ਤੋਂ ਲਾਹੁਣ, ਜਦ ਕਿ ਉਹ ਆਖਰੀ ਸਾਹ ਲੈਣ ਲਈ ਦੁਖਦਾਈ ਘੋਲ ਕਰ ਰਹੀ ਸੀ, ਦੇ ਦ੍ਰਿਸ਼ ਨਾਲ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਉਸਦੀ ਨਾਨੀ ਦੀ ਮੌਤ ਸਮੇਂ ਵੱਡਿਆਂ ਦੁਆਰਾ ਕੀਤੀ ਗਈ ਕਾਰਵਾਈ, ਆਪਣੇ ਰਹਿਣ ਵਾਲੇ ਬਾਗ਼ ਵਿਚ ਹੀ ਉਸਦਾ ਅੰਤਿਮ ਸੰਸਕਾਰ ਕਰਨਾ ਤੇ ਨਾਲ ਇਕ ਹੋਰ ਗੱਲ ਰਲ ਗਈ ਜੋ ਉਸਦੀ ਮਾਮੀ ਨੇ ਦੱਸੀ ਸੀ। ਇਨ੍ਹਾਂ ਗੱਲਾਂ ਨੇ ਰਾਜਲਕਸ਼ਮੀ ਅੰਦਰ ਇਹ ਵਿਸ਼ਵਾਸ ਬਿਠਾ ਦਿੱਤਾ ਕਿ ਦੱਖਣ ਵਿਚ ਆਪਣੇ ਦੇਸੋਂ ਯਮ ਮਰ ਰਹੇ ਆਦਮੀਆਂ ਦੀ ਰੂਹ ਲੈਣ ਲਈ ਆਉਂਦਾ ਹੈ। ਇਸ ਯਕੀਨ ਦੀ ਹੋਰ ਪੁਸ਼ਟੀ ਉਸ ਦੁਆਰਾ ਮਲਿਆਲਮ ਪੁਸਤਕ ਵਿੱਚੋਂ ਸਕੂਲ ਵਿਚ ਪੜ੍ਹੇ ਪਾਠ ਨੇ ਕਰ ਦਿੱਤੀ।

ਮਲਿਆਲਮ ਪੁਸਤਕ ਵਿੱਚ 'ਪੱਢਾਵਾਲੀ' ਭਾਗ ਤੀਜੇ 'ਚ 42 ਸਫੇ ਤੇ 'ਮੌਤ ਵੀ ਜਿੱਤੀ ਜਾ ਸਕਦੀ ਹੈ' ਸਿਰਲੇਖ ਵਾਲਾ ਇਕ ਪਾਠ ਹੈ। ਇਹ ਸਤਿਆਵਾਨ ਅਤੇ ਸਵਿੱਤਰੀ ਦੀ ਕਹਾਣੀ ਵਿੱਚੋਂ ਇਕ ਘਟਨਾ ਸੀ। ਕਿਹਾ ਜਾਂਦਾ ਹੈ ਨਾਰਦਮੁਨੀ ਨੇ ਸਤਿਆਵਾਨ ਨੂੰ ਦੱਸਿਆ ਕਿ ਠੀਕ ਇਕ ਸਾਲ ਬਾਦ ਇਕ ਸ਼ਾਮ ਨੂੰ ਉਸਦੀ ਮੌਤ ਹੋ ਜਾਵੇਗੀ। ਸਤਿਆਵਾਨ ਨੂੰ ਮਾਰਨ ਅਤੇ ਉਸਦੀ ਰੂਹ ਨੂੰ ਆਪਣੇ ਨਾਲ ਲੈ ਜਾਣ ਲਈ ਯਮ ਦਾ ਝੋਟੇ ਤੇ ਸਵਾਰ ਹੋ ਕੇ ਨਿਸ਼ਚਿਤ ਦਿਨ ਆਉਣ ਦਾ ਇਸ ਕਿਤਾਬ ਵਿਚਲੀ ਤਸਵੀਰ ਵਿਚ ਵਰਨਣ ਕੀਤਾ ਗਿਆ ਹੈ। ਪਰੰਤੂ ਯਮ ਅੱਗੇ ਸਤਿਆਵਾਨ ਦੀ ਸ਼ਰਧਾਲੂ ਪਤਨੀ ਦੁਆਰਾ ਦਲੀਲ ਨਾਲ ਪੈਰਵੀ ਕਾਰਨ ਉਸਨੇ ਸਤਿਆਵਾਨ ਦੀ ਜ਼ਿੰਦਗੀ ਬਖਸ਼ ਦਿੱਤੀ ਤੇ ਚਲਾ ਗਿਆ। ਲੇਖਕ ਦੁਆਰਾ ਇਹ ਕਹਾਣੀ ਇਕ ਪਤਨੀ ਦੀ ਆਪਣੇ ਪਤੀ ਪ੍ਰਤੀ ਭਗਤੀ ਦੀ ਕੀਮਤ ਉਪਰ ਜ਼ੋਰ ਦੇਣ ਲਈ ਲਿਖੀ ਗਈ ਹੈ।

ਰਾਜਲਕਸ਼ਮੀ ਦੇ ਸੰਵੇਦਨਸ਼ੀਲ ਦਿਮਾਗ ਲਈ ਪੰਜ ਵਜੇ Conditional Reflex. ਪ੍ਰਭਾਵ ਦੇ ਸਿੱਟੇ ਵਜੋਂ ਹਰ ਰੋਜ਼ ਉਸੇ ਸਮੇਂ ਮੂਰਛਿਤ ਹੋ ਜਾਂਦੀ। ਉਸਦੇ ਭਰਮ ਮੁਤਾਬਕ ਪੰਜ ਵਜੇ ਸ਼ਾਮ ਦਾ ਸਮਾਂ ਯਮ ਦੇ ਪਹੁੰਚਣ ਦਾ ਸਮਾ ਸੀ। ਆਪਣੇ ਅੱਗੇ ਜੋ ਉਹ ਹਨ੍ਹੇਰਾ ਵੇਖਦੀ ਸੀ, ਉਹ ਯਮ ਦੀ ਭਰਮਜਨਕ ਮੂਰਤ ਸੀ। ਉਸਦਾ ਅਨੁਮਾਨ ਸੀ ਕਿ ਉਸਦੀ ਨਾਨੀ ਵਾਂਗ ਉਸਨੂੰ ਵੀ ਯਮ ਲੈ ਜਾਵੇਗਾ। ਇਹ ਉਸਦੇ ਚੀਕਾਂ ਮਾਰਨ ਦਾ ਅਸਲ ਕਾਰਨ ਸੀ, ਨਾ ਕਿ ਉਸਦੀ ਨਾਨੀ ਦੀ ਰੂਹ ਜਾਂ ਕਿਸੇ ਹੋਰ ਦੀ ਰੂਹ ਦਾ ਚਿੰਬੜਨਾ। ਇਹ ਡਰ ਉਸਦੇ ਮਨ ਤੋਂ ਉਦੋਂ ਅਲੋਪ ਹੋ ਗਿਆ, ਜਦ ਉਸਨੂੰ ਇਹ ਗੱਲ ਜਚ ਗਈ ਕਿ ਯਮ ਦੀ ਕਹਾਣੀ ਸਿਰਫ ਮੂਰਖਤਾ ਸੀ।

ਉਹ ਲੇਖਕ, ਜਿਹੜੇ ਬੱਚਿਆਂ ਲਈ ਅਜਿਹੀਆਂ ਕਿਤਾਬਾਂ ਲਿਖਦੇ ਹਨ, ਇਹ ਮਹਿਸੂਸ ਨਹੀਂ ਕਰਦੇ ਕਿ ਆਪਣੀਆਂ ਕਹਾਣੀਆਂ ਵਿੱਚ ਸ਼ੈਤਾਨਾਂ ਵਰਗੇ ਹੋਂਦ-ਰਹਿਤ ਪਾਤਰਾਂ ਨੂੰ ਪੇਸ਼ ਕਰਕੇ ਬੱਚਿਆਂ ਨੂੰ ਕਿੰਨਾ ਨੁਕਸਾਨ ਪੁਚਾ ਰਹੇ ਹਨ। ਭਾਵੇਂ ਇਹ ਬਾਲਗਾਂ ਦੇ ਪੜ੍ਹਨ ਲਈ ਦਿਲਚਸਪ ਹੋ ਸਕਦੀ ਹੈ, ਪਰ ਬੱਚਿਆਂ ਦੇ ਸੂਖਮ ਦਿਮਾਗਾਂ ਤੇ ਡਰਾਉਂਦੇ ਪ੍ਰਭਾਵਾਂ ਨੂੰ ਰੋਕਣ ਲਈ ਇਨ੍ਹਾਂ ਨੂੰ ਛੱਡ ਦੇਣਾ ਹੀ ਠੀਕ ਹੈ। ਛੋਟਿਆਂ ਬੱਚਿਆਂ ਨੂੰ ਡਰਾਉਣੇ ਸੁਪਨੇ ਆਉਣਾ, ਉਹਨਾਂ ਦੇ ਮਨਾਂ ਅੰਦਰ ਭੂਤਾਂ, ਪਰੀਆਂ, ਸ਼ੈਤਾਨਾਂ, ਬੁਰੀਆਂ ਰੂਹਾਂ, ਜਿੰਨਾ, ਦਿਉਆਂ, ਰਾਕਸ਼ਾਂ, ਦੇਵਤਿਆਂ ਦੀਆਂ ਕਹਾਣੀਆਂ ਦਾ ਘੁਸੜਨਾ ਅਤੇ ਜਾਦੂਆਂ, ਸਰਾਪਾਂ, ਬੁਰੀਆਂ ਨਜ਼ਰਾਂ, ਕਬੋਲਾਂ ਵਾਸਕਵੀ, ਭੈੜੇ ਸ਼ਗਨਾਂ, ਅਸ਼ੁੱਭ ਲਗਨਾਂ ਦੇ ਭੈੜੇ ਅਸਰਾਂ ਦਾ ਸਿੱਟਾ ਹਨ। ਆਧੁਨਿਕ ਵਿਗਿਆਨੀ ਬੱਚਿਆਂ ਲਈ ਅਜਿਹੇ ਮੂਰਖਤਾ ਭਰੇ ਅਤੇ ਨੁਕਸਾਨਦਾਇਕ ਵਿਸ਼ਿਆਂ ਨੂੰ ਕਿਤਾਬਾਂ ਵਿੱਚ ਸ਼ਾਮਲ ਕਰਨ ਤੇ ਇਤਰਾਜ਼ ਕਰਦੇ ਹਨ।

ਜਿਸ ਤਰ੍ਹਾਂ ਕਿ ਉਹਨਾਂ ਬੱਚਿਆਂ ਵਿੱਚ ਬਨਾਉਟੀ ਬੁਖਲਾਹਟ ਪੈਦਾ ਹੋ ਸਕਦੀ ਹੈ, ਜਿਨਾਂ ਨੂੰ ਖੱਬਾ ਹੱਥ ਵਰਤਣ ਦੀ ਆਦਤ ਹੁੰਦੀ ਹੈ ਤਾਂ ਮੂਰਖ ਵੱਡੇ ਉਹਨਾਂ ਨੂੰ ਖਾਣ ਲਈ ਅਤੇ ਲਿਖਣ ਲਈ ਸੱਜਾ ਹੱਥ ਵਰਤਣ ਲਈ ਮਜ਼ਬੂਰ ਕਰਦੇ ਹਨ। ਮੂਰਖ ਵੱਡਿਆਂ ਵੱਲੋਂ ਬੱਚਿਆਂ ਨੂੰ ਸ਼ੈਤਾਨਾਂ ਤੇ ਦੇਵਤਿਆਂ ਬਾਰੇ ਉਹਨਾਂ ਨੂੰ ਨਾਰਾਜ਼ ਕਰ ਲੈਣ ਤੇ ਉਹਨਾਂ ਵੱਲੋਂ ਸਜ਼ਾ ਮਿਲਣ

ਜਿਹੀਆਂ ਕਾਲਪਨਿਕ ਕਹਾਣੀਆਂ ਦੱਸ ਕੇ ਉਹਨਾਂ ਦੇ ਮਨਾਂ ਅੰਦਰ ਬਨਾਉਟੀ ਡਰ ਪੈਦਾ ਕੀਤੇ ਜਾਂਦੇ ਹਨ। ਮਾਨਸਿਕ ਰੋਗਾਂ ਦੇ ਹਸਪਤਾਲਾਂ 'ਚੋਂ ਰੋਗੀਆਂ ਦੇ ਅੰਕੜਿਆਂ ਤੋਂ ਸਹਿਜੇ ਹੀ ਸਿੱਧ ਹੋ ਗਿਆ ਹੈ ਕਿ ਮਾਨਸਿਕ ਰੋਗੀਆਂ (Neurotic) 'ਚੋਂ ਵਧੇਰੇ ਉਹਨਾਂ ਦੇ ਬਚਪਨ ਦੌਰਾਨ ਧਰਮ ਦੇ ਨਾਂ ਤੇ ਉਹਨਾਂ ਅੰਦਰ ਪੈਦਾ ਕੀਤੇ ਬਨਾਉਟੀ ਡਰਾਂ ਦਾ ਸ਼ਿਕਾਰ ਹਨ।

ਰਾਜਲਕਸ਼ਮੀ ਨੇ 5 ਮਹੀਨੇ ਤੋਂ ਵੱਧ ਸਮੇਂ ਤੱਕ ਜੋ ਦੁੱਖ ਸਹਿਆ, ਉਹ ਉਸਦੇ ਆਪਣੇ ਕਿਸੇ ਕਸੂਰ ਕਰਕੇ ਨਹੀਂ। ਬੇਚਾਰੀ ਗਰੀਬ ਕੁੜੀ ਨੂੰ ਘਰ ਤੇ ਸਕੂਲ ਦੋਵਾਂ ਥਾਵਾਂ ਤੇ ਮੂਰਖਤਾ ਪੂਰਣ ਕਹਾਣੀਆਂ, ਜਿਹੜੀਆਂ ਉਸਨੂੰ ਜਬਰੀ ਸਿਖਾਈਆਂ ਹੋਈਆਂ, ਵਿਚ ਵਿਸ਼ਵਾਸ ਕਰਨ ਦਾ ਦੰਡ ਸਹਿਣਾ ਪਿਆ।

# ਇਲਾਜ ਕਰਨ ਵਾਲੀ ਅਤੇ ਪੁੱਛ ਦੇਣ ਵਾਲੀ ਦੇਵੀ–ਬਿਮਲਾ

ਅਨੁਰਾਧਾਪੁਰਾ ਨੇੜੇ ਅਲਾਮਕੁਲਮਾਂ ਦੀ ਜਵਾਨ ਕੁੜੀ, ਬਿਮਲਾ ਨੇ ਦਸ ਕੁ ਸਾਲ ਪਹਿਲਾਂ ਅਚਾਨਕ ਹੀ ਇਲਾਜ ਕਰਨ ਤੇ ਪੁੱਛ ਦੇਣ ਦੀ ਦੈਵੀ ਸ਼ਕਤੀ ਹਾਸਲ ਕਰ ਲਈ ਸੀ। ਇਹ ਵੱਲੀ ਦੇਵੀ ਸੀ, ਜਿਹੜੀ ਕਿ ਉਸ ਰਾਹੀਂ 'ਚਮਤਕਾਰ' ਵਿਖਾਉਂਦੀ ਸੀ।

ਦੇਸ਼ ਵਿਚ ਦੂਰ ਨੇੜੇ ਉਸ ਦੀ ਮਸ਼ਹੂਰੀ ਫੈਲ ਗਈ। ਹਰ ਮੰਗਲਵਾਰ ਤੇ ਸ਼ੁੱਕਰਵਾਰ ਨੂੰ ਦੂਰੋਂ ਦੂਰੋਂ ਬਹੁਗਿਣਤੀ ਆਦਮੀ ਤੇ ਇਸਤਰੀਆਂ ਨੇ ਉਸ ਦੇ ਬਾਗ ਵਿੱਚ ਬਣੇ ਮੰਦਰ ਵਿੱਚ ਪਹੁੰਚਣਾ ਸ਼ੁਰੂ ਕਰ ਦਿੱਤਾ। ਇਹਨਾਂ ਦਿਨਾਂ ਵਿੱਚ ਸਾਰੀ ਰਾਤ ਢੋਲਾਂ ਤੇ ਮੰਤਰਾਂ ਨਾਲ ਪੂਜਾ ਕੀਤੀ ਜਾਂਦੀ। ਪੂਜਾ ਦੌਰਾਨ ਬਿਮਲਾ ਅੰਦਰ 'ਰੂਹ' ਪਰਵੇਸ਼ ਹੋ ਜਾਂਦੀ ਅਤੇ ਇਲਾਜ ਕਰਨ ਅਤੇ ਪੁੱਛ ਦੇਣ ਦੇ ਚਮਤਕਾਰ ਦਿਖਾਉਂਦੀ।

ਜਿਨ੍ਹਾਂ ਬਿਮਾਰਾਂ ਨੂੰ ਡਾਕਟਰ ਲਾ-ਇਲਾਜ ਕਰਾਰ ਦੇ ਦਿੰਦੇ, ਉਹਨਾਂ ਦੇ ਰਿਸ਼ਤੇਦਾਰ ਉਹਨਾਂ ਨੂੰ ਬਿਮਲਾ ਕੋਲ ਲੈ ਆਉਂਦੇ। ਬਿਮਲਾ ਕੀ ਕਰਦੀ ? ਉਹ ਕੇਵਲ ਆਪਣੇ 'ਪਵਿੱਤਰ' ਹੱਥ ਬੀਮਾਰ ਆਦਮੀਆਂ ਦੇ ਸਿਰਾਂ ਤੇ ਰੱਖਦੀ ਅਤੇ ਉਹਨਾਂ ਦੇ ਮੱਥਿਆਂ ਤੇ ਪਵਿੱਤਰ ਤੇਲ ਲਾਉਂਦੀ। ਇਹ ਸਭ ਕੁਝ ਦੀ ਸਾਧਾਰਨ 'ਭੇਟਾ' ਬੀਟਲ ਦੇ 14 ਪੱਤਿਆਂ ਵਿਚ ਲਪੇਟੇ ਦੋ ਰੁਪਏ ਸੀ। ਜਿਹੜੇ ਲੋਕ ਇਹ ਸਧਾਰਨ 'ਭੇਟਾ' ਵੀ ਨਾ ਦੇ ਸਕਦੇ, ਉਹਨਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ।

ਸਾਰੇ ਦੇਸ਼ ਵਿੱਚ ਬਿਮਲਾ ਦੀ ਮਸ਼ਹੂਰੀ ਇੱਕ ਵਿਸ਼ਵਾਸ ਦਾ ਇਲਾਜ ਕਰਨ ਵਾਲੀ ਨਾਲੋਂ ਪੁੱਛ ਦੇਣ ਵਾਲੀ ਵਜੋਂ ਜਿਆਦਾ ਹੋ ਗਈ ਸੀ। ਇਹ ਗੱਲ ਦੂਰ-ਦੂਰ ਤੋਂ ਲੋਕਾਂ ਨੂੰ ਉਸਦੇ ਘਰ ਲੈ ਕੇ ਆਉਂਦੀ। ਮੰਗਲਵਾਰ ਅਤੇ ਸ਼ੁੱਕਰਵਾਰ ਨੂੰ ਬਿਮਲਾ ਦੇ ਮੰਦਰ ਵੱਲ ਜਾਂਦੇ ਦਰੱਖਤਾਂ ਵਾਲੇ ਰਾਹ ਦੇ ਸਾਹਮਣੇ ਵੱਡੀ ਸੜਕ ਤੇ ਕਤਾਰਾਂ ਦੀਆਂ ਕਤਾਰਾਂ ਖੜੀਆਂ ਦੇਖੀਆਂ ਜਾ ਸਕਦੀਆਂ ਸਨ। ਭਾਵੇਂ ਨਿਸ਼ਚਿਤ ਫੀਸ ਕੇਵਲ ਦੋ ਰੁਪਏ ਸੀ, ਪਰ ਕੋਲੰਬੋ ਤੋਂ ਆਏ ਅਮੀਰ ਆਦਮੀ ਵਧੇਰੇ ਹੁੰਦੇ ਸਨ। ਕਈਆਂ ਵਾਸਤੇ ਇਹ ਫੀਸ ਨਹੀਂ ਸੀ, ਸਗੋਂ ਵੱਲੀ ਦੇਵੀ ਦੀ ਭੇਟਾ ਸੀ।

ਜਿਆਦਾ ਲੋਕ, ਜੋ ਬਿਮਲਾ ਦੀ ਰਾਏ ਲੈਂਦੇ , ਉਹਨਾਂ ਆਦਮੀਆਂ ਬਾਰੇ ਸੂਚਨਾ ਪ੍ਰਾਪਤ ਕਰਨ ਦੇ ਮੰਤਵ ਨਾਲ ਆਉਂਦੇ, ਜਿਨ੍ਹਾਂ ਨੇ ਉਹਨਾਂ ਨੂੰ ਲੁੱਟਿਆ। ਉਹਨਾਂ ਵਿੱਚੋਂ ਕੁਝ ਨੂੰ ਵੀ ਆਪਣੇ ਨਵੇਂ ਕਾਰਨਾਮਿਆਂ ਦੀ ਸਫਲਤਾ ਜਾਂ ਅਸਫਲਤਾ ਬਾਰੇ ਪਤਾ ਲੱਗ ਸਕਿਆ। ਬਿਮਲਾ ਆਪਣੇ ਸ਼ਰਧਾਲੂਆਂ ਦੇ ਜੁਆਬ ਦੇਣ ਵਿੱਚ ਕਦੇ ਵੀ ਨਾ ਉਕਦੀ ਅਤੇ ਬਿਮਲਾ ਦਾ ਪਿਉ ਉਹਨਾਂ ਦੀ ਭੇਟਾ ਇਕੱਠੀ ਕਰਨ ਤੋਂ ਨਾ ਉਕਦਾ।

ਸ਼ਰਧਾਲੂ ਦੂਜੀ ਵਾਰ ਬਿਮਲਾ ਕੋਲ ਇਹ ਸ਼ਿਕਾਇਤ ਕਰਨ ਨਾ ਆਉਂਦੇ ਕਿ ਉਸ ਦਾ ਇਲਾਜ ਜਾਂ ਭਵਿੱਖਬਾਣੀ ਅਸਫਲ ਰਹੀ ਹੈ। ਇਸ ਦੀ ਬਜਾਏ ਉਹ ਕਿਸੇ ਹੋਰ 'ਚੰਗੇਰੇ' ਪੁੱਛ ਦੇਣ ਵਾਲੇ ਕੋਲ ਚਲੇ ਜਾਂਦੇ।

ਚੋਣਾਂ ਦੇ ਸਮੇਂ ਦੌਰਾਨ ਬਿਮਲਾ ਦਾ ਬਾਗ਼ ਭਵਿੱਖ ਬਾਰੇ ਪੁੱਛਣ ਵਾਲੇ ਉਮੀਦਵਾਰਾਂ ਨਾਲ ਭਰ ਜਾਂਦਾ। ਜਿੱਤਣ ਤੇ ਹਾਰਨ ਵਾਲੇ ਦੋਵਾ ਤਰ੍ਹਾਂ ਦੇ ਉਮੀਦਵਾਰ ਜਿੱਤਣ ਲਈ ਬਿਮਲਾ ਦਾ ਅਸ਼ੀਰਵਾਦ ਲੈ ਕੇ ਚਲੇ ਜਾਂਦੇ। ਜਦ ਚੋਣਾਂ ਖਤਮ ਹੋ ਜਾਂਦੀਆਂ ਤਾਂ ਜਿੱਤਣ ਵਾਲੇ ਉਮੀਦਵਾਰ ਆਪਣੇ ਸਹਿਯੋਗੀਆਂ ਨੂੰ ਨਾਲ ਲੈ ਕੇ ਬਿਮਲਾ ਦਾ ਧੰਨਵਾਦ ਭੇਟਾਵਾਂ ਲੈ ਕੇ ਆਉਂਦੇ। ਜਿਹੜੇ ਹਾਰ ਜਾਂਦੇ, ਅਗਲੀਆਂ ਚੋਣਾਂ ਤੋਂ ਪਹਿਲਾਂ ਕਿਸੇ 'ਚੰਗੇਰੇ' ਪੁੱਛ ਦੇਣ ਵਾਲਿਆਂ (ਨਜੂਮੀਆਂ) ਦੀ ਰਾਇ ਲੈਣ ਚਲੇ ਜਾਂਦੇ।

ਪਵਿੱਤਰ ਪ੍ਰੇਤ-ਮਾਧਿਅਮ ਵਜੋਂ ਬਿਮਲਾ ਮਾਪਿਆਂ ਲਈ ਇੱਕ ਅਰਸ਼ੋਂ ਟਪਕੀ ਮੱਦਦ ਸਿੱਧ ਹੋਈ। ਦਸ ਸਾਲ ਪਹਿਲਾਂ ਉਸਦੇ ਪ੍ਰੇਤ ਮਾਧਿਅਮ ਬਨਣ ਤੋਂ ਲੈ ਕੇ ਪਰਿਵਾਰ ਦੀ ਆਰਥਿਕ ਹਾਲਤ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਨ ਲੱਗੀ। ਜਦੋਂ ਮਾਇਕ ਹਾਲਤਾਂ ਵਿੱਚ ਸੁਧਾਰ ਹੋਇਆ ਤਾਂ ਮੰਦਰ ਦੀਆਂ ਹਾਲਤਾਂ ਵਿੱਚ ਵੀ ਸੁਧਾਰ ਹੋਇਆ। ਬਹੁਤੇ ਸਿਰਾਂ ਅਤੇ ਬਹੁਤੇ ਅੰਗਾਂ ਵਾਲੇ ਦੇਵਤਿਆਂ ਦੀਆਂ ਭਾਂਤ—ਭਾਂਤ ਦੀਆਂ ਅਤੇ ਵਧੇਰੇ ਤੋਂ ਵਧੇਰੇ ਤਸਵੀਰਾਂ ਨਾਲ ਮੰਦਰ ਨੂੰ ਸਜਾਇਆ ਜਾਣ ਲੱਗਿਆ। ਉਹਨਾਂ ਵਿੱਚੋਂ ਕਈਆਂ ਦੇ ਸਰੀਰ ਮਨੁੱਖੀ ਅਤੇ ਸਿਰ ਪਸ਼ੂਆਂ ਦੇ ਹੁੰਦੇ ਹਨ। ਸਾਰੀ ਸਾਰੀ ਰਾਤ ਪਿੱਤਲ ਦੇ ਦੀਵੇ ਜਗਦੇ ਰੱਖੇ ਜਾਣ ਲੱਗੇ। ਵੱਲੀ ਦੇ ਲਈ ਵਿਸ਼ੇਸ਼ ਕੁਰਸੀ ਬਣਾਈ ਗਈ। ਪੂਜਾ ਸਮੇਂ ਪਹਿਨਣ ਲਈ ਬਿਮਲਾ ਵਾਸਤੇ ਵਿਸ਼ੇਸ਼ ਪੁਸ਼ਾਕ ਤਿਆਰ ਕੀਤੀ ਗਈ। ਢੋਲ ਵਜਾਉਣ ਅਤੇ ਮੰਤਰ ਪੜ੍ਹਨ ਲਈ ਹੋਰ ਆਦਮੀ ਖਰੀਦੇ ਗਏ। ਪੂਜਾ ਸਮੇਂ ਵਜਾਉਣ ਲਈ ਕੁਝ ਹੋਰ ਟੱਲ ਅਤੇ ਸੰਖ ਖਰੀਦੇ ਗਏ।

ਧੂਫ ਬਾਲਣ ਲਈ ਵਿਸ਼ੇਸ਼ ਵੇਦੀ ਬਣਾਈ ਗਈ। ਮੰਦਰ ਦੇ ਸਾਹਮਣੇ ਨਾਰੀਅਲ ਤੋੜਨ ਲਈ ਇੱਕ ਪੱਥਰ ਦੀ ਸਿੱਲ ਲਾਈ ਗਈ। ਚੰਮੇਲੀ ਦੇ ਫੁੱਲਾਂ ਦੇ ਹਾਰਾਂ ਨਾਲ ਦੇਵਤਿਆਂ ਨੂੰ ਸ਼ਿੰਗਾਰਿਆ ਜਾਣ ਲੱਗਿਆ। ਬੀਮਾਰਾਂ ਦੇ ਸਿਰਾਂ ਤੇ ਮਲਣ ਲਈ ਇੱਕ ਪ੍ਰਕਾਰ ਦਾ ਤੇਲ ਬਣਵਾਇਆ ਗਿਆ ਸੀ। ਬਿਮਲਾ ਦੀ ਗੱਦੀ ਦੇ ਸਾਹਮਣੇ ਵਿਸ਼ਾਲ ਚੌਖਟੇ 'ਚ ਜੜੀ ਵੱਲੀ ਦੀ ਤਸਵੀਰ

ਰੱਖੀ ਗਈ। ਬੇਹੱਦ ਫੁੱਲਾਂ ਨਾਲ ਸ਼ਿੰਗਾਰੀ ਇਸ ਤਸਵੀਰ ਦੇ ਦੋਵੇਂ ਪਾਸੇ ਪਿੱਤਲ ਦੇ ਬਲਦੇ ਦੀਵੇ ਰੱਖੇ ਗਏ। ਸ਼ਰਧਾਲੂ ਇਸ ਤਸਵੀਰ ਅੱਗੇ ਫੁੱਲ ਭੇਟ ਕਰਦੇ ਸਨ।

ਲੰਕਾ ਦੀ ਤਰਕਸ਼ੀਲ ਸੁਸਾਇਟੀ ਦਾ ਮੈਂਬਰ, ਮਿਸਟਰ E.C.S. ਫਰਨੈਨਡੋ, ਜਿਹੜਾ ਕਿ ਬਿਮਲਾ ਦੇ ਮਾਪਿਆਂ ਨੂੰ ਜਾਣਦਾ ਸੀ ਉਹ ਇਸ ਪਰਿਵਾਰ ਦੇ ਮੈਂਬਰਾਂ ਨੂੰ ਜਚਾਉਣ ਵਿੱਚ ਸਫਲ ਹੋ ਗਿਆ ਕਿ ਇਹ ਵੱਲੀ ਜਾਂ ਹੋਰ ਕੋਈ ਭੂਤ ਨਹੀਂ, ਜਿਹੜਾ ਕਿ ਬਿਮਲਾ ਨੂੰ ਰੁੰਨੇ ਹੋਏ ਵਿਅਕਤੀ ਵਾਂਗੂੰ ਸਲੂਕ ਕਰਨ ਵਾਲੀ ਬਣਾ ਰਿਹਾ ਹੈ, ਸਗੋਂ ਇਹ ਤਾਂ ਕੋਈ ਮਾਨਸਿਕ ਰੋਗ ਕਰਕੇ ਹੈ।

10 ਅਪ੍ਰੈਲ 1964 ਤੋਂ ਬਿਮਲਾ ਦੇ ਮਾਪਿਆਂ ਤੇ ਸ਼ਰਧਾਲੂਆਂ ਨੂੰ ਬਹੁਤ ਜਿਆਦਾ ਨਿਰਾਸ਼ਾ ਹੋਈ, ਜਦ ਬਿਮਲਾ ਨੇ ਵੱਲੀ ਦੀ ਭੂਮਿਕਾ ਨਿਭਾਉਣ ਤੋਂ ਨਾਂਹ ਕਰ ਦਿੱਤੀ। ਉਸਦੇ ਮਾਪਿਆਂ ਢੋਲ ਵਜਾਉਣ ਵਾਲਿਆਂ ਤੇ ਮੰਤਰ ਪੜ੍ਹਨ ਵਾਲਿਆਂ ਦੇ ਵਾਰ-ਵਾਰ ਮਨਾਉਣ ਤੇ ਵੀ ਬਿਮਲਾ ਨੇ ਪੂਜਾ ਵਿੱਚ ਹਿੱਸਾ ਲੈਣ ਤੋਂ ਨਾਂਹ ਕਰ ਦਿੱਤੀ। ਉਸਨੇ ਇਹ ਕਹਿੰਦੇ ਹੋਏ ਸਧਾਰਨ ਤੌਰ ਤੇ ਇਨਕਾਰ ਕਰ ਦਿੱਤਾ ਕਿ ਦੂਜੀਆਂ ਇਸਤਰੀਆਂ ਵਾਂਗ ਹੀ ਬਣਨਾ ਚਾਹੁੰਦੀ ਹੈ।

## ਮੁਲਾਕਾਤ

21 ਸਤੰਬਰ 1964 ਨੂੰ ਤਰਕਸ਼ੀਲ ਸੰਸਥਾ ਦਾ ਸਾਬਕਾ ਸਕੱਤਰ ਅਤੇ ਮੈਂਬਰ ਆਪਣੇ ਇੱਕ ਮਿੱਤਰ ਮਿਸਟਰ ਡਬਲਿਯੂ. ਪੀ. ਸੋਮਾਤੀਲਿਕੇ, ਜੋ ਕਿ ਪ੍ਰੀਖਿਆ ਵਿਭਾਗ ਵਿੱਚ ਮੁਲਾਜਮ ਸੀ, ਨਾਲ ਮੇਰੇ ਕੋਲ ਆਇਆ ਤਾਂ ਕਿ ਬਿਮਲਾ ਨਾਲ ਮਨੋਚਕਿਤਸਕ ਵਿਚਾਰ ਵਟਾਂਦਰਾ ਕਰਨ ਲਈ ਮੇਰੇ ਨਾਲ ਸਮਾਂ ਨਿਸ਼ਚਿਤ ਕਰਨ।

26 ਨਵੰਬਰ 1964 ਸਵੇਰੇ 9-30 ਵਜੇ ਇਮਟਰਵਿਊ ਦਾ ਸਮਾਂ ਨਿਸ਼ਚਿਤ ਕੀਤਾ ਗਿਆ।

ਨਿਸ਼ਚਿਤ ਸਮੇਂ ਤੇ ਪਹੁੰਚੀ ਟੋਲੀ ਵਿੱਚ ਸ਼੍ਰੀ ਮਾਨ ਫਰਨੈਂਨਡੋ ਅਤੇ ਉਸਦਾ ਮਿੱਤਰ ਸੋਮਾਤੀਲਿਕੇ, ਸੋਮਾਤੀਲਿੱਕੇ ਦੀ ਮਾਂ, ਜੋ ਕਿ ਰਿਟਾਇਰ ਹੋਈ ਅਧਿਆਪਕਾ ਹੈ, ਬਿਮਲਾ ਅਤੇ ਉਸਦੀ ਦਾਦੀ ਸ਼ਾਮਲ ਸਨ। ਬਿਮਲਾ ਦੇ ਮਾਂ ਪਿਉ, ਜਿਨ੍ਹਾਂ ਦੀ ਕਿ ਟੋਲੀ ਦੇ ਨਾਲ ਆਉਣ ਦੀ ਆਸ ਸੀ, ਅਨੁਰਾਧਪੁਰ ਤੋਂ ਸਮੇਂ ਸਿਰ ਨਾ ਪੁੱਜ ਸਕੇ। ਬਿਮਲਾ ਦੀ ਦਾਦੀ ਨਾਲ ਇਕਾਂਤ ਵਿੱਚ ਪ੍ਰਸ਼ਨ ਕਰਕੇ ਮੈਂ ਆਪਣੀ ਪੜਤਾਲ ਸ਼ੁਰੂ ਕਰ ਕੀਤੀ। ਕੁਮਾਰੀ ਕੌਡੀਕਾਰਾ ਨੇ ਦੁਭਾਸ਼ੀਏ ਦਾ ਕੰਮ ਕੀਤਾ। ਮੈਂ ਉਸਦੀ ਦਾਦੀ ਤੋਂ ਨਿਮਨਲਿਖਤ ਜਾਣਕਾਰੀ ਪ੍ਰਾਪਤ ਕੀਤੀ।

ਬਿਮਲਾ ਦੀ ਵਰਤਮਾਨ ਉਮਰ 20 ਸਾਲ ਹੈ। ਜਦ ਉਹ 10 ਸਾਲ ਦੀ ਸੀ ਤਾਂ ਇੱਕ ਦਿਨ ਉਸਨੂੰ ਸਕੂਲ ਵਿੱਚ ਗਸ਼ ਪੈ ਗਈ ਸੀ। ਸਕੂਲ ਅਧਿਕਾਰੀਆਂ ਨੇ ਮਾਪਿਆਂ ਨੂੰ ਉਸਦਾ ਸੁਨੇਹਾ ਦੇ ਦਿੱਤਾ। ਬਿਮਲਾ ਨੂੰ ਅਨੁਰਾਧਾਪੁਰਾ ਵਿਖੇ ਸਰਕਾਰੀ ਡਾਕਟਰ ਕੋਲ ਲਿਜਾਇਆ ਗਿਆ। ਡਾਕਟਰ ਨੇ ਕਿਹਾ ਕਿ ਵਿਸ਼ੇਸ਼ ਤੌਰ ਤੇ ਉਸਨੂੰ ਕੋਈ ਤਕਲੀਫ ਨਹੀਂ ਹੈ ਅਤੇ ਕਿਹਾ ਕਿ ਇਸ ਤਰ੍ਹਾਂ ਗਸ਼ ਪੈਣ ਦਾ ਕਾਰਨ ਜਾਂ ਤਾਂ ਬਣਹਜ਼ਮੀ ਜਾਂ ਮਿਹਦੇ ਦੇ ਭਾਰੀਪੁਣੇ ਕਰਕੇ ਹੈ। ਦੋ ਕੁ ਮਹੀਨੇ ਪਿੱਛੋਂ ਜਦੋਂ ਬਿਮਲਾ ਖੇਤ ਵਿੱਚ ਸੀ ਤਾਂ ਉਸਨੂੰ ਦੁਬਾਰਾ ਗਸ਼ ਪੈ ਗਈ। ਉਸ ਨੂੰ ਦੁਬਾਰਾ ਡਾਕਟਰ ਕੋਲ ਲਿਜਾਇਆ ਗਿਆ। ਇਸ ਸਮੇਂ ਡਾਕਟਰ ਨੇ ਬਿਮਲਾ ਦੇ ਮਾਂ ਪਿਉ ਨੂੰ ਉਸਨੂੰ ਡਾਕਟਰ ਗਰਲਮੇਅਰ ਕੋਲ ਲਿਜਾਣ ਦੀ ਰਾਇ ਦਿੱਤੀ, ਜੋ ਕਿ ਵਿੱਨੀਜ਼ ਵਿਖੇ ਨਾੜੀ ਮਨੋਚਕਿਤਸਕ ਸੀ। ਡਾਕਟਰ ਗਰਲਮੇਅਰ ਨੇ ਇਲੈਕਟਰੋ ਇਨਸੈਫੈਲੋਗ੍ਰਾਫ (ਦਿਮਾਗ ਨਾੜੀ ਸਿਸਟਮ ਨੂੰ ਜਾਂਚਣ ਵਾਲੀ ਮਸ਼ੀਨ) ਤੇ ਬਿਮਲਾ ਦੀ ਦਿਮਾਗੀ-ਤਰੰਗ ਦੀ ਜਾਂਚ ਕੀਤੀ।ਉਸ ਨੇ ਕੁਝ ਨੀਂਦ ਲਿਆਉਣ ਵਾਲੀਆਂ ਦਵਾਈਆਂ ਦੀ ਸਿਫਾਰਸ਼ ਕੀਤੀ। ਅੱਗੋਂ ਕੋਈ ਹੋਰ ਤਕਲੀਫ ਨਾ ਹੋਣ ਕਾਰਨ ਬਿਮਲਾ ਲਗਾਤਾਰ ਸਕੂਲ ਜਾਂਦੀ ਰਹੀ।

## ਜਾਦੂ ਟੂਣਾ

ਕੁਝ ਮਹੀਨੇ ਬਾਅਦ ਬਿਮਲਾ ਨੂੰ ਫੇਰ ਗਸ਼ ਪੈ ਗਈ। ਇਸ ਸਮੇਂ ਬਿਮਲਾ ਦੇ ਮਾਂ ਪਿਉ ਤੇ ਕੁਝ ਨੇੜੇ ਦੇ ਰਿਸ਼ਤੇਦਾਰਾਂ ਨੇ ਫੈਸਲਾ ਕੀਤਾ ਕਿ ਬਿਮਲਾ ਨੂੰ ਇਹ ਗਸ਼ ਕਿਸੇ ਭੂਤ-ਪ੍ਰੇਤ ਦੀ ਰੁੰਨਣ ਕਾਰਨ ਪੈਂਦੇ ਹਨ। ਉਹ ਸਾਰੇ ਇਸ ਗੱਲ ਤੋਂ ਸਹਿਮਤ ਹੋ ਗਏ ਕਿ ਡਾਕਟਰਾਂ ਕੋਲ ਸਮਾਂ ਬਰਬਾਦ ਕਰਨ ਦੀ ਬਜਾਏ ਕਿਸੇ ਭੂਤ ਕੱਢਣ ਵਾਲੇ ਤੋਂ ਰਾਇ ਲਈ ਜਾਵੇ। ਬਿਮਲਾ ਨੂੰ ਭੂਤ ਕੱਢਣ ਵਾਲੇ ਕੋਲ ਲਿਜਾਇਆ ਗਿਆ। ਉਸਨੇ ਨਿਸ਼ਚਾ ਕਰ ਦਿੱਤਾ ਕਿ ਬਿਮਲਾ ਨੂੰ ਕਿਸੇ ਭੈੜੀ ਰੂਹ ਨੇ ਡਰਾਇਆ ਹੋਇਆ ਹੈ ਅਤੇ ਚੇਲਾ ਖਿਡਾਇਆ ਗਿਆ। ਖੇਡਣ ਵੇਲੇ ਸਿਆਣੇ ਨੇ ਉਸਦੀ ਬਾਂਹ ਤੇ ਇੱਕ ਧਾਗਾ ਤੇ ਗਲ ਵਿੱਚ ਤਵੀਤ ਪਾ ਦਿੱਤਾ। ਇਸ ਦਿਨ ਤੋਂ ਬਿਮਲਾ ਨੂੰ ਗਸ਼ ਪੈਣ ਤੋਂ ਇਲਾਵਾ ਦੌਰੇ ਪੈਣ ਸਮੇਂ ਬਿਮਲਾ ਨੇ ਊਟ-ਪਟਾਂਗ ਸ਼ਬਦ ਬੁੜਬੜਾਉਣੇ ਸ਼ੁਰੂ ਕਰ ਦਿੱਤੇ।

ਬਿਮਲਾ ਦੇ ਮਾਪਿਆਂ ਨੇ ਉਸਨੂੰ ਸਕੂਲ ਭੇਜਣਾ ਬੰਦ ਕਰ ਦਿੱਤਾ। ਬਿਮਲਾ ਦੀ ਹਾਲਤ ਭੈੜੀ ਤੋਂ ਭੈੜੀ ਹੁੰਦੀ ਜਾਣ ਤੇ ਉਸਦੇ ਮਾਪਿਆਂ ਨੇ ਕੁਝ ਸ਼ੁਭਚਿੰਤਕਾਂ ਦੀ ਰਾਇ ਤੇ ਉਸਨੂੰ ਪੁੱਤਲਮ ਜਿਲ੍ਹੇ ਵਿਖੇ ਪਹਿਲਗਾਮ ਦੇ ਪ੍ਰਸਿੱਧ ਮੰਦਰ ਵਿਖੇ ਲਿਜਾਣ ਦਾ ਫੈਸਲਾ ਕੀਤਾ। ਇਹ ਮੰਦਰ ਵੱਲੀ ਦੇਵੀ ਨੂੰ ਅਰਪਿਤ ਸੀ। ਇਸ ਮੰਦਰ ਦੇ ਪੁਜਾਰੀ ਨੇ ਸਾਰੀ ਕਹਾਣੀ ਸੁਣੀ, ਦੇਵਤੇ ਦੀ ਪੂਜਾ

ਕਰਨ ਅਤੇ ਮੰਤਰ ਪੜ੍ਹਨ ਤੋਂ ਬਾਦ ਉਸ ਨੇ ਬਿਮਲਾ ਦੇ ਮਾਪਿਆਂ ਨੂੰ ਦੱਸਿਆ ਕਿ ਉਸ ਵਿੱਚੋਂ ਭੂਤ ਕੱਢਣ ਲਈ ਲਗਾਤਾਰ ਤਿੰਨ ਦਿਨ ਤਿੰਨ ਵਿਸ਼ੇਸ਼ ਪੂਜਾਵਾਂ ਕਰਨੀਆਂ ਜ਼ਰੂਰੀ ਹਨ।

ਉਹਨਾਂ ਨੂੰ ਵਾਪਿਸ ਜਾਣ ਅਤੇ ਨਿਸ਼ਚਿਤ ਤਰੀਕ ਤੇ ਪਹਿਲੀ ਪੂਜਾ ਕਰਨ ਲਈ ਕਿਹਾ ਗਿਆ। ਤਿੰਨੇ ਪੂਜਾਵਾਂ ਨੂੰ ਪੂਰੀ ਤਰ੍ਹਾਂ ਕਰਨ ਲਈ ਪੁਜਾਰੀ ਨੇ ਵਧੇਰੇ ਗਿਣਤੀ ਵਿੱਚ ਚੀਜ਼ਾਂ, ਜਿਹਨਾਂ ਵਿੱਚ ਬਿਮਲਾ ਦੀ ਉਚਾਈ ਜਿੰਨੀ ਸ਼ੁੱਧ ਸੋਨੇ ਦੀ ਜ਼ੰਜੀਰੀ ਸੀ, ਮੰਗਵਾਈਆਂ।

## ਪੂਜਾ

ਅਗਲੇ ਕੁਝ ਦਿਨ ਸੋਨੇ ਦੀ 4 ਫੁੱਟ 10 ਇੰਚ ਲੰਬੀ ਜ਼ੰਜੀਰ ਸਮੇਤ ਵੱਖ-ਵੱਖ ਚੀਜ਼ਾਂ ਇਕੱਠੀਆਂ ਕਰਨ ਵਿੱਚ ਲੱਗੇ। ਦੱਸੀਆਂ ਚੀਜ਼ਾਂ ਨੂੰ ਖਰੀਦਣ ਲਈ ਭਾਰੀ ਕੀਮਤ ਦੇਣ ਤੋਂ ਇਲਾਵਾ ਪੁਜਾਰੀ ਨੂੰ ਤਿੰਨਾਂ ਪੂਜਾਵਾਂ ਦੇ ਕ੍ਰਮਵਾਰ 137, 147, ਤੇ 157 ਰੁਪਏ ਵੱਖਰੇ ਦੇਣੇ ਪਏ। ਇਹਨਾਂ ਤਿੰਨਾਂ ਦਿਨਾਂ ਦੌਰਾਨ ਬਿਮਲਾ ਵਿੱਚ ਰੂਹ ਪ੍ਰਵੇਸ਼ ਹੋ ਜਾਂਦੀ ਅਤੇ ਉਹ ਪੂਜਾਵਾਂ ਦੌਰਾਨ ਪੁਜਾਰੀ ਨਾਲ ਨੱਚਣ ਲੱਗ ਪੈਂਦੀ।

ਤੀਜੇ ਦਿਨ ਬਾਅਦ ਟੋਲੀ ਅਲਮਾਕੁਲਮ ਵਾਪਸ ਆ ਗਈ। ਹੁਣ ਬਿਮਲਾ ਦੇ ਗਲ ਦੁਆਲੇ ਤੇ ਬਾਹਾਂ ਉੱਪਰ ਵਧੇਰੇ ਤਵੀਤ ਬੰਨ੍ਹੇ ਗਏ। ਭਾਵੇਂ ਪੁਜਾਰੀ ਨੇ ਇਸ ਗੱਲ ਦੀ ਜਾਮਨੀ ਦਿੱਤੀ ਕਿ ਬਿਮਲਾ ਨੂੰ ਹੁਣ ਕੋਈ ਤਕਲੀਫ ਨਹੀਂ ਹੋਵੇਗੀ, ਤਾਂ ਵੀ ਅਗਲੇ ਦਿਨ ਉਹ ਡੂੰਘੀ ਸਮਾਧੀ ਵਿੱਚ ਆ ਗਈ। ਇਸ ਸਮਾਧੀ (ਰੂਹ ਪ੍ਰਵੇਸ਼ ਹੋਣ) ਸਮੇਂ ਉਸਨੇ ਰੋਜ਼ਾਨਾ ਪੂਜਾ ਕਰਨ ਲਈ ਬਾਗ਼ ਵਿੱਚ ਇੱਕ ਮੰਦਰ ਬਣਾਉਣ ਦੀ ਮੰਗ ਕੀਤੀ।

ਇਹ ਸੋਚ ਕੇ ਇਹ ਵੱਲੀ ਦੇਵੀ ਦਾ ਹੁਕਮ ਹੈ, ਬਿਮਲਾ ਦੇ ਪਿਤਾ ਨੇ ਕਾਫੀ ਰਕਮ ਖਰਚ ਕੇ ਇੱਕ ਮੰਦਰ ਬਣਵਾ ਦਿੱਤਾ। ਭਾੜੇ ਤੇ ਲਿਆਂਦੇ ਢੋਲਚੀਆਂ ਤੇ ਚੇਲਿਆਂ ਦੀ ਮੱਦਦ ਨਾਲ ਨਵੇਂ ਮੰਦਰ ਵਿੱਚ ਰੋਜ ਪੂਜਾ ਹੋਣ ਲੱਗੀ। ਹਰ ਰੋਜ ਢੋਲ ਵੱਜਣਾ ਸ਼ੁਰੂ ਹੋ ਜਾਂਦਾ ਤਾਂ ਬਿਮਲਾ ਅੰਦਰ ਰੂਹ ਪ੍ਰਵੇਸ਼ ਹੋ ਜਾਂਦੀ। ਮੰਦਰ ਵਿੱਚ ਇਕੱਠੇ ਹੋਏ ਗੁਆਂਢੀਆਂ ਨੂੰ ਇਹ ਨਿਸ਼ਚਾ ਹੋ ਗਿਆ ਕਿ ਬਿਮਲਾ ਵਿੱਚ ਵੱਲੀ ਦੇਵੀ ਬੋਲਦੀ ਹੈ ਅਤੇ ਉਸਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਰਾਤ ਦੀਆਂ ਪੂਜਾਵਾਂ ਲਗਭਗ ਦੋ ਹਫਤੇ ਚਲਦੀਆਂ ਰਹੀਆਂ। ਇਹ ਵੇਖਦੇ ਹੋਏ ਕਿ ਬਿਮਲਾ ਅੰਦਰ ਹਰ ਰੋਜ ਰੂਹ ਪ੍ਰਵੇਸ਼ ਹੋਣਾ ਥਕਾਵਟ ਵਾਲਾ ਕੰਮ ਹੈ, ਉਸਦੇ ਪਿਤਾ ਨੇ ਰਾਤ ਨੂੰ ਹੋਣ ਵਾਲੀਆਂ ਸਾਰੀਆਂ ਪੂਜਾਵਾਂ ਕੇਵਲ ਮੰਗਲਵਾਰ ਅਤੇ ਸ਼ੁੱਕਰਵਾਰ ਨੂੰ ਕਰਨ ਦਾ ਫੈਸਲਾ ਕਰ ਲਿਆ।

ਬਿਮਲਾ ਵਿੱਚ ਵੱਲੀ ਦੇਵੀ ਦੇ ਪ੍ਰਗਟ ਹੋਣ ਦੀ ਖਬਰ ਸਾਰੇ ਦੇਸ਼ ਵਿੱਚ ਫੈਲ ਗਈ। ਵੱਲੀ ਦੇਵੀ ਦੀ ਆਸ਼ੀਰਵਾਦ ਲੈਣ ਲਈ ਅਤੇ ਆਪਣੀਆਂ ਸਮੱਸਿਆਵਾਂ ਸੁਲਝਾਉਣ ਲਈ ਲੋਕਾਂ ਨੇ ਵੱਡੀ ਗਿਣਤੀ ਵਿੱਚ ਮੰਦਰ 'ਚ ਆਉਣਾ ਸ਼ੁਰੂ ਕਰ ਦਿੱਤਾ। ਮਾਪਿਆਂ ਨੂੰ ਆਪਣੀ ਧੀ ਬਾਰੇ ਕੋਈ ਫਿਕਰ ਨਾ ਰਿਹਾ। ਉਹ ਇਸ ਗੱਲੋਂ ਖੁਸ਼ ਸਨ ਕਿ ਵੱਲੀ ਦੇਵੀ ਨੇ ਬਿਮਲਾ ਵਿੱਚ ਵਾਸਾ ਕਰਕੇ ਉਹਨਾਂ ਲਈ ਲਾਭਦਾਇਕ ਕੰਮ ਕੀਤਾ ਹੈ। ਉਹਨਾਂ ਨੇ ਇਸ ਨੂੰ ਦੇਵਤਿਆਂ ਵੱਲੋਂ ਵਰਦਾਨ ਸਮਝਿਆ। ਉਹ ਮਾਇਕ ਪੱਖੋ ਵੀ ਖੁਸ਼ਹਾਲ ਹੋ ਗਏ। ਇਸ ਪਰਿਵਾਰ ਲਈ ਪਦਾਰਥਕ ਲਾਭਾਂ ਅਤੇ ਹਜਾਰਾਂ ਸਿੱਧੜ ਮੂਰਖਾਂ ਲਈ ਕਾਲਪਨਿਕ ਲਾਭਾਂ ਦਾ ਇਹ ਸਮਾਂ ਦਸ ਸਾਲਾਂ ਦੇ ਲੰਮੇ ਸਮੇਂ ਤੱਕ ਚਲਦਾ ਰਿਹਾ।

ਜਦੋਂ ਤੋਂ ਬਿਮਲਾ ਦੀ ਆਪਣੀ ਬੇਨਤੀ ਤੇ ਹੀ 10 ਅਪ੍ਰੈਲ 1964 ਤੋਂ ਪੂਜਾਵਾਂ ਬੰਦ ਕਰ ਦਿੱਤੀ ਗਈਆਂ ਤਾਂ ਮੰਦਰ ਢਾਹ ਦਿੱਤਾ ਗਿਆ, ਢੋਲਚੀ ਤੇ ਚੇਲੇ ਭੇਜ ਦਿੱਤੇ ਗਏ। ਬਿਮਲਾ ਨੂੰ ਹੁਣ ਕੋਈ ਰੁੰਨਣ ਨਹੀਂ ਸੀ। ਪੂਜਾਵਾਂ ਬੰਦ ਕਰਨ ਤੋਂ ਚਾਰ ਮਹੀਨੇ ਦੇ ਅਰਸੇ ਦੌਰਾਨ ਬਿਮਲਾ ਨੂੰ ਦੋ ਵਾਰ ਗਸ਼ ਪਈ, ਪਰ ਉਸਨੇ ਵੱਲੀ ਵਾਂਗ ਕੋਈ ਗੱਲ ਜਾਂ ਵਰਤਾਉ ਨਹੀਂ ਕੀਤਾ।

ਇਸ ਪੜਾਅ ਤੇ ਬਿਮਲਾ ਦੀ ਦਾਦੀ ਨੂੰ ਹੇਠਾਂ ਭੇਜ ਦਿੱਤਾ ਗਿਆ ਅਤੇ ਬਿਮਲਾ ਨੂੰ ਸਵਾਲ ਪੁੱਛਣ ਲਈ ਬੁਲਾ ਲਿਆ ਗਿਆ। ਦੁਭਾਸ਼ੀਏ ਕੋਡੀਕਾਰਾਂ ਰਾਹੀਂ ਮੈਂ ਬਿਮਲਾ ਦੀ ਨਿੱਜੀ ਅਤੇ ਨੇੜਲੀ ਜ਼ਿੰਦਗੀ ਬਾਰੇ ਅਤੇ ਉਸਦੇ ਅਰਧ ਚੇਤਨ ਮਨ ਦੀ ਸਰਗਰਮੀ ਬਾਰੇ ਬਹੁਤ ਕੁਝ ਦਾ ਪਤਾ ਕਰ ਲਿਆ। ਉਸਨੂੰ ਸੰਮੋਹਕ ਨੀਂਦ ਵਿੱਚ ਲਿਆਂਦਾ ਗਿਆ ਅਤੇ ਉਸਨੂੰ ਸਮਝਾਇਆ ਗਿਆ ਕਿ ਵੱਲੀ ਦੀ ਕੋਈ ਹੋਂਦ ਨਹੀਂ ਹੈ ਅਤੇ ਭਵਿੱਖ ਵਿੱਚ ਹੋਂਦ ਰਹਿਤ ਵੱਲੀ ਉਸ ਵਿੱਚ ਪ੍ਰਵੇਸ਼ ਨਹੀਂ ਕਰੇਗੀ।

ਭਾਵੇਂ ਉਹ ਸਿੰਨਹਾਲੀ ਭਾਸ਼ਾ ਵਾਹਵਾ ਪੜ੍ਹ ਲਿਖ ਸਕਦੀ ਸੀ, ਪਰ ਫਿਰ ਵੀ ਉਸਨੇ ਆਪਣੀ ਪੜ੍ਹਾਈ ਜਾਰੀ ਰੱਖਣ ਦੀ ਇੱਛਾ ਪ੍ਰਗਟ ਕੀਤੀ। ਉਸਨੇ ਵਿਵਾਹਕ ਜੀਵਨ ਦੇ ਵਿਚਾਰ ਦਾ ਵੀ ਸੁਆਗਤ ਕੀਤਾ। ਜਦ ਮੈਂ ਉਸ ਨੂੰ ਦੱਸਿਆ ਕਿ ਹੁਣ ਵੱਲੀ ਕਦੇ ਵੀ ਉਸ ਵਿੱਚ ਪ੍ਰਵੇਸ਼ ਨਹੀਂ ਕਰੇਗੀ ਤਾਂ ਉਸਦਾ ਚਿਹਰਾ ਚਮਕ ਉੱਠਿਆ। ਉਸਨੇ ਦੱਸਿਆ, ਨਗੈਂਬੋ ਅਲਮਕਲਮਾਂ ਵਿਖੇ ਆਪਣੀ ਮਾਂ ਨੂੰ ਚਿੱਠੀ ਲਿਖੇਗੀ ਕਿ ਹੁਣ ਉਸਨੂੰ ਕੋਈ ਦੁੱਖ ਨਹੀਂ ਹੈ।

ਮਿਸਟਰ ਸਮਾਤਲਿਕੇ ਦੁਆਰਾ ਬਿਮਲਾ ਨੇ ਮੇਰੇ ਤੇ ਮੇਰੀ ਪਤਨੀ ਦੇ ਨਾਲ ਕਈ ਫੋਟੋ ਲੈਣ ਤੋਂ ਬਾਅਦ ਟੋਲੀ ਚੱਲ ਪਈ।

## ਵਿਸ਼ਲੇਸ਼ਣ

ਸ਼ੁਰੂ ਵਿੱਚ ਬਿਮਲਾ ਨੂੰ ਹਿਸਟੀਰੀਏ ਦਾ ਹਲਕਾ ਦੌਰਾ ਪਿਆ। ਉਹ ਡਾਕਟਰ ਗਰਿਲਮੇਅਰ ਦੇ ਇਲਾਜ ਅਧੀਨ ਰਹੀ, ਸ਼ਾਇਦ ਉਹ ਜਲਦੀ ਆਮ ਵਾਂਗ ਹੋ ਜਾਂਦੀ। ਮਾਪਿਆਂ ਨੇ ਪਹਿਲੀ ਗਲਤੀ ਚੇਲੇ ਦੀ ਰਾਇ ਲੈ ਕੇ ਕੀਤੀ। ਪੁਰਾਣੇ ਲੋਕਾਂ ਦਾ ਵਿਸ਼ਵਾਸ ਹੈ ਕਿ ਸਰੀਰਕ ਤੇ ਮਾਨਸਿਕ ਬਿਮਾਰੀਆਂ ਭੈੜੀਆਂ ਰੂਹਾਂ ਕਰਕੇ ਹੁੰਦੀਆਂ ਹਨ। ਕਿਸੇ ਵੀ ਬਿਮਾਰੀ ਦਾ ਇਲਾਜ ਪੁਰਾਣੇ ਲੋਕਾਂ ਲਈ ਜਾਦੂ-ਟੂਣਾ ਹੈ ਸੀ। ਡਾਕਟਰੀ ਸਾਇੰਸ ਦੇ ਤਰੱਕੀ ਕਰਨ ਨਾਲ ਸੱਭਿਆ ਦੇਸ਼ਾਂ ਵਿੱਚੋਂ ਜਾਦੂ ਟੂਣੇ ਦਾ ਇਲਾਜ ਖਤਮ ਹੋ ਗਿਆ ਅਤੇ ਇਸਦੀ ਥਾਂ ਹਸਪਤਾਲਾਂ ਤੇ ਯੋਗ ਡਾਕਟਰਾਂ ਨੇ ਲੈ ਲਈ। ਬਦਕਿਸਮਤੀ ਨਾਲ ਪਛੜੇ ਦੇਸ਼ਾਂ ਵਿੱਚ ਚੇਲੇ ਖਿਡਾਉਣੇ, ਜਾਦੂਈ ਇਲਾਜ ਦੇ ਰੂਪ 'ਚ ਜਾਦੂ ਟੂਣਿਆਂ ਰਾਹੀਂ ਇਲਾਜ ਅਜੇ ਵੀ ਪ੍ਰਚੱਲਿਤ ਹੈ।

ਜਦੋਂ ਚੇਲੇ ਨੇ ਇਹ ਕਹਿ ਦਿੱਤਾ ਕਿ ਬਿਮਲਾ ਕਿਸੇ ਭੂਤ ਦੇ ਚਿੰਬੜਨ ਕਰਕੇ ਦੁਖੀ ਹੈ ਤਾਂ ਕਮਜੋਰ ਮਨ ਉੱਪਰ ਚੇਲੇ ਦੀ ਰਾਇ ਦਾ ਪ੍ਰਭਾਵ ਪੈਣ ਕਾਰਨ ਬਿਮਲਾ ਨੇ ਰੁੰਨ੍ਹੇ ਹੋਏ ਵਿਅਕਤੀ ਦੀ ਤਰ੍ਹਾਂ ਗੱਲਬਾਤ ਤੇ ਵਰਤਾਉ ਕੀਤਾ। ਮੰਦਰ ਵਿੱਚ ਵੀ ਉਸਦੇ ਮਨ ਦਾ ਸੁਝਾਅ ਕਬੂਲਣ ਵਾਲਾ ਸੁਭਾਅ ਹੋਣ ਕਰਕੇ ਉਸਨੇ ਵੱਲੀ ਵਾਂਗ ਵਰਤਾਓ ਤੇ ਗੱਲਬਾਤ ਕੀਤੀ। ਬਾਦ ਵਿੱਚ ਉਸਨੇ ਮਿਸਟਰ ਫਰਨੈਂਡੋ ਕੋਲੋਂ ਵੱਲੀ ਦੇਵੀ ਵੱਲੋਂ ਉਸ ਵਿੱਚ ਪ੍ਰਵੇਸ਼ ਕਰਨ ਦੇ ਵਿਚਾਰ ਨੂੰ ਤਰਕਸ਼ੀਲ ਦਲੀਲਾਂ ਨਾਲ ਰੱਦ ਕਰਦੇ ਹੋਏ ਸੁਣਿਆਂ ਤਾਂ ਉਸਦੇ ਅਰਧ ਚੇਤਨ ਮਨ 'ਚੋਂ ਵੱਲੀ ਦਾ ਖਿਆਲ ਨਿਕਲ ਗਿਆ। ਇਹ ਮਿਸਟਰ ਫਰਨੈਂਡੋ ਨਾਲ ਗੱਲਬਾਤ ਕਰਕੇ ਹੀ ਸੀ, ਜਿਸ ਕਰਕੇ ਉਸ ਨੇ 10 ਅਪ੍ਰੈਲ ਤੋਂ ਹੋਣ ਵਾਲੀਆਂ ਪੂਜਾਵਾਂ ਵਿੱਚ ਭਾਗ ਲੈਣਾ ਬੰਦ ਕਰ ਦਿੱਤਾ। ਮੇਰੀਆਂ ਸਮੂਹਿਕ ਰਾਇਆਂ ਨੇ ਉਸਦੇ ਮਨ ਵਿੱਚੋਂ ਵੱਲੀ ਦੇ ਵਿਚਾਰ ਨੂੰ ਪੂਰੀ ਤਰ੍ਹਾਂ ਕੱਢ ਦਿੱਤਾ। ਅੱਜ ਮੈਨੂੰ ਸੂਚਨਾ ਮਿਲੀ ਕਿ ਉਹ ਮੰਗਣੀ ਦੀ ਉਡੀਕ ਕਰਦੀ ਹੋਈ ਆਮ ਜੀਵਨ ਬਿਤਾ ਰਹੀ ਹੈ।

## ਪੁੱਛਾਂ ਦੇਣ ਵਾਲੇ

ਅੱਜ ਤੱਕ ਕਿਸੇ ਕੋਲ ਵੀ ਜਾਦੂਈ ਢੰਗਾਂ ਨਾਲ ਭਵਿੱਖ ਦੀਆਂ ਘਟਨਾਵਾਂ ਦੱਸਣ ਦੀ ਸ਼ਕਤੀ ਨਹੀਂ ਹੈ ਅਤੇ ਨਾ ਹੀ ਸੀ ਬੇਸ਼ਕ ਸੂਝਵਾਨ ਪ੍ਰੀਖਣਾ ਦੇ ਅਧਾਰ ਤੇ ਵਿਗਿਆਨਿਕ ਭਵਿੱਖ-ਬਾਣੀਆਂ ਸੰਭਵ ਹਨ। ਮੌਸਮ, ਅਕਾਸ਼ੀ ਘਟਨਾਵਾ, ਕਾਲਾਂ, ਚੱਕਰਵਾਤਾਂ, ਸਫਲਤਾਵਾਂ ਬਾਰੇ ਵਿਗਿਆਨਿਕ ਨਿਰੀਖਣਾਂ ਰਾਹੀਂ ਭਵਿੱਖਬਾਣੀ ਕੀਤੀ ਜਾ ਸਕਦੀ ਹੈ।

ਭਾਵੇਂ ਕਈ ਆਦਮੀਆਂ ਦਾ ਵਿਸ਼ਵਾਸ ਹੈ ਤੇ ਦਾਅਵਾ ਕਰਦੇ ਹਨ ਕਿ ਕੁਝ ਲੋਕ ਹਨ ਜਿਨ੍ਹਾਂ ਕੋਲ ਭਵਿੱਖਬਾਣੀ ਕਰਨ ਜਾਂ ਇਲਾਜ ਕਰਨ ਵਾਲੀਆਂ ਰੱਬੀ ਸ਼ਕਤੀਆਂ ਹਨ। ਪਰ ਇਨ੍ਹਾਂ ਵਿਸ਼ਵਾਸਾਂ ਦੀ ਪ੍ਰੋੜਤਾ ਕਰਨ ਲਈ ਕੋਈ ਵਿਗਿਆਨਿਕ ਸਬੂਤ ਨਹੀਂ ਹੈ। ਕਿਸਮਤ ਦੱਸਣ ਵਾਲੇ ਨਿਰਾ ਧੋਖਾ ਹਨ। ਕਈ ਹਾਲਤਾਂ ਵਿੱਚ ਉਹ ਮਾਨਸਿਕ ਤੌਰ ਤੇ ਉਖੜੇ ਵਿਅਕਤੀ ਹੁੰਦੇ ਹਨ। ਡਿਸਥੈਨਿਕ (Dysthenics) ਅਤੇ ਹਿਸਟੀਰੀਏ (Hysterses) ਆਦਿ ਨੂੰ ਕੁਝ ਮੂਰਖਾਂ ਵੱਲੋਂ ਰੱਬੀ ਬਾਣੀ ਦੱਸਣਾ ਮੂਰਖਤਾ ਭਰੀਆਂ ਗੱਲਾਂ ਹਨ। ਬਿਮਲਾ ਨੇ ਕਦੇ ਵੀ ਕਿਸੇ ਦਾ ਇਲਾਜ ਜਾਂ ਭਵਿੱਖਬਾਣੀ ਨਹੀਂ ਕੀਤੀ ਸੀ। ਸਿੱਧੜ ਮੂਰਖ ਉਸਦੀਆਂ ਧੋਖਾਪੂਰਣ (Glassolalial) ਗੱਲਾਂ ਨੂੰ ਵੱਲੀ ਦੇਵੀ ਕੋਲੋਂ ਆਈਆਂ ਸਮਝਦੇ ਸਨ ਅਤੇ ਢੁਕਵੀਂ ਵਿਆਖਿਆ ਕਰਦੇ ਸਨ। ਇਸ ਤਰ੍ਹਾਂ ਹੀ ਜਦੋਂ ਉਹ ਆਪਣਾ ਹੱਥ ਬੀਮਾਰਾਂ ਦੇ ਸਿਰ ਤੇ ਰੱਖਦੀ, ਜਾਂ ਉਹਨਾਂ ਦੇ ਸਿਰ ਤੇ ਅਖੌਤੀ ਪਵਿੱਤਰ ਤੇਲ ਮਲ਼ਦੀ ਤਾਂ ਛੇਤੀ ਮਾਨਸਿਕ ਪ੍ਰਭਾਵ ਕਬੂਲਣ ਵਾਲੇ ਲੋਕਾਂ ਤੇ ਕੁਝ ਲਾਭਦਾਇਕ ਮਨੋਵਿਗਿਆਨਕ ਪ੍ਰਭਾਵ ਪੈ ਸਕਦਾ ਹੈ। ਕੁਝ ਹਾਲਤਾਂ ਵਿੱਚ ਇਸਦੇ ਭੈੜੇ ਪ੍ਰਭਾਵ ਵੀ ਪੈ ਸਕਦੇ ਹਨ। ਜੇਕਰ ਸਬੰਧਤ ਆਦਮੀਆਂ ਦੇ ਅਰਧ ਚੇਤਨ ਮਨਾਂ ਵਿੱਚ 'ਮਲੀਨ ਰੂਹਾਂ' ਦਾ ਡਰ ਹੋਵੇ।

ਜੇਕਰ ਕੋਈ ਵੀ ਅਜਿਹਾ ਆਦਮੀ, ਜੋ ਕਿ ਘਟਨਾਵਾਂ ਬਾਰੇ ਭਵਿੱਖਬਾਣੀ ਜਾਂ ਹੋਣ ਵਾਲੀਆਂ ਗੱਲਾਂ ਨੂੰ ਪਹਿਲਾਂ ਹੀ ਵੇਖਣ ਦੀਆਂ ਅਸਧਾਰਨ ਇੰਦਰੀ ਗਿਆਨ (Extra Sense Perceptions) ਜਾਂ ਗੈਬੀ ਸ਼ਕਤੀਆਂ ਰੱਖਦਾ ਹੋਵੇ ਤਾਂ ਅਜਿਹਾ ਆਦਮੀ ਜਾਂ ਔਰਤ ਬਹੁਤ ਘੱਟ ਸਮੇਂ ਵਿੱਚ ਸੰਸਾਰ ਦਾ ਸਭ ਤੋਂ ਵੱਧ ਅਮੀਰ ਆਦਮੀ ਬਣ ਸਕਦਾ ਹੈ ਜਾਂ ਸਕਦੀ ਹੈ। ਕੀ ਅਜਿਹਾ ਆਦਮੀ ਘੋੜ ਦੌੜ ਵਿੱਚ ਜਿੱਤਣ ਵਾਲੇ ਆਦਮੀ ਦਾ ਨਾਂ ਦੱਸ ਸਕਦਾ ਹੈ ਜਾਂ, ਦੋ ਜਾ ਤਿੰਨ ਰੁਪੈ ਜਿਹੀ ਛੋਟੀ ਰਕਮ ਜਿੱਤਣ ਲਈ ਤੇਜੀ ਨਾਲ ਲੰਘ ਰਹੇ ਅੰਕਾਂ ਬਾਰੇ ਦੱਸ ਸਕਦਾ ਹੈ, ਜਦ ਕਿ ਉਹ ਆਦਮੀ ਜਾ ਔਰਤ ਵੱਡੇ ਇਨਾਮ ਜਿੱਤ ਸਕਦਾ ਹੈ ?

ਜੇ ਇਹ ਗੱਲ ਸੱਚ ਹੈ ਤਾਂ ਗੈਬੀ ਸ਼ਕਤੀਆਂ ਰੱਖਣ ਵਾਲਿਆਂ ਨੂੰ ਸਰਕਾਰੀ ਨੌਕਰੀ ਲਈ ਭਰਤੀ ਕਰਨਾ ਚਾਹੀਦਾ ਹੈ। ਇਹ ਜੋਤਿਸ਼ੀ, ਸੀ. ਆਈ. ਡੀ. ਦੀ ਅਪਰਾਧ ਰੋਕਣ ਵਿੱਚ ਮੱਦਦ ਕਰ ਸਕਦੇ ਹਨ। ਸਾਰੇ ਸੰਸਾਰ ਦੀਆਂ ਜਿਣਸਾਂ ਅੰਦਰ ਆਉਣ ਵਾਲੇ ਉਤਰਾਵਾਂ, ਚੜ੍ਹਾਵਾਂ, ਨੂੰ ਦੱਸ ਕੇ ਵਣਜ ਅਤੇ ਵਪਾਰ ਮੰਤਰੀ ਦੀ ਮੱਦਦ ਕਰ ਸਕਦੇ ਹਨ। ਮੌਸਮ ਦੀ ਠੀਕ ਭਵਿੱਖਬਾਣੀ ਕਰਕੇ ਉਹ ਮੌਸਮ-ਵਿਭਾਗ ਦੀ ਮੱਦਦ ਕਰ ਸਕਦੇ ਹਨ। ਸੰਖੇਪ ਵਿੱਚ ਸਰਕਾਰ ਜੋਤਿਸ਼ ਮੰਤਰਾਲਾ ਨਾਂ ਦਾ ਨਵਾਂ

ਮਹਿਕਮਾਂ ਬਣਾ ਸਕਦੀ ਹੈ। ਜੋਤਿਸ਼ ਮੰਤਰੀ ਸਾਰੇ ਜੋਤਿਸ਼ੀਆਂ ਨਾਲ ਰਾਇ ਕਰਕੇ ਸਰਕਾਰ ਨੂੰ ਸਾਰੀਆਂ ਭਾਵੀ ਘਟਨਾਵਾਂ ਬਾਰੇ ਦੱਸ ਸਕਦਾ ਹੈ।

ਕਾਰੋਬਾਰੀ ਅਦਾਰੇ ਵੀ ਜੋਤਿਸ਼ੀਆਂ ਨੂੰ ਆਪਣੇ ਅਮਲੇ ਵਿੱਚ ਰੋਜਗਾਰ ਦੇ ਸਕਦੇ ਹਨ। ਅਜਿਹੇ ਜੋਤਿਸ਼ੀ ਫਰਮ ਦੇ ਬੋਰਡ ਦੇ ਡਾਇਰੈਕਟਰਾਂ ਨੂੰ ਵੀ ਮੰਤਰੀ ਦੇ ਬਜਟ ਯੋਜਨਾ (Budget Proposals) ਦੇ ਸਾਰੇ ਭੇਤ ਦੱਸ ਸਕਦੇ ਹਨ। ਇਸ ਤਰ੍ਹਾਂ ਇਹ ਫਰਮਾਂ ਭਾਰੇ ਮੁਨਾਫੇ ਕਮਾ ਸਕਦੀਆਂ ਹਨ।

## ਜਾਂਚ ਪੜਤਾਲ

ਵੱਖਰੇ ਵੱਖਰੇ ਤਿੰਨ ਸ਼ਹਿਰੀ ਇਲਾਕਿਆਂ ਵਿੱਚ ਘੋਖਵੀਂ ਜਾਂਚ ਪੜਤਾਲ ਕਰਨ ਤੋਂ ਬਾਅਦ ਮੈਂ ਇਸ ਖਤਰਾ-ਸੂਚਕ ਖੋਜ ਤੇ ਪੁੱਜਿਆਂ ਹਾਂ ਕਿ ਸ੍ਰੀ ਲੰਕਾ ਦੇ 97.5% ਲੋਕ ਗੈਬੀ ਸ਼ਕਤੀਆਂ ਦੇ ਸਿਧਾਂਤ ਅਤੇ ਮਾਨਸਿਕ ਚਮਤਕਾਰਾਂ 'ਚ ਵਿਸ਼ਵਾਸ ਰੱਖਦੇ ਹਨ। ਹੈਰਾਨੀ ਦੀ ਗੱਲ ਹੈ, ਇੱਕ ਸ਼ਹਿਰੀ ਖੇਤਰ ਦੇ 92% ਵਹਿਮੀ ਲੋਕਾਂ ਵਿੱਚ ਇੱਕ ਰਾਜ ਮੰਤਰੀ, ਦੋ ਪਾਰਲੀਮੈਂਟ ਦੇ ਮੈਂਬਰ, ਇੱਕ ਸਰਕਾਰੀ ਮੁਲਾਜ਼ਮ, ਦੋ ਯੂਨੀਵਰਸਿਟੀ ਦੇ ਪ੍ਰੋਫੈਸਰ (ਦੋਵੇਂ ਪੀ. ਐਚ. ਡੀ.) ਤਿੰਨ ਵਕੀਲ (ਉਹਨਾਂ ਵਿੱਚੋਂ ਇਕ (ਕਿਉਂ. ਸੀ.), ਦੋ ਮੈਡੀਕਲ ਸਪੈਸਲਿਸਟ, ਇੱਕ ਉੱਚ ਦਰਜੇ ਦਾ ਸਕੂਲ ਦਾ ਪ੍ਰਿੰਸੀਪਲ, ਇੱਕ ਅਮੀਰ ਕਾਰੋਬਾਰੀ ਅਦਾਰੇ ਦਾ ਪ੍ਰਬੰਧਕੀ ਡਾਇਰੈਕਟਰ ਸ਼ਾਮਲ ਹੈ।

ਇਸ ਇਲਾਕੇ ਦਾ ਲਗਭਗ 60% ਲੋਕਾਂ ਨੇ ਅੱਡੋ ਅੱਡ ਸਮੇਂ ਤੇ ਪੁੱਛ ਦੇਣ ਵਾਲਿਆਂ ਦੀ ਰਾਇ ਲਈ ਹੈ। ਉਹਨਾਂ ਵਿੱਚੋਂ ਕੁਝ ਜਾਦੂ ਦੀਆਂ ਰਹੱਸਮਈ ਸ਼ਕਤੀਆਂ ਦੇ ਜਬਰਦਸਤ ਸਮਰਥਕ ਬਣ ਗਏ।

ਜਦ ਕਿ ਵਹਿਮ ਭਰਮ ਲੋਕਾਂ ਦੀ ਅਗਿਆਨਤਾ ਤੇ ਸਿੱਧੜਪੁਣੇ ਕਰਕੇ ਫੈਲਦੇ ਹਨ ਤਾਂ ਭਰਮਾਂ 'ਚ ਪਏ ਲੋਕਾਂ ਨੂੰ ਗੈਬੀ ਸ਼ਕਤੀ ਰੱਖਣ ਵਾਲਿਆਂ ਦੀ ਲੁੱਟ ਖਸੁੱਟ ਤੋਂ ਛੁਟਕਾਰਾ ਦਿਵਾਉਣ ਦਾ ਇਕੋ ਇੱਕ ਰਾਹ ਉਹਨਾਂ ਨੂੰ ਵੰਗਾਰਨਾ ਹੈ ਕਿ ਉਹ ਅੱਗੇ ਆ ਕੇ ਲੋਕਾਂ ਵਿੱਚ ਆਪਣੀਆਂ ਰਹੱਸਮਈ ਸ਼ਕਤੀਆਂ ਨੂੰ ਧੋਖੇ ਰਹਿਤ ਸਥਿਤੀਆਂ ਅਧੀਨ ਸਿੱਧ ਕਰਕੇ ਦਿਖਾਉਣ।

# ਸਾਧੂ ਦਾ ਜਾਦੂਮਈ ਇਲਾਜ

ਇਸਦਾ ਆਰੰਭ ਸਿਰ ਦਰਦ ਨਾਲ ਹੋਇਆ, ਜਿਸ ਨਾਲ ਸਿਰ ਫਟਦਾ ਸੀ ਅਤੇ ਜਿਹੜਾ ਕਿ ਚਾਰ ਦਿਨ ਹੁੰਦਾ ਰਿਹਾ। ਜੇ ਸਿਰ ਦਰਦ ਖਤਮ ਹੋਇਆ ਤਾਂ ਅਖਬਾਰ ਪੜ੍ਹਨ ਦਾ ਭੂਤ ਸਿਰ ਤੇ ਸਵਾਰ ਹੋ ਗਿਆ। ਜਿੰਨੀ ਦੇਰ ਤੱਕ ਉਹ ਜਾਗਦੀ ਰਹਿੰਦੀ ਅਖਬਾਰ ਪੜ੍ਹਦੀ ਰਹਿੰਦੀ, ਪਰੰਤੂ ਪੜ੍ਹਾਈ ਕੱਖ ਵੀ ਨਹੀਂ ਸੀ ਹੁੰਦੀ। ਹਰ ਰੋਜ ਸਵੇਰ ਤੋਂ ਲੈ ਕੇ ਸ਼ਾਮ ਤੱਕ ਉਹ ਅਖਬਾਰ ਦਾ ਇੱਕ ਵਰਕਾ ਹੱਥ ਵਿੱਚ ਫੜ੍ਹ ਕੇ ਇਕੋ ਕੁਰਸੀ ਤੇ ਵਰਾਂਡੇ ਵਿੱਚ ਬੈਠੀ ਰਹਿੰਦੀ ਸੀ। ਸਾਰਾ ਦਿਨ ਉਹ ਉਹੀ ਸਫਾ ਪੜ੍ਹਦੀ ਰਹਿੰਦੀ ਸੀ, ਬਲਕਿ ਉਹੀ ਪੈਰ੍ਹਾ, ਨਹੀਂ-ਨਹੀਂ, ਉਹੀ ਲਫਜ਼। ਉਸਦੀਆਂ ਅੱਖਾਂ ਅਖਬਾਰ ਤੇ ਇੱਕੋ ਹੀ ਥਾਂ ਗੱਡੀਆਂ ਰਹਿੰਦੀਆਂ ਸਨ।

ਬਹੁਤ ਮੁਸ਼ਕਲ ਨਾਲ ਉਸਦੀ ਮਾਂ ਉਸਨੂੰ ਖਾਣਾ ਖਾਣ ਵਾਸਤੇ ਉਸਦੀ ਮਨਪਸੰਦ ਕੁਰਸੀ ਵਿੱਚੋਂ ਬਾਹਰ ਖਿੱਚਦੀ। ਉਸਦੀ ਭੁੱਖ ਮਰ ਗਈ ਸੀ ਅਤੇ ਉਹ ਖਾਣਾ ਖਾਣ ਤੋਂ ਇਨਕਾਰ ਕਰ ਦਿੰਦੀ ਸੀ। ਇਸਦਾ ਨਤੀਜਾ ਇਹ ਹੋਇਆ ਕਿ ਉਹ ਦੁੱਬਲੀ ਪਤਲੀ ਮਰੀਅਲ ਜਿਹੀ ਬਣ ਗਈ ਸੀ ਅਤੇ ਅੰਤ ਨੂੰ ਖ਼ੂਨ ਦੀ ਘਾਟ ਕਾਰਨ ਬਿਮਾਰ ਹੋ ਗਈ।

ਜਾਫਨਾ ਵਿਖੇ ਲੜਕੀਆਂ ਦੇ ਸਕੂਲ ਵਿੱਚ ਸਰਸਵਤੀ ਇੱਕ ਹੋਣਹਾਰ ਵਿਦਿਆਰਥਣ ਸੀ। ਜਦੋਂ ਉਹ ਕੈਂਬਰਿਜ ਜੂਨੀਅਰ ਜਮਾਤ ਵਿੱਚ ਪੜ੍ਹਦੀ ਸੀ ਤਾਂ ਉਸ ਵਰਗਾ ਹੀ ਹੋਣਹਾਰ ਵਿਦਿਆਰਥੀ ਉਸਦਾ ਭਰਾ ਕੰਡਾਸਾਮੀ ਕੈਂਬਰਿਜ ਸੀਨੀਅਰ ਵਿੱਚ ਪੜ੍ਹਦਾ ਸੀ।

ਬੱਚਿਆਂ ਦਾ ਪਿਤਾ ਰਾਮਾਰਾਥਨ, ਜਿਹੜਾ ਕੋਲੰਬੋ ਵਿਖੇ ਇੱਕ ਸਰਕਾਰੀ ਦਫਤਰ ਵਿੱਚ ਮੁੱਖ ਕਲਰਕ ਵਜੋਂ ਦਾ ਕੰਮ ਕਰਦਾ ਸੀ, ਇਸ ਘੜੀ ਦਾ ਇੰਤਜ਼ਾਰ ਕਰ ਰਿਹਾ ਸੀ ਕਿ ਕਦੋਂ ਕੰਡਾਸਾਮੀ ਆਪਣੇ ਸਕੂਲ ਦੀ ਪੜ੍ਹਾਈ ਖਤਮ ਕਰੇ ਤਾਂ ਜੋ ਉਹ ਆਪਣੀ ਪਤਨੀ ਅਤੇ ਦੋ ਬੱਚਿਆਂ ਨੂੰ ਕੋਲੰਬੋ ਵਿੱਚ ਵੈਲਾਵਾਟੇ ਵਿਖੇ ਆਪਣੇ ਨਵੇਂ ਘਰ ਨੂੰ ਲੈ ਕੇ ਆਵੇ। ਸਰਸਵਤੀ ਦੀ ਪੜ੍ਹਾਈ ਬਾਰੇ ਉਹਨਾਂ ਨੂੰ ਖਾਸ ਚਿੰਤਾ ਨਹੀਂ ਸੀ। ਆਖਿਰ ਨੂੰ ਜਲਦੀ ਹੀ ਉਸ ਦੀ ਸ਼ਾਦੀ ਕਰ ਦੇਣੀ ਸੀ ਅਤੇ ਜਾਫਨਾ ਨਾਲੋਂ ਕੋਲੰਬੋ ਵਿੱਚ ਕੋਈ ਢੁਕਵਾਂ ਵਰ ਲੱਭਣਾ ਆਸਾਨ ਸੀ।

ਇੰਝ 1945 ਵਿੱਚ ਸਾਰਾ ਪਰਿਵਾਰ ਕੋਲੰਬੋ ਚਲਾ ਗਿਆ। ਕੰਡਾਸਾਮੀ ਨੇ ਯੂਨੀਵਰਸਿਟੀ ਵਿੱਚ ਦਾਖਲਾ ਲੈ ਕੇ ਸਾਇੰਸ ਵਿੱਚ ਆਨਰਜ਼ ਦੀ ਡਿਗਰੀ ਪ੍ਰਾਪਤ ਕਰ ਲਈ। ਉਸਨੂੰ ਇੱਕ ਚੰਗੀ ਬਦੇਸ਼ੀ ਫਰਮ ਵਿੱਚ ਇੱਕ ਕਾਰਜਕਾਰੀ ਦੀ ਨੌਕਰੀ ਮਿਲ ਗਈ।

ਸਰਸਵਤੀ ਨੇ ਸਕੂਲ ਜਾਣਾ ਛੱਡ ਦਿੱਤਾ ਸੀ ਅਤੇ ਸ਼ਾਦੀ ਦਾ ਇੰਤਜ਼ਾਰ ਕਰ ਰਹੀ ਸੀ। ਇਹ 1947 ਵਿੱਚ ਸੀ, ਜਦੋਂ ਸਭ ਤੋਂ ਪਹਿਲਾਂ ਉਸ ਵਿੱਚ ਵਿਸ਼ਾਦ ਰੋਗ (Melancholia) ਦੇ ਲੱਛਣ ਵਿਖਾਈ ਦਿੱਤੇ ਸਨ। ਜਿਵੇਂ ਜਿਵੇਂ ਦਿਨ ਲੰਘਦੇ ਗਏ, ਉਸਦੇ ਵਿਸ਼ਾਦ ਰੋਗ ਵਿੱਚ ਬੁਨਿਆਦੀ ਤੌਰ ਤੇ ਅੰਤਰਮੁਖੀ ਤਬਦੀਲੀ ਆ ਗਈ ਸੀ। ਉਹ ਆਪਣੇ ਆਪ ਨਾਲ ਗੱਲਾਂ ਕਰਨ ਲੱਗੀ ਸੀ ਅਤੇ ਕਦੇ ਕਦੇ ਉੱਚੀ ਹੱਸਣ ਲੱਗ ਪੈਂਦੀ ਸੀ।

ਕੰਡਾਸਾਮੀ ਸ਼ਾਮ ਨੂੰ ਕਦੇ ਕਦੇ ਗੱਪ ਮਾਰਨ ਲਈ ਮੇਰੇ ਕੋਲ ਆ ਜਾਇਆ ਕਰਦਾ ਸੀ। ਉਸਨੇ ਇੱਛਾ ਜਾਹਿਰ ਕੀਤੀ ਕਿ ਮੈਂ ਸਰਸਵਤੀ ਨੂੰ ਵੇਖ ਕੇ ਆਪਣੀ ਸਲਾਹ ਦੇਵਾਂਗਾ। ਇੱਕ ਦਿਨ ਸਰਸਵਤੀ ਨੂੰ ਮੇਰੀ ਰਿਹਾਇਸ਼ਗਾਹ ਤੇ ਲਿਆਂਦਾ ਗਿਆ। ਮਾਂ-ਬਾਪ ਅਤੇ ਕੰਡਾਸਾਮੀ ਬੈਠਕ ਵਿੱਚ ਇੰਤਜ਼ਾਰ ਕਰਦੇ ਰਹੇ ਅਤੇ ਮੈਂ ਤੇ ਮੇਰੀ ਪਤਨੀ ਦੂਜੇ ਕਮਰੇ ਵਿੱਚ ਸਰਸਵਤੀ ਨਾਲ ਲੰਬੀ ਚੌੜੀ ਗੱਲਬਾਤ ਕਰਦੇ ਰਹੇ।

ਬਾਅਦ ਵਿੱਚ ਮੈਂ ਕੰਡਾਸਾਮੀ ਅਤੇ ਉਸਦੇ ਮਾਂ ਬਾਪ ਨੂੰ ਦੱਸਿਆ ਕਿ ਲੜਕੀ ਬਹੁਤ ਮਾਨਸਿਕ ਵਿਕਾਰ (Neurosis) ਦੀ ਸਥਿਤੀ ਵੱਲ ਵਧ ਰਹੀ ਹੈ ਅਤੇ ਇਸਦਾ ਸੰਭਵ ਇਲਾਜ ਇਸਦੀ ਸ਼ਾਦੀ ਕਰਨਾ ਹੀ ਹੈ।

**ਸਾਧੂ ਨੂੰ ਬੁਲਾਉਣਾ**

ਕੁਝ ਦਿਨਾਂ ਬਾਅਦ ਰਾਮਾਨਾਥਨ ਅਧੀਨ ਕੰਮ ਕਰਦੇ ਇੱਕ ਸਹਾਇਕ ਕਲਰਕ ਰਘੂਪਤੀ ਨੇ ਸਰਸਵਤੀ ਦੇ ਕੇਸ ਬਾਰੇ ਇੱਕ ਮਸ਼ਹੂਰ 'ਸਾਧ' ਤੋਂ ਸਲਾਹ ਲੈਣ ਲਈ ਆਖਿਆ। ਰਘੂਪਤੀ ਅਨੁਸਾਰ, ਇਹ 'ਸਾਧੂ' ਮਹਾਨ ਗੈਬੀ ਸ਼ਕਤੀਆਂ ਦਾ ਮਾਲਕ ਸੀ। ਉਸਨੇ ਮਾਹਿਰ ਡਾਕਟਰਾਂ ਵੱਲੋਂ ਲਾਇਲਾਜ ਕਰਾਰ ਦਿੱਤੇ ਗਏ ਕਈ ਮਰੀਜਾਂ ਦਾ ਇਲਾਜ ਕਰ ਦਿੱਤਾ ਸੀ।

ਇੱਕ ਵਾਰੀ ਜਦੋਂ ਕਿਸੇ ਨੇ ਉਸਨੂੰ ਇੱਕ ਗੁੰਮਸ਼ੁਦਾ ਵਿਅਕਤੀ ਬਾਰੇ ਪੁੱਛਿਆ ਸੀ, ਤਾਂ ਉਸਨੇ ਦੂਰ ਦੇ ਕਸਬੇ ਵਿਖੇ ਉਸ ਹੋਟਲ ਦਾ ਨਾਂ ਦੱਸ ਦਿਤਾ ਸੀ, ਜਿਥੇ ਉਹ ਵਿਅਕਤੀ ਮਿਲ ਸਕਦਾ ਸੀ। ਪੜਤਾਲ ਤੋਂ ਸਭ ਹੈਰਾਨ ਰਹਿ ਗਏ ਕਿ ਉਹ ਵਿਅਕਤੀ ਉਸ ਹੋਟਲ ਦੇ ਇੱਕ ਕਮਰੇ ਵਿੱਚ ਰਹਿੰਦਾ ਸੀ।

ਰਾਮਾਨਾਥਨ ਅਤੇ ਉਸਦੀ ਪਤਨੀ ਨੇ ਅਖੀਰ ਇਸ 'ਸਾਧੂ' ਤੋਂ ਪੁੱਛ ਲੈਣ ਦਾ ਫੈਸਲਾ ਕਰ ਹੀ ਲਿਆ। ਅਗਲੇ ਦਿਨ ਰਘੂਪਤੀ 'ਸਾਧ' ਨੂੰ ਨਾਲ ਲੈ ਕੇ ਰਾਮਾਨਾਥਨ ਦੇ ਘਰੇ ਆ ਪਹੁੰਚਿਆ। ਪਰਿਵਾਰ ਨੇ ਉਸ ਸਾਧੂ ਦਾ ਬਹੁਤ ਹੀ ਆਦਰ ਅਤੇ ਸ਼ਰਧਾ ਨਾਲ ਸੁਆਗਤ ਕੀਤਾ ਅਤੇ ਉਸਨੂੰ ਇਸ ਮੌਕੇ ਵਾਸਤੇ ਕੁਰਸੀ ਤੇ ਚਿੱਟੀ ਚਾਦਰ ਵਿਛਾ ਕੇ ਬੈਠਕ ਵਿੱਚ ਬਿਰਾਜਮਾਨ ਕਰ ਦਿੱਤਾ ਗਿਆ।

ਲੰਮਾ ਪੀਲਾ ਚੋਲਾ ਪਹਿਨੇ ਹੋਏ, ਲੰਬੀ ਦਾੜੀ ਵਾਲਾ, ਸਿਰ ਉੱਪਰ ਵਾਲਾਂ ਦਾ ਜੂੜਾ ਕੀਤਾ ਹੋਇਆ ਅਤੇ ਮੱਥੇ ਉੱਤੇ ਚੰਦਨ ਦੀ ਲੱਕੜੀ ਦਾ ਲੇਪ ਕਰਕੇ ਮੱਥੇ ਦੇ ਵਿਚਾਲੇ ਲਾਲ ਟਿੱਕਾ ਲਾਈ, 'ਸਾਧੂ' ਇੱਕ ਧਰਮਾਤਮਾ ਜਾਪਦਾ ਸੀ।

ਅਰੰਭ ਵਿੱਚ ਰਾਮਾਨਾਥਨ ਨੇ ਆਪਣੀ ਧੀ ਦੇ ਦੁੱਖ ਬਾਰੇ ਸਾਧੂ ਨੂੰ ਵਿਸਥਾਰ ਪੂਰਵਕ ਦੱਸਿਆ। ਸਰਸਵਤੀ ਨੂੰ ਅੰਦਰ ਬੁਲਾਇਆ ਗਿਆ ਅਤੇ 'ਸਾਧੂ' ਸਾਹਮਣੇ ਖੜੀ ਕਰ ਦਿੱਤਾ ਗਿਆ।

**ਕੁੜੀ ਨੂੰ ਜ਼ਹਿਰ ਦਿੱਤਾ ਗਿਆ ਸੀ**

ਸਾਧੂ ਮਹਾਤਮਾ ਨੇ ਆਪਣੀਆਂ ਅੱਖਾਂ ਬੰਦ ਕੀਤੀਆਂ ਅਤੇ ਕੁਝ ਮਿੰਟਾਂ ਵਾਸਤੇ ਭਗਤੀ ਵਿੱਚ ਮਗਨ ਰਿਹਾ। ਫਿਰ ਉਸ ਨੇ ਅੱਖਾਂ ਖੋਲੀਆਂ ਅਤੇ ਕਿਹਾ, ਇਸ ਲੜਕੀ ਤੇ ਜਾਦੂ ਦਾ ਅਸਰ ਹੋਇਆ ਹੈ। ਇੱਕ ਈਰਖਾਲੂ ਔਰਤ, ਜਿਹੜੀ ਕਿ ਲੜਕੀ ਦੀ ਮਾਂ ਦੀ ਨਜ਼ਦੀਕੀ ਰਿਸ਼ਤੇਦਾਰ ਹੈ, ਨੇ ਇਸ ਕੁੜੀ ਨੂੰ ਤਰਲ ਰਾਹੀਂ ਜ਼ਹਿਰ ਦੇ ਦਿੱਤਾ ਹੈ। ਇਸ ਜ਼ਹਿਰ "ਸਰਪ ਪੂਜਾ" ਕਰਕੇ ਹੀ ਕੱਢੀ ਜਾ ਸਕਦੀ ਹੈ।"

ਸਰਸਵਤੀ ਨੂੰ ਕਮਰੇ ਵਿੱਚ ਵਾਪਸ ਭੇਜ ਦਿੱਤਾ ਗਿਆ। ਮਾਂ ਬਾਪ ਅਤੇ 'ਸਾਧੂ' ਨੇ ਸਲਾਹ ਮਸ਼ਵਰਾ ਕਰਕੇ 'ਸਰਪ ਪੂਜਾ' ਦੀ ਤਾਰੀਖ ਮਿੱਥ ਲਈ। 'ਸਾਧੂ' ਨੇ ਪੂਜਾ ਵਾਸਤੇ ਲੋੜੀਦੀਆਂ ਚੀਜ਼ਾਂ ਦੀ ਇੱਕ ਲੰਬੀ ਸੂਚੀ ਤਿਆਰ ਕਰਵਾ ਦਿੱਤੀ ਸੀ।

ਜਦੋਂ ਰਘੂਪਤੀ ਅਤੇ 'ਸਾਧੂ' ਚਲੇ ਗਏ ਤਾਂ ਸ਼ਾਮੀ ਅਤੇ ਮਾਂ ਬਾਪ ਵਿਚਕਾਰ ਕਾਫ਼ੀ ਝੜੱਪ ਹੋਈ। ਕੰਡਾਸਾਮੀ ਨੇ ਆਖਿਆ ਕਿ ਜੋ ਕੁੱਝ ਵੀ ਸਾਧੂ ਨੇ ਆਖਿਆ ਹੈ ਉਹ ਬਕਵਾਸ ਹੈ। ਚੰਗੀ ਗੱਲ ਤਾਂ ਇਹ ਹੈ ਕਿ ਸਰਸਵਤੀ ਨੂੰ ਕਿਸੇ ਦਿਮਾਗੀ ਬਿਮਾਰੀਆਂ ਦੇ ਡਾਕਟਰ ਨੂੰ ਦਿਖਾਇਆ ਜਾਵੇ ਅਤੇ ਹਿਸਟੇਰੀਆ ਦਾ ਇਲਾਜ ਕਰਵਾਇਆ ਜਾਵੇ। ਪ੍ਰੰਤੂ ਇਕ ਅਨਾੜੀ ਮੁੰਡੇ ਮਗਰ ਲੱਗ ਕੇ ਮਾਂ ਬਾਪ ਇਕ ਮਹਾਤਮਾਂ 'ਸਾਧੂ' ਵਲੋਂ ਦਿੱਤੀ ਗਈ ਸਿਖਿਆ ਨੂੰ ਅਜਾਈਂ ਹੀ ਸੁਟਣਾ ਨਹੀਂ ਸਨ ਚਾਹੁੰਦੇ।

ਮਾਂ ਬਾਪ ਘੰਟਿਆਂ ਬੱਧੀ ਉਸ ਔਰਤ ਦੀ ਪਹਿਚਾਣ ਕਰਦੇ ਰਹੇ, ਜਿਸਨੇ ਸਰਸਵਤੀ ਨੂੰ ਜ਼ਹਿਰ ਦਿੱਤਾ ਸੀ। ਤੁੱਕੇ ਚਲਾਉਂਦੇ ਹੋਏ, ਉਹ ਇਸ ਨਤੀਜੇ ਤੇ ਪਹੁੰਚੇ ਕਿ ਉਹ ਰਾਮਾਨਾਥਨ ਦੀ ਪਤਨੀ ਦੀ ਭੈਣ ਹੀ ਸੀ, ਜਿਸ ਦੇ ਘਰ ਕਈ ਮਹੀਨੇ ਪਹਿਲਾਂ ਉਹ ਇਕ ਪਾਰਟੀ ਤੇ ਗਏ ਸਨ।

ਰਾਮਾਨਾਥਨ ਦੀ ਪਤਨੀ ਨੇ ਆਖਿਆ, ਮੈਨੂੰ ਯਕੀਨ ਹੈ ਕਿ ਉਸਨੂੰ ਜ਼ਰੂਰ ਈਰਖਾ ਹੋਣੀ ਐ ਕਿ ਆਪਣਾ ਲੜਕਾ ਉਸ ਦੇ ਵੱਡੇ ਲੜਕੇ ਨਾਲੋਂ ਵੱਧ ਤਨਖਾਹ ਲੈਂਦਾ ਹੈ, ਹਾਲਾਂ ਕਿ ਦੋਵੇਂ ਇਕੋ ਜਿੰਨਾ ਹੀ ਪੜ੍ਹੇ ਲਿਖੇ ਹਨ।" ਪਰਿਵਾਰ ਨੇ ਭਵਿੱਖ ਲਈ ਉਸ ਟੱਬਰ ਨਾਲੋਂ ਪੂਰੀ ਤਰਾਂ ਸੰਬੰਧ ਤੋੜ ਲੈਣ ਦਾ ਫੈਸਲਾ ਕਰ ਲਿਆ।

**ਪੂਜਾ ਆਰੰਭ ਹੋਈ**

'ਸਾਧੂ' ਮਿੱਥੇ ਹੋਏ ਦਿਨ ਤੇ ਥੈਲਾ ਲਟਕਾਈ ਆ ਪਹੁੰਚਿਆ। ਉਹ ਪੂਜਾ ਵਾਸਤੇ ਖਾਸ ਤੌਰ ਤੇ ਚੁਣੇ ਗਏ ਕਮਰੇ ਵਿੱਚ ਵੜ ਗਿਆ। ਕੰਧ ਨਾਲ ਢੋਅ ਲਾਈ ਚੌਂਕੜੀ ਮਾਰ ਕੇ ਬੈਠੇ ਸਾਧੂ ਸਾਹਮਣੇ ਦੋ ਕੇਲੇ ਦੇ ਚੌੜੇ ਪੱਤੇ ਵਿਛੇ ਹੋਏ ਸਨ। ਵਿਚਾਲੇ ਪਿੱਤਲ ਦਾ ਇਕ ਬਰਤਨ ਕੱਦੂਕਸ਼ ਕੀਤੇ ਹੋਏ ਖੋਪੇ ਨਾਲ ਭਰਿਆ ਪਿਆ ਸੀ। ਇਸ ਦੇ ਪਿੱਛੇ ਖੋਪੇ ਦਾ ਇਕ ਦੀਵਾ ਜਗ ਰਿਹਾ ਸੀ। ਕੇਲੇ ਦੇ ਪੱਤਿਆਂ ਤੇ ਕੱਚੇ ਚਾਵਲ, ਉੱਬਲੇ ਹੋਏ ਚਾਵਲ, ਫੁੱਲ, ਦਲੇ ਹੋਏ ਚਾਵਲ, ਕੇਲੇ ਅਤੇ ਕਸੋਰੇ ਵਿੱਚ ਦੁੱਧ ਪਾ ਕੇ ਰੱਖੇ ਹੋਏ ਸਨ।

ਸਾਧੂ ਨੇ ਪਹਿਲਾਂ ਥੈਲੇ ਵਿੱਚੋਂ ਸੱਪ ਵਾਂਗੂੰ ਵਲੇਵੇਂ ਖਾਧੀ ਹੋਈ ਇਕ ਜੰਗਲੀ ਵੇਲ ਦੀ ਟਾਹਣੀ ਕੱਢ ਕੇ ਕਸੋਰੇ ਨਾਲ ਟਿਕਾਣੇ ਰੱਖ ਦਿੱਤੀ।

ਇੱਕ ਨੀਵੀਂ ਜਿਹੀ ਪਟੜੀ ਤੇ 'ਸਾਧੂ' ਸਾਹਮਣੇ ਸਰਸਵਤੀ ਨੂੰ ਬਿਠਾਇਆ ਗਿਆ ਸੀ। 'ਸਾਧੂ' ਨੇ ਲਗਾਤਾਰ ਵੀਹ ਮਿੰਟ ਜਾਪ ਕੀਤਾ। ਅੱਧੀ ਪੂਜਾ ਸੰਸਕ੍ਰਿਤ ਦੇ ਸਲੋਕ ਉਚਾਰਦਿਆਂ ਲੰਘ ਗਈ। ਦੂਜਾ ਅੱਧ 'ਸਾਧੂ' ਦਾ ਆਪਣੇ ਦੇਵਤੇ ਨਾਲ ਗੱਲਬਾਤ ਕਰਨ ਨਾਲ ਆਰੰਭ ਹੋਇਆ।

ਸਾਧੂ ਨੇ ਕਾਗਜ਼ ਦੇ ਇੱਕ ਟੁਕੜੇ ਤੇ ਆਪਣੇ ਇਸ਼ਟ ਵਲੋਂ ਦਿੱਤਾ ਗਿਆ ਸੰਦੇਸ਼ ਲਿਖਿਆ। ਸਰਸਵਤੀ ਦੇ ਪੇਟ ਵਿੱਚੋਂ ਜ਼ਹਿਰ ਕੱਢਣ ਦਾ ਕੰਮ ਪੂਜਾ ਦੇ ਦੂਜੇ ਅੱਧ ਦੇ ਅੰਤ ਵਿੱਚ ਹੋਇਆ।

ਅੰਗਿਆਰਿਆਂ ਉੱਤੇ ਧੂਫ ਪਾਉਣ ਕਾਰਨ ਧੂੰਏ ਨਾਲ ਸਾਰਾ ਕਮਰਾ ਭਰ ਗਿਆ। ਵਾਤਾਵਰਣ ਪਵਿੱਤਰ ਅਤੇ ਸ਼ਾਂਤ ਸੀ। ਸਿਵਾਏ ਸਾਧੂ ਦੇ ਸਲੋਕ ਉਚਾਰਨ ਅਤੇ ਆਪਣੇ ਇਸ਼ਟ ਨਾਲ ਗੱਲਬਾਤ ਕਰਨ ਦੇ ਕਮਰੇ ਵਿੱਚ ਹੋਰ ਕੋਈ ਵੀ ਸਾਹ ਨਹੀਂ ਸੀ ਕੱਢ ਰਿਹਾ।

ਸਰਸਵਤੀ ਬੇਹਰਕਤ ਬੈਠੀ ਰਹੀ। ਧੂਫਦਾਨੀ, ਜਿਸ ਵਿੱਚੋਂ ਧੂੰਆਂ ਨਿਕਲ ਰਿਹਾ ਸੀ, ਤਿੰਨ ਵਾਰੀ ਉਸਦੇ ਸਿਰ ਦੁਆਲੇ ਘੁਮਾਈ ਗਈ। ਫਿਰ 'ਸਾਧੂ' ਨੇ ਇਕ ਤੀਹ ਇੰਚ ਲੰਮੀ ਰੱਸੀ ਸਰਸਵਤੀ ਨੂੰ ਇੱਕ ਸਿਰੇ ਤੋਂ ਮੂੰਹ ਵਿੱਚ ਫੜਨ ਲਈ ਦਿੱਤੀ ਗਈ। ਇਸ ਰੱਸੀ ਦਾ ਦੂਜਾ ਸਿਰਾ ਦੁੱਧ ਵਿੱਚ ਡੋਬੋ ਕੇ ਰੱਖਿਆ ਗਿਆ ਸੀ।

**ਜ਼ਹਿਰ ਕੱਢ ਦਿੱਤਾ ਗਿਆ**

ਸਲੋਕਾਂ ਦਾ ਉਚਾਰਨ ਹੋਰ ਉੱਚੀ ਹੁੰਦਾ ਗਿਆ। 'ਸਾਧੂ' ਨੇ ਆਪਣੇ ਝੋਲੇ ਵਿੱਚੋਂ ਚੰਮੇਲੀ ਦੇ ਫੁੱਲ ਕੱਢੇ ਅਤੇ ਆਪਣੇ ਖੱਬੇ ਹੱਥ ਵਿੱਚ ਰੱਖ ਲਏ। ਸੱਜੇ ਹੱਥ ਨਾਲ ਉਸਨੇ ਕੁਝ ਫੁੱਲ ਸਰਸਵਤੀ ਦੇ ਸਿਰ ਉੱਪਰ ਸੁੱਟ ਦਿੱਤੇ। ਫਿਰ ਉਸਨੇ ਕੇਲੇ ਦੇ ਪੱਤਿਆ ਤੇ ਰੱਖਿਆ ਹੋਇਆ ਖਾਣ-ਪੀਣ ਵਾਲੀਆਂ ਸਾਰੀਆਂ ਵਸਤੂਆਂ ਵਿੱਚ ਸਮੇਤ ਦੁੱਧ ਏ ਇੱਕ ਫੁੱਲ ਪਾ ਦਿੱਤਾ। ਫਿਰ ਉਸਨੇ ਆਪਣੇ ਸੱਜੇ ਹੱਥ ਵਿੱਚ ਸੱਪ ਵਰਗੀ ਵਲੇਵੇਂ ਖਾਧੀ ਟਾਹਣੀ ਚੁੱਕੀ ਅਤੇ ਉਸਨੂੰ ਕਈ ਵਾਰੀ ਸਰਸਵਤੀ ਦੇ ਸਿਰ ਵੱਲੋਂ ਦੁੱਧ ਵਾਲੇ ਭਾਂਡੇ ਤੱਕ ਲਿਆਂਦਾ।

ਇੰਝ ਕਰਦੇ ਹੋਏ ਦੁੱਧ ਦਾ ਰੰਗ ਪਹਿਲਾਂ ਪੀਲਾ ਨੀਲਾ ਅਤੇ ਬਾਅਦ ਵਿੱਚ ਗਹਿਰਾ ਨੀਲਾ ਹੋਣ ਲੱਗਾ। ਪੰਜ ਮਿੰਟਾਂ ਬਾਦ 'ਸਾਧੂ' ਨੇ ਫੁਰਮਾਇਆ ਕਿ ਸਰਸਵਤੀ ਦੇ ਸਰੀਰ ਵਿਚਲਾ ਸਾਰਾ ਜ਼ਹਿਰ ਦੁੱਧ ਵਿੱਚ ਆ ਗਿਆ ਹੈ। ਸ਼ੱਕੀ ਕੰਡਾਸਾਮੀ ਸਮੇਤ ਜਿੰਨੇ ਵੀ ਕਮਰੇ ਵਿਚ ਸਨ, ਇਸ ਕਰਾਮਾਤ ਤੇ ਬਹੁਤ ਹੈਰਾਨ ਹੋਏ।

**ਜ਼ਹਿਰ ਦਫਨਾ ਦਿੱਤੀ ਗਈ**

ਸਰਸਵਤੀ ਨੂੰ ਖੜ੍ਹੀ ਹੋਣ ਲਈ ਆਖਿਆ ਗਿਆ। 'ਸਾਧੂ' ਨੇ ਉਸਦੇ ਸਿਰ ਤੇ ਦੋਵੇਂ ਹੱਥ ਰੱਖ ਕੇ ਅਸ਼ੀਰਵਾਦ ਦਿੱਤੀ ਤੇ ਕਿਹਾ ਕਿ ਭਵਿੱਖ ਵਿੱਚ ਉਸਨੂੰ ਕੋਈ ਤਕਲੀਫ ਨਹੀਂ ਹੋਵੇਗੀ।

ਜਦੋਂ ਰਾਮਾਨਾਥਨ ਦੀ ਪਤਨੀ ਸੰਤੁਸ਼ਟਤਾ ਨਾਲ ਆਪਣੇ ਪਤੀ ਵੱਲ ਵੇਖ ਰਹੀ ਸੀ ਤਾਂ ਸਾਧੂ ਨੇ ਕਮਰੇ ਵਿੱਚ ਖੜ੍ਹੇ ਨੌਕਰ ਨੂੰ ਬੁਲਾਇਆ ਅਤੇ ਨੀਲੇ ਦੁੱਧ ਵਾਲਾ ਕਸੋਰਾ ਉਸਨੂੰ ਦਿੰਦੇ ਹੋਏ ਸਮਝਾਇਆ, "ਜਦੋਂ ਮੈਂ ਇਥੇ ਖਾਸ ਪੂਜਾ ਕਰਾਗਾ, ਤਾਂ ਤੂੰ ਇਸਨੂੰ ਪਿਛਵਾੜੇ ਲੈ ਜਾਵੀਂ ਅਤੇ ਆਪਣੇ ਸੱਜੇ ਹੱਥ ਦੀਆਂ ਤਿੰਨ ਉਂਗਲਾਂ ਨਾਲ ਜਿਨਾ ਗੋਬਰ (ਗਊ ਦਾ ਗੋਹਾ) ਤੂੰ ਉਠਾ ਸਕੇਂ, ਇਸ ਕਸੋਰੇ ਵਿੱਚ ਪਾ ਦੇਵੀਂ। ਫੇਰ ਬਗੀਚੀ ਵਿੱਚ ਇੱਕ ਟੋਆ ਪੁੱਟ ਲਵੀਂ। ਬਰਤਨ ਨੂੰ ਦੋਵਾਂ ਹੱਥਾਂ ਨਾਲ ਫੜ੍ਹ ਕੇ ਮੂੰਹ ਪੱਛਮ ਵੱਲ ਕਰਕੇ, ਸੂਰਜ ਵੱਲੀਂ ਵੇਖਦੇ ਹੋਏ ਟੋਏ ਵਿੱਚ ਸਾਰਾ ਦੁੱਧ ਡੋਲ੍ਹ ਦੇਵੀਂ, ਖਾਲੀ ਕਸੋਰੇ ਨੂੰ ਟੋਏ ਵਿੱਚ ਰੱਖ ਕੇ ਤੋੜ ਦੇਵੀਂ ਅਤੇ ਫੇਰ ਟੋਆ ਬੰਦ ਕਰ ਦੇਵੀਂ।"

ਜਿਉਂ ਹੀ ਨੌਕਰ ਕਮਰੇ ਤੋਂ ਬਾਹਰ ਗਿਆ, ਕੰਡਾਸਾਮੀ ਵੀ ਉਸ ਨਾਲ ਹੀ ਚਲਾ ਗਿਆ। ਉਸਨੇ ਨੌਕਰ ਤੋਂ ਬਰਤਨ ਫੜਕੇ ਆਪਣੀ ਅਲਮਾਰੀ ਵਿੱਚ ਜਿੰਦਰਾ ਲਾ ਕੇ ਰੱਖ ਲਿਆ ਅਤੇ ਨੌਕਰ ਨੂੰ ਇਸ ਬਾਰੇ ਕਿਸੇ ਨੂੰ ਵੀ ਨਾ ਦੱਸਣ ਲਈ ਆਖਿਆ।

**ਸਾਧੂ ਨੂੰ ਇਨਾਮ ਦਿੱਤਾ ਗਿਆ**

'ਸਾਧੂ' ਨੇ ਸਾਰੀਆਂ ਖਾਣ ਪੀਣ ਵਾਲੀਆਂ ਵਸਤੂਆਂ ਆਪਣੇ ਥੈਲੇ ਵਿਚ ਪਾ ਲਈਆਂ ਅਤੇ ਜਾਣ ਦੀ ਤਿਆਰੀ ਕਰਨ ਲੱਗਾ। ਰਾਮਾਨਾਥਨ ਅਤੇ ਉਸਦੀ ਪਤਨੀ ਨੇ ਸਾਧੂ ਦੀ ਪੂਜਾ ਕੀਤੀ ਅਤੇ ਇਸ ਪਰਉਪਕਾਰ ਵਾਸਤੇ ਉਸਦੀ ਸੇਵਾ ਕਰਨ ਲਈ ਬੇਨਤੀ ਕੀਤੀ।

"ਮੈਂ ਇਸਦੀ ਕੋਈ ਫੀਸ ਨਹੀ ਲਿਆ ਕਰਦਾ। ਅਸਲੀ ਗੱਲ ਤਾਂ ਇਹ ਸੀ ਕਿ ਮੈਂ ਮਾਇਆ ਨੂੰ ਆਪਣੇ ਹੱਥਾਂ ਨਾਲ ਕਦੇ ਛੋਹਿਆ ਤੱਕ ਨਹੀਂ। ਜੇ ਤੁਸੀਂ ਚਾਹੁੰਦੇ ਹੋ ਕਿ ਮੈਂ ਤੁਹਾਡੀ ਸੇਵਾ ਮਨਜ਼ੂਰ ਕਰਾਂ, ਤਾਂ ਤੁਸੀਂ ਪੰਜੀ ਕੁ ਰੁਪਏ ਮੇਰੇ ਥੈਲੇ ਵਿੱਚ ਪਾ ਦੇਵੋ।" ਸਾਧੂ ਨੇ ਜਵਾਬ ਦਿੱਤਾ।

ਰਾਮਾਨਾਥਨ ਅਤੇ ਉਸਦੀ ਪਤਨੀ ਨੇ ਕਾਨਾਫੂਸੀ ਕਰਕੇ ਸਲਾਹ ਕੀਤੀ ਕਿ ਮਹਾਤਮਾ ਨੇ ਜਿੰਨੇ ਪੈਸੇ ਆਖੇ ਹਨ, ਉਸਨੇ ਉਸਤੋਂ ਕਾਫ਼ ਵੱਧ ਦਾ ਪਰਉਪਕਾਰ ਕੀਤਾ ਹੈ। ਉਹਨਾਂ ਪੰਜਾਹ ਰੁਪਏ ਦਾ ਇਕ ਨੋਟ ਮਰੋੜ ਕੇ ਸਾਧੂ ਦੇ ਥੈਲੇ ਵਿੱਚ ਪਾ ਦਿੱਤਾ।

ਕੰਡਾਸਾਮੀ 'ਸਾਧੂ' ਨੂੰ ਬੱਸ ਸਟੈਂਡ ਤੱਕ ਛੱਡਣ ਗਿਆ। ਪੈਟਾਰ ਵੱਲ ਜਾਂਦੀ ਪਹਿਲੀ ਬੱਸ ਤੇ 'ਸਾਧੂ' ਨੂੰ ਚੜ੍ਹਾਉਣ ਮਗਰੋਂ ਉਹ ਗਾਲੇ ਰੋਡ ਦੀ ਦੂਜੀ ਤਰਫ਼ ਲੰਘ ਆਇਆ ਅਤੇ ਉਸਨੇ ਮਾਊਂਟ ਲਾਵੀਨੀਆ ਨੂੰ ਜਾਣ ਵਾਲੀ ਬੱਸ ਫੜ ਲਈ ਅਤੇ ਮੇਰੇ ਕੋਲ ਆ ਗਿਆ।

'ਸਾਧੂ' ਦੇ ਚਲੇ ਜਾਣ ਤੋਂ ਕੁੱਝ ਮਿੰਟ ਮਗਰੋਂ ਹੀ ਕੰਡਾਸਾਮੀ ਸਮੇਤ ਮੈਂ ਰਾਮਾਨਾਥਨ ਦੇ ਘਰ ਆ ਗਿਆ ਅਤੇ ਸਿੱਧਾ ਕੰਡਾਸਾਮੀ ਦੇ ਕਮਰੇ ਵਿੱਚ ਗਿਆ। ਕੰਡਾਸਾਮੀ ਨੇ ਦੁੱਧ ਵਾਲਾ ਕਸੋਰਾ ਅਲਮਾਰੀ ਵਿੱਚੋਂ ਬਾਹਰ ਕੱਢਿਆ ਅਤੇ ਮੈਨੂੰ ਵਿਖਾਇਆ।

**ਠੱਗੀ ਫੜੀ ਗਈ।**

ਦੁੱਧ ਦਾ ਰੰਗ ਚੰਗੀ ਤਰ੍ਹਾਂ ਵੇਖਣ ਉਪਰੰਤ, ਮੈਂ ਇਕ ਹੋਰ ਬਰਤਨ ਮੰਗਵਾਇਆ। ਜਦੋਂ ਦੁੱਧ ਦੂਜੇ ਬਰਤਨ ਵਿਚ ਨਿਤਾਰ ਲਿਆ ਗਿਆ ਤਾਂ ਬਰਤਨ ਦੀ ਹੇਠਲੀ ਸਤਾਹ ਤੇ ਅੱਧ ਖੁਰੀ ਨੀਲੀ ਸਿਆਹੀ ਦੀ ਟਿੱਕੀ ਵਿਖਾਈ ਦਿੱਤੀ।ਮੈਂ ਨੀਲੀ ਸਿਆਹੀ ਦੀ ਟਿੱਕੀ ਚੁੱਕੀ ਅਤੇ ਕੰਡਾਸਾਮੀ ਨੂੰ ਦੇ ਦਿੱਤੀ। ਉਹ ਅੱਧ ਖੁਰੀ ਟਿੱਕੀ ਲੈ ਕੇ ਆਪਣੇ ਮਾਂ ਬਾਪ ਨੂੰ ਵਿਖਾਉਣ ਚਲਾ ਗਿਆ।

ਜਦੋਂ ਰਾਮਾਨਾਥਨ ਅਤੇ ਉਸਦੀ ਪਤਨੀ ਨੂੰ ਪੰਜਾਹ ਰੁਪਏ ਦੀ ਇਸ ਠੱਗੀ ਦਾ ਪਤਾ ਲੱਗਿਆ ਤਾਂ ਉਹਨਾਂ ਤੇ ਅਜਿਹਾ ਅਸਰ ਹੋਇਆ ਕਿ ਜੋ 'ਸਾਧੂ' ਕਿਤੇ ਨੇੜ-ਤੇੜ ਹੁੰਦਾ ਤਾਂ ਉਹ ਉਸਦਾ ਕਤਲ ਕਰ ਦਿੰਦੇ।

ਕੰਡਾਸਾਮੀ ਮੇਰੇ ਸਾਹਮਣੇ ਆਪਣੇ ਆਪ ਨੂੰ ਇਸ ਗੱਲੋਂ ਨੀਵਾਂ ਅਤੇ ਸ਼ਰਮਿੰਦਾ ਮਹਿਸੂਸ ਕਰ ਰਿਹਾ ਸੀ ਕਿ ਜਦੋਂ 'ਸਾਧੂ' ਨੇ ਦੁੱਧ ਵਿੱਚ ਚਮੇਲੀ ਦਾ ਫੁੱਲ ਸੁੱਟਣ ਵੇਲੇ ਨਾਲ ਹੀ ਚੋਰੀ ਛੁੱਪੇ ਸਿਆਹੀ ਦੀ ਟਿੱਕੀ ਵੀ ਦੁੱਧ ਵਿੱਚ ਪਾ ਦਿੱਤੀ ਸੀ ਤਾਂ ਉਸ ਸਮੇਂ ਉਹ 'ਸਾਧੂ' ਦੀ ਠੱਗੀ ਕਿਉਂ ਨਹੀਂ ਸੀ ਫੜ ਸਕਿਆ।

ਮੈਂ ਥੋੜੇ ਜਿਹੇ ਸ਼ਬਦਾਂ ਵਿੱਚ ਕੰਡਾਸਾਮੀ ਅਤੇ ਉਸਦੇ ਮਾਂ ਬਾਪ ਨੂੰ ਆਖਿਆ, "ਜਿਵੇਂ ਕਿਸੇ ਜਾਦੂਗਰ ਦੀ ਚਲਾਕੀ ਧਿਆਨ ਨਾਲ ਵੇਖਣ ਨਾਲ ਫੜੀ ਜਾ ਸਕਦੀ ਹੈ, ਉਸੇ ਤਰ੍ਹਾਂ ਹੀ ਜੇ ਉਸਦੀ ਛੋਟੀ ਤੋਂ ਛੋਟੀ ਹਰਕਤ ਤੇ ਧਿਆਨ ਰੱਖਿਆ ਜਾਵੇ ਤਾਂ ਭੂਤ-ਪ੍ਰੇਤ ਕੱਢਣ ਵਾਲੇ ਦੀ ਜਾਲਸਾਜ਼ੀ ਵੀ ਫ਼ੜੀ ਜਾ ਸਕਦੀ ਹੈ। ਇਹ 'ਸਾਧੂ' ਬਹੁਤ ਹੀ ਚਲਾਕ ਅਤੇ ਹੁਸ਼ਿਆਰ ਬੰਦਾ ਸੀ। ਤੁਹਾਡੇ ਨੌਕਰ ਨੂੰ ਉਸ ਵਲੋਂ ਦਿੱਤੀਆਂ ਹਦਾਇਤਾਂ- ਕਸੋਰੇ ਵਿੱਚ ਗਾਂ ਦਾ ਗੋਹਾ ਮਿਲਾਉਣਾ, ਦੁੱਧ ਡੋਲਦੇ ਸਮੇਂ ਸੂਰਜ ਵੱਲ ਵੇਖਦੇ ਰਹਿਣਾ, ਬਰਤਨ ਨੂੰ ਤੋੜ ਦੇਣਾ ਅਤੇ ਸਭ ਕੁੱਝ ਟੋਏ ਵਿੱਚ ਦੱਬ ਦੇਣਾ ਆਦਿ- ਇਸ ਗੱਲੋਂ ਹੀ ਸਨ ਕਿ ਕੋਈ ਹੋਰ ਸਿਆਹੀ ਦੀ ਟਿੱਕੀ ਨਾ ਵੇਖ ਲਵੇ।

ਅਗਿਆਨੀ ਲੋਕਾਂ ਦੇ ਇਹ ਗਲਤ ਵਿਚਾਰ ਹਨ ਕਿ ਮਹੀਨਿਆਂ ਸਾਲਾਂ ਬੱਧੀ ਜ਼ਹਿਰ ਪੇਟ ਵਿਚ ਪਈ ਰਹਿ ਸਕਦੀ ਹੈ, ਜਿਸ ਨਾਲ ਦਿਮਾਗੀ ਨੁਕਸ ਪੈ ਜਾਂਦੇ ਹਨ ਅਤੇ ਫੇਰ ਇਹ ਜ਼ਹਿਰ ਕਿਸੇ ਜਾਦੂ ਨਾਲ ਬਾਹਰ ਕੱਢੀ ਜਾ ਸਕਦੀ ਹੈ। ਭੂਤ-ਪ੍ਰੇਤ ਕੱਢਣ ਵਾਲਿਆਂ ਵੱਲੋਂ ਭੋਲੇ ਭਾਲੇ ਲੋਕਾਂ ਵਿੱਚ ਇਹ ਅਫਵਾਹ ਫੈਲਾਈਆਂ ਜਾਂਦੀਆਂ ਹਨ ਅਤੇ ਅਜਿਹੀਆਂ ਕਹਾਣੀਆਂ ਨੂੰ ਸੱਚ ਬਣਾ ਦਿੱਤਾ ਜਾਂਦਾ ਹੈ।

ਮੈਂ ਕੋਲੰਬੋ ਦੇ ਇੱਕ ਪਾਦਰੀ ਨੂੰ ਜਾਣਦਾ ਹਾਂ, ਜਿਸਨੇ ਪੇਂਡੂ ਭੂਤ-ਪ੍ਰੇਤ ਕੱਢਣ ਵਾਲਿਆਂ ਵਾਗੂੰ ਹੀ ਭੋਲੇ ਭਾਲੇ ਲੋਕਾਂ ਵਿੱਚ ਖਾਸੀ ਦੁਕਾਨਦਾਰੀ, ਜਾਦੂ ਦੇ ਰਾਹੀਂ ਦੁੱਖ ਦੂਰ ਕਰਨ ਵਾਸਤੇ, ਚਾਲੂ ਕਰ ਰੱਖੀ ਹੈ।

ਸਰੀਰਕ ਵਿਗਿਆਨ ਅਨੁਸਾਰ ਸਾਰੀਆਂ ਜ਼ਹਿਰਾਂ ਜਿਹੜੀਆਂ ਸਰੀਰ ਵਿੱਚ ਖੁਰਾਕ ਨਾਲੀ ਰਾਹੀਂ ਦਾਖਲ ਹੁੰਦੀਆਂ ਹਨ, ਅੰਤ ਪੇਸ਼ਾਬ ਰਾਹੀਂ ਬਾਹਰ ਨਿਕਲਦੀਆਂ ਹਨ। ਜੇ ਉਹ ਨਾ-ਪਚਣ ਯੋਗ ਵਸਤੂਆਂ ਹਨ, ਤਾਂ ਉਹ ਬਿਨਾਂ ਦਿਮਾਗ ਜਾਂ ਭੋਜਨ-ਪ੍ਰਣਾਲੀ ਨੂੰ ਨੁਕਸਾਨ ਪਹੁੰਚਾਏ ਆਪਣੇ ਆਪ ਹੀ ਟੱਟੀ ਰਾਹੀਂ ਬਾਹਰ ਨਿਕਲ ਜਾਂਦੀਆਂ ਹਨ।"

ਗੁੱਸੇ ਵਿੱਚ ਲੋਹਾ-ਲਾਖਾ ਹੋਏ ਰਾਮਾਨਾਥਨ ਨੇ ਅਗਲੇ ਦਿਨ ਰਘੂਪਤੀ ਦੀ ਮਦਦ ਨਾਲ 'ਸਾਧ' ਦਾ ਥਾਂ ਟਿਕਾਣਾ ਲੱਭ ਕੇ, ਪੁਲਸ ਨੂੰ ਇਤਲਾਹ ਦੇਣ ਦੀ ਧਮਕੀ ਹੇਠ ਉਸ ਪਾਸੋਂ ਪੂਰੇ ਪੰਜਾਹ ਰੁਪਏ ਮੁੜਵਾ ਲਏ।

ਮੇਰੀਆਂ ਉਂਗਲਾਂ ਤੋਂ ਨੀਲੇ ਦਾਗ ਲਾਹੁਣ ਵਿੱਚ ਪੂਰੇ ਦੋ ਦਿਨ ਲੱਗੇ ਸਨ।

# ਸੜਕ ਰੋਕਣ ਵਾਲਾ ਭੂਤ

ਕਈ ਸਾਲ ਪਹਿਲਾਂ ਸ਼੍ਰੀ ਲੰਕਾ ਵਿੱਚ ਸਾਡਾ ਇਕ ਅਗਰਗਾਮੀ ਅਤੇ ਬਹੁਤ ਹੀ ਦਲੇਰ, ਇਕ ਧਨਵਾਨ ਮੋਟਰ ਚਾਲਕ ਰਹਿੰਦਾ ਸੀ, ਜਿਸ ਕੋਲ ਡੀਲੋਨੀ-ਬੈਲੀਵਿਲੇ (ਇਕ ਕਿਸਮ ਦੀ ਕਾਰ) ਸੀ। ਮੈਂ ਇਹ ਕਾਰ ਵੇਖੀ ਸੀ। ਇਸਦੇ ਗੋਲ ਪਿੱਤਲ ਦਾ ਰੇਡੀਏਟਰ ਸੀ, ਪਿੱਤਲ ਦਾ ਵਿੰਡਸਕਰੀਨ ਸੀ, ਪਿੱਤਲ ਦਾ ਹੀ ਟਾਪਾ ਸੀ ਅਤੇ ਪਿੱਤਲ ਦਾ ਹੀ ਸਮਾਨ ਰੱਖਣ ਵਾਲਾ ਕੈਰੀਅਰ ਸੀ।

ਮੋਟਰ ਚਾਲਕ ਗਾਲੇ ਵਿਖੇ ਦੌੜਾਂ ਵਿੱਚ ਭਾਗ ਲੈਣ ਲਈ ਗਿਆ ਸੀ ਅਤੇ ਸ਼ਾਮੀਂ ਦੇਰ ਹੋਏ ਉਹ ਹਿੱਕਾਦੂਵਾ ਰੈਸਟ ਹਾਊਸ ਵੱਲ ਵਾਪਸ ਆ ਰਿਹਾ ਸੀ। ਉਹ ਇੱਥੇ ਰਿਹਾ ਕਰਦਾ ਸੀ। ਉਸਦੀ ਕਾਰ ਭਰੀ ਹੋਈ ਸੀ ਇਸ ਲਈ ਉਸਨੇ ਡਰਾਇਵਰ ਨੂੰ ਉੱਪਰ ਬੈਠਣ ਲਈ ਆਖ ਦਿੱਤਾ ਸੀ। ਇੰਝ ਕਾਰ ਦਾ ਡਰਾਇਵਰ ਪਿਛਲੇ ਪਾਸੇ ਮੂੰਹ ਕਰੀ ਕਾਰ ਦੀ ਛੱਤ ਉਪਰ ਬੈਠਾ ਸੀ। ਮੋਟਰ ਚਾਲਕ ਆਪ ਖੁਦ ਕਾਰ ਚਲਾ ਰਿਹਾ ਸੀ।

ਡਾਡਾਲਾ ਕਬਰਸਤਾਨ ਦੇ ਸਾਹਮਣੇ ਅਚਾਨਕ ਹੀ ਸਾਰੀਆਂ ਬੱਤੀਆਂ ਬੁੱਝ ਗਈਆਂ। ਉਸਨੇ ਕਾਰ ਰੋਕੀ, ਕਾਰ ਡਰਾਇਵਰ ਹੇਠਾਂ ਉਤਰਿਆ ਅਤੇ ਬੱਤੀਆ ਜਗਾ ਦਿੱਤੀਆਂ। ਇਹ ਟੋਲੀ ਫਿਰ ਅੱਗੇ ਤੁਰੀ ਅਤੇ ਜਦੋਂ ਹਿੱਕਦੂਵਾ ਪਹੁੰਚ ਕੇ ਰੁਕੀ ਤਾਂ ਉਡੀਕਣ ਲੱਗੀ ਕਿ ਕਾਰ ਡਰਾਇਵਰ ਉਪਰੋਂ ਉਤਰ ਕੇ ਕਾਰ ਦੀ ਤਾਕੀ ਖੋਹਲੇਗਾ। ਜਦੋਂ ਕਾਰ ਡਰਾਇਵਰ ਨਾ ਬਹੁੜਿਆ ਤਾਂ ਮੋਟਰ-ਚਾਲਕ ਗੁੱਸੇ ਹੁੰਦਾ ਹੋਇਆ ਕਾਰ ਵਿੱਚੋਂ ਬਾਹਰ ਨਿਕਲਿਆ ਅਤੇ ਜਦੋਂ ਉਹ ਕਾਰ ਦੇ ਪਿੱਛੇ ਗਿਆ ਤਾਂ ਉਸਨੇ ਕਾਰ ਡਰਾਇਵਰ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਮੁਰਦੇ ਵਾਂਗ ਪਿਆ ਵੇਖਿਆ। ਜਦੋਂ ਕਾਰ ਡਰਾਇਵਰ ਨੂੰ ਹੋਸ਼ ਆਈ ਤਾਂ ਉਸਨੇ ਇਹ ਕਹਾਣੀ ਸੁਣਾਈ :-

ਜਦੋਂ ਡਾਡਾਲਾ ਵਿਖੇ ਬੱਤੀਆਂ ਦੁਬਾਰਾ ਜਗ ਪਈਆਂ ਅਤੇ ਕਾਰ ਅੱਗੇ ਨੂੰ ਤੁਰ ਪਈ ਤਾਂ ਸਫੈਦ ਰੰਗ ਦੀ ਇਕ ਸ਼ਕਲ ਕਾਰ ਦੇ ਪਿੱਛੇ ਪਿੱਛੇ ਦੌੜਨ ਲੱਗ ਪਈ। ਜਿਉਂ ਜਿਉਂ ਉਹ ਚੀਜ਼ ਕਾਰ ਦੇ ਨੇੜੇ ਪਹੁੰਚਦੀ ਗਈ, ਉਹ ਵੱਡੀ ਹੁੰਦੀ ਗਈ ਅਤੇ ਉਸਨੇ ਆਪਣੀਆਂ ਦੋ ਬਾਹਾਂ ਉਸਨੂੰ ਫੜਨ ਲਈ ਫੈਲਾ ਦਿੱਤੀਆਂ। ਜਦੋਂ ਉਸਨੇ ਚੀਕਾਂ ਮਾਰੀਆਂ ਤਾਂ ਉਹ ਚੀਜ਼ ਵਾਪਸ ਮੁੜ ਗਈ ਤੇ ਛੋਟੀ ਹੁੰਦੀ ਗਈ। ਕਿਉਂਕਿ ਉਹ ਕਾਰ ਦੇ ਪਿਛਲੇ ਪਾਸੇ ਬੈਠਾ ਸੀ। ਇਸ ਕਰਕੇ ਉਸਦੀਆਂ ਚੀਕਾਂ ਕਾਰ ਵਿਚਲੇ ਬੰਦਿਆਂ ਨੂੰ ਨਾ ਸੁਣੀਆਂ ਅਤੇ ਉਸਦੀ ਕਿਸੇ ਨੇ ਕੋਈ ਮਦਦ ਨਾ ਕੀਤੀ ਅਤੇ ਉਹ ਚੀਜ਼ ਵਾਰੀ ਵਾਰੀ ਉਸ ਦੇ ਕੋਲ ਆਈ।

ਵਿਚਾਰਾ ਕਾਰ ਡਰਾਇਵਰ ਇਸ ਭੈਅ ਨੂੰ ਸਹਿਣ ਨਾ ਕਰ ਸਕਿਆ ਅਤੇ ਬੇਹੋਸ਼ ਹੋ ਗਿਆ। ਜਦੋਂ ਉਸ ਨੂੰ ਹੋਸ਼ ਆਈ ਤਾਂ ਰੈਸਟ ਹਾਊਸ ਵਿੱਚ ਸੀ।

ਡਾਡਾਲਾ ਵਿਖੇ ਕਿੰਨੇ ਕੁ ਮੋਟਰ ਚਾਲਕ ਅਜਿਹਾ ਨਜ਼ਾਰਾ ਵੇਖ ਚੁੱਕੇ ਹਨ ?

ਸ਼੍ਰੀ ਲੰਕਾ ਆਟੋਮੋਬਾਈਲ ਐਸੋਸੀਏਸ਼ਨ ਦੇ ਮਹੀਨਾਵਾਰ ਪ੍ਰਕਾਸ਼ਨ 'ਦੀ ਰਿਕਾਰਡ' ਦੇ ਜੁਲਾਈ 1961 ਦੇ ਅੰਕ ਵਿੱਚ ਇਕ ਕਹਾਣੀ ਛਪੀ ਸੀ। ਹੇਠਲੀ ਕਹਾਣੀ ਬਾਰੇ ਵੀ ਰੀਪੋਰਟ ਕੀਤੀ ਗਈ ਸੀ।

**ਗੋਰਾਕੰਨਾ ਦਾ ਭੂਤ**

ਗਾਲੇ ਰੋਡ ਉਪਰ ਹੀ ਇਕ ਹੋਰ ਖੂਨੀ ਸਥਾਨ ਹੈ। ਇਹ ਗੋਰਾਕੰਨਾ ਦਾ ਕਬਰਸਤਾਨ ਹੈ। ਉਥੇ ਇਕ ਦਰੱਖਤ ਹੇਠ ਆਪਣੀਆਂ ਬਾਹਾਂ ਵਿੱਚ ਬੱਚਾ ਲਈ ਇਕ ਔਰਤ ਖੜੀ ਹੁੰਦੀ ਹੈ। ਉਹ ਉਥੋਂ ਦੀ ਲੰਘਣ ਵਾਲਿਆਂ ਨੂੰ ਆਪਣਾ ਬੱਚਾ ਫੜਨ ਲਈ ਆਖਦੀ ਹੈ। ਜੇ ਕੋਈ ਡਰਦਾ ਹੈ ਜਾਂ ਬੱਚੇ ਨੂੰ ਫੜ ਲੈਂਦਾ ਹੈ ਤਾਂ ਉਹ ਮਰ ਜਾਂਦਾ ਹੈ। ਇਹ ਸਿਰਫ ਇਕੱਲੇ ਇਕਹਿਰੇ ਯਾਤਰੀ ਨਾਲ ਹੀ ਵਾਪਰਦਾ ਹੈ।

ਮੋਟਰ ਚਾਲਕ ਇਸ ਪੱਖੋਂ ਚੰਗੀ ਕਿਸਮਤ ਵਾਲੇ ਹਨ। ਇਸ ਲਈ ਉਹ ਨਾ ਤਾਂ ਔਰਤ ਨੂੰ ਹੀ ਵੇਖਦੇ ਹਨ ਅਤੇ ਨਾ ਹੀ ਬੱਚੇ ਨੂੰ। ਪਰੰਤੂ ਇਸ ਜਗ੍ਹਾ ਤੋਂ ਕੋਈ ਅਦਿੱਖ ਚੀਜ਼ ਉਹਨਾਂ ਦੀ ਮੋਟਰ ਨੂੰ ਡਿੱਕ-ਡੋਲੇ ਖਾਣ ਲਾ ਦਿੰਦੀ ਹੈ ਅਤੇ ਉਹ ਗੱਡੀ ਸਮੇਤ ਸੜਕ ਦੇ ਕਿਨਾਰੇ ਜਾ ਪੈਂਦੇ ਹਨ। ਇਸ ਸਥਾਨ ਤੇ ਹੋਈਆਂ ਦੁਰਘਟਨਾਵਾਂ ਇਸ ਗੱਲ ਦਾ ਸਬੂਤ ਹਨ।

ਇਹ ਆਖਿਆ ਜਾਂਦਾ ਹੈ ਕਿ ਉੱਚੀ ਉੱਚੀ ਆਵਾਜ਼ ਵਿੱਚ ਬੁਰੀਆਂ ਤੋਂ ਬੁਰੀਆਂ ਗਾਲ੍ਹਾਂ ਕੱਢਣ ਤੇ ਇਹ ਔਰਤ ਅਲੋਪ ਹੋ ਜਾਂਦੀ ਹੈ। ਉਹ ਬੁਰੀ ਬੋਲੀ ਅਤੇ ਵਤੀਰਾ ਸਹਿਣ ਨਹੀਂ ਕਰ ਸਕਦੀ।

**ਕਨਾਤੇ ਵਾਲਾ ਭੂਤ**

ਸ਼੍ਰੀ ਜੇ. ਦੁਆਰਾ ਸੁਣਾਈ ਗਈ ਤੀਜੀ ਕਹਾਣੀ ਇਕ ਵਿਦੇਸ਼ੀ ਔਰਤ ਦੀ ਸੀ, ਜਿਹੜੀ ਇਕ ਟੈਕਸੀ ਰਾਹੀਂ ਸਫਰ ਕਰ ਰਹੀ ਸੀ ਅਤੇ ਰੋਜ਼ਮੀਡ ਪਲੇਸ ਵਿਖੇ ਇਕ ਐਕਸੀਡੈਂਟ ਹੋਣ ਕਾਨਣ ਮਾਰੀ ਗਈ ਸੀ। ਉਸ ਸਮੇਂ ਤੋਂ ਹੀ ਕਾਨਾਤੇ ਕਬਰਸਤਾਨ ਤੋਂ ਲੰਘਣ ਵਾਲੇ ਟੈਕਸੀ ਡਰਾਇਵਰਾਂ ਨੂੰ ਇੱਕ ਸਫੈਦ ਔਰਤ ਰੋਕ ਲੈਂਦੀ ਹੈ. ਟੈਕਸੀ ਵਿੱਚ ਚੜ੍ਹ ਕੇ ਰੋਜ਼ਮੀਡ ਪਲੇਸ ਜਾਣ ਲਈ

ਆਖਦੀ ਹੈ। ਜਦੋਂ ਟੈਕਸੀ ਡਰਾਇਵਰ ਟਿਕਾਣੇ ਤੇ ਪਹੁੰਚਦਾ ਹੈ ਤਾਂ ਵੇਖਦਾ ਹੈ ਕਿ ਟੈਕਸੀ ਵਿੱਚ ਤਾਂ ਕੋਈ ਸਵਾਰੀ ਹੈ ਹੀ ਨਹੀਂ। ਜੇ ਕਬਰਸਤਾਨ ਦੇ ਉਸ ਦਰਵਾਜ਼ੇ ਤੋਂ ਕੋਈ ਟੈਕਸੀ ਡਰਾਇਵਰ ਸਵਾਰੀ ਚੜ੍ਹਾਉਣ ਤੋਂ ਇਨਕਾਰ ਕਰਦਾ ਹੈ ਤਾਂ ਇਸਦਾ ਸਿੱਟਾ ਉਹ ਭੁਗਤ ਲੈਂਦਾ ਹੈ।

**ਅਖ਼ਬਾਰ ਨੂੰ ਖ਼ਤ ਲਿਖਿਆ ਗਿਆ**

ਭੂਤਾਂ ਬਾਰੇ ਤਿੰਨ ਕਹਾਣੀਆਂ ਪੜ੍ਹਕੇ ਮੈਂ 'ਦੀ ਰੀਕਾਰਡ' ਨੂੰ ਖਤ ਲਿਖਿਆ "ਤੁਸੀ 'ਦੀ ਰਿਕਾਰਡ' ਦੇ ਜੁਲਾਈ ਅੰਕ ਵਿੱਚ ਮੋਟਰਚਾਲਕ ਅਤੇ ਭੂਤਾਂ ਬਾਰੇ ਬੇਸਿਰ ਪੈਰ ਕਹਾਣੀਆਂ ਛਾਪਣੀਆਂ ਯੋਗ ਸਮਝੀਆਂ, ਇਹ ਕਾਫੀ ਹੈਰਾਨੀ ਵਾਲੀ ਗੱਲ ਹੈ। ਅਜਿਹੀਆਂ ਦਾਦੀ ਮਾਂ ਵਾਲੀਆਂ ਕਹਾਣੀਆਂ ਜਿਹੜੀਆਂ ਨਾ ਤਾਂ ਸੱਚੀਆਂ ਹੀ ਸਾਬਤ ਹੁੰਦੀਆਂ ਅਤੇ ਨਾ ਹੀ ਖੁਦ ਪਰਖੀਆਂ ਹੁੰਦੀਆਂ ਹਨ, 'ਦੀ ਰਿਕਾਰਡ' ਦੇ ਪੰਨਿਆਂ ਤੇ ਨਹੀਂ ਛਪਣੀਆਂ ਚਾਹੀਦੀਆਂ, ਕਿਉਂਕਿ ਮੌਜੂਦਾ ਯੁਗ ਵਿੱਚ ਵਿਗਿਆਨ ਮਸ਼ੀਨੀਕਰਨ ਹੋਈ ਟਰਾਂਸਪੋਰਟ ਨੂੰ ਵਰਤਣ ਵਿਚ ਮੱਦਦ ਕਰਨਾ ਅਜਿਹੀਆਂ ਪ੍ਰਕਾਸ਼ਨਾਵਾਂ ਦਾ ਮੁੱਖ ਮੰਤਵ ਹੈ।

ਸ਼੍ਰੀ ਜੇ. ਵੱਲੋਂ ਦੱਸੀਆਂ ਹੋਈਆਂ ਇਨ੍ਹਾਂ ਭੂਤ ਕਹਾਣੀਆਂ ਦੇ ਝੂਠੇ ਹੋਣ ਦਾ ਸਬੂਤ ਉਹਨਾਂ ਨਾਲ ਪੜ੍ਹਨ ਤੋਂ ਹੀ ਮਿਲ ਜਾਂਦਾ ਹੈ। ਗੋਰਾਕੰਨਾ ਦੀ ਔਰਤ ਅਤੇ ਬੱਚੇ ਦੇ ਭੂਤ ਬਾਰੇ ਉਹ ਕਹਿੰਦਾ ਹੈ ਕਿ ਜੇ ਯਾਤਰੀ ਡਰਦਾ ਹੈ ਜਾਂ ਭੂਤ ਦੀ ਗੱਲ ਮੰਨ ਲੈਂਦਾ ਹੈ ਅਤੇ ਬੱਚੇ ਨੂੰ ਚੁੱਕ ਲੈਂਦਾ ਹੈ, ਤਾਂ ਉਹ ਮਰ ਜਾਂਦਾ ਹੈ। ਇਹ ਸਿਰਫ ਇਕੱਲੇ ਇਕਹਿਰੇ ਯਾਤਰੀ ਨਾਲ ਹੀ ਵਾਪਰਦਾ ਹੈ। ਮੋਟਰ ਚਾਲਕਾਂ ਨੂੰ ਨਾ ਤਾਂ ਔਰਤ ਹੀ ਵਿਖਾਈ ਦਿੰਦੀ ਹੈ ਅਤੇ ਨਾ ਹੀ ਬੱਚਾ ਅਤੇ ਇਸ ਥਾਂ ਤੇ ਕੋਈ ਚੀਜ਼ ਉਹਨਾਂ ਨੂੰ ਭੁਲਾ ਦਿੰਦੀ ਹੈ ਅਤੇ ਸੜਕ ਕਿਨਾਰੇ ਜਾ ਡਿਗਦੇ ਹਨ। ਇਸ ਥਾਂ ਤੇ ਹੋਈਆਂ ਦੁਰਘਟਨਾਵਾਂ ਦੀ ਗਿਣਤੀ ਇਸ ਗੱਲ ਦਾ ਸਬੂਤ ਹੈ। ਇਹ ਆਖਿਆ ਜਾਂਦਾ ਹੈ ਕਿ ਜੇ ਉੱਚੀ ਆਵਾਜ਼ ਵਿੱਚ ਬੁਰੀਆਂ ਤੋਂ ਬੁਰੀਆਂ ਗਾਲ੍ਹਾਂ ਕੱਢੀਆਂ ਜਾਣ ਤਾਂ ਔਰਤ ਅਲੋਪ ਹੋ ਜਾਂਦੀ ਹੈ।" (ਜ਼ੋਰ ਲੇਖਕ ਦਾ)

**ਵਿਸ਼ਲੇਸ਼ਣ**

ਉਪਰੋਕਤ ਵਾਰਤਾ ਦੀ ਛਾਣਬੀਣ ਹੇਠਲੇ ਤੱਥ ਦਰਸਾਉਂਦੀ ਹੈ ਅਤੇ ਕਈ ਖਾਸ ਸਵਾਲ ਪੈਦਾ ਹੁੰਦੇ ਹਨ।

1. ਕਿਉਂਕਿ ਇੰਝ ਸਿਰਫ਼ ਇਕੱਲੇ ਯਾਤਰੀ ਨਾਲ ਹੀ ਹੁੰਦਾ ਸੀ, ਇਸ ਲਈ ਘਟਨਾ ਦਾ ਕੋਈ ਵੀ ਚਸ਼ਮਦੀਦ ਗਵਾਹ ਨਹੀਂ ਸੀ।

2. ਸਿਰਫ਼ ਮਰ ਚੁੱਕੇ ਵਿਅਕਤੀ ਦੱਸ ਸਕਦੇ ਸਨ ਕਿ ਅਸਲ ਵਿੱਚ ਕੀ ਵਾਪਰਿਆ ਸੀ। ਕਿਉਂਕਿ ਮੁਰਦੇ ਨਾ ਤਾਂ ਬੋਲ ਸਕਦੇ ਹਨ ਅਤੇ ਨਾ ਹੀ ਲਿਖ ਸਕਦੇ ਹਨ ਇਹ ਕਿਵੇਂ ਸਮਝ ਲਿਆ ਗਿਆ ਕਿ ਉਹ ਡਰ ਕਾਰਨ ਜਾਂ ਬੱਚਾ ਚੁੱਕ ਲੈਣ ਕਾਰਨ ਹੀ ਮਰੇ ਸਨ।

3. ਜਿਹੜੇ ਵੀ ਭੂਤ ਨੂੰ ਵੇਖਣ ਉਪਰੰਤ ਵੀ ਜ਼ਿੰਦਾ ਹਨ, ਉਹ ਕਿਵੇਂ ਜਾਣਦੇ ਹਨ ਕਿ ਜੇ ਉਹ ਡਰ ਗਏ ਹੁੰਦੇ ਜਾਂ ਜੇ ਉਹਨਾਂ ਨੇ ਬੱਚਾ ਚੁੱਕ ਲਿਆ ਹੁੰਦਾ, ਤਾਂ ਉਹ ਵੀ ਮਰ ਗਏ ਹੁੰਦੇ।

4. ਔਰਤ ਦਾ ਭੂਤ, ਡਾਡਾਲਾ ਦੇ ਭੂਤ ਵਾਂਗੂੰ, ਸੁਣ ਸਕਦਾ ਸੀ, ਭਾਵੇਂ ਕਿ ਉਸਦੀ ਮੌਤ ਮਗਰੋਂ ਉਸਦੇ ਕੰਨ ਅਤੇ ਦਿਮਾਗ਼ ਖਤਮ ਖ਼ਤਮ ਹੋ ਗਏ ਸਨ।

5. ਜਦੋਂ ਮੋਟਰਚਾਲਕ ਨਾ ਤਾਂ ਔਰਤ ਨੂੰ ਹੀ ਵੇਖ ਸਕਦੇ ਸਨ ਅਤੇ ਨਾ ਹੀ ਬੱਚੇ ਨੂੰ, ਤਾਂ ਇਹ ਬੇਵਕੂਫੀ ਹੀ ਸੀ ਕਿ ਇਹ ਮੰਨ ਲਿਆ ਜਾਵੇ ਕਿ ਉਹਨਾਂ ਦੀਆਂ ਕਾਰਾਂ ਔਰਤ ਅਤੇ ਬੱਚੇ ਕਾਰਨ, ਜਿਹੜੇ ਉਥੇ ਹੈ ਹੀ ਨਹੀਂ ਸਨ, ਸੜਕ ਦੇ ਕਿਨਾਰੇ ਜਾ ਡਿੱਗਦੀਆਂ ਸਨ।

6. ਇੱਕੋ ਥਾਂ ਤੇ ਬਹੁਤ ਸਾਰੇ ਕਾਰ ਐਕਸੀਡੈਂਟ, ਸੜਕ ਦੀ ਖਰਾਬੀ ਕਾਰਨ ਹੋ ਸਕਦੇ ਸਨ ਨਾ ਕਿ ਭੂਤਾਂ ਦੀ ਮੌਜੂਦਗੀ ਕਰਕੇ। ਹੋਰਨਾਂ ਦੇਸ਼ਾਂ ਵਿੱਚ ਅਜਿਹੀ ਘਟਨਾ ਨੇ ਸੜਕ ਦੇ ਇੰਜੀਨੀਅਰਾਂ ਦਾ ਧਿਆਨ ਖਿੱਚਿਆ ਹੁੰਦਾ ਪਰੰਤੂ ਇੰਝ ਜਾਪਦਾ ਹੈ ਕਿ ਸ਼੍ਰੀ ਲੰਕਾ ਵਿੱਚ ਭੂਤ ਪ੍ਰੇਤ ਕੱਢਣ ਵਾਲੇ ਇਸ ਕੇਸ ਦਾ ਇਲਾਜ ਕਰਨਗੇ।

7. ਜਿਹੜੀਆਂ ਬੁਰੀਆਂ ਗਾਲ੍ਹਾਂ ਕੱਢਣੀਆਂ ਸਨ, ਉਹ ਕਿਸੇ ਵੀ ਭਾਸ਼ਾ ਵਿੱਚ ਹੋ ਸਕਦੀਆਂ ਸਨ, ਜੇ ਇੰਜ ਹੈ ਤਾਂ ਔਰਤ ਭੂਤ ਬਹੁ-ਭਾਸ਼ੀ ਵਿਦਵਾਨ ਸੀ। ਜੇ ਨਹੀਂ, ਤਾਂ ਕੀ ਉਹ ਯਾਤਰੀ ਜਿਹੜੇ ਉਸ ਖਾਸ ਭਾਸ਼ਾ ਦੇ ਮਾਹਰ ਨਹੀਂ ਸਨ, ਮਾਰੇ ਗਏ ਸਨ?

8. ਕੀ ਸ਼੍ਰੀ. ਜੇ. ਪਿਛਲੇ ਕਾਫੀ ਲੰਬੇ ਅਰਸੇ ਤੋਂ ਇਸ ਥਾਂ ਤੇ ਮਰੇ ਇਕੱਲੇ ਵਿਅਕਤੀਆਂ ਦੀ ਸੂਚੀ ਦੇ ਸਕਦੇ ਹਨ ? ਮੌਤ ਦੀ ਸਰਕਾਰੀ ਜਾਂਚ ਪੜਤਾਲ ਦੀਆਂ ਰਿਪੋਰਟਾਂ ਅਤੇ ਜਾਂ ਸਥਾਨਕ ਪੁਲਸ ਥਾਣੇ ਨੂੰ ਜ਼ਰੂਰੀ ਸੂਚਨਾ ਦੇਣ ਵਿੱਚ ਉਸਦੀ ਮੱਦਦ ਕਰਨੀ ਚਾਹੀਦੀ ਹੈ।

9. ਕੀ ਸ਼੍ਰੀ. ਜੇ. ਨੇ ਰਾਤ ਨੂੰ ਇਸ ਰਸਤੇ ਤੋਂ ਲੰਘਣ ਵਾਲੇ ਸੈਂਕੜੇ ਜਾਂ ਹਜ਼ਾਰਾਂ ਉਹਨਾਂ ਮੋਟਰ ਚਾਲਕਾਂ ਦਾ ਵੀ ਖਿਆਲ ਕੀਤਾ ਹੈ ਜਿਹਨਾਂ ਦਾ ਐਕਸੀਡੈਂਟ ਨਹੀਂ ਹੋਇਆ। ਮੈਂ ਵੀ ਉਹਨਾਂ ਵਿੱਚੋਂ ਇੱਕ ਹਾਂ।

ਕਨਾਤੇ ਦੇ ਭੂਤ ਬਾਰੇ ਸ਼੍ਰੀ. ਜੇ ਆਖਦਾ ਹੈ, 'ਉਸ ਦਿਨ ਤੋਂ (ਟੈਕਸੀ ਐਕਸੀਡੈਂਟ ਵਿੱਚ ਬਦੇਸ਼ੀ ਔਰਤ ਦੀ ਮੌਤ ਮਗਰੋਂ) ਕਾਨਾਤੇ ਕਬਰਸਤਾਨ ਦੇ ਦਰਵਾਜ਼ੇ ਤੇ ਇਕ ਸਫ਼ੈਦ ਔਰਤ ਰਾਹੀਂ ਸ਼ਾਮ ਮਗਰੋਂ ਟੈਕਸੀ ਡਰਾਇਵਰਾਂ ਨੂੰ ਰੋਕ ਲਿਆ ਜਾਂਦਾ ਸੀ। ਜਿਹੜੀ ਟੈਕਸੀ ਵਿੱਚ ਬੈਠ ਜਾਂਦੀ ਸੀ ਅਤੇ ਰਜ਼ੋਮੀਡ ਪਲੇਸ ਜਾਣ ਲਈ ਆਖਦੀ ਸੀ। ਜਦੋਂ ਟੈਕਸੀ ਡਰਾਇਵਰ ਦੱਸੇ ਟਿਕਾਣੇ ਤੇ ਪਹੁੰਚਦਾ ਸੀ ਤਾਂ ਉਸਨੂੰ ਕਾਰ ਵਿੱਚ ਕੋਈ ਸਵਾਰੀ ਵਿਖਾਈ ਨਹੀਂ ਦਿੰਦੀ ਸੀ।"

ਡਾਲਾਲਾ ਅਤੇ ਗੋਰਾਕੰਨਾ ਦੇ ਦੋਵੇ ਕੇਸਾਂ ਤੋਂ ਉਲਟ, ਜਿਹਨਾਂ ਵਿੱਚ ਸਬੰਧਿਤ ਵਿਅਕਤੀ ਜ਼ਿੰਦਾ ਨਹੀਂ ਸਨ, ਕੋਲੰਬੋ ਸ਼ਹਿਰ ਵਿੱਚ ਅਜਿਹੇ ਕਈ ਬਦਕਿਸਮਤ ਟੈਕਸੀ ਡਰਾਇਵਰ ਅਜੇ ਜ਼ਿੰਦਾ ਹੋਣਗੇ, ਜਿੰਨ੍ਹਾਂ ਨੂੰ ਇਸ ਸਫੈਦ ਔਰਤ ਰੋਜ਼ਮੀਡ ਪਲੇਸ ਲਿਆਉਣ ਦਾ ਮੌਕਾ ਮਿਲਿਆ ਹੋਵੇਗਾ।

ਇਹ ਨਹੀਂ ਦੱਸਿਆ ਗਿਆ ਕਿ ਸਫ਼ੈਦ ਔਰਤ ਦਾ ਭੂਤ ਆਪਣੀ ਪੱਛਮੀ ਪੁਸ਼ਾਕ ਵਿੱਚ ਦਿਖਾਈ ਦਿੰਦਾ ਸੀ ਜਾਂ ਅਲਫ ਨੰਗਾ। ਜੇ ਉਹ ਨੰਗੀ ਔਰਤ ਹੁੰਦੀ ਸੀ ਤਾਂ ਇਹ ਸੰਭਵ ਨਹੀਂ ਸੀ ਇਕ ਨੰਗੀ ਔਰਤ ਨੂੰ ਇਕ ਕਾਰ ਡਰਾਇਵਰ ਕਿਰਾਏ ਖਾਤਰ ਚੜ੍ਹਾ ਲਵੇਗਾ, ਖਾਸ ਕਰਕੇ ਕਨਾਤੇ ਕਬਰਸਤਾਨ ਦੇ ਦਰਵਾਜੇ ਤੋਂ। ਜੇ ਉਹ ਜ਼ਿੰਦਾ ਔਰਤਾਂ ਵਾਂਗੂੰ ਪੂਰੀ ਪੁਸ਼ਾਕ ਪਹਿਨੇ ਹੋਏ ਹੁੰਦੀ ਸੀ, ਤਾਂ ਸਾਨੂੰ ਇਹ ਵੀ ਮੰਨਣਾ ਪਵੇਗਾ, ਕਿ ਮੁਰਦਾ ਔਰਤ ਨੇ ਸਿਰਫ ਆਪਣਾ ਭੂਤ ਹੀ ਇਥੇ ਪਿੱਛੇ ਨਹੀਂ ਛੱਡਿਆ, ਸਗੋਂ ਉਸਦੀ ਪੁਸ਼ਾਕ ਨੇ ਵੀ ਆਪਣਾ ਭੂਤ ਇਥੇ ਛੱਡ ਦਿੱਤਾ ਸੀ। ਡਾਡਾਲਾ ਵਾਲੇ ਭੂਤ ਦੀ ਚਿੱਠੀ ਪੁਸ਼ਾਕ ਬਾਰੇ ਵੀ ਇਹੋ ਹੀ ਢੁੱਕਵਾਂ ਹੈ, ਜਿਹੜਾ ਕਿ ਕਾਰ ਨਾਲ ਦੌੜ ਲਾ ਸਕਦਾ ਸੀ, ਭਾਵੇਂ ਉਸਦੇ ਹੱਡੀਆਂ ਅਤੇ ਪੱਠੇ ਨਹੀਂ ਸਨ। ਜਾਂ ਕੀ ਹੱਡੀਆਂ ਅਤੇ ਪੱਠੇ ਸਨ?

**ਜ਼ਿੰਦਾ ਜਾ ਮੁਰਦਾ**

ਇਸ ਔਰਤ ਭੂਤ ਦੀ ਟੈਕਸੀ ਡਰਾਇਵਰਾਂ ਨਾਲ ਬੋਲਣ ਦੀ ਸਮਰੱਥਾ ਤੋਂ ਸਾਨੂੰ ਨਤੀਜਾ ਵੀ ਕੱਢਣਾ ਹੀ ਪਵੇਗਾ ਕਿ ਉਸਦੀਆਂ ਸੁਰ-ਤੰਤ੍ਰੀਆਂ ਫੇਫੜੇ, ਮੂੰਹ, ਜੀਭ ਅਤੇ ਦਿਮਾਗ ਦਾ ਆਵਾਜ਼-ਕੇਂਦਰ ਅਜੇ ਵੀ ਭਲੀ ਭਾਂਤੀ ਕੰਮ ਕਰਦੇ ਸਨ। ਭਾਵੇਂ ਕਿ ਉਹ ਅੰਗ ਖਤਮ ਹੋ ਕੇ ਕਾਨਾਤੇ ਦੀ ਕਬਰਸਤਾਨ ਦੀ ਮਿੱਟੀ ਵਿੱਚ ਮਿਲ ਚੁੱਕੇ ਸਨ ਜਾਂ ਕੀ ਭੂਤ ਆਵਾਜ਼ ਨੂੰ ਪੈਦਾ ਕਰਨ ਵਾਲਾ ਕੋਈ ਸਿਸਟਮ ਬਣਾ ਲੈਂਦੇ ਹਨ। ਜਿਸ ਨਾਲ ਉਹ ਹਵਾ ਤਰੰਗਾਂ ਰਾਹੀਂ ਦੂਜਿਆਂ ਨੂੰ ਸੁਨਣਯੋਗ ਹੋ ਜਾਂਦੇ ਹਨ ?

ਮੈਂ ਉਹਨਾਂ ਬਹੁਤ ਸਾਰੇ ਟੈਕਸੀ ਡਰਾਇਵਰਾਂ ਵਿੱਚੋਂ ਇੱਕ ਦੇ ਮਿਲਣ ਲਈ ਅਜੇ ਵੀ ਇੰਤਜਾਰ ਕਰ ਰਿਹਾ ਹਾਂ, ਜਿਸਨੂੰ ਅਲੋਪ ਹੋ ਜਾਂਦੇ ਭੂਤ ਨੂੰ ਰੋਜ਼ਮੀਡ ਪੈਲੇਸ ਲਿਜਾਣ ਦੀ ਬਦਕਿਸਮਤੀ ਹਾਸਲ ਹੋਈ ਹੋਵੇ।

ਇਸ ਤੋਂ ਮਗਰੋਂ ਮੈਂ ਇੱਕ ਹੋਰ ਬੰਦੇ ਨਾਲ ਲਗਾਤਾਰ ਦੋ ਰਾਤਾਂ 2-30 ਵਜੇ ਸਵੇਰ ਤੱਕ ਕਾਨਾਤੇ ਕਬਰਸਤਾਨ ਦੇ ਦਰਵਾਜ਼ੇ ਤੇ ਕਾਰ ਖੜ੍ਹੀ ਕਰਕੇ ਗੁਜ਼ਾਰੀਆਂ ਸਨ। ਅਸੀਂ ਇਸ ਥਾਂ ਤੋਂ ਸਵਾਰੀ ਦੀਆਂ 21 ਗੱਡੀਆਂ ਆਉਂਦੀਆਂ ਜਾਂਦੀਆਂ ਗਿਣੀਆਂ ਸਨ। ਇਹਨਾਂ ਦੋਵਾਂ ਰਾਤਾਂ ਵਿੱਚੋਂ ਕੋਈ ਵੀ ਕਾਰ ਕਿਸੇ ਭੂਤ ਨੇ ਨਹੀਂ ਸੀ ਰੋਕੀ।

# ਵਿਉਪਾਰੀ ਅਤੇ ਰਹੱਸਮਈ ਭੂਤ

ਜਦੋਂ ਮੈਂ ਆਰਾਮ-ਕੁਰਸੀ ਵਿੱਚ ਪਿਆ ਸਾਂ ਤਾਂ ਘਰ ਦਾ ਸ਼ਾਂਤ ਮਹੌਲ ਲਗਾਤਾਰ ਟੈਲੀਫੋਨ ਦੀ ਘੰਟੀ ਵੱਜਣ ਕਾਰਣ ਅਸੁਵਿਧਾਜਨਕ ਬਣ ਗਿਆ ਅਤੇ ਮੈਂ ਹੈਰਾਨ ਸਾਂ ਕਿ ਇਸ ਦੁਪਹਿਰ ਦੇ ਆਰਾਮ ਕਰਨ ਸਮੇਂ ਕੌਣ ਟੈਲੀਫੋਨ ਕਰ ਰਿਹਾ ਸੀ। ਮੈਨੂੰ ਸੰਦੇਸ਼ ਅਕਸਰ ਟੈਲੀਫੋਨ ਤੇ ਹੀ ਮਿਲਿਆ ਕਰਦੇ ਸਨ। ਮੈਂ ਇਕ ਗਿਣਿਆ ਮਿਥਿਆ ਟੁੱਲ ਲਾ ਲਿਆ 'ਇਹ ਜਰੂਰ ਕੋਈ ਦੁਖੀ ਆਤਮਾ ਹੋਵੇਗੀ।' ਮੈਂ ਸੋਚਿਆ ਅਤੇ ਟੈਲੀਫੋਨ ਸੁਣਨ ਲੱਗਾ ਅਤੇ ਇਹ ਇਕ ਦੁਖੀ ਆਤਮਾ ਸੀ।

ਜਿਹੜੀ ਆਵਾਜ਼ ਸੁਣਾਈ ਦੇ ਰਹੀ ਸੀ, ਉਸ ਦਾ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ ਅਤੇ ਉਹ ਘਬਰਾਈ ਹੋਈ ਆਵਾਜ਼ ਸੀ, "ਮੈਂ ਮੀਹਰਾ ਬੋਲ ਰਿਹਾ ਹਾਂ", ਮੇਰੇ ਘਰ ਵਿੱਚ ਬਹੁਤ ਸਾਰੀਆਂ ਰਹੱਸਮਈ ਘਟਨਾਵਾਂ ਵਾਪਰੀਆਂ ਹਨ ਅਤੇ ਮੈਨੂੰ ਤੁਹਾਨੂੰ ਮਿਲਣ ਦੀ ਸਲਾਹ ਦਿੱਤੀ ਗਈ ਹੈ।" ਮੈਂ ਪੁੱਛਿਆ, "ਕਿਹੋ ਜਿਹੀਆਂ ਰਹੱਸਮਈ ਘਟਨਾਵਾਂ ਵਾਪਰੀਆਂ ਹਨ।"

"ਪਿਛਲੇ ਡੇਢ ਸਾਲ ਤੋਂ ਮੇਰੇ ਘਰੋਂ ਕਈ ਵਾਰੀ ਰੁਪਏ ਪੈਸੇ ਗੁੰਮ ਹੋਏ ਹਨ।"

ਮੈਨੂੰ ਯਕੀਨ ਨਹੀਂ ਸੀ ਕਿ ਜਿਹੜਾ ਵਿਅਕਤੀ ਬੋਲ ਰਿਹਾ ਸੀ, ਉਸਨੂੰ ਟੈਲੀਫੋਨ ਦਾ ਠੀਕ ਨੰਬਰ ਮਿਲਿਆ ਸੀ। ਉਸਨੂੰ ਜਿਸਦੀ ਜ਼ਰੂਰਤ ਸੀ, ਉਹ ਤਾਂ ਪੁਲਸ ਦਾ ਥਾਣਾ ਸੀ। ਪਰ ਜਦੋਂ ਮੀਹਰ ਨੇ ਅੱਗੇ ਦੱਸਿਆ, "ਮੈਂ ਇਹ ਸਮਝਦਾ ਹਾ ਕਿ ਇਹ ਚੋਰਾਂ ਦਾ ਕੰਮ ਨਹੀਂ ਹੈ....ਮੇਰਾ ਮਤਲਬ ਹੈ ਇਹ ਮਨੁੱਖਾਂ ਦਾ ਕੰਮ ਨਹੀਂ ਹੈ।" ਤਾਂ ਮੈਂ ਸਮਝ ਗਿਆ ਕਿ ਅਸੀਂ ਦੋਵੇਂ ਹੀ ਠੀਕ ਲਾਈਨ ਤੇ ਸਾਂ।

**ਉਤੇਜਿਤ ਸ਼੍ਰੀ ਮੀਹਰਾ**

ਉਸੇ ਦਿਨ ਬਾਦ ਵਿੱਚ ਮੇਰੇ ਘਰ ਸਾਹਮਣੇ ਇਕ ਕਾਰ ਰੁਕੀ। ਸ਼੍ਰੀ ਮੀਹਰ ਬਹੁਤ ਹੀ ਘਬਰਾਇਆ ਹੋਇਆ ਆਪਣੇ ਚਾਚੇ ਨਾਲ ਆਇਆ ਅਤੇ ਮੈਨੂੰ ਉਸੇ ਵਕਤ ਲੈ ਜਾਣ ਲਈ ਜ਼ਿਦ ਕਰ ਰਿਹਾ ਸੀ। ਜ਼ਿੰਦਗੀ ਮੌਤ ਦਾ ਸਵਾਲ ਸੀ।

ਮੈਂ ਉਹਨਾਂ ਨੂੰ ਹਾਲ ਵਿੱਚ ਬੁਲਾਉਂਦੇ ਹੋਏ ਆਖਿਆ, "ਸ਼੍ਰੀ ਮੀਹਰਾ ਅੰਦਰ ਆ ਜਾਓ, ਆਰਾਮ ਨਾਲ ਬੈਠ ਕੇ ਸ਼ਾਂਤੀ ਨਾਲ ਸਾਨੂੰ ਕੇਸ ਬਾਰੇ ਸਾਰੀ ਗੱਲਬਾਤ ਦੱਸੋ।" ਸ਼੍ਰੀ ਮੀਹਰਾ ਨੇ ਹੁਣ ਇਹ ਮਹਿਸੂਸ ਕਰ ਲਿਆ ਸੀ ਕਿ ਉਹ ਬਹੁਤ ਕਾਹਲੀ ਕਰ ਰਿਹਾ ਸੀ। ਇਸ ਵਾਸਤੇ ਉਹ ਟਿਕ ਕੇ ਬੈਠ ਗਿਆ।

ਉਹ ਇਕ ਪਾਕਿਸਤਾਨੀ ਕੱਪੜੇ ਦਾ ਵਿਉਪਾਰੀ ਸੀ। ਉਸ ਦੀ ਉਮਰ 33 ਸਾਲਾਂ ਦੀ ਸੀ। ਕੱਪੜਿਆਂ ਵਾਲੀ ਅਲਮਾਰੀ ਵਿੱਚ ਰੱਖੀ ਹੋਈ ਤਿੰਨ ਹਜ਼ਾਰ ਰੁਪਏ ਦੀ ਗੁੱਟੀ ਵਿੱਚੋਂ ਕਰੀਬ ਡੇਢ ਸਾਲ ਪਹਿਲਾਂ ਉਸਦੇ ਤਿੰਨ ਸੌ ਰੁਪਏ ਗੁੰਮ ਹੋ ਗਏ ਸਨ। ਬਾਦ ਵਿੱਚ ਹੋਰ ਵੀ ਨੁਕਸਾਨ ਹੋਇਆ ਸੀ, ਜਿਸ ਕਰਕੇ ਉਸਨੇ ਸੋਚਿਆ ਕਿ ਜੋਤਿਸ਼ੀ ਸੀ ਸਲਾਹ ਲੈਣੀ ਠੀਕ ਰਹੇਗੀ।

ਜਲਦੀ ਹੀ ਪੂਜਾ ਆਰੰਭ ਕਰ ਦਿੱਤੀ ਗਈ ਅਤੇ ਹਰ ਕਿਸਮ ਦੀਆਂ ਰਸਮਾਂ ਕੀਤੀਆਂ ਗਈਆਂ, ਜਿਸ ਤੋਂ ਬਾਦ ਜੋਤਿਸ਼ੀ ਨੇ ਸਾਰੇ ਮਾਮਲੇ ਦੀ ਪੱਕੀ ਤਫਤੀਸ਼ ਕਰ ਲਈ ਸੀ। ਸ਼੍ਰੀ ਮੀਹਰਾ ਦੇ ਵਿਉਪਾਰਕ ਦੁਸ਼ਮਣ ਉਸਦੇ ਘਰ ਦੁੱਖ ਦੇਣ ਲਈ ਭੂਤ ਭੇਜਦੇ ਸਨ। ਜੋਤਿਸ਼ੀ ਨੇ ਆਪਣੀਆਂ ਲੰਬੀਆਂ ਚੌੜੀਆਂ ਹਦਾਇਤਾਂ ਦੇਣ ਤੋਂ ਬਾਅਦ ਸ਼੍ਰੀ ਮੀਹਰਾ ਦੇ ਗੁੱਟ ਦੁਆਲੇ ਇਕ ਧਾਗਾ ਬੰਨ੍ਹ ਦਿੱਤਾ ਅਤੇ ਆਪਣੇ ਗਾਹਕ ਨੂੰ ਠੀਕ ਹੋ ਜਾਣ ਦਾ ਵਿਸ਼ਵਾਸ ਦਵਾਇਆ।

**ਗਹਿਣਿਆਂ ਦਾ ਸੈੱਟ ਗੁੰਮ ਹੋ ਗਿਆ**

ਤਿੰਨ ਮਹੀਨੇ ਤੱਕ ਸਭ ਠੀਕ ਠਾਕ ਰਿਹਾ। ਪ੍ਰੰਤੂ ਚੌਥੇ ਮਹੀਨੇ ਦੇ ਆਰੰਭ ਵਿੱਚ ਹੀ ਅਲਮਾਰੀ ਵਿੱਚੋਂ ਦੋ ਸੌ ਰੁਪਏ ਗੁੰਮ ਹੋ ਗਏ ਸਨ। ਕੁਝ ਦਿਨਾਂ ਬਾਅਦ ਸ਼੍ਰੀ ਮੀਹਰਾ ਦੀ ਪਤਨੀ ਨੇ ਦੱਸਿਆ ਕਿ ਇੱਕ ਗਹਿਣਿਆਂ ਦਾ ਸੈੱਟ ਗੁੰਮ ਹੋ ਗਿਆ ਸੀ। ਉਸ ਸੈੱਟ ਦੀ ਕੀਮਤ ਕੋਈ ਤਿੰਨ ਹਜ਼ਾਰ ਰੁਪਏ ਸੀ।

ਤਿੰਨ ਮਹੀਨੇ ਵਾਸਤੇ ਸ਼੍ਰੀ ਮੀਹਰਾ ਦਾ ਵਿੱਤੀ ਰਾਖੀ ਇੱਕ ਧਾਗੇ ਦੇ ਸਹਾਰੇ ਬਣੀ ਰਹੀ ਸੀ-ਇਕ ਜਾਦੂਮਈ ਧਾਗੇ ਦੇ ਸਹਾਰੇ। ਪਰ ਹੁਣ ਉਹ ਕੜਾਕ ਕਰਕੇ ਟੁੱਟ ਗਈ ਸੀ ਅਤੇ ਕੀ ਜੋਤਿਸ਼ੀ ਦਾ ਧਾਗਾ ਸਿਰਫ਼ ਆਮ ਧਾਗਾ ਹੀ ਸੀ ?

ਸ਼੍ਰੀ ਮੀਹਰਾ ਇਸ ਸਵਾਲ ਦਾ ਜਵਾਬ ਦੇਣ ਦਾ ਹੌਸਲਾ ਨਹੀਂ ਸੀ ਕਰਦਾ, ਜਿੰਨੀ ਦੇਰ ਤੱਕ ਉਸਨੂੰ ਆਪਣੇ ਜ਼ਾਲਮ ਵਿਉਪਾਰਕ ਦੁਸ਼ਮਣਾਂ ਵਿਰੁੱਧ ਹੋਰ ਨਵੀ ਰਖਵਾਲੀ ਨਹੀਂ ਸੀ ਮਿਲਦੀ। ਕਿਸੇ ਨਾ ਕਿਸੇ ਤਰ੍ਹਾਂ ਦੁਖੀ ਬੰਦੇ ਨੂੰ ਬਹੁਤ ਦੇਰ ਉਡੀਕ ਨਹੀਂ ਸੀ ਕਰਨੀ ਪਈ। ਬਹੁਤ ਸਾਰੀ ਜਾਦੂਮਈ ਮੱਦਦ ਮੌਜੂਦ ਸੀ ਅਤੇ ਕਈ ਜਾਦੂ-ਟੂਣੇ ਵਾਲੇ ਦੱਸੇ ਗਏ ਸਨ। ਇਹਨਾਂ ਸਭ ਵਿੱਚੋਂ ਸ਼੍ਰੀ ਮੀਹਰਾ ਨੇ ਅੰਬਾਲਾਗੋਡਾ ਦੇ ਇਕ ਬਹੁਤ ਹੀ ਸ਼ਕਤੀਸ਼ਾਲੀ ਸਿਆਣੇ ਨੂੰ ਆਪਣੀ ਮੱਦਦ ਲਈ ਚੁਣ ਲਿਆ।

ਜਾਦੂ ਦੀ ਦੁਨੀਆਂ ਵਿੱਚ ਇਹ ਸਿਆਣਾ ਅਸਲੀ ਥੰਮ੍ਹ ਮੰਨਿਆ ਜਾਂਦਾ ਸੀ। ਪਰ ਨਾ ਤਾਂ ਉਸਦੇ ਅਤੇ ਨਾ ਹੀ ਉਸਦੇ ਸਹਾਇਕਾਂ ਦੀ ਅਜਿਹੀ ਕਿਸਮਤ ਸੀ ਕਿ ਉਹ ਸ਼੍ਰੀ ਮੀਹਰਾ ਦੇ ਦੁਸ਼ਮਣਾਂ ਵੱਲੋਂ ਵਰਤੀਆਂ ਜਾਂਦੀਆਂ ਦੁਸ਼ਟ-ਰੂਹਾਂ ਨੂੰ ਮਿਲ ਸਕਣ ਅਤੇ ਉਹਨਾਂ ਰੂਹਾਂ ਨਾਲ ਦੋ ਹੱਥ ਕਰਨ।

ਉਸਨੇ ਕੇਸ ਦੀ ਧਿਆਨ ਪੂਰਵਕ ਪੜਤਾਲ ਕੀਤੀ ਅਤੇ ਮੁਸ਼ਕਲ ਦੇ ਬਿਲਕੁਲ ਹੋਰ ਹੀ ਕਾਰਨ ਦੱਸੇ। ਉਸਨੇ ਦੱਸਿਆ, "ਹਾਂ, ਇਹ ਕਿਸੇ ਰੂਹ ਦਾ ਹੀ ਕੰਮ ਹੈ।" ਭਾਵੇਂ ਇਹ ਭਾੜੇ ਦੀ ਦੰਗੇਬਾਜ਼ ਰੂਹ ਨਹੀਂ ਸੀ, ਇਹ ਤਾਂ ਸ਼੍ਰੀ ਮੀਹਰਾ ਦੇ ਪਰਿਵਾਰ ਦੇ ਇਕ ਬਹੁਤ ਹੀ ਇੱਜਤਦਾਰ ਸਵਰਗਵਾਸੀ ਮੈਂਬਰ ਦੀ ਆਤਮਾ ਸੀ। ਜ਼ਿੰਦਗੀ ਵਿੱਚ ਉਸਦੇ ਕੁਝ ਪੈਸੇ ਨਹੀਂ ਦਿੱਤੇ ਗਏ ਸਨ, ਇਸ ਲਈ ਮਰਨ ਤੋਂ ਬਾਦ ਵੀ ਉਸਨੂੰ ਇਹੋ ਖੁੰਦਕ ਸੀ।

**ਰੂਹ ਨੂੰ ਸ਼ਾਂਤ ਕਰਨਾ**

ਬੇਸ਼ੱਕ, ਰੂਹ ਨੂੰ ਸ਼ਾਂਤ ਕੀਤਾ ਜਾ ਸਕਦਾ ਸੀ। ਸਿਆਣੇ ਨੂੰ ਇਸਦਾ ਪੂਰਾ ਯਕੀਨ ਸੀ, ਅਤੇ ਉਸਨੇ ਬਹੁਤ ਹੀ ਸੱਜ ਧੱਜ ਨਾਲ ਚੌਂਕੀ ਭਰਨ ਲਈ ਆਖਿਆ। ਰੂਹ ਵਾਸਤੇ ਇਕ ਖਾਸ ਕਮਰੇ ਵਿੱਚ ਹਰ ਰੋਜ਼ ਖਾਣਾ-ਪੀਣਾ ਆਦਿ ਰੱਖਿਆ ਜਾਂਦਾ।

ਹੱਟੇ ਕੱਟੇ ਮੁੱਛਾਂ ਵਾਲੇ ਉਸ ਸਿਆਣੇ ਨੇ ਚੌਕੀਂ ਦੀਆਂ ਸਾਰੀਆਂ ਰਸਮਾਂ ਬਹੁਤ ਹੀ ਧਿਆਨਪੂਰਵਕ ਨਿਭਾਈਆਂ ਸਨ। ਭੂਤਾਂ ਨਾਚ ਤਾਂ ਬੇਹੱਦ ਸਫ਼ਲ ਰਿਹਾ ਸੀ ਅਤੇ ਇਸ ਤੋਂ ਵੱਡਾ ਨਾਚ ਇਸ ਇਲਾਕੇ ਵਿੱਚ ਕਦੇ ਨਹੀਂ ਸੀ ਹੋਇਆ। ਜਦੋਂ ਇਹ ਸਭ ਕੁਝ ਹੋ ਚੁੱਕਿਆ ਤਾਂ ਸ਼੍ਰੀ ਮੀਹਰਾ ਨੇ ਸੁੱਖ ਦਾ ਸਾਹ ਲਿਆ। ਪ੍ਰੰਤੂ ਅਜੇ ਵੀ ਇਕ ਛੋਟੇ ਜਿਹੇ ਵਿਚਾਰ ਨੇ ਉਸਨੂੰ ਪ੍ਰੇਸ਼ਾਨ ਕਰ ਦਿੱਤਾ ਕਿ ਜੇ ਸਿਆਣੇ ਨੇ ਹਾਲਤ ਨੂੰ ਗਲਤ ਸਮਝ ਲਿਆ ਕਿ ਜਿਹੜੀ ਰੂਹ ਨੂੰ ਉਹ ਰਿਸ਼ਤੇਦਾਰ ਦੀ ਰੂਹ ਸਮਝ ਕੇ ਖਵਾਉਂਦਾ ਪਿਆਉਂਦਾ ਰਿਹਾ ਸੀ, ਜੇ ਉਹ ਉਸਦੇ ਵਿਉਪਾਰਕ ਦੁਸ਼ਮਣਾਂ ਵੱਲੋਂ ਭਾੜੇ ਤੇ ਲਈ ਗਈ ਗੁੰਡਾ ਰੂਹ ਹੀ ਹੋਈ ? ਕੀ ਉਸਤੇ ਹੇਠਲੀ ਦੁਨੀਆਂ ਵੱਲੋਂ ਕੋਈ ਮਾਰੂ ਬਿੱਜ ਤਾਂ ਨਹੀਂ ਪੈ ਜਾਵੇਗੀ ?

ਅਜੇ ਜਦੋਂ ਇਹ ਸਵਾਲ ਉਸਦੇ ਦਿਮਾਗ ਨੂੰ ਪ੍ਰੇਸ਼ਾਨ ਕਰ ਹੀ ਰਹੇ ਸਨ ਤਾਂ ਸ਼੍ਰੀ ਮੀਹਰਾ ਦੀ ਪਤਨੀ ਬੇਹੋਸ਼ ਹੋ ਗਈ ਅਤੇ ਇਸ ਘਟਨਾਂ ਨੇ ਉਸਦੇ ਭੈੜੇ ਡਰ ਨੂੰ ਹੋਰ ਪੱਕਾ ਕਰ ਦਿੱਤਾ।

ਸਮੇਂ ਦੇ ਨਾਲ ਬੇਹੋਸ਼ੀ ਦੇ ਦੌਰੇ ਪੈਂਦੇ ਰਹੇ, ਜਿਹਨਾਂ ਕਾਰਨ ਸ਼੍ਰੀ ਮੀਹਰਾ ਸੱਚੀ ਮੁੱਚੀ ਨਿਰਾਸ਼ ਹੋ ਗਿਆ। ਪਰ ਹੁਣ ਤੱਕ ਕੋਈ ਸਪੱਸ਼ਟ ਘਟਨਾਵਾਂ ਨਾ ਵਾਪਰੀਆਂ, ਜਿਹਨਾਂ ਨੇ ਇਕ ਤਰ੍ਹਾਂ ਨਾਲ ਉਹਨਾਂ ਦੇ ਡਰ ਨੂੰ ਘਟਾ ਦਿੱਤਾ ਅਤੇ ਉਹਨਾਂ ਦਾ ਧਿਆਨ ਹੋਰ ਪਾਸੇ ਲਾ ਦਿੱਤਾ।

**ਭੇਦ ਭਰੇ ਪ੍ਰੇਮ–ਪੱਤਰ**

ਹੁਣ ਮੀਹਰਾ ਦੇ ਘਰ ਵਾਲਿਆਂ ਨੂੰ ਖੂੰਜਿਆਂ ਵਿੱਚੋਂ ਹੱਡੀਆਂ, ਨਿੰਬੂ, ਵਾਲਾਂ ਅਤੇ ਤਾਂਬੇ ਦੇ ਸਿੱਕਿਆਂ ਨਾਲ ਭਰੇ ਸਿਗਰਟਾਂ ਦੇ ਪੁਰਾਣੇ ਡੱਬੇ ਲੱਭਣ ਲੱਗੇ। ਸ਼੍ਰੀ ਮੀਹਰਾ ਦੀਆਂ ਲੱਭਤਾਂ ਹੋਰ ਵੀ ਹੈਰਾਨਕੁਨ ਸਨ। ਉਸਦੀ ਕੋਟ ਅਤੇ ਪੈਂਟ ਦੀਆਂ ਜੇਬਾਂ ਵਿੱਚੋਂ ਪ੍ਰੇਮ ਪੱਤਰ ਰੱਖੇ ਹੁੰਦੇ। ਕਦੇ ਕਦੇ ਇਹ ਪ੍ਰੇਮ ਪੱਤਰ ਹਿਸਾਬ ਕਿਤਾਬ ਦੀ ਵਹੀ ਵਿੱਚੋਂ ਵੀ ਮਿਲਦੇ ਸਨ। ਕਈ ਮਹੀਨਿਆਂ ਵਿੱਚ ਕੁਲ ਮਿਲਾ ਕੇ ਉਸਨੂੰ ਅਜਿਹੇ ਗਿਆਰਾਂ ਪ੍ਰੇਮ ਪੱਤਰ ਮਿਲੇ ਸਨ, ਦਸ ਅੰਗਰੇਜ਼ੀ ਵਿੱਚ ਇੱਕ ਤਾਮਿਲ ਭਾਸ਼ਾ ਵਿੱਚ।

ਉਹਨਾਂ ਪ੍ਰੇਮ ਪੱਤਰਾਂ ਦਾ ਕੇਂਦਰੀ ਵਿਚਾਰ ਇਹ ਸੀ ਕਿ ਲਿਖਣ ਵਾਲੇ ਵੱਲੋਂ ਸ਼੍ਰੀ ਮੀਹਰਾ ਨੂੰ ਉਸ ਨਾਲ ਭਾਰਤ ਜਾਣ ਦੀ ਬੇਨਤੀ ਕੀਤੀ ਹੁੰਦੀ ਸੀ। ਦੂਜੇ ਸ਼ਬਦਾਂ ਵਿੱਚ ਉਸ ਨੂੰ ਲੈ ਕੇ ਨਿਕਲ ਜਾਣ ਲਈ ਆਖਿਆ ਹੁੰਦਾ ਸੀ। ਪੱਤਰਾਂ ਵਿੱਚੋਂ ਕੁਝ ਅੰਸ਼ ਇੰਝ ਹਨ :-

"ਡਾਰਲਿੰਗ (ਅਤੀ ਪਿਆਰੇ) ਮੀਹਰਾ ਤੁਹਾਨੂੰ ਡਰਨਾ ਨਹੀਂ ਚਾਹੀਦਾ....ਮੈਂ ਤੁਹਾਡੇ ਲਈ ਹਰ ਗੱਲ ਕਰਾਂਗੀ....14 ਜੂਨ ਨੂੰ ਨਾ ਭੁਲ ਜਾਣਾ .....ਅਸੀਂ ਹਵਾਈ ਜਹਾਜ ਰਾਹੀਂ ਜਾ ਸਕਦੇ ਹਾਂ..... ਡਾਰਲਿੰਗ ਮੀਹਰਾ ਪਿਆਰ ਭਰੇ ਚੁੰਮਣ....ਮੈਂ ਤੁਹਾਡੇ ਬੀਤੀ ਰਾਤ ਆਉਣ ਨਾਲ ਬਹੁਤ ਪ੍ਰਸੰਨ ਹਾਂ.... ਪੱਤਰ ਕੱਲ ਰਾਤੀਂ ਆ ਜਾਣਾ.....ਮੀਹਰਾ ਅਤੇ ਸਾਰੀ (saree)"

ਇਹਨਾਂ ਪੱਤਰਾਂ ਰਾਹੀਂ ਜਿਹੜੀਆਂ ਗੱਲਾਂ ਧਿਆਨ ਖਿੱਚਦੀਆਂ ਸਨ, ਉਹ ਸਨ ਤਾਰੀਖ 14 ਜੂਨ ਦਾ ਜ਼ਿਕਰ ਵਾਰ ਵਾਰ ਆਉਣਾ ਅਤੇ ਹਰ ਵਾਰ ਉਹੀ ਦਸਤਖਤ-ਮੀਹਰਾ ਅਤੇ ਸਾਰੀ।

ਸ਼੍ਰੀ ਮੀਹਰਾ ਆਪਣੀ ਪ੍ਰੇਮਿਕਾ ਤੋਂ ਅਜਿਹੇ ਪ੍ਰੇਮ ਪੱਤਰ ਪ੍ਰਾਪਤ ਕਰਕੇ ਘੱਟ ਹੀ ਖੁਸ਼ ਸੀ। ਪਰੰਤੂ ਇਹ ਯਕੀਨਨ ਹੈ ਕਿ ਉਸ ਦਾ ਮੁਰਦਾ ਪੁਰਸ਼ ਰਿਸ਼ਤੇਦਾਰ ਨਹੀਂ ਹੋ ਸਕਦਾ। ਜਾਂ ਇਹ ਵੀ ਹੋ ਸਕਦਾ ਹੈ ਕਿ ਖਾਸ ਕਮਰੇ ਵਿੱਚ ਲਗਾਤਾਰ ਪਿਆਰ ਸਤਿਕਾਰ ਨਾਲ ਖਾਣਾ ਆਦਿ ਖੁਆਉਣ ਕਰਕੇ ਉਸਨੇ ਸ਼੍ਰੀ ਮੀਹਰਾ ਵਾਸਤੇ ਬਹੁਤ ਹੀ ਗੈਰ ਕੁਦਰਤੀ ਇੱਛਾ ਧਾਰ ਲਈ ਸੀ ?

ਤੀਜੀ ਸੰਭਾਵਨਾ ਬਹੁਤ ਹੀ ਚੌਕੰਨੇ ਕਰ ਦੇਣ ਵਾਲੀ ਸੀ। ਇਹ ਵੀ ਹੋ ਸਕਦਾ ਹੈ ਕਿ ਉਸ ਦੇ ਵਿਉਪਾਰੀ ਦੁਸ਼ਮਣਾਂ ਨੇ ਆਪਣੇ ਢੰਗ ਤਰੀਕੇ ਬਦਲਾ ਲਏ ਹੋਣ ਅਤੇ ਹੁਣ ਉਹ ਉਸ ਨੂੰ ਪਿਆਰ ਚੁੰਗਲ ਵਿੱਚ ਫਸਾਉਣਾ ਚਾਹੁੰਦੇ ਹੋਣ ?

ਬਿਨਾਂ ਕਿਸੇ ਦੇਰੀ ਦੇ ਸ਼੍ਰੀ ਮੀਹਰਾ ਨੇ ਇੱਕ ਬਹੁਤ ਹੀ ਪ੍ਰਸਿੱਧ ਮੁਸਲਮਾਨ ਸਿਆਣਾ ਲੈ ਆਂਦਾ। ਉਹ ਵੀ ਧਾਗਾ ਕਰਨ ਵਿੱਚ ਬਹੁਤ ਮਾਹਰ ਸੀ ਅਤੇ ਉਸ ਨੇ ਸਾਰੇ ਟੱਬਰ ਦੇ ਧਾਗੇ ਬੰਨ ਦਿੱਤੇ।

ਸ਼੍ਰੀ ਮੀਹਰਾ ਨੂੰ ਇਨ੍ਹਾਂ ਧਾਗਿਆਂ ਦੀ ਕਾਰਕਰਦਗੀ ਤੇ ਸ਼ੱਕ ਸੀ ਅਤੇ ਇਹ ਸ਼ੱਕ ਪਤਨੀ ਦੀ ਵਿਗੜਦੀ ਹਾਲਤ ਨੇ ਹੋਰ ਵੀ ਪੱਕਾ ਕਰ ਦਿੱਤਾ। ਉਸ ਦੀ ਪਤਨੀ ਨੂੰ ਦੌਰੇ ਛੇਤੀ ਹੀ ਪੈਣ ਲੱਗ ਪਏ, ਉਸ ਨੂੰ ਹੋਰ ਵੀ ਹੈਰਾਨੀ ਹੋਈ ਕਿ ਜਿਵੇਂ ਰੂਹ (ਭੂਤ) ਨੇ ਉਸ ਦੀ ਪਤਨੀ ਤੇ ਪੂਰਨ ਜਕੜ ਕੱਸ ਲਈ ਸੀ।

**ਆਸਾਂ ਦੀ ਡੋਰੀ ਸੁਪਨੇ 'ਤੇ**

ਹੁਣ ਜਲਦੀ ਹੀ ਕੋਈ ਅਸਰਦਾਰ ਇਲਾਜ ਕਰਨਾ ਪੈਣਾ ਸੀ। ਸ਼੍ਰੀ ਮੀਹਰਾ ਉਸ ਦੇ ਦੋਸਤ ਅਤੇ ਰਿਸ਼ਤੇਦਾਰ ਬਹੁਤ ਹੀ ਉਤੇਜਿਤ ਹੋ ਰਹੇ ਸਨ ਅਤੇ ਉਹਨਾਂ ਨੇ ਇੱਕ ਹੋਰ ਚੌਥੇ ਸਿਆਣੇ ਨੂੰ ਬੁਲਾ ਲਿਆਂਦਾ। ਉਸ ਸਿਆਣੇ ਨੇ ਇਲਾਜ ਕਰਨ ਦਾ ਇੱਕ ਨਵਾਂ ਹੀ ਢੰਗ ਦੱਸਿਆ। ਕਈ ਤਰ੍ਹਾਂ ਦੀ ਪੂਜਾ ਪਾਠ ਕਰਨ ਉਪਰੰਤ ਸਿਆਣੇ ਨੇ ਦੱਸਿਆ ਕਿ ਜਲਦੀ ਹੀ ਇੱਕ ਟੱਬਰ ਦੇ ਜੀਅ ਨੂੰ ਬਹੁਤ ਹੀ ਮਹੱਤਵਪੂਰਨ ਸੁਪਨਾ ਆਵੇਗਾ, ਜਿਸ ਵਿੱਚ ਉਸ ਨੂੰ ਇਸ ਦੁੱਖ ਦੇ ਕਾਰਨ ਅਤੇ ਕੌਣ ਇੰਞ ਕਰਦਾ ਹੈ ਬਾਰੇ ਦੱਸਿਆ ਹੋਵੇਗਾ।

ਪਰੰਤੂ ਕਈ ਮਹੀਨੇ ਬੀਤ ਗਏ, ਕਿਸੇ ਨੂੰ ਵੀ ਕੋਈ ਮਹੱਤਵਪੂਰਨ ਸੁਪਨਾ ਨਾ ਆਇਆ, ਸਗੋਂ ਹੋਰ ਪੈਸੇ ਗੁੰਮ ਹੋ ਗਏ। ਹੋਰ ਪ੍ਰੇਮ ਪੱਤਰ ਆਏ ਅਤੇ ਘਰੋਂ ਹੋਰ ਜਾਦੂ ਟੂਣੇ ਦੀ ਸਮੱਗਰੀ ਲੱਭੀ ਅਤੇ ਮੀਹਰਾ ਦੀ ਪਤਨੀ ਨੂੰ ਦੌਰੇ ਤੇ ਦੌਰਾ ਪੈਣ ਲੱਗਿਆ।

ਫੇਰ ਚੌਥੇ ਸਿਆਣੇ ਦੇ ਜਾਦੂ ਟੂਣਾ ਕਰਨ ਦੇ ਤਿੰਨ ਮਹੀਨੇ ਬਾਅਦ ਸ਼੍ਰੀ ਮੀਹਰਾ ਦੀ ਸੱਸ ਨੂੰ ਇੱਕ ਸਵੇਰੇ ਬਹੁਤ ਹੀ ਕੰਮ ਦਾ (ਅਰਥ ਪੂਰਨ) ਸੁਫਨਾ ਆਇਆ। ਉਸ ਨੇ ਦੱਸਿਆ ਕਿ ਸੁਫਨੇ ਵਿੱਚ ਉਸ ਨੇ ਦੋ ਠੱਗ ਅਤੇ ਇੱਕ ਛੋਟਾ ਜਿਹਾ ਮੁੰਡਾ ਜ਼ਬਰਦਸਤੀ ਸ਼੍ਰੀ ਮੀਹਰਾ ਦੇ ਘਰੇ ਵੜਦੇ ਵੇਖੇ ਸਨ। ਉਸ ਦੇ ਜਵਾਈ ਨੇ ਉਹਨਾਂ ਨੂੰ ਵੰਗਾਰਿਆਂ ਅਤੇ ਲੜਾਈ ਆਰੰਭ ਹੋ ਗਈ। ਅੰਤ ਨੂੰ ਉਸ ਨੇ ਆਪਣੇ ਜਵਾਈ ਨੂੰ ਇੱਕ ਪਾਸੇ ਹੱਟ ਜਾਣ ਲਈ ਆਖਿਆ ਤਾਂ ਕਿ ਠੱਗ ਜੋ ਕੁਝ ਵੀ ਲਿਜਾਣਾ ਚਾਹੁੰਦੇ ਹਨ ਲੈ ਜਾਣ।

ਤੁਰੰਤ ਸਿਆਣੇ ਨੂੰ ਬੁਲਾਇਆ ਗਿਆ, ਪਰ ਉਹ ਸੁਪਨੇ ਵਿੱਚ ਦਿਸੇ ਵਿਅਕਤੀਆਂ ਦੀ ਪਛਾਣ ਕਰਨ ਵਾਸਤੇ ਬੌਂਦਲ ਜਿਹਾ ਗਿਆ। ਤਾਂ ਵੀ ਉਸ ਨੇ ਨਿੰਬੂ ਕੱਟ ਕੇ ਇੱਕ ਰਸਮ ਜਿਹੀ ਕੀਤੀ ਅਤੇ ਇਸ ਤੋਂ ਬਾਅਦ ਉਹ ਅਲੋਪ ਹੀ ਹੋ ਗਿਆ। ਫੇਰ ਉਹ ਕਿਧਰੇ ਨਾ ਮਿਲਿਆ।

**ਹੁਣ ਇੱਕ ਲਾਈਟ ਰੀਡਰ ਲਿਆਂਦਾ ਗਿਆ**

ਮਹੀਨੇ ਲੰਘਦੇ ਗਏ ਅਤੇ ਹਾਲਾਤ ਅਸਹਿ ਹੁੰਦੇ ਗਏ। ਸ਼੍ਰੀ ਮੀਹਰਾ ਦੀ ਪਤਨੀ ਨੂੰ ਆਸ ਤੋਂ ਉਲਟ ਗਸ਼ੀਆਂ ਪੈਣ ਲੱਗੀਆਂ। ਹੋਰ ਜਿਆਦਾ ਜਾਦੂ ਟੂਣੇ ਅਤੇ ਭੇਦ ਭਰੇ ਪਰੇਸ਼ਾਨ ਕਰਨ ਵਾਲੇ ਖਤ ਮਿਲਣ ਲੱਗੇ ਅਤੇ ਹੋਰ ਪੈਸੇ ਗੁੰਮ ਹੋ ਗਏ।

ਇਸ ਸਭ ਕੁਝ ਤੋਂ ਇਲਾਵਾ ਇੱਕ ਹੋਰ ਘਟਨਾ ਵਾਪਰੀ। ਸ਼੍ਰੀ ਮੀਹਰਾ ਨੂੰ ਜਾਦੂ ਟੂਣੇ ਵਾਲਿਆਂ ਤੇ ਭੋਰਾ ਭਰੋਸਾ ਨਾ ਰਿਹਾ ਅਤੇ ਹੁਣ ਉਸਨੇ ਇੱਕ ਲਾਈਟ-ਰੀਡਰ ਤੋਂ ਇਲਾਜ ਕਰਵਾਉਣ ਦਾ ਮਨ ਬਣਾਇਆ। ਇਹ ਪੰਜਵਾਂ ਪੇਸ਼ਾਵਰ ਸਿਆਣਾ ਸੀ।

ਪਹਿਲੇ ਸਿਆਣੇ ਵਾਂਗੂੰ ਉਸਨੂੰ ਵੀ ਆਪਣਾ ਕੰਮ ਕਰਨ ਲਈ ਇੱਕ ਵੱਖਰੇ ਕਮਰੇ ਦੀ ਜਰੂਰਤ ਸੀ, ਭਾਵੇਂ ਉਸ ਵਿੱਚ ਰੂਹਾਂ ਨੂੰ ਖਾਣਾ ਨਹੀਂ ਸੀ ਖੁਆਉਣਾ। ਲਾਈਟ ਰੀਡਰ ਨੂੰ ਵੱਖਰਾ ਕਮਰਾ ਦੇ ਦਿੱਤਾ ਗਿਆ। ਫਰਸ਼ ਦੇ ਵਿਚਾਲੇ ਉਸ ਨੇ ਇੱਕ ਮੋਮਬੱਤੀ ਗੱਡ ਦਿੱਤੀ ਅਤੇ ਫੇਰ ਉਸ ਨੇ ਇੱਕ ਕੁਆਰਾ ਮੁੰਡਾ ਜਾ ਕੁਆਰੀ ਕੁੜੀ ਜਿਸਨੇ ਸੰਭੋਗ ਨਾ ਕੀਤਾ ਹੋਵੇ, ਨੂੰ ਸਾਹਮਣੇ ਆ ਕੇ ਮੋਮਬੱਤੀ ਦੀ ਲਾਟ ਵੱਲੀਂ ਲਗਾਤਾਰ ਵੇਖਣ ਲਈ ਆਖਿਆ।

ਸ਼੍ਰੀ ਮੀਹਰਾ ਦੀ 12 ਸਾਲ ਦੀ ਸਾਲੀ ਨੂੰ ਲਾਟ ਵੱਲੀਂ ਟਿਕਟਿਕੀ ਲਾ ਕੇ ਉਤਨੀ ਦੇਰ ਤੱਕ ਵੇਖੀ ਜਾਣ ਲਈ ਆਖਿਆ, ਜਦੋਂ ਤੱਕ ਉਸਨੂੰ ਇੱਕ ਦੀ ਬਜਾਏ ਦੋ ਲਾਟਾਂ ਵਿਖਾਈ ਨਾ ਦੇਣ। ਜਦੋਂ ਕੁਝ ਮਿੰਟਾਂ ਮਗਰੋਂ ਲੜਕੀ ਨੇ ਦੱਸਿਆ ਕਿ ਉਸਨੂੰ ਦੋ ਲਾਟਾਂ ਵਿਖਾਈ ਦੇਣ ਲੱਗ ਗਈਆ ਸਨ, ਤਾਂ ਲਾਈਟ ਰੀਡਰ ਨੇ ਉਸਨੂੰ ਉਤਨੀ ਦੇਰ ਤੱਕ ਲਾਟ ਵੱਲੀਂ ਵੇਖੀ ਜਾਣ ਲਈ ਆਖ ਦਿੱਤਾ ਜਦੋਂ ਤੱਕ ਉਸਨੂੰ ਦਸ ਲਾਟਾਂ ਵਿਖਾਈ ਨਾ ਦੇਣ। ਲੜਕੀ ਨੂੰ ਜਿਵੇਂ ਕਿਹਾ ਗਿਆ ਸੀ, ਉਸਨੇ ਕੀਤਾ ਅਤੇ ਫੇਰ ਜੋਸ਼ ਵਿੱਚ ਆ ਕੇ ਉਹ ਚੀਖ ਪਈ ਕਿ ਉਸਨੂੰ ਲਈ ਲਾਟਾਂ ਵਿਖਾਈ ਦਿੰਦੀਆਂ ਹਨ।

ਹੁਣ ਲੜਕੀ ਇਮਾਨਦਾਰੀ ਨਾਲ ਉਸਦਾ ਕਹਿਣਾ ਮੰਨ ਰਹੀ ਸੀ। ਵਾਤਾਵਰਣ ਬਿਜਲਈ ਸੰਮੋਹਕ ਹੁੰਦਾ ਜਾ ਰਿਹਾ ਸੀ ਅਤੇ ਇਸ ਮਨੋਵਿਗਿਆਨਿਕ ਘੜੀ ਵਿੱਚ ਲਾਈਟ ਰੀਡਰ ਨੇ ਹੁਕਮ ਦਿੱਤਾ, "ਹੁਣ ਲਾਟਾਂ ਵਿੱਚੋਂ ਤੈਨੂੰ ਤੇਰੇ ਦਾਦੇ ਦਾ ਚਿਹਰਾ ਵਿਖਾਈ ਦੇਵੇਗਾ।

ਲੜਕੀ ਲਗਾਤਾਰ ਵੇਖੀ ਜਾ ਰਹੀ ਸੀ। ਫਿਰ ਹੌਲੀ ਦੇ ਕੇ ਇਹ ਕਹਿੰਦੇ ਸੁਣਾਈ ਦਿੱਤੀ, "ਮੈਂ ਉਸ ਨੂੰ ਵੇਖਦੀ ਹਾਂ।" ਲਾਈਟ ਰੀਡਰ ਨੇ ਆਖਿਆ, "ਹੁਣ ਤੂੰ ਆਪਣੇ ਦਾਦੇ ਤੋਂ ਪੁੱਛ ਸਕਦੀ ਏ ਕਿ ਉਹ ਬਦਮਾਸ਼ ਕੌਣ ਹੈ ?"

ਫੇਰ ਲੜਕੀ ਉੱਚੀ ਦੇ ਕੇ ਬੋਲ ਉੱਠੀ, "ਮੈਨੂੰ ਦੋ ਠੱਗ ਅਤੇ ਇੱਕ ਲੜਕਾ ਦਿਸਦੇ ਹਨ। ਉਹ ਸਾਡੇ ਘਰ ਨੂੰ ਸੰਨ੍ਹ ਲਾ ਰਹੇ ਹਨ'।"

**ਭਾਰੀ ਕੀਮਤ**

ਇਸ ਉਪਰੰਤ ਸਿਆਣੇ ਨੇ ਖੁਦ ਸਾਹ ਲਿਆ ਅਤੇ ਲਾਈਟ ਰੀਡਿੰਗ ਸਮਾਪਤ ਹੋ ਗਈ। ਇਸ ਬਾਰੇ ਯਕੀਨ ਨਾਲ ਇਹ ਨਹੀਂ ਸੀ ਆਖ ਸਕਦਾ ਕਿ ਜੋ ਕੁਝ ਲੜਕੀ ਨੇ ਵੇਖਿਆ ਸੀ ਉਹ ਸ਼੍ਰੀ ਮੀਹਰਾ ਦੀ ਸੱਸ ਦੇ ਸੁਫਨੇ ਨਾਲ ਮੇਲ ਖਾਂਦਾ ਸੀ ਜਾਂ ਨਹੀਂ। ਤਾਂ ਵੀ ਉਹ ਆਪਣੇ ਵਿਸ਼ਲੇਸ਼ਣ ਬਾਰੇ ਪੱਕਾ ਸੀ। ਇਹ ਠੱਗ ਦੋ ਰੂਹਾਂ ਹਨ, ਜਿਹੜੀਆਂ ਇਹ ਸਭ ਕੁਝ ਕਰਦੀਆਂ ਹਨ, ਇਹ ਤੁਹਾਡਾ ਨੁਕਸਾਨ ਕਰਨ ਵਾਸਤੇ ਤੁਹਾਡੇ ਦੁਸ਼ਮਣਾਂ ਵੱਲੋਂ ਭੇਜੀਆਂ ਗਈਆਂ ਹਨ। ਇਸ ਜਾਦੂ ਦੇ ਅਸਰ ਨੂੰ ਦੂਰ ਕਰਨ ਲਈ ਸਾਨੂੰ ਬਹੁਤ ਸ਼ਕਤੀਸ਼ਾਲੀ ਪੂਜਾ ਕਰਨੀ ਪਵੇਗੀ।"

ਸ਼੍ਰੀ ਮੀਹਰਾ ਇਹਨਾਂ ਪੂਜਾ ਪਾਠਾਂ, ਚੌਕੀਆਂ, ਤਵੀਤ ਧਾਗਿਆਂ, ਲਾਈ-ਰੀਡਿੰਗਾਂ ਅਤੇ ਨਿੰਬੂ ਕੱਟਣ ਦੀਆਂ ਰਸਮਾਂ ਤੋਂ ਅੰਤਾਂ ਦਾ ਦੁਖੀ ਸੀ। ਤਾਂ ਵੀ ਉਹ ਸਿਆਣੇ ਦੀ ਰਾਇ ਨਾਲ ਸਹਿਮਤ ਹੋ ਗਿਆ

ਸ਼੍ਰੀ ਮੀਹਰਾ ਨੇ ਇਹਨਾਂ ਜਾਦੂ ਟੂਣੇ ਕਰਨ ਵਾਲਿਆਂ ਤੇ ਖਰਚ ਕੀਤੇ ਕੁਲ ਪੈਸਿਆਂ ਦਾ ਹਿਸਾਬ ਕਿਤਾਬ ਲਾਇਆ। ਜਦੋਂ ਉਸ ਨੇ ਜੋੜ ਕੀਤਾ ਤਾਂ ਵਿਚਾਰਾ ਅਮੀਰ ਬੰਦਾ ਖੁਦ ਗਸ਼ੀ ਖਾ ਕੇ ਡਿੱਗ ਪੈਣ ਲੱਗਾ ਸੀ। ਕੁੱਲ ਖਰਚ ਪੰਦਰਾਂ ਹਜ਼ਾਰ ਰੁਪਏ ਸੀ।

ਕਸ਼ਟਾਂ ਭਰਪੂਰ ਡੇਢ ਸਾਲ ਲੰਘ ਗਿਆ ਸੀ। ਕਰੀਬ ਨੌਂ ਸੌ ਰੁਪਏ ਮਾਹਵਾਰ ਇਸ ਜਜ਼ੀਰੇ ਦੇ ਮਸ਼ਹੂਰ ਸਿਆਣਿਆ ਤੇ ਖਰਚ ਕੀਤੇ ਗਏ ਸਨ, ਪਰੰਤੂ ਰੂਹਾਂ ਨਾਲ ਮੀਹਰਾ ਦੇ ਸਬੰਧ ਹੋਰ ਗੁੰਝਲਦਾਰ ਹੁੰਦੇ ਗਏ।

**ਪਥਰਾਉਣ ਵਾਲਾ ਦ੍ਰਿਸ਼**

ਜਿਸ ਦਿਨ ਮੀਹਰਾ ਨੇ ਖਰਚੇ ਦਾ ਇਹ ਹਿਸਾਬ ਕਿਤਾਬ ਲਾਇਆ, ਕੁਦਰਤੀ ਤੌਰ ਤੇ ਘੱਟ ਹੀ ਨੀਂਦ ਆਈ। ਅਗਲੀ ਸਵੇਰ 25 ਨਵੰਬਰ, 1966 ਨੂੰ ਉਹ ਉਠਿਆ ਅਤੇ ਆਪਣੇ ਕੰਮ ਤੇ ਚਲਾ ਗਿਆ।

ਤਕ ਸ਼੍ਰੀਮਤੀ ਮੀਹਰਾ ਨੇ ਇਸ਼ਨਾਨ ਕਰਨਾ ਚਾਹਿਆ। ਜਦੋਂ ਉਹ ਗੁਸਲਖਾਨੇ ਵਿੱਚ ਚਲੀ ਗਈ ਤਾਂ ਉਸਨੂੰ ਯਾਦ ਆਇਆ ਕਿ ਉਸਨੇ ਆਪਣਾ ਸਰੀਰ ਢੱਕਣ ਲਈ ਕੋਈ ਕੱਪੜਾ ਨਹੀਂ ਸੀ ਲਿਆਂਦਾ। ਇਸ ਲਈ ਉਹ ਆਪਣੇ ਬੈੱਡਰੂਮ (ਸੌਣ ਵਾਲਾ ਕਮਰਾ) ਵਿੱਚ ਕੱਪੜੇ ਲੈਣ ਗਈ ਅਤੇ ਉਥੇ ਉਸ ਨੇ ਪੱਥਰ ਬਣਾ ਦੇਣ ਵਾਲਾ ਦ੍ਰਿਸ਼ ਦੇਖਿਆ। ਧੂੰਏਂ ਵਰਗੀ ਕੋਈ ਚੀਜ਼ ਅਲਮਾਰੀ ਵਿਚਲੇ ਹਰ ਸੁਰਾਖ ਵਿੱਚੋਂ ਦੀ ਬਾਹਰ ਆ ਰਹੀ ਸੀ। ਪਰੰਤੂ ਸੱਚੀ ਮੁੱਚੀ ਕੀ ਇਹ ਧੂੰਆਂ ਸੀ? ਕੀ ਉਹ ਭੂਤ ਦੀਆਂ ਨਾਜੁਕ ਉਂਗਲੀਆਂ ਨਹੀਂ ਸਨ ਹੋ ਸਕਦੀਆਂ ? ਸ਼ਾਇਦ ਇਹ ਉਹ ਫਸਾਦੀ ਰੂਹਾਂ ਹੀ ਸਨ ? ਸ਼੍ਰੀ ਮਤੀ ਮੀਹਰਾ ਦਾ ਮਨ ਡਰਾਉਣੀਆਂ ਸੰਭਾਵਨਾਵਾਂ ਯਾਦ ਕਰਕੇ ਕੰਬ ਉੱਠਿਆ ਅਤੇ ਉਸਨੇ ਚੀਕ ਚਿਹਾੜਾ ਪਾ ਦਿੱਤਾ ਅਤੇ ਉਹ ਜ਼ੋਰ ਜ਼ੋਰ ਨਾਲ ਚੀਕਾਂ ਮਾਰਨ ਲੱਗੀ।

ਉਸਦੀ ਮਾਂ, ਭੈਣ ਭਰਾ ਅਤੇ ਗੁਆਂਢੀ ਸਾਰੇ ਕਾਹਲੀ ਵਿੱਚ ਸਨ। ਅਲਮਾਰੀ ਤੋੜ ਦਿੱਤੀ ਗਈ ਅਤੇ ਪੁਰਾਣੀ ਕਹਾਵਤ ਫਿਰ ਸਹੀ ਸਾਬਤ ਹੋਈ ਕਿ ਅੱਗ ਤੋਂ ਬਿਨਾਂ ਧੂੰਆਂ ਨਹੀਂ ਹੋ ਸਕਦਾ।

ਤਕਰੀਬਨ ਉਸਦੇ ਸਾਰੇ ਕੱਪੜੇ ਉਸਦੀ ਅਲਮਾਰੀ ਵਿੱਚ ਹੀ ਸਨ। ਜਿਹੜੇ ਕੱਪੜੇ ਕਿਸੇ ਸਮੇਂ ਵਧੀਆ ਟੈਰਾਲੀਨ, ਨਾਈਲੋਨ, ਕਸ਼ਮੀਰੀ ਰੇਸ਼ਮ ਅਤੇ ਸੁੰਦਰ ਬਨਾਰਸੀ ਅਤੇ ਕੰਜੀਪੁਰਮ ਦੀਆਂ ਸਾੜੀਆਂ ਹੁੰਦੀਆਂ ਸਨ, ਉਹ ਹੁਣ ਇੱਕ ਬਦਸੂਰਤ ਢੇਰ ਦੇ ਰੂਪ ਵਿੱਚ ਸੁਆਹ ਹੋਈਆਂ ਪਈਆਂ ਸਨ।

**ਸ਼੍ਰੀ ਮੀਹਰਾ ਦੇ ਚਾਚੇ ਦੀ ਆਮਦ**

ਹਰ ਕੋਈ ਡਰਿਆ ਹੋਇਆ ਅਤੇ ਹੱਕਾ ਬੱਕਾ ਸੀ। ਕੀ ਹੁਣ ਭੂਤ ਉਜਾੜਾ ਕਰਨ ਲੱਗ ਪਏ ਸਨ ? ਇਹਨਾਂ ਭਿਅੰਕਰ ਘਟਨਾਵਾਂ, ਜਿਹੜੀਆਂ ਇਸ ਮਾਮਲੇ ਨਾਲ ਸਬੰਧਤ ਸਨ, ਸਬੰਧੀ ਉਹ ਇੱਕ ਢੁਕਵਾਂ ਸਵਾਲ ਸੀ, ਪਰੰਤੂ ਜਿਹੜਾ ਕਿਸੇ ਨੇ ਵੀ ਧੂੰਏ ਭਰੇ ਕਮਰੇ ਦੇ ਵਿੱਚ ਜਾ ਕਮਰੇ ਤੋਂ ਬਾਹਰ ਨਹੀਂ ਸੀ ਪੁੱਛਿਆ।

ਹੁਣ ਸਾਡੇ ਸਾਹਮਣੇ ਇੱਕ ਤਕੜੀ ਸ਼ਖਸੀਅਤ ਆਈ, ਜਿਸਨੇ ਸਾਰੇ ਹਾਲਾਤ ਤੇ ਪੂਰਨ ਕਾਬੂ ਪਾ ਲਿਆ। ਇਹ ਸਨ ਮੀਹਰਾ ਦੇ ਚਾਚਾ ਜੀ। ਕਾਲੇ ਜਾਦੂ ਭਰੀਆਂ ਅਤੇ ਬੇਢੰਗੀਆਂ ਰਸਮਾਂ ਉਸ ਦੇ ਭਤੀਜੇ ਦੇ ਘਰ ਹੋਣ ਬਾਰੇ ਉਸਨੇ ਬਹੁਤ ਹੀ ਗੁੱਸੇ ਅਤੇ ਚਿੰਤਾ ਨਾਲ ਸੁਣਿਆ। ਆਪਣੇ ਰਿਸ਼ਤੇਦਾਰਾਂ ਦੇ ਭੋਲੇਪਣ ਅਤੇ ਵਹਿਮਾਂ ਭਰਮਾਂ ਤੇ ਆਮ ਤੌਰ ਤੇ ਸ਼੍ਰੀ ਮੀਹਰਾ ਤੇ ਖਾਸ ਤੌਰ ਤੇ ਉਸਨੂੰ ਅੰਤਾਂ ਦਾ ਦੁਖ ਹੋਇਆ। ਪਰੰਤੂ ਅਸੂਲਨ ਤੌਰ ਤੇ ਉਸਨੇ ਪੂਰੇ ਡੇਢ ਸਾਲ ਇਸ ਪਾਸੇ ਧਿਆਨ ਨਹੀਂ ਸੀ ਦਿੱਤਾ। ਹੁਣ, ਭਾਵੇ ਸਮਾਂ ਆ ਗਿਆ ਸੀ ਕਿ ਉਹ ਇਸ ਮਾਮਲੇ ਬਾਰੇ ਦਖਲ ਦੇਵੇ ਅਤੇ ਕੋਈ ਸਮਝਦਾਰੀ ਵਾਲਾ ਕਦਮ ਉਠਾਇਆ ਜਾਵੇ। ਬੇਸ਼ੱਕ ਇੰਜ ਕਰਨ ਸਮੇਂ ਉਸਨੂੰ ਸ਼੍ਰੀ ਮੀਹਰਾ ਦੇ ਘਰ ਦੇ ਮੁਖੀ ਵਜੋਂ ਹੀ ਕਾਬਜ ਕਿਉਂ ਨਾ ਹੋਣਾ ਪਵੇ।

ਜਿਉਂ ਹੀ ਅੱਗ ਦਾ ਪਤਾ ਲੱਗਿਆ, ਗੁੱਸੇ ਵਿੱਚ ਹੀ ਸ਼੍ਰੀ ਮੀਹਰਾ ਦੀ ਫੈਕਟਰੀ ਵਿੱਚ ਟੈਲੀਫੋਨ ਕੀਤਾ ਗਿਆ ਅਤੇ ਜਦੋਂ ਇਹ ਘਬਰਾਇਆ ਹੋਇਆ ਇਨਸਾਨ ਤੇਜੀ ਨਾਲ ਘਰੇ ਆਇਆ ਤਾਂ ਉਸ ਦੇ ਚਾਚੇ ਨੇ ਉਸ ਦੀ ਬਹੁਤ ਬੇ-ਇੱਜਤੀ ਕੀਤੀ ਅਤੇ ਇਹ ਐਲਾਨ ਕਰ ਦਿੱਤਾ ਕਿ ਇਸ ਮਾਮਲੇ ਦੀ ਦੇਖਭਾਲ ਉਹ (ਚਾਚਾ) ਕਰੇਗਾ।

ਉਸਨੇ ਆਖਿਆ ਕਿ ਸਭ ਤੋਂ ਪਹਿਲਾਂ ਡਾਕਟਰ ਕਾਵੂਰ ਨਾਲ ਮਸ਼ਵਰਾ ਕਰਨਗੇ। ਡੌਰ ਭੌਰ ਹੋਏ ਸ਼੍ਰੀ ਮੀਹਰਾ ਨੂੰ ਮੈਨੂੰ ਟੈਲੀਫੋਨ ਕਰਨ ਲਈ ਹੁਕਮ ਦਿੱਤਾ ਗਿਆ ਅਤੇ ਥੋੜ੍ਹੀ ਦੇਰ ਮਗਰੋਂ ਦੋਵੇਂ ਚਾਚਾ ਭਤੀਜਾ ਮੇਰੇ ਘਰੇ ਆ ਪਹੁੰਚੇ। ਮੈਂ ਉਹਨਾਂ ਨਾਲ ਜਾ ਕੇ ਕੇਸ ਦੀ ਜਾਂਚ ਪੜਤਾਲ ਕਰਨ ਲਈ ਰਜ਼ਾਮੰਦ ਹੋ ਗਿਆ।

**ਤਰਕਸ਼ੀਲ ਢੰਗ**

ਜਦੋਂ ਮੈਂ ਮੌਕੇ ਤੇ ਪਹੁੰਚਿਆ, ਲੋਕਾਂ ਦੀ ਭੀੜ ਜਾ ਚੁੱਕੀ ਸੀ ਅਤੇ ਮੈਂ ਵਿਅਕਤੀਗਤ ਸਵਾਲ ਜਵਾਬ ਦਾ ਪ੍ਰਾਚੀਨ ਤਰਕਵਾਦੀ ਢੰਗ ਅਖਤਿਆਰ ਕਰਨ ਲਈ ਆਜ਼ਾਦ ਸਾਂ ਤਾਂ ਕਿ ਮੈਂ ਭੀੜ ਦਾ ਭੈਅ ਦੂਰ ਕਰ ਸਕਾਂ ਅਤੇ ਕਲਪਨਾ, ਵਿਅਕਤੀਗਤ ਕਾਰਵਾਈ ਅਤੇ ਅਸਪਸ਼ਟ ਧੁੰਦਲੇ ਅੰਧ-ਵਿਸ਼ਵਾਸਾਂ ਅਤੇ ਝੂਠੇ ਤਰਕਾਂ ਤੋਂ ਸਚਾਈ ਨੂੰ ਨਿਤਾਰ ਸਕਾਂ ਜਿਹੜੇ ਅੰਧਵਿਸ਼ਵਾਸ ਮਰੀਜ਼ ਦੀ ਸੋਚਣੀ ਨੂੰ ਅਕਸਰ ਰੰਗਤ ਦੇ ਹੀ ਦਿੰਦੇ ਹਨ।

ਮੈਂ ਪੰਦਰਾਂ ਜੀਆਂ ਦੇ ਟੱਬਰ ਵਿੱਚੋਂ ਸਿਰਫ ਚਾਰ ਨਾਲ ਹੀ ਗੱਲਬਾਤ ਕਰਨ ਦਾ ਫੈਸਲਾ ਕੀਤਾ। ਉਹ ਹਨ ਸ਼੍ਰੀ ਮੀਹਰਾ ਦੀ ਸੱਸ, ਮੀਹਰਾ ਦੀ ਪਤਨੀ ਦੇ ਦੋ ਭਰਾ ਅਤੇ ਖੁਦ ਮੀਹਰਾ।

ਜਾਂਚ-ਪੜਤਾਲ ਦਾ ਢੰਗ ਬਿਲਕੁਲ ਆਸਾਨ ਸੀ। ਹਰ ਇੱਕ ਨੂੰ ਇੱਕ-ਇੱਕ ਕਰਕੇ ਕਮਰੇ ਵਿੱਚ ਬੁਲਾਇਆ ਗਿਆ ਅਤੇ ਉਸ ਨੂੰ ਮੇਰੇ ਕਹਿਣ ਅਨੁਸਾਰ ਕੁਝ ਵਾਕ ਲਿਖਣ ਦੀ ਬੇਨਤੀ ਕੀਤੀ ਗਈ।ਇਹ ਵਾਕ ਮੈਂ ਉਹਨਾਂ ਪ੍ਰੇਮ ਪੱਤਰਾਂ ਵਿੱਚੋਂ ਛਾਂਟੇ ਸਨ, ਜਿਹੜੇ ਕਿ ਘਰ ਵਿੱਚੋਂ ਲੱਭੇ ਸਨ। ਕੇਸ ਵਿੱਚ ਇਹ ਮੁੱਖ ਸਬੂਤ ਸੀ।

ਜਦੋਂ ਇਹ ਅਜੀਬ ਜਿਹੀ ਅਮਲਾਅ(ਡਿਕਟੇਸ਼ਨ) ਦਾ ਇਮਤਿਹਾਨ ਪੂਰਾ ਹੋਇਆ ਤਾਂ ਮੈਂ ਇੱਕ ਮੁਲਾਕਾਤੀ ਨੂੰ ਖੁਦ ਪਰਾਈਵੇਟ(ਗੁਪਤ) ਤੌਰ ਤੇ ਉਹ ਸਭ ਕੁਝ ਦੱਸਣ ਲਈ ਆਖਿਆ, ਜਿਹੜਾ ਉਸ ਘਰ ਵਿੱਚ ਹੁੰਦੇ ਵੇਖਿਆ ਜਾਂ ਜਿਸ ਬਾਰੇ ਉਸਨੇ ਕਿਸੇ ਤੋਂ ਸੁਣਿਆ ਸੀ।

ਜਿਉਂ ਹੀ ਮੁਲਾਕਾਤਾਂ ਖਤਮ ਹੋਈਆਂ ਤਾਂ ਮੈਂ ਆਪਣਾ ਧਿਆਨ ਮੇਰੇ ਕੋਲ ਲਿਖੇ ਹੋਏ ਖੁਸ਼ੱਕਤ ਦੇ ਨਮੂਨਿਆਂ ਤੇ ਕੇਂਦਰਤ ਕੀਤਾ, ਮੇਰੇ ਕੋਲ ਰੱਖੇ ਹੋਏ ਪ੍ਰੇਮ ਪੱਤਰਾਂ ਨਾਲ ਇਹਨਾਂ ਚਾਰਾ ਖੁਸ਼ਕਤਾਂ ਨੂੰ ਵਾਰ ਵਾਰ ਮਿਲਾਉਣ ਅਤੇ ਚੰਗੀ ਤਰ੍ਹਾਂ ਪੜਤਾਲ ਕਰਨ ਉਪਰੰਤ ਮੈਂ ਨਮੂਨੇ ਦੀਆਂ ਤਿੰਨ ਲਿਖਤਾਂ ਨੂੰ ਦਲੇਰੀ ਨਾਲ ਲਾਂਭੇ ਸੁੱਟ ਦਿੱਤਾ।

**ਇੱਕ ਸ਼ਬਦ ਦੇ ਹਿੱਸੇ ਗਲਤ ਹੋਣੇ**

ਜਿਵੇਂ ਆਖਿਆ ਜਾਂਦਾ ਹੈ ਕਿ ਅਬਾਬੀਲ ਦੇ ਆਉਣ ਨਾਲ ਗਰਮੀਆਂ ਦੀ ਰੁੱਤ ਨਹੀਂ ਆ ਜਾਂਦੀ ਅਤੇ ਇੱਕ ਸੰਕੇਤ ਮਾਮਲੇ ਨੂੰ ਸਾਬਤ ਨਹੀਂ ਕਰ ਦਿੰਦਾ। ਪਰੰਤੂ ਇਕ ਮਹੱਤਵਪੂਰਨ ਸੰਕੇਤ ਅਗਲੇਰੀ ਕਾਰਵਾਈ ਲਈ ਉਤਸ਼ਾਹ ਜਰੂਰ ਦੇ ਦਿੰਦਾ ਹੈ, ਜਿਸ ਰਾਹੀਂ ਬਹੁਤ ਜਰੂਰੀ ਸਬੂਤਾਂ ਦੀ ਲੜੀ ਜੁੜ ਜਾਂਦੀ ਹੈ।

ਇਸ ਮਾਮਲੇ ਵਿੱਚ ਮੁੱਖ ਸੰਕੇਤ ਸੀ ਇੱਕ ਲਫਜ਼ ਦੇ ਹਿੱਸੇ ਗਲਤ ਹੋਣੇ। ਸ਼ਬਦ ਸੀ After (ਆਫਟਰ) ਪ੍ਰੇਮ ਪੱਤਰਾਂ ਵਿੱਚ ਇਹ ਤਿੰਨ ਨਮੂਨਿਆਂ ਵਿੱਚੋਂ ਇੱਕ ਵਿੱਚ ਇਹ Ufter ਹੀ ਲਿਖਿਆ ਹੋਇਆ ਸੀ। ਇੰਝ ਦੋਸ਼ੀ ਪਕੜਿਆ ਗਿਆ ਸੀ। ਪਰੰਤੂ ਕੀ ਇਸ ਛੋਟੇ ਜਿਹੇ ਸਬੂਤ ਦੇ ਆਧਾਰ ਤੇ ਹੀ ਅਪਰਾਧੀ ਨੂੰ ਜਕੜਿਆ ਜਾ ਸਕਦਾ ਸੀ ?

ਇਸ ਤੋਂ ਇਲਾਵਾ ਪੱਕੇ ਤਰਕਵਾਦੀ ਵਿਚਾਰ ਅਨੁਸਾਰ ਇਸ ਮੌਕੇ ਤੇ ਮਾਮਲੇ ਸਬੰਧੀ ਕੋਈ ਹੋਰ ਤਸਦੀਕਸ਼ੁਦਾ ਤੱਥ ਨਹੀਂ ਸਨ ਜੋੜੇ ਜਾ ਸਕਦੇ, ਕਿਉਂਕਿ ਮੁਲਾਕਾਤੀਆਂ ਨੇ ਕੁਝ ਵੀ ਤਾਂ ਨਹੀਂ ਸੀ ਦੱਸਿਆ। ਪਰੰਤੂ ਕੁਝ ਖਾਸ ਅਸਪੱਸ਼ਟ ਸੰਕੇਤ, ਜਿਹੜੇ ਕਿ ਇੱਕ ਸਪੱਸ਼ਟ ਨਿਯਮ ਵਿੱਚ ਨਹੀਂ ਸੀ ਇਕੱਠੇ ਕੀਤੇ ਜਾ ਸਕਦੇ। ਮੇਰੇ ਦਿਮਾਗ ਵਿੱਚ ਅਗੜ ਦੁਗੜ ਜਿਹੇ ਆ ਰਹੇ ਸਨ। ਇਹ ਸੰਕੇਤ ਪ੍ਰੇਮ-ਪੱਤਰਾਂ ਵਿੱਚੋਂ ਮੁੱਖ ਸ਼ਬਦ ਸਨ।

"14 ਜੂਨ...........ਸਾਰੀ...........ਜੂਨ 14..........ਆਪਾਂ ਹਵਾਈ ਜਹਾਜ਼ ਰਾਹੀਂ ਭਾਰਤ ਜਾ ਸਕਦੇ ਹਾਂ .........ਤੁਹਾਨੂੰ ਹਰ ਰਾਤ ਨੂੰ ਜਰੂਰ ਆਉਣਾ ਚਾਹੀਦਾ ਹੈ...........ਜੂਨ 14...........ਮੀਹਰਾ ਅਤੇ ਸਾਰੀ.............."

ਅਤੇ ਫਿਰ ਵੀ ਇੱਕ ਤਰਕਵਾਦੀ ਅਤੇ ਵਿਗਿਆਨੀ ਹੋਣ ਨਾਤੇ, ਮੇਰੇ ਦਿਮਾਗ ਵਿੱਚ ਆ ਰਹੇ ਇਹਨਾਂ ਤੁੱਛ ਅਜੀਬ ਵਿਚਾਰਾਂ ਤੇ ਕਿਵੇਂ ਵਿਸ਼ਵਾਸ ਕੀਤਾ ਜਾ ਸਕਦਾ ਸੀ ?

**ਸੱਚ ਦੀ ਘੜੀ**

ਮੈਂ ਸੰਦੇਹਪੂਰਣ ਤੱਤਹੀਨ ਦਲੀਲ ਤੇ ਕੰਮ ਸ਼ੁਰੂ ਕਰ ਰਿਹਾ ਸਾਂ। ਮੈਂ ਇੱਕ ਸ਼ਬਦ ਦੇ ਗਲਤ ਹਿੱਸਿਆਂ ਨੂੰ ਹੀ ਚਿੰਬੜਿਆ ਹੋਇਆ ਸਾਂ ਅਤੇ ਏਸੇ ਨੂੰ ਭਵਸਾਗਰ ਤੋਂ ਪਾਰ ਲੰਘਣ ਦਾ ਆਧਾਰ ਮੰਨੀ ਬੈਠਾ ਸਾਂ, ਮੈਂ ਮਹਿਸੂਸ ਕੀਤਾ ਕਿ ਇਹ ਢੰਗ ਵਿਗਿਆਨਿਕ ਨਹੀਂ ਸੀ, ਪਰੰਤੂ ਇੱਕ ਟੂਲ ਸੀ। ਮੈਨੂੰ ਸਭ ਤੋਂ ਪਹਿਲਾਂ ਦੋਸ਼ੀ ਲੱਭਣਾ ਚਾਹੀਦਾ ਸੀ ਅਤੇ ਇਸ ਤੋਂ ਬਾਅਦ ਅਜੇ ਛੁਪੇ ਹੋਏ ਮਨੋਰਥਾਂ ਦੀ ਭਾਲ ਕਰਨੀ ਚਾਹੀਦੀ ਸੀ। ਮੈਂ ਇਸ ਭੂਤਾਂ ਵਾਲੇ ਘਰ ਰਾਤੀਂ 9-15 ਵਜੇ ਆਇਆ ਸੀ। ਹੁਣ ਇੱਕ ਵੱਜਣ ਵਾਲਾ ਸੀ ਅਤੇ ਮੈਂ ਆਪਣੀ ਥਿਊਰੀ ਦੇ ਆਧਾਰ ਤੇ ਇਹ ਫੈਸਲਾ ਕਰ ਚੁੱਕਾ ਸਾਂ ਕਿ ਸ਼੍ਰੀ ਮੀਹਰਾ ਲਈ ਹੁਣ ਸੱਚ ਦੀ ਘੜੀ ਆ ਪੁੱਜੀ ਸੀ।

ਇਸ ਤੋਂ ਬਾਅਦ ਮੈਂ ਚਾਚੇ ਅਤੇ ਭਤੀਜੇ ਨੂੰ ਅਲੱਗ ਕਮਰੇ ਵਿੱਚ ਸੱਦ ਕੇ ਦਰਵਾਜ਼ੇ ਨੂੰ ਜਿੰਦਰਾ ਲਗਵਾ ਦਿੱਤਾ ਅਤੇ ਫੇਰ ਮੈਂ ਮਾਮਲੇ ਸਬੰਧੀ ਆਪਣੇ ਵਿਚਾਰ ਦੱਸ ਦਿੱਤੇ। "ਸ਼੍ਰੀ ਮੀਹਰਾ, ਜੋ ਕੁਝ ਵੀ ਘਰੇ ਵਾਪਰਿਆ ਹੈ, ਇਸ ਵਾਸਤੇ ਤੁਹਾਡੀ ਪਤਨੀ ਹੀ ਜੁੰਮੇਵਾਰ ਹੈ।"

ਪਹਿਲਾਂ ਤਾਂ ਸ਼੍ਰੀ ਮੀਹਰਾ ਮੂੰਹ ਵੇਖਦਾ ਹੀ ਰਹਿ ਗਿਆ, ਪ੍ਰੰਤੂ ਇਸ ਪ੍ਰਗਟਾਵੇ ਦੇ ਸਦਮੇ ਤੋਂ ਰਾਜ਼ੀ ਹੋਣ ਉਪਰੰਤ ਉਸਨੇ ਬਹੁਤ ਹੀ ਗਰਮਜੋਸ਼ੀ ਨਾਲ ਇਸ ਤਫਸ਼ੀਸ (ਰੋਗ ਦੀ ਜਾਂਚ) ਬਾਰੇ ਝਗੜਨਾ ਸ਼ੁਰੂ ਕਰ ਦਿੱਤਾ।

ਮੈਂ ਬਹੁਤ ਹੀ ਹਮਦਰਦੀ ਨਾਲ ਪਤੀ ਤੇ ਇਸ ਵਿਰੋਧ ਨੂੰ ਸੁਣਿਆ, ਕਿਉਂਕਿ ਅਸਲ ਵਿੱਚ ਇੱਕ ਪਤੀ ਆਪਣੀ ਵਫਾਦਾਰ ਪਤਨੀ, ਜਿਹੜੀ ਕਿ ਮਨਮੋਹਣ ਵਾਲੀ ਖੂਬਸੂਰਤ, ਲੱਜਾਵਾਨ, ਚੰਗੇ ਸੁਭਾਅ ਵਾਲੀ ਇੱਕ ਜਵਾਨ ਔਰਤ ਸੀ, ਬਾਰੇ ਅਜਿਹੀ ਭੈੜੀ ਗੱਲ ਕਿਵੇਂ ਮੰਨ ਸਕਦਾ ਸੀ।

**ਸੰਮੋਹਨ ਨੀਂਦ**

ਪਰੰਤੂ ਇਸ ਸਮੇਂ ਸ਼੍ਰੀ ਮੀਹਰਾ ਦੇ ਚਾਚੇ ਨੇ ਅਚਾਨਕ ਹੀ ਦਖਲ ਦਿੱਤਾ ਅਤੇ ਬਹੁਤ ਹੀ ਗਰਮੀ ਵਿੱਚ ਉਸਨੇ ਆਪਣੇ ਭਤੀਜੇ ਨੂੰ ਆਖਿਆ, "ਬੇਵਕੂਫ ਦੇ ਬੱਚੇ, ਤੂੰ ਲੋਟੂ ਸਿਆਣਿਆ (ਜਾਦੂ ਟੂਣੇ ਵਾਲਿਆਂ) ਦੇ ਹਰ ਇੱਕ ਦੈਵੀ ਸ਼ਬਦ ਨੂੰ ਤਾਂ ਚੁੱਪ ਚਾਪ ਸੁਣ ਲਿਆ, ਪਰੰਤੂ ਹੁਣ ਤੂੰ ਬਹਿਸ ਕਰ ਰਿਹਾ ਏਂ। ਤੂੰ ਉਹ ਸਭ ਕੁਝ ਕਿਉਂ ਨਹੀਂ ਮੰਨ ਲੈਂਦਾ ਜਿਹੜਾ ਇਸ ਪੜ੍ਹੇ ਲਿਖੇ ਭਲੇਮਾਣਸ ਨੇ ਤੈਨੂੰ ਦੱਸਿਆ ਹੈ ?"

ਬਿਨਾਂ ਧਿਆਨ ਕੀਤਿਆਂ ਹੀ ਚਾਚਾ ਬੋਲੀ ਜਾ ਰਿਹਾ ਸੀ, "ਸ਼੍ਰੀਮਾਨ ਕਾਵੂਰ, ਮੇਰਾ ਭਤੀਜਾ ਅਤੇ ਮੈਂ ਜੋ ਕੁਝ ਵੀ ਤੁਸੀ ਦੱਸੋਗੇ, ਕਰਾਂਗੇ। ਇਹ ਮੈਂ ਵੇਖਗਾਂ।"

ਹੁਣ ਸ਼੍ਰੀ ਮੀਹਰਾ ਥੋੜਾ ਜਿਹਾ ਉਦਾਸ ਦਿਖਾਈ ਦਿੰਦਾ ਸੀ। ਸੰਕਟ ਦਾ ਸਮਾਂ ਗੁਜ਼ਰ ਗਿਆ ਸੀ ਅਤੇ ਮੈਂ ਮੌਕੇ ਦਾ ਫਾਇਦਾ ਉਠਾਇਆ ਅਤੇ ਉਹਨਾਂ ਨੂੰ ਦੋ ਦਿਨਾਂ ਦੇ ਵਿੱਚ ਸ਼੍ਰੀ ਮਤੀ ਮੀਹਰਾ ਨੂੰ ਮੇਰੇ ਘਰ ਲਿਆਉਣ ਦੀ ਹਦਾਇਤ ਕੀਤੀ ਤਾਂ ਕਿ ਸੰਮੋਹਕ ਨੀਂਦਰ ਵਿੱਚ ਸੁਝਾਅ ਦੇ ਕੇ ਉਸਦਾ ਦਿਮਾਗ ਠੀਕ ਕੀਤਾ ਜਾ ਸਕੇ।

ਮੈਂ ਬਹੁਤ ਹੀ ਸ਼ਕਤੀ ਨਾਲ ਉਹਨਾਂ ਨੂੰ ਇਹ ਵੀ ਸਮਝਾ ਦਿੱਤਾ ਕਿ ਉਹ ਕੁਝ ਵੀ ਅਜਿਹਾ ਨਹੀਂ ਕਹਿਣਗੇ ਜਾ ਕਰਨਗੇ ਜਿਸ ਨਾਲ ਸ਼੍ਰੀ ਮਤੀ ਮੀਹਰਾ ਨੂੰ ਇਹ ਸ਼ੱਕ ਹੋਵੇ ਕਿ ਉਹਨਾਂ ਨੂੰ ਉਸ ਦੀਆਂ ਕਰਤੂਤਾਂ ਬਾਰੇ ਪਤਾ ਲੱਗ ਗਿਆ ਸੀ।

ਨਿਸ਼ਚਿਤ ਤਾਰੀਖ ਨੂੰ ਚਾਚਾ, ਭਤੀਜਾ ਅਤੇ ਪਤਨੀ ਮੇਰੀ ਰਿਹਾਇਸ਼ਗਾਹ ਤੇ ਆ ਪਹੁੰਚੇ। ਦੋਵਾਂ ਮਰਦਾਂ ਨੂੰ ਹਾਲ ਕਮਰੇ ਵਿੱਚ ਇੰਤਜ਼ਾਰ ਕਰਨ ਲਈ ਆਖਿਆ ਗਿਆ, ਜਦੋਂ ਕਿ ਮੈਂ ਅਤੇ ਮੇਰੀ ਪਤਨੀ ਸ਼੍ਰੀ ਮਤੀ ਮੀਹਰਾ ਨੂੰ ਉਪਰ ਪੌੜੀਆਂ ਚੜ੍ਹਾ ਕੇ ਲੈ ਗਏ।

ਜਵਾਨ ਔਰਤ ਨੇ ਮੇਰੇ ਸੰਮੋਹਕ ਨੀਂਦ ਵਿੱਚ ਦਿੱਤੇ ਗਏ ਸੁਝਾਵਾਂ ਪ੍ਰਤੀ ਆਸਾਨੀ ਨਾਲ ਹੀ ਪ੍ਰਤੀਕਰਮ ਵਿਖਾਇਆ। ਮੈਨੂੰ ਉਸ ਨੇ ਪੂਰਾ ਸਹਿਯੋਗ ਦਿੱਤਾ। ਅਸਲ ਵਿੱਚ ਜਦੋਂ ਉਹ ਹਾਲ ਕਮਰੇ ਵਿੱਚ ਹੀ ਸੀ, ਉਸ ਨੇ ਮੈਨੂੰ ਉਹਨਾਂ ਦੇ ਇਸ ਕਸ਼ਟ ਵਿੱਚ ਮੱਦਦ ਕਰਨ ਲਈ ਬਹੁਤ ਤਰਲੇ ਕੀਤੇ ਸਨ। ਹੁਣ ਸ਼੍ਰੀ ਮਤੀ ਮੀਹਰਾ ਬਿਲਕੁਲ ਨਿਸ਼ਚਿਤ ਪਈ ਸੀ, ਅਤੇ ਕੁਝ ਮਿੰਟਾਂ ਵਿੱਚ ਉਹ ਗਹਿਰੀ ਅੰਤਰਲੀਨਤਾ ਦੀ ਅਵਸਥਾ ਵਿੱਚ ਪਹੁੰਚ ਗਈ ਸੀ।

**ਦੋਸ਼ਾਂ ਦਾ ਅਚੇਤ ਇਕਬਾਲ ਕਰਨਾ**

ਅਤੇ ਫੇਰ ਤਾਂ ਸਾਰੇ ਬੰਦ ਦਰਵਾਜੇ ਖੁੱਲ ਗਏ, ਕਿਉਂਕਿ ਉਸ ਨੇ ਮੇਰੇ ਸਾਰੇ ਸਵਾਲਾਂ ਦਾ ਜਵਾਬ ਸਚਾਈ ਨਾਲ ਦਿੱਤਾ।

ਹਾਂ, ਇਹ ਉਹੋ ਹੀ ਸੀ, ਜਿਸ ਨੇ ਪ੍ਰੇਮ ਪੱਤਰ ਲਿਖੇ ਸਨ, ਉਸ ਨੇ ਹੀ ਜਾਦੂ ਟੂਣੇ ਬਣਾਏ ਸਨ, ਉਸ ਨੇ ਅਲਮਾਰੀ ਵਿੱਚ ਅੱਗ ਲਾਈ ਸੀ...........ਅਸਲ ਵਿੱਚ ਉਸ ਅਤਿਅੰਤ ਬਦਕਿਸਮਤ ਘਰ ਵਿੱਚ ਵਾਪਰਨ ਵਾਲੀ ਹਰ ਅਭੌਤਿਕ ਘਟਨਾ ਲਈ ਉਹ ਹੀ ਜਿੰਮੇਵਾਰ ਸੀ।

ਜਦੋਂ ਦੋਸ਼ਾਂ ਦਾ ਅਚੇਤ ਤੌਰ ਤੇ ਇਕਬਾਲ ਕਰਾਉਣਾ ਖਤਮ ਹੋ ਗਿਆ, ਤਾਂ ਮੈਂ ਉਸ ਨੂੰ ਬਹੁਤ ਹੀ ਜਰੂਰੀ ਸੁਝਾਅ ਬਹੁਤ ਹੀ ਧਿਆਨ ਨਾਲ ਦੱਸਣੇ ਸ਼ੁਰੂ ਕੀਤੇ ਅਤੇ ਉਹਨਾਂ ਨੂੰ ਕਈ ਵਾਰੀ ਦੁਹਰਾਇਆ ਤਾਂ ਕਿ ਘਰ ਵਿੱਚ ਉਹ ਖੁਫੀਆ ਸਰਗਰਮੀਆਂ ਕਰਨ ਤੋਂ ਹਟ ਜਾਵੇ। ਮੈਂ ਲਗਾਤਾਰ ਕਈ ਸੁਝਾਵਾਂ ਨੂੰ ਕਈ ਵਾਰ ਬੋਲੀ ਗਿਆ ਅਤੇ ਜਦੋਂ ਮੁਨਾਸਿਬ ਸਮਾਂ ਆਇਆ, ਤਾਂ ਉਸ ਨੂੰ ਜਗਾ ਲਿਆ

ਪਰ ਹੁਣ ਮੇਰੀ ਪਰਖ ਦਾ ਸਮਾਂ ਸੀ।

ਸੰਮੋਹਕ ਨੀਂਦ ਤੋਂ ਉਠਾਉਣ ਲਈ 'ਤਿੰਨ ਗਿਣਨੇ ਅਤੇ ਗਿੱਟਾ ਮਰੋੜ ਦੇਣਾ' ਵਾਲੇ ਢੰਗਾਂ ਨੇ ਕੰਮ ਨਾ ਕੀਤਾ। ਇਹ ਦੱਬੀਆਂ ਹੋਈਆਂ ਇੱਛਾਵਾਂ ਨੂੰ ਮੁਕਤ ਕਰਨ ਅਤੇ ਮਰੀਜ਼ ਨੂੰ ਅਸਲੀਅਤ ਵਿੱਚ ਵਾਪਸ ਲਿਆਉਣ ਲਈ ਬਹੁਤ ਹੀ ਕਾਮਯਾਬ ਢੰਗ ਸੀ, ਪਰੰਤੂ ਸ਼੍ਰੀਮਤੀ ਮੀਹਰਾ ਤੇ ਇਸ ਦਾ ਕੋਈ ਅਸਰ ਨਾ ਹੋਇਆ, ਉਹ ਜਾਗ ਨਾ ਸਕੀ।

ਮੈਂ ਇਸ ਮੌਤ ਵਰਗੀ ਭੁੱਲ ਜਾਣ ਦੀ ਸਥਿਤੀ ਦੇ ਕਾਰਨਾਂ ਤੋਂ ਅਣਜਾਣ ਨਹੀਂ ਸੀ, ਫਿਰ ਵੀ ਮੇਰਾ ਉਹ ਗਿਆਨ ਮੇਰੀ ਸਾਰੀ ਦੇਹ ਤੇ ਠੰਢੇ ਤੌਰ ਤੇ (ਪਸੀਨਾ) ਆਉਣ ਤੋਂ ਨਾ ਰੋਕ ਸਕਿਆ।

**ਨੀਂਦਰ ਦੀ ਦੁੱਖ ਭਜਨੀ**

ਮਾਮਲੇ ਦੀ ਸੱਚਾਈ ਇਹ ਸੀ ਕਿ ਸ਼੍ਰੀਮਤੀ ਮੀਹਰਾ ਦੀ ਦਿਮਾਗੀ ਸ਼ੁੱਧੀ ਇੱਕ ਬਹੁਤ ਹੀ ਜਬਰਦਸਤ ਤਜਰਬਾ ਸੀ। ਉਸਦਾ ਸਰੀਰ ਅਤੇ ਮਨ ਦੋਵੇਂ ਹੁਣ ਡੂੰਘੀ ਨੀਂਦ ਵਿੱਚ ਸੁੱਖ ਲੈਣਾ ਚਾਹੁੰਦੇ ਸਨ, ਤਾਂ ਕਿ ਉਹ ਫੇਰ ਤੋਂ ਇਕੱਠੇ ਹੋ ਸਕਣ। ਇਹ ਸੀ ਅਸਲ ਵਿੱਚ ਉਸ ਦੀ ਹਾਲਤ ਅਤੇ ਮੈਂ ਤੇ ਮੇਰੀ ਪਤਨੀ ਨੇ ਇਹ ਫੈਸਲਾ ਕੀਤਾ ਕਿ ਸਾਡੇ ਮਰੀਜ਼ ਨੂੰ ਦੁਬਾਰਾ ਆਮ ਜੀਵਨ ਦਾ ਸਾਹਮਣਾ ਕਰਨ ਤੋਂ ਪਹਿਲਾਂ ਕੁਦਰਤੀ ਸ਼ਾਂਤੀ ਅਤੇ ਆਰਾਮ ਦੀ ਲੋੜ ਸੀ।

ਇਸ ਲਈ ਅਗਲੇ ਤਕਰੀਬਨ ਦੋ ਘੰਟੇ ਲਈ ਮੈਂ ਹੇਠਾਂ ਆ ਕੇ ਸ਼੍ਰੀ ਮੀਹਰਾ ਨਾਲ ਗੱਲਾਂ ਬਾਤਾਂ ਕਰਦਾ ਰਿਹਾ। ਬਹੁਤ ਸਾਰੀਆਂ ਗਲਤ ਫਹਿਮੀਆਂ ਦੂਰ ਕਰਨੀਆਂ ਅਜੇ ਬਾਕੀ ਸਨ ਅਤੇ ਬਿਨਾ ਸ਼ੱਕ ਸ਼੍ਰੀ ਮੀਹਰਾ ਨੇ ਮੇਰੀ ਮੱਦਦ ਕੀਤੀ।

ਉਦਾਹਰਣ ਵਜੋਂ ਸਾਰੀ ਕੌਣ ਸੀ ?

ਆਰੰਭ ਵਿੱਚ ਸ਼੍ਰੀ ਮੀਹਰਾ ਨੇ ਮੇਰੇ ਇਸ ਸਵਾਲ ਦਾ ਜਵਾਬ ਦੇਣ ਵਿੱਚ ਕਾਫੀ ਮੁਸ਼ਕਲ ਮਹਿਸੂਸ ਕੀਤੀ, ਪਰ ਮੇਰੇ ਜਿੱਦ ਕਰਨ ਤੇ ਉਸ ਨੇ ਦੱਸ ਹੀ ਦਿੱਤਾ।

**ਸਾਰੀ ਜਿਸ ਨੂੰ ਪਿਆਰ ਵੀ ਕੀਤਾ ਜਾਂਦਾ ਸੀ ਅਤੇ ਨਫਰਤ ਵੀ**

ਸਾਰੀ, ਇੱਕ ਭਾਰਤੀ ਨੱਚਣ ਵਾਲੀ ਕੁੜੀ ਸੀ, ਜਿਹੜੀ ਕਿ ਪਿੰਡਾਂ ਵਿੱਚ ਈਸਾਈ ਮੇਲੇ ਦੇ ਦਿਨਾਂ ਵਿੱਚ ਇਸ ਜਜ਼ੀਰੇ ਦਾ ਚੱਕਰ ਲਾ ਰਹੀ ਇੱਕ ਟੋਲੀ ਵਿੱਚ ਇੱਕੋ ਇੱਕ ਕਲਾਕਾਰ ਸੀ।

ਸ਼੍ਰੀ ਮੀਹਰਾ ਇਸ ਟੋਲੀ ਦੇ ਮੈਨੇਜਰ ਦਾ ਜਾਣੂ ਸੀ ਅਤੇ ਉਹਨਾਂ ਦੀ ਆਉ ਭਗਤ ਕਰਦੇ ਸਮੇਂ ਉਹ ਹੋ ਸਕਦਾ ਹੈ ਸਾਰੀ ਵਾਸਤੇ ਥੋੜਾ ਜਿਹਾ ਜ਼ਿਆਦਾ ਮੇਹਰਬਾਨ ਹੋ ਗਿਆ ਹੋਵੇ, ਕਿਉਂਕਿ ਇਸ ਟੋਲੀ ਦੀ ਆਗੂ ਗਾਇਕਾ ਸਾਰੀ ਦੇ ਚਰਚੇ ਇਸਾਈ ਮੇਲੇ ਸਮੇਂ ਨਜ਼ਦੀਕ ਕਸਬੇ ਵਿੱਚ ਕਾਫੀ ਸਨ। ਪਰੰਤੂ ਇਹ ਤਾਂ ਹੋਰ ਕਹਾਣੀ ਹੈ।

ਜਿਵੇਂ ਅਸੀਂ ਸਾਰੇ ਜਾਣਦੇ ਹੀ ਹਾਂ ਕਿ ਮੁਸਲਮਾਨ ਔਰਤਾਂ ਬਹੁਤ ਹੀ ਇਕਾਂਤਮਈ ਜੀਵਨ ਬਿਤਾਉਂਦੀਆਂ ਹਨ ਅਤੇ ਇਹ ਵੀ ਸੰਭਵ ਹੈ ਕਿ ਸ਼੍ਰੀ ਮੀਹਰਾ ਦੀ ਕੋਈ ਪੁਰਾਣੀ ਜਾਣ-ਪਛਾਣ ਦੀ ਯਾਦ ਤਾਜਾ ਹੋ ਗਈ ਹੋਵੇ—ਇੰਝ ਖੁੱਲ੍ਹਮ ਖੁੱਲੇ ਮਿਲਣ ਕਰਕੇ ਹੀ ਸ਼ੱਕ ਪੈਦਾ ਹੋ ਗਿਆ ਹੋਵੇ।

ਦੂਜਾ ਸਵਾਲ ਸੀ—ਕਦੋਂ ਅਤੇ ਕਿਵੇਂ ਸਾਰੀ ਭਾਰਤ ਨੂੰ ਗਈ ?

ਸ਼੍ਰੀ ਮੀਹਰਾ ਨੇ ਦੱਸਿਆ, "ਹਵਾਈ ਜਹਾਜ਼ ਰਾਹੀਂ 14 ਜੂਨ ਨੂੰ।"

**ਸ਼੍ਰੀਮਤੀ ਮੀਹਰਾ ਨੇ ਇਹ ਸਭ ਕੁਝ ਭੁਗਤਿਆ**

ਇਹ ਵਾਕ ਜਿਹੜੇ ਅਗੜ ਦੁੱਗੜੇ ਮੇਰੇ ਦਿਮਾਗ ਵਿੱਚ ਘੁੰਮ ਰਹੇ ਸਨ—"14 ਜੂਨ ਨੂੰ ਨਾ ਭੁੱਲਣਾ.....ਆਪਾਂ ਹਵਾਈ ਜਹਾਜ਼ ਰਾਹੀਂ ਜਾ ਸਕਦੇ ਹਾਂ....ਤੁਸੀਂ ਹਰ ਰਾਤ ਨੂੰ ਰੋਜ਼ ਆਉਣਾ...." ਭੇਦ ਭਰੇ ਪ੍ਰੇਮ ਪੱਤਰਾਂ ਵਿੱਚ ਮੁੱਖ ਵਾਕ ਸਨ ਅਤੇ ਹੁਣ ਸਭ ਕੁਝ ਉਘੜ ਜਾਣ ਤੇ ਇਹ ਘੱਟ ਭੇਦ ਭਰੇ ਮਹਿਸੂਸ ਹੁੰਦੇ ਸਨ।

ਇਸ ਲਈ ਸ਼੍ਰੀਮਤੀ ਮੀਹਰਾ ਸਾਰੀ ਸੀ। ਉਹ ਸਾਰੀ ਨੂੰ ਵੀ ਪਿਆਰ ਕਰਦੀ ਸੀ ਅਤੇ ਨਫਰਤ ਵੀ, ਇਹ ਜਾਣੇ ਬਿਨਾਂ ਹੀ ਕਿਉਂ ਅਤੇ ਕਿਸ ਲਈ ?

ਹੁਣ ਪੁੱਛਣ ਵਾਸਤੇ ਸਿਰਫ ਇੱਕ ਸਵਾਲ ਹੀ ਬਾਕੀ ਸੀ। ਮੈਂ ਇਹ ਜਾਨਣਾ ਚਾਹਿਆ ਕਿ ਸ਼੍ਰੀ ਮੀਹਰਾ ਆਪਣੀ ਸੱਸ ਅਤੇ ਉਸਦੇ ਬੱਚਿਆਂ ਦੀ ਦੇਖਭਾਲ ਕਰਦਾ ਸੀ ? ਅਤੇ ਜਦੋਂ ਮੈਨੂੰ ਨਾਂਹ ਵਿੱਚ ਜਵਾਬ ਮਿਲਿਆ ਤਾਂ ਮਾਮਲਾ ਮੁਕੰਮਲ ਹੋ ਗਿਆ ਸੀ। ਮੈਂ ਆਪਣਾ ਆਖਰੀ ਸਵਾਲ ਕਰਕੇ ਇੱਕ ਬਹੁਤ ਹੀ ਤਰਕ ਭਰਪੂਰ ਉਦੇਸ਼ ਤੇ ਉਂਗਲ ਰੱਖ ਦਿੱਤੀ ਸੀ। ਇਹ ਸੀ ਪੈਸਾ ਅਤੇ ਪਰਿਵਾਰਿਕ ਭਾਵਨਾ।

ਸ਼੍ਰੀਮਤੀ ਮੀਹਰਾ ਆਪਣੇ ਭੈਣਾਂ ਅਤੇ ਭਰਾਵਾਂ ਦਾ ਖਾਸ ਧਿਆਨ ਰੱਖਦੀ ਸੀ। ਉਹਨਾਂ ਨੂੰ ਖੁਰਾਕ ਚਾਹੀਦੀ ਸੀ, ਕੱਪੜੇ ਚਾਹੀਦੇ ਸਨ ਅਤੇ ਪੜ੍ਹਾਈ ਵਾਸਤੇ ਵੀ ਪੈਸੇ ਚਾਹੀਦੇ ਸਨ। ਪਰੰਤੂ ਪੈਸੇ ਕਿੱਥੋ ਆਉਣੇ ਸੀ?

ਦੂਜੇ ਪੱਖ ਤੋਂ ਹੀ ਸ਼੍ਰੀ ਮੀਹਰਾ ਨੇ ਵਿਆਹ ਸਮੇਂ ਇਹਨਾਂ ਬੋਝਾਂ ਬਾਰੇ ਪਹਿਲਾਂ ਨਹੀਂ ਸੀ ਸੋਚਿਆ। ਉਹ ਇਕ ਖੂਬਸੂਰਤ ਜਵਾਨ ਔਰਤ ਨਾਲ ਸ਼ਾਦੀ ਕਰ ਰਿਹਾ ਸੀ-ਉਸਦੀ ਮਾਂ ਅਤੇ ਉਸਦੇ ਬੱਚਿਆਂ ਨਾਲ ਨਹੀਂ।

ਇਹੋ ਹੀ ਮੁਸ਼ਕਲ ਸੀ।

ਪਰੰਤੂ ਸ਼੍ਰੀਮਤੀ ਮੀਹਰਾ ਨੇ ਕਿਤੋਂ ਨਾ ਕਿਤੋਂ ਪੈਸਾ ਲੱਭਣਾ ਹੀ ਸੀ ਅਤੇ ਉਸਨੇ ਪੈਸਾ ਜਰੂਰ ਲੱਭਿਆ, ਪਰ ਬਹੁਤ ਵੱਡੀ ਕੀਮਤ ਤਾਰ ਕੇ।

ਸ਼੍ਰੀਮਤੀ ਮੀਹਰਾ ਨੇ ਇਸਦੀ ਕੀਮਤ ਦੋਸ਼ ਦੀ ਭਾਵਨਾ ਅਤੇ ਅਪਰਾਧ ਯੁਕਤ ਅਸੁਰੱਖਿਆ ਵਿੱਚ ਪੂਰੀ ਕੀਤੀ ਅਤੇ ਇਸਦਾ ਉਸ ਤੇ ਇੰਨਾ ਬੋਝ ਪਿਆ ਕਿ ਉਸਦੇ ਅੰਦਰੋਂ ਉਸਨੂੰ ਕੁਝ ਖਾਈ ਜਾਣ ਲੱਗਾ ਅਤੇ ਇੰਝ ਉਸਨੂੰ ਅਕਸਰ ਬੇਹੋਸ਼ੀ ਦੇ ਦੌਰੇ ਪੈਣ ਲੱਗੇ। ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਪਤੀ ਨੂੰ ਧੋਖਾ ਦੇਣ, ਚੋਰੀ ਕਰਨ ਆਦਿ ਦੀਆਂ ਆਪਣੀਆਂ ਬੋਝਲ ਭਾਵਨਾਵਾਂ ਤੋਂ ਆਰਜੀ ਤੌਰ ਤੇ ਸੁੱਖ ਮਹਿਸੂਸ ਕਰਦੀ ਸੀ।

**ਦੋ ਪਾਸੜ ਭਾਵਨਾਵਾਂ**

ਜਿਵੇਂ ਜਿਵੇਂ ਸਮਾਂ ਗੁਜ਼ਰਦਾ ਗਿਆ, ਉਸਦੀ ਮਨੋ ਸਥਿਤੀ ਦਾ ਓਹੜ ਪੋਹੜ ਉਸਦੀ ਆਤਮਾ ਤੇ ਵੀ ਅਸਰ ਕਰਨੋਂ ਹਟ ਗਿਆ। ਕਦੇ ਕਦੇ ਪੈਣ ਵਾਲੇ ਦੌਰੇ ਅਤੇ ਅਕਲ ਦਾ ਗੁੰਮ ਹੋ ਜਾਣਾ ਸੰਤੁਲਨ ਕਾਇਮ ਨਾ ਰੱਖ ਸਕੇ ਅਤੇ ਇਸੇ ਲਈ ਅਚੇਤ ਮਨ ਨੇ ਇੱਕ ਹੋਰ ਅਸਰਦਾਰ ਅੰਦਰੂਨੀ ਢੰਗ ਲੱਭ ਲਿਆ। ਇਸਨੇ ਸ਼੍ਰੀ ਮੀਹਰਾ ਦੀ ਬੇਵਫਾਈ ਦੇ ਸੰਦੇਹ ਦੀ ਸ਼ਕਲ ਧਾਰਨ ਕਰ ਲਈ ਸੀ।

ਸੁਚੇਤ ਮਨ ਬੇਸ਼ੱਕ ਆਪਣੀ ਤਰਕਵਾਦੀ ਹੋਂਦ ਵਿੱਚ ਕਦੇ ਵੀ ਅਜਿਹਾ ਵਿਚਾਰ ਕਬੂਲ ਨਹੀਂ ਕਰਦਾ ਸੀ, ਪਰੰਤੂ ਬਹੁਤ ਹੀ ਸੂਖਮ ਸੂਝ ਨਾਲ ਉਸਨੇ ਇਹ ਮੰਨ ਲਿਆ ਸੀ ਅਤੇ ਇਸਦਾ ਪ੍ਰਗਟਾਵਾ ਅੰਤਰਮੁਖੀ ਭੂਮਿਕਾਵਾਂ ਦੀ ਰੱਦੋਬਦਲ ਵਿੱਚ ਹੋਇਆ ਅਤੇ ਸ਼੍ਰੀ ਮਤੀ ਮੀਹਰਾ ਨੇ ਇਹ ਆਪਣੇ ਆਪ ਨੂੰ ਸਾਰੀ ਕਲਪਿਤ ਕਰਕੇ ਕੀਤਾ—ਉਹ ਸਾਰੀ, ਜੋ ਇੱਕ ਨੱਚਣ ਵਾਲੀ ਮਿੱਠ ਬੋਲੜੀ ਔਰਤ ਸੀ ਅਤੇ ਜਿਸਨੂੰ ਸ਼੍ਰੀ ਮੀਹਰਾ ਨੇ ਘਰੇ ਲਿਆਂਦਾ ਸੀ।

ਇਸ ਤੋਂ ਇਲਾਵਾ ਇਹ ਵਕਤ ਓਹੜ-ਪੋਹੜ ਕਿਸੇ ਲਈ ਵੀ ਨੁਕਸਾਨਦੇਹ ਨਹੀਂ ਸੀ। ਆਖਿਰ ਉਹ ਸੱਚੀ-ਮੁੱਚੀ ਆਪਣੇ ਪਤੀ ਨੂੰ ਬੇਵਫਾਈ ਕਰਨ ਦਾ ਦੋਸ਼ੀ ਨਹੀਂ ਸੀ ਸਮਝਦੀ। ਵਾਪਰ ਇਹ ਰਿਹਾ ਸੀ ਕਿ ਉਸਦੇ ਖਰਾਬ ਦਿਮਾਗ ਦਾ ਇੱਕ ਹਿੱਸਾ ਆਪਣੇ ਆਪ ਨੂੰ ਨੱਚਣ ਵਾਲੀ ਸਾਰੀ ਸਮਝਦਾ ਸੀ ਅਤੇ ਸਾਰੀ ਦੇ ਸ਼੍ਰੀ ਮੀਹਰਾ ਨਾਲ ਕਲਪਿਤ ਸਬੰਧ ਸਨ। ਇਸ ਕਰਕੇ ਉਹ ਭੇਦ ਭਰੇ ਪ੍ਰੇਮ ਪੱਤਰ ਲਿਖਦੀ ਸੀ।

ਪਰੰਤੂ ਸਾਰੀ ਬਾਰੇ ਸ਼੍ਰੀਮਤੀ ਮੀਹਰਾ ਦੀਆਂ ਭਾਵਨਾਵਾਂ ਦੋਪਾਸੜ ਸਨ। ਜਦੋਂ ਉਹ ਸਾਰੀ ਬਣਨਾ ਚਾਹੁੰਦੀ, ਤਾਂ ਉਹ ਆਪਣੇ ਪਤੀ ਨੂੰ ਪ੍ਰੇਮ ਪੱਤਰ ਲਿਖਦੀ ਸੀ ਅਤੇ ਜਦੋਂ ਉਹ ਸਾਰੀ ਨੂੰ ਨਫਰਤ ਕਰਦੀ, ਤਾਂ ਉਹ ਆਪਣੀਆਂ ਸਾੜੀਆਂ ਨੂੰ ਅੱਗ ਲਾਉਂਦੀ ਅਤੇ ਘਰ ਵਿੱਚ ਜਾਦੂ-ਟੂਣੇ ਸਿੱਟਦੀ ਸੀ।

ਸ਼੍ਰੀਮਤੀ ਮੀਹਰਾ ਦਾ ਮੁੱਖ ਮੰਤਵ, ਬੇਵਫਾਈ ਦੇ ਸੰਕੇਤਨ ਨਾਟਕ ਰਾਹੀਂ ਆਪਣੀ ਸ਼ਖਸੀਅਤ ਅਤੇ ਮਾਨਸਿਕਤਾ ਤੋਂ ਆਪਣੇ ਗੁਨਾਹ ਦੇ ਅਹਿਸਾਸ ਦੇ ਬੋਝ ਨੂੰ ਹੀ ਹਲਕਾ ਕਰਨਾ ਹੁੰਦਾ ਸੀ। ਬੇਸ਼ੱਕ ਉਦੋਂ ਤੱਕ ਜਦੋਂ ਉਸਦੀਆਂ ਬੇਹੱਦ ਇੱਛਾਵਾਂ ਤੇ ਮੰਗਾਂ ਨੇ ਆਪਣੇ ਪਤੀ ਦਾ ਪੈਸਾ ਚੋਰੀ ਕਰਨ ਦੇ ਕੰਮ ਨੂੰ ਦੈਵੀ ਢੰਗਾ ਨਾਲ ਉੱਚਿਤ ਠਹਿਰਾਉਣਾ ਸ਼ੁਰੂ ਕਰ ਦਿੱਤਾ ਸੀ।

ਖੁਸ਼ਕਿਸਮਤੀ ਨਾਲ ਇਸ ਸਮੇਂ ਮਾਮਲੇ ਨੂੰ ਮੈਂ ਹੱਥ ਪਾ ਪਾਇਆ।

ਦੋ ਘੰਟੇ ਦੀ ਲੰਬੀ ਨੀਂਦ ਮਗਰੋਂ ਸ਼੍ਰੀਮਤੀ ਮੀਹਰਾ ਨੂੰ ਜਗਾਇਆ ਗਿਆ। ਉਹ ਇੱਕ ਵਾਰ ਫੇਰ ਇੱਕ ਆਮ ਅਤੇ ਖੁਸ਼ ਔਰਤ ਬਣ ਗਈ।

ਮੀਹਰਾ ਪਰਿਵਾਰ ਨੇ ਮੇਰੇ ਪ੍ਰਤੀ ਬਹੁਤ ਹੀ ਆਦਰ ਭਾਵ ਵਿਖਾਇਆ ਕਿਉਂਕਿ ਮੈਂ ਸਿਰਫ ਚਾਰ ਮੁਲਾਕਾਤਾਂ, ਇੱਕ ਇਮਲਾ ਦੇ ਟੈਸਟ ਅਤੇ ਕੁਝ ਧਿਆਨ ਨਾਲ ਚੁਣੇ ਗਏ ਸੰਮੋਹਕ ਸ਼ਬਦਾਂ ਰਾਹੀਂ ਉਹਨਾਂ ਦੇ ਸਾਰੇ ਦੁੱਖ ਦੂਰ ਕਰ ਦਿੱਤੇ ਸਨ।

--------ਸਮਾਪਤ--------

ਉਹ ਵਿਅਕਤੀ ਜਿਹੜਾ ਆਪਣੇ ਚਮਤਕਾਰਾਂ ਦੀ ਪੜਤਾਲ ਨਹੀਂ ਹੋਣ ਦਿੰਦਾ, ਉਹ ਚਾਲਬਾਜ਼ ਹੁੰਦਾ ਹੈ । ਜਿਸ ਵਿੱਚ ਚਮਤਕਾਰਾਂ ਦੀ ਪੜਤਾਲ ਕਰਨ ਦਾ ਹੌਸਲਾ ਨਹੀਂ ਹੁੰਦਾ, ਉਹ ਲਾਈ-ਲੱਗ ਹੁੰਦਾ ਹੈ ਅਤੇ ਜਿਹੜਾ ਪੜਤਾਲ ਕਰਨ ਤੋਂ ਬਿਨਾਂ ਵਿਸ਼ਵਾਸ ਕਰਨ ਲਈ ਤਿਆਰ ਹੋ ਜਾਵੇ, ਉਹ ਮੂਰਖ ਹੁੰਦਾ ਹੈ ।

......... ਡਾ. ਕਾਵੂਰ

www.PunjabiLibrary.com